ਸ ਫ਼ ਰ ਨਾ ਮਾ

# ਮੋਤੀਆਂ ਦੀ ਚੋਗ



ਬਲਦੇਵ ਸਿੰਘ ਧਾਲੀਵਾਲ

Academy of the Punjab in North America: http://www.apnaorg.com

# ਮੋਤੀਆਂ ਦੀ ਚੋਗ

ਲੇਖਕ ਦੀਆਂ ਰਚਨਾਵਾਂ

- ਉੱਚੇ ਟਿੱਬੇ ਦੀ ਰੇਤ (ਕਾਵਿ-ਸੰਗ੍ਰਹਿ), ਮਾਡਰਨ ਪਬਲਿਸ਼ਰਜ਼, ਚੰਡੀਗੜ੍ਹ, 1982.
- ਓਪਰੀ ਹਵਾ (ਕਹਾਣੀ-ਸੰਗ੍ਰਹਿ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996.

Academy of the Punjab in North America: http://www.apnaorg.com

- ਬਰਨਿੰਗ ਸੋਇਲ, ਓਪਰੀ ਹਵਾ ਦਾ ਅੰਗਰੇਜ਼ੀ ਅਨੁਵਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2005.
- ਮੋਤੀਆਂ ਦੀ ਚੋਗ (ਸਫ਼ਰਨਾਮਾ) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999.
- ਥੇਮਜ਼ ਨਾਲ ਵਗਦਿਆਂ (ਸਫ਼ਰਨਾਮਾ), ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2004.

ਸਮੀਖਿਆਤਮਕ ਕਾਰਜ:

- ਭਾਈ ਵੀਰ ਸਿੰਘ ਦੀ ਕਾਵਿ-ਦ੍ਰਿਸ਼ਟੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991, ਦੂਜੀ ਐਡੀਸ਼ਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.
- ਪੰਜਾਬੀ ਸਾਹਿਤ-ਚਿੰਤਨ-ਪਰੰਪਰਾ, ਅੰਗਦ ਪਬਲੀਕੇਸ਼ਨ, ਜਲੰਧਰ, 1991.
- ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999.
- ਵਰਿਆਮ ਸਿੰਘ ਸੰਧੂ ਦੀ ਕਹਾਣੀ: ਸਰੂਪ ਤੇ ਵਿਵੇਕ, (ਪਹਿਲਾ ਸੰਸਕਰਨ 1985) ਦੂਜਾ ਸੋਧਿਆ ਅਤੇ ਵਧਾਇਆ ਸੰਸਕਰਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999, ਤੀਜੀ ਐਡੀਸ਼ਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.
- ਪੰਜਾਬੀ ਕਹਾਣੀ ਦੀ ਇੱਕ ਸਦੀ: ਇਤਿਹਾਸਮੂਲਕ ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001.
- ਪੰਜਾਬੀ ਕਹਾਣੀ-ਸਮੀਖਿਆ -- ਤੱਥ ਅਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2002.
- ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2005.
- ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006.
- ਪੰਜਾਬੀ ਬਿਰਤਾਂਤਕ ਪ੍ਰਵਚਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਸੰਪਾਦਨ:

- ਸਾਹਿਤ ਸਭਿਆਚਾਰ ਅਤੇ ਸਮੀਖਿਆ-ਪ੍ਰਤਿਮਾਨ, ਸਰਦਲ, ਅਪ੍ਰੈਲ-ਸਤੰਬਰ, 1994.
- ਕਰਮਜੀਤ ਸਿੰਘ ਕੁੱਸਾ ਦੇ ਨਾਵਲ: ਬਿਰਤਾਂਤ ਚੇਤਨਾ ਦੇ ਪਾਸਾਰ (ਪਹਿਲਾ ਸੰਸਕਰਨ 1988) ਦੂਜਾ ਸੋਧਿਆ ਅਤੇ ਵਧਾਇਆ ਸੰਸਕਰਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999.
- ਸਵਰਨਜੀਤ ਸਵੀ ਦਾ ਕਾਵਿ-ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2002.
- ਕਥਾ-ਪੰਧ (ਜਰਨੈਲ ਸਿੰਘ ਦੀਆਂ ਪ੍ਰਤੀਨਿਧ ਕਹਾਣੀਆਂ), ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2003.
- ਇੰਦਰ ਸਿੰਘ ਖਾਮੋਸ਼ ਦਾ ਨਾਵਲ ਕਾਫ਼ਰ ਮਸੀਹਾ: ਬਿਰਤਾਂਤ ਚੇਤਨਾ ਅਤੇ ਇਤਿਹਾਸਕ ਸੰਦਰਭ, ਇੱਕੀਵੀਂ ਸਦੀ ਪ੍ਰਕਾਸ਼ਨ, ਪਟਿਆਲਾ, 2003.
- ਡਾ. ਕੇਸਰ ਸਿੰਘ ਕੇਸਰ ਸਿਮ੍ਰਤੀ ਗ੍ਰੰਥ, ਡਾ. ਜਸਬੀਰ ਕੇਸਰ ਦੇ ਨਾਲ, ਡਾ. ਕੇਸਰ ਸਿੰਘ ਕੇਸਰ ਯਾਦਗਾਰੀ ਕਮੇਟੀ, ਚੰਡੀਗੜ੍ਹ, 2005.

Academy of the Punjab in North America: http://www.apnaorg.com

# ਮੋਤੀਆਂ ਦੀ ਚੋਗ

(ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦਾ ਸਫ਼ਰਨਾਮਾ)

ਬਲਦੇਵ ਸਿੰਘ ਧਾਲੀਵਾਲ

Academy of the Punjab in North America: http://www.apnaorg.com

By

**Baldev Singh Dhaliwal,**
Kothi No. 34,
Urban Estate, Phase-III,
Patiala-147 002
Phone : (0175) 2286221
Mobile : 9872835835
E-mail : dhaliwal_baldev@hotmail.com

ਮੋਤੀਆਂ ਦੀ ਚੋਗ ਲਈ

Academy of the Punjab in North America: http://www.apnaorg.com

# ਭਟਕਦੇ

## ਪਰਿੰਦਿਆਂ ਪਰਗੇ ਪਰਵਾਸੀ ਦੋਸਤਾਂ ਦੇ ਨਾਂ

ਸੁਪਨਿਆਂ ਨਾਲ ਪ੍ਰੀਤ ਜੋ ਮੇਰੀ,
ਰਹਿੰਦੀ ਹੈ ਉਕਸਾਉਂਦੀ ਮੈਨੂੰ,
ਸੁਪਨੇ ਵਰਨ ਲਈ।

ਜੰਗਲ-ਬੇਲੇ ਫਿਰਾਂ ਢੂੰਡੇਂਦਾ,
ਆਤਿਸ਼ ਦਾ ਦਰਿਆ ਤਰੇਂਦਾ,
ਭਟਕਣ ਹਰਨ ਲਈ।

ਬੱਚੇ ਜਿਵੇਂ ਦੌੜਦੇ ਰਹਿੰਦੇ,
ਕਦੇ ਨਾ ਅੱਕਣ ਕਦੇ ਨਾ ਥੱਕਣ,
ਤਿਤਲੀ ਫੜ੍ਹਨ ਲਈ।

Academy of the Punjab in North America: http://www.apnaorg.com

# ਤਰਤੀਬ

ਇਕ ਗੱਲ ਸੱਥ ਵਾਲਿਆਂ ਨਾਲ

## ਭਾਗ ਪਹਿਲਾ (ਅਮਰੀਕਾ)

ਚੱਲ ਮਿਲਵਾਕੀ ਚੱਲੀਏ

ਇੰਦਰਪੁਰੀ ਦੀ ਝਲਕ

ਰਿੱਧੀ ਖੀਰ ਤੇ ਹੋ ਗਿਆ ਦਲੀਆ

ਕੇਲਾਂ ਵਿਸਰੀਆਂ

ਮੇਲਾ ਪਰਵਾਸੀ ਛੜਿਆਂ ਦਾ

ਆਪ ਤਾਂ ਤੂੰ ਜਾ ਕੇ ਪਰਦੇਸ ਮੌਜਾਂ ਮਾਣਦਾ

ਸ਼ਿਕਾਗੋ ਦਾ ਪੱਤ-ਪੱਤ

ਗੀਤ ਦੀ ਮੌਤ

ਸੈਰ ਦਾ ਪੰਗਾ

ਅਮਰੀਕਾ ਦਾ ਰਾਜਿਸਥਾਨ

ਪਰਵੇਜ਼ ਦੀ ਫਰਿਜ਼ਨੋ

Academy of the Punjab in North America: http://www.apnaorg.com

ਤਲਿਸਮ-ਦਰ-ਤਲਿਸਮ: ਯੂਨੀਵਰਸਲ ਸਟੂਡੀਓ

ਗਲੀ ਗਲੀ ਵਿੱਚ ਕਲਾ ਦਾ ਛਿੱਟਾ

ਸਿਤਾਰੋਂ ਕੇ ਆਗੇ ਕਾ ਜਹਾਂ: ਡਿਜ਼ਨੀਲੈਂਡ

ਡੌਲਫਿਨ ਦੀ ਦੁਨੀਆਂ

ਪਰਵਾਸੀ ਫੁੱਫੜ ਦੇ ਰੰਗ

ਰਾਣੀ ਦੇ ਰਤਨ

ਨਿਊਯਾਰਕ: ਇੱਕ ਪੀਂਘ ਸਤਰੰਗੀ

'ਹਮੇਂ ਤੋ ਲੂਟ ਲੀਆ ... '

ਘਰ ਦੇ ਨਾ ਘਾਟ ਦੇ

ਇਕ ਹੋਰ ਤਾਜ ਮਹਿਲ

ਪੰਜ ਦਿਨ ਦਾ ਯੁਗ

## ਭਾਗ ਦੂਜਾ (ਇੰਗਲੈਂਡ)

ਹਾਕਮਾਂ ਦੀ ਧਰਤੀ ਉਤੇ

ਮਾਰਕਸ ਦੀ ਕਬਰ ਤੇ ਉੱਗਿਆ ਬੇਮਹਿਕ ਚੰਦਨ

ਜਲਵੇ ਸਾਊਥਾਲ ਦੇ

ਸ਼ੈਕਸਪੀਅਰ ਦੇ ਕੋਲ ਕੋਲ

ਗਲਾਸਗੋ ਦਾ 'ਮੇਲ-ਮਿਲਾਪ'

ਆਪਣਾ ਪੰਜਾਬ ਹੋਵੇ

## ਭਾਗ ਤੀਜਾ (ਕੈਨੇਡਾ)

ਬੇਮੁਹਾਰ ਦਿਲ

ਭਿੱਜ ਗਈ ਰੂਹ ਮਿੱਤਰਾ

ਬੱਸ ਅਨਾਰ ਚਲਦੇ ਰਹੇ

ਸੁਰਗ ਦਾ ਝੂਟਾ

ਕਾਮਰੇਡ ਦੀ ਰੂਹ

ਜਿਉਂਦੇ ਬੰਦੇ ਦੀ ਕਹਾਣੀ

Academy of the Punjab in North America: http://www.apnaorg.com

# ਇਕ ਗੱਲ ਸੱਥ ਵਾਲਿਆਂ ਨਾਲ

ਮੇਰੇ ਪਿੰਡ ਕੁਰਾਈ ਵਾਲੇ (ਮੁਕਤਸਰ) ਦੇ ਆਸ-ਪਾਸ ਦਾ ਖੇਤਰ ਮਾਲਵੇ ਦਾ ਉਹ ਇਲਾਕਾ ਹੈ ਜਿਥੋਂ ਦੇ ਵਧੇਰੇ ਲੋਕਾਂ ਦਾ ਜੀਵਨ ਕੋਹਲੂ ਦੇ ਬਲਦ ਵਾਂਗ ਹੀ ਹੈ। ਬੱਸ ਅੱਖਾਂ ਉਤੇ ਖੋਪੇ ਚੜ੍ਹਾਈ, ਆਪਣੇ ਗਲ ਪਾਈ ਟੱਲੀ ਜਾਂ ਘੁੰਗਰਾਲ ਦੀ ਧੁਨ ਵਿਚ, ਮੱਠੀ ਚਾਲੇ, ਇੱਕ ਚੱਕਰ ਵਿੱਚ ਘੁੰਮੀ ਜਾਣਾ। ਬਹੁਤ ਵਿਰਲੇ ਲੋਕ ਹੀ ਨੌਕਰੀਆਂ ਕਾਰਨ ਜੱਦ ਨਾਲੋਂ ਉੱਖੜ ਕੇ ਕਿਧਰੇ ਹੋਰ ਗਏ ਹਨ।

ਵਿਸ਼ੇਸ਼ ਤੌਰ ਤੇ ਆਪਣੇ ਪਿੰਡ 'ਚ ਝਾਤ ਮਾਰਦਾ ਸਾਂ ਤਾਂ ਸਿਰਫ ਦੋ-ਤਿੰਨ ਮਾਸਟਰ ਗੁਆਂਢੀ ਪਿੰਡਾਂ ਵਿੱਚ ਪੜ੍ਹਾਉਣ ਜਾਂਦੇ ਸਨ ਅਤੇ ਪੰਜ-ਸੱਤ ਮੁੰਡੇ ਫੌਜੀ ਸਨ। ਬਾਹਰਲੇ ਮੁਲਕ ਤਾਂ ਕੋਈ ਇੱਕ ਵੀ ਨਹੀਂ ਸੀ ਗਿਆ।

ਕਦੇ ਕਦੇ ਕੋਈ ਛੁੱਟੀ ਆਇਆ ਫੌਜੀ ਖੁੰਢ-ਚਰਚਾ ਸਮੇਂ ਜਾਂ ਸੱਥ ਵਿੱਚ 'ਬਾਹਰ' ਦੇ ਲੋਕਾਂ ਅਤੇ ਥਾਵਾਂ ਦੀਆਂ ਐਵੇਂ ਆਮ ਜਿਹੀਆਂ ਗੱਲਾਂ ਹੀ ਸੁਣਾਉਂਦਾ ਤਾਂ ਸੁਣਨ ਵਾਲਿਆਂ ਦੇ ਉਨ੍ਹਾਂ 'ਅਲੋਕਾਰੀ' ਜਾਪਦੀਆਂ ਗੱਲਾਂ-ਬਾਤਾਂ ਨੂੰ ਸੁਣ ਕੇ ਕੰਨ ਖੜ੍ਹੇ ਹੋ ਜਾਂਦੇ, ਅੱਖਾਂ ਟੱਡੀਆਂ ਜਾਂਦੀਆਂ ਅਤੇ ਮੂੰਹ ਖੁੱਲ੍ਹੇ ਦੇ ਖੁੱਲ੍ਹੇ ਰਹਿ ਜਾਂਦੇ। ਉਹ ਅੱਗੋਂ ਹੈਰਾਨੀ ਨਾਲ ਪੁਛਦੇ, 'ਹੱਛਾ ... ? ਉਥੇ ਲੇਹ-ਲਦਾਖ ਅੰਨੀਂ ਜੇਠ-ਹਾੜ 'ਚ ਵੀ ਬਰਫ਼ ਦੇ ਘੜਿੱਪੇ ਜੰਮੇ ਰਹਿੰਦੇ ਐ? ਇਹ ਤਾਂ 'ਕੁਜਰਤ' ਦਾ ਕੌਤਕ ਹੀ ਹੋਇਆ ਫੇਰ। ਲਓ ਵੇਖ-ਲੋ ਐਥੇ ਮੇਸ੍ਹੀ ਕਰਾੜ ਓਹੀ ਬਰਫ਼ ਤਿੰਨ ਰੁਪਈਏ ਸੇਰ ਦੇ ਹਿਸਾਬ ਨਾਲ ਠੇਕੀ ਆਉਂਦੈ। ਪਤੰਦਰ ਤੋਲਦਾ ਵੀ ਨ੍ਹੀ, ਸੂਏ ਨਾਲ ਐਵੇਂ ਚਿੱਫੜ ਜਿਹੀ ਭੰਨ ਕੇ ਮੱਥੇ ਮਾਰਦੈ।

Academy of the Punjab in North America: http://www.apnaorg.com

ਫੌਜੀਆ ਓਧਰੋਂ ਇੱਕ ਟਰੱਕ ਭਰ ਲਿਆਉਂਦਾ ਤਾਂ ਬੇਲੀਆ ਕੋਰੇ ਨੋਟ ਈ ਹੋਣੇ ਸੀ।' ਇਹ ਗੱਲਾਂ ਸੁਣ ਕੇ ਮੇਰਾ ਵੀ ਮਨ ਕਰਦਾ ਕਿ ਮੈਂ 'ਨੌਕਰ' ਹੋਵਾਂ ਅਤੇ ਉਨ੍ਹਾਂ ਬਰਫ਼ ਦੇ ਪਹਾੜਾਂ ਨੂੰ ਅੱਖੀਂ ਵੇਖਾਂ।

ਆਪਣੇ ਇਕਹਿਰੇ ਸਰੀਰ ਕਾਰਨ ਮੈਂ ਫੌਜ ਵਿੱਚ ਭਰਤੀ ਹੋਣੋਂ ਤਾਂ ਰਹਿ ਗਿਆ ਪਰ ਪੜ੍ਹਾਈ, ਨੌਕਰੀ ਅਤੇ ਲੇਖਣੀ ਦੇ ਬਲਬੋਤੇ ਇਸ ਕਾਬਲ ਜ਼ਰੂਰ ਹੋ ਗਿਆ ਕਿ ਕੋਹਲੂ-ਗੇੜ 'ਚੋਂ ਨਿਕਲ ਕੇ ਦੇਸ਼-ਵਿਦੇਸ਼ 'ਚ ਘੁੰਮਣ-ਫਿਰਨ ਦੇ ਮੌਕੇ ਹੱਥ ਲੱਗ ਗਏ। ਹੁਣ 'ਬਾਹਰ' ਦੀਆਂ ਗੱਲਾਂ ਇਕੱਲਾ ਹੀ ਆਪਣੇ ਅੰਦਰ ਹਜ਼ਮ ਕਰ ਕੇ ਬੈਠ ਜਾਵਾਂ ਤਾਂ ਮੇਰੇ ਗਰਾਈਂ ਇਹ ਦਵੈਤ ਕਿਵੇਂ ਜਰਨਗੇ?

ਆਪਣੇ ਅਜਿਹੇ ਅਨੁਭਵ ਲਿਖਦਿਆਂ ਹੋਇਆਂ ਮੈਨੂੰ ਲਗਾਤਾਰ ਇਹ ਅਹਿਸਾਸ ਹੁੰਦਾ ਰਿਹਾ ਜਿਵੇਂ ਮੈਂ ਕੋਈ ਛੁੱਟੀ ਆਇਆ ਫੌਜੀ ਹੋਵਾਂ ਅਤੇ ਖੁੰਢ ਉਤੇ ਪੈਰ ਧਰੀ ਖੜ੍ਹਾ ਹੱਡ-ਬੀਤੀਆਂ ਸੁਣਾ ਰਿਹਾ ਹੋਵਾਂ। ਸ਼ਾਇਦ ਇਸੇ ਵਜ੍ਹਾ ਕਰਕੇ ਹੀ ਮੇਰੀ ਵਾਰਤਕ-ਸ਼ੈਲੀ ਨੂੰ ਕਿਤੇ ਕਿਤੇ ਗਲਪ ਦੀ ਰੰਗਣ ਵੱਧ ਚੜ੍ਹ ਗਈ ਹੋਵੇ ਅਤੇ ਮੈਂ ਸਫ਼ਰਨਾਮਾ ਦੇ ਪਰੰਪਰਿਕ ਰੂਪਾਕਾਰ ਦੀਆਂ ਹੱਦਾਂ ਤੋਂ ਰਤਾ ਕੁ ਬਾਹਰ ਚਲਾ ਗਿਆ ਹੋਵਾਂ।

ਜੇ ਮੈਂ 'ਉਨ੍ਹਾਂ' ਦੀ ਜਗਿਆਸਾ ਨੂੰ ਏਨਾ ਕੁ ਭੜਕਾ ਸਕਿਆ ਹੋਵਾਂ ਕਿ ਉਨ੍ਹਾਂ 'ਚੋਂ ਕੁੱਝ ਆਪਣੇ 'ਖੋਪੇ' ਪਰ੍ਹੇ ਵਗਾਹ ਮਾਰਨ ਅਤੇ ਪੰਜਾਲੀ 'ਚੋਂ ਸਿਰ ਕੱਢ ਕੇ 'ਬਾਹਰ' ਵੱਲ ਤੁਰਨ ਦਾ ਸੁਪਨਾ ਲੈ ਸਕਣ ਤਾਂ ਮੈਂ ਸਮਝੂੰਗਾ ਕਿ ਮੇਰੀ ਕਿਰਤ ਸਫਲ ਹੋਈ ਹੈ। ਇਸੇ ਆਸ ਨਾਲ ਸੋਡੇ ਸਨਮੁਖ ਹਾਂ।

**(ਪਹਿਲੀ ਐਡੀਸ਼ਨ ਦੀ ਭੂਮਿਕਾ, 15 ਫਰਵਰੀ, 1999)**

● ● ● ● ●

ਪੰਜਾਬੀ ਵਿੱਚ ਇਹ ਨਸੀਬ ਵਿਰਲੀਆਂ ਕਿਤਾਬਾਂ ਦੇ ਹੀ ਹੁੰਦੇ ਹਨ ਕਿ ਉਨ੍ਹਾਂ ਦੀ ਦੂਜੀ ਐਡੀਸ਼ਨ ਵੀ ਛਪ ਸਕੇ। ਇਸ ਪੱਖੋਂ 'ਮੋਤੀਆਂ ਦੀ ਚੋਗ' ਸਫ਼ਰਨਾਮਾ ਭਾਗਾਂ ਵਾਲਾ ਸਿੱਧ ਹੋਇਆ ਹੈ। ਜਿਵੇਂ ਪਾਠਕਾਂ ਨੇ ਇਸ ਨੂੰ ਭਾਲ ਭਾਲ ਕੇ ਪੜ੍ਹਿਆ ਹੈ, ਉਹ ਮੈਨੂੰ ਸੱਚਮੁੱਚ ਹੀ ਹੈਰਾਨ ਕਰਨ ਵਾਲਾ ਹੈ। ਦੁਨੀਆਂ-ਭਰ ਦੇ ਪੰਜਾਬੀਆਂ ਵੱਲੋਂ ਆਈਆਂ ਸੈਂਕੜੇ ਚਿੱਠੀਆਂ ਨੇ ਮੇਰਾ ਹੌਸਲਾ ਵਧਾਇਆ ਹੈ। ਰਿਲੀਜ਼ ਕਰਨ ਵੇਲੇ ਦੀ ਡਾ. ਸਤਿੰਦਰ ਸਿੰਘ ਨੂਰ ਦੇ ਦਸਤਖ਼ਤਾਂ ਵਾਲੀ ਕਾਪੀ ਨੂੰ ਵੀ ਮੈਂ ਪਾਠਕਾਂ ਤੋਂ ਲੁਕਾਅ ਕੇ ਨਹੀਂ ਰੱਖ ਸਕਿਆ। ਇਸੇ ਲਈ ਹੁਣ ਦੂਜੀ ਐਡੀਸ਼ਨ ਦੀ ਲੋੜ ਪਈ ਹੈ। ਤੁਹਾਡਾ ਹੁੰਘਾਰਾ ਹੀ ਮੇਰਾ ਧੰਨਭਾਗ ਹੈ।

ਮਿਤੀ: 15 ਅਗਸਤ, 2007 ਬਲਦੇਵ ਸਿੰਘ ਧਾਲੀਵਾਲ

Academy of the Punjab in North America: http://www.apnaorg.com

# ਭਾਗ ਪਹਿਲਾ

## ਚੱਲ ਮਿਲਵਾਕੀ ਚੱਲੀਏ

ਬਿਦੇਸ਼ ਜਾਣ ਦਾ ਮੱਠਾ-ਮੱਠਾ ਤਾਪ ਤਾਂ ਮੈਨੂੰ ਬਾਰਾਂ ਕੁ ਸਾਲ ਪਹਿਲਾਂ ਹੀ ਚੜ੍ਹਨ ਲੱਗ ਪਿਆ ਸੀ। ਓਦੋਂ ਮੈਂ ਜਲੰਧਰੋਂ ਨਿਕਲਦੇ ਅਜੀਤ ਅਖ਼ਬਾਰ ਵਿੱਚ ਸਬ-ਐਡੀਟਰ ਸਾਂ ਤਾਂ ਦੁਆਬੇ ਦਾ ਰੰਗ ਚੜ੍ਹਨ ਲੱਗਿਆ। ਪੌਂਡਾਂ-ਡਾਲਰਾਂ ਦੀ ਟੁਣਕਾਰ ਕੰਨਾਂ 'ਚ ਰਸ ਘੋਲਣ ਲੱਗੀ। ਕੋਈ ਕੁੜੀ ਜਾਂ ਮੁੰਡਾ ਵਿਆਹ ਦੇ ਆਧਾਰ ਤੇ 'ਬਾਹਰ' ਜਾਂਦਾ ਅਤੇ ਬਾਅਦ ਵਿੱਚ ਸਾਰੇ ਟੱਬਰ ਨੂੰ ਭਾਰਤ ਦੇ ਭਵ-ਸਾਗਰ ਵਿਚੋਂ ਤੈਰਾਅ ਕੇ ਸੁਪਨਿਆਂ ਦੇ 'ਇੰਦਰ-ਲੋਕ' ਲੈ ਜਾਂਦਾ। ਮੇਰੇ ਅੰਦਰ ਵੀ ਬਾਹਰ ਜਾਣ ਦੀ ਜਲੂਣ ਹੋਣ ਲੱਗ ਪਈ ਸੀ। ਸੁਪਨਿਆਂ ਦਾ ਕੀ ਕਰੇ ਕੋਈ? ਇਹੀ ਸੁਪਨੇ ਪਹਿਲਾਂ ਕੁਰਾਈ ਵਾਲਿਓਂ (ਮੇਰਾ ਪਿੰਡ) ਮੈਨੂੰ ਜਲੰਧਰ ਉਧਾਲ ਲਿਆਏ ਸਨ। ਨਹੀਂ ਤਾਂ ਮੇਰੇ ਪਿੰਡ ਦੇ ਲੋਕਾਂ ਨੂੰ ਤਾਂ ਕਦੇ 'ਬਾਹਰ' ਦਾ ਸੁਪਨਾ ਵੀ ਨਹੀਂ ਸੀ ਆਇਆ। ਇਹ ਤਾਂ ਮੈਂ ਹੀ ਸੁਪਨਿਆਂ ਦੀ ਡਾਚੀ ਦਾ ਖੁਰਾ ਨਪਦਾ ਵੈਲ੍ਹ ਰੰਨ ਵਾਂਗੂੰ ਮਨ ਚੱਕੀ ਫਿਰਦਾ ਸਾਂ। ਮੇਰੇ ਪਿੰਡ ਦੇ ਲੋਕ ਤਾਂ ਪਤਾ ਨਹੀਂ ਕਿੰਨੀਆਂ ਕੁ ਪੀੜ੍ਹੀਆਂ ਤੋਂ ਉਥੇ ਹੀ ਟਿਕੇ ਹੋਏ ਸਨ, ਜੰਗਾਲ ਖਾਧੇ, ਜਰਜ਼ਰੇ, ਵੀਹ-ਤੀਹ ਮੀਲ ਦੇ ਘੇਰੇ ਵਿੱਚ ਮੁੰਡੇ-ਕੁੜੀਆਂ

ਵਿਆਉਂਦੇ ਤੇ ਉਹ ਨਿਆਣੇ ਜੰਮ ਕੇ ਉਨ੍ਹਾਂ ਹੀ ਰਾਹਾਂ ਦੀ ਮਿੱਟੀ 'ਚ ਮਿੱਟੀ ਹੋ ਜਾਂਦੇ। ਕੋਹਲੂ ਦੇ ਬਲਦ ਵਾਂਗ ਥਾਏਂ ਘੁੰਮੀ ਜਾਂਦੇ ਲੋਕਾਂ ਨੂੰ ਮੈਂ ਅਲਵਿਦਾ ਕਹਿ ਆਇਆ ਸਾਂ ... ਤੇ ਹੁਣ ਹੋਰ ਅਗਾਂਹ ...।

'ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਹਾਂ ਇਕੱਲੀ' ਦੀ ਕਹਾਵਤ ਵਾਂਗ ਮਨ ਕਰਦਾ ਸੀ ਆਪਣੇ ਦੋਸਤ ਬਿੱਲੂ ਦੇ ਨਾਲ ਹੀ ਕੈਨੇਡਾ ਜਾਂਦਾ ਰਹਾਂ। ਅਮਰਜੀਤ ਪੁਰੇਵਾਲ ਉਰਫ਼ ਬਿੱਲੂ ਉਹਨੀਂ ਦਿਨੀਂ ਮੇਰਾ ਜਿਗਰੀ ਯਾਰ ਸੀ। ਉਸ ਦਾ ਪਿੰਡ ਸੀ ਨਕੋਦਰ ਨੇੜੇ ਨੰਗਲ ਜੀਵਨ। ਅਖ਼ਬਾਰ 'ਅੱਜ ਦੀ ਆਵਾਜ਼' ਵਿੱਚ ਅਸੀਂ ਇਕੱਠਿਆਂ ਨੌਕਰੀ ਸ਼ੁਰੂ ਕੀਤੀ ਸੀ। ਤਿੰਨ ਕੁ ਮਹੀਨੇ ਚੱਲ ਕੇ ਅਖ਼ਬਾਰ ਬੰਦ ਹੋ ਗਿਆ। ਮੈਂ ਤਾਂ 'ਅਜੀਤ' ਵਿੱਚ ਆ ਗਿਆ ਅਤੇ ਬਿੱਲੂ ਸੜਕ 'ਤੇ। ਅਜਿਹੇ ਸੰਕਟ ਸਮੇਂ ਦੁਆਬੀਆਂ ਲਈ ਬਿਦੇਸ਼ ਹੀ ਢੋਈ ਬਣਦਾ ਹੈ। ਸਬੱਬ ਨਾਲ ਬਿੱਲੂ ਦੀ ਭੈਣ ਜੋ ਕੈਨੇਡਾ ਵਿਆਹੀ ਸੀ, ਵੱਲੋਂ ਭਰੇ ਕਾਗਜ਼ ਮਨਜ਼ੂਰ ਹੋ ਗਏ। ਬਿੱਲੂ ਦੀ ਤਿਆਰੀ ਹੋ ਰਹੀ ਸੀ ਅਤੇ ਮੇਰਾ ਮਨ ਖੁਸਦਾ ਸੀ।

'ਵੇ ਬਲਦੇਵ ਤੂੰ ਸੋਹਣਾ-ਸੁਨੱਖੈਂ, ਤੈਨੂੰ ਵੀ ਕੋਈ ਬਾਹਰਲੀ ਕੁੜੀ ਹੀ ਭਾਲ ਦਿੰਨੇ ਆਂ, ਨਾਲ ਹੀ ਵਗਜੀਂ ਬਿੱਲੂ ਦੇ ਕੈਨੇਡਾ ਨੂੰ' ਬਿੱਲੂ ਦੀ ਮਾਂ ਮੇਰੀ ਉਦਾਸੀ ਭਾਂਪਦਿਆਂ ਮੇਰਾ ਦਿਲ ਰੱਖਣ ਲਈ ਆਖਦੀ। ਇਹ ਗੱਲ ਮੈਨੂੰ ਆਰੀ ਬਣ ਕੇ ਦੋ ਟੋਟੇ ਕਰ ਜਾਂਦੀ। ਕਿਵੇਂ ਕਰਦਾ ਮੈਂ ਹਾਂ? ਮੈਂ ਤਾਂ ਪਹਿਲਾਂ ਹੀ ਪਰੁੰਨਿਆਂ ਪਿਆ ਸਾਂ ਆਪਣੀ ਐਮ. ਏ. ਕਰਨ ਵੇਲੇ ਦੀ ਜਮਾਤਣ ਨਾਲ। ਵਿਚਾਲਿਉਂ ਭੱਜ ਕੇ ਗੀਦੀ ਕਿਵੇਂ ਅਖਵਾਉਂਦਾ? ਜੱਟ ਹੋਣ ਦਾ ਛੱਜ ਵੀ ਤਾਂ ਮੇਰੇ ਪਿਛੇ ਬੱਝਾ ਹੋਇਆ ਸੀ। ਹੱਡਾਂ 'ਚ ਰਚੀ ਇਸ ਬੋਲੀ ਨੂੰ ਕਿਵੇਂ ਝੂਠੀ ਹੋਣ ਦਿੰਦਾ 'ਅਖੇ ਯਾਰੀ ਜੱਟ ਦੀ ਤੂਤ ਦਾ ਮੋਛਾ, ਕਦੇ ਨਾ ਵਿਚਾਲਿਉਂ ਟੁੱਟਦੀ'। ਬੁੱਲ੍ਹ ਚਿੱਥ ਕੇ ਹਉਕਾ ਦੱਬਣ ਵਾਂਗ 'ਬਾਹਰ' ਜਾਣ ਦੀ ਖਾਹਸ਼ ਨੂੰ ਮਸਾਂ ਰੋਕਦਾ।

ਫੇਰ ਜਦੋਂ ਵੀ ਕੈਨੇਡਾ ਤੋਂ ਬਿੱਲੂ ਦੀ ਚਿੱਠੀ ਆਉਂਦੀ ਤਾਂ ਮੇਰੀ ਰੀਝ ਦਾ ਸੁੱਤਾ ਨਾਗ ਫੇਰ ਜਾਗ ਉੱਠਦਾ। ਤਰਲੋਮੱਛੀ ਮਨ ਨਾਲ ਹੀ ਵਿਆਹ ਕਰਵਾਇਆ। ਨਿਆਣਿਆਂ ਦੀ ਚੈਂ-ਚੈਂ ਅਤੇ ਪੱਕੀ ਨੌਕਰੀ ਭਾਲਣ ਦੀ ਘੈਂਸ-ਘੈਂਸ 'ਚ ਪਤਾ ਹੀ ਨਾ ਲੱਗਿਆ ਜਦੋਂ ਦਸ ਸਾਲ ਲੰਘ ਗਏ। ਪੈਰੀਂ ਪਏ ਕਬੀਲਦਾਰੀ ਦੇ ਜੂੜ ਦਾ ਨਾਗਵਲ ਦਿਨੋਂ-ਦਿਨ ਕਸਦਾ ਹੀ ਜਾਂਦਾ ਰਿਹਾ। ਮੇਰੇ ਸੁਪਨਿਆਂ ਦੇ ਖੰਭ ਆਉਂਦੇ ਅਤੇ ਝੜ ਜਾਂਦੇ। ਬਿਦੇਸ਼ ਵਿਸਰ ਗਿਆ।

Academy of the Punjab in North America: http://www.apnaorg.com

ਯੂਨੀਵਰਸਿਟੀ ਵਿੱਚ ਲੈਕਚਰਾਰ ਲੱਗ ਕੇ ਸਭ ਪਾਸਿਆਂ ਤੋਂ ਸੁਰਖ਼ਰੂ ਹੋਇਆ ਤਾਂ ਬਿਦੇਸ਼ ਗੇੜਾ ਮਾਰਨ ਦਾ ਸੁਪਨਾ ਫੇਰ ਅੰਗੜਾਈਆਂ ਲੈਣ ਲੱਗ ਪਿਆ। ਬਿੱਲੂ ਨੂੰ ਆਪਣੀ ਮਰਜ਼ ਦੱਸੀ। ਦੋਸਤੀ ਖ਼ਾਤਰ ਉਸ ਨੇ ਟਿਕਟ ਅਤੇ ਰਾਹਦਾਰੀ ਭੇਜ ਦਿੱਤੀ। ਹੁਣ ਤਾਂ ਵੀਜ਼ੇ ਦਾ ਠੱਪਾ ਲੱਗਣ ਦੀ ਦੇਰ ਸੀ।

'ਬੱਸ ਅਟੈਚੀ ਤਿਆਰ ਕਰ ਹੁਣ, ਯੂਨੀਵਰਸਿਟੀ ਦੇ ਟੀਚਰਾਂ ਨੂੰ ਨੀ ਕੁੱਝ ਪੁੱਛਦੇ, ਠਾਹ ਠੱਪਾ ਲਾ ਦਿੰਦੇ ਐ, ਆਹ ਸਿਰਜਣਾ ਵਾਲਾ ਰਘਬੀਰ ਹਰ ਸਾਲ ਜਾਂਦੈ ਤੇ ਪਿਛਲੇ ਸਾਲ ਤਾਂ ਬਲਵਿੰਦਰ ਕੌਰ ਬਰਾੜ ਵੀ ਜਾ ਆਈ ਐ' ਮੇਰੇ ਕੁਲੀਗ ਇਹ ਕਹਿ ਕੇ ਮੈਨੂੰ ਹੋਰ ਬੇਫ਼ਿਕਰਾ ਕਰ ਦਿੰਦੇ। ਵਿਆਹ ਵਾਲੀ ਕੁੜੀ ਵਾਂਗੂੰ ਮੈਂ ਬਣਤ ਬਨਾਉਣ ਲੱਗ ਪਿਆ।

ਵੀਜ਼ਾ ਲੁਆਉਣ ਲਈ ਕੈਨੇਡਾ ਦੀ ਅੰਬੈਸੀ ਗਿਆ ਅਤੇ ਸ਼ਾਮ ਨੂੰ ਮੂੰਹ ਲਟਕਾ ਕੇ ਆ ਗਿਆ। ਵੀਜ਼ਾ ਦੇਣਾ ਤਾਂ ਦੂਰ ਦੀ ਗੱਲ ਅਗਲਿਆਂ ਨੇ ਤਾਂ ਇੰਟਰਵਿਊ ਲਈ ਆਵਾਜ਼ ਤੱਕ ਨਹੀਂ ਮਾਰੀ ਸੀ। ਵੀਹ ਨਗੋਚਾਂ ਕੱਢੀਆਂ ਸਨ ਉਨ੍ਹਾਂ ਕਿ ਕੈਨੇਡਾ ਜਾਣ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ। ਬੈਂਕ ਦੀ ਖਾਲੀ ਕਾਪੀ ਭਾਂਅ-ਭਾਂਅ ਕਰਦੀ ਸੀ। ਲੱਗਦਾ ਨਹੀਂ ਕਿ 'ਤੂੰ ਵਾਪਸ ਆਵੇਂਗਾ।' ਯੂਨੀਵਰਸਿਟੀ ਵਿੱਚ ਲੈਕਚਰਾਰ ਦੀ ਨੌਕਰੀ ਨੂੰ ਅਗਲਿਆਂ ਨੇ ਬੇਰਾਂ ਦੇ ਭਾਅ ਵੀ ਨਹੀਂ ਪੁੱਛਿਆ ਸੀ। ਮੈਂ ਉਸ ਲਾ-ਅ-ਲਾ, ਲਾ-ਅ-ਲਾ ਦਾ ਕੀ ਕਰਦਾ ਜਿਹੜੀ ਮੇਰੇ ਕੈਨੇਡਾ ਜਾਣ ਦੀ ਹੋ ਗਈ ਸੀ। ਮੈਂ ਠੁੱਸ ਹੋ ਕੇ ਬੈਠ ਗਿਆ। ਕਈ ਦਿਨ ਇਉਂ ਗੁਆਚਿਆ ਜਿਹਾ ਫਿਰਦਾ ਰਿਹਾ ਜਿਵੇਂ ਕੁੜੀ ਦੱਬ ਕੇ ਆਇਆ ਹੋਵਾਂ। ਹਾਰ ਅਤੇ ਨਮੋਸ਼ੀ ਨਾਲ ਡਿਪਰੈਸ਼ਨ ਹੋ ਗਿਆ। ਪਰਵਾਸੀ ਕਹਾਣੀਕਾਰ ਜਰਨੈਲ ਸਿੰਘ ਦੀ ਅਫ਼ਸੋਸ ਵਾਲੀ ਚਿੱਠੀ ਆਈ ਤਾਂ ਜਵਾਬੀ-ਚਿੱਠੀ ਵਿੱਚ ਮੈਂ ਕੈਨੇਡਾ ਸਰਕਾਰ ਨੂੰ ਗਾਲ੍ਹਾਂ ਕੱਢ ਕੇ ਮਨ ਦੀ ਭੜਾਸ ਕੱਢੀ, 'ਗਲੋਬਲਾਈਜੇਸ਼ਨ, ਮਨੁੱਖੀ ਅਧਿਕਾਰ ਸਭ ਪਖੰਡ ਐ ਪੱਛਮੀ ਮੁਲਕਾਂ ਦਾ, ਮਨ-ਮਰਜ਼ੀਆਂ ਕਰਨ ਦਾ ... ਆਪਣੇ ਲਈ ਖੁੱਲ੍ਹਾਂ ਤੇ ਸਾਡੇ ਲਈ ਕੈਦਾਂ, ਜੱਦ੍ਹੇ ਵਿਸ਼ਵੀਕਰਨ ਦੇ।'

ਅਜੇ ਮੈਂ ਸਾਗ ਵਾਲੇ ਕੁੱਜੇ ਵਾਂਗ ਰਿੱਝਦਾ ਹੀ ਫਿਰਦਾ ਸਾਂ ਕਿ ਪੰਜਾਬੀ ਅਖ਼ਬਾਰਾਂ ਵਿੱਚ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ (19-21 ਜੁਲਾਈ, 1997) ਮਿਲਵਾਕੀ (ਅਮਰੀਕਾ) 'ਚ ਕਰਵਾਏ ਜਾਣ ਦੀ ਖ਼ਬਰ ਛਪੀ। ਪੜ੍ਹ ਕੇ ਮੇਰੇ ਮੁਰਦਾ ਸਰੀਰ ਵਿੱਚ ਜਾਨ ਪੈ ਗਈ। ਪੰਜਾਹ ਕੁ ਹਜ਼ਾਰ ਦਾ ਖਰਚਾ ਹੋਣਾ ਸੀ। ਕੈਨੇਡਾ ਨਾ ਜਾ ਸਕਣ ਦੀ ਨਮੋਸ਼ੀ ਧੋਣ ਵਾਸਤੇ ਮੈਨੂੰ ਇਹ ਜ਼ਿਆਦਾ ਨਾ ਲੱਗਿਆ। ਆਪਣਾ ਜੀ. ਪੀ. ਐਫ. ਦਾ ਸਾਰਾ ਪੈਸਾ ਕੁਲੰਜ ਕੇ ਦਾਅ ਉਤੇ ਲਾ ਦਿੱਤਾ।

Academy of the Punjab in North America: http://www.apnaorg.com

ਮਨ ਅਜੇ ਵੀ ਧੀਰ ਨਹੀਂ ਸੀ ਧਰਦਾ। ਕਿਤੇ ਕੋਈ ਸੂਚੀ 'ਚੋਂ ਹੀ ਨਾਂ ਕਢਵਾ ਨਾ ਦੇਵੇ। ਇਸ ਕੰਮ ਵਿੱਚ ਪੰਜਾਬੀ ਲੇਖਕਾਂ ਦਾ ਕੌਣ ਸਾਨੀ ਹੈ? ਮਸਾਂ ਮਸਾਂ ਪ੍ਰਬੰਧਕ ਮੱਖਣ ਸਿੰਘ ਦਾ ਫੋਨ ਆਇਆ ਕਿ ਵੀਜ਼ੇ ਲਈ ਦਿੱਲੀ ਪਹੁੰਚ ਜਾਵਾਂ। ਉਨ੍ਹਾਂ ਹਦਾਇਤ ਕੀਤੀ ਕਿ ਯੂਨੀਵਰਸਿਟੀ ਤੋਂ ਨੋਹ-ਅਬਜੈਕਸ਼ਨ ਸਰਟੀਫਿਕੇਟ ਜ਼ਰੂਰ ਲੈ ਕੇ ਆਵਾਂ। ਅਖੇ ਸ਼ਿਕਾਰ ਨਿਕਲਿਆ ਤਾਂ ਕੁੱਤੀ ਨੂੰ ਮੂਤ ਆ ਗਿਆ, ਨੋਹ-ਅਬਜੈਕਸ਼ਨ ਵਾਲੀ ਫਾਈਲ ਤਾਂ ਅਸਟੈਬਲਿਸ਼ਮਿੰਟ ਵਾਲੇ ਕਲਰਕ ਕੋਲ ਹੀ ਜਾਮ ਹੋਈ ਪਈ ਸੀ। ਅਜੇ ਤਾਂ ਇਸ ਨੇ ਦਸ ਅਧਿਕਾਰੀਆਂ ਦੇ ਹੱਥੋਂ ਲੰਘ ਕੇ ਵੀ. ਸੀ. ਸਾਹਿਬ ਤੱਕ ਪਹੁੰਚਣਾ ਸੀ। ਮੱਖਣ ਸਿੰਘ ਤੋਂ ਥੋੜ੍ਹੀ ਹੋਰ ਮੋਹਲਤ ਮੰਗੀ।

ਅਮਰੀਕਾ ਦੀ ਅੰਬੈਸੀ ਪਹੁੰਚਿਆ ਤਾਂ ਵੇਖਿਆ ਕਿ ਪਹਿਲੇ ਦੋ ਦਿਨਾਂ ਵਿੱਚ ਕਈ ਮਾਮੂਲੀ ਲੇਖਕਾਂ ਅਤੇ ਗ਼ੈਰ-ਲੇਖਕਾਂ ਦੇ ਵੀਜ਼ੇ ਲੱਗ ਚੁੱਕੇ ਸਨ। ਉਹ ਖੁਸ਼ੀ ਨਾਲ ਕੱਛਾਂ ਮਾਰਦੇ ਹੁਣ ਹੋਰ ਦੇਸ਼ਾਂ ਦੇ ਵੀਜ਼ੇ ਲੁਆਉਂਦੇ ਫਿਰਦੇ ਸਨ। ਲੱਗਦਾ ਸੀ ਵੀਜ਼ਾ ਤਾਂ ਵੱਟ ਤੇ ਹੀ ਪਿਆ ਹੈ, ਪਰ ਫੇਰ ਵੀ ਡਰ ਦਾ ਚੂਹਾ ਮੈਨੂੰ ਅੰਦਰੋਂ ਕੁਤਰੀ ਜਾਂਦਾ ਸੀ। ਕਿਧਰੇ ਕੈਨੇਡਾ ਵਾਲਿਆਂ ਦੇ ਜਵਾਬ ਦਾ ਠੱਪਾ ਵੇਖ ਕੇ ਹੀ ਅਮਰੀਕਾ ਵਾਲੇ ਵੀ 'ਰਿਫ਼ਿਊਜ਼' ਨਾ ਕਰ ਦੇਣ। ਇਸੇ ਡਰੋਂ ਮੈਂ ਇਸ ਵਾਰ ਉਹ ਕਾਗਜ਼-ਪੱਤਰ ਵੀ ਨਾਲ ਲੈ ਕੇ ਗਿਆ ਸਾਂ ਜਿਹੜੇ ਡੁੱਬਦੀ ਬੇੜੀ ਨੂੰ ਮਾੜਾ ਮੋਟਾ ਵੀ ਠੁੰਮ੍ਹਣਾ ਦੇ ਸਕਦੇ। ਜਿਵੇਂ ਕਹਿੰਦੇ ਹਨ ਕਿ ਭਾਰਤ ਵਿੱਚ ਬੰਦੂਕ ਦਾ ਲਾਇਸੰਸ ਲੈਣਾ ਹੋਵੇ ਤਾਂ ਤੋਪ ਦਾ ਮੰਗੀਏ, ਮੈਂ ਕਾਗਜ਼ਾਂ ਨਾਲ ਲੈਸ ਸਾਂ। ਆਫਰੀ ਬੱਕਰੀ ਵਾਂਗ ਫੁੱਲੀ ਮੇਰੀ ਫਾਈਲ ਵੇਖ ਕੇ ਵਰਿਆਮ ਸਿੰਘ ਸੰਧੂ ਮੈਨੂੰ ਟਿੱਚਰਾਂ ਕਰ ਰਿਹਾ ਸੀ, 'ਸਾਡੇ ਯੁਵਾ ਆਲੋਚਕ, ਅਮਲਾਂ ਨਾਲ ਹੋਣਗੇ ਨਬੇੜੇ ਤੇ ਫਾਈਲ ਕਿਸੇ ਪੁੱਛਣੀ ਨਹੀਂ।' ਉਸ ਦੇ ਨਾਲ ਖੜ੍ਹੀ ਭੁਪਿੰਦਰ ਪ੍ਰੀਤ ਨੇ ਚਹਿਕ ਕੇ ਕਿਹਾ, 'ਹਾਅ ਕੀ ਚੱਕੀ ਫਿਰਦੈਂ ਕੂੜ-ਕਬਾੜ ਜਾ, ਲੈ ਮੇਰੇ ਕੋਲ ਤਾਂ ਆਪਣੀ ਕਿਤਾਬ ਵੀ ਨਹੀਂ' ਉਸ ਨੇ ਬੇਪਰਵਾਹੀ ਨਾਲ ਚੁਟਕੀ ਵਜਾਈ। ਮੈਂ ਕਚਿਆਈ ਨਾਲ ਠੰਡਾ ਜਿਹਾ ਹੱਸਿਆ। ਉਨ੍ਹਾਂ ਨੂੰ ਕੀ ਪਤਾ ਸੀ ਕਿ ਅੱਗ ਦਾ ਸੜਿਆ ਮੈਂ ਟਟਹਿਣੇ ਕੋਲੋਂ ਡਰ ਰਿਹਾ ਸਾਂ। ਓਨੀ ਦੇਰ ਮੇਰੀ ਜਾਨ ਮੁੱਠ 'ਚ ਹੀ ਰਹੀ ਜਿੰਨੀ ਦੇਰ ਪਹਿਲਾਂ ਅਮਰੀਕਾ ਅਤੇ ਫੇਰ ਇੰਗਲੈਂਡ ਦਾ ਵੀਜ਼ਾ ਨਾ ਲੱਗ ਗਿਆ। ਇਹ ਸਾਰੀ ਕਰਾਮਾਤ ਵਿਸਕਾਨਸਿਨ ਯੂਨੀਵਰਸਿਟੀ, ਮਿਲਾਵਾਕੀ ਦੇ ਡੀਨ ਵੱਲੋਂ ਆਈ ਚਿੱਠੀ ਦੀ ਸੀ।

ਹੁਣ ਤਾਂ ਅਮਰੀਕਾ ਜਾਣ ਵਿੱਚ ਕੋਈ ਅੜਿੱਕਾ ਨਹੀਂ ਸੀ, ਫੇਰ ਵੀ ਕੋਈ ਨਾ ਕੋਈ ਵਹਿਮ ਮੇਰੇ ਸਿਰ 'ਚ ਆ ਘੁਸੜਦਾ। ਮੈਨੂੰ ਜਾਪਦਾ ਸੀ ਐਨ ਅਖੀਰਲੇ ਮੌਕੇ ਕੋਈ ਨਾ ਕੋਈ ਵਿਘਨ ਜ਼ਰੂਰ ਪਵੇਗਾ। ਸ਼ਾਇਦ ਜਹਾਜ਼ ਚੜ੍ਹਨ ਤੋਂ ਪਹਿਲਾਂ ਤਫ਼ਤੀਸ਼ ਕਰਨ ਵਾਲਾ ਅਧਿਕਾਰੀ ਕਹੇਗਾ, 'ਤੇਰਾ ਤਾਂ

Academy of the Punjab in North America: http://www.apnaorg.com

ਪਾਸਪੋਰਟ ਹੀ ਨਹੀਂ ਇਹ।' ਪਰ ਅਜਿਹਾ ਕੁੱਝ ਨਾ ਵਾਪਰਿਆ। ਪੁੱਛ-ਪੜਤਾਲ ਦੀ ਸਾਰੀ ਕਾਰਵਾਈ ਮੁਕਾ ਕੇ ਹੁਣ ਮੈਂ ਖੁੱਲ੍ਹੇ ਡੁੱਲ੍ਹੇ ਹਾਲ ਵਿੱਚ ਗੱਦੇਦਾਰ ਕੁਰਸੀ ਉਤੇ ਬੈਠਾ ਜਹਾਜ਼ ਚੜ੍ਹਨ ਦੀ ਉਡੀਕ 'ਚ ਸਾਂ। ਵਹਿਮ ਤੇ ਫ਼ਿਕਰ ਨਾਲ ਬੋਲੇ ਹੋਏ ਮੇਰੇ ਕੰਨ ਖੁੱਲ੍ਹ ਗਏ ਸਨ। ਆਲੇ-ਦੁਆਲੇ ਦੀਆਂ ਗੱਲਾਂ ਦਾ ਰਸ ਮੈਨੂੰ ਸਰੂਰ ਦੇਣ ਲੱਗ ਪਿਆ ਸੀ।

'ਆਂਹਦੇ ਐ ਬਾਹਰ 'ਮੁੰਡਿਆਂ' ਨੇ ਹੰਸਪਾਲ ਦੀ ਕਾਰ ਦੇ ਸ਼ੀਸ਼ੇ ਭੰਨ 'ਤੇ, ਨਾਲੇ ਪੱਗਾਂ ਢਾਹਤੀਆਂ ਪ੍ਰਬੰਧਕਾਂ ਦੀਆਂ' ਕੋਈ ਦੱਸਣ ਵਾਂਗ ਪੁਛਦਾ।

'ਹੋਰ ਅੱਕੇ ਵੇ ਉਹ ਖੰਡ-ਘਿਉ ਪਾਉਣਗੇ ਹੰਸਪਾਲ ਹੋਰਾਂ ਨੂੰ? ਜਦੋਂ ਨੋਟ ਲੈ ਲੈ ਜੇਬਾਂ ਤੂੜਲੀਆਂ ਅਤੇ ਅਗਲਿਆਂ ਨੂੰ ਜਹਾਜ਼ ਚੜ੍ਹਾਉਣ ਦਾ ਪ੍ਰਬੰਧ ਨੀ ਕੀਤਾ' ਦੂਜਾ ਅੱਗੋਂ ਕਰਾਰਾ ਮੋੜਾ ਦਿੰਦਾ।

'ਔਹ ਢਾਣੀ ਤੋਂ ਕਿਹੜਾ ਨਹੀਂ ਮਾਂਜੇ ਹੋਣੇ ਪੈਸੇ ਏਨ੍ਹਾਂ ਨੇ' ਦੱਸਣ ਵਾਲਾ ਅੱਖ ਦੀ ਟੇਢ ਨਾਲ ਪਰੇ ਬੈਠੇ ਖਿੱਲੀ ਪਾ ਰਹੇ ਗ਼ੈਰ-ਲੇਖਕਾਂ ਵੱਲ ਇਸ਼ਾਰਾ ਕਰਦਾ।

'ਯਾਰ ਆਪਾਂ ਨੂੰ ਕੀ ਕੋਈ ਅੱਗ ਖਾਵੇ ਅੰਗਿਆਰ ਹੱਗੇ' ਇਸ ਕਚਕਚ ਤੋਂ ਖਹਿੜਾ ਛੁਡਾਉਣ ਲਈ ਕੋਈ ਜਹਾਜ਼ ਚੜ੍ਹਨ ਲਈ ਕਾਹਲਾ ਗੱਲ ਮੁਕਾਉਣ ਦਾ ਯਤਨ ਕਰਦਾ। ਇਹ ਗੱਲਾਂ ਇਉਂ ਹੀ ਖ਼ਬਰੇ ਕਿੰਨੀ ਦੇਰ ਚਲਦੀਆਂ ਰਹਿੰਦੀਆਂ ਜੇ ਘੜੀ ਰਾਤ ਦੇ ਢਾਈ ਨਾ ਵਜਾਉਂਦੀ ਅਤੇ ਏਅਰ-ਇੰਡੀਆ ਦੇ ਜਹਾਜ਼ ਉਤੇ ਸਵਾਰ ਹੋਣ ਦਾ ਐਲਾਨ ਨਾ ਹੁੰਦਾ।

ਪਹਿਲੀ ਵਾਰ ਜਹਾਜ਼ ਚੜ੍ਹਨ ਦੀ ਖੁਸ਼ੀ ਨਾਲ ਮੇਰੇ ਅੰਦਰ ਲੱਡੂ ਫੁੱਟ ਰਹੇ ਸਨ। ਇਸ ਵਕਤ ਮੈਨੂੰ ਆਪਣੇ ਪਿੰਡ ਦੇ ਲੋਕ ਯਾਦ ਆਏ ਜਿੰਨਾਂ ਦਾ ਮੈਂ ਆਪਣੇ ਆਪ ਨੂੰ ਪ੍ਰਤੀਨਿਧ ਸਮਝ ਰਿਹਾ ਸਾਂ। ਮੇਰੇ ਪਿੰਡ ਵਿਚੋਂ ਸਭ ਤੋਂ ਪਹਿਲਾਂ ਮੈਂ ਜਹਾਜ਼ ਵਿੱਚ ਪੈਰ ਰੱਖਣਾ ਸੀ। ਮੈਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਮੈਂ ਚੰਦ ਉਤੇ ਪਹਿਲਾ ਕਦਮ ਰੱਖਣ ਵਾਲਾ ਵਿਅਕਤੀ ਹੋਵਾਂ। ਮੇਰੇ ਪਿੰਡ ਦੇ ਲੋਕ ਹੁਣ ਘੂਕ ਸੁੱਤੇ ਪਏ ਹੋਣਗੇ, ਨਿੱਕੇ ਨਿੱਕੇ ਸੁਪਨਿਆਂ ਸੰਗ ਪਰਚੇ। ਮੇਰਾ ਕਿੰਨਾ ਵੱਡਾ ਸੁਪਨਾ ਪੂਰਾ ਹੋਣ ਵਾਲਾ ਸੀ। ਸੁਪਨਿਆਂ ਨਾਲ ਮੇਰੀ ਪ੍ਰੀਤ ਮੈਨੂੰ ਕਿੱਥੋਂ ਤੋਂ ਕਿੱਥੇ ਲੈ ਆਈ ਸੀ।

ਮੇਰੇ ਪਿੰਡ ਦੇ ਲੋਕ ਵੀ ਉਡਦੇ ਪੰਛੀਆਂ ਨੂੰ ਵੇਖ ਕੇ ਸੋਚਦੇ ਹੋਣਗੇ 'ਜੀਅ ਕਰਦਾ ਪੰਛੀ ਹੋ ਜਾਵਾਂ, ਅੰਬਰੀ ਤਾਰੀਆਂ ਲਾਵਾਂ।' ਮੈਂ ਉਨ੍ਹਾਂ ਮਿੱਟੀ ਸੰਗ ਮਿੱਟੀ ਹੋਣ ਵਾਲੇ ਆਪਣਿਆਂ ਬਾਰੇ ਸੋਚ ਰਿਹਾ ਸਾਂ, 'ਉੱਡਣ ਨੂੰ ਵੀ ਜੀਅ ਤਾਂ ਕਰਦਾ ਹੋਵੇਗਾ, ਰੀਂਘ ਰੀਂਘ ਕੇ ਚੱਲਣ ਵਾਲੇ ਜੀਵਾਂ ਦਾ।' ਜਹਾਜ਼ ਵੱਲ ਤੁਰਦੇ ਦੀਆਂ ਮੇਰੀਆਂ ਅੱਖਾਂ ਸਿੰਮ ਆਈਆਂ ਸਨ।

Academy of the Punjab in North America: http://www.apnaorg.com

'ਨਮਸਕਾਰ' ਜਹਾਜ਼ ਦੀ ਚੁੰਜ ਕੋਲ ਬਣੇ ਬੂਹੇ 'ਚ ਖੜ੍ਹੀ ਏਅਰ-ਹੋਸਟਸ ਨੇ ਮੁਸਕਰਾਉਂਦੇ ਹੋਏ ਹੋਠਾਂ 'ਚੋਂ ਮਿਠਾਸ ਨਾਲ ਭਿੱਜਿਆ ਸ਼ਬਦ ਬੋਲਿਆ। ਇਹ ਸੁਣ ਕੇ ਮੇਰੇ ਅੰਦਰ ਜਿੱਤ ਦਾ ਇੱਕ ਅਹਿਸਾਸ ਪਸਰ ਗਿਆ। ਕੈਨੇਡਾ ਦੀ ਅੰਬੈਸੀ ਦੇ ਮੈਦਾਨ 'ਚ ਹਾਰੀ ਜੰਗ ਮੈਂ ਅਖੀਰ ਜਿੱਤ ਲਈ ਸੀ। ਜ਼ਿੰਦਗੀ ਵਿੱਚ ਅੰਤ ਅਜਿਹੀ ਮੁਸਕਾਨ ਮਿਲਣ ਦੀ ਆਸ ਹੋਵੇ ਤਾਂ ਬੰਦਾ ਵੱਡੀਆਂ ਵੱਡੀਆਂ ਜੰਗਾਂ ਹੱਸ ਕੇ ਲੜ ਸਕਦਾ ਹੈ।

ਮੈਂ ਆਪਣੀ ਸੀਟ ਉਤੇ ਬੈਠਾ ਜਹਾਜ਼ ਨੂੰ ਅੰਦਰੋਂ ਨਿਹਾਰ ਰਿਹਾ ਸਾਂ। ਉੱਡਿਆ ਜਾਂਦਾ ਇੱਲ੍ਹ ਕੁ ਜਿੱਡਾ ਜਾਪਦਾ ਜਹਾਜ਼ ਅੰਦਰੋਂ ਏਨਾ ਖੁੱਲ੍ਹਾ-ਡੁੱਲ੍ਹਾ ਹੋਵੇਗਾ, ਮਨ ਨੂੰ ਸੱਚ ਹੀ ਨਹੀਂ ਸੀ ਆਉਂਦਾ। ਨਵੀਂ-ਨਵੇਲੀ ਵਹੁਟੀ ਵਾਂਗੂੰ ਪੱਬ ਧਰਦਾ ਜਹਾਜ਼ ਸਹਿਜ ਨਾਲ ਤੁਰਦਾ ਤੁਰਦਾ ਤੇਜ਼ ਅਤੇ ਫੇਰ ਹੋਰ ਤੇਜ਼ ਹੋਇਆ। ਅੰਤ ਹਲਕੇ ਜਿਹੇ ਝਟਕੇ ਨਾਲ ਜ਼ਮੀਨ ਤੋਂ ਉੱਠ ਗਿਆ। ਦਿਲ 'ਚ ਕੁਤਕੁਤਾੜੀ ਜਿਹੀ ਹੋਈ। ਉੱਡ ਸਕਣ ਦੇ ਮਾਣਮੱਤੇ ਵਿਸ਼ਵਾਸ ਨਾਲ ਧੌਣ ਚੁੱਕੀ ਅੰਬਰ ਵੱਲ ਨੂੰ ਵਧਦਾ ਜਹਾਜ਼ ਦਿੱਲੀ ਦੀਆਂ ਧੁੰਦ ਵਿੱਚ ਲਿਪਟੀਆਂ ਰੋਸ਼ਨੀਆਂ ਤੋਂ ਦੂਰ, ਹੋਰ ਦੂਰ ਜਾਣ ਲੱਗਾ। ਦਿੱਲੀ ਦਾ ਬੁਝ ਰਹੇ ਅੰਗਿਆਰਿਆਂ ਦਾ ਇੱਕ ਵੱਡਾ ਬੱਠਲ ਹੌਲੀ-ਹੌਲੀ ਛੋਟਾ ਹੁੰਦਾ ਗਿਆ ਅਤੇ ਅੰਤ ਇਹ ਟਿਮਕਣਾ ਹਨੇਰੇ ਦੀ ਬੁੱਕਲ 'ਚ ਸੌਂ ਗਿਆ। ਪੂਰੀ ਉਚਾਈ ਉਤੇ ਜਾ ਕੇ ਜਹਾਜ਼ ਇਉਂ ਸਥਿਰ ਹੋ ਗਿਆ, ਜਿਵੇਂ ਇੱਕ ਆਲੀਸ਼ਾਨ ਲੰਮ-ਸਲੰਮਾ ਕਮਰਾ ਖਲਾਅ ਵਿੱਚ ਖੜ੍ਹਾ ਹੋਵੇ। ਸਿਰਫ ਟੀ. ਵੀ. ਸਕਰੀਨ ਤੋਂ ਹੀ ਪਤਾ ਲਗਦਾ ਕਿ ਜਹਾਜ਼ ਲੱਗਪਗ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡ ਰਿਹਾ ਸੀ।

ਮੁਸਾਫ਼ਰਾਂ ਦੀ ਸੁਰੱਖਿਆ ਸੰਬੰਧੀ ਦੱਸਿਆ ਜਾਣ ਲੱਗਾ। ਜੇ ਜਹਾਜ਼ ਦੇ ਡਿੱਗਣ ਦਾ ਐਲਾਨ ਹੋਵੇ ਤਾਂ ਹਵਾਈ ਜੈਕਟ ਕਿਵੇਂ ਪਾਉਣੀ ਹੈ। ਅੱਧਖੜ ਉਮਰ ਦਾ ਰੁਮਾਂਟਿਕ ਹੋਇਆ ਪੰਜਾਬੀ ਕਵੀ ਸੁਰਿੰਦਰ ਗਿੱਲ ਜੋ ਏਅਰ-ਹੋਸਟਸ ਦੀ ਹਦਾਇਤਾਂ ਸੁਣਨ ਨਾਲੋਂ ਉਸ ਦੀਆਂ ਅਦਾਵਾਂ ਅਤੇ ਗੁਲਾਈਆਂ ਵੱਲ ਵਧੇਰੇ ਧਿਆਨ ਦੇ ਰਿਹਾ ਸੀ, ਨੇ ਸਮਝਿਆ ਕਿ ਉਹ ਜੈਕਟ ਪਾਉਣ ਲਈ ਕਹਿ ਰਹੀ ਹੈ।'ਤੇਲ ਭੁਲਾਵੇਂ ਭੁੱਲਾ ਬਾਣੀਆਂ ਦਿੱਤਾ ਸ਼ਹਿਦ ਉਲੈਟ' ਵਾਂਗ ਉਸ ਨੇ ਹਵਾ ਭਰ ਕੇ ਜੈਕਟ ਪਹਿਨ ਲਈ। ਆਲੇ-ਦੁਆਲੇ ਹਾਸੜ ਮੱਚ ਗਿਆ। ਫੁੱਲ ਕੇ ਸਰੀਰ ਨਾਲ ਤਣ ਗਈ ਜੈਕਟ ਫੇਰ ਲਾਹੁਣੀ ਨਾ ਆਵੇ। ਹਦਾਇਤਾਂ ਭੁੱਲ ਕੇ ਏਅਰ-ਹੋਸਟਸ ਵੀ ਰੰਗੀਲੇ ਕਵੀ ਉਤੇ ਹੱਸਣ ਲੱਗ ਪਈ।

ਇਕ ਅੱਧ ਲਿਸ਼ਲਿਸ਼ ਕਰਦੀ ਏਅਰ-ਹੋਸਟਸ ਤੋਂ ਬਿਨਾਂ ਬਾਕੀ ਢਾਲੇ ਪਈ ਜਵਾਨੀ ਵਾਲੀਆਂ, ਮੇਰੀ ਕਲਪਨਾ ਦੀਆਂ ਏਅਰ-ਹੋਸਟਸਾਂ ਨਾਲੋਂ ਕਿਤੇ ਘੱਟ ਖ਼ੂਬਸੂਰਤ ਸਨ। ਰਾਤ ਦੇ

ਪਿਛਲੇ ਪਹਿਰ ਦੀ ਨੀਂਦ ਨਾਲ ਉਨ੍ਹਾਂ ਦੀਆਂ ਅੱਖਾਂ ਬੋਝਲ ਅਤੇ ਹੇਠਾਂ ਕਾਲੇ ਘੇਰੇ ਉਭਰ ਆਏ ਸਨ। ਮੁਸਕਾਨ ਥੱਕੀ ਥੱਕੀ ਸੀ, ਫੇਰ ਵੀ ਚੁਸਤ ਜਾਪਣ ਦੇ ਯਤਨ ਵਿੱਚ ਸਨ। ਉਹ ਆਪਣੇ ਆਪਣੇ ਖੇਤਰ ਵਿੱਚ ਟੌਫੀਆਂ ਵੰਡਣ ਲੱਗੀਆਂ ਤਾਂ ਯਾਤਰੀ ਕੁੱਝ ਆਹਰੇ ਲੱਗ ਗਏ ਅਤੇ ਝਮੱਚੜ ਮੱਧਮ ਪੈ ਗਿਆ। ਕਦੇ ਜੂਸ ਅਤੇ ਕਦੇ ਬਰੇਕਫਾਸਟ ਰਾਹੀਂ ਇਹ ਰੁਝੇਵਾਂ ਬਣਿਆਂ ਰਿਹਾ। ਖਿੱਲਾਂ ਨਾਲ ਬਾਂਦਰ ਤੇ ਪਰਚਣ ਵਾਂਗ ਸਭ ਖਾਣ-ਪੀਣ 'ਚ ਮਸਤ ਰਹੇ।

ਬਰੇਕਫਾਸਟ ਵਿੱਚ ਡਬਲ-ਰੋਟੀ, ਖਰਬੂਜ਼ੇ-ਹਦਵਾਣੇ-ਅਨਾਨਾਸ ਦਾ ਸਲਾਦ, ਸਟਰਾਬੈਰੀ, ਜੈਮ, ਪਨੀਰ, ਮੱਖਣ ਆਦਿ ਭਾਵੇਂ ਜਾਣੀਆਂ ਪਛਾਣੀਆਂ ਚੀਜ਼ਾਂ ਹੀ ਸਨ ਪਰ ਕੱਚੀਆਂ ਕੱਚੀਆਂ ਜਿਹੀਆਂ ਲੱਗ ਰਹੀਆਂ ਸਨ। ਤਲੇ ਪਰਾਉਂਠੇ ਖਾਣ ਵਾਲੇ ਕੁੱਝ ਕੁਝ ਨੱਕ ਮਾਰ ਕੇ ਖਾ ਰਹੇ ਸਨ। ਕਵੀ ਹਰਭਜਨ ਹੁੰਦਲ ਜਿਹੜਾ ਪਹਿਲਾਂ ਵੀ ਜਹਾਜ਼ਾਂ ਦੇ ਝੂਟੇ ਲੈ ਚੁੱਕਾ ਸੀ, ਸਾਨੂੰ ਨਵਿਆਂ ਨੂੰ ਸਮਝਾਉਣ ਦੇ ਰਉਂ ਵਿੱਚ ਬੋਲਿਆ, 'ਖਾ-ਲੋ, ਖਾ-ਲੋ ਚੁੱਪ ਕਰ ਕੇ, ਲੱਭਦੇ ਜੇ ਦਹੀਂ ਪਰਾਉਂਠੇ।'

'ਮੈਂ ਤਾਂ ਕਿਹਾ ਸੀ ਭਾਊ ਘਰੋਂ ਪਰਾਉਂਠੇ ਲੈ ਚੱਲੀਏ, ਇਥੇ ਹੋਰ ਨਿੱਕਸੁੱਕ ਖਾਣਾ ਪਏਗਾ, ਪਰ ਸਾਡੇ ਸੰਤ ਜੀ (ਜਗਦੀਸ਼ ਵਰਿਆਮ) ਮੰਨਦੇ ਨੇ ਕੋਈ' ਪਿੱਛੋਂ ਵਰਿਆਮ ਸੰਧੂ ਨੇ ਹੁੰਦਲ ਦੀ ਸੁਰ 'ਚ ਸੁਰ ਰਲਾਈ।

ਨਘੋਚਾਂ ਕਢਦਿਆਂ ਕਢਦਿਆਂ ਵੀ ਸਭ ਨੇ ਥਾਲੀਆਂ ਸੰਭਰ ਦਿੱਤੀਆਂ। ਸਾਰੀ ਰਾਤ ਜਾਗਣ ਕਰਕੇ ਭੁੱਖ ਚਮਕੀ ਪਈ ਸੀ। ਬੰਬਈ ਤਾਂ ਜਿਵੇਂ ਝੱਟ ਹੀ ਆ ਗਿਆ। ਅਜੇ ਜਹਾਜ਼ ਦੇ ਝੂਟੇ ਦਾ ਚਾਅ ਲੱਥਾ ਨਹੀਂ ਸੀ। ਬੰਬਈ ਤੋਂ ਲੰਡਨ ਵੱਲ ਚਲਦਿਆਂ ਹੀ ਫੇਰ ਬਰੇਕਫਾਸਟ ਆ ਗਿਆ ਪਰ ਕਿਸੇ ਨੇ ਉਸ ਵੱਲ ਮੂੰਹ ਨਾ ਕੀਤਾ।

ਹੁਣ ਭਾਵੇਂ ਪੇਟ-ਪੂਜਾ ਵੀ ਹੋ ਚੁੱਕੀ ਸੀ ਅਤੇ ਰਾਤ ਭਰ ਦਾ ਉਨੀਂਦਰਾ ਵੀ ਸੀ, ਪਰ ਨੀਂਦ-ਰਾਣੀ ਖ਼ਬਰੇ ਕਿਉਂ ਰੁੱਸ ਗਈ ਸੀ। ਸ਼ਾਇਦ ਇਹ ਸਮੇਂ ਦੇ ਹੇਰ-ਫੇਰ ਕਰਕੇ ਸੀ, ਜਿਉਂ ਜਿਉਂ ਲੰਡਨ ਵੱਲ ਨੂੰ ਜਾ ਰਹੇ ਸਾਂ, ਸਮਾਂ ਖੜ੍ਹਦਾ ਜਾਂਦਾ ਸੀ। ਘੜੀ ਦੀਆਂ ਸੂਈਆਂ ਅਗਾਂਹ ਨੂੰ ਤੁਰ ਰਹੀਆਂ ਸਨ ਪਰ ਸਮਾਂ ਪਿੱਛੇ ਨੂੰ ਖਿਸਕਦਾ ਜਾਪਦਾ ਸੀ। ਮੇਰੇ ਵਰਗੇ ਭੂਗੋਲ ਤੋਂ ਅਣਜਾਣਾਂ ਵਾਸਤੇ ਇਹ ਇੱਕ ਗੁੰਝਲਦਾਰ ਬੁਝਾਰਤ ਸੀ।

ਬੇਅਰਾਮੀ ਕਾਰਨ ਨਾ ਤਾਂ ਸਾਹਮਣੇ ਸਕਰੀਨ ਉਤੇ ਚਲਦੀ ਫ਼ਿਲਮ ਚੰਗੀ ਲੱਗਦੀ ਸੀ ਅਤੇ ਨਾ ਹੀ ਕੁਰਸੀ ਨਾਲ ਲੱਗੇ ਈਅਰ-ਫ਼ੂਨ ਨੂੰ ਕੰਨਾਂ ਨਾਲ ਲਾ ਕੇ ਗਾਣੇ ਸੁਣਨ ਨੂੰ ਮਨ ਕਰਦਾ ਸੀ।

Academy of the Punjab in North America: http://www.apnaorg.com

ਐਵੇਂ ਉਸਲਵੱਟੇ ਹੀ ਲੈ ਰਹੇ ਸਾਂ ਕਿ ਕੰਨਾਂ ਵਿੱਚ ਕਵੀ ਸੁਰਿੰਦਰ ਗਿੱਲ ਦਾ ਬੋਲ ਉਤਸ਼ਾਹੀ ਪਿਆ। 'ਆ-ਗੀ ਲਾਲ ਪਰੀ, ਵੀਰਨੋ ਆ-ਗੀ ਓਏ।'

ਦਾਰੂ ਦੀਆਂ ਪੰਜਾਹ ਮਿਲੀਲੀਟਰ ਵਾਲੀਆਂ ਸ਼ੀਸ਼ੀਆਂ ਨਾਲ ਭਰੀ ਟਰੌਲੀ ਵੇਖ ਕੇ ਥੱਕੀਆਂ ਅੱਖਾਂ ਵਿੱਚ ਚਮਕ ਆ ਗਈ। ਪੰਜਾਬੀ ਲੇਖਕਾਂ ਦੇ ਹਾਸੇ-ਠੱਠੇ ਵਾਲੇ ਜੁਮਲੇ ਸੁਣ ਕੇ ਏਅਰ-ਹੋਸਟਸਾਂ ਦਿਆਲ ਹੋ ਗਈਆਂ ਅਤੇ ਦੋ-ਦੋ ਸ਼ੀਸ਼ੀਆਂ ਵੱਧ ਹੀ ਫੜਾ ਗਈਆਂ। ਸ਼ਰਾਰਤ ਨਾਲ ਉਹ ਨਾਰੀ-ਲੇਖਕਾਵਾਂ ਨੂੰ ਵੀ ਅੱਖ ਮਟਕਾ ਕੇ ਪੁੱਛਦੀਆਂ, 'ਵਿਸਕੀ ਜਾਂ ਬੀਅਰ?'

'ਸਕਾਚ' ਜਵਾਬ ਅੱਗੋਂ ਉਸੇ ਸ਼ਰਾਰਤੀ ਲਹਿਜ਼ੇ 'ਚ ਮਿਲਦਾ, ਇਉਂ ਉਹ ਪੀਣ ਲਈ ਕੋਕ ਲੈ ਕੇ ਸਕਾਚ ਦੀਆਂ ਸ਼ੀਸ਼ੀਆਂ ਬੈਗ 'ਚ ਪਾ ਲੈਂਦੀਆਂ।

ਕਹਿੰਦੇ ਹਨ ਉੱਠਾਂ ਦਾ ਗੁੜ੍ਹਤੀਆਂ ਨਾਲ ਕੀ ਬਣਦਾ ਹੈ। ਸੋ ਕਈ ਵੱਡੇ ਪਿਆਕੜਾਂ ਦਾ ਉਹ ਸ਼ੀਸ਼ੀਆਂ ਨਕਾਲ ਵੀ ਪੂਰਾ ਨਾ ਕਰਦੀਆਂ ਤਾਂ ਉਹ ਨਾਲ ਬੈਠੇ ਨਾਮਧਾਰੀ ਸੱਜਣ ਨੂੰ ਹਾਸੇ ਨਾਲ ਪੁੱਛਦੇ, 'ਯਾਰ ਆਵਦੇ ਵੰਡੇ ਦੀ ਮੈਨੂੰ ਲੈ ਦੇ, ਜੇ ਨਹੀਂ ਹੱਥ ਲਾਉਣਾ ਤਾਂ ਪੱਲੇ ਨਾਲ ਫੜ੍ਹ ਲੈ।'

ਅਜਿਹੀ ਖੁੱਲ੍ਹ-ਖੇਡ ਕਰਕੇ ਇੱਕ ਦੋ ਭਾਈਬੰਦ 'ਔਟ' ਵੀ ਹੋ ਗਏ। ਏਅਰ-ਹੋਸਟਸਾਂ ਕੋਲ ਪਿਆਕੜਾਂ ਨੂੰ ਸ਼ਰਾਬੀ ਹੋਣ ਤੋਂ ਬਚਾਉਣ ਦਾ ਇਕੋ ਨੁਸਖਾ ਹੈ ਕਿ ਉਹ ਪੈੱਗ ਵਰਤਾਉਣ ਤੋਂ ਤੁਰੰਤ ਬਾਅਦ ਰੋਟੀ ਵਾਲੀ ਟਰੇਅ ਫੜਾ ਜਾਂਦੀਆਂ ਹਨ। ਦੁਪਹਿਰ ਦੇ ਖਾਣੇ ਵਿੱਚ ਰੋਟੀ ਤੋਂ ਬਿਨਾਂ ਹੋਰ ਸਭ ਕੁਸ਼ ਸੀ। ਇਨ੍ਹਾਂ ਵਸਤਾਂ ਦੀ ਪੈਕਿੰਗ ਵੇਖ ਕੇ ਲੱਗਦਾ ਸੀ ਕਿ ਇਸ ਤੇ ਚੀਜ਼ਾਂ ਨਾਲੋਂ ਵੀ ਵੱਧ ਖਰਚ ਆਇਆ ਹੋਵੇਗਾ। ਐਨੇ ਸਾਰੇ ਨਿੱਕੇ ਨਿੱਕੇ ਪੈਕਟ ਆਪਸ ਵਿੱਚ ਇਉਂ ਰਲ ਜਾਂਦੇ ਹਨ ਕਿ ਦਾਲ 'ਚ ਖੰਡ ਅਤੇ ਚਾਹ 'ਚ ਲੂਣ ਪੈਣ ਦਾ ਖਤਰਾ ਬਣਿਆਂ ਰਹਿੰਦਾ। ਖਾਣੇ ਤੋਂ ਮਗਰੋਂ ਕੌਫ਼ੀ ਪੀਣ ਲੱਗੇ ਤਾਂ ਮੇਰੇ ਨਾਲ ਬੈਠੇ ਪਰਮਜੀਤ, ਜੋ ਗੜ੍ਹਦੀਵਾਲੇ ਲੈਕਚਰਾਰ ਸੀ, ਨਾਲ ਇਹੋ ਹੋਈ। ਉਸ ਨੇ ਕੌਫ਼ੀ ਵਿੱਚ ਕਾਲੀਆਂ ਮਿਰਚਾਂ ਦਾ ਪੈਕਟ ਉਲੱਦ ਲਿਆ। ਕੋਲ ਖੜ੍ਹੀ ਏਅਰ-ਹੋਸਟਸ ਮਿੰਨ੍ਹਾ ਜਿਹਾ ਮੁਸਕਰਾਈ ਅਤੇ ਪੁਛਿਆ, 'ਮਿਰਚ ਭੁਲੇਖੇ ਨਾਲ ਪੈ ਗਈ ਹੈ ਕਿ ਜਾਣ ਕੇ ਪਾਈ ਐ?'

'ਨਹੀਂ ਮੈਂ ਇਵੇਂ ਪੀਂਦਾ ਹੁੰਨੈਂ' ਆਪਣੀ ਗੱਲ ਵਿਆਹੁਣ ਲਈ ਉਹ ਬਿਨਾਂ ਸੀਅ ਕੀਤੇ ਮਿਰਚਾਂ ਵਾਲੀ ਕੌਫ਼ੀ ਪੀ ਗਿਆ।

ਲੰਡਨ ਤੋਂ ਸ਼ਿਕਾਗੋ ਨੂੰ ਚੱਲੇ ਤਾਂ ਝੱਟ ਕੁ ਪਿੱਛੋਂ ਫੇਰ ਦੁਪਹਿਰ ਦਾ ਖਾਣਾ ਆ ਗਿਆ। ਦੁਪਹਿਰ ਤਾਂ ਕਿਸੇ ਅੜੀਅਲ ਟੱਟੂ ਵਾਂਗੂੰ ਹਿਲਦੀ ਨਹੀਂ ਜਾਪਦੀ ਸੀ। ਰੱਜੇ, ਥੱਕੇ ਅਤੇ ਨਸ਼ਈ ਸਰੀਰ ਹੁਣ ਨੀਂਦ ਲੋਚਦੇ ਸਨ ਪਰ ਦਿਨੇਂ ਨੀਂਦ ਆ ਨਹੀਂ ਸੀ ਰਹੀ।

Academy of the Punjab in North America: http://www.apnaorg.com

'ਓਏ ਅੱਜ ਏਹ ਲੰਚ ਈ ਕਰਾਈ ਜਾਣਗੇ ਕਿ ਕਿਤੇ ਡਿਨਰ ਦਾ ਵੇਲਾ ਵੀ ਹੋਊ', ਚੁਫੇਰਿਉਂ ਹਾਸੇ ਦੀ ਫ਼ੁਹਾਰ ਛੁੱਟੀ। ਅੱਠ ਨੌਂ ਘੰਟਿਆਂ ਦੇ ਹਵਾਈ-ਸਫ਼ਰ ਨਾਲ ਅਕੇਵਾਂ ਸ਼ੁਰੂ ਹੋ ਗਿਆ। ਜਹਾਜ਼ ਸਾਢੇ ਤੀਹ ਹਜ਼ਾਰ ਫੁੱਟ ਉਚਾਈ ਤੇ ਹੋਣ ਕਰਕੇ ਆਸੇ ਪਾਸੇ ਕੁੱਝ ਵੀ ਨਹੀਂ ਦਿਸਦਾ ਸੀ। ਸਿਰਫ ਲੰਡਨ ਉਤਰਨ ਵੇਲੇ ਹੀ ਕੁੱਝ ਪਹਾੜ ਦਿਸੇ ਸਨ ਜੋ ਬੱਦਲਾਂ ਵਿੱਚ ਦੀ ਮਸਾਂ ਹੀ ਨਜ਼ਰ ਆਉਂਦੇ ਸਨ। ਉਤਲੇ ਪਾਸਿਉਂ ਬੱਦਲ ਇਉਂ ਲਗਦੇ ਸਨ, ਜਿਵੇਂ ਬਠਿੰਡੇ ਦੀ ਮੰਡੀ ਵਿੱਚ ਨਰਮੇ ਦੀਆਂ ਢੇਰੀਆਂ ਲਾਈਆਂ ਪਈਆਂ ਹੋਣ। ਬੱਸ-ਗੱਡੀ ਵਿੱਚ ਆਲਾ-ਦੁਆਲਾ ਦਿਸਦਾ ਰਹਿਣ ਕਰਕੇ ਅਕੇਵਾਂ ਘੱਟ ਹੁੰਦਾ ਹੈ। ਜਹਾਜ਼ ਵਿੱਚ ਤਾਂ ਪੜ੍ਹਨ ਦਾ ਸ਼ੁਕੀਨ ਜਾਂ ਗੀਤਾਂ ਦਾ ਪ੍ਰੇਮੀ ਹੀ ਕੁੱਝ ਠੀਕ ਵਕਤ ਕਟੀ ਕਰ ਸਕਦਾ ਹੈ। ਪਰ ਥਕੇਵੇਂ ਕਰਕੇ ਪੜ੍ਹਨ ਨੂੰ ਵੀ ਮਨ ਨਹੀਂ ਕਰਦਾ ਸੀ।

ਅਕੇਵੇਂ ਤੋਂ ਬਚਣ ਲਈ ਲੇਖਕਾਵਾਂ ਦੀ ਓਟ ਤਕਾਈ ਜਾਣ ਲੱਗ ਪਈ। ਮੇਰੇ ਅਤੇ ਪਰਮਜੀਤ ਦੇ ਨੇੜੇ ਹੀ ਭੁਪਿੰਦਰ ਪ੍ਰੀਤ ਦੀ ਸੀਟ ਵਾਸ਼ਰੂਮ ਦੇ ਨਾਲ ਸੀ। ਇਸ ਲਈ ਏਧਰ ਆਇਆ ਹਰੇਕ ਲੇਖਕ ਭੁਪਿੰਦਰ ਕੋਲ ਅਟਕ ਜਾਂਦਾ। ਜਸਵੰਤ ਸਿੰਘ ਨੇਕੀ, ਤੇਜਵੰਤ ਗਿੱਲ ਅਤੇ ਜੋਗਿੰਦਰ ਕੈਰੋਂ ਜਿਹੇ ਸਾਹਿਤ-ਰਸੀਏ ਉਥੇ ਜੁੜਦੇ ਗਏ ਅਤੇ ਕਾਵਿਕ ਮਾਹੌਲ ਬਣ ਗਿਆ। ਇਸ ਦਰਬਾਰ ਦੀ ਮਲਿਕਾ ਭੁਪਿੰਦਰ ਪ੍ਰੀਤ ਸੀ ਅਤੇ ਬਾਕੀ ਸਭ ਵਜ਼ੀਰ ਜਾਂ ਦਰਬਾਨ ਸਨ। ਮਲਿਕਾ ਬਣਨ ਦੀ ਖੁਸ਼ੀ ਵਿੱਚ ਪ੍ਰੀਤ ਦਾ ਹਾਸਾ ਕਟੋਰੀਆਂ ਵਾਂਗੂੰ ਟੁਣਕਣ ਲੱਗਿਆ, ਜਿਸ ਦੇ ਜਾਦੂ ਨਾਲ ਜਸਵੰਤ ਨੇਕੀ ਨੇ ਆਪਣੇ ਬੁਢਾਪੇ ਦੀ ਕੁੰਜ ਲਾਹ ਕੇ ਔਹ ਮਾਰੀ ਅਤੇ ਮੁੰਡਾ-ਖੁੰਡਾ ਬਣਿਆਂ ਨੇਕੀ ਰੁਮਾਂਟਿਕ ਭਾਸ਼ਾ ਵਿੱਚ ਗੁਟਕਣ ਲੱਗ ਪਿਆ। ਤੇਜਵੰਤ ਗਿੱਲ ਆਪਣੀ ਆਲੋਚਨਾ ਦੀ ਖੁਸ਼ਕ ਭਾਸ਼ਾ ਕਰ ਕੇ ਇਸ 'ਦਰਬਾਰ' ਵਿੱਚ ਨੇਕੀ ਤੋਂ ਮਾਤ ਖਾ ਗਿਆ। ਜੋਗਿੰਦਰ ਕੈਰੋਂ ਦੀਆਂ ਸੇਅਲੀਆਂ ਆਦਤਨ ਬੁੜਕਦੀਆਂ ਰਹੀਆਂ ਪਰ ਉਸ ਦਾ ਕੋਈ ਤੀਰ ਟਿਕਾਣੇ ਨਾ ਲੱਗਿਆ। ਮੈਂ ਜੁਗਤੀ ਬੁੜ੍ਹਿਆਂ ਨੂੰ ਬਿੱਟ ਬਿੱਟ ਵੇਖਦਾ ਰਿਹਾ। ਭਲਾ ਮੇਲੇ 'ਚ ਚੱਕੀਰਾਹੇ ਦੀ ਕੌਣ ਸੁਣਦਾ ਹੈ? ਰੁਮਾਂਟਿਕਤਾ ਦਾ ਇਹ ਬਿਨ ਕਿਨਾਰਿਉਂ ਵਗਦਾ ਦਰਿਆ ਅਜੇ ਹੋਰ ਵਹਿੰਦਾ ਰਹਿਣਾ ਸੀ ਜੇ ਸ਼ਿਕਾਗੋ ਪਹੁੰਚਣ ਦਾ ਐਲਾਨ ਨਾ ਹੋ ਗਿਆ ਹੁੰਦਾ।

ਬੱਸ ਕੁੱਝ ਮਿੰਟ ਹੋਰ ਬੈਲਟਾਂ ਦੀ ਕੈਦ ਸੀ, ਫਿਰ ਅਸੀਂ ਉਸ ਥਾਂ ਹੋਣਾ ਸੀ ਜਿਸ ਨੂੰ ਧਰਤੀ ਦਾ ਇੰਦਰ-ਲੋਕ ਕਿਹਾ ਜਾ ਸਕਦਾ ਹੈ। ਉਸ ਦੀ ਪਹਿਲੀ ਝਲਕ ਉਤਰਨ ਲੱਗੇ ਜਹਾਜ਼ ਵਿਚੋਂ ਹੀ ਵੇਖੀ। ਦੂਰ ਦੂਰ ਤੱਕ ਹਰਿਆਵਲ, ਆਲੀਸ਼ਾਨ ਇਮਾਰਤਾਂ ਅਤੇ ਕਾਰਾਂ ਦਾ ਹੜ੍ਹ। ਮਨ ਇਸ

Academy of the Punjab in North America: http://www.apnaorg.com

ਤਲਿਸਮੀ ਧਰਤੀ ਦੇ ਜਾਦੂ ਵਿੱਚ ਜਕੜਿਆ ਜਾ ਰਿਹਾ ਸੀ। ਅਮਰੀਕਾ ਰੂਪੀ ਵਹੁਟੀ ਦਾ ਘੁੰਢ ਚੱਕਣ ਅਤੇ ਫੇਰ ਰੱਜ ਕੇ ਦੀਦ ਕਰਨ ਦਾ ਚਾਅ ਉੱਮਲ-ਉੱਮਲ ਪੈ ਰਿਹਾ ਸੀ।

## ਇੰਦਰਪੁਰੀ ਦੀ ਝਲਕ

'ਬਲਦੇਵ ਆ ਤੈਨੂੰ ਇੱਕ ਜਾਦੂ ਵਿਖਾਵਾਂ' ਸ਼ਿਕਾਗੋ ਏਅਰ-ਪੋਰਟ ਉਤੇ ਮੈਂ ਪਾਣੀ ਦੀ ਟੂਟੀ ਲੱਭ ਰਿਹਾ ਸਾਂ ਕਿ ਮਾਨ ਸਿੰਘ ਢੀਂਡਸਾ ਨੇ ਮੈਨੂੰ ਬਾਹੋਂ ਖਿਚਦਿਆਂ ਕਿਹਾ।

'ਯਾਰ ਪਹਿਲਾਂ ਮੈਂ ਪਾਣੀ ਪੀਣੈਂ, ਫੇਰ ਵੇਖਾਂਗੇ ਜਾਦੂ' ਤੇਹ ਕਾਰਨ ਮੈਨੂੰ ਕੁੱਝ ਵੀ ਚੰਗਾ ਨਹੀਂ ਸੀ ਲੱਗ ਰਿਹਾ।

'ਪਾਣੀ ਵੀ ਹੈਗਾ ਉਥੇ' ਉਸ ਨੇ ਰੱਬ ਵੱਲ ਮੂੰਹ ਕਰੀ ਖੜ੍ਹੀ ਟੂਟੀ ਵੱਲ ਇਸ਼ਾਰਾ ਕੀਤਾ। ਵਰਿਆਮ ਸੰਧੂ ਹੋਰੀਂ ਪਹਿਲਾਂ ਹੀ ਉਸ ਟੂਟੀ ਦੇ ਕਰਿਸ਼ਮੇ ਨੂੰ ਵੇਖ ਕੇ ਹੈਰਾਨ ਹੋ ਰਹੇ ਸਨ। ਮੈਂ ਪਾਣੀ ਪੀਣ ਲਈ ਟੂਟੀ ਕੋਲ ਹੋਇਆ ਤਾਂ ਮੈਨੂੰ ਪਾਣੀ ਚਲਾਉਣ ਲਈ ਕੋਈ ਬਟਨ, ਕੋਈ ਹੈਂਡਲ ਨਾ ਦਿਸਿਆ।

'ਇਹ ਚਲਦੀ ਕਿਥੋਂ ਆ ਬਈ?' ਮੈਂ ਹਾਰ ਮੰਨਦਿਆਂ ਪੁਛਿਆ।

'ਮੂੰਹ ਨੇੜੇ ਕਰ ਟੂਟੀ ਦੇ' ਢੀਂਡਸੇ ਨੇ ਕਿਹਾ।

ਮੂੰਹ ਕੋਲ ਕੀਤਾ ਤਾਂ ਪਾਣੀ ਦੀ ਤਤੀਰੀ ਮੇਰੇ ਮੂੰਹ 'ਚ ਪੈਣ ਲੱਗੀ। ਮੂੰਹ ਪਰ੍ਹੇ ਹਟਾਇਆ, ਟੂਟੀ ਬੰਦ। ਅਮਰੀਕਾ ਦਾ ਇਹ ਪਹਿਲਾ ਜਾਦੂ ਸੀ ਜਿਸ ਤੋਂ ਅਸੀਂ ਸਾਰੇ ਹੈਰਾਨ ਹੋਏ ਖੜ੍ਹੇ ਸਾਂ। ਇਸ ਕਰਿਸ਼ਮੇ ਨੂੰ ਵੇਖ ਕੇ ਹੱਸਦਿਆਂ ਵਰਿਆਮ ਸੰਧੂ ਦੇ ਚਿਹਰੇ ਉਤੇ ਵੀ ਕੁੱਝ ਰੌਣਕ ਆ ਗਈ, ਨਹੀਂ ਤਾਂ ਉਹ ਬਿਲਕੁਲ ਹਿਰਾਸਿਆ ਪਿਆ ਸੀ। ਉਹ ਕੋਸ ਰਿਹਾ ਸੀ ਉਸ ਵੇਲੇ ਨੂੰ ਜਦੋਂ ਕਾਨਫਰੰਸ 'ਚ ਆਉਣ ਦਾ ਫੈਸਲਾ ਕੀਤਾ ਸੀ। ਅਸਲ ਗੱਲ ਇਹ ਸੀ ਸਾਨੂੰ ਲੈਣ ਆਏ ਪ੍ਰਬੰਧਕਾਂ ਵਿਚੋਂ ਕੋਈ ਵੀ ਸਾਡੇ ਇਸ ਸਟਾਰ ਕਹਾਣੀਕਾਰ ਸੰਧੂ ਨੂੰ ਚੰਗੀ ਤਰ੍ਹਾਂ ਨਹੀਂ ਜਾਣਦਾ ਸੀ। ਜਦੋਂ ਕਿਸੇ ਮਿਲਣ ਵਾਲੇ ਨੂੰ ਦੱਸਿਆ ਜਾਂਦਾ 'ਇਹ ਵਰਿਆਮ ਸਿੰਘ ਸੰਧੂ ਨੇ ਜੀ, ਕਹਾਣੀਕਾਰ' ਤਾਂ ਨਾ ਸੁਣਨ ਵਾਲੇ ਦੀਆਂ ਅੱਖਾਂ ਟੱਡੀਆਂ ਜਾਂਦੀਆਂ ਅਤੇ ਨਾ ਹੀ ਉਹ ਜੱਫੀ ਪਾਉਣ ਲਈ ਉਤਾਵਲਾ ਹੁੰਦਾ। ਉਹ ਸਰਸਰੀ ਜਿਹੇ ਆਖਦਾ 'ਸਸਰੀ ਕਾਲ ਜੀ' ਅਤੇ ਅਗਾਂਹ ਤੁਰ ਪੈਂਦਾ।

'ਪੜ੍ਹਦੇ ਅੱਖਰ ਨੀਂ, ਉਂਜ ਡਹੇ ਜੇ ਪਿਓ ਵਾਲੀਆਂ ਕਾਨਫਰੰਸਾਂ ਕਰਨ' ਅੱਕੇ ਸੰਧੂ ਦੇ ਮੂੰਹੋਂ ਨਿਕਲ ਜਾਂਦਾ। ਇਸ ਖੁਸ਼ਕ ਮੇਲ-ਮਿਲਾਪ ਦੀ ਆਵਾਜ਼ਾਰੀ ਤੋਂ ਬਚਣ ਲਈ ਅਸੀਂ ਬਾਹਰ ਸੜਕ

Academy of the Punjab in North America: http://www.apnaorg.com

ਉਤੇ ਆ ਖੜੋਤੇ, ਜਿਥੇ ਕਾਨਫਰੰਸ ਵਾਲਿਆਂ ਦੀਆਂ ਦੋ ਡੀਲਕਸ ਬੱਸਾਂ ਸਾਡੀ ਉਡੀਕ ਵਿੱਚ ਖੜ੍ਹੀਆਂ ਸਨ। ਬੱਸਾਂ ਦੀਆਂ ਵੱਖੀਆਂ ਤੋਂ ਪਾੜਛੇ ਉਤੇ ਚੱਕੇ ਹੋਏ ਸਨ। ਪੂਰੀ ਜ਼ਮੀਨੀ ਮੰਜ਼ਿਲ ਸਮਾਨ ਰੱਖਣ ਵਾਸਤੇ ਸੀ ਅਤੇ ਉਤਲੀ ਮੰਜ਼ਿਲ ਬੈਠਣ ਵਾਸਤੇ। ਡਰਾਇਵਰ ਦੀ ਸੀਟ ਦਾ ਨੀਵਾਂ ਜਿਹਾ ਕੈਬਨ ਵੱਖਰਾ ਸੀ। ਸਟੇਰਿੰਗ ਕੋਲ ਮਾਈਕ, ਮੋਬਾਈਲ ਫੋਨ ਅਤੇ ਹੋਰ ਸਵਿੱਚਾਂ ਦਾ ਜਮਘਟਾ ਸੀ। ਇਹ ਬੱਸ ਨਾਲੋਂ ਜਹਾਜ਼ ਵਧੇਰੇ ਲਗਦੀ ਸੀ।

ਲੇਖਕ ਡੱਡੂਆਂ ਦੀ ਪੰਸੇਰੀ ਵਾਂਗ ਏਧਰ-ਓਧਰ ਖਿੰਡ ਗਏ ਸਨ ਅਤੇ ਕੁੱਝ ਗ਼ੈਰ-ਲੇਖਕ ਤਾਂ ਅਮਰੀਕਾ ਦੇ ਦਾਖਲੇ ਦਾ ਠੱਪਾ ਲਗਦਿਆਂ ਹੀ ਪੱਤਰਾ ਵਾਚ ਗਏ ਸਨ।

ਅਸੀਂ ਫੁੱਟਪਾਥ ਉਤੇ ਖੜ੍ਹੇ ਸਾਂ। ਸੜਕ ਉਤੇ ਕਾਰਾਂ ਦਾ ਹੜ੍ਹ ਵਗ ਰਿਹਾ ਸੀ। ਕਿਤੇ ਕਿਤੇ ਕੋਈ ਬੱਸ ਜਿੱਡੀ ਲੰਮੀ ਕਾਰ ਲੰਘਦੀ। ਸਾਡੇ ਨਾਲ ਖੜ੍ਹੇ ਪ੍ਰਬੰਧਕ ਮੁੰਡੇ ਨੇ ਦੱਸਿਆ ਕਿ ਇਹ ਅਮਰੀਕਾ ਦੀ ਸਭ ਤੋਂ ਮਹਿੰਗੀ ਲਿਮੋਜ਼ੀਨ ਕਾਰ ਹੈ। ਇਸ ਨੂੰ ਬਹੁਤ ਧਨਾਢ ਜਾਂ ਐਕਟਰ ਹੀ ਰਖਦੇ ਹਨ। ਸਾਡੀ ਮਾਰੂਤੀ ਦੇ ਮੇਚ ਦੀ ਤਾਂ ਕੋਈ ਵੀ ਕਾਰ ਨਹੀਂ ਲੰਘ ਰਹੀ ਸੀ। ਨਾ ਹੀ ਇਕੋ ਮਾਡਲ ਦੀਆਂ ਕੋਈ ਦੋ ਕਾਰਾਂ ਲੰਘਦੀਆਂ ਵੇਖੀਆਂ। ਮੁੰਡੇ ਨੇ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਕਾਰਾਂ ਦੇ ਟੈਰਾਂ ਵਿੱਚ ਟਿਊਬ ਨਹੀਂ ਹੈ। ਜੇ ਟੈਰ ਪੈਂਚਰ ਹੋ ਜਾਵੇ ਤਾਂ ਖੋਲ੍ਹਣਾ ਨਹੀਂ ਪੈਂਦਾ, ਸਗੋਂ ਬਾਹਰੋਂ ਹੀ ਇੱਕ ਸਰਿੰਜ ਜਿਹੀ ਨਾਲ ਪੈਂਚਰ ਲਾ ਦਿੱਤਾ ਜਾਂਦਾ ਹੈ। ਇਹ ਕਾਰਾਂ ਆਟੋਮੈਟਿਕ ਗੇਰ੍ਹਾਂ ਵਾਲੀਆਂ ਹੀ ਸਨ। ਸਭ ਤੋਂ ਛੋਟੀ ਗੇਰ੍ਹਾਂ ਵਾਲੀ ਕਾਰ ਤਿੰਨ ਸਲੰਡਰ ਮੈਟਰੋ ਹੈ ਜਿਹੜੀ ਦੁਸਹਿਰੇ ਵਾਲੇ ਦਿਨ ਗਰੜ ਪੱਖ ਦੇ ਦਿੱਸਣ ਵਾਂਗ ਕਦੇ ਕਦਾਈਂ ਹੀ ਨਜ਼ਰ ਆਉਂਦੀ ਹੈ।

ਬੱਸਾਂ ਮਿਲਵਾਕੀ ਵੱਲ ਨੂੰ ਤੁਰੀਆਂ ਤਾਂ ਮਿੱਠੀ ਮਿੱਠੀ ਠੰਡ ਥੱਕੀਆਂ ਅੱਖਾਂ ਉਤੇ ਫੇਹੇ ਬਣ ਕੇ ਅਰਾਮ ਦੇਣ ਲੱਗੀ। ਘੰਟਾ ਕੁ ਪਹਿਲਾਂ ਹੂੜ ਦਾ ਮੀਂਹ ਪੈ ਕੇ ਹਟਿਆ ਜਾਪਦਾ ਸੀ। ਧੋਤੀ ਕਾਲੀ ਸੜਕ ਧੁੱਪ ਵਿੱਚ ਕਾਲੇ ਨਾਗ ਵਾਂਗ ਲਿਸ਼ਕ ਰਹੀ ਸੀ। ਚਾਰੇ ਪਾਸੇ ਫੈਲੀ ਹਰਿਆਲੀ ਮਨਮੋਹਕ ਸੀ। ਹਾਈਵੇ ਦੀ ਖੁੱਲ੍ਹੀ ਸੜਕ ਉਤੇ ਫਰਾਟੇ ਮਾਰਦੀ ਜਾਂਦੀ ਬੱਸ ਵਿੱਚ ਬੈਠਿਆਂ ਪੀਂਘ ਝੂਟਣ ਵਰਗਾ ਸੁਆਦ ਆਉਣ ਲੱਗਿਆ। ਨੀਂਦ ਵਾਵਰੋਲਿਆਂ ਵਾਂਗ ਸਿਰ ਨੂੰ ਚੜ੍ਹਨ ਲੱਗੀ। ਬਹੁਤਿਆਂ ਦੇ ਸਿਰ ਲੁਟਕ ਗਏ, ਪਰ ਮੈਂ ਬਾਹਰਲੇ ਨਜ਼ਾਰੇ ਵੇਖਣ ਖ਼ਾਤਰ ਪੂਰਾ ਹੱਠ ਕਰਕੇ ਨੀਂਦ ਨਾਲ ਲੜ ਰਿਹਾ ਸਾਂ। ਜਹਾਜ਼ ਵਾਲਾ ਅਕੇਵਾਂ ਕਿਧਰੇ ਉੱਡ-ਪੁੱਡ ਗਿਆ ਸੀ। ਪ੍ਰਕਿਰਤੀ ਭਾਵੇਂ ਆਪਣੇ ਅਣਸੰਵਰੇ ਰੂਪ ਵਿੱਚ ਵੀ ਘੱਟ ਸੋਹਣੀ ਨਹੀਂ ਹੁੰਦੀ, ਪਰ ਇਥੇ ਤਾਂ ਚੱਪਾ ਚੱਪਾ ਥਾਂ ਗਵਾਹੀ ਭਰ

ਰਹੀ ਸੀ ਕਿ ਉਸ ਨੂੰ ਕਿਸੇ ਮਨੁੱਖ ਦੇ ਹੁਨਰੀ ਹੱਥਾਂ ਨੇ ਸਜਾਇਆ ਸ਼ਿੰਗਾਰਿਆ ਹੈ। ਸੜਕ ਕਿਸੇ ਪਾਰਕ ਵਿਚੋਂ ਕੱਢੀ ਜਾਪ ਰਹੀ ਸੀ।

ਸੜਕ ਉਤੇ ਚਲਦੇ ਵਾਹਨਾਂ ਦਾ ਇੱਕ ਵੀ ਹਾਰਨ ਨਹੀਂ ਸੁਣਿਆਂ। ਕਹਿੰਦੇ ਹਨ ਇਥੇ ਹਾਰਨ ਵਜਾਉਣਾ ਗਾਲ੍ਹ ਕੱਢਣ ਬਰਾਬਰ ਸਮਝਿਆ ਜਾਂਦਾ ਹੈ। ਹੌਲੀ ਹੌਲੀ ਸੂਰਜ ਰੁੱਖਾਂ ਉਹਲੇ ਲੁਕਦਾ ਲੁਕਦਾ ਛਿਪ ਗਿਆ ਅਤੇ ਘੁਸਮੁਸਾ ਜਿਹਾ ਹੋਣ ਲੱਗ ਪਿਆ ਤਾਂ ਸਭ ਵਾਹਨਾਂ ਦੀਆਂ ਨੀਵੀਆਂ ਬੱਤੀਆਂ ਜਗ ਪਈਆਂ। ਇਥੇ ਕੋਈ ਉਚੀਆਂ ਬੱਤੀਆਂ ਰਾਹੀਂ ਸਾਹਮਣੇ ਵਾਲੇ ਨੂੰ ਅੰਨ੍ਹਾ ਕਰਕੇ ਸੁਆਦ ਨਹੀਂ ਮਾਣਦਾ। ਡਿੱਪਰ ਤਾਂ ਸਿਰਫ ਉਸ ਵੇਲੇ ਹੀ ਵਰਤਿਆ ਜਾਂਦਾ ਹੈ ਜਦੋਂ ਅਗਲਾ ਸਾਹਮਣੇ ਵਾਲੇ ਨੂੰ ਇਹ ਕਹਿਣਾ ਚਾਹੁੰਦਾ ਹੋਵੇ, 'ਬੱਸ ਮੈਂ ਤਾਂ ਹੁਣ ਤੇਰੇ ਰੱਖਣ ਦਾ ਹਾਂ, ਬਚਾ ਲੈ ਜੇ ਬਚਦਾ ਹਾਂ ਤਾਂ।'

ਸੜਕ ਉਤੇ ਥਾਂ-ਪਰ-ਥਾਂ ਏਨੇ ਸਾਈਨ-ਬੋਰਡ ਲੱਗੇ ਹੋਏ ਸਨ ਕਿ ਅਣਜਾਣ ਤੋਂ ਅਣਜਾਣ ਡਰਾਇਵਰ ਨੂੰ ਵੀ ਰਾਹ ਨਾ ਪੁੱਛਣਾ ਪਵੇ। ਜੇ ਕਿਸੇ ਨੂੰ ਨਕਸ਼ਾ ਵੇਖਣਾ ਆਉਂਦਾ ਹੋਵੇ ਤਾਂ ਕਹਿਣਾ ਹੀ ਕੀ। ਅਮਰੀਕਾ ਦੀ ਹਰ ਗਲੀ-ਮੁਹੱਲੇ ਤੱਕ ਦੇ ਨਕਸ਼ੇ ਮਿਲ ਜਾਂਦੇ ਹਨ। ਪਤਾ ਹੀ ਨਾ ਲੱਗਿਆ ਕਿ ਬੱਸ ਦੋ-ਢਾਈ ਘੰਟੇ ਦਾ ਸਫ਼ਰ ਮੁਕਾ ਕੇ ਮਿਲਵਾਕੀ ਤੋਂ ਥੋੜ੍ਹਾ ਹਟਵੇਂ ਬਣੇ ਹੋਟਲ 'ਓਕ ਬਰੁੱਕ ਇੰਨ' ਅੱਗੇ ਆਣ ਖੜ੍ਹੀ ਸੀ। ਪਰਵਾਸੀ ਪੰਜਾਬੀ ਲੇਖਕਾਂ - ਰਵਿੰਦਰ ਰਵੀ, ਬਲਰਾਜ ਚੀਮਾ, ਗੁਰਮੀਤ ਸੰਧੂ, ਪ੍ਰੀਤਮ ਸਿੱਧੂ ਹੋਰਾਂ ਦੇ ਖੁਸ਼ਆਮਦੀਦ ਭਰੇ ਬੋਲ ਸਾਨੂੰ ਬੱਸ ਵਿੱਚ ਹੀ ਸੁਣੇ। ਇਥੇ ਮੇਲ-ਮਿਲਾਪ ਵਿੱਚ ਏਅਰ-ਪੋਰਟ ਵਾਲੀ ਖੁਸ਼ਕੀ ਨਹੀਂ ਸੀ, ਸਗੋਂ ਭਰਪੂਰ ਮਿਲਣੀ ਦਾ ਨਿੱਘ ਸੀ।

ਅਸੀਂ ਤਾਂ ਮਿਲਦੇ ਹੀ ਰਹਿ ਗਏ ਪਰ ਬਹੁਤੇ ਕਾਹਲਿਆਂ ਨੇ ਹੋਟਲ ਦੇ ਕਮਰੇ ਵੀ ਰੋਕ ਲਏ ਸਨ। ਮੈਂ, ਤੇਜਵੰਤ ਗਿੱਲ, ਬਚਿੰਤ ਕੌਰ, ਭੁਪਿੰਦਰ ਪ੍ਰੀਤ, ਜਰਨੈਲ ਸਿੰਘ ਅਤੇ ਸਵੈਰਾਜ ਸੰਧੂ ਜਿਹੇ ਦਸ ਕੁ ਬੰਦੇ ਪਛੜ ਗਏ ਸਾਂ। ਸਾਹਮਣਿਉਂ ਆਉਂਦਾ ਕਾਨਫਰੰਸ ਦਾ ਕਰਤਾ-ਧਰਤਾ ਦਰਸ਼ਨ ਸਿੰਘ ਧਾਲੀਵਾਲ ਦਿਸਿਆ ਤਾਂ ਮੈਂ ਗੋਤ ਦੀ ਸਾਂਝ ਦਾ ਫਾਇਦਾ ਉਠਾਉਂਦਿਆਂ ਉਸ ਨੂੰ ਹਾਸੇ ਦੇ ਰਉਂ 'ਚ ਕਿਹਾ, 'ਬਾਈ ਜੀ ਚੰਗੇ ਧਾਲੀਵਾਲ ਐਂ ਤੁਸੀਂ, ਸੋਡੇ ਧਾਲੀਵਾਲ ਭਰਾਵਾਂ ਨੂੰ ਤਾਂ ਕਮਰੇ ਵੀ ਨਹੀਂ ਮਿਲ ਰਹੇ।'

'ਫਿਕਰ ਨਾ ਕਰੋ, ਧਾਲੀਵਾਲਾਂ ਨੂੰ ਐਨੇ ਵਧੀਆ ਥਾਂ ਠਹਿਰਾਊਂਗਾ ਕਿ ਦੂਜੇ ਵੇਖਦੇ ਰਹਿ ਜਾਣਗੇ।' ਉਸ ਨੇ ਆਪਣੇ ਸੁਭਾਅ ਮੁਤਾਬਕ ਧੀਮੀ ਆਵਾਜ਼ ਵਿੱਚ ਯਕੀਨ ਦੁਆਇਆ ਅਤੇ ਮੋਬਾਈਲ ਫੋਨ ਰਾਹੀਂ ਮਾਨਚੈਸਟਰ ਸੂਟੀਜ਼ ਨਾਂ ਦੇ ਮੋਟਲ ਵਿੱਚ ਸੰਪਰਕ ਕੀਤਾ। ਬੁਕਿੰਗ ਕਰਵਾ

Academy of the Punjab in North America: http://www.apnaorg.com

ਦਿੱਤੀ। ਧਾਲੀਵਾਲ ਗੱਲਾਂ ਦੀ ਥਾਂ ਅਮਲ ਕਰਨ ਦਾ ਮੁਦੱਈ ਹੈ। ਉਸ ਦੀ ਸਫ਼ਲਤਾ ਦਾ ਇਹੀ ਰਾਜ਼ ਜਾਪਦਾ ਹੈ।

ਕਿਸੇ ਤੋਂ ਮੂੰਹ ਧੋਤਾ ਗਿਆ ਅਤੇ ਕਿਸੇ ਤੋਂ ਨਾ, ਸਭ ਰਾਤ ਦੇ ਖਾਣੇ ਲਈ ਦਰਸ਼ਨ ਸਿੰਘ ਧਾਲੀਵਾਲ ਦੇ ਘਰ ਜਾਣ ਲਈ ਫੇਰ ਬੱਸਾਂ 'ਚ ਬੈਠ ਗਏ। ਧਾਲੀਵਾਲ ਮਿਲਵਾਕੀ ਹੀ ਨਹੀਂ, ਸਗੋਂ ਵਿਸ਼ਵ ਦੇ ਦੋ ਚਾਰ ਗਿਣਵੇਂ ਧਨਾਢ ਪਰਵਾਸੀ ਪੰਜਾਬੀਆਂ 'ਚੋਂ ਇੱਕ ਹੈ। ਗੈਸ ਸਟੇਸ਼ਨਾਂ (ਪਟਰੌਲ ਪੰਪਾਂ) ਦੇ ਕਾਰੋਬਾਰ ਵਿੱਚ ਉਸ ਦਾ ਕੋਈ ਸਾਨੀ ਨਹੀਂ। ਪਟਿਆਲੇ ਜ਼ਿਲ੍ਹੇ ਦੇ ਪਿੰਡ ਰੱਖੜੇ ਤੋਂ ਗਿਆ ਧਾਲੀਵਾਲ ਪਰਿਵਾਰ ਹੁਣ ਡਾਲਰਾਂ 'ਚ ਖੇਡਦਾ ਹੈ। ਕਾਨਫਰੰਸ ਉਤੇ ਕਰੋੜਾਂ ਰੁਪਏ ਖਰਚਣਾ ਉਸ ਵਾਸਤੇ ਕਿਸੇ ਗਿਣਤੀ ਵਿੱਚ ਨਹੀਂ ਆਉਂਦਾ।

ਉਸ ਦਾ ਘਰ ਇੱਕ ਵਿਸ਼ਾਲ ਜੰਗਲ ਵਿੱਚ ਸੁੰਨਸਾਨ ਥਾਂ ਤੇ ਹੈ। ਅਜਿਹੀ ਥਾਂ ਘਰ ਬਨਾਉਣਾ ਅਮਰੀਕਾ ਵਿੱਚ ਅਮੀਰੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਵੀਹ-ਤੀਹ ਏਕੜ ਵਿੱਚ ਬਣੇ ਇਸ ਮਹਿਲ-ਨੁਮਾ ਘਰ ਦੇ ਅੰਦਰ ਸੁੱਖ-ਸਹੂਲਤ ਦੀ ਹਰ ਸ਼ੈ ਮੌਜੂਦ ਹੈ। ਘਰ ਦੇ ਆਸੇ ਪਾਸੇ ਖੁਲ੍ਹੇ ਲਾਅਨ ਇਉਂ ਲਗਦੇ ਹਨ, ਜਿਵੇਂ ਹਰਾ ਗਲੀਚਾ ਵਿਛਾਇਆ ਹੋਵੇ। ਘਰ ਦੇ ਪਿਛਵਾੜੇ ਖੇਡ ਮੈਦਾਨ, ਸਵਿਮਿੰਗ ਪੂਲ ਅਤੇ ਬਾਰ ਬਣੇ ਹਨ। ਘਰ ਤੋਂ ਥੋੜ੍ਹਾ ਹਟ ਕੇ ਇੱਕ ਆਲੀਸ਼ਾਨ ਗੈਸਟ ਹਾਊਸ ਬਣਵਾਇਆ ਹੋਇਆ ਹੈ।

ਹਰ ਚੀਜ਼ ਵਿਚੋਂ ਧਾਲੀਵਾਲ ਦੀ ਅਮੀਰੀ ਡੁਲ੍ਹ-ਡੁਲ੍ਹ ਪੈਂਦੀ ਸੀ ਪਰ ਉਸ ਦੇ ਪਰਿਵਾਰ ਦੇ ਜੀਆਂ ਨੇ ਅਮੀਰੀ ਦੀ ਬੋਅ ਨੂੰ ਨੇੜੇ ਨਹੀਂ ਸੀ ਲੱਗਣ ਦਿੱਤਾ ਜਾਪਦਾ। ਧਾਲੀਵਾਲ ਦੀ ਮੇਮ ਪਤਨੀ, ਬੱਚੇ ਅਤੇ ਬਾਕੀ ਪਰਿਵਾਰ ਮਹਿਮਾਨਾਂ ਦੀ ਇਉਂ ਹੱਥੀਂ ਸੇਵਾ ਕਰ ਰਹੇ ਸਨ, ਜਿਵੇਂ ਉਨ੍ਹਾਂ ਦੇ ਕਿਸੇ ਸਕੇ-ਸੋਧਰੇ ਦਾ ਵਿਆਹ ਹੋਵੇ।

ਇਕ ਪਾਸੇ ਵੱਡਾ ਸ਼ਾਨਦਾਰ ਟੈਂਟ ਲੱਗਿਆ ਹੋਇਆ ਸੀ ਜਿਸ ਵਿੱਚ ਗੋਲ ਮੇਜ਼ਾਂ ਦੁਆਲੇ ਬੈਠੇ ਸੋਫ਼ੀ ਲੇਖਕ, ਲੇਖਕਾਵਾਂ ਅਤੇ ਨਾਮਧਾਰੀ ਸੱਜਣ ਕਰਾਰੇ ਪਾਪੜਾਂ ਨਾਲ ਨਮਕੀਨ ਗੱਲਾਂ ਕਰਦੇ ਠਹਾਕੇ ਮਾਰ ਕੇ ਹੱਸ ਰਹੇ ਸਨ। ਸਵਿਮਿੰਗ ਪੂਲ ਦੀ ਹੱਦ ਲੰਘ ਕੇ ਬਣੀ ਬਾਰ ਵਿੱਚ ਸਕਾਚ ਦਾ ਦਰਿਆ ਵਗ ਰਿਹਾ ਸੀ, ਜਿਥੇ ਹੱਥਾਂ 'ਚ ਭਰੇ ਗਿਲਾਸ ਲਈ ਖੜ੍ਹੇ ਮਨਚਲੇ ਲੇਖਕ ਚੁਟਕਲਿਆਂ ਦੀਆਂ ਆਤਸ਼ਬਾਜ਼ੀਆਂ ਛੱਡ ਰਹੇ ਸਨ। ਇੱਕ ਚੁਸਕੀ ਸਕਾਚ ਦੀ ਅਤੇ ਫੇਰ ਪੋਲੀ ਜਿਹੀ ਦੰਦੀ ਰੋਸਟਡ ਮੁਰਗੇ ਦੀ ਲੱਤ ਉਤੇ ਵੱਢੀ ਜਾਂਦੀ। ਇੰਨੀ ਰੰਗੀਨ ਸ਼ਾਮ ਕਦੇ ਕਦੇ ਹੀ ਨਸੀਬ ਹੁੰਦੀ ਹੈ। ਪੈਰਾਂ ਥੱਲੇ ਵਿਛਿਆ ਹਰਾ-ਕਚੂਰ ਘਾਹ ਜਿਵੇਂ ਪੈਰਾਂ ਹੇਠ ਕੋਈ ਤਲੀਆਂ ਦੇਈ ਖੜ੍ਹਾ ਹੋਵੇ। ਜੰਗਲ ਦੇ

Academy of the Punjab in North America: http://www.apnaorg.com

ਰੁੱਖਾਂ ਦੀ ਸਰਸਰ ਦਾ ਸੰਗੀਤ ਕੰਨਾਂ 'ਚ ਸੁਆਦ ਘੋਲ ਰਿਹਾ ਸੀ। ਰੁੱਖਾਂ ਵਿਚੋਂ ਖਹਿ ਖਹਿ ਲੰਘਦੀ ਰੁਮਕਦੀ ਠੰਡੀ ਹਵਾ ਨਿੱਘੇ ਸਰੀਰਾਂ ਨਾਲ ਛੇੜਖਾਨੀ ਕਰ ਕਰ ਜਾਂਦੀ ਸੀ। ਚੁੱਪ-ਚਾਪ ਸੌਂ ਰਹੀ ਕਾਲੀ ਰਾਤ ਨੂੰ ਥਾਪੜਦੀ ਬਿੰਡਿਆਂ ਦੀ ਲੋਰੀ ਇਕਸਾਰ ਚੱਲ ਰਹੀ ਸੀ।

ਕੈਨੇਡਾ ਤੋਂ ਆਇਆ ਬਾਬਾ ਬਲਰਾਜ ਚੀਮਾ ਪੂਰੇ ਰੰਗ ਵਿੱਚ ਟਹਿਕ ਰਿਹਾ ਸੀ, 'ਓਏ ਗੁਰਮੀਤ, ਯਾਰ ਜਾਹ ਇੱਕ ਪਟਿਆਲਾ ਪੈੱਗ ਹੋਰ ਪਾ ਕੇ ਲਿਆ ਧਾਲੀਵਾਲ ਵਾਸਤੇ, ਇਹ ਕੰਜਰ ਅਜੇ ਖਿੜਿਆ ਈ ਨਹੀਂ, ਕੋਈ ਗੱਲ ਈ ਨੀ ਸੁਣਾਉਂਦਾ, ਯਾਰ ਚਲਾ ਕੋਈ ਅਨਾਰ ਹੁਣ, ਹਾਂ ਦਿੱਲੀ ਏਅਰ-ਪੋਰਟ ਤੇ ਕਿਵੇਂ ਪੱਗਾਂ ਢੱਠੀਆਂ ਫੇਰ, ਮੁੱਢ ਤੋਂ ਸੁਣਾ ਸਾਰੀ ਘਾਣੀ, ਪਤਾ ਤਾਂ ਲੱਗੇ ਇਹ ਕਾਨਫ਼ਰੰਸ ਅਸਲ ਵਿੱਚ ਹੈ ਕੀ, ਏਹ ਰਤਨ-ਸ਼ਤਨ ਜਿਹੇ ਕੀ ਬਲਾ ਨੇ' ਚੀਮਾ ਮੈਨੂੰ ਆਰ ਲਾ ਰਿਹਾ ਸੀ ਪਰ ਮੈਨੂੰ ਇਹੋ ਜਿਹੇ ਖ਼ੂਬਸੂਰਤ ਪਲਾਂ ਵਿੱਚ ਅਜਿਹੀਆਂ ਗੱਲਾਂ ਕਰਨੀਆਂ ਵਿਆਹ 'ਚ ਬੀਅ ਦਾ ਲੇਖਾ ਪਾਉਣ ਵਾਲੀ ਗੱਲ ਜਾਪਦੀ ਸੀ। ਮੈਂ ਗਲਾਸੀ ਨੂੰ ਪਲੋਸਦਾ ਚੁੱਪ ਸਾਂ ਅਤੇ ਸਕਾਚ ਦੀਆਂ ਘੁੱਟਾਂ ਨਾਲ ਹੀ ਇਸ ਹੁਸੀਨ ਮਾਹੌਲ ਨੂੰ ਅੰਦਰ ਉਤਾਰ ਰਿਹਾ ਸਾਂ। ਥਕੇਵਾਂ ਕਿਧਰੇ ਖੰਭ ਲਾ ਕੇ ਉੱਡ ਗਿਆ ਸੀ।

ਦਰਸ਼ਨ ਧਾਲੀਵਾਲ ਅਛੋਪਲੇ ਜਿਹੇ ਹੀ ਕੋਲ ਆ ਕੇ ਖੜ੍ਹ ਜਾਂਦਾ। ਹੱਥ ਮਿਲਾ ਕੇ ਇਉਂ ਗੱਲਾਂ ਕਰਨ ਲੱਗ ਜਾਂਦਾ, ਜਿਵੇਂ ਭੂਆ ਦਾ ਪੁੱਤ ਹੋਵੇ। ਉਹ ਇਸ ਇੰਦਰਪੁਰੀ ਦਾ ਇੰਦਰ ਸੀ। ਉਸੇ ਕਰਕੇ ਹੀ ਇਹ ਰਹਿਮਤਾਂ ਦਾ ਬੱਦਲ ਵਰ੍ਹ ਰਿਹਾ ਸੀ। ਮੈਨੂੰ ਅੰਦਰੋ-ਅੰਦਰੀ ਇਹ ਗੱਲ ਹੁਲਾਸ ਦੇ ਰਹੀ ਸੀ ਕਿ ਦਰਸ਼ਨ ਸਿੰਘ ਮੇਰਾ ਗੋਤੀ ਹੈ। ਕੁੱਝ ਕੁ ਨੇ ਤਾਂ ਮੈਥੋਂ ਪੁੱਛਿਆ ਵੀ ਸੀ ਕਿ ਕੀ ਮੈਂ ਉਸ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਹਾਂ। ਇਸ ਕਿਸਮ ਦੀਆਂ ਸਾਂਝਾਂ ਅਤੇ ਵਿਰੋਧ ਸਾਡੇ ਭਾਰਤੀਆਂ ਦੇ ਖ਼ੂਨ ਵਿੱਚ ਰਚ ਗਏ ਹਨ। ਦਰਸ਼ਨ ਸਿੰਘ ਧਾਲੀਵਾਲ ਦੇ 'ਸੱਜੇ ਹੱਥ' ਵਜੋਂ ਜਾਣੇ ਜਾਂਦੇ ਅਮਰਜੀਤ ਸਿੰਘ ਧਾਲੀਵਾਲ ਨੂੰ ਜਦੋਂ ਇਹ ਪਤਾ ਲੱਗਿਆ ਕਿ ਮੈਂ ਵੀ ਧਾਲੀਵਾਲ ਹਾਂ ਤਾਂ ਉਹ ਮੈਨੂੰ ਬਾਹੋਂ ਫੜ੍ਹ ਕੇ ਪਰ੍ਹੇ ਲੈ ਗਿਆ। 'ਬਾਈ ਜੀ ਆਪਾਂ ਧਾਲੀਵਾਲ ਭਰਾ ਹਾਂ, ਕੋਈ ਸੇਵਾ ਹੋਵੇ ਤਾਂ ਦੱਸੀਂ, ਚਿੜੀਆਂ ਦਾ ਦੁੱਧ ਕਿਹੜਾ ਨਾ ਹਾਜ਼ਰ ਕਰ ਦੀਏ' ਸ਼ਰਾਬ ਦਾ ਸਰੂਰ ਅਤੇ 'ਧਾਲੀਵਾਲ' ਦੇ ਨੇੜਲਿਆਂ 'ਚੋਂ ਹੋਣ ਦਾ ਮਾਣ ਰਲ ਕੇ ਉਸ ਨੂੰ ਨਵਾਬ ਬਣਾ ਰਹੇ ਸਨ।

ਰਾਤ ਦੇ ਦੋ ਵਜੇ ਤੱਕ ਇਹ ਮੇਲਾ ਇਉਂ ਹੀ ਭਖਿਆ ਰਿਹਾ। ਸੋਫ਼ੀ ਸੱਜਣ ਕੁੱਝ ਠੰਡ ਮੰਨਣ ਲੱਗ ਪਏ। ਹੋਟਲ ਜਾਣ ਦੀ ਕਾਹਲੀ ਕਰਨ ਲੱਗੇ। ਰੰਗ 'ਚ ਹੋਏ ਲੇਖਕ ਅਜੇ ਵੀ ਹੱਥ 'ਚ

Academy of the Punjab in North America: http://www.apnaorg.com

ਗਿਲਾਸ ਫੜ੍ਹੀ ਟਹਿਲਦੇ ਫਿਰਦੇ ਉਨ੍ਹਾਂ ਵੱਲ ਇਉਂ ਝਾਕਦੇ ਸਨ, ਜਿਵੇਂ ਕਹਿ ਰਹੇ ਹੋਣ 'ਓਏ ਵੇਖੋ ਯਾਰੋ ਇੰਦਰ ਦੀ ਮਾਂ ਵੀ ਤਿਹਾਈ ਫਿਰਦੀ ਐ, ਵਿਚਾਰੇ ਮਾੜੇ ਕਰਮਾਂ ਵਾਲੇ ਗਰੀਬ ਬੰਦੇ।'

ਧਾਲੀਵਾਲ ਦੇ ਘਰੇ ਅਮਰੀਕਾ ਦੀ ਅਮੀਰੀ ਨੂੰ ਪਹਿਲੀ ਵਾਰ ਚੱਖ ਕੇ ਵੇਖਿਆ। ਇੱਕ ਵਾਰ ਤਾਂ ਰੂਹ ਰੱਜ ਗਈ।

## ਰਿੱਧੀ ਖੀਰ ਤੇ ਹੋ ਗਿਆ ਦਲੀਆ

'ਕਿਵੇਂ ਰਹੀ ਬਈ ਤੁਹਾਡੀ ਕਾਨਫਰੰਸ?' ਮੈਂ ਜਿੱਥੇ ਜਿੱਥੇ ਵੀ ਗਿਆ, ਇਹ ਜ਼ਰੂਰ ਪੁੱਛਿਆ ਜਾਂਦਾ ਰਿਹਾ। ਪੁੱਛਣ ਵਾਲੇ ਨੂੰ ਇਸ ਸੁਆਲ ਦਾ ਜਵਾਬ ਤਾਂ ਅਖ਼ਬਾਰਾਂ 'ਚ ਪਿੱਟੀ ਗਈ ਡੌਂਡੀ ਤੋਂ ਪਹਿਲਾਂ ਹੀ ਮਿਲ ਚੁੱਕਾ ਹੁੰਦਾ ਸੀ, ਉਹ ਸਿਰਫ ਸੁਆਦ ਲੈਣ ਲਈ ਹੀ ਪੁੱਛਦਾ। ਕਿਸੇ ਨਾਲ ਜਾਣ-ਪਛਾਣ ਕਰਾਉਣ ਵੇਲੇ ਵੀ ਇਹ ਕਿਹਾ ਜਾਂਦਾ, 'ਇਹ ਭਾ ਜੀ ਵੀ ਮਿਲਵਾਕੀਓਂ ਆਏ ਨੇ ਜੀ।' ਜਿਵੇਂ ਉਥੇ ਕੋਈ ਬਦਨਾਮੀ ਵਾਲਾ ਕੰਮ ਕਰਕੇ ਆਏ ਹੋਈਏ। ਫਿਰ ਚਰਚਾ ਕਾਨਫਰੰਸ ਦੀਆਂ ਉਨ੍ਹਾਂ ਕਮੀਆਂ-ਪੇਸ਼ੀਆਂ ਦਾ ਛਿੜ ਪੈਂਦਾ ਜਿਨ੍ਹਾਂ ਬਾਰੇ ਅਖ਼ਬਾਰ ਬਹੁਤ ਕੁੱਝ ਵਧਾ-ਚੜ੍ਹਾ ਕੇ ਲਿਖ ਚੁੱਕੇ ਸਨ। ਕਾਨਫਰੰਸ ਬਾਰੇ ਅਜਿਹਾ ਪ੍ਰਭਾਵ ਕਿਉਂ ਬਣ ਗਿਆ ਸੀ? ਜੇ ਕਾਨਫਰੰਸ ਅਸਫਲ ਵੀ ਰਹੀ ਸੀ ਤਾਂ ਕਿਸ ਕਰਕੇ? ਕੀ ਪ੍ਰਬੰਧਕਾਂ ਕੋਲ ਕਿਸੇ ਚੀਜ਼ ਦੀ ਘਾਟ ਸੀ? ਅਮਰੀਕਾ ਦੀ ਸਿਰਕੱਢਵੀਂ ਯੂਨੀਵਰਸਿਟੀ (ਵਿਸਕਾਨਸਿਨ) ਦੇ ਸਹਿਯੋਗ ਨਾਲ ਕਾਨਫਰੰਸ ਆਯੋਜਿਤ ਕੀਤੀ ਗਈ ਸੀ। ਖੁੱਲ੍ਹੇ-ਡੁੱਲ੍ਹੇ ਸੈਮੀਨਾਰ ਹਾਲ ਸਨ। ਖਾਣ-ਪੀਣ, ਰਹਿਣ ਅਤੇ ਆਵਾਜਾਈ ਦੀ ਸਹੂਲਤ ਉਤੇ ਦਰਸ਼ਨ ਸਿੰਘ ਧਾਲੀਵਾਲ ਨੇ ਲੱਖਾਂ ਡਾਲਰ ਪਾਣੀ ਵਾਂਗ ਵਹਾ ਦਿੱਤੇ ਸਨ। ਪੰਜਾਬ ਸਰਕਾਰ ਦੇ ਪ੍ਰਤੀਨਿਧਾਂ, ਕੈਪਟਨ ਕੰਵਲਜੀਤ ਸਿੰਘ ਤੇ ਸਪੀਕਰ ਸਾਹਿਬ ਦਾ ਪ੍ਰਬੰਧਕਾਂ ਦੇ ਸਿਰ ਤੇ ਹੱਥ ਸੀ। ਕੇਂਦਰ ਸਰਕਾਰ ਦੇ ਨੁਮਾਇੰਦੇ ਬਲਵੰਤ ਸਿੰਘ ਰਾਮੂਵਾਲੀਆ ਅਤੇ ਨਵਤੇਜ ਪੁਆਧੀ ਵੀ ਹਾਜ਼ਰ ਸਨ। ਪੰਜਾਬੀ ਦੇ ਚੋਟੀ ਦੇ ਵਿਦਵਾਨ ਡਾ. ਸਤਿੰਦਰ ਸਿੰਘ ਨੂਰ, ਡਾ. ਜਸਵੰਤ ਸਿੰਘ ਨੇਕੀ, ਡਾ. ਅਮਰਜੀਤ ਗਰੇਵਾਲ, ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਆਤਮ ਹਮਰਾਹੀ, ਡਾ. ਵਰਿਆਮ ਸਿੰਘ ਸੰਧੂ, ਡਾ. ਜਸਪਾਲ ਸਿੰਘ ਅਤੇ ਡਾ. ਮਹੀਪ ਸਿੰਘ ਪਹੁੰਚੇ ਹੋਏ ਸਨ। ਪਰਵਾਸੀ ਲੇਖਕ ਤੇ ਚਿੰਤਕ ਰਣਜੀਤ ਧੀਰ, ਤਾਰਾ ਸਿੰਘ ਹੇਅਰ, ਰਵਿੰਦਰ ਰਵੀ, ਬਲਰਾਜ ਚੀਮਾ, ਰਵਿੰਦਰ ਸਹਿਰਾਅ, ਗੁਰਮੀਤ ਸੰਧੂ ਅਤੇ ਅਮਰ ਜਿਓਤੀ ਵੀ ਆਏ ਸਨ। ਪਾਕਿਸਤਾਨੀ ਸ਼ਾਇਰਾ ਮਈਉਨਦੀਨ ਸਰਵੱਤ ਅਤੇ ਹੋਰਨਾਂ ਦੀ ਧੜੱਲੇਦਾਰ ਹਾਜ਼ਰੀ ਸੀ। ਸਭ ਕੁੱਝ ਤਾਂ ਸੀ। ਫਿਰ 'ਕੋਈ ਗੱਲ ਨਹੀਂ ਬਣੀ' ਵਾਲੀ

Academy of the Punjab in North America: http://www.apnaorg.com

ਗੱਲ ਕਿਉਂ ਕੀਤੀ ਜਾ ਰਹੀ ਸੀ? ਕੀ ਇਹ ਸਿਰਫ਼ ਵਿਰੋਧੀਆਂ ਜਾਂ ਟੰਗਾਂ-ਖਿੱਚਣਿਆਂ ਦਾ ਝੂਠਾ ਪ੍ਰਾਪੇਗੰਡਾ ਤਾਂ ਨਹੀਂ ਸੀ? ਪੂਰੀ ਖੰਡ ਪਾਉਣ ਤੇ ਵੀ ਮਿੱਠਾ ਕਿਉਂ ਘੱਟ ਰਹਿ ਗਿਆ ਸੀ? ਫਿੱਕੀ ਖੰਡ ਦਾ ਭੇਤ ਕੌਣ ਜਾਣੇਂ?

ਅਸਲ ਵਿੱਚ ਸਾਰੀ ਰਸਦ ਦਰਸ਼ਨ ਸਿੰਘ ਧਾਲੀਵਾਲ ਦੀ ਸੀ ਅਤੇ ਖੀਰ ਰਿੰਨ੍ਹਣੀ ਸੀ ਦਿੱਲੀ ਵਾਲੇ ਪ੍ਰਬੰਧਕਾਂ - ਹਰਵਿੰਦਰ ਹੰਸਪਾਲ, ਮਹੀਪ ਸਿੰਘ, ਹਰਭਜਨ ਰਤਨ ਅਤੇ ਮੱਖਣ ਸਿੰਘ ਨੇ। ਚੰਡੀਗੜ੍ਹ ਵਾਲਾ ਦੀਪਕ ਮਨਮੋਹਨ ਵੀ ਇਨ੍ਹਾਂ ਦਾ ਸੰਗੀ-ਸਾਥੀ ਸੀ, ਭਾਵੇਂ ਉਹ ਸਾਰੀ ਕਾਨਫਰੰਸ ਦੌਰਾਨ ਹੀ ਵੱਟਿਆ-ਵੱਟਿਆ ਤੁਰਿਆ ਫਿਰਦਾ ਰਿਹਾ।

ਪ੍ਰਬੰਧਕਾਂ ਵੱਲੋਂ ਭਾਰਤ 'ਚੋਂ ਲਿਜਾਏ ਗਏ ਵਿਅਕਤੀਆਂ ਵਿੱਚ ਦੋ-ਤਿਹਾਈ ਗਿਣਤੀ ਅਲੇਖਕਾਂ ਦੀ ਸੀ, ਇਸ ਲਈ ਉਨ੍ਹਾਂ ਵੱਲੋਂ ਇਹ ਪ੍ਰਭਾਵ ਬਨਾਉਣ ਦਾ ਯਤਨ ਕੀਤਾ ਗਿਆ ਕਿ ਇਹ ਕਾਨਫਰੰਸ ਲੇਖਕਾਂ ਦੀ ਨਹੀਂ ਸਗੋਂ ਸਮੁੱਚੇ ਪੰਜਾਬੀਆਂ ਦੀ ਹੈ। ਜੇ ਅਜਿਹਾ ਸੀ ਤਾਂ ਇਹ ਕੁਦਰਤੀ ਹੈ ਕਿ ਇਸ ਵਿੱਚ ਇੱਕ ਪੰਜਾਬੀ ਟਰੱਕ ਡਰਾਇਵਰ ਤੋਂ ਲੈ ਕੇ ਪੰਜਾਬੀ ਪ੍ਰਧਾਨ ਮੰਤਰੀ ਤੱਕ ਕੋਈ ਵੀ ਸ਼ਾਮਿਲ ਹੋਣ ਦੇ ਕਾਬਲ ਸੀ। ਸੀ ਵੀ ਅਜਿਹਾ, ਹਰ ਵੰਨਗੀ ਦੇ ਪੰਜਾਬੀ ਇਸ ਵਿੱਚ ਸ਼ਾਮਿਲ ਹੋਏ, ਜਿਵੇਂ ਹਰਭਜਨ ਸਿੰਘ ਯੋਗੀ ਅਤੇ ਉਸ ਦੇ ਚੇਲੇ-ਚੇਲੀਆਂ, ਨਾਮਧਾਰੀ ਫਿਰਕੇ ਦੇ ਸੰਤ ਅਤੇ ਸੇਵਕ, ਅਕਾਲੀ ਮੰਤਰੀ ਅਤੇ ਜਥੇਦਾਰ, ਕੇਂਦਰੀ ਸਰਕਾਰ ਦੇ ਬੁਲਾਰੇ, ਯੂਨੀਵਰਸਿਟੀਆਂ, ਕਾਲਜਾਂ ਦੇ ਅਧਿਆਪਕ ਅਤੇ ਜਨ-ਸਾਧਾਰਣ ਵਰਗ ਦੇ ਪੰਜਾਬੀ (ਜੋ ਕਾਨਫਰੰਸ ਪਿੱਛੋਂ ਅਮਰੀਕਾ ਵਿੱਚ ਹੀ 'ਕਿਰਤ-ਕਮਾਈ' ਕਰਨ ਲੱਗ ਪਏ)। ਸੋ ਅਸਲੀ ਵਿਸ਼ਾ ਕਿਤੇ ਰਹਿ ਗਿਆ। ਗੱਲ ਨੂੰ ਆਪੋ-ਆਪਣੇ ਫ਼ਿਰਕੇ ਜਾਂ ਗੁੱਟ ਦੇ ਹੱਕ ਵਿੱਚ ਭੁਗਤਾਉਣ ਦੀ ਦੌੜ ਲੱਗ ਗਈ। ਮੂਲ ਵਿਸ਼ੇ ਦੀ ਥਾਂ ਵਿਸ਼ਾ ਇਹ ਬਣ ਗਿਆ ਕਿ ਸੱਚਾ ਸਿੱਖ ਕੌਣ ਹੈ, ਯੋਗੀ, ਨਾਮਧਾਰੀਏ, ਅਕਾਲੀ ਜਾਂ ਰਾਮੂਵਾਲੀਆ ਟਾਈਪ ਲੋਕ। ਇਸੇ ਗੱਲੋਂ ਖਿਝ ਕੇ ਪਾਕਿਸਤਾਨੀ ਸ਼ਾਇਰਾ ਸਰਵੱਤ ਨੂੰ ਵਿਅੰਗ ਨਾਲ ਸਟੇਜ਼ ਤੇ ਕਹਿਣਾ ਪਿਆ ਕਿ ਇਸ ਕਾਨਫਰੰਸ ਦਾ ਨਾਂ ਪੰਜਾਬੀ ਦੀ ਥਾਂ ਸਿੱਖ ਕਾਨਫਰੰਸ ਹੁੰਦਾ ਤਾਂ ਢੁਕਵਾਂ ਲੱਗਣਾ ਸੀ। ਅਜਿਹੇ ਧੜੱਲੇਦਾਰ ਪੰਜਾਬੀ 'ਸਰਦਾਰਾਂ' ਦੇ ਹੱਥੋਂ ਮੂਲ ਵਿਸ਼ੇ ਦਾ ਉਹੀ ਹਾਲ ਹੋਇਆ ਜੋ ਰਾਤ ਨੂੰ ਕਤੂਰਿਆਂ ਦੇ ਅੜਿੱਕੇ ਚੜ੍ਹੀ ਲੀਰਾਂ ਦੀ ਖਿੱਦੋ ਦਾ ਹੁੰਦਾ ਹੈ।

ਜਦ ਮੂਲ ਵਿਸ਼ਾ ਹੀ ਕੇਂਦਰ ਵਿੱਚ ਨਾ ਰਿਹਾ ਤਾਂ ਪੇਪਰਾਂ ਦੀ ਤਰਤੀਬ ਅਤੇ ਪ੍ਰਧਾਨਗੀਆਂ ਦੀ ਵੰਡ ਕਿਸ ਆਧਾਰ ਉਤੇ ਹੋਣੀ ਸੀ? ਜੇ ਪਹਿਲਾ ਪੇਪਰ ਸਿੱਖੀ ਉਤੇ ਪੜ੍ਹਿਆ ਜਾਂਦਾ ਤਾਂ ਦੂਜਾ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਬਾਰੇ, ਤੀਜਾ ਨਾਮਧਾਰੀ ਲਹਿਰ ਦੀ ਇਤਿਹਾਸਕ ਦੇਣ ਬਾਰੇ ਹੁੰਦਾ ਤੇ ਚੌਥਾ ਗਲੋਬਲਾਈਜ਼ੇਸ਼ਨ ਸੰਬੰਧੀ। ਇਉਂ ਗੱਲ ਕਿਸੇ ਵੀ ਵਿਸ਼ੇ ਉਤੇ ਕੇਂਦਰਤ ਨਾ ਹੁੰਦੀ। ਫਿਰ

Academy of the Punjab in North America: http://www.apnaorg.com

ਵੀ ਵਿਚਾਰੇ 'ਵਿਦਵਾਨ' ਬਹਿਸ ਦੌਰਾਨ ਇਨ੍ਹਾਂ ਸਾਰੇ ਪੇਪਰਾਂ ਵਿੱਚ ਕੋਈ ਸਾਂਝ ਬਨਾਉਣ ਦੀ ਕੋਸ਼ਿਸ਼ ਕਰਦੇ ਤਾਂ ਆਖਰੀ ਕਸਰ 'ਪ੍ਰਧਾਨ' ਹਰਭਜਨ ਸਿੰਘ ਯੋਗੀ ਇਹ ਕਹਿ ਕੇ ਪੂਰੀ ਕਰ ਦਿੰਦਾ, 'ਸਿੱਖੀ ਦਾ ਰਾਹ ਫੜ੍ਹੋ, ਬਾਕੀ ਝਮੇਲੇ ਛੱਡੋ, ਆਹ ਵੇਖੋ ਅਮਰੀਕਣ ਨੌਜੁਆਨ ਤੇ ਮੁਟਿਆਰਾਂ ਕਿਵੇਂ ਮੇਰੇ ਪਿੱਛੇ ਤੁਰ ਪਏ ਨੇ, ਇਸ ਗੱਲ ਨੂੰ ਸਮਝੋ ... '

ਅਖੇ 'ਤੇਰੀ ਮੁੱਛ ਵਿੱਚ ਲੌਂਗ ਗੁਆਚਾ ਤੇ ਸਾਰੀ ਰਾਤ ਲੱਭਦੀ ਰਹੀ', ਵਾਂਗ ਤਿੰਨ ਦਿਨ ਇਹ ਲੱਭਦੇ ਰਹੇ ਕਿ ਪੰਜਾਬੀਆਂ ਵਿੱਚ ਉਹ ਵਿਲੱਖਣ ਲੱਛਣ ਕਿਹੜੇ ਹਨ ਜਿਹੜੇ ਇਨ੍ਹਾਂ ਨੂੰ ਦੂਜਿਆਂ ਤੋਂ ਵਖਰਿਆਉਂਦੇ ਹਨ। ਉਹ ਲੱਭਿਆਂ ਤਾਂ ਨਹੀਂ ਲੱਭੇ ਪਰ ਫਿਰ ਆਪੇ ਹੀ ਕਾਨਫਰੰਸ ਦੀ ਕਾਰਗੁਜ਼ਾਰੀ 'ਚੋਂ ਲੱਭ ਪਏ, ਜਿਵੇਂ ਛਿੱਕ ਮਾਰਿਆਂ ਮੁੱਛ ਵਿਚੋਂ ਬੁੜਕ ਕੇ ਲੌਂਗ ਬਾਹਰ ਡਿੱਗ ਪਵੇ। ਗੱਲ ਇਹ ਲੱਭੀ ਕਿ ਪੰਜਾਬੀਆਂ ਕੋਲ ਸਭ ਕੁੱਝ ਹੈ, ਪੈਸਾ, ਮਿਹਨਤੀ ਸੁਭਾਅ ਅਤੇ ਦੁਨੀਆਂ 'ਚ ਫੈਲਣ ਦੀ ਤੀਬਰ ਇੱਛਾ ਪਰ ਗਿਆਨ ਅਤੇ ਵਿਉਂਤ ਦੀ ਬੇਹੱਦ ਘਾਟ ਹੈ। ਇਸੇ ਕਰਕੇ ਹਰੇਕ ਕਾਨਫਰੰਸ ਅੰਤ ਨੂੰ ਮੇਲਾ-ਗੇਲਾ ਹੋ ਨਿਬੜਦੀ ਹੈ। ਆਪਣੇ ਗੌਰਵਮਈ ਵਿਅਕਤੀਆਂ, ਵਿਚਾਰਾਂ, ਸੰਸਥਾਵਾਂ ਅਤੇ ਕਦਰਾਂ-ਕੀਮਤਾਂ ਨੂੰ ਸੰਭਾਲ ਸਕਣ ਅਤੇ ਦੁਨੀਆਂ ਸਾਹਵੇਂ ਪੇਸ਼ ਕਰਨ ਦੀ ਵਿਉਂਤ ਅਤੇ ਇਤਿਹਾਸਕ ਚੇਤਨਾ ਸਾਡੇ ਵਿੱਚ ਨਾ ਹੋਣ ਦੇ ਬਰਾਬਰ ਹੈ। ਹਾਂ ਕਈ ਵਾਰੀ ਰੱਬ-ਸਬੱਬੀਂ ਕੋਈ ਬਹੁਤ ਵਧੀਆ ਗੱਲ ਹੋ ਜਾਵੇ ਤਾਂ ਹੋ ਜਾਵੇ, ਜਿਵੇਂ ਵਿਸਕਾਨਸਿਨ ਯੂਨੀਵਰਸਿਟੀ ਵਿੱਚ 'ਆਪਣੀ' ਚੇਅਰ ਸਥਾਪਿਤ ਹੋ ਗਈ ਅਤੇ ਪੰਜਾਹ-ਸੱਠ ਪੰਜਾਬੀ ਮੁੰਡਿਆਂ ਦੇ ਅਮਰੀਕਾ ਵਿਖੇ ਚੰਗੀ ਵਿਦਿਆ ਪ੍ਰਾਪਤ ਕਰਨ ਦਾ ਸਬੱਬ ਵੀ ਬਣ ਗਿਆ।

ਫੇਰ ਵੀ ਜਿਸ ਕਾਨਫਰੰਸ ਵਿੱਚ ਸੱਤਰ-ਅੱਸੀ ਲੇਖਕ ਸ਼ਾਮਿਲ ਹੋਣ ਤਾਂ ਉਹ ਮੂਲੋਂ ਹੀ ਬੇਮਾਅਨੀ ਕਿਵੇਂ ਹੋ ਸਕਦੀ ਹੈ? ਲੇਖਕਾਂ ਨੇ ਇਸ ਨੂੰ ਇਸ ਤਰ੍ਹਾਂ ਮਾਅਨੇਖੇਜ਼ ਬਣਾਇਆ ਕਿ ਸ਼ਾਮ ਨੂੰ ਦਰਸ਼ਨ ਸਿੰਘ ਧਾਲੀਵਾਲ ਦੇ ਘਰ ਰੋਟੀ ਤੋਂ ਪਿੱਛੋਂ ਕਵੀ ਦਰਬਾਰ ਦਾ ਮਾਹੌਲ ਬਨਾਉਣ ਦਾ ਯਤਨ ਕੀਤਾ ਜਾਂਦਾ। ਅਮਰ ਜਿਓਤੀ ਸਰਵੱਤ, ਕੁਲਦੀਪ ਗਿੱਲ, ਭੁਪਿੰਦਰ ਪ੍ਰੀਤ, ਰਜਿੰਦਰ ਕੌਰ, ਬਚਿੰਤ ਕੌਰ, ਹਰਭਜਨ ਹੁੰਦਲ, ਸੁਰਿੰਦਰ ਗਿੱਲ, ਰਵਿੰਦਰ ਸਹਿਰਾਅ, ਦਰਸ਼ਨ ਬੁੱਟਰ ਆਦਿ ਕਵੀ ਤੇ ਕਵਿਤਰੀਆਂ ਸਾਹਿਤਕਤਾ ਦੀਆਂ ਮਹਿਕਾਂ ਬਖੇਰਨ ਦੀ ਕੋਸ਼ਿਸ਼ ਕਰਦੇ। ਦਰਸ਼ਨ ਸਿੰਘ ਧਾਲੀਵਾਲ ਇਸ ਮਹਿਫ਼ਲ ਵਿੱਚ ਵਿਸ਼ੇਸ਼ ਤੌਰ ਤੇ ਦਿਲਚਸਪੀ ਲੈਂਦਾ। ਗੱਲ ਬਣਨ ਲੱਗਦੀ ਤਾਂ ਵਿੱਚ ਸੁਮਨ ਆ ਟਪਕਦੀ। ਇਸ 'ਹੈਵੀ ਵੇਅਟ' ਗਾਇਕਾ ਬੀਬੀ ਨੂੰ ਦਿੱਲੀ ਦੇ ਪ੍ਰਬੰਧਕ ਸਾਹਿਬਾਨ ਵਿਸ਼ੇਸ਼ ਤੌਰ ਤੇ ਹਵਾਈ ਜਹਾਜ਼ ਦੀਆਂ ਟਿਕਟਾਂ ਦੇ ਕੇ ਲੈ ਗਏ ਸਨ ਅਤੇ ਉਹ ਖੀਰ ਉਤੇ ਸੁਆਹ ਦਾ ਧੂੜਾ ਦੇਣ

Academy of the Punjab in North America: http://www.apnaorg.com

ਵਿੱਚ ਕੋਈ ਕਸਰ ਨਾ ਛੱਡਦੀ। ਰਹਿੰਦੀ-ਖੂੰਹਦੀ ਕਸਰ ਪ੍ਰਾਣ-ਸੱਭਰਵਾਲ ਦੀ ਨੋਟੰਕੀ ਜਾਂ ਕਿਸੇ ਕਸੀਦਾਕਾਰ ਦੀ ਤੁਕਬੰਦੀ ਪੂਰੀ ਕਰ ਦਿੰਦੀ।

ਨਿਰੋਲ ਸਾਹਿਤਕ ਮਾਹੌਲ ਸਿਰਜਣ ਦੀ ਇੱਛਾ ਵੱਸ ਪੰਜਾਬੀ ਕਵੀ ਫੇਰ ਹੋਟਲ 'ਓਕ ਬਰੁੱਕ ਇੰਨ' ਦੀ ਲਾਬੀ ਵਿੱਚ ਇਕੱਠੇ ਹੁੰਦੇ। ਇੱਕ ਦਿਨ ਉਥੇ ਚੰਗਾ ਰੰਗ ਬੱਝਿਆ ਹੋਇਆ ਸੀ। ਸਰਵੱਤ ਨੇ ਪੂਰੀ ਰੂਹ ਨਾਲ ਆਪਣੀ ਸ਼ਾਇਰੀ ਪੇਸ਼ ਕੀਤੀ। ਸਰੋਤਿਆਂ ਨੂੰ ਉਹ ਹੜ੍ਹ ਦੇ ਪਾਣੀ ਵਾਂਗ ਵਹਾ ਕੇ ਲੈ ਗਈ। ਭੁਪਿੰਦਰ ਪ੍ਰੀਤ ਦਾ ਬੇਬਾਕੀ ਵਾਲਾ ਨਵਾਂ ਰੰਗ ਵੀ ਸਭ ਦੇ ਮਨ ਨੂੰ ਟੁੰਬਦਾ ਰਿਹਾ। ਅਮਰ ਜਿਓਤੀ ਦੀ ਹਾਜ਼ਰੀ ਵੀ ਭਰਪੂਰ ਰਹੀ। ਮੰਚ-ਸੰਚਾਲਕ ਵਰਿਆਮ ਸੰਧੂ ਆਪਣੇ ਟੋਟਕਿਆਂ ਅਤੇ ਮਿੱਠੀ ਬੋਲੀ ਨਾਲ ਕਵਿਤਾ ਦੇ ਦਰਿਆ ਨੂੰ ਕਿਨਾਰਿਆਂ 'ਚ ਬੰਨ੍ਹ ਕੇ ਸਹੀ ਦਿਸ਼ਾ ਵੱਲ ਰਵਾਂ ਰਖਦਾ ਰਿਹਾ।

ਦੂਜੇ ਦਿਨ ਧਾਲੀਵਾਲ ਵੀ ਇਸ ਮਹਿਫ਼ਲ ਵਿੱਚ ਪੁੱਜ ਗਿਆ। ਮੁਸ਼ਾਹਿਰਾ ਮਘਿਆ ਹੋਇਆ ਸੀ ਕਿ ਨਿੱਕੀ ਜਿਹੀ ਗੱਲ ਨਾਲ ਸੇਵੀਆਂ 'ਚ ਲੂਣ ਪੈ ਗਿਆ। ਧਾਲੀਵਾਲ ਦੀ ਹਾਜ਼ਰੀ ਕਰਕੇ ਉਸ ਦੀ ਸ਼ਾਨ ਵਿੱਚ ਕਸੀਦਾ ਪੜ੍ਹਨ ਵਾਲਾ ਇੱਕ ਕਵੀ ਵੀ ਆਪਣੇ ਆਪ ਨੂੰ ਰੋਕ ਨਾ ਸਕਿਆ। ਉਸ ਨੂੰ ਆਪਣੇ ਅੰਦਾਜ਼ ਵਿੱਚ ਸਾਬਾਸ਼ੇ ਦੇਣ ਲਈ ਵਰਿਆਮ ਸੰਧੂ ਨੇ ਭੂਮਿਕਾ ਬੰਨ੍ਹਦਿਆਂ ਕਿਹਾ, 'ਦੋਸਤੋ ਨਿੱਜੀ ਤੌਰ ਤੇ ਮੈਂ ਕਸੀਦਾਕਾਰੀ ਦੇ ਬਹੁਤਾ ਹੱਕ ਵਿੱਚ ਨਹੀਂ ਭਾਵੇਂ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਦੀ ਬੁਲੰਦ ਸ਼ਖ਼ਸੀਅਤ ਤੋਂ ਮੈਂ ਇਸ ਕਦਰ ਪ੍ਰਭਾਵਿਤ ਹਾਂ ਕਿ ... ' ਗੱਲ ਅਜੇ ਉਸ ਦੇ ਮੂੰਹ ਵਿੱਚ ਹੀ ਸੀ ਕਿ ਧਾਲੀਵਾਲ ਦੇ ਪਿੱਛੇ ਢਾਕਾਂ ਉਤੇ ਹੱਥ ਰੱਖੀ ਕਮਾਂਡੋਆਂ ਵਾਂਗ ਖੜ੍ਹੇ ਹੱਟੇ ਕੱਟੇ ਨੌਜਵਾਨ ਸੁਰਜੀਤ ਸਿੰਘ ਨੇ ਸੰਧੂ ਨੂੰ ਟੋਕ ਦਿੱਤਾ ਅਤੇ ਇਸ਼ਾਰੇ ਨਾਲ ਬਾਹਰ ਆ ਕੇ ਗੱਲ ਸੁਣਨ ਲਈ ਕਿਹਾ। ਇਹ ਨੌਜਵਾਨ ਧਾਲੀਵਾਲ ਦੇ ਅਨਿੰਨ ਭਗਤਾਂ ਦੇ ਜਥੇ ਦਾ ਮੋਹਰੀ ਸੀ। ਕਾਨਫਰੰਸ ਵਿੱਚ ਇਹ ਸਭ ਤੋਂ ਵੱਧ ਨੱਠ-ਭੱਜ ਕਰਨ ਵਾਲਿਆਂ ਵਿਚੋਂ ਸੀ।

'ਜੇ ਧਾਲੀਵਾਲ ਭਾ ਜੀ ਦੀ ਸ਼ਾਨ ਦੇ ਖਿਲਾਫ਼ ਇੱਕ ਸ਼ਬਦ ਵੀ ਬੋਲਿਆ ਤਾਂ ... ' ਸੁਰਜੀਤ ਨੇ ਦਬਕਾ ਮਾਰਿਆ।

'ਛੋਟੇ ਵੀਰ ਤੂੰ ਮੇਰੀ ਗੱਲ ਦੇ ਗ਼ਲਤ ਅਰਥ ਕੱਢ ਰਿਹਾ ਏਂ, ਮੈਂ ਤੇ ਸਗੋਂ ਖ਼ੁਦ ਉਨ੍ਹਾਂ ਦੀ ਪ੍ਰਸੰਸਾ ਕਰਨ ਲੱਗਾ ਸਾਂ' ਸੰਧੂ ਨੇ ਆਪਣਾ ਪੱਖ ਸਪੱਸ਼ਟ ਕੀਤਾ ਪਰ ਉਸ ਨੇ ਇੱਕ ਨਾ ਸੁਣੀ। ਗੁੱਸੇ 'ਚ ਸੰਧੂ ਦੀਆਂ ਅੱਖਾਂ ਭਰ ਆਈਆਂ ਅਤੇ ਗਲਾ ਰੁਕ ਗਿਆ। ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਦੇ ਨਾਇਕ ਜੋਗਿੰਦਰ ਵਾਂਗ ਉਹ ਅਧਪੜ੍ਹ, ਪਰ ਜ਼ੋਰਾਵਰ ਬੰਦੇ ਦੇ ਹੱਥੋਂ ਹੋਈ ਲਾਹ-ਪਾਹ ਨੂੰ ਸਹਾਰਨ

Academy of the Punjab in North America: http://www.apnaorg.com

ਲਈ ਮਜਬੂਰ ਸੀ। 'ਸ਼ਾਲਾ ਕੋਈ ਪਰਦੇਸੀ ਨਾ ਥੀਵੇ, ਕੱਖ ਜਿਨ੍ਹਾਂ ਥੀਂ ਭਾਰੇ ਹੂ', ਦੇ ਬੋਲਾਂ ਵਾਂਗ ਸੰਧੂ ਕੱਖੋਂ ਹੌਲਾ ਹੋਇਆ ਖੜ੍ਹਾ ਸੀ। ਧਾਲੀਵਾਲ ਦੇ ਸਕੇ ਦੋ ਹੋਰ ਬੰਦੇ ਸੰਧੂ ਤੋਂ ਸੁਰਜੀਤ ਦੇ ਕੀਤੇ ਦੀ ਮਾਫ਼ੀ ਮੰਗ ਰਹੇ ਸਨ, 'ਉਸ ਨੇ ਮੂਰਖ-ਮੱਤੀ ਕੀਤੀ ਐ ਭਾ ਜੀ, ਅਸੀਂ ਮਹਿਸੂਸ ਕਰਦੇ ਆਂ ਚਲੋ ਛੱਡੋ ਗੱਲ ਪੀਤੀ-ਖਾਧੀ 'ਚ ਹੋ ਜਾਂਦੀ ਏ ਕਈ ਵਾਰੀ।' ਪਰ ਸੰਧੂ ਦਾ ਉਚਾਟ ਮਨ ਧੀਰ ਨਹੀਂ ਧਰ ਰਿਹਾ ਸੀ। ਉਹ ਚੁੱਪ ਕਰਕੇ ਆਪਣੇ ਕਮਰੇ ਵਿੱਚ ਚਲਾ ਗਿਆ।

'ਮੈਂ ਨਹੀਂ ਰਹਿਣਾ ਇਥੇ, ਕੱਲ੍ਹ ਈ ਚਲੇ ਜਾਣੈ ਵਾਪਸ, ਕਿਵੇਂ ਭੂਏ ਚੜ੍ਹਾਏ ਨੇ, ਵੱਡੇ ਧਾਲੀਵਾਲ ਦੇ ਗਾਰਡ, ਵੱਡੇ ਆਪਣੇ ਘਰ ਹੋਣਗੇ, ਹਵਾ ਕਰਨ ਡਹੇ ਜੇ' ਉਹ ਮੇਰੇ ਕੋਲ ਖਿਚੜੀ ਵਾਂਗੂੰ ਰਿੱਝ ਰਿਹਾ ਸੀ। ਸਾਰੀ ਰਾਤ ਉਹ ਗੁੱਸੇ ਵਿੱਚ ਤੜਫਦਾ ਰਿਹਾ। ਸਵੇਰੇ ਹੀ ਉਹ ਨਿਊਯਾਰਕ ਜਾਣ ਦਾ ਪ੍ਰਬੰਧ ਕਰਨ ਲੱਗ ਪਿਆ।

ਵਰਿਆਮ ਸੰਧੂ ਦੇ ਜਾਣ ਨਾਲ ਸਾਡੇ ਹੋਟਲ ਵਾਲੇ ਮੁਸ਼ਾਇਰੇ ਦੀ ਤਾਂ ਜਿਵੇਂ ਰੂਹ ਈ ਨਿਕਲ ਗਈ। ਡਾ. ਤੇਜਵੰਤ ਗਿੱਲ ਨੇ ਉਸ ਦੇ ਬਦਲ ਵਜੋਂ ਸਥਿਤੀ ਨੂੰ ਸੰਭਾਲਣ ਦਾ ਯਤਨ ਕੀਤਾ ਪਰ ਉਸ ਦੀ ਮੁਰਦੜੀ ਆਵਾਜ਼ ਅਤੇ ਉਲਝੇ ਵਾਕ ਰਸਹੀਣੇ ਜਾਪਦੇ ਰਹੇ। ਇਸ ਜਾਨਦਾਰ ਮਹਿਫ਼ਲ ਦਾ ਵੀ ਭੋਗ ਪੈ ਗਿਆ।

ਇਸ ਕਾਨਫਰੰਸ ਦਾ ਅਖ਼ਬਾਰਾਂ, ਰਿਸਾਲਿਆਂ ਵਿੱਚ ਬੇਹੱਦ ਚਰਚਾ ਹੋਇਆ। ਕਾਨਫਰੰਸ ਦੀ ਕਿਸੇ ਨੇ ਜਿੰਨੀ ਮਰਜ਼ੀ ਬਦਖੋਈ ਕੀਤੀ ਹੋਵੇ ਪਰ ਦਰਸ਼ਨ ਸਿੰਘ ਧਾਲੀਵਾਲ ਦੇ ਪੰਜਾਬੀ ਪਿਆਰ ਨੂੰ ਸਭ ਨੇ ਸਲਾਹਿਆ। ਸਭ ਤੋਂ ਵੱਧ ਪ੍ਰਸੰਸਾ ਉਸ ਦੇ ਪਰਿਵਾਰ ਦੀ ਹੋਈ ਜਿਨ੍ਹਾਂ ਨੇ ਆਪਣੇ ਹੱਥੀਂ ਡੈਲੀਗੇਟਾਂ ਦੀ ਰੱਜ ਕੇ ਸੇਵਾ ਕੀਤੀ।

ਮੈਨੂੰ ਇਹ ਕਾਨਫਰੰਸ ਐਨੀ ਅਸਫ਼ਲ ਨਹੀਂ ਲੱਗੀ ਜਿੰਨੀ ਇਸ ਦੀ ਭੰਡੀ ਕੀਤੀ ਗਈ ਸੀ। ਮੈਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਆਏ ਦਿਨ ਹੁੰਦੀਆਂ ਸੈਂਕੜੇ ਪੰਜਾਬੀ ਕਾਨਫਰੰਸਾਂ ਵੇਖੀਆਂ ਹਨ। ਉਨ੍ਹਾਂ ਵਿੱਚ ਵੀ ਅਜਿਹਾ ਕੁੱਝ ਹੀ ਹੁੰਦਾ ਹੈ। ਕੁੱਝ ਪੇਪਰ ਪੜ੍ਹੇ ਜਾਂਦੇ ਹਨ, ਕੁੱਝ ਮਤੇ ਪਾਸ ਹੁੰਦੇ ਹਨ ਅਤੇ ਫੇਰ ਵਿਸਾਰ ਦਿੱਤੇ ਜਾਂਦੇ ਹਨ। ਡੈਲੀਗੇਟਾਂ ਦੀ ਪੇਪਰਾਂ ਨਾਲੋਂ ਵੀ ਵੱਧ ਦਿਲਚਸਪੀ ਉਨ੍ਹਾਂ ਬੈਗਾਂ-ਅਟੈਚੀਆਂ ਵਿੱਚ ਹੁੰਦੀ ਹੈ ਜਿਹੜੇ ਮੁਫ਼ਤ ਵੰਡੇ ਜਾਂਦੇ ਹਨ।

ਮੈਨੂੰ ਲਗਦਾ ਹੈ ਕਿ ਅਜੇ ਤੱਕ ਪੰਜਾਬੀ ਕੌਮ ਦੇ ਬੁੱਧੀਜੀਵੀਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਦਾ ਬੌਧਿਕ ਮਿਆਰ ਹੀ ਏਨਾ ਕੁ ਉੱਚਾ ਹੈ ਕਿ ਬਹੁਤੀਆਂ ਵੱਡੀਆਂ ਗੱਲਾਂ ਉਹ ਸੋਚ ਹੀ ਨਹੀਂ ਸਕਦੇ। ਹਾਂ ਆਪਣੇ ਜੋਸ਼ੀਲੇ ਸੁਭਾਅ ਅਤੇ ਭੱਜ-ਨੱਠ ਕਰਨ ਦੀ ਬਿਰਤੀ ਕਰਕੇ ਰੌਲੇ-ਰੱਪੇ ਦਾ ਬਾਜ਼ਾਰ

Academy of the Punjab in North America: http://www.apnaorg.com

ਜ਼ਰੂਰ ਗਰਮ ਰਖਦੇ ਹਨ। ਖ਼ੈਰ ਇਸ ਰੌਲੇ-ਰੱਪੇ ਨਾਲ ਵੀ ਕਈ ਪ੍ਰਾਪਤੀਆਂ ਹੋ ਜਾਂਦੀਆਂ ਹਨ। ਮਿਲਵਾਕੀ ਵਾਲੀ ਕਾਨਫਰੰਸ ਨਾਲ ਵੀ ਅਜਿਹੀਆਂ ਪ੍ਰਾਪਤੀਆਂ ਹੋਈਆਂ ਹਨ। ਬਹਾਨੇ ਨਾਲ ਕਿੰਨੇ ਲੇਖਕ-ਅਲੇਖਕ ਅਮਰੀਕਾ ਵਰਗੇ ਵਿਕਸਤ ਪੂੰਜੀਵਾਦੀ ਮੁਲਕ ਦੀ ਸੈਰ ਨਾਲ ਆਪਣਾ ਅਨੁਭਵ ਵਿਸ਼ਾਲ ਕਰ ਲਿਆਏ ਹਨ। ਰੀਸੋ-ਰੀਸ ਕੁੱਝ ਹੋਰ ਧਨਾਢ ਪਰਵਾਸੀ ਪੰਜਾਬੀਆਂ ਦੁਆਰਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ 'ਵਿਕਾਸ' ਲਈ ਨਿੱਤਰ ਆਉਣ ਦੀ ਸੰਭਾਵਨਾ ਬਣੀ ਹੈ। ਪੰਜਾਬੀ ਅਖ਼ਬਾਰਾਂ ਰਿਸਾਲਿਆਂ ਲਈ ਰੌਚਿਕ ਸਮੱਗਰੀ ਪੈਦਾ ਹੋਈ ਹੈ। ਪੰਜਾਬੀ ਲੇਖਕਾਂ, ਪਾਠਕਾਂ ਅਤੇ ਹਿਤੈਸ਼ੀਆਂ ਨੂੰ ਇੱਕ ਕਾਨਫਰੰਸ ਰੂਪੀ ਸ਼ੀਸ਼ਾ ਮਿਲਿਆ ਹੈ ਜਿਸ ਵਿੱਚ ਉਨ੍ਹਾਂ ਨੂੰ ਆਪਣਾ ਅਸਲੀ ਚਿਹਰਾ ਸਾਫ਼ ਸਾਫ਼ ਦਿਸਦਾ ਹੈ। ਇਹ ਪਤਾ ਲੱਗਿਆ ਹੈ ਕਿ ਉਹ ਕਿੰਨੇ ਕੁ ਪਾਣੀ 'ਚ ਹਨ। ਸ਼ਾਲਾ! ਅਜਿਹੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਪੰਜਾਬੀ ਕਾਨਫਰੰਸਾਂ ਬਿਨਾਂ ਨਾਗਾ ਪਏ ਹੁੰਦੀਆਂ ਰਹਿਣ ਤਾਂ ਕਿ ਹੌਲੀ ਹੌਲੀ ਸਾਨੂੰ ਪਤਾ ਲੱਗ ਜਾਵੇ ਕਿ ਕਾਨਫਰੰਸ ਹੁੰਦੀ ਕੀ ਹੈ?

Academy of the Punjab in North America: http://www.apnaorg.com

# ਕੇਲਾਂ ਵਿਸਰੀਆਂ

'ਬਸ ਹੁਣ ਏਹ ਸਵਰਗ ਖੁੱਸਣ ਹੀ ਵਾਲਾ ਹੈ' ਇਹ ਸੋਚ ਕੇ ਮੇਰੇ ਅੰਦਰ ਹੌਲ ਪੈਂਦਾ। 'ਕਿੱਥੇ ਜਾਊਂਗਾ ਫੇਰ?' ਇਹ ਸੋਚਣ ਦੀ ਤਾਂ ਅਜੇ ਲੋੜ ਹੀ ਨਹੀਂ ਸੀ ਸਮਝੀ। ਕਾਨਫ਼ਰੰਸ ਖ਼ਤਮ ਹੋ ਚੁੱਕੀ ਸੀ। ਪ੍ਰਾਹੁਣਚਾਰੀ ਦਾ ਇੱਕ ਦਿਨ ਹੋਰ ਬਾਕੀ ਸੀ। ਫੇਰ ਪ੍ਰਬੰਧਕਾਂ ਨੇ ਬਿਸਤਰਾ ਗੋਲ ਕਰਨ ਲਈ ਆਖ ਦੇਣਾ ਸੀ। 'ਓਕ ਬਰੁੱਕ ਇੰਨ' ਹੋਟਲ ਦਾ ਸ਼ਾਨਦਾਰ ਮਾਹੌਲ ਵੇਖ ਕੇ ਲੱਗਦਾ ਸੀ ਕਿ ਭਾਰਤੋਂ ਪੈਸਿਆਂ ਵੱਟੇ ਵਟਾ ਕੇ ਲਿਆਂਦੇ ਡਾਲਰਾਂ ਨਾਲ ਤਾਂ ਇਥੇ ਦੋ ਰਾਤਾਂ ਵੀ ਨਹੀਂ ਕੱਟੀਆਂ ਜਾਣੀਆਂ।

ਕਿੰਨੀ ਮੌਜ ਸੀ। ਆਲੀਸ਼ਾਨ ਕਮਰਿਆਂ ਵਿੱਚ ਗੁਦਗੁਦੇ ਬਿਸਤਰੇ ਉਤੇ ਜ਼ਿੰਦਗੀ ਦੀਆਂ ਰੰਗੀਨੀਆਂ ਨੂੰ ਬਾਹਾਂ 'ਚ ਘੁੱਟੀ ਸੌਂਦੇ ਸਾਂ। ਸਵੇਰੇ ਗਰਮ ਪਾਣੀ ਦੇ ਫ਼ੁਹਾਰੇ ਥੱਲੇ ਕਿੰਨਾ ਕਿੰਨਾ ਚਿਰ ਸਰੀਰ ਉਤੇ ਟਕੋਰ ਕਰਦੇ ਸੁਆਦੋ-ਸੁਆਦ ਹੁੰਦੇ ਰਹਿੰਦੇ ਸਾਂ। ਟੌਅਰ ਕੱਢ ਕੇ ਬਰੇਕਫਾਸਟ ਵਾਲੀ ਮੇਜ਼ ਦੁਆਲੇ ਜਾ ਬੈਠਦੇ ਸਾਂ। ਰੱਜ-ਪੁੱਜ ਕੇ ਪ੍ਰਬੰਧਕਾਂ ਦੀ ਡੀਲਕਸ ਬੱਸ ਜਾਂ ਕਾਰ ਵਿੱਚ ਤੁਰ ਜਾਂਦੇ ਸਾਂ ਅਤੇ ਇਉਂ ਹੀ ਰਾਤ ਨੂੰ ਮੁੜ ਆਉਂਦੇ ਸਾਂ। ਦਿਨ-ਰਾਤ ਹੰਝ ਕੇਲਾਂ ਕਰਦੇ ਫਿਰਦੇ ਸਨ। ਇਹ ਤਾਂ ਵਿਸਰ ਹੀ ਚੁੱਕਿਆ ਸੀ ਕਿ ਆਖਿਰ ਏਥੋਂ ਜਾਣਾ ਹੈ। ਕਿਧਰੇ ਸੰਪਰਕ ਹੀ ਨਹੀਂ ਸੀ ਕੀਤਾ ਅਜੇ। ਇਸ ਦਾ ਮੁੱਖ ਕਾਰਣ ਟੈਲੀਫੋਨ ਦੀ ਵਰਤੋਂ ਤੋਂ ਅਗਿਆਨਤਾ ਵੀ ਸੀ। ਕਿਸ ਥਾਂ ਲਈ ਕਿੰਨਾ ਕੋਡ ਨੰਬਰ ਲੱਗਣਾ ਹੈ ਅਤੇ ਉਸ ਵਿੱਚ ਕਿੰਨੇ ਸਿੱਕੇ ਪਾਉਣੇ ਹਨ, ਇਸ ਦਾ ਪਤਾ ਨਹੀਂ ਸੀ। ਜੇ ਜ਼ੀਰੋ ਨੰਬਰ ਦੱਬ ਕੇ ਅਪਰੇਟਰ ਦੀ ਮਦਦ ਮੰਗਦਾ ਤਾਂ ਉਸ ਦੀ ਅਮਰੀਕਨ ਅੰਗਰੇਜ਼ੀ ਦੀ ਡੱਕਾ ਸਮਝ ਨਾ ਲੱਗਦੀ। ਇਸ ਝਮੇਲੇ ਤੋਂ ਡਰਦਿਆਂ ਹੀ ਗੱਲ ਕੱਲ੍ਹ ਉਤੇ ਸਿੱਟ ਦਿੰਦਾ। ਸੋ ਅੱਜ ਆਖਰੀ ਦਿਨ ਵੀ ਇਵੇਂ ਸੋਚ ਕੇ ਟਰਿੱਪ ਉਤੇ ਲੈ ਕੇ ਜਾਣ ਵਾਲੀ ਪ੍ਰਬੰਧਕਾਂ ਦੀ ਬੱਸ ਵਿੱਚ ਜਾ ਬੈਠਾ।

ਬੱਸ ਸਿੱਧੀ ਸ਼ਿਕਾਗੋ ਦੇ ਡਾਊਨ ਟਾਊਨ ਜਾ ਕੇ ਸੀਅਰ ਟਾਵਰ ਦੇ ਕੋਲ ਰੁੱਕੀ। ਇਹ ਸ਼ਿਕਾਗੋ ਦੀ ਹੀ ਨਹੀਂ ਬਲਕਿ ਅਮਰੀਕਾ ਦੀਆਂ ਸਭ ਤੋਂ ਉੱਚੀਆਂ ਦੋ-ਤਿੰਨ ਇਮਾਰਤਾਂ ਵਿਚੋਂ ਇੱਕ ਹੈ। 107 ਮੰਜ਼ਿਲਾਂ ਉਚੇ ਟਾਵਰ ਦੀ ਛੱਤ ਤੋਂ ਸ਼ਿਕਾਗੋ ਦਾ ਨਜ਼ਾਰਾ ਵੇਖਣ ਵਾਸਤੇ ਅਸੀਂ ਟਿਕਟਾਂ ਖ਼ਰੀਦੀਆਂ ਅਤੇ ਲਿਫ਼ਟ ਉਤੇ ਸਵਾਰ ਹੋ ਗਏ। ਲਿਫ਼ਟ 'ਚ ਖੜ੍ਹਿਆਂ ਖੜ੍ਹਿਆਂ ਚੰਡੀਗੜ੍ਹ ਤੋਂ ਆਈ ਕਵਿਤਰੀ ਰਜਿੰਦਰ ਕੌਰ ਨੂੰ ਫੁਰਨਾ ਫੁਰਿਆ, 'ਮਨੋਰੰਜਨ ਲਈ ਲਿਫਟ 'ਚ ਟੀ. ਵੀ. ਲੱਗੇ ਹੋਣੇ ਚਾਹੀਦੇ ਨੇ।'

Academy of the Punjab in North America: http://www.apnaorg.com

'ਲੱਗੇ ਤਾਂ ਹੋਏ ਨੇ' ਮੈਂ ਸ਼ਰਾਰਤ ਨਾਲ ਕਿਹਾ।

'ਕਿੱਥੇ ਐ?' ਉਸ ਨੇ ਚਾਰੇ ਪਾਸੇ ਨਜ਼ਰ ਦੌੜਾਈ।

'ਔਹ ਵੇਖੋ ਸਾਹਮਣੇ ਚਿੱਤਰਹਾਰ ਚੱਲ ਰਿਹਾ' ਮੈਂ ਸਾਹਮਣੀ ਨੁੱਕਰ 'ਚ ਇੱਕ ਦੂਜੇ ਨੂੰ ਚੁੰਮ-ਚੱਟ ਰਹੇ ਇੱਕ ਨੌਜਵਾਨ ਜੋੜੇ ਵੱਲ ਇਸ਼ਾਰਾ ਕੀਤਾ।

'ਜਾ ਪਰ੍ਹੇ, ਸ਼ਰਮ ਲਾਹੀ ਐ ਕਿਵੇਂ' ਉਸ ਨੇ ਮੇਰੇ ਪਿਆਰ-ਧੱਫਾ ਮਾਰਿਆ। ਅਜਿਹੇ ਦ੍ਰਿਸ਼ ਅਮਰੀਕਾ ਦੀ ਹਰੇਕ ਜਨਤਕ ਥਾਂ ਉਤੇ ਆਮ ਵੇਖੇ ਜਾ ਸਕਦੇ ਹਨ। ਪਰ ਉਥੋਂ ਦੇ ਲੋਕ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ, ਸਿਰਫ ਏਧਰੋਂ ਗਿਆ ਬੰਦਾ ਹੀ ਕੁੱਝ ਸਮਾਂ ਚੋਰੀ-ਚੋਰੀ ਵੇਖਦਾ ਹੈ।

ਸੀਅਰ ਟਾਵਰ ਦੀ ਛੱਤ ਤੋਂ ਵੇਖਿਆਂ ਸ਼ਿਕਾਗੋ ਇਉਂ ਲਗਿਆ, ਜਿਵੇਂ ਬੱਚਿਆਂ ਦੀ ਕੋਈ ਖੇਡ ਹੋਵੇ। ਮਾਚਿਸਾਂ ਵਰਗੀਆਂ ਕਾਰਾਂ ਅਤੇ ਕੀੜਿਆਂ ਦੇ ਭੌਣ ਵਾਂਗ ਤੁਰੇ ਫਿਰਦੇ ਲੋਕੀਂ। ਝੀਲਾਂ ਜਿਵੇਂ ਧਰਤੀ ਉਤੇ ਸ਼ੀਸ਼ੇ ਦੀ ਫਰਸ਼ ਲੱਗੀ ਹੋਵੇ। ਥੱਲੇ ਵੇਖਿਆਂ ਡਰ ਨਾਲ ਤਲੀਆਂ 'ਚੋਂ ਸੀਤ ਜਿਹਾ ਨਿਕਲਦਾ।

ਇਥੋਂ ਬਾਅਦ ਮਿੱਲਰ ਨਾਂ ਦੀ ਬੀਅਰ ਫੈਕਟਰੀ ਵੇਖਣ ਜਾਣਾ ਸੀ। ਇਹ ਗੱਲ ਸਾਡੇ ਅੰਦਰ ਕੁਤਕੁਤੀ ਛੇੜ ਰਹੀ ਸੀ ਕਿ ਉਥੇ ਪੀਣ ਲਈ ਬੀਅਰ ਮੁਫ਼ਤ ਮਿਲਦੀ ਹੈ। ਮਿੱਲਰ ਅਮਰੀਕਾ ਦੀ ਮਸ਼ਹੂਰ ਬੀਅਰ ਹੈ। ਫਰੈਡਰਿੱਕ ਮਿੱਲਰ ਨਾਂ ਦਾ ਵਿਅਕਤੀ ਖਾਲੀ ਹੱਥ ਅਮਰੀਕਾ ਆਇਆ ਸੀ ਪਰ ਹੌਲੀ ਹੌਲੀ ਕਰੋੜਾਂ ਅਰਬਾਂ ਦੇ ਮੁੱਲ ਦੀ ਫੈਕਟਰੀ ਦਾ ਮਾਲਕ ਬਣ ਗਿਆ। ਅਮਰੀਕਾ 'ਚ ਇਉਂ ਕੱਖਪਤੀ ਤੋਂ ਲੱਖਪਤੀ ਬਣਨ ਵਾਲਿਆਂ ਦੀਆਂ ਕਹਾਣੀਆਂ ਬਹੁਤ ਦਿਲਚਸਪ ਹਨ। ਇਹ ਫੈਕਟਰੀ ਹੁਣ 44 ਮਿਲੀਅਨ ਬੈਰਲ ਬੀਅਰ ਤਿਆਰ ਕਰਦੀ ਹੈ। ਫੈਕਟਰੀ 'ਚ ਵੜਦਿਆਂ ਨੂੰ ਸਭ ਤੋਂ ਪਹਿਲਾਂ ਇੱਕ ਫ਼ਿਲਮ ਵਿਖਾਈ ਗਈ ਜਿਸ ਵਿੱਚ ਫੈਕਟਰੀ ਬਾਰੇ ਅਤੇ ਬੀਅਰ ਤਿਆਰ ਕਰਨ ਦੀ ਵਿਧੀ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਸੀ। ਫੈਕਟਰੀ ਦੇ ਮਿਊਜ਼ੀਅਮ ਵਿੱਚ ਉਹ ਸਾਰੀਆਂ ਚੀਜ਼ਾਂ-ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਸਨ ਜਿਹੜੀਆਂ ਦੀ ਵਰਤੋਂ ਮੁੱਢ ਵਿੱਚ ਬੀਅਰ ਬਨਾਉਣ ਲਈ ਕੀਤੀ ਜਾਂਦੀ ਸੀ।

ਮਿੱਲਰ ਇੰਨ 'ਚ ਪਹੁੰਚੇ ਤਾਂ ਸਾਰਿਆਂ ਨੂੰ ਬੀਅਰ ਦੀ ਇੱਕ ਇਕ ਬੋਤਲ ਦਿੱਤੀ ਗਈ ਅਤੇ ਨਾਲ ਹੀ ਇੱਕ ਇਕ ਟੋਕਨ ਜਿਸ ਨਾਲ ਬਾਹਰੋਂ ਇੱਕ ਬੋਤਲ ਹੋਰ ਮਿਲਣੀ ਸੀ। ਤਿੰਨ ਚਾਰ ਲੇਖਕਾਵਾਂ ਨੇ ਹੀ ਆਪਣੇ ਟੋਕਨਾਂ ਦੀ ਵਰਤੋਂ ਆਪ ਕੀਤੀ। ਬਾਕੀ ਲੇਖਕਾਵਾਂ ਅਤੇ ਨਾਮਧਾਰੀਆਂ ਦੇ ਟੋਕਨ ਦੂਜੇ ਵੱਧ ਪਿਆਕੜਾਂ ਦੇ ਕੰਮ ਆਏ। ਬੀਅਰ ਦੇ ਸਰੂਰ ਨਾਲ ਸਰੀਰਾਂ ਵਿੱਚ ਤਾਜ਼ਗੀ ਦਾ

Academy of the Punjab in North America: http://www.apnaorg.com

ਅਹਿਸਾਸ ਜਾਗਿਆ। ਹੁਣ ਝੀਲ ਵੱਲ ਜਾਂਦੀ ਬੱਸ ਵਿੱਚ ਬੈਠੇ ਲੇਖਕ-ਲੇਖਕਾਵਾਂ ਕਈ ਕਈ ਸਾਲ ਪਿਛੇ ਜਾ ਕੇ ਇਉਂ ਮਹਿਸੂਸ ਕਰਨ ਲੱਗ ਪਏ, ਜਿਵੇਂ ਕਾਲਜ ਸਮੇਂ ਟੂਰ ਉਤੇ ਜਾਂਦੇ ਹੁੰਦੇ ਸਨ। ਬਚਿੰਤ ਕੌਰ ਤੇ ਅਮਰ ਜਿਓਤੀ ਬੋਲੀਆਂ ਪਾਉਣ ਲੱਗ ਪਈਆਂ, 'ਮੈਂ ਨੀਂ ਨਾਨਕੇ ਰਹਿੰਦੀ, ਲੈ ਚੱਲ ਵੇ ਮਿੱਤਰਾ।' ਬਾਕੀਆਂ ਨੇ ਬੋਲੀ ਇਉਂ ਜੋਸ਼ ਨਾਲ ਚੱਕੀ ਕਿ ਸਾਰਿਆਂ ਦੇ ਦਿਲ ਨੱਚਣ ਲੱਗ ਪਏ। ਵੱਡੀ ਉਮਰ ਦਾ ਹਬਸ਼ੀ ਡਰਾਇਵਰ ਮੁਸ਼ਕੜੀਏਂ ਹੱਸਦਾ ਸ਼ੀਸ਼ੇ 'ਚੋਂ ਪਿਛਾਂਹ ਝਾਤੀ ਮਾਰ ਲੈਂਦਾ। ਨਾਮਧਾਰੀਆਂ ਦੀਆਂ ਚਿੱਟੀਆਂ ਪੱਗਾਂ 'ਚੋਂ ਬਾਹਰ ਦਿਸਦੀਆਂ ਕੰਨਾਂ ਦੀਆਂ ਲੌਲਾਂ ਵੀ ਗੁਲਾਬੀ ਭਾਹ ਮਾਰਨ ਲੱਗ ਪਈਆਂ। ਅਸੀਂ ਝੀਲ ਤੇ ਪਹੁੰਚ ਗਏ।

ਇਸ ਮਿਸ਼ੀਗਨ ਝੀਲ ਦਾ ਵਿਰਾਟ ਰੂਪ ਇੱਕ ਦਿਨ ਪਹਿਲਾਂ ਮੈਂ, ਵਰਿਆਮ ਸੰਧੂ, ਭੁਪਿੰਦਰ ਪ੍ਰੀਤ ਅਤੇ ਬਲਜੀਤ ਬਾਸੀ, ਸੰਧੂ ਦੇ ਇੱਕ ਰਿਸ਼ਤੇਦਾਰ ਨਾਲ ਜਾ ਕੇ ਵੇਖ ਚੁੱਕੇ ਸਾਂ। ਜਿਥੋਂ ਤੱਕ ਨਿਗਾਹ ਜਾਂਦੀ ਸੀ ਪਾਣੀ ਹੀ ਪਾਣੀ ਦਿਸਦਾ ਸੀ। ਦੂਰ, ਬਹੁਤ ਦੂਰ ਜਾ ਕੇ ਪਾਣੀ ਦਾ ਤਲ ਇਉਂ ਜਾਪਣ ਲੱਗਦਾ ਸੀ, ਜਿਵੇਂ ਕੰਧ ਬਣ ਕੇ ਰੱਬ ਦੀ ਛੱਪਰੀ ਥੱਲੇ ਓਟ ਬਣਿਆਂ ਖੜ੍ਹਾ ਹੋਵੇ। ਦਿਨ ਹੋਣ ਕਰਕੇ ਪਾਣੀ ਵਿੱਚ ਛੱਲਾਂ ਤਾਂ ਨਹੀਂ ਉੱਠ ਰਹੀਆਂ ਸਨ ਪਰ ਅੰਦਰ ਹਲਚਲ ਇਉਂ ਸੀ, ਜਿਵੇਂ ਪਾਣੀਆਂ ਥੱਲੇ ਹਾਥੀਆਂ 'ਚ ਘਮਸਾਨ ਦਾ ਯੁੱਧ ਹੋ ਰਿਹਾ ਹੋਵੇ। ਇਹ ਵੇਖ ਕੇ ਮਨ 'ਚ ਖ਼ਿਆਲ ਆਏ ਬਿਨਾਂ ਨਾ ਰਹਿ ਸਕਿਆ, ਕੁਦਰਤ ਦੀ ਵਿਸ਼ਾਲਤਾ ਸਾਹਵੇਂ ਬੰਦੇ ਦੀ ਹੀਣ-ਮਾਤਰ ਹੋਂਦ ਕੀ ਹੈ, ਫੇਰ ਵੀ ਬੰਦੇ ਨੇ ਕੁਦਰਤ ਦੇ ਨੱਕ ਵਿੱਚ ਕਿਵੇਂ ਨਕੇਲ ਪਾ ਛੱਡੀ ਹੈ। ਝੀਲ ਦੇ ਖੌਲਦੇ ਪਾਣੀ ਉਤੇ ਦੂਰ ਬੱਤਖ਼ਾਂ ਵਾਂਗ ਤਰਦੀਆਂ ਫਿਰਦੀਆਂ ਬੋਟਾਂ ਨੂੰ ਵੇਖ ਕੇ ਮਨ 'ਚ ਵਡਿੱਤਣ ਦਾ ਅਹਿਸਾਸ ਕੁੱਦਿਆ।

ਇਉਂ ਕੁਦਰਤੀ ਹੁਸਨ ਨਾਲ ਸਰਸ਼ਾਰ ਅਸੀਂ ਮਿਲਵਾਕੀ ਦੇ ਪਬਲਿਕ ਮਿਊਜ਼ੀਅਮ ਵਿੱਚ ਚਲੇ ਗਏ। 1, 50, 000 ਵਰਗ ਫੁੱਟ ਵਿੱਚ ਫੈਲਿਆ ਇਹ ਵਿਸ਼ਾਲ ਮਿਊਜ਼ੀਅਮ ਅਫਰੀਕੀ, ਏਸ਼ਿਆਈ ਅਤੇ ਯੂਰਪੀ ਸਭਿਆਤਾਵਾਂ ਦੀਆਂ ਅਨੇਕਾਂ ਇਤਿਹਾਸਕ-ਮਿਥਿਹਾਸਕ ਯਾਦਾਂ ਆਪਣੇ 'ਚ ਸਾਂਭੀ ਬੈਠਾ ਹੈ। ਮੈਨੂੰ ਇਸ ਮਿਊਜ਼ੀਅਮ ਦਾ ਸਭ ਤੋਂ ਦਿਲਚਸਪ ਭਾਗ ਉਹ ਲੱਗਿਆ ਜਿਥੇ ਉੱਤਰ-ਮੱਧਕਾਲ ਦੇ ਯੂਰਪ ਦਾ ਜਨ-ਜੀਵਨ ਬੁੱਤ-ਕਲਾ ਦੀ ਸ਼ੈਲੀ ਰਾਹੀਂ ਦਰਸਾਇਆ ਗਿਆ ਹੈ। ਉਸ ਸਮੇਂ ਦੇ ਨਾਈ, ਕਸਾਈ, ਹਲਵਾਈ, ਸੁਨਿਆਰ, ਘੁਮਿਆਰ, ਲੁਹਾਰ ਅਤੇ ਕਿਸਾਨ ਆਦਿ ਕਿਸ ਤਰ੍ਹਾਂ ਦੇ ਸਨ, ਇਸ ਦੇ ਬੜੇ ਜੀਵੰਤ ਨਮੂਨੇ ਪੇਸ਼ ਕੀਤੇ ਗਏ ਹਨ। ਮਿਸਾਲ ਵਜੋਂ ਜੇ ਪਿੰਡ ਦੇ ਬਾਣੀਏ ਦੀ ਹੱਟੀ ਦਾ ਦ੍ਰਿਸ਼ ਹੈ ਤਾਂ ਉਸ ਸਮੇਂ ਅਨੁਸਾਰ ਦੁਕਾਨ ਵਿੱਚ ਸੌਦਾ-ਪੱਤਾ ਰੱਖਿਆ ਹੋਇਆ ਹੈ।

Academy of the Punjab in North America: http://www.apnaorg.com

ਵਿਚਕਾਰ ਐਨਕ ਦੇ ਉਤੋਂ ਦੀ ਝਾਕਦਾ ਸ਼ਾਹ ਹੱਥ 'ਚ ਤੱਕੜੀ ਫੜ੍ਹੀ ਬੈਠਾ ਕੁੱਝ ਤੋਲ ਰਿਹਾ ਹੈ। ਗਾਹਕਾਂ ਦੀ ਭੀੜ ਆਪੋ-ਆਪਣੀ ਵਾਰੀ ਦੀ ਉਡੀਕ 'ਚ ਖੜ੍ਹੀ ਹੈ। ਕਿਸੇ ਜ਼ਨਾਨੀ ਦੀ ਉਂਗਲ ਲੱਗਿਆ ਬੱਚਾ ਆਪਣੀਆਂ ਹਸਰਤ ਭਰੀਆਂ ਨਿਗਾਹਾਂ ਮਠਿਆਈ ਵਾਲੀ ਥਾਲੀ ਉਤੇ ਗੱਡੀ ਖੜ੍ਹਾ ਹੈ। ਇਉਂ ਸਾਰੇ ਲੋਕ ਐਕਸ਼ਨ ਵਿੱਚ ਹਨ। ਇਸ ਐਕਸ਼ਨ ਰਾਹੀਂ ਹੀ ਉਨ੍ਹਾਂ ਦੇ ਮਨ ਦੀ ਬਾਤ ਬਾਹਰ ਆਉਂਦੀ ਪ੍ਰਤੱਖ ਹੁੰਦੀ ਹੈ। ਯਥਾਰਥਵਾਦੀ ਕਲਾ-ਸ਼ੈਲੀ ਰਾਹੀਂ ਇਨ੍ਹਾਂ ਲੋਕਾਂ ਦੇ ਬੁੱਤ ਬਨਾਉਣ ਵਾਲਿਆਂ ਨੇ ਆਪਣੇ ਹੁਨਰ ਦਾ ਕਮਾਲ ਇਸ ਕਦਰ ਵਿਖਾਇਆ ਹੈ ਕਿ ਮੱਥੇ ਦੀ ਸ਼ਿਕਨ ਤੱਕ ਨੂੰ ਚਿਤਰਿਆ ਗਿਆ ਹੈ। ਜ਼ਿੰਦਗੀ ਦੇ ਗਤੀਸ਼ੀਲ ਰੂਪ ਨੂੰ ਪਕੜਨਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ। ਯਥਾਰਥਵਾਦੀ ਸ਼ੈਲੀ ਦਾ ਇਉਂ ਸਿਰ ਚੜ੍ਹ ਕੇ ਬੋਲਦਾ ਜਾਦੂ ਮੈਂ ਪਹਿਲੀ ਵਾਰੀ ਤੱਕਿਆ। ਪੇਂਡੂ ਯੂਰਪ ਨੂੰ ਚਿੱਤਰਣ ਵਾਲੇ ਇਸ ਭਾਗ ਦੀ ਇੱਕ ਨਿਵੇਕਲੀ ਗੱਲ ਇਹ ਵੀ ਹੈ ਕਿ ਇਥੇ ਨਿੰਮੀਆਂ ਰੋਸ਼ਨੀਆਂ ਵੀ ਪੇਂਡੂ ਸੁਭਾਅ ਅਨੁਸਾਰ ਹੀ ਹਨ। ਪੇਂਡੂ ਸੰਗੀਤ ਦੀਆਂ ਧੁਨਾਂ ਇਸ ਰਾਗ ਨੂੰ ਹੋਰ ਵੀ ਯਥਾਰਥਕ ਰੰਗਣ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ।

ਸ਼ਿਕਾਗੋ ਵਿੱਚ ਵੀ ਬੜੇ ਵੱਡੇ ਵੱਡੇ ਮਿਊਜ਼ੀਅਮ ਹਨ ਪਰ ਵਕਤ ਦੀ ਘਾਟ ਨੇ ਉਨ੍ਹਾਂ ਵੱਲ ਤੁਰਨ ਨਾ ਦਿੱਤਾ। ਦੁਪਹਿਰ ਦੇ ਖਾਣੇ ਦਾ ਵਕਤ ਕਦੋਂ ਦਾ ਲੰਘ ਚੁੱਕਿਆ ਸੀ। ਭੁੱਖ ਨਾਲ ਆਂਦਰਾਂ ਵਿਰਲ-ਵਿਰਲ ਕਰ ਰਹੀਆਂ ਸਨ। ਬੱਸ ਜਦੋਂ ਮੋਤੀ ਮਹਿਲ ਨਾਂ ਦੇ ਰੈਸਟੋਰੈਂਟ ਅੱਗੇ ਰੁੱਕੀ ਤਾਂ ਕੁੱਝ ਧਰਵਾਸਾ ਹੋਇਆ। ਇਹ ਕਿਸੇ ਗੁਜਰਾਤੀ ਦਾ ਭਾਰਤੀ ਪਕਵਾਨਾਂ ਦਾ ਰੈਸਟੋਰੈਂਟ ਸੀ। ਪੰਜਾਬੀ ਮੇਲ ਉਤਰਿਆ ਵੇਖ ਕੇ ਉਸ ਨੂੰ ਚਾਅ ਚੜ੍ਹ ਗਿਆ। ਚਿਕਨ ਕਰੀ, ਸਾਗ-ਮੀਟ, ਹਰੀਆਂ ਮਿਰਚਾਂ ਪਾ ਕੇ ਫਰਾਈ ਕੀਤੀ ਦਾਲ, ਪਰਾਉਂਠੇ, ਨਾਨ, ਲੱਸੀ ਅਤੇ ਅੰਤ ਪਿਸਤਿਆਂ, ਬਦਾਮਾਂ ਵਾਲੀ ਖੀਰ ਨਾਲ ਕੁੱਖਾਂ ਕੱਢ ਲਈਆਂ।

ਦੁਨੀਆਂ ਦੀ ਚਹਿਲ-ਪਹਿਲ ਵੀ ਰੱਜੇ ਬੰਦੇ ਨੂੰ ਹੀ ਚੰਗੀ ਲੱਗਦੀ ਹੈ। ਹੁਣ 'ਦੀਵਾਨਸਤਾਨ' ਵੇਖਣ ਦਾ ਮਨ ਬਣ ਗਿਆ। ਇਹ ਸ਼ਿਕਾਗੋ ਦਾ ਇੱਕ ਮਸ਼ਹੂਰ ਬਾਜ਼ਾਰ ਹੈ ਜਿਸ ਵਿੱਚ ਜ਼ਿਆਦਾਤਰ ਦੁਕਾਨਾਂ ਭਾਰਤੀਆਂ ਅਤੇ ਪਾਕਿਸਤਾਨੀਆਂ ਦੀਆਂ ਹਨ। ਡੀਵੋਨ ਨਾਂ ਦੇ ਇਸ ਬਾਜ਼ਾਰ ਦਾ ਦੀਵਾਨਸਤਾਨ ਨਾਂ ਪੰਜਾਬੀ ਮਨਚਲਿਆਂ ਨੇ ਹੀ ਪਾਇਆ ਹੈ। ਇਉਂ ਜਾਪਿਆ, ਜਿਵੇਂ ਦਿੱਲੀ ਦੇ ਕਿਸੇ ਬਾਜ਼ਾਰ ਵਿੱਚ ਘੁੰਮ ਰਹੇ ਹੋਈਏ ਜਿਸ ਵਿੱਚ ਅਮਰੀਕਾ ਦਾ ਟਾਵਾਂ ਟਾਵਾਂ ਸੈਲਾਨੀ ਵੀ ਫਿਰਦਾ ਹੋਵੇ। ਗੁਜਰਾਤੀ ਸਾੜ੍ਹੀਆਂ, ਪੰਜਾਬੀ ਸੂਟ, ਜੁੱਤੀਆਂ, ਫੁਲਕਾਰੀਆਂ, ਰਾਜਸਥਾਨੀ ਚੁੰਨੀਆਂ, ਲਹਿੰਗੇ ਅਤੇ ਪਾਕਿਸਤਾਨੀ ਟੋਪੀਆਂ, ਜੈਕਟਾਂ, ਅੰਗੀਆਂ ਦੇ ਸਟੋਰ ਭਰੇ ਪਏ ਸਨ। ਇਹ ਵੇਖ ਕੇ

ਉਨ੍ਹਾਂ ਨੂੰ ਕੁੱਝ ਨਿਰਾਸ਼ਾ ਵੀ ਹੋਈ ਜਿਹੜੇ ਏਧਰੋਂ ਪੰਜਾਬੀ ਜੁੱਤੀਆਂ, ਲਹਿੰਗਿਆਂ ਅਤੇ ਫੁਲਕਾਰੀਆਂ ਦੇ ਅਟੈਚੀ ਵਪਾਰ ਖ਼ਾਤਰ ਭਰ ਕੇ ਲੈ ਗਏ ਸਨ। ਉਨ੍ਹਾਂ ਨੂੰ ਕੋਈ ਟਕੇ ਸੇਰ ਨਹੀਂ ਪੁੱਛ ਰਿਹਾ ਸੀ।

'ਬਈ ਮੁੰਡਿਓ ਔਹ ਸਾਹਮਣੀ ਦੁਕਾਨ 'ਚ ਉਬਾਲੇ ਵਾਲੀ ਸੌ ਨੰਬਰ ਦੀ ਚਾਹ ਵੀ ਮਿਲਦੀ ਐ ਤੇ ਤੱਤੀਆਂ ਜਲੇਬੀਆਂ ਵੀ' ਸੜਕ ਕਿਨਾਰੇ ਬਣੇਂ ਬੈਂਚ ਉਤੇ ਆਪਣੀ ਪਤਨੀ ਨਾਲ ਬੈਠਾ ਹਰਵਿੰਦਰ ਹੰਸਪਾਲ ਚਾਹ ਦੀਆਂ ਚੁਸਕੀਆਂ ਲੈਂਦਾ ਦੱਸ ਰਿਹਾ ਸੀ। ਮੱਲੋਜ਼ੋਰੀ ਪੈਰ ਉਸ ਦੁਕਾਨ ਵੱਲ ਤੁਰ ਪਏ, ਕਿਉਂਕਿ ਅੰਗਰੇਜ਼ੀ ਸਟਾਈਲ ਦੀ ਕੱਚੀ ਅਤੇ ਠੰਡੀ ਚਾਹ ਪੀ-ਪੀ ਚਹੁੰ ਕੁ ਦਿਨਾਂ 'ਚ ਹੀ ਮਨ ਅੱਕ ਗਿਆ ਸੀ।

ਰੋਜ਼ਾਨਾ ਵਰਤੋਂ ਦੀਆਂ ਇੱਕ ਦੋ ਚੀਜ਼ਾਂ ਲੈਣੀਆਂ ਸਨ ਪਰ ਭਾਅ ਸੁਣ ਕੇ ਹਿੰਮਤ ਨਾ ਪਈ। ਟੁੱਥ ਪੇਸਟ ਚਾਰ ਡਾਲਰ ਦੀ ਸੀ, ਜੋ ਕਿ ਲਗਭਗ ਡੇਢ ਸੌ ਰੁਪਏ ਦੀ ਬਣਦੀ ਸੀ ਅਤੇ ਬੁਰੱਸ਼ ਦੋ ਡਾਲਰ ਦਾ। ਅਜੇ ਤਾਂ ਸਾਰਾ ਅਮਰੀਕਾ ਵੇਖਣਾ ਸੀ। ਜੇ ਹੁਣੇ ਹੀ ਅਜਿਹੇ ਲੱਲ-ਪਲੱਲ ਉਤੇ ਡਾਲਰ ਲਾ ਲਏ ਤਾਂ ਅੰਤ ਨੂੰ ਕੀ ਬਣੇਗਾ। ਇਹ ਸੋਚ ਕੇ ਪੇਂਡੂ ਬੁੜੀਆਂ ਵਾਂਗੂੰ ਡਾਲਰਾਂ ਨੂੰ ਚੌਹਰੀ ਗੰਢ 'ਚ ਲਕੋ ਲਿਆ। ਇਸ ਨਾਲ ਬਚਪਨ ਦੇ ਉਹ ਦਿਨ ਯਾਦ ਆਏ ਜਦੋਂ ਵਿਸਾਖੀ ਵੇਖਣ ਲਈ ਦੋ ਰੁਪਏ ਮਿਲਦੇ ਹੁੰਦੇ ਸਨ। ਵਿਸਾਖੀ ਉਤੇ ਜਾਣ ਸਾਰ ਅਨੇਕਾਂ ਚੀਜ਼ਾਂ ਉਤੇ ਮਨ ਲਲਚਾਉਂਦਾ, ਪਰ ਇਹ ਸੋਚ ਕੇ ਜੇਬ ਘੁੱਟੀ ਰਖਦੇ ਕਿ ਫੇਰ ਖਾਲੀ ਜੇਬ ਨਾਲ ਵਿਸਾਖੀ ਚੰਗੀ ਨਹੀਂ ਲੱਗਣੀ। ਵਾਪਸ ਮੁੜਨ ਵੇਲੇ ਹੀ ਤੱਤੀਆਂ ਜਲੇਬੀਆਂ ਖਾਂਦੇ ਅਤੇ ਗੋਰਖਧੰਦਾ ਵੀ ਖਰੀਦਦੇ।

ਮਨ ਸਮਝਾ ਕੇ ਮੈਂ ਬੱਸ 'ਚ ਆ ਬੈਠਾ। ਵਾਪਸੀ ਦਾ ਸਮਾਂ ਹੋ ਚੁੱਕਾ ਸੀ। ਬੈਠਾ ਸੋਚ ਰਿਹਾ ਸਾਂ, 'ਕਿਉਂ ਨਾ ਮੈਂ ਵੀ ਅਮਰੀਕਾ 'ਚ ਚੁੱਭੀ ਮਾਰ ਜਾਵਾਂ?' ਜ਼ਿੰਦਗੀ ਦੀਆਂ ਹਜ਼ਾਰਾਂ ਨਿਹਮਤਾਂ ਨਾਲ ਭਰਿਆ ਪਿਆ ਸੀ ਅਮਰੀਕਾ। ਕੀ ਪਿਆ ਸੀ ਪਟਿਆਲੇ? ਛੱਪੜ ਦੇ ਪਾਣੀ ਵਾਂਗ ਸਭ ਪਾਸੇ ਖੜੋਤ ਹੀ ਖੜੋਤ, ਸੜੇਹਾਂਦ। ਯੂਨੀਵਰਸਿਟੀ ਦੀ ਗੰਧਲੀ ਰਾਜਨੀਤੀ। ਨਿੱਕੇ ਨਿੱਕੇ ਲਾਲਚਾਂ ਪਿਛੇ ਪੂਛ ਹਿਲਾਉਂਦੇ ਪ੍ਰੋਫੈਸਰ। ਇੱਕ ਦੂਜੇ ਦੀਆਂ ਟੰਗਾਂ ਖਿਚਦੇ ਲੋਕ। ਸਿਫ਼ਾਰਸ਼ਾਂ, ਬੇਈਮਾਨੀ, ਭ੍ਰਿਸ਼ਟਤਾ। ਬੇਹਯਾਈ ਦਾ ਨੰਗਾ ਨਾਚ।' ਮੇਰਾ ਮਨ ਡੋਲ ਗਿਆ ਸੀ। ਅਮਰੀਕਾ ਦੀ ਪਹਿਲੀ ਝਲਕ ਨਾਲ ਹੀ ਪੈਰ ਉਖੜ ਰਹੇ ਸਨ, ਅੱਗੇ ਪਤਾ ਨਹੀਂ ਕੀ ਹੋਣ ਵਾਲਾ ਸੀ। ਸਿਰਫ ਇੱਕ ਗੱਲ ਹੀ ਔਖੀ ਲੱਗ ਰਹੀ ਸੀ ਪ੍ਰੋਫੈਸਰ ਤੋਂ ਮਜ਼ਦੂਰ ਬਣਨ ਵਾਲੀ। ਇਸ ਗੱਲ ਨੇ ਹੀ ਮਨ ਟਿਕਾਣੇ ਕਰ ਦਿੱਤਾ ਸੀ। ਹੁਣ ਮੈਂ ਪਲ ਪਲ ਸ਼ਾਂਤ ਹੋ ਰਿਹਾ ਸਾਂ। ਬੱਸ ਵਾਪਸੀ ਦਾ ਸਫ਼ਰ ਮੁਕਾ ਰਹੀ ਸੀ।

… …

Academy of the Punjab in North America: http://www.apnaorg.com

'ਇਹ ਕੀ ਕੀਤੀ ਪਾਲੀ ਨੇ ਮੇਰੇ ਨਾਲ?' ਮੈਂ ਬੈਠਾ ਕੁੜ੍ਹ ਰਿਹਾ ਸਾਂ। ਪਾਲੀ ਨਵਾਂ ਨਵਾਂ ਵਿਆਹ ਕਰਕੇ ਪੰਜਾਬੋਂ ਮਿਲਵਾਕੀ ਆਈ ਲੜਕੀ ਸੀ ਜੋ ਮੇਰੇ ਜਾਣੂੰ ਦੀ ਕੁਲੀਗ ਰਹੀ ਸੀ। ਅਜੇ ਰਾਤ ਹੀ ਡਿਨਰ ਉਤੇ ਤਾਂ ਪਾਲੀ ਅਤੇ ਉਸ ਦਾ ਪਤੀ ਕਿੰਨੇ ਚਾਅ ਨਾਲ ਮੈਨੂੰ ਮਿਲੇ ਸਨ। ਜਾਣ ਲੱਗਿਆਂ ਕਿੰਨੇ ਯਕੀਨ ਨਾਲ ਉਨ੍ਹਾਂ ਨੇ ਵਿਸ਼ਵਾਸ ਦੁਆਇਆ ਸੀ ਕਿ ਉਹ ਸਵੇਰੇ ਮੈਨੂੰ ਹੋਟਲ 'ਓਕ ਬਰੁੱਕ ਇੰਨ' ਵਿਚੋਂ ਆਪਣੇ ਘਰ ਲੈ ਜਾਣਗੇ। ਮੈਂ ਤਾਂ ਸੋਚਿਆ ਸੀ ਉਨ੍ਹਾਂ ਦੀ ਮੱਦਦ ਨਾਲ ਮੈਂ ਬੜੇ ਅਰਾਮ ਨਾਲ ਅਮਰੀਕਾ ਦੀ ਸੈਰ ਦੀ ਵਿਉਂਤ ਬਣਾ ਲਵਾਂਗਾ। ਹੋਟਲ ਦੀ ਜ਼ੱਨਤ 'ਚੋਂ ਸਿੱਟਿਆ 'ਕਿਥੇ ਜਾਊਂਗਾ' ਵਾਲਾ ਤੌਖ਼ਲਾ ਮਿਟ ਗਿਆ ਸੀ ਅਤੇ ਮੈਂ ਰਾਤ ਚੈਨ ਨਾਲ ਸੁੱਤਾ ਸਾਂ, ਬੇਫ਼ਿਕਰਾ ਹੋ ਕੇ। ਰਾਤੋ-ਰਾਤ ਕੀ ਭਾਣਾ ਵਰਤ ਗਿਆ ਸੀ? ਅਟਕਲ ਪੱਚੂ ਦੇ ਘੋੜੇ ਉਤੇ ਸਵਾਰ ਹੋ ਕੇ ਕਾਰਨ ਲੱਭਦਾ ਮੈਂ ਕਦੇ ਕਿਸੇ ਦਿਸ਼ਾ ਨੂੰ ਨਿਕਲ ਜਾਂਦਾ ਅਤੇ ਕਦੇ ਕਿਸੇ ਹੋਰ ਦਿਸ਼ਾ ਨੂੰ। ਦਸ, ਬਾਰ੍ਹਾਂ, ਚਾਰ ਵੱਜੇ ਅਤੇ ਅੰਤ ਸੂਰਜ ਛਿਪ ਗਿਆ। ਦੋ ਵਾਰ ਫੋਨ ਕਰ ਚੁੱਕਾ ਸਾਂ। ਪਾਲੀ ਧਰਵਾਸਾ ਦਿੰਦੀ, 'ਉਹ ਦਫ਼ਤਰ ਕੁੱਝ ਲੇਟ ਹੋ ਗਏ, ਬੱਸ ਆਉਣ ਵਾਲੇ ਨੇ ਭਾ ਜੀ, ਤੁਸੀਂ ਆਪਣਾ ਸਮਾਨ ਵਗੈਰਾ ਪੈਕ ਕਰਕੇ ਰੱਖ ਲਵੋ।' ਸਮਾਨ ਤਾਂ ਮੈਂ ਰਾਤ ਦਾ ਹੀ ਪੈਕ ਕਰੀ ਬੈਠਾ ਸਾਂ। ਦਿਨੇ ਸਭ ਕਿਧਰੇ ਨਾ ਕਿਧਰੇ ਮੌਜ-ਮੇਲੇ ਲਈ ਟਿੱਬ ਗਏ ਸਨ ਅਤੇ ਮੈਂ ਹੋਟਲ ਦੀ ਲਾਬੀ 'ਚ ਬੈਠਾ ਉਡੀਕ ਰਿਹਾ ਸਾਂ। ਧਾਲੀਵਾਲ ਦੇ ਘਰ ਖਾਣੇ ਵਾਸਤੇ ਲਿਜਾਣ ਵਾਲੀ ਬੱਸ ਵੀ ਚਲੀ ਗਈ ਸੀ। ਮੈਂ ਉਥੇ ਹੀ ਸੁੱਕਣੇ ਪਿਆ ਹੋਇਆ ਸਾਂ, ਫੋਨ ਦੇ ਸਿਰਾਹਣੇ। ਫੋਨ ਖੜਕਿਆ, ਮੇਰੀ ਜਾਨ 'ਚ ਜਾਨ ਆਈ।

'ਭਾ ਜੀ, ਮੈਂ ਮਜਬੂਰ ਆਂ, ਬਹੁਤ ਸ਼ਰਮਿੰਦੀ ਵੀ ਆਂ, ਪਤਾ ਨਹੀਂ ਉਨ੍ਹਾਂ ਦੇ ਮਨ 'ਚ ਕੀ ਸ਼ੱਕ ਬੈਠ ਗਿਆ ਹੈ, ਕਾਹਤੋਂ 'ਨੀ ਆਉਣਾ ਚਾਹੁੰਦੇ ਉਹ, ਦੱਸੋ ਕੀ ਕਰਾਂ ਮੈਂ? ਮੈਂ ਕਰ ਵੀ ਕੀ ਸਕਦੀ ਆਂ, ਮੈਂ ... ਮੈਂ ... ' ਪਾਲੀ ਰੋ ਰਹੀ ਸੀ। ਮੇਰੇ ਸਿਰ 'ਚ ਸੌ ਘੜਾ ਪਾਣੀ ਦਾ ਪੈ ਗਿਆ ਸੀ। ਮੇਰੀ ਹਾਲਤ ਆਦਮ ਦੀ ਉਸ ਸਮੇਂ ਦੀ ਸਥਿਤੀ ਵਾਲੀ ਸੀ ਜਦੋਂ ਉਸ ਨੂੰ ਜ਼ੱਨਤ 'ਚੋਂ ਧੱਕਾ ਦਿੱਤਾ ਜਾਣ ਲੱਗਾ ਸੀ।

ਅਜਿਹੇ ਬੇਇਤਬਾਰੇ ਬੰਦਿਆਂ ਦੇ ਸਿਰ ਤੇ ਕਿਵੇਂ ਘੁੰਮਿਆ ਜਾਵੇਗਾ ਅਮਰੀਕਾ? ਮੇਰੀ ਤਾਂ ਬੋਹਣੀ ਹੀ ਮਾੜੀ ਹੋ ਗਈ ਸੀ। ਹੋਟਲ ਵਿੱਚ ਤਾਂ ਅੱਜ ਦੀ ਰਾਤ ਸਾਂ। ਕਿੱਥੇ ਜਾਊਂਗਾ ਕੱਲ੍ਹ? ਅਮਰੀਕਾ ਵਿੱਚ ਮੇਰਾ ਸਕਾ-ਸਬੰਧੀ ਤਾਂ ਇੱਕ ਵੀ ਨਹੀਂ ਸੀ। ਜਾਣਾ ਤਾਂ ਅਗਾਂਹ ਦੀ ਅਗਾਂਹ ਲੋਕਾਂ ਦੇ ਜਾਣੂਆਂ ਜਾਂ ਰਿਸ਼ਤੇਦਾਰਾਂ ਕੋਲ ਹੀ ਸੀ। ਉਹ ਕਿਹੜਾ ਖੰਡ-ਘਿਓ ਪਾਉਣਗੇ। 'ਮੈਂ ਤਾਂ ਕਿਤੇ ਵੀ ਨਹੀਂ ਜਾਂਦਾ, ਧਾਲੀਵਾਲ ਨੂੰ ਕਹੂੰਗਾ ਐਥੇ ਹੀ ਕਿਤੇ ਗੈਸ ਸਟੇਸ਼ਨ ਉਤੇ ਲੁਆ ਦੇਵੇ, ਤਿੰਨ-ਮਹੀਨੇ

ਗੁਜ਼ਾਰ ਕੇ ਵਾਪਸ ਪਰਤ ਜਾਊਂਗਾ' ਪਲ ਦੀ ਪਲ ਮੇਰੇ ਮਨ 'ਚ ਖ਼ਿਆਲ ਆਇਆ। ਖ਼ਿਆਲਾਂ ਦੇ ਜੰਗਲ ਵਿੱਚ ਅਜਿਹਾ ਭਟਕਿਆ ਕਿ ਸਵੇਰ ਤੱਕ ਕੰਡਿਆਂ ਭਰੇ ਰਾਹਾਂ ਦਾ ਸਫ਼ਰ ਕਰਦਾ ਰਿਹਾ।

ਸਵੇਰੇ ਉਠਦਿਆਂ ਓਹੀ ਸਮੱਸਿਆ ਫੇਰ ਸਾਹਮਣੇ ਮੂੰਹ ਅੱਡੀ ਖੜ੍ਹੀ ਸੀ। ਸ਼ਿਕਾਗੋ ਜਿਥੇ ਮੈਂ ਆਪਣੇ ਦੋਸਤ ਬਲਵਿੰਦਰ ਗਰੇਵਾਲ ਦੇ ਵਿਦਿਆਰਥੀ ਦੇ ਭਰਾ ਦੇ ਸਾਲੇ ਗੁਰਮੀਤ ਕੋਲ ਜਾਣਾ ਸੀ ਉਥੇ ਫੋਨ ਰਾਹੀਂ ਸੰਪਰਕ ਨਹੀਂ ਸੀ ਹੋ ਰਿਹਾ। ਬਾਹਰ ਸ਼ਿਕਾਗੋ ਏਅਰ-ਪੋਰਟ ਉਤੇ ਜਾਣ ਵਾਸਤੇ ਬੱਸ ਸਟਾਰਟ ਖੜ੍ਹੀ ਸੀ। ਜੱਕੋ-ਤੱਕੀ ਵਿੱਚ ਮੈਂ ਸਾਮਾਨ ਲਿਆ ਕੇ ਬੱਸ ਵਿੱਚ ਰੱਖ ਲਿਆ।

ਏਅਰ-ਪੋਰਟ ਉਤੇ ਪਹੁੰਚ ਕੇ ਸਭ ਆਪੋ-ਆਪਣੇ ਨਿਸ਼ਾਨਿਆਂ ਵੱਲ ਤੁਰ ਪਏ। ਮੈਂ ਅਣਜਾਣੀ ਭੀੜ ਵਿੱਚ ਇਕੱਲਾ ਖੜ੍ਹਾ ਸਾਂ, ਜਿਵੇਂ ਭਰੇ ਮੇਲੇ 'ਚ ਗੁਆਚਿਆ ਨਿਆਣਾ ਹੋਵਾਂ। ਹਾਰ ਕੇ ਕੋਲੋਂ ਲੰਘਦੇ ਇੱਕ ਅੰਗਰੇਜ਼ ਜੋੜੇ ਤੋਂ ਮੱਦਦ ਮੰਗੀ। ਉਨ੍ਹਾਂ ਨੇ ਆਪਣੇ ਕੋਲੋਂ ਹੀ ਸਿੱਕਾ ਪਾ ਕੇ ਟੈਲੀਫੋਨ ਦਾ ਨੰਬਰ ਮਿਲਾਇਆ। ਅੱਗੋਂ ਕੁਦਰਤੀ ਗੁਰਮੀਤ ਬੋਲ ਰਿਹਾ ਸੀ। ਉਸ ਨੇ ਆਪਣੇ ਸਖ਼ਤ ਰੁਝੇਵੇਂ ਦਾ ਜ਼ਿਕਰ ਕਰਕੇ ਕਿਹਾ ਕਿ ਮੈਂ ਟੈਕਸੀ ਲੈ ਕੇ ਪਹੁੰਚ ਜਾਵਾਂ। ਮੈਂ ਟਹਿਕ ਪਿਆ। ਅੰਗਰੇਜ਼ ਜੋੜੇ ਦਾ ਧੰਨਵਾਦ ਕਰਨ ਪਿੱਛੋਂ ਡਾਲਰ ਦੇਣ ਦਾ ਯਤਨ ਕੀਤਾ ਪਰ ਉਹ ਮੁਸਕਰਾਉਂਦੇ, ਬਿਨਾਂ ਪੈਸੇ ਲਏ ਚਲੇ ਗਏ। ਇਨ੍ਹਾਂ ਲੋਕਾਂ ਦੀ ਇਹ ਸਿਫ਼ਤ ਹੈ, ਜੇ ਇਨ੍ਹਾਂ ਨੂੰ ਮੱਦਦ ਲਈ ਆਵਾਜ਼ ਮਾਰੀ ਜਾਵੇ ਤਾਂ ਇਹ ਅਗਲੇ ਦੀ ਸਮੱਸਿਆ ਨੂੰ ਹਰ ਹੀਲੇ ਹੱਲ ਕਰਨ ਦਾ ਯਤਨ ਕਰਦੇ ਹਨ।

'ਪ੍ਰੀਪੇਡ' ਟੈਕਸੀ ਲੈਣ ਲਈ ਮੈਂ ਲਾਈਨ 'ਚ ਲੱਗ ਗਿਆ। ਮੇਰੇ ਲਈ ਇੱਕ ਹਬਸ਼ੀ ਡਰਾਇਵਰ ਦਾ ਨੰਬਰ ਆਇਆ। ਮੈਂ ਚੌੜੀਆਂ ਅੱਖਾਂ, ਮੋਟੇ ਬੁੱਲ੍ਹ ਅਤੇ ਕਾਲੇ ਸ਼ਾਹ ਰੰਗ ਵਾਲੇ ਹਬਸ਼ੀ ਤੋਂ ਤ੍ਰਹਿ ਗਿਆ। ਮੈਂ ਸੁਣਿਆ ਸੀ ਕਿ ਇਹ ਤਾਂ ਪੰਜਾਹ ਡਾਲਰ ਲਈ ਬੰਦੇ ਨੂੰ ਪਾਰ ਬੁਲਾਉਂਦੇ ਹਨ ਅਤੇ ਮੇਰੇ ਕੋਲ ਤਾਂ ਹਜ਼ਾਰ ਡਾਲਰ ਸੀ। ਉਸ ਨੇ ਬਟਨ ਦੱਬਿਆ। ਬਘਿਆੜ ਦੇ ਮੂੰਹ ਵਾਂਗ ਡਿੱਕੀ ਖੁੱਲ੍ਹ ਗਈ ਅਤੇ ਮੇਰੇ ਹੱਥਾਂ ਨੇ ਆਪੇ ਹੀ ਸਮਾਨ ਟਿਕਾ ਦਿੱਤਾ। ਮੇਰੇ ਹੱਥ 'ਚ ਫੜ੍ਹੇ ਸਿਰਨਾਵੇਂ ਵਾਲੇ ਕਾਗਜ਼ ਉਤੇ ਉਸ ਨੇ ਸਰਸਰੀ ਨਜ਼ਰ ਮਾਰੀ ਅਤੇ ਕਾਰ ਸਿਰਪੱਟ ਦੌੜਨ ਲੱਗੀ। ਮੈਂ ਉਸ ਦੇ ਹਾਵ-ਭਾਵ ਤਾੜਦਾ ਰਿਹਾ। ਮੈਂ ਚੌੜਾ ਹੋ ਕੇ ਬੈਠਾ ਇਉਂ ਪ੍ਰਭਾਵ ਦੇਣ ਦਾ ਯਤਨ ਕਰ ਰਿਹਾ ਸਾਂ, ਜਿਵੇਂ ਟੈਕਸੀਆਂ ਵਾਲਿਆਂ ਨਾਲ ਮੇਰਾ ਨਿੱਤ ਦਾ ਵਾਹ ਹੋਵੇ। ਪਰ ਅਸਲ ਵਿੱਚ ਹਾਲਤ ਇਹ ਸੀ ਕਿ ਬਿਗਾਨੀ ਧਰਤੀ ਉਤੇ ਹਰ ਚੀਜ਼ ਓਪਰੀ ਅਤੇ ਡਰਾਉਣੀ ਲੱਗ ਰਹੀ ਸੀ।

ਟੈਕਸੀ ਇੱਕ ਝਟਕੇ ਨਾਲ ਇੱਕ ਵੀਡੀਓ ਕੈਸਟਾਂ ਦੇ ਸਟੋਰ ਅੱਗੇ ਰੁਕੀ। ਡਰਾਇਵਰ ਨੇ ਤਿਰਛੀ ਅੱਖ ਨਾਲ ਸਟੋਰ ਉਤੇ ਲਿਖੇ ਨੰਬਰ ਵੱਲ ਇਸ਼ਾਰਾ ਕੀਤਾ। ਨੰਬਰ ਸਿਰਨਾਵੇਂ ਵਾਲਾ ਹੀ

ਸੀ। ਮੈਂ ਉਤਰਿਆ। ਗੁਰਮੀਤ ਵੀ ਸਟੋਰ ‘ਚੋਂ ਬਾਹਰ ਨਿਕਲ ਆਇਆ ਸੀ। ਟਿਕਾਣੇ ਉਤੇ ਸਹੀ ਸਲਾਮਤ ਪਹੁੰਚ ਕੇ ਮੇਰੀ ਜਾਨ ’ਚ ਜਾਨ ਆਈ।

ਹੁਣ ਜੱਨਤੋਂ ਡਿੱਗੇ ਦੇ ਪੈਰ ਧਰਤੀ ਉਤੇ ਲੱਗੇ ਸਨ ਤਾਂ ਮੈਂ ਉਸ ਵੇਲੇ ਨੂੰ ਝੂਰ ਰਿਹਾ ਸਾਂ ਜਦੋਂ ਸਭ ਨਾਲੋਂ ਵਿਛੜਿਆ ਸਾਂ। ਵਰਿਆਮ ਸੰਧੂ, ਢੀਂਡਸਾ, ਭੁਪਿੰਦਰ ਪ੍ਰੀਤ, ਜੋਗਿੰਦਰ ਕੈਰੋਂ, ਦਰਸ਼ਨ ਬੁੱਟਰ ਆਦਿ ਸਾਰੇ ਕਿਧਰ ਨੂੰ ਗਏ ਸਨ, ਘਬਰਾਹਟ ਵਿੱਚ ਕਿਸੇ ਦਾ ਅਤਾ-ਪਤਾ ਵੀ ਨਹੀਂ ਲਿਆ ਸੀ। ਹੁਣ ਤਾਂ ਸਬੱਬੀਂ ਮੇਲੇ ਹੋ ਜਾਣ ਦੀ ਹੀ ਆਸ ਬਚੀ ਸੀ। ਮੈਨੂੰ ਆਪਣਾ ਤਾਂ ਅਜੇ ਵੀ ਪਤਾ ਨਹੀਂ ਸੀ ਕਿ ਮੈਂ ਇਥੋਂ ਕਿੱਧਰ ਨੂੰ ਜਾਣਾ ਹੈ। ਮੈਂ ਤਾਂ ਜਿਵੇਂ ਅਮਰੀਕਾ ਦੇ ਦਰਿਆ ਵਿੱਚ ਸਿਟਿਆ ਕੋਈ ਤੀਲ੍ਹਾ ਸਾਂ, ਜਿਸ ਦਾ ਸਫ਼ਰ ਲਹਿਰਾਂ ਦੇ ਹਵਾਲੇ ਸੀ ਅਤੇ ਹਵਾ ਦੀ ਮਰਜ਼ੀ ਅਨੁਸਾਰ ਤਹਿ ਹੋਣਾ ਸੀ।

## ਮੇਲਾ ਪਰਵਾਸੀ ਛੜਿਆਂ ਦਾ

ਬੇਗਾਨੀ ਧਰਤੀ ਉਤੇ ਮਾਮੂਲੀ ਸਾਂਝ ਵਾਲਾ ਵੀ ਸਕੇ ਭਾਈ ਵਾਂਗ ਲਗਦਾ ਹੈ। ਗੁਰਮੀਤ ਤਾਂ ਫਿਰ ਵੀ ਮੇਰੇ ਦੋਸਤ ਦੇ ਵਿਦਿਆਰਥੀ ਦੇ ਭਰਾ ਦਾ ਸਾਲਾ ਸੀ। ਉਹ ਇੱਕ ਗੁਜਰਾਤੀ ਦੇ ਵੀਡੀਓ-ਕੈਸਟਾਂ ਦੇ ਸਟੋਰ ਉਤੇ ਕੰਮ ’ਚ ਐਨਾ ਰੁੱਝਿਆ ਰਹਿੰਦਾ ਕਿ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਮੈਂ ਬੈਠਾ ਬੈਠਾ ਉਡੀਕਦਾ ਰਿਹਾ ਕਿ ਕਦੋਂ ਘਰ ਜਾਣ ਲਈ ਕਹਿੰਦਾ ਹੈ। ਉਹ ਰਾਤ ਦੇ ਅੱਠ ਕੁ ਵਜੇ ਵਿਹਲਾ ਹੋਇਆ। ਨੌਂ ਕੁ ਵਜੇ ਉਸ ਨੇ ਆਪਣੇ ਮਾਲਕ ਵੱਲੋਂ ਕਿਰਾਏ ਉਤੇ ਲਏ ਥੀਏਟਰ ਵਿੱਚ ਫ਼ਿਲਮ ਚਲਾਉਣ ਲਈ ਜਾਣਾ ਸੀ। ਖਾਲੀ ਘੰਟੇ ਵਿੱਚ ਉਹ ਮੈਨੂੰ ਆਪਣੇ ‘ਘਰ’ ਛੱਡਣ ਤੁਰ ਪਿਆ ਜਿਥੇ ਉਹ ਆਪਣੇ ਦੋ ਛੜੇ ਦੋਸਤਾਂ ਰਵਿੰਦਰ ਅਤੇ ਪਾਲ ਨਾਲ ਦੋ ਕਮਰਿਆਂ ਦਾ ਸੈੱਟ ਲੈ ਕੇ ਰਹਿੰਦਾ ਸੀ।

‘ਭਾ ਜੀ ਨਹਾ ਕੇ ਅਰਾਮ ਨਾਲ ਖੁੱਲ੍ਹ ਕੇ ਬੈਠੋ, ਭਾਵੇਂ ‘ਕੱਲੇ ਕੱਛੇ ‘ਚ, ਇਹ ਛੜਿਆਂ ਦਾ ਘਰ ਐ’ ਰਵਿੰਦਰ ਨੇ ਮੇਰੇ ਸੰਕੋਚ ਨੂੰ ਭਾਂਪਦਿਆਂ ਅਪਣੱਤ ਨਾਲ ਕਿਹਾ। ਉਹ ਆਪ ਵੀ ਕੱਛਾ ਪਾਈ ਬੈਠਾ ਤੜਕੇ ਲਈ ਅਦਰਕ ਤੇ ਗੰਢੇ ਚੀਰ ਰਿਹਾ ਸੀ।

‘ਰਵਿੰਦਰ, ਸਾਰਾ ਦਿਨ ਹੱਡ ਭੰਨਵਾਂ ਕੰਮ ਕਰਕੇ ਫਿਰ ਆਹ ਰੋਟੀ-ਟੁੱਕ ਦੇ ਖਲਜਗਣ ਤੋਂ ਮਨ ਨਹੀਂ ਅਕਦਾ?’ ਮੈਂ ਆਪਣੇ ਅੰਦਰੋਂ ਉੱਠੀ ਤਰਸ ਭਾਵਨਾ ‘ਚੋਂ ਕਿਹਾ।

Academy of the Punjab in North America: http://www.apnaorg.com

‘ਮਨ -?’ ਉਸ ਨੇ ਘਰੋੜ ਕੇ ਬੋਲਦਿਆਂ ਕਿਹਾ, ‘ਮਨ ਤਾਂ ਭਾ ਜੀ ਇੰਡੀਆ ਈ ਛੱਡ ਆਈਦੈ, ਮਨ ਦੀ ਮੰਨ ਕੇ ਕੋਈ ਡਾਲਰ ਬਣਦੇ ਐ ਇਥੇ? ਕਮਾਉਣਾ, ਖਾਣਾ ਤੇ ਸੌਣਾ, ਸਾਡੇ ਮਨ ਨੂੰ ਤਿੰਨ ਗੱਲਾਂ ਤੋਂ ਵੱਧ ਹੋਰ ਕੁੱਝ ਨਹੀਂ ਪਤਾ।’

‘ਮੈਨੂੰ ਤਾਂ ਯਾਰ ਇਹ ਰੋਟੀ ਟੁੱਕ ਦਾ ਪੰਗਾ ਬਹੁਤ ਔਖਾ ਲਗਦੈ, ਮੇਰੀ ਘਰ ਵਾਲੀ ਦੋ ਦਿਨ ਪੇਕੇ ਜਾਂਦੀ ਰਹੇ ਤਾਂ ਆਪਾਂ ਉਰਲ-ਪਰਲ ਨਾਲ ਈ ਸਾਰੀਦੈ।’

‘ਭਾ ਜੀ ਤੁਹਾਨੂੰ ਪਤਾ ਹੁੰਦਾ ਨਾ ਕਿ ਉਸ ਨੇ ਦੋ ਦਿਨਾਂ ਨੂੰ ਮੁੜ ਆਉਣੈ, ਪਹਿਲਾਂ ਤੁਹਾਡੇ ਵਾਂਗ ਅਸੀਂ ਵੀ ਪੀਜ਼ੇ-ਪੂਜ਼ੇ ਨਾਲ ਸਾਰਨ ਦਾ ਯਤਨ ਕਰਦੇ ਰਹੇ, ਪਰ ਚੱਲਿਆ ਨੀਂ ਕੰਮ, ਹਾਰ ਕੇ ਦੇ ਲਿਆ ਪੰਜਾਲੀ ’ਚ ਸਿਰ, ਹੁਣ ਤਾਂ ਕੰਨ੍ਹਾ ਪੈ ਗਿਆ, ਰੋਟੀ ਬਨਾਉਣੀ ਖੱਬੇ ਹੱਥ ਦੀ ਖੇਡ ਲਗਦੀ ਐ। ਐਂ ਗੱਡਵਾਂ ਤੜਕਾ-ਸ਼ੜਕਾ ਲਾਈਦੈ, ਵੇਖਿਓ ਤੁਹਾਨੂੰ ਘਰ ਜਾ ਕੇ ਭਰਜਾਈ ਦੀ ਬਣਾਈ ਦਾਲ ਚੰਗੀ ਨਹੀਂ ਲੱਗਣੀ’ ਰਵਿੰਦਰ ਨੇ ਗੰਢੇ ਦੀ ਕੁੜੱਤਣ ਨਾਲ ਅੱਖਾਂ ’ਚ ਆਇਆ ਪਾਣੀ ਪੂੰਝਦਿਆਂ ਕਿਹਾ।

ਮੇਰੇ ਨਹਾਉਂਦਿਆਂ ਤੱਕ ਪਾਲ, ਗੁਰਮੀਤ ਅਤੇ ਉਨ੍ਹਾਂ ਦੇ ਦੋਸਤ ਗਰੇਵਾਲ, ਜ਼ੋਰਾ ਤੇ ਕਾਕਾ ਵੀ ਆ ਗਏ। ਸ਼ਾਇਦ ਗੁਰਮੀਤ ਨੇ ਉਨ੍ਹਾਂ ਨੂੰ ਪਹਿਲਾਂ ਹੀ ਫੋਨ ਰਾਹੀਂ ਨਿਉਂਦਾ ਦੇ ਰੱਖਿਆ ਸੀ। ਬੀਅਰ, ਵਾਈਨ ਅਤੇ ਪੱਕੀ (ਵਿਸਕੀ) ਦਾ ਦੌਰ ਚੱਲ ਪਿਆ। ਅਖਾੜਾ ਭਖ ਪਿਆ। ‘ਤੈਨੂੰ ਸਾਰੀ ਰਾਤ ਗਿੱਧੇ ’ਚ ਨਚਾਉਣੈ, ਸੁਣ ਭਾਬੀਏ ਵਲੈਤਣੇ’ ਗੜਗੂੰਜਾਂ ਪਾਉਣੇ ਸਟੀਰੀਓ ਉਤੇ ਸਰਦੂਲ ਸਿਕੰਦਰ ਦੀ ਹੇਕ ਉੱਚੀ ਹੋਈ ਤਾਂ ਭੰਗੜਾ ਸ਼ੁਰੂ ਹੋ ਗਿਆ। ਗੁਰਮੀਤ ਨੇ ਪਟਕਾ ਚੁੰਨੀ ਵਾਂਗ ਸਿਰ ਉਤੇ ਲੈ ਲਿਆ ਅਤੇ ਵਲੈਤਣ ਭਾਬੀ ਦੀ ਸਾਂਗ ਉਤਾਰਨ ਲੱਗ ਪਿਆ। ਹਾਸੇ ਦਾ ਵਾਵਰੋਲਾ ਛੱਤ ਵੱਲ ਨੂੰ ਚੜ੍ਹਿਆ। ਰਾਤ ਦੇ ਇੱਕ ਵਜੇ ਤੱਕ ਕਦੇ ਗਿੱਧੇ ਵਿੱਚ ਫਰਜ਼ੀ ਭਾਬੀ ਨੂੰ ਨਚਾਇਆ ਜਾਂਦਾ ਅਤੇ ਕਦੇ ਸਾਲੀ ਨੂੰ। ਕੰਮ ਨਾਲ ਦੂਹਰੇ ਹੋਏ ਮੁੰਡੇ ਨੱਚ ਨੱਚ ਚੌਹਰੇ ਹੁੰਦੇ ਰਹੇ।

‘ਭਾ ਜੀ ਬੜੇ ਚਿਰ ਪਿੱਛੋਂ ਐਨੇ ਹੱਸੇ ਆਂ ਅੱਜ’ ਪਾਲ ਨੇ ਮੁਰਗੇ ਦੀ ਲੱਤ ਚੂੰਡਦਿਆਂ ਕਿਹਾ। ਰੋਟੀ ਖਾਂਦਿਆਂ ਦੋ ਵੱਜ ਗਏ। ਸਵੇਰੇ ‘ਜੌਬਾਂ’ ਉਤੇ ਜਾਣ ਦੀ ਚਿੰਤਾ ਦਾ ਨਾਗ ਫੇਰ ਫਨ ਚੱਕ ਕੇ ਖੜ੍ਹ ਗਿਆ। ਸਵੇਰੇ ਛੇ ਵਜੇ ਦਾ ਅਲਾਰਮ ਲਾਇਆ ਅਤੇ ਸਭ ਕਾਰਪੈੱਟ ਉਤੇ ਚਾਦਰਾਂ ਵਿਛਾ ਕੇ ਲੇਟ ਗਏ।

ਮੇਰੀ ਨੀਂਦ ਪਤਾ ਨਹੀਂ ਕਿੱਥੇ ਉੱਡ ਗਈ ਸੀ। ਪੱਕੀ ਦੇ ਨਸ਼ੇ ਵਿੱਚ ਗਰੇਵਾਲ ਹੋਰਾਂ ਵੱਲੋਂ ਸੁਣਾਈਆਂ ਗੱਲਾਂ ਅਜੇ ਵੀ ਮੇਰੇ ਸਿਰ ਵਿੱਚ ਘੁੰਮ ਰਹੀਆਂ ਸਨ। ‘ਅੱਠ ਅੱਠ ਸਾਲ ਤੋਂ ਪਤਨੀਆਂ ਤੇ ਬੱਚਿਆਂ ਨੂੰ ਮਿਲੇ ਨਹੀਂ ਸਨ। ਫਿਰ ਕਾਹਦੇ ਵਿਆਹੇ ਸਨ ਗਰੇਵਾਲ ਤੇ ਗੁਰਮੀਤ?’ ਬਾਕੀ ਸਾਰੇ

ਵਿਆਹ ਕਰਾਉਣ ਲਈ ਅਤੇ ਗਰੇਵਾਲ ਹੋਰੀਂ ਨਿਆਣਿਆਂ ਨੂੰ ਮਿਲਣ ਵਾਸਤੇ ਪੱਕੇ ਹੋਣ ਦੀ ਉਡੀਕ ਕਰ ਰਹੇ ਸਨ। ਅਜੇ ਕਦੋਂ ਪੱਕੇ ਹੋਣਾ ਹੈ? ਕਿਸੇ ਨੂੰ ਵੀ ਪੱਕਾ ਪਤਾ ਨਹੀਂ ਸੀ। ਬੱਚਿਆਂ ਦੇ ਜਨਮ-ਦਿਨਾਂ ਦੀਆਂ ਵੀਡੀਓ-ਫ਼ਿਲਮਾਂ ਅਤੇ ਬਟੂਏ ’ਚ ਰੱਖੀ ਪਤਨੀ ਦੀ ਮਿੱਧੀ ਤਸਵੀਰ ਵੇਖ ਵੇਖ ਦਿਹਾੜੇ ਗੁਜ਼ਰਦੇ ਸਨ। ਹਾਂ, ਉਹ ਸੁਪਨੇ ਜ਼ਰੂਰ ਸਨ ਜਿਹੜੇ ਔਖੇ ਪੁਲਾਂ ਨੂੰ ਕੂਲ਼ਾ ਕਰ ਦਿੰਦੇ ਨੇ।

‘ਬੱਸ ਪੰਜ ਸੱਤ ਸਾਲ ਦੱਬ ਕੇ ਲਾਉਣੇ ਨੇ, ਫੇਰ ਪੰਜਾਬ ’ਚ ਪਾ ਕੇ ਵਧੀਆ ਕੋਠੀ, ਐਸ਼ ਮਾਰਾਂਗੇ’ ਇਹ ਸੁਪਨਾ ਸਾਰਿਆਂ ਦਾ ਸੀ।

‘ਭਾ ਜੀ ਆਹ ਤਸਵੀਰ ਵੇਖੋ, ਤੀਹ ਲੱਖ ਲਾ’ਤਾ ਆਪਾਂ ਕੋਠੀ ਉਤੇ, ਵਾਸ਼ਰੂਮ, ਟੂਟੀਆਂ, ਟੱਬ, ਫ਼ੁਹਾਰੇ, ਸ਼ੀਸ਼ੇ ਸਭ ਅਮਰੀਕੀ ਮਾਡਲ ਦੇ ਐ, ਆਪਾਂ ਤਾਂ ਬੱਸ ਹੁਣ ਜਾ ਕੇ ਇੱਕ ਲਿਆਉਣੀ ਐਂ ਬੰਟੇ ਵਰਗੀ ਵਹੁਟੀ ਤੇ ਫੇਰ ਟਨ-ਟਨਾ ਟਨ-ਟਨ .... ’ ਰਵਿੰਦਰ ਨੇ ਆਪਣੀ ਸਾਰੀ ਕਮਾਈ ਲਾ ਕੇ ਪੰਜਾਬ ’ਚ ਪੁਆਈ ਕੋਠੀ ਦੀ ਫੋਟੋ ਵਿਖਾ ਕੇ ਸੰਗੀਤਕ ਲੈਅ ਨਾਲ ਦੱਸਿਆ ਸੀ।

‘ਯੂਨੀਵਰਸਿਟੀ ‘ਚੋਂ ਭਾਲ ਕੇ ਦੇ ਦੇਵਾਂ ਕੋਈ ਕੁੜੀ, ਅਮਰੀਕਾ ਲਈ ਤਾਂ ਹਰੇਕ ਤਿਆਰ ਹੋਊਗੀ’ ਮੈਂ ਪੁੱਛਿਆ।

‘ਨਾ ਭਾ ਜੀ ਨਾ, ਉਨ੍ਹਾਂ ’ਚ ਕੀ ਬਚਿਆ ਹੋਣੈਂ, ਆਪਾਂ ਤਾਂ ਪਿੰਡਾਂ ‘ਚੋਂ ਈ ਲੱਭਾਂਗੇ ਪਟਾਕੇ ਵਰਗੀ, ਕੋਈ ਛੇ ਸੌ ਗਰਾਮ ਦਾ ਬਰੈਲਰ ਨਰਮ-ਨਰਮ’ ਉਹ ਤਾੜੀ ਮਾਰ ਕੇ ਹੱਸਿਆ ਸੀ।

ਇਹ ਸੁਪਨੇ ਮ੍ਰਿਗ-ਤ੍ਰਿਸ਼ਨਾ ਵਾਂਗ ਉਨ੍ਹਾਂ ਦੇ ਅੱਗੇ ਸਨ ਅਤੇ ਉਹ ਵਾਹੋ-ਦਾਹੀ ਮਗਰ ਦੌੜ ਰਹੇ ਸਨ। ਬੱਸ ਹੁਣ ਕਾਹਦੀ ਦੇਰੀ ਸੀ। ਕਿਸੇ ਨੇ ਰਾਜਨੀਤਿਕ ਸ਼ਰਣ ਵਾਸਤੇ ਕੇਸ ਕੀਤਾ ਹੋਇਆ ਸੀ ਅਤੇ ਫੈਸਲੇ ਦੀ ਤਰੀਕ ਪੈਣ ਹੀ ਵਾਲੀ ਸੀ, ਕਿਸੇ ਨੇ ਘਰਵਾਲੀ ਤੋਂ ਤਲਾਕ ਦੇ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਛੱਡੇ ਸਨ ਅਤੇ ਪੱਕੇ ਹੋਣ ਲਈ ਅਮਰੀਕਾ ਦੀ ਸਿਟੀਜ਼ਨ ਕਾਲੀ ਨਾਲ ਆਰਜ਼ੀ ਵਿਆਹ ਕਰਨ ਦੀ ਪੱਕ-ਠੱਕ ਕਰ ਲਈ ਹੋਈ ਸੀ। ਪੱਕੇ ਹੋਣ ਦੀ ਮੋਹਰ ਲੱਗਣ ਦੀ ਦੇਰ ਸੀ ਕਿ ਸੱਧਰਾਂ ਦੇ ਸੁੱਕੇ ਬਾਗ ਹਰੇ ਹੋ ਜਾਣੇ ਸਨ।

ਸਵੇਰੇ ਅਲਾਰਮ ਵੱਜਣ ਨਾਲ ਸਭ ਇਉਂ ਤ੍ਰਬਕ ਕੇ ਉੱਠੇ, ਜਿਵੇਂ ਹੰਟਰ ਨਾਲ ਜਗਾਏ ਹੋਣ। ਕਿਸੇ ਨੇ ਬੈੱਡ-ਟੀ ਦੀ ਝਾਕ ਨਹੀਂ ਕੀਤੀ ਅਤੇ ਸਭ ਵਾਰੋ ਵਾਰੀ ਵਾਸ਼ਰੂਮ ਵੱਲ ਤੁਰਦੇ ਗਏ। ਨਹਾ ਕੇ ਜਿਹੜਾ ਵੀ ਨਿਕਲਦਾ ਉਹ ਸਿਰ ਉਤੇ ਕੇਸਰੀ ਪਟਕਾ ਲੈਂਦਾ ਅਤੇ ਸਟੋਰ-ਨੁਮਾ ‘ਬਾਬੇ ਦੇ ਕਮਰੇ’ ’ਚ ਮੱਥਾ ਟੇਕ ਕੇ ਗੁਟਕਾ ਲੈ ਕੇ ਬੈਠ ਜਾਂਦਾ। ਇਨ੍ਹਾਂ ਦੀ ਜ਼ਿੰਦਗੀ ਵਿੱਚ ‘ਚਾਨਸ’ ਦੀ ਭੂਮਿਕਾ ਐਨੀ ਵੱਧ ਸੀ ਕਿ ਸਭ ਕਿਸਮਤ ਦੀ ਦੇਵੀ ਮੂਹਰੇ ਨੱਤ-ਮਸਤਕ ਹੋ ਗਏ ਜਾਪਦੇ ਸਨ।

Academy of the Punjab in North America: http://www.apnaorg.com

ਚਾਹ ਦੇ ਵੱਡੇ ਪਿਆਲੇ ਭਰ ਕੇ ਪੀਤੇ ਗਏ ਅਤੇ 'ਜੌਬਾਂ' ਵਾਸਤੇ ਸ਼ੂਟ ਵੱਟ ਲਈ। ਬਰੇਕਫਾਸਟ ਦੀ ਲੋੜ ਨਹੀਂ ਸਮਝੀ ਗਈ, ਲੰਚ ਦੇ ਨਾਂ ਤੇ ਤੁਰਦੇ ਫਿਰਦਿਆਂ ਕੋਈ ਸੈਂਡਵਿਚ ਖਾ ਲੈਣਾ ਸੀ। ਰਾਤ ਦੀ ਅੱਲਾ ਜਾਣੇ।

ਮੈਂ ਫੇਰ ਸੌਂ ਗਿਆ। ਕਿਹੜਾ ਉੱਠ ਕੇ ਹਲ ਜੋੜਨਾ ਸੀ। ਮੈਨੂੰ ਟੈਲੀਫੋਨ ਦੀ ਘੰਟੀ ਨੇ ਉਠਾਇਆ। ਰਵਿੰਦਰ ਬੋਲ ਰਿਹਾ ਸੀ, 'ਭਾ ਜੀ ਤਿਆਰ ਹੋ-ਜੋ, ਮੈਂ ਤੇ ਪਾਲ ਨੇ ਕਾਲਿਆਂ ਦੀ ਕਾਲੋਨੀ 'ਚ ਕਾਰਪੈੱਟ ਦਾ ਮਾਪ ਲੈਣ ਜਾਣੈ, ਤੁਹਾਨੂੰ ਨਾਲ ਲਈ ਜਾਵਾਂਗੇ, ਲੰਚ ਮੈਂ ਲਈ ਆਵਾਂਗਾ, ਗੱਡੀ 'ਚ ਹੀ ਕਰ ਲਵਾਂਗੇ।'

ਉਹ ਅਜੇ ਇੱਕ ਘਰ ਵਿੱਚ ਕਾਰਪੈੱਟ ਵਿਛਾ ਹੀ ਰਹੇ ਹੁੰਦੇ ਕਿ ਏ-ਵੰਨ ਕਾਰਪੈੱਟ ਸਟੋਰ ਤੋਂ ਮਾਲਕ ਦਾ ਫੋਨ ਆ ਜਾਂਦਾ ਕਿ ਫਲਾਣੇ ਨੰਬਰ 'ਚ ਵੀ ਜਾ ਆਉਣਾ। ਇਉਂ ਰਾਤ ਤੱਕ ਇਹ ਸਿਲਸਿਲਾ ਚਲਦਾ ਰਿਹਾ। ਨਿੱਤ ਹੀ ਕੁੱਝ ਘੰਟੇ ਓਵਰ ਟਾਈਮ ਦੇ ਲੱਗ ਜਾਂਦੇ ਸਨ, ਪਰ ਇਸ ਦਾ ਪੈਸਾ ਨਹੀਂ ਮਿਲਦਾ ਸੀ। ਸਪਾਂਸਰਸ਼ਿੱਪ ਦੇ ਕਾਗਜ਼ ਬਣਵਾ ਕੇ ਦੇਣ ਬਦਲੇ ਪੰਜਾਬੀ ਮਾਲਕ, ਪੰਜਾਬੀ ਮੁਲਾਜ਼ਮਾਂ ਤੋਂ ਵਾਧੂ ਕੰਮ ਕਰਵਾ ਰਿਹਾ ਸੀ। ਉਹ ਅੰਦਰੋ-ਅੰਦਰੀ ਵਿਸ ਘੋਲਦੇ ਪਰ ਅੱਗੇ ਨਾ ਬੋਲਦੇ। ਪੱਕੇ ਹੋਣ ਤੱਕ ਇਉਂ ਹੀ 'ਬੀਬੇ' ਬਣ ਕੇ ਰਹਿਣਾ ਪੈਂਦਾ ਹੈ। ਗੈਰ-ਕਾਨੂੰਨੀ ਪਰਵਾਸੀ ਨੂੰ ਵੀ ਓਨਾ ਸਮਾਂ ਸਰਕਾਰ ਕੁੱਝ ਨਹੀਂ ਕਹਿੰਦੀ ਜਿੰਨਾ ਚਿਰ ਉਹ ਚੁੱਪ-ਚਾਪ ਸੀਲ ਬਣ ਕੇ ਕੰਮ ਕਰਦਾ ਰਹਿੰਦਾ ਹੈ। ਮਾਮੂਲੀ ਜੁਰਮ ਕਰਨ ਬਦਲੇ ਸਰਕਾਰ ਫੜ੍ਹ ਕੇ ਵਾਪਸ ਭੇਜ ਸਕਦੀ ਹੈ। ਇਸ ਨੂੰ 'ਡੀਪੋਰਟ' ਕਰਨਾ ਕਹਿੰਦੇ ਹਨ। ਇਸੇ ਕਰਕੇ ਪੀ-ਪੀ ਕੇ ਕਿਲਕਾਰੀਆਂ ਮਾਰਨ ਵਾਲੇ ਪੰਜਾਬ ਦੇ ਖਰੂਦੀ ਗੱਭਰੂ ਵੀ ਅਮਰੀਕਾ 'ਚ ਕੰਨ ਵਿੱਚ ਪਾਏ ਨਹੀਂ ਰੜਕਦੇ। ਪੱਕੇ ਹੋਣ ਤੱਕ ਬਿਲਕੁਲ ਹੀ ਨੰਗ ਜੱਟ ਦੀ ਤੀਵੀਂ ਵਾਂਗ ਲਿਫ਼ ਕੇ ਦਿਨ ਕੱਟਣੇ ਪੈਂਦੇ ਹਨ। ਕਈ ਗੁਰਮੀਤ ਵਰਗਿਆਂ ਨੇ ਤਾਂ ਦਾਰੂ ਇਸ ਕਰਕੇ ਹੀ ਛੱਡ ਰੱਖੀ ਹੈ ਕਿ ਕਿਤੇ ਪੀ ਕੇ ਕੋਈ ਗ਼ਲਤੀ-ਫ਼ਲਤੀ ਨਾ ਹੋ ਜਾਵੇ।

ਰਾਤ ਦੇ ਅੱਠ ਕੁ ਵਜੇ ਘਰ ਵੱਲ ਨੂੰ ਮੁੜੇ ਤਾਂ ਸਬਜ਼ੀ ਖਰੀਦਣ ਵਾਸਤੇ ਗਰੌਸਰੀ ਸਟੋਰ ਵਿੱਚ ਚਲੇ ਗਏ। ਮੈਂ ਸਟੋਰ 'ਚ ਨਿਗਾਹ ਮਾਰੀ ਤਾਂ ਹੈਰਾਨ ਹੋ ਗਿਆ। ਰੁੱਤੀ ਜਾਂ ਕਰੁੱਤੀ ਹਰੇਕ ਸਬਜ਼ੀ ਮੌਜੂਦ ਸੀ। ਹਾਈਬਰੈਂਡ ਕਿਸਮ ਦੀ ਹੋਣ ਕਰ ਕੇ ਹਰ ਸਬਜ਼ੀ ਅਕਾਰ ਵਿੱਚ ਸਾਡੇ ਮੁਲਕ ਦੀਆਂ ਸਬਜ਼ੀਆਂ ਨਾਲੋਂ ਦੁੱਗਣੀ-ਤਿੱਗਣੀ ਸੀ, ਫੁੱਲੀ-ਫੁੱਲੀ, ਜਿਵੇਂ ਲਾਲਿਆਂ ਦੀ ਕੁੜੀ ਸਮੋਸੇ-ਟਿੱਕੀਆਂ ਖਾ ਖਾ ਕੇ ਬੇਲੋੜੀ ਫੁੱਲੀ ਪਈ ਹੋਵੇ। ਗਿੱਠ-ਗਿੱਠ ਦੀਆਂ ਹਰੀਆਂ ਮਿਰਚਾਂ, ਮੁਰਚੇ ਵਰਗੀਆਂ ਗਾਜਰਾਂ, ਪਿੰਜਣੀਆਂ ਜਿਹੀਆਂ ਮੂਲੀਆਂ ਅਤੇ ਗੱਡੇ ਦੀ ਨਾਭ ਵਰਗੇ ਪੇਠੇ। ਹਰੇਕ ਦਾਣੇ

Academy of the Punjab in North America: http://www.apnaorg.com

(ਪੀਸ) ਉਤੇ ਕੁਆਲਟੀ ਦਾ ਸਟਿੱਕਰ ਲੱਗਿਆ ਹੋਇਆ। ਮੋਮੀ ਪੰਨਿਆਂ 'ਚ ਸੰਵਾਰ ਕੇ ਵਲ੍ਹੇਟੀ ਗੋਭੀ ਅਤੇ ਖੀਰੇ, ਜਿਵੇਂ ਦਾਜ ਵਿੱਚ ਰੱਖਣੇ ਹੋਣ।

ਮੈਂ ਚੰਗਾ ਖ਼ਰਬੂਜ਼ਾ ਲੱਭਣ ਲਈ ਕਦੇ ਕੋਈ ਚੁਕਦਾ, ਸੁੰਘਦਾ ਅਤੇ ਰੱਖ ਦਿੰਦਾ, ਕਦੇ ਕੋਈ ਹੋਰ। ਕਿਸੇ 'ਚੋਂ ਮਹਿਕ ਨਹੀਂ ਸੀ ਆ ਰਹੀ।

'ਭਾ ਜੀ ਕੋਈ ਲੈ ਲੌ, ਸਭ ਸ਼ਹਿਦ ਵਰਗੇ ਮਿੱਠੇ ਨੇ, ਅਮਰੀਕੀ ਖ਼ਰਬੂਜ਼ਿਆਂ 'ਚੋਂ ਮਹਿਕ ਨਹੀਂ ਆਉਂਦੀ' ਪਾਲ ਨੇ ਮੇਰਾ ਸ਼ੰਕਾ ਦੂਰ ਕੀਤਾ।

ਅਸੀਂ ਸਬਜ਼ੀ ਦੇ ਇਉਂ ਵੱਡੇ ਲਿਫ਼ਾਫ਼ੇ ਭਰ ਲਏ, ਜਿਵੇਂ ਕੱਲ੍ਹ ਨੂੰ ਸਬਜ਼ੀ ਦੀ ਰੇੜ੍ਹੀ ਲਾਉਣੀ ਹੋਵੇ। ਮੇਰੀ ਹੈਰਾਨੀ ਨੂੰ ਭਾਂਪਦਿਆਂ ਰਵਿੰਦਰ ਨੇ ਕਿਹਾ, 'ਭਾ ਜੀ ਅਸੀਂ ਚਿਕਨ, ਬੀਫ਼, ਪੋਰਕ ਬੱਸ ਆਏ ਗਏ ਤੋਂ ਈ ਖਾਨੇ ਆਂ, ਹੈ ਭਾਵੇਂ ਇਹ ਸਬਜ਼ੀ ਤੋਂ ਸਸਤਾ ਹੈ, ਸਬਜ਼ੀ ਦਾ ਪੰਜ ਕਿਲੋ ਵਾਲਾ ਕੂਕਰ ਭਰ ਕੇ ਬਣਾਈਦੈ ਤੇ ਫਿਰ ਡੌਂਗੇ ਭਰ ਭਰ ਖਾਈਦੀ ਐ।'

ਆਉਂਦੇ ਆਉਂਦੇ ਗੁਰਮੀਤ ਵਾਲੇ ਸਟੋਰ ਤੋਂ ਇੱਕ ਵੀਡੀਓ ਕੈਸਟ ਫੜ੍ਹ ਲਿਆਏ। ਇਹ ਪਾਕਿਸਤਾਨੀ ਔਰਤਾਂ ਦੇ ਨੰਗੇ ਮੁਜ਼ਰੇ ਦੀ ਸੀ। ਇਹ ਫ਼ਿਲਮ ਕਿਸੇ ਬਾਹਰਲੇ ਮੁਲਕ ਵਿੱਚ ਹੀ ਬਣਾਈ ਗਈ ਸੀ। ਪਰਵਾਸੀ ਪੰਜਾਬੀਆਂ ਵਿੱਚ ਇਹ ਓਨ੍ਹੀ ਦਿਨੀਂ ਬਹੁਤ ਚਰਚਿਤ ਸੀ।

'ਭਾ ਜੀ ਮੇਮਾਂ ਤਾਂ ਸਾਰਾ ਦਿਨ ਸੜਕਾਂ ਉਤੇ ਵੀ ਅਧ-ਨੰਗੀਆਂ ਤੁਰੀਆਂ ਫਿਰਦੀਆਂ ਨੇ, ਉਨ੍ਹਾਂ ਨੂੰ ਵੇਖਣ ਨੂੰ ਹੁਣ ਮਨ ਨਹੀਂ ਕਰਦਾ' ਰਵਿੰਦਰ ਨੇ ਮੁਜ਼ਰੇ ਵਾਲੀ ਕੈਸਟ ਦੇ ਚਰਚਿਤ ਹੋਣ ਦੀ ਵਜ੍ਹਾ ਦੱਸੀ।

'ਏਥੇ ਅਮਰੀਕਣ ਕੁੜੀਆਂ ਦੋਸਤੀ ਲਈ ਆਪਣੇ ਮੁੰਡਿਆਂ ਨੂੰ ਪਸੰਦ ਕਰਦੀਐਂ?' ਮੈਂ ਪੁੱਛਿਆ।

'ਕਰਦੀਆਂ ਕਿਉਂ ਨਹੀਂ, ਬਹੁਤ ਕਰਦੀਐਂ, ਪਰ ਕੋਈ ਆਪ ਈ ਨੱਕ ਨੀ ਕਰਦਾ ਓਧਰ, ਧੇਲਾ ਨੀ ਛੱਡਦੀਆਂ ਪੱਲੇ, ਕਹਿੰਦੀਐਂ ਬਾਰ 'ਚ, ਹੋਟਲਾਂ 'ਚ ਲੈ ਕੇ ਚਲੋ, ਹੱਡ ਤੁੜਾ ਤੁੜਾ ਕਮਾਏ ਡਾਲਰ ਕੌਣ ਉਡਾਏ ਇਉਂ ਛੂੰਹ ਕਰਕੇ, ਦੋ ਮਿੰਟ ਦੇ ਸੁਆਦ ਲਈ, ਬੱਸ ਕੈਸਟਾਂ 'ਚ ਹੀ ਮੁਜ਼ਰੇ-ਸ਼ੁਜਰੇ ਵੇਖ ਕੇ ਸਾਰ ਲਈਦੈ, ਪਾਲ ਨੇ ਆਪਣਾ ਅਨੁਭਵ ਦੱਸਿਆ।

'ਭਾ ਜੀ ਇਉਂ ਮੌਜਾਂ ਮਾਣ ਕੇ ਨੀ ਜੁੜਦੇ ਡਾਲਰ, ਇਹ ਤਾਂ ਕੀੜੇ ਵਾਂਗ ਢਿੱਡ ਨੂੰ ਗੰਢ ਦੇ ਕੇ ਰੱਖਣੀ ਪੈਂਦੀ ਐ, ਨਾਲੇ ਕੀ ਪਿਐ ਇਨ੍ਹਾਂ ਸੁਆਦਾਂ 'ਚ, ਗੋਰੀ ਬਣ ਕੇ ਚਾਰੇ ਪਾਸੇ ਏਡਜ਼ ਹਰਲ ਹਰਲ ਕਰਦੀ ਫਿਰਦੀ ਐ' ਰਵਿੰਦਰ ਨੇ ਸੌ ਹੱਥ ਰੱਸਾ ਅਤੇ ਸਿਰੇ ਤੇ ਗੰਢ ਦੇਣ ਦਾ ਜਤਨ ਕਰਦਿਆਂ ਕਿਹਾ।

'ਚਲੋ ਹੁਣ ਤਾਂ ਅੱਖਾਂ ਮੀਚੇ ਹਨੇਰਾ ਵਾਲੀ ਗੱਲ ਐ, ਹੋਰ ਦੋ ਸਾਲਾਂ ਨੂੰ ਥੋਡੇ ਵਿਆਹ ਹੋ ਜਾਣੇ ਐਂ' ਮੈਂ ਧਰਵਾਸਾ ਦਿੱਤਾ।

'ਵਿਆਹ ਕਰਾ ਕੇ ਕਿਹੜਾ ਸੁਰਗ ਦਾ ਝੂਟਾ ਆਜੂਗਾ, ਏਥੇ ਆ ਕੇ ਉਹ ਵੀ ਸਾਡੇ ਵਾਂਗੂੰ ਮਸ਼ੀਨਾਂ ਬਣ ਜਾਣਗੀਆਂ। ਜੀਹਨੇ ਵਿਆਹ ਹੀ ਅਮਰੀਕਾ ਦੇ ਨਾਂ ਨੂੰ ਕਰਵਾਇਆ ਹੋਇਆ, ਓਹਨੇ ਪੰਜਾਬ 'ਚ ਕਿਥੇ ਰਹਿਣ ਦੇਣੈ' ਰਵਿੰਦਰ ਦੇ ਚਿਹਰੇ ਉਤੇ ਉਦਾਸੀ ਦੀ ਪਰਤ ਫਿਰ ਗਈ।

'ਇਥੇ ਆ ਕੇ ਤਾਂ ਚੰਗੀਆਂ ਭਲੀਆਂ ਨੂੰ ਕੰਡੇ ਲੱਗ ਜਾਂਦੇ ਐ, ਜਿਵੇਂ ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦੈ, ਹੱਥ ਤਾਂ ਕੀ ਚੁੱਕ ਸਕਣੈ, ਬੰਦਾ ਤਾਂ ਉੱਚੀ ਨੀਂ ਬੋਲ ਸਕਦਾ, ਅਗਲੀ ਕਹਿੰਦੀ ਐ ਪੁਲਸ ਬੁਲਾ ਲਊਂ, ਅਮਰੀਕਾ ਦਾ ਕਾਨੂੰਨ ਜ਼ਨਾਨੀਆਂ ਦੇ ਹੱਕ 'ਚ ਐ' ਪਾਲ ਆਪਣੇ ਭਵਿੱਖ ਨੂੰ ਧੁੰਦਲਾ ਵੇਖ ਰਿਹਾ ਸੀ।

'ਐਧਰ ਜੋ ਮਰਜ਼ੀ ਤੰਗੀ ਹੋਵੇ ਪਰ ਵਿਆਹ ਦਾ ਤਾਂ ਫੇਰ ਈ ਫਾਇਦਾ ਐ ਜੇ ਘਰ ਵਾਲੀ ਕੋਲ ਹੋਵੇ। ਜੇ ਸਾਡੇ ਵਾਂਗੂੰ ਅੱਠਾਂ ਸਾਲਾਂ ਪਿੱਛੋਂ ਜ਼ਨਾਨੀ ਨੂੰ ਮਿਲਣਾ ਐਂ, ਤਾਂ ਪਹਿਲੀ ਗੱਲ ਤਾਂ ਇਹ ਕਿ ਨਿਆਣਿਆਂ ਨੇ ਈ ਨਹੀਂ ਸਿਆਨਣਾ ਸਾਨੂੰ ਗਿਆਂ ਨੂੰ। ਇਹ ਨਾ ਹੋਵੇ ਕਿ ਆਪਣੇ ਦਾਦੇ ਨੂੰ ਦੱਸਣ ਲਈ ਭੱਜ ਪੈਣ ਕਿ ਕੋਈ ਲਾਲਾ ਜਿਹਾ ਮੇਰੀ ਮੰਮੀ ਨੂੰ ਛੇੜੀ ਜਾਂਦਾ ਐ।' ਗੁਰਮੀਤ ਦੀ ਗੱਲ ਨਾਲ ਹਾਸੇ ਦਾ ਫ਼ੁਹਾਰਾ ਛੁੱਟਿਆ ਤੇ ਫਿਰ ਇੱਕ ਦਮ ਚੁੱਪ ਦਾ ਸੱਨਾਟਾ ਛਾ ਗਿਆ। ਸਾਰੇ ਆਪਣੇ ਆਪਣੇ ਅੰਦਰ ਉਤਰੇ ਬੈਠੇ ਸਨ। ਵਿਆਹ ਮੋਤੀ ਚੂਰ ਦਾ ਲੱਡੂ ਸੀ ਜਿਹੜੇ ਖਾ ਬੈਠੇ ਸਨ, ਉਹ ਵੀ ਪਛਤਾ ਰਹੇ ਸਨ ਅਤੇ ਜਿਨ੍ਹਾਂ ਕੁਆਰਿਆਂ ਨੇ ਅਜੇ ਖਾਣਾ ਸੀ ਉਹ ਲਲਚਾ ਰਹੇ ਸਨ।

ਇਥੇ ਚੁੱਲ੍ਹੇ 'ਚ ਅੱਗ ਦੀ ਥਾਂ ਗੈਸ-ਸਟੋਵ ਵੀ ਸੀ ਅਤੇ ਘੜੇ 'ਚ ਪਾਣੀ ਦੀ ਥਾਂ ਵਾਟਰ-ਕੂਲਰ ਵੀ, ਫੇਰ ਵੀ 'ਛੜਿਆਂ' ਦੀ ਜੂਨ ਬੁਰੀ ਸੀ। ਦੂਰ ਬਹੁਤ ਦੂਰ ਕਿਤੇ ਰੌਸ਼ਨੀ ਦਾ ਕੋਈ ਟਿਮਕਣਾ ਦਿੱਸਦਾ ਸੀ ਜਿਸ ਦੀ ਸੇਧ ਵਿੱਚ ਉਹ ਸਭ ਹਨੇਰਿਆਂ ਨਾਲ ਲੜਦੇ ਤੁਰੇ ਜਾਂਦੇ ਸਨ, ਪਰਵਾਸੀ ਛੜੇ। ਬੱਸ ਉਹੀ ਗੱਲ ਸੀ ਆਖੇ ਭਜਾਈ ਚੱਲ ਘੋੜਾ ਕਦੇ ਤਾਂ ਪਿੰਡ ਆਊਗਾ।

Academy of the Punjab in North America: http://www.apnaorg.com

# ਆਪ ਤਾਂ ਤੂੰ ਜਾ ਕੇ ਪਰਦੇਸ ਮੌਜਾਂ ਮਾਣਦਾ

'ਭਾ ਆਪਣੇ ਭਾਈਬੰਦਾਂ ਨੇ ਤੇਰਾ ਕਿਸੇ ਮੇਮ-ਮੂਮ ਨਾਲ ਜੋੜ ਜੁੜਾਇਐ ਕਿ ਅਜੇ ਸੁੱਕਾ ਈ ਫਿਰਦੈਂ?' ਮੈਂ ਇਕੱਲਾ ਹੀ ਡੀਵੋਨ ਬਾਜ਼ਾਰ ਵਿੱਚ ਘੁੰਮ ਰਿਹਾ ਸਾਂ ਕਿ ਸਾਹਮਣਿਉਂ ਆ ਰਹੇ ਗਰੇਵਾਲ ਨੇ ਟਰੱਕ ਡਰਾਇਵਰਾਂ ਦੀ ਬੋਲੀ ਵਿੱਚ ਸਿੱਧਾ ਹੀ ਪੁੱਛਿਆ। ਜਵਾਬ ਵਿੱਚ ਮੈਂ ਗੁੱਝਾ ਜਿਹਾ ਹੱਸਿਆ।

'ਅੱਜ ਮੇਰੇ ਨਾਲ ਚੱਲ ਭਾ, ਤੈਨੂੰ 'ਨੰਗੀ-ਚਿੱਟੀ ਅਮਰੀਕਾ' ਵਿਖਾਵਾਂ।' ਗਰੇਵਾਲ ਦਿਆਲ ਹੋਇਆ ਪਿਆ ਸੀ। ਮੇਰਾ ਤਾਂ ਉਦੇਸ਼ ਹੀ ਘੁੰਮਣਾ ਫਿਰਨਾ ਸੀ, ਇਸ ਲਈ ਮੈਂ ਉਸ ਨਾਲ ਤੁਰ ਪਿਆ। ਸ਼ਿਕਾਗੋ ਦੇ ਡੀਵੋਨ ਬਜ਼ਾਰ ਦੀ ਪਾਰਕਿੰਗ ਵੱਲ ਗਏ ਜਿਥੇ ਗਰੇਵਾਲ ਦਾ ਟਰੱਕ ਖੜ੍ਹਾ ਸੀ।

ਗਰੇਵਾਲ ਨਵਾਂ ਸ਼ਹਿਰ ਦੇ ਲਾਗਲੇ ਕਿਸੇ ਪਿੰਡ ਦਾ ਹੈ। ਅੱਠ ਦਸ ਸਾਲ ਪਹਿਲਾਂ ਉਹ ਵਾਇਆ ਮੈਕਸੀਕੋ, ਅਮਰੀਕਾ ਪਹੁੰਚ ਗਿਆ ਸੀ। ਘਰਵਾਲੀ ਅਤੇ ਦੋ ਉਡਾਰ ਹੋ ਚੁੱਕੇ ਬੱਚੇ ਉਸ ਨੇ ਆਪਣੇ ਪੰਜਾਬ 'ਚ ਰਹਿੰਦੇ ਸਾਂਝੇ ਪਰਿਵਾਰ ਵਿੱਚ ਛੱਡ ਰੱਖੇ ਸਨ। ਪੱਕਾ ਹੋਣ ਲਈ ਕਈ ਹੀਲੇ ਕੀਤੇ ਸਨ ਪਰ ਅਜੇ ਗੱਲ ਨਹੀਂ ਸੀ ਬਣੀਂ। ਹਾਰ ਕੇ ਹੁਣ ਘਰਵਾਲੀ ਤੋਂ ਤਲਾਕ ਦੇ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਕੇ ਮੰਗਵਾਏ ਸਨ ਤਾਂ ਕਿ ਅਮਰੀਕਾ ਦੀ ਨਾਗਰਿਕ ਨਾਲ ਆਰਜ਼ੀ ਵਿਆਹ ਕਰਵਾ ਕੇ ਪੱਕੇ ਹੋਣ ਦਾ ਸਬੱਬ ਬਣ ਸਕੇ।

ਲਗਪਗ ਸਾਢੇ ਛੇ ਫੁੱਟ ਕੱਦ, ਮੋਕਲੇ ਹੱਡਾਂ-ਪੈਰਾਂ ਅਤੇ ਪਹਿਲਵਾਨੀ ਜੁੱਸੇ ਵਾਲਾ ਗਰੇਵਾਲ ਪਹਿਲਾਂ ਕਬੱਡੀ ਦਾ ਖਿਡਾਰੀ ਰਿਹਾ ਸੀ। ਉਸ ਦੇ ਡੌਲਿਆਂ ਵਿੱਚ ਅਜੇ ਵੀ ਜਾਨ ਦੀਆਂ ਮੱਛੀਆਂ ਫਰਕਦੀਆਂ ਸਨ। ਉਸ ਦੇ ਡੌਲੇ ਉਤੇ ਲੱਗਿਆ ਦਾਤਰ ਦਾ ਟੱਕ ਗਵਾਹੀ ਭਰਦਾ ਸੀ ਕਿ ਉਹ ਮੈਦਾਨੋਂ ਭੱਜਣ ਵਾਲਾ ਨਹੀਂ। ਉਸ ਦੀ ਆਵਾਜ਼ ਵਿੱਚ ਬਦਮਾਸ਼ਾਂ ਵਾਲਾ ਗੜਕਾ ਸੀ ਪਰ ਅੰਦਰੋਂ ਉਹ ਰੂੰ ਦੇ ਗੋਹੜੇ ਵਾਂਗ ਨਰਮ ਸੀ। ਉਸ ਦੀ ਸ਼ਖ਼ਸੀਅਤ ਅਤੇ ਡੀਲ-ਡੌਲ ਨੂੰ ਵੇਖ ਕੇ ਜਾਪਦਾ ਜਿਵੇਂ

ਕੁਦਰਤ ਨੇ ਉਸ ਨੂੰ ਅਮਰੀਕੀ ਟਰਾਲੇ ਚਲਾਉਣ ਵਾਸਤੇ ਹੀ ਘੜਿਆ ਹੋਵੇ। ਉਥੇ ਟਰਾਲੇ ਵੀ ਅਜਿਹੇ ਹੀ ਹੁੰਦੇ ਹਨ। ਜਿਹੜਾ ਟਰਾਲਾ ਗਰੇਵਾਲ ਚਲਾਉਂਦਾ ਸੀ ਉਹ ਵੀਹ ਪਹੀਆਂ ਵਾਲਾ ਤਿਹੱਤਰ ਫੁੱਟ ਲੰਮਾ ਟਰਾਲਾ, 350 ਹਾਰਸ ਪਾਵਰ ਇੰਜਨ ਨਾਲ ਚਲਦਾ ਹੈ। ਇਹ ਲਗਪਗ ਪੰਜਾਹ ਹਜ਼ਾਰ ਪੌਂਡ ਭਾਰ ਚੁੱਕਦਾ ਹੈ। ਸਾਡੇ ਟਰੱਕ ਤਾਂ ਉਸ ਅੱਗੇ ਟਰੱਕੀਆਂ ਹੀ ਜਾਪਣ। ਅਮਰੀਕੀ ਟਰੱਕਾਂ ਵਿੱਚ ਸੁੱਖ-ਸਹੂਲਤਾਂ ਬਹੁਤ ਹੁੰਦੀਆਂ ਹਨ। ਡਰਾਇਵਰ ਦੀ ਸੀਟ ਦੇ ਪਿੱਛੇ ਖੁੱਲ੍ਹੀ-ਡੁੱਲ੍ਹੀ ਥਾਂ ਵਿੱਚ ਗੱਦੇਦਾਰ ਪਲੰਘ, ਇੱਕ ਪਾਸੇ ਟੀ. ਵੀ., ਵੀ. ਸੀ. ਆਰ. ਦਾ ਕੈਬਨ ਅਤੇ ਦੂਜੇ ਪਾਸੇ ਫਰਿੱਜ।

ਅਮਰੀਕੀ ਡਰਾਇਵਰ ਦਾ ਕੰਮ ਵੀ ਸਾਡੇ ਡਰਾਇਵਰਾਂ ਤੋਂ ਕਿਤੇ ਵੱਖਰਾ ਹੈ। ਉਹ ਆਪਣੇ ਘਰ ਬੈਠਾ ਹੀ ਟੈਲੀਫੋਨ ਰਾਹੀਂ ਕੰਪਨੀ ਤੋਂ ਪੁਛਦਾ ਹੈ ਕਿ ਕਿੰਨੇ ਵਜੇ ਟਰਾਲਾ ਛੱਡਣ ਜਾਂ ਲੈਣ ਜਾਣਾ ਹੈ। ਮਿਥੇ ਵਕਤ ਟਰਾਲੇ ਨੂੰ ਆਪਣੇ ਟਰੱਕ ਪਿੱਛੇ ਪਾਉਂਦਾ ਹੈ। ਟਰਾਲਾ ਚਾਰੇ ਪਾਸਿਉਂ ਸੀਲ-ਬੰਦ ਹੁੰਦਾ ਹੈ, ਇਸ ਲਈ ਡਰਾਇਵਰ ਇਸ ਵਿਚਲੀ ਚੀਜ਼-ਵਸਤ ਦਾ ਜ਼ਿੰਮੇਵਾਰ ਨਹੀਂ ਹੁੰਦਾ। ਉਥੇ ਕੋਟ-ਪੈਂਟ ਅਤੇ ਟਾਈ ਲਾ ਕੇ ਟਰੱਕ ਚਲਾ ਰਹੇ ਵਿਅਕਤੀ ਨੂੰ ਵੇਖ ਕੇ ਤਾਂ ਸੱਚ ਹੀ ਨਹੀਂ ਆਉਂਦਾ ਕਿ ਇਹ ਟਰੱਕ ਡਰਾਇਵਰ ਹੈ।

ਆਪਣੀ ਐਂਟਰੀ ਕਰਵਾ ਕੇ ਦਿਨ ਦੇ ਦੋ ਕੁ ਵਜੇ ਗਰੇਵਾਲ ਨੇ ਟਰਾਲਾ ਸ਼ਿਕਾਗੋ ਤੋਂ ਕੋਹਲਾਰ ਵੱਲ ਤੋਰ ਲਿਆ। ਕੋਹਲਾਰ, ਵਿਸਕਾਨਸਿਨ ਸਟੇਟ ਵਿੱਚ ਮਿਲਵਾਕੀ ਤੋਂ ਅੱਗੇ ਹੈ। ਆਪਣੀ ਟਰੱਕਾਂ ਵਾਲੀ ਲੇਨ ਵਿੱਚ ਟਰੱਕ ਇੱਕ ਸੌ ਵੀਹ-ਤੀਹ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ। ਕਿਤੇ ਕਿਤੇ ਕੋਲੋਂ ਦੀ ਕੋਈ ਅਜਿਹਾ ਟਰੱਕ ਵੀ ਲੰਘਦਾ ਜਿਸ ਦੀ ਡਰਾਇਵਰ ਔਰਤ ਹੁੰਦੀ। ਮੈਂ ਇਸ ਕਿੱਤੇ ਵਿੱਚ ਔਰਤਾਂ ਪਹਿਲੀ ਵਾਰੀ ਵੇਖੀਆਂ। ਨਾਲ ਨਾ ਕੋਈ ਕਲੀਂਡਰ (ਕਲੀਨਰ) ਹੁੰਦਾ ਅਤੇ ਨਾ ਕੋਈ ਹੋਰ। ਇਕੱਲੀਆਂ ਨੌਜਵਾਨ ਕੁੜੀਆਂ ਨਿਧੜਕ ਫਿਰਦੀਆਂ ਸਨ। ਫਿਰਨ ਵੀ ਕਿਉਂ ਨਾ, ਥਾਂ ਥਾਂ ਉਨ੍ਹਾਂ ਦੀ ਸਹੂਲਤ ਲਈ ਟੈਲੀਫ਼ੋਨ ਲੱਗੇ ਹੋਏ ਸਨ। ਮਾਮੂਲੀ ਅਹੁਰ ਹੋਣ ਤੇ ਵੀ ਝੱਟ ਸਹਾਇਤਾ ਵਾਲਿਆਂ ਨੇ ਪਹੁੰਚ ਜਾਣਾ ਸੀ।

'ਸਰਕਾਰ ਦਾ ਕਾਨੂੰਨ ਤੀਵੀਆਂ ਦੇ ਐਨਾ ਹੱਕ 'ਚ ਐ ਕਿ ਕੋਈ ਸਾਲਾ ਇਹਨਾਂ ਦੀ 'ਵਾ ਵੱਲ ਵੀ ਨਹੀਂ ਵੇਖ ਸਕਦਾ। ਸੌ ਡਾਲਰ ਜੁਰਮਾਨਾ ਅਤੇ ਇੱਕ ਸਾਲ ਦੀ ਸਜ਼ਾ ਮਾਮੂਲੀ ਛੇੜ ਛਾੜ ਨਾਲ ਵੀ ਹੋ ਜਾਂਦੀ ਐ', ਗਰੇਵਾਲ ਉਨ੍ਹਾਂ ਦੀ ਨਿਧੜਕਤਾ ਦਾ ਰਾਜ਼ ਦੱਸ ਰਿਹਾ ਸੀ।

ਮਿਲਵਾਕੀ ਦੀ ਇੱਕ ਝਲਕ ਫੇਰ ਵੇਖੀ ਅਤੇ ਕੋਹਲਾਰ ਜਾ ਪਹੁੰਚੇ। ਕੰਪਨੀ ਦੀ ਸਟੋਰ ਵਾਲੀ ਥਾਂ ਸ਼ਹਿਰ ਤੋਂ ਕਾਫੀ ਹਟਵੀਂ ਸੁੰਨਸਾਨ ਜਿਹੇ ਇਲਾਕੇ ਵਿੱਚ ਸੀ। ਠੰਡੀ ਹਵਾ ਸਰੀਰ ਨੂੰ ਛੇੜ-ਛੇੜ ਲੰਘਦੀ ਸੀ। ਇੱਕ ਟਰੱਕ ਡਰਾਇਵਰ ਮੁਟਿਆਰ ਟਰਾਲਾ ਬਦਲ ਰਹੀ ਸੀ, ਬੇਫ਼ਿਕਰ, ਬੇਧੜਕ। ਇਹ ਕਿੱਤਾ ਸ਼ਾਇਦ ਉਸ ਨੇ ਮਜਬੂਰੀ ਦੀ ਥਾਂ ਐਡਵੈਂਚਰ ਵਾਸਤੇ ਹੀ ਚੁਣਿਆਂ ਹੋਵੇ। ਅਮਰੀਕਾ ਵਿੱਚ ਹਰੇਕ ਕਿੱਤੇ ਵਾਂਗ ਟਰੱਕ-ਡਰਾਇਵਰੀ ਦਾ ਕਿੱਤਾ ਵੀ ਸਨਮਾਨਯੋਗ ਸਮਝਿਆ ਜਾਂਦਾ ਹੈ।

ਅਸੀਂ ਟਰਾਲਾ ਬਦਲ ਕੇ ਪਾਣੀ-ਧਾਣੀ ਪੀਣ ਟਰੱਕਾਂ ਵਾਲਿਆਂ ਲਈ ਬਣਾਏ ਅਰਾਮ-ਘਰ ਵਿੱਚ ਚਲੇ ਗਏ। ਗਰੇਵਾਲ ਨੇ ਮਸ਼ੀਨ ’ਚ ਪੈਸੇ ਪਾਏ ਤਾਂ ਮਸ਼ੀਨ ਨੇ ਦੋ ਕੱਪ ਚਾਕਲੇਟ-ਕੌਫੀ ਦੇ ਭਰ ਦਿੱਤੇ ਅਤੇ ਬਕਾਇਆ ਵਾਪਸ ਆ ਗਿਆ। ਇਹ ਅਰਾਮ-ਘਰ ਕਿਸੇ ਵੱਡੇ ਅਫ਼ਸਰ ਦੇ ਦਫ਼ਤਰ ਵਰਗਾ ਸੀ। ਏ. ਸੀ., ਕਾਰਪੈੱਟ ਵਿਛਿਆ ਹੋਇਆ, ਸੋਫ਼ੇ, ਫਰਿੱਜ, ਵਾਟਰ-ਕੂਲਰ ਅਤੇ ਇੱਕ ਨੁੱਕਰ ਵਿੱਚ ਪੜ੍ਹਨ ਵਾਲਾ ਮੇਜ਼-ਕੁਰਸੀ।

ਗਰੇਵਾਲ ਦੇ ਦਿਮਾਗ ਵਿੱਚ ਸਲੀਵ-ਲੈੱਸ ਟੀ-ਸ਼ਰਟ ਵਾਲੀ ਟਰੱਕ ਡਰਾਇਵਰ ਨੱਢੀ ਅਜੇ ਵੀ ਢਾਸਣਾ ਲਾਈ ਬੈਠੀ ਸੀ, ‘ਇਹ ਸਾਲੀਆਂ ਮੇਮਾਂ ਹਬਸ਼ੀਆਂ ਉਤੇ ਬਹੁਤ ਮਰਦੀਐਂ, ਸੈਕਸ ਦੇ ਮਾਮਲੇ ਵਿੱਚ ਇਹ ਕੰਜਰ ਪਸ਼ੂਆਂ ਵਰਗੇ ਹੁੰਦੇ ਐ। ਮੈਂ ਤਾਂ ਸੁਣਿਐਂ ਕੰਡੇ ਹੁੰਦੇ ਐ ਇਨ੍ਹਾਂ ਦੀ ਜੀਭ ਤੇ, ਰਿੱਛ ਵਾਂਗੂੰ ਪਹਿਲਾਂ ਤੀਵੀਂ ਦੇ ਪੈਰਾਂ ਦੀਆਂ ਤਲੀਆਂ ਚਟਦੇ ਐ ਤੇ ਫੇਰ … ’

ਭਾਰਤੀ ਟਰੱਕ ਡਰਾਇਵਰ ਵਾਂਗ, ‘ਬਾਰੀ ਵਿਚੋਂ ਸਿਰ ਕੱਢ ਕੇ ਕਹਿੰਦੇ ਪੱਠਿਆ ਕਿਧਰ ਨੂੰ ਜਾਣਾ’ ਨਾ ਕਹਿ ਸਕਣ ਦੀ ਬੇਬਸੀ ਗਰੇਵਾਲ ਅੰਦਰੋਂ ਉਬਲ ਉਬਲ ਨਿਕਲ ਰਹੀ ਸੀ।

ਵਾਪਸੀ ਸਮੇਂ ਕੋਹਲਾਰ ਤੋਂ ਬਾਹਰ ਨਿਕਲਦਿਆਂ ਹੀ ਅਸੀਂ ਇੱਕ ਰੈਸਟ ਏਰੀਏ ਕੋਲ ਰੁਕ ਗਏ।’ਚੱਲ ਯਾਰ ਕਰੜੇ ਹੋਣ ਲਈ ਕੋਈ ਗੋਲੀ-ਗੱਪਾ ਲਈਏ ਇਥੋਂ’ ਕਹਿੰਦਿਆਂ ਉਹ ਸਟੋਰ ਵੱਲ ਤੁਰ ਪਿਆ। ‘ਆਪਣੇ ਤਾਂ ਐਸ ਵੇਲੇ ਟਰੱਕਾਂ ਵਾਲੇ ਟੁੰਨ ਹੁੰਦੇ ਐ, ਭਾ ਏਥੋਂ ਦਾ ਕਾਨੂੰਨ ਜ਼ਿਆਦਾ ਕਰੜਾ ਐ, ਦਾਰੂ ਪੀ ਕੇ ਟਰੱਕ ਚਲਾਉਂਦਾ ਫੜ੍ਹਿਆ ਜਾਵੇ ਤਾਂ ਝੱਟ ਲਾਇਸੰਸ ਕੈਂਸਲ ਕਰ ਦਿੰਦੇ ਐ’ ਮੇਰੇ ਵਾਂਗ ਗਰੇਵਾਲ ਦਾ ਮੂਡ ਵੀ ਘੁੱਟ ਲਾਉਣ ਦਾ ਸੀ, ਪਰ ਬੇਬਸੀ ਸੰਘ ’ਚ ਅੰਗੂਠਾ ਦੇਈ ਖੜ੍ਹੀ ਸੀ।

ਮੈਕਡੋਨਲ ਖਾ ਕੇ ਸਬਰ ਦਾ ਘੁੱਟ ਪੀਤਾ ਅਤੇ ਪੰਧ ਮੁਕਾਉਣ ਲੱਗੇ। ਇੱਕ ਸੁੰਨੀ ਜਿਹੀ ਥਾਂ ਉਤੇ ਸੜਕ ਦੇ ਕਿਨਾਰੇ ਇੱਕ ਕਾਰ ਕੋਲ ਤਿੰਨ ਔਰਤਾਂ ਖੜ੍ਹੀਆਂ ਸਨ। ਟਰੱਕ ਦੀਆਂ ਤੇਜ ਲਾਈਟਾਂ

Academy of the Punjab in North America: http://www.apnaorg.com

ਨਾਲ ਉਨ੍ਹਾਂ ਦੇ ਗੋਰੇ ਚਿੱਟੇ ਜਿਸਮ ਕਾਂਸੀ ਦੇ ਛੰਨੇ ਵਾਂਗ ਚਮਕੇ। ਉਨ੍ਹਾਂ ਨੇ ਕੇਵਲ ਬਰਾ ਤੇ ਕੱਛੀਆਂ ਪਾਈਆਂ ਹੋਈਆਂ ਸਨ।

'ਗਸ਼ਤੀਆਂ ਨੇ ਏਹ, ਸਾਲੀਆਂ ਮਾਰ ਉਤੇ ਖੜ੍ਹੀਐਂ।' ਗਰੇਵਾਲ ਨੇ ਦੱਸਿਆ ਅਤੇ

ਨਾਲ ਹੀ ਪੁੱਛਿਆ,

'ਕਰਨੈ ਸ਼ੁਗਲ-ਪਾਣੀ?'

'ਕਰ ਲੈਨੇ ਆਂ' ਮੈਂ ਹਾਮੀ ਭਰੀ।

ਉਸ ਨੇ ਕੁੱਝ ਅੱਗੇ ਜਾ ਕੇ ਟਰੱਕ ਸਾਈਡ ਉਤੇ ਲਾਇਆ। ਦੋ ਤਿੰਨ ਵਾਰ ਲਾਈਟਾਂ ਇਉਂ ਬੰਦ ਕਰਕੇ ਜਗਾਈਆਂ, ਜਿਵੇਂ ਕੋਈ ਮੁਸ਼ਟੰਡਾ ਕੰਧ ਉਤੋਂ ਦੀ ਗਵਾਂਢੀਆਂ ਦੇ ਘਰੇ ਅੱਖਾਂ ਮਾਰ ਰਿਹਾ ਹੋਵੇ। ਫੇਰ ਟਰੱਕ ਹੌਲੀ ਹੌਲੀ ਤੋਰ ਲਿਆ। ਸ਼ੀਸ਼ੇ 'ਚੋਂ ਵੇਖਿਆ, ਉਨ੍ਹਾਂ ਦੀ ਕਾਰ ਮਗਰ ਆ ਰਹੀ ਸੀ। ਉਨ੍ਹਾਂ ਨੇ ਵੀ ਬੱਤੀਆਂ ਰਾਹੀਂ ਹੁੰਘਾਰਾ ਅੱਖ ਮਾਰ ਕੇ ਭਰਿਆ।

'ਕਈ ਵਾਰੀ ਪੁਲਸ ਵਾਲੀਆਂ ਵੀ ਇਸ ਭੇਸ 'ਚ ਛਾਪੇ ਮਾਰਦੀਐਂ।' ਗਰੇਵਾਲ ਅੰਦਰੋਂ ਡਰ ਵੀ ਰਿਹਾ ਸੀ ਕਿ ਕਿਤੇ ਮਿਸ਼ਰੀ ਦੇ ਭੁਲੇਖੇ ਕਪਾਹ ਦੀ ਫੁੱਟੀ ਨਾ ਚੱਬ ਲਈਏ।

'ਛੱਡੋ ਪਰ੍ਹੇ ਫੇਰ, ਕਾਹਨੂੰ ਜਾਂਦੀ ਬਲਾਅ ਨੂੰ ਦੁਪਹਿਰਾ ਕੱਟਣ ਲਈ ਬੁਲਾਉਣੈ' ਖਤਰਾ ਭਾਂਪ ਕੇ ਮੈਂ ਵੀ ਦਹਿਲ ਗਿਆ।

ਉਹ ਕਾਰ ਨੂੰ ਬਿਲਕੁਲ ਟਰੱਕ ਦੇ ਨੇੜੇ ਲੈ ਆਈਆਂ, ਫੇਰ ਇਸ਼ਾਰਾ ਕੀਤਾ, ਪਰ ਹੁਣ ਅਸੀਂ ਹੁੰਗਾਰਾ ਨਾ ਭਰਿਆ। ਸਾਨੂੰ ਬਰਫ਼ ਦੀਆਂ ਸਿੱਲ੍ਹਾਂ ਆਖ ਕੇ ਗਾਲ੍ਹਾਂ ਕੱਢਦੀਆਂ ਉਹ ਕਾਰ ਭਜਾ ਕੇ ਅੱਗੇ ਲੰਘ ਗਈਆਂ। ਪਰ ਉਹ ਸਾਡੇ ਅੰਦਰ ਕੋਈ ਕੁਤਕੁਤੀ ਜਿਹੀ ਛੇੜ ਗਈਆਂ।

'ਚੱਲ ਹੁਣ ਇਹ ਵਾਰ ਤਾਂ ਗਿਆ ਸੁੱਕਾ, ਅੱਗੇ ਚੱਲ ਕੇ ਤੈਨੂੰ ਇੱਕ ਹੋਰ ਚੀਜ਼ ਵਿਖਾਉਣੈ ਨਾਲੇ ਖਤਰਾ ਕੋਈ ਨੀ' ਗਰੇਵਾਲ ਨੇ ਮੈਨੂੰ ਇਵਜ਼ੀ ਬੋਨਸ ਦੇਣ ਵਾਂਗ ਕਿਹਾ। ਘੰਟੇ ਕੁ ਦੀ ਵਾਟ ਤੋਂ ਪਿੱਛੋਂ ਉਸ ਨੇ ਟਰੱਕ ਹਾਈਵੇ ਤੋਂ ਪਾਟੀ ਇੱਕ ਟੋਟਾ ਸੜਕ ਉਤੇ ਪਾ ਲਿਆ। ਟਰੱਕ ਜਗਮਗ ਕਰਦੀਆਂ ਰੋਸ਼ਨੀਆਂ ਵਾਲੇ ਸਟੋਰ ਅੱਗੇ ਰੁਕਿਆ। 'ਅਡੱਲਟ ਬੁੱਕ ਸਟੋਰ' ਦੇ ਬੋਰਡ ਨੇ ਦੱਸ ਦਿੱਤਾ ਕਿ ਇਥੇ ਸੈਕਸ ਨਾਲ ਸਬੰਧਿਤ ਕਿਤਾਬਾਂ ਹੋਣਗੀਆਂ, ਸਾਡੇ ਕੋਕ-ਸ਼ਾਸਤਰ ਵਰਗੀਆਂ। ਪਰ ਅੰਦਰ ਜਾ ਕੇ ਵੇਖਿਆ ਤਾਂ ਕਈ ਕੁੱਝ ਹੋਰ ਵੀ ਸੀ। ਸੰਭੋਗ ਕਿਰਿਆਵਾਂ ਦੀਆਂ ਤਸਵੀਰਾਂ ਵਾਲੇ ਮੈਗਜ਼ੀਨ ਤੇ ਕਿਤਾਬਾਂ ਸਜਾ ਕੇ ਰੱਖੀਆਂ ਹੋਈਆਂ ਸਨ। ਬਲਿਊ ਫ਼ਿਲਮਾਂ ਦੀਆਂ ਕੈਸਟਾਂ ਦੇ ਰੈਕ ਭਰੇ ਪਏ ਸਨ। ਸਟੋਰ 'ਚ ਨਿੱਕੇ ਨਿੱਕੇ ਕੈਬਨ ਬਣੇ ਹੋਏ ਸਨ ਜਿਥੇ ਅਮਰੀਕੀ ਚੁਆਨੀ ਪਾ ਕੇ ਟੀ.

Academy of the Punjab in North America: http://www.apnaorg.com

ਵੀ. ਉਤੇ ਬਲਿਊ ਫ਼ਿਲਮ ਵੇਖੀ ਜਾ ਸਕਦੀ ਸੀ। ਸਟੋਰ ਦੇ ਇੱਕ ਭਾਗ ਵਿੱਚ ਮਰਦਾਨਾ ਅਤੇ ਜ਼ਨਾਨਾ ਨਕਲੀ ਇੰਦਰੀਆਂ ਦਾ ਅੰਬਾਰ ਲੱਗਿਆ ਪਿਆ ਸੀ। ਇਹ ਸੈਲਾਂ ਜਾਂ ਬਿਜਲੀ ਨਾਲ ਚਲਦੀਆਂ ਸਨ। ਇਥੇ ਜ਼ਿਆਦਾਤਰ ਗਾਹਕ ਮਰਦ ਹੀ ਸਨ, ਪਰ ਟਾਵੀਂ ਟਾਵੀਂ ਜ਼ਨਾਨੀ ਵੀ ਸੀ। ਮੈਂ ਚੋਰੀ ਅੱਖ ਵੇਖਿਆ ਕਿਸੇ ਦੇ ਵੀ ਚਿਹਰੇ ਉਤੇ ਗਿਲਾਨੀ ਦੇ ਕੋਈ ਉਹ ਭਾਵ ਨਹੀਂ ਸਨ ਜਿਹੜੇ ਅਜਿਹੇ 'ਲੁੱਚ-ਪਹੁ' ਵਾਲੇ ਥਾਵਾਂ ਉਤੇ ਆਇਆਂ ਸੁਭਾਵਕ ਹੀ ਚਿਹਰੇ ਉਤੇ ਤੈਰਨ ਲਗਦੇ ਹਨ। ਅਮਰੀਕੀ ਲੋਕਾਂ ਲਈ ਤਾਂ ਜਿਵੇਂ ਇਹ ਮੂਲੀਆਂ-ਗਾਜਰਾਂ ਦਾ ਸਟੋਰ ਹੋਵੇ। ਸੱਚਮੁੱਚ ਇਹ ਲਾਇਸੰਸ-ਸ਼ੁਦਾ ਸਟੋਰ ਸੀ।

'ਕਿਉਂ ਪ੍ਰੋਫ਼ੈਸਰ ਸਾਹਿਬ, ਚੱਲੀਏ ਕਿ ਕੋਈ ਕਸਰ ਬਾਕੀ ਐ' ਕਹਿ ਕੇ ਗਰੇਵਾਲ ਨੇ ਮੈਨੂੰ ਸ਼ਰਮਿੰਦਾ ਜਿਹਾ ਕਰ ਦਿੱਤਾ। ਮੈਨੂੰ ਜਾਪਿਆ ਜਿਵੇਂ ਉਹ ਕਹਿ ਰਿਹਾ ਹੋਵੇ, 'ਵਾਹ ਭਾਈ ਜੀ ਵਾਹ, ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ।'

ਮੈਂ ਮਨ 'ਚ ਕਈ ਪ੍ਰਸ਼ਨ ਲੈ ਕੇ ਟਰੱਕ 'ਚ ਆ ਬੈਠਾ। ਅਮਰੀਕੀ ਸਰਕਾਰ ਇਸ ਤਰ੍ਹਾਂ ਦੀਆਂ ਖੁੱਲ੍ਹਾਂ ਦੇ ਕੇ ਕੀ ਹਾਸਲ ਕਰਨਾ ਚਾਹੁੰਦੀ ਹੈ? ਅਜਿਹਾ ਮਾਲ-ਮੱਤਾ ਲੋਕਾਂ ਨੂੰ ਕਾਮ-ਵਿਸਫੋਟ ਤੋਂ ਬਚਾਉਣ ਲਈ ਸੇਫਟੀ ਵਾਲਵ ਦਾ ਕੰਮ ਕਰਦਾ ਹੈ ਕਿ ਉਨ੍ਹਾਂ ਨੂੰ ਹੋਰ ਭੜਕਾਉਂਦਾ ਹੋਵੇਗਾ? ਮੈਨੂੰ ਆਪ ਨੂੰ ਕਿਵੇਂ ਮਹਿਸੂਸ ਹੋਇਆ ਸੀ? ਇਸ ਗੱਲ ਤੋਂ ਮੈਂ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਲੱਭਣ ਲੱਗਿਆ। ਸਟੋਰ 'ਚ ਵੜਦੇ ਸਾਰ ਤਾਂ ਕਾਮੁਕ-ਬਿਰਤੀ ਦੀ ਲਹਿਰ ਜਿਹੀ ਮੇਰੇ ਅੰਦਰ ਉੱਠੀ ਸੀ ਪਰ ਫਿਰ ਇਹ ਥਾਏਂ ਦਮ ਤੋੜ ਗਈ ਸੀ। ਫੇਰ ਮੈਨੂੰ ਕੁਰਹਿਤ ਜਿਹੀ ਆਉਣ ਲੱਗ ਪਈ। ਇਸ ਤਰ੍ਹਾਂ ਦਾ ਬੇਹਯਾਈ ਭਰਿਆ ਨੰਗਾਪਣ ਉਸ ਰੁਮਾਂਸ ਚੇਤਨਾ ਨੂੰ ਸੌ ਫੀਸਦੀ ਮਾਰ ਦਿੰਦਾ ਹੈ ਜਿਹੜੀ ਵਿਰੋਧੀ-ਸੈਕਸ ਦੀ ਕਲਪਨਾ ਨਾਲ ਪੈਦਾ ਹੋ ਕੇ ਜੀਵਨ 'ਚ ਹੁਲਾਸ ਪੈਦਾ ਕਰਦੀ ਹੈ। ਪਰ ਕੀ ਮੱਕਿਓਂ ਪਰ੍ਹੇ ਉਜਾੜ ਵੇਖ ਕੇ ਵਿਅਕਤੀ ਸੰਤੁਸ਼ਟ ਹੋ ਜਾਂਦਾ ਹੈ? ਮੇਰਾ ਖ਼ਿਆਲ ਹੈ ਨਹੀਂ। ਉਜਾੜੋਂ ਪਰੇ ਵੇਖਣ ਦੀ ਇੱਛਾ ਫੇਰ ਵੀ ਨਹੀਂ ਮਰਦੀ ਹੋਵੇਗੀ।

'ਭਾ ਇਸ ਮੁਲਕ ਦਾ ਤਾਂ ਸਿੱਧਾ ਹਿਸਾਬ ਐ, ਪੈਸਾ ਕਮਾਓ, ਜੋ ਮਰਜ਼ੀ ਖਰੀਦੋ ਅਤੇ ਮਜ਼ੇ ਲਓ' ਗਰੇਵਾਲ ਨੇ ਮੈਨੂੰ ਚੁੱਪ ਦੇ ਸਾਗਰ 'ਚ ਗੋਤੇ ਖਾ ਰਹੇ ਨੂੰ ਬਾਹਰ ਕੱਢਣ ਲਈ ਕਿਹਾ।

'ਗਰੇਵਾਲ ਤੈਨੂੰ ਇਹ ਸਭ ਠੀਕ ਲਗਦੈ?' ਮੈਂ ਪੁੱਛਿਆ।

'ਠੀਕ ਈ ਐ, ਇਹਦੇ 'ਚ ਗ਼ਲਤ ਕੀ ਐ, ਸਭ ਕੁੱਝ ਵੇਖ ਕੇ ਲੋਕਾਂ ਦਾ ਮੱਚ ਮਰ ਜਾਂਦੈ, ਫੇਰ ਅਰਾਮ ਨਾਲ ਆਪਣਾ ਕੰਮ-ਧੰਦਾ ਕਰੀ ਜਾਂਦੇ ਐ, ਤਾਂ ਈ ਤਾਂ ਇਹ ਲੋਕ ਤੀਵੀਆਂ ਵੰਨੀ ਆਨੇ ਟੱਡ-

Academy of the Punjab in North America: http://www.apnaorg.com

ਟੱਡ ਨਹੀਂ ਵੇਖਦੇ। ਆਪਣੇ ਵੇਖਿਆ ਕਿਵੇਂ ਭੁੱਖੀਆਂ ਅੱਖਾਂ ਨਾਲ ਝਾਕ ਝਾਕ ਹੀ ਬਿਗਾਨੀ ਤੀਵੀਂ ਨੂੰ ਗੱਭਣ ਕਰਨ ਤੱਕ ਜਾਂਦੇ ਐ, ਸੈਕਸ ਦਾ ਬੁਖ਼ਾਰ ਆਪਣੇ ਲੋਕਾਂ ਦੇ ਦਿਮਾਗ ਨੂੰ ਚੜ੍ਹਿਆ ਪਿਐ। ਇਸ ਬਿਮਾਰੀ ਦਾ ਇਲਾਜ ਏਹੀ ਐ, ਜੋ ਆਪਾਂ ਵੇਖ ਕੇ ਆਏ ਆਂ, ਕਿੰਨੇ ਕੁ ਦਿਨ ਵੇਖਦਾ ਰਹੂ ਬੰਦਾ, ਅਖੀਰ ਨਿੱਤ ਤਾਂ ਖੰਡ-ਖੀਰ ਤੋਂ ਮਨ ਲਹਿ ਜਾਂਦੈ' ਗਰੇਵਾਲ ਅਮਰੀਕੀ ਲੋਕਾਂ ਵਾਂਗ ਹੀ ਬਿਨਾ ਕਿਸੇ ਲੁੱਕ-ਲਪੇਟ ਤੋਂ ਬੋਲ ਰਿਹਾ ਸੀ। ਉਹ ਇਸ ਤਰ੍ਹਾਂ ਹੀ ਮਹਿਸੂਸ ਕਰਦਾ ਲਗਦਾ ਸੀ।

ਮੈਂ ਅਜੇ ਵੀ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਸਕਿਆ ਸੀ। ਮਨੁੱਖ ਨੂੰ ਹਰ ਤਰ੍ਹਾਂ ਦੀ ਆਜ਼ਾਦੀ ਦੇਣ ਵਾਲੀ ਗੱਲ ਤਾਂ ਮੈਨੂੰ ਚੰਗੀ ਲੱਗਦੀ ਹੈ ਪਰ ਇਸ ਦੇ ਪਿੱਛੇ ਮੈਨੂੰ ਸਥਾਪਤੀ ਦੀ ਕੋਈ ਅਜਿਹੀ ਭਾਵਨਾ ਨਜ਼ਰ ਨਾ ਆਈ। ਮੈਨੂੰ ਜਾਪਿਆ ਜਿਵੇਂ ਅਜ਼ਾਦੀ ਦੇ ਨਾਂ ਉਤੇ ਸੈਕਸ ਵਪਾਰ ਚਲਾਇਆ ਜਾ ਰਿਹਾ ਹੈ। ਇਸ ਗੱਲ ਦਾ ਸਬੰਧ ਵਿਕਸਤ ਪੂੰਜੀਵਾਦੀ ਵਿਵਸਥਾ ਦੀ ਵਿਚਾਰਧਾਰਾ ਨਾਲ ਲੱਗਿਆ। ਪਰ ਐਨੇ ਵੱਡੇ ਮਸਲੇ ਨੂੰ ਮੈਂ ਝੱਟ-ਪੱਟ ਚੰਗੀ ਤਰ੍ਹਾਂ ਨਾ ਸਮਝ ਸਕਿਆ। ਦੂਜੇ ਪਾਸੇ ਆਪਣੇ ਮੁਲਕ ਵੱਲ ਝਾਤੀ ਮਾਰੀ ਤਾਂ ਮੈਂ ਸੋਚਿਆ, 'ਅਸੀਂ ਸੈਕਸ ਦੇ ਮਸਲਿਆਂ ਉਤੇ ਪਰਦਾ ਪਾ ਕੇ ਮਨੁੱਖ ਨੂੰ ਕਿੰਨਾ ਕੁ ਉਸਾਰੂ ਬਣਾ ਲਿਆ? ਲੁਕ-ਛਿਪ ਕੇ ਤਾਂ ਇਹ ਸਭ ਕੁੱਝ ਸਾਡੇ ਵੀ ਹੁੰਦਾ।'

ਮੈਂ ਗਰੇਵਾਲ ਦੇ ਘਰ ਪਹੁੰਚਣ ਤੱਕ ਰਾਤ ਦੇ ਤਿੰਨ ਵਜੇ ਤਾਈਂ ਇਹੀ ਤਾਣੀ ਸੁਲਝਾਉਂਦਾ ਰਿਹਾ। ਘਰੇ ਵੜੇ ਤਾਂ ਕਾਰਪੈੱਟ ਉਤੇ ਚੌਲਾਂ ਦੇ ਦਾਣੇ ਖਿਲਰੇ ਨਜ਼ਰ ਆਏ। ਰੋਸ਼ਨੀ ਵਿੱਚ ਗਹੁ ਨਾਲ ਵੇਖਿਆ ਤਾਂ ਇਹ ਦਾਣੇ ਤੁਰ ਰਹੇ ਦਿੱਸੇ। 'ਇਹ ਸਾਲੀਆਂ ਸੁੰਡੀਆਂ ਕਿੱਥੋਂ ਆ ਗਈਆਂ?' ਕਹਿੰਦਿਆਂ ਗਰੇਵਾਲ ਨੇ ਡਾਂਗ ਦੇ ਸਿਰੇ ਉਤੇ ਜੜ੍ਹਿਆ ਝਾੜੂ ਚੁੱਕ ਲਿਆਂਦਾ। ਘਰ ਵਿਚੋਂ ਸਲ੍ਹਾਬ ਦਾ ਮੁਸ਼ਕ ਆ ਰਿਹਾ ਸੀ। ਸਫ਼ਾਈ ਦੀ ਖਸਤਾ ਹਾਲਤ ਕਰਕੇ ਚੀਜ਼ਾਂ ਵੀ ਥਾਂ ਟਿਕਾਣੇ ਨਹੀਂ ਸਨ। ਦਸ ਘੰਟੇ ਟਰਾਲਾ ਚਲਾਉਣ ਪਿੱਛੋਂ ਸਫ਼ਾਈ ਵੱਲ ਕਿੰਨਾ ਕੁ ਧਿਆਨ ਦਿੱਤਾ ਜਾ ਸਕਦਾ ਹੈ। ਜ਼ਨਾਨੀ ਬਿਨਾਂ ਕਾਹਦਾ ਘਰ ਹੁੰਦਾ ਹੈ? ਏਧਰੋਂ ਧਿਆਨ ਹਟਾਉਣ ਲਈ ਮੈਂ ਕੋਲ ਪਏ ਸਟੀਰੀਓ ਦਾ ਬਟਨ ਦੱਬ ਦਿੱਤਾ। ਮਨਮੋਹਨ ਵਾਰਿਸ ਗਾ ਰਿਹਾ ਸੀ, 'ਮਿੱਤਰਾਂ ਨੂੰ ਇੰਜ ਲੱਗਦਾ, ਸੱਜਰੇ ਚੱਲੇ ਮੁਕਲਾਵੇ।' ਤੇਜ਼-ਤਰਾਰ ਸੰਗੀਤ ਦੀ ਲੋਰ ਨਾਲ ਗਰੇਵਾਲ ਨੇ ਭੰਗੜੇ ਵਾਲਿਆਂ ਦੇ ਖੂੰਡੇ ਵਾਂਗ ਝਾੜੂ ਨੂੰ ਸਿਰ ਤੋਂ ਉੱਚਾ ਕਰਕੇ ਟੇਢਾ ਕੀਤਾ ਅਤੇ ਦੋ ਕੁ ਸਟੈੱਪ ਲਏ। ਮੇਰਾ ਹਾਸਾ ਨਿਕਲ ਗਿਆ। ਮਾਹੌਲ ਸੁਖਾਵਾਂ ਹੋ ਗਿਆ ਪਰ ਗਰੇਵਾਲ ਦਾ ਅਜੇ 'ਚੌਂਕਾ-ਚੁੱਲ੍ਹਾ' ਕਰਨ ਦਾ ਮੂਡ ਨਹੀਂ ਸੀ। ਉਹ 'ਸਿਵਾਜ਼ ਰੀਗਲ' ਨਾਂ ਦੀ ਸਕਾਚ ਵਿਸਕੀ ਦੇ ਦੋ 'ਪਟਿਆਲਾ ਪੈੱਗ' ਪਾ ਲਿਆਇਆ। ਟੇਪ ਬੰਦ ਕਰਕੇ ਅਸੀਂ ਨਾਲ ਦੇ ਟੀ. ਵੀ. ਵਾਲੇ ਕਮਰੇ 'ਚ ਜਾ ਬੈਠੇ। ਉਸ ਨੇ ਪਰਮਿੰਦਰ ਸੰਧੂ ਦੇ ਗਾਣਿਆਂ ਦੀ ਵੀਡੀਓ

Academy of the Punjab in North America: http://www.apnaorg.com

ਕੈਸਟ ਚਲਾ ਲਈ। ਉਸ ਦੇ ਹੱਸਦੀ ਦੇ ਚਿੱਟੇ ਦੰਦ ਮੱਕੀ ਦੇ ਫੁੱਲਿਆਂ ਵਾਂਗ ਖਿੜੇ ਪਏ ਸਨ। ਲੱਕ ਨੂੰ ਹਲਕਾ ਜਿਹਾ ਹੁਲਾਰਾ ਦਿੰਦਿਆਂ ਉਸ ਨੇ ਬੋਲ ਕੱਢਿਆ, 'ਆਪ ਤਾਂ ਤੂੰ ਜਾ ਕੇ ਪਰਦੇਸ ਮੌਜਾਂ ਮਾਣਦਾ ਏਂ, ਸਾਨੂੰ ਯਾਦਾਂ ਤੇਰੀਆਂ ਸਤਾਉਣ, .... ਯਾਦਾਂ ਤੇਰੀਆਂ ਸਤਾਉਣ।'

'ਅੰਤ ਐ ਸਾਲੀਆਂ ਮੌਜਾਂ ਦਾ, ਸਾਡੀ ਚਟਣੀ ਹੋਈ ਪਈ ਐ ਏਥੇ।' ਗਰੇਵਾਲ ਨੇ ਗੀਤ ਤੇ ਟਿੱਪਣੀ ਕੀਤੀ ਅਤੇ ਫਿੱਕਾ ਜਿਹਾ ਹੱਸਿਆ।

ਪਰਮਿੰਦਰ ਸੰਧੂ ਦੀ ਚੜ੍ਹਤ ਦੇ ਦਿਨ, ਜਦੋਂ ਉਹ ਸਟੇਜ਼ ਉਤੇ ਭੰਬੀਰੀ ਵਾਂਗ ਘੁਕਦੀ ਫਿਰਦੀ ਹੁੰਦੀ ਸੀ, ਗੱਲ੍ਹਾਂ ਅਤੇ ਠੋਡੀ 'ਚ ਪੈਂਦੇ ਟੋਇਆਂ ਨਾਲ ਹਲਾਲ ਕਰਦੀ ਸੰਧੂ। ਸਾਡਾ ਉਸ ਦੇ ਵਿਆਹ ਕਰਵਾਉਣ ਅਤੇ ਫੇਰ ਬੱਚਾ ਜੰਮਣ ਤੱਕ ਦੀਆਂ ਗੱਲਾਂ ਦਾ ਸਿਲਸਿਲਾ ਲਮਕ ਗਿਆ ਸੀ। ਦਿਨ ਚੜ੍ਹਨ 'ਚ ਘੰਟਾ ਕੁ ਰਹਿੰਦਾ ਸੀ। ਅਸੀਂ ਚਿਕਨ ਨਾਲ ਬਰੈੱਡ ਖਾਧੇ ਅਤੇ ਸੌਣ ਦੀ ਕੋਸ਼ਿਸ਼ ਕਰਨ ਲੱਗੇ।

ਅਮਰੀਕਾ ਵਿੱਚ ਸੌਣ ਅਤੇ ਜਾਗਣ ਦਾ ਕੋਈ ਪੱਕਾ ਵੇਲਾ ਨਹੀਂ। ਬੱਸ ਦਾਅ ਲੱਗਣ ਦੀ ਗੱਲ ਹੈ। ਅਜੇ ਏਨਾ ਸ਼ੁਕਰ ਸੀ ਕਿ ਭਾਰਤ ਵਾਂਗ ਗੁਰਦੁਆਰਿਆਂ-ਮੰਦਰਾਂ 'ਚ ਟੱਲ ਖੜਕਣ ਅਤੇ ਸਪੀਕਰਾਂ ਦਾ ਹੋ-ਹੱਲਾ ਨਹੀਂ ਸੀ। ਨਾਲ ਦੀ ਸੜਕ ਤੋਂ ਲੰਘਦੀਆਂ ਕਾਰਾਂ-ਮੋਟਰਾਂ ਵੀ ਹਾਰਨ ਨਹੀਂ ਮਾਰ ਰਹੀਆਂ ਸਨ। ਸਿਰਫ ਟੈਰਾਂ ਦੀ ਸ਼ੂਕ ਜਿਹੀ ਸੁਣਦੀ ਸੀ। ਪੂਰੀ ਚੁੱਪ-ਚਾਂਦ ਦੇ ਬਾਵਜੂਦ ਨੀਂਦ ਰਾਣੀ ਨੇੜੇ ਨਹੀਂ ਸੀ ਆ ਰਹੀ। ਮੈਨੂੰ ਆਪਣੇ ਬੱਚਿਆਂ ਤੋਂ ਦੂਰ ਹੋਏ ਅਜੇ ਮਸਾਂ ਹੀ ਹਫ਼ਤਾ ਹੋਇਆ ਸੀ। ਫਿਰ ਵੀ ਮਨ ਉਦਰੇਵਾਂ ਮੰਨ ਰਿਹਾ ਸੀ। ਤੇ ਗਰੇਵਾਲ ਨੂੰ ਤਾਂ ਪੂਰੇ ਅੱਠ ਸਾਲ ਹੋ ਗਏ ਸਨ, ਘਰਵਾਲੀ ਨੂੰ ਮਿਲਿਆਂ। ਕਿਵੇਂ ਧਰਵਾਸਾ ਦਿੰਦਾ ਹੋਵੇਗਾ ਦਿਲ ਨੂੰ? ਓਧਰ ਪਤਨੀ ਕਿਵੇਂ ਸੂਲਾਂ ਦੇ ਬਿਸਤਰੇ ਉਤੇ ਪਾਸੇ ਪਰਤਦਿਆਂ ਰਾਤਾਂ ਕੱਟਦੀ ਹੋਵੇਗੀ? 'ਨੋਟ ਸੱਪ ਦੀ ਸਿਰੀ ਤੋਂ ਚੱਕਣੇ, ਔਖੀ ਐ ਡਰਾਇਵਰੀ ਬਿੱਲੋ', ਪੰਜਾਬ ਦੇ ਟਰੱਕਾਂ ਪਿੱਛੇ ਆਮ ਲਿਖਿਆ ਮਿਲਦਾ ਗੀਤ ਮੇਰੇ ਦਿਮਾਗ ਨੂੰ ਸੁੰਨ ਜਿਹਾ ਕਰ ਕੇ ਰੱਖ ਗਿਆ।

Academy of the Punjab in North America: http://www.apnaorg.com

# ਸ਼ਿਕਾਗੋ ਦਾ ਪੱਤ ਪੱਤ

'ਤੈਨੂੰ ਇੱਕ ਅਕਲ ਦੀ ਗੱਲ ਦੱਸਾਂ?' ਸੁਪਰ ਕਾਰਪੈਟਸ ਨਾਂ ਦੇ ਸਟੋਰ ਦੇ ਮਾਲਕ ਜਗਵਿੰਦਰ ਸਿੰਘ ਨੇ ਇਉਂ ਕਿਹਾ ਜਿਵੇਂ ਕਿਸੇ ਦੱਬੇ ਖਜ਼ਾਨੇ ਦੀ ਦੱਸ ਪਾਉਣ ਲੱਗਿਆ ਹੋਵੇ।

'ਹਾਂ … ਜੀ' ਮੈਂ ਬੂਹੇ ਖੜ੍ਹੀ ਲੱਛਮੀ ਨੂੰ ਅੰਦਰ ਲੰਘਾਉਣ ਦੇ ਅੰਦਾਜ਼ 'ਚ ਦਿਲਚਸਪੀ ਨਾਲ ਹੁੰਗਾਰਾ ਭਰਿਆ।

'ਤੇਰੇ ਕੋਲ ਵੀਜ਼ਾ ਹੈ ਸਾਡੇ ਤਿੰਨ ਮਹੀਨੇ ਦਾ, ਐਥੇ ਸਟੋਰ ਉਤੇ ਕੰਮ ਕਰ ਦੱਬ ਕੇ ਲੱਖ ਦੋ ਲੱਖ ਕੁੱਟ ਕੇ ਲੈ-ਜੇਂਗਾ, ਉਥੇ ਜਾ ਕੇ ਐਸ਼ ਕਰੀਂ, ਵੱਡੇ ਵੱਡੇ ਅਫ਼ਸਰ ਡੀ. ਐਸ. ਪੀ., ਮਜਿਸਟਰੇਟ, ਪ੍ਰੋਫ਼ੈਸਰ ਐਥੇ ਮੇਰੇ ਕੋਲ ਸਟੋਰ ਉਤੇ ਕੰਮ ਕਰ ਕੇ ਗਏ ਐ।'

'ਪਰ ਮੈਂ ਤਾਂ ਅਮਰੀਕਾ 'ਚ ਘੁੰਮਣਾ ਚਾਹੁੰਨੈ।'

'ਗੋਲੀ ਮਾਰ ਪਰ੍ਹੇ ਘੁੰਮਣ ਨੂੰ, ਕੀ ਪਿਆ ਘੁੰਮਣ-ਘੁਮਾਉਣ 'ਚ, ਨਿਰੀ ਭਕਾਈ, ਅਸੀਂ ਤਾਂ ਕਦੇ ਗਏ ਨੀ, ਘੁੰਮ ਕੇ ਕੀ ਹੋ-ਜੂ ਫਿਰ?' ਸਿੰਘ ਮੇਰਾ 'ਭਲਾ ਕਰਨ' ਲਈ ਪੂਰੀ ਟਿੱਲ ਲਾ ਰਿਹਾ ਸੀ ਪਰ ਇੱਕ ਮੈਂ ਸਾਂ ਜਿਹੜਾ ਘੁੰਮਣ ਵਾਲੀ ਗੱਲ ਉਤੇ ਅੜਿਆ ਖੜ੍ਹਾ ਸੀ। ਉਸ ਨੂੰ ਆਖਿਰ ਅੱਕ ਕੇ ਕਹਿਣਾ ਪਿਆ 'ਚੰਗਾ ਫਿਰ ਮਰਜ਼ੀ ਤੇਰੀ' ਉਸ ਨੇ ਨਿਰਾਸਤਾ ਵਿੱਚ ਸਿਰ ਹਿਲਾਇਆ ਅਤੇ ਬੁੱਲ੍ਹ ਟੇਰੇ, 'ਘੁੰਮ ਫਿਰ', ਜਿਵੇਂ ਕਹਿ ਰਿਹਾ ਹੋਵੇ ਮੇਰੇ ਮੁਲਾਜ਼ਮਾਂ ਦਾ ਵਕਤ ਖਰਾਬ ਕਰਨ ਨਾ ਆਇਆ ਕਰ। ਜਗਵਿੰਦਰ ਸਿੰਘ ਵੀਹ ਕੁ ਸਾਲ ਪਹਿਲਾਂ ਬਾਹਰ ਆਇਆ ਸੀ। ਭਾਵੇਂ ਪੜ੍ਹਿਆ ਤਾਂ ਦਸ ਕੁ ਹੀ ਸੀ ਪਰ ਬਹੁਤ ਛੇਤੀ ਸਫਲ ਹੋ ਕੇ ਅਮੀਰ ਬਣ ਗਿਆ ਸੀ। ਗੱਲਾਂ ਸਖੀਆਂ ਵਾਲੀਆਂ ਕਰਦਾ ਸੀ ਪਰ ਚਿਹਰੇ ਉਤੇ ਵਿਲੇਨ ਸ਼ਕਤੀ ਕਪੂਰ ਵਾਲੀ ਕਰੂਰਤਾ ਚਿਪਕੀ ਪਈ ਸੀ। ਡੀਵੋਨ ਬਾਜ਼ਾਰ ਦੇ

Academy of the Punjab in North America: http://www.apnaorg.com

ਪੰਜਾਬੀ ਮੁੰਡਿਆਂ ਦਾ ਨੇਤਾ ਬਣਨ ਦੇ ਚੱਕਰ 'ਚ ਸੀ। ਆਪਣੀ ਦੁਕਾਨ ਦੀ ਉਤਲੀ ਮੰਜ਼ਿਲ 'ਚ ਗੁਰਦੁਆਰਾ ਬਣਾ ਛੱਡਿਆ ਸੀ, ਜਿਸ ਦੀ ਚਾਬੀ ਉਸ ਦੇ ਹੱਥ ਸੀ। ਅਮੀਰ ਹੋ ਕੇ ਪਹਿਲੀ ਵਿਆਹੁਲੀ ਤੋਂ ਮਨ ਭਰ ਗਿਆ ਸੀ, ਇਸ ਲਈ ਇੱਕ ਗੜਵੇ ਵਰਗੀ ਪੰਜਾਬਣ ਨਾਲ ਦੂਜਾ ਵਿਆਹ ਕਰਵਾ ਲਿਆ। ਉਸ ਵਿਚੋਂ ਇੱਕ ਮੁੰਡਾ ਵੀ ਹੈ ਜਿਸ ਵਿੱਚ ਮੁੱਢ ਤੋਂ ਹੀ ਜਗਵਿੰਦਰ ਵਾਲੀਆਂ ਰੁਚੀਆਂ ਦਾ ਅੰਕੁਰ ਫੁੱਟ ਰਿਹਾ ਦਿੱਸਦਾ ਸੀ। ਰਵਿੰਦਰ ਅਤੇ ਪਾਲ ਇਸੇ ਸਟੋਰ ਉਤੇ ਮੁਲਾਜ਼ਮ ਸਨ।

ਵਿਹਲਾ ਇੱਕ ਦੋ ਦਿਨ ਮੈਂ ਉਸ ਸਟੋਰ 'ਚ ਜਾ ਬੈਠਦਾ ਸਾਂ ਪਰ ਹੁਣ ਉਥੇ ਵੀ ਬੈਠਣਾ ਦੁੱਭਰ ਹੋ ਗਿਆ ਸੀ। ਘੁੰਮਾਉਣ ਲਿਜਾਣ ਲਈ ਕਿਸੇ ਕੋਲ ਵਕਤ ਨਹੀਂ ਸੀ ਅਤੇ ਇਕੱਲਾ ਜਾਣ ਤੋਂ ਅਜੇ ਝਿਜਕਦਾ ਸਾਂ। ਕਿਸੇ ਨੂੰ ਇਹ ਗੱਲ ਕਿਵੇਂ ਕਹਾਂ, ਸਾਰਿਆਂ ਦੀ ਤਾਂ ਆਪਣੀ ਘਾਈ ਰੁਲੀ ਪਈ ਸੀ।

ਅਖੀਰ ਇਹ ਬੀੜਾ ਜੋਰੇ ਨੇ ਚੁੱਕਿਆ, ਜਿਵੇਂ ਉਹ ਆਪਣੇ ਭਾਈਬੰਦਾਂ ਦੀ ਲਾਜ਼ ਬਚਾਉਣੀ ਚਾਹੁੰਦਾ ਹੋਵੇ। ਉਸ ਦੇ ਸੁਭਾਅ ਵਿੱਚ ਇਹ ਗੱਲ ਸ਼ਾਮਿਲ ਸੀ। ਅਜੇ ਕੁੱਝ ਦਿਨ ਪਹਿਲਾਂ ਹੀ ਉਹ ਇੱਕ ਕੈਂਸਰ-ਗ੍ਰਸਤ ਪੰਜਾਬੀ ਮੁੰਡੇ ਸ਼ੇਰੇ ਲਈ ਸਾਰੇ ਦੋਸਤਾਂ ਤੋਂ ਪੈਸੇ ਇਕੱਠੇ ਕਰ ਕੇ ਪੰਜਾਬ 'ਚ ਉਸ ਨੂੰ ਫੜ੍ਹਾ ਕੇ ਗਿਆ ਸੀ। ਸ਼ੇਰਾ ਕਦੇ ਉਨ੍ਹਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਰਿਹਾ ਸੀ। ਜੋਰਾ ਜਲੰਧਰ ਦੇ ਨੇੜੇ ਇੱਕ ਪਿੰਡ ਰਾਏਪੁਰ ਤੋਂ ਸੀ। ਭੂਗੋਲ ਦੀ ਐਮ. ਏ. ਕਰਕੇ ਅਮਰੀਕਾ ਆ ਗਿਆ ਸੀ। ਹੁਣ ਕੈਬ (ਟੈਕਸੀ) ਚਲਾਉਂਦਾ ਸੀ। ਸੌਣ ਤੋਂ ਬਚਿਆ ਸਾਰਾ ਵਕਤ ਉਹ ਟੈਕਸੀ ਦੀ ਸੀਟ ਉਤੇ ਰਹਿੰਦਾ। ਉਸ ਨੂੰ ਖੁਦ ਵੀ ਘੁੰਮਣ ਦਾ ਸ਼ੌਂਕ ਸੀ ਪਰ ਮਜਬੂਰ ਸੀ।

'ਭਾ ਜੀ ਪਿਛੇ ਜਿਹੇ ਮੇਰਾ ਵੱਡਾ ਐਕਸੀਡੈਂਟ ਹੋ ਗਿਆ ਸੀ, ਖਰਚ ਐਨਾ ਹੋ ਗਿਆ ਕਿ ਹੁਣ ਹੱਥ ਤੰਗ ਹੈ, ਤਾਂ ਈ ਕੰਮ ਜ਼ਿਆਦਾ ਕਰਨਾ ਪੈਂਦਾ, ਨਹੀਂ ਤਾਂ ਆਪਾਂ … ' ਸ਼ਿਕਾਗੋ ਦੇ ਡਾਊਨ ਟਾਊਨ ਵੱਲ ਜਾਂਦਿਆਂ ਜੋਰਾ ਦੱਸ ਰਿਹਾ ਸੀ। ਫੋਨ ਰਾਹੀਂ ਉਸ ਨੇ ਆਪਣਾ ਮਿੱਤਰ ਜੋਗਾ ਵੀ ਬੁਲਾ ਲਿਆ।

ਸਭ ਤੋਂ ਪਹਿਲਾਂ ਮੇਰੀ ਇੱਛਾ ਅੰਡਰ ਗਰਾਉਂਡ ਰੇਲ ਉਤੇ ਝੂਟਾ ਲੈਣ ਦੀ ਸੀ। ਜੁਆਕਾਂ ਵਾਂਗੂੰ ਜੋਗੇ ਨੇ ਵੀ ਬੜੇ ਚਾਅ ਨਾਲ ਮੇਰੀ ਇੱਛਾ ਲਈ ਹਾਮੀ ਭਰੀ। ਉਹ ਭਾਵੇਂ ਪਿਛਲੇ ਦਸ ਸਾਲਾਂ ਤੋਂ ਸ਼ਿਕਾਗੋ ਰਹਿ ਰਿਹਾ ਸੀ ਪਰ ਅਜੇ ਇਸ ਰੇਲ ਉਤੇ ਚੜ੍ਹ ਕੇ ਨਹੀਂ ਸੀ ਵੇਖਿਆ। ਬਿਜਲੀ ਵਾਲੀਆਂ ਪੌੜੀਆਂ (ਐਲੀਵੇਟਰ) ਰਾਹੀਂ ਅਸੀਂ ਧਰਤੀ ਵਿੱਚ ਡੂੰਘੇ ਉਤਰ ਗਏ ਅਤੇ ਗੱਡੀ ਲੈ ਲਈ।

Academy of the Punjab in North America: http://www.apnaorg.com

ਹਰ ਪੰਜ ਮਿੰਟ ਪਿੱਛੋਂ ਗੱਡੀ ਆਉਂਦੀ ਸੀ। ਇਹ ਗੱਡੀ ਜਾਂ ਤਾਂ ਧਰਤੀ ਦੇ ਥੱਲੇ ਹੀ ਚਲਦੀ ਸੀ ਅਤੇ ਜਾਂ ਬਾਹਰ ਪੁਲਾਂ ਉਤੇ, ਤਾਂ ਕਿ ਟਰੈਫਿਕ ਵਿੱਚ ਵਿਘਨ ਨਾ ਪਵੇ। ਭੀੜ ਪੂਰੀ ਸੀ ਪਰ ਧੱਕਾ-ਮੁੱਕੀ ਕੋਈ ਨਹੀਂ ਸੀ। ਨਾ ਹੀ ਭੀੜ ਦਾ ਫਾਇਦਾ ਉਠਾ ਕੇ ਕੋਈ ਕੂਹਣੀਆਂ ਨਾਲ ਔਰਤਾਂ ਦੀਆਂ ਛਾਤੀਆਂ ਟੋਂਹਦਾ ਸੀ ਅਤੇ ਨਾ ਪਿੱਛੇ ਨਾਲ ਘਸਰਦਾ ਦਿਸਿਆ। ਚੜ੍ਹਨ ਸਾਰ ਲੋਕ ਆਪਣੇ ਆਪਣੇ ਬੈਗ ਵਿਚੋਂ ਕੋਈ ਕਿਤਾਬ, ਰਿਸਾਲਾ ਜਾਂ ਅਖ਼ਬਾਰ ਕਢਦੇ ਅਤੇ ਆਪਣੀ ਦੁਨੀਆਂ ’ਚ ਮਸਤ ਹੋ ਜਾਂਦੇ। ਕੋਈ ਕਿਸੇ ਵੱਲ ਝਾਕਦਾ ਨਹੀਂ ਸੀ। ਸਿਰਫ ਮੈਂ ਹੀ ਆਪਣੇ ਭਾਰਤੀ ਸੁਭਾਅ ਕਰ ਕੇ ਤਾੜਵੀਆਂ ਨਜ਼ਰਾਂ ਨਾਲ ਗੋਰੀਆਂ ਦੇ ਪੱਟਾਂ ਨੂੰ ਨਿਹਾਰ ਰਿਹਾ ਸਾਂ। ਚਿੱਟੀਆਂ ਲਿਸ਼ਕਦੀਆਂ ਸੰਗਮਰਮਰ ਦੇ ਵੇਲਣੇ ਵਰਗੀਆਂ ਪਿੰਜਣੀਆਂ ਵੇਖਣ ਦਾ ਤਿਆਗ ਮੇਰੇ ਤੋਂ ਨਹੀਂ ਸੀ ਹੋ ਰਿਹਾ। ਗੱਡੀ ਸੱਪ ਵਾਂਗ ਮੇਲ੍ਹਦੀ ਜਾ ਰਹੀ ਸੀ।

ਇਥੋਂ ਅਸੀਂ ਸ਼ਿਕਾਗੋ ਦਾ ਨੇਵੀ ਪੀਅਰ ਵੇਖਣ ਜਾਣ ਵਾਸਤੇ ਟੈਕਸੀ ਲੈ ਲਈ। ਡਰਾਇਵਰ ਪਾਕਿਸਤਾਨੀ ਸੀ। ਮੇਰੇ ਪੰਜਾਬੋਂ ਆਏ ਹੋਣ ਦਾ ਅਨੁਮਾਨ ਲਾ ਕੇ ਉਸ ਨੇ ਪੈਂਦੀ ਸੱਟੇ ਗੱਲ ਛੇੜ ਲਈ, ‘ਭਾ ਜੀ ਤਾੜ੍ਹੇ ਖਾਲਿਸਤਾਨ ਦੀ ਤਹਿਰੀਕ ਮੱਠੀ ਕਿਉਂ ਪੈ ਗਈ ਜੇ?’

ਚੰਗਾ ਹੋਇਆ ਮੇਰੀ ਥਾਂ ਜੋਗਾ ਬੋਲ ਪਿਆ, ‘ਓਅ ਚੰਗੈ ਭਰਾਵਾ ਮੱਠੀ ਪੈ ਗਈ, ਸਾਡੇ ਤਾਂ ਤੱਪੜ ਰੋਲ’ਤੇ ਤੇਰੀ ਤਹਿਰੀਕ ਨੇ’ ਜੋਗਾ ਪੰਜਾਬ ’ਚ ਕਿਸੇ ਤਕੜੇ ਉਸ ਪੁਲਸ ਅਫ਼ਸਰ ਦਾ ਮੁੰਡਾ ਸੀ ਜਿਸ ਨੂੰ ਖਾੜਕੂਆਂ ਨੇ ਮਾਰ ਦਿੱਤਾ ਸੀ। ਇਕੱਲਾ-ਇਕੱਲਾ ਪੁੱਤਰ ਜੋਗਾ ਅਮਰੀਕਾ ਆ ਕੇ ਮਸਾਂ ਬਚਿਆ ਸੀ।

‘ਭਾ ਜੀ ਭੱਜ ਕੇ ਕਿੱਥੇ ਜਾਓਗੇ, ਏਹ ਤਾਂ ਚਲਾਉਣੀ ਪੈਣੀ ਐਂ ਧਾਨੂੰ, ਕਿੰਨੇ ਸਿੱਖ ਮੁੰਡੇ ਅਗਲਿਆਂ ਖਪਾ ਛੱਡੇ ਜੇ, ਮਖਾਂ ਬੀ-ਨਾਸ ਕਰਨ ਵਾਲੀ ਗੱਲ ਈ ਹੋ ਚੱਲੀ ਊ, ਵੱਡੀਆਂ ਨੌਕਰੀਆਂ ਹਿੰਦੂਆਂ ਨੇ ਗੋਸ਼ੇ ਮਾਰ ਛੱਡੀਆਂ ਜੇ ਤੇ ਧਾਨੂੰ ਰਹਿੰਦ-ਖੂੰਹਦ, ਕਿੰਨਾ ਕੁ ਚਿਰ ਕੁੱਟ ਖਾਂਦੇ ਰਹੋਗੇ ਕਾਫ਼ਰਾਂ ਤੋਂ? ਭਾਅ ਜੇ ਆਜ਼ਾਦੀ ਨਾ ਲੈਂਦੇ ਤਾਂ ਛਿੱਤਰ ਪਰੇਡ ਹੋਣੀ ਸੀ ਮੁਸਲਮਾਨਾਂ ਦੀ ਵੀ, ਚੰਗਾ ਕੀਤਾ ਸੂ ਕਾਇਦੇ-ਆਜ਼ਮ ਨੇ, ਹੁਣ ਅਗਲੇ ਧਾਨੂੰ ਡੰਡਾ ਫੇਰਨ ਡਹੇ ਜੇ’ ਉਹ ਬੜੀ ਸ਼ਿੱਦਤ ਨਾਲ ਬੋਲ ਰਿਹਾ ਸੀ ਪਰ ਸਾਡੇ ਉਤਰਨ ਦੀ ਥਾਂ ਆਉਣ ਕਰਕੇ ਉਹ ਸਾਨੂੰ ਹੋਰ ਭਾਸ਼ਣ ਨਾ ਸੁਣਾ ਸਕਿਆ। ਆਪਣੇ ‘ਸਿੱਖ ਭਰਾਵਾਂ’ ਤੋਂ ਟੁਣਕਾ ਕੇ ਪੂਰਾ ਭਾੜਾ ਲਿਆ ਅਤੇ ਅੱਲਾ ਕੋਲੋਂ ਸਾਡੀ ਆਜ਼ਾਦੀ ਦੀ ਖੈਰ ਮੰਗਦਾ ਉਹ ਚਲਾ ਗਿਆ।

Academy of the Punjab in North America: http://www.apnaorg.com

ਨੇਵੀ ਪੀਅਰ ਪੰਜਾਹ ਕੁ ਏਕੜ ’ਚ ਬਣੀ ਅਜਿਹੀ ਸੈਰਗਾਹ ਹੈ ਜਿਥੇ ਸਿਨਮੇ, ਬਾਗ, ਬਾਰਾਂ ਅਤੇ ਫੈਰੀ ਰਾਈਡ ਵਰਗੀਆਂ ਅਨੇਕਾਂ ਮਨੋਰੰਜਨ ਦੀਆਂ ਵਸਤਾਂ ਹਨ। ਇੱਕ ਪਾਸੇ ਮਿਸ਼ੀਗਨ ਲੇਕ ਹੈ ਜਿਸ ਵਿੱਚ ਫੈਰੀ ਰਾਹੀਂ ਮੀਲਾਂ ਬੱਧੀ ਜਾਇਆ ਜਾ ਸਕਦਾ ਹੈ। ਅਸੀਂ ਵੀ ਸਭ ਤੋਂ ਪਹਿਲਾਂ ਏਧਰ ਹੀ ਗਏ ਪਰ ਜਿਹੜੀ ਫੈਰੀ ਲੱਗੀ ਹੋਈ ਸੀ ਉਹ ਪਹਿਲਾਂ ਹੀ ਕਿਸੇ ਧਨਾਢ ਨੇ ਪੂਰੀ ਦੀ ਪੂਰੀ ਬੁੱਕ ਕਰ ਛੱਡੀ ਸੀ। ਲੇਕ ਦੇ ਵਿਚਕਾਰ ਲਿਜਾ ਕੇ ਉਥੇ ਵਿਆਹ ਦੀ ਰਸਮ ਕਰਨੀ ਸੀ। ਸਾਰੇ ਮੇਲੀ ਦਾਰੂ-ਮੁਰਗਾ ਉਡਾ ਰਹੇ ਸਨ। ਫੈਰੀ ਕੋਈ ਤਰਦਾ ਫਿਰਦਾ ਰੈਸਟੋਰੈਂਟ ਜਾਪਦੀ ਸੀ। ਅਜਿਹੇ ਨਿਵੇਕਲੇ ਕੰਮਾਂ ਦਾ ਸ਼ੌਂਕ ਅਮਰੀਕਨਾਂ ਨੂੰ ਬਹੁਤ ਹੈ।

ਅਸੀਂ ਅੱਧ ਅਸਮਾਨ ਤੱਕ ਜਾਂਦੇ ਝੂਲੇ ਵਿੱਚ ਬੈਠ ਗਏ। ਉਤੋਂ ਸ਼ਿਕਾਗੋ ਦੀ ਟੋਟਣ ਦਿਸਦੀ ਹੈ। ਮਿਸ਼ੀਗਨ ਲੇਕ ਵਿੱਚ ਦੂਰ ਦੂਰ ਤੱਕ ਬੱਤਖ਼ਾਂ ਵਾਂਗ ਤਰਦੀਆਂ ਫਿਰਦੀਆਂ ਫੈਰੀਆਂ ਮਨ ਲੁਭਾਉਂਦੀਆਂ ਹਨ। ਝੂਲੇ ਤੋਂ ਉਤਰ ਕੇ ਅਸੀਂ ਇੱਕ ਥਿਰੀ-ਡੀ ਫ਼ਿਲਮ ਵੇਖਣੀ ਸੀ ਪਰ ਉਸ ਦੇ ਸ਼ੁਰੂ ਹੋਣ ’ਚ ਅਜੇ ਪੂਰਾ ਘੰਟਾ ਬਾਕੀ ਸੀ। ਅਸੀਂ ਓਨੀ ਦੇਰ ਬਾਗ ਵਿੱਚ ਜਾ ਬੈਠੇ ਜਿਸ ਉਤੇ ਸ਼ੀਸ਼ੇ ਦੀ ਛੱਤ ਸੀ। ਇਸ ਵਿੱਚ ਤਰ੍ਹਾਂ ਤਰ੍ਹਾਂ ਦੇ ਫ਼ੁਹਾਰੇ ਸਨ। ਇੱਕ ਪਾਸੇ ਬਾਰ ਅਤੇ ਰੈਸਟੋਰੈਂਟ ਸੀ, ਨਾਲ ਹੀ ਸ਼ਾਪਿੰਗ ਸੈਂਟਰ। ਅਮਰੀਕਨ ਵਪਾਰੀਆਂ ਨੂੰ ਬੱਸ ਕਿਸੇ ਝੀਲ ਜਾਂ ਦਰਿਆ ਦਾ ਕਿਨਾਰਾ ਚਾਹੀਦਾ ਹੈ, ਬਾਕੀ ਦਾ ਜਲੌਅ ਉਹ ਬਥੇਰਾ ਤਿਆਰ ਕਰ ਲੈਂਦੇ ਹਨ। ਲੋਕ ਵੀ ਖ਼ੁਸ਼ ਅਤੇ ਵਪਾਰੀ ਵੀ।

ਥਿਰੀ-ਡੀ ਫ਼ਿਲਮ ਦੇਖਣ ਦਾ ਮੇਰਾ ਪਹਿਲਾ ਤਜ਼ਰਬਾ ਸੀ। ਇੱਕ ਵੇਰ ਭਾਰਤ ਦੇ ਸ਼ਹਿਰਾਂ ਵਿੱਚ ਵੀ ਇਹ ਫ਼ਿਲਮਾਂ ਵਿਖਾਈਆਂ ਜਾਣ ਲੱਗੀਆਂ ਸਨ ਪਰ ਸਫਲ ਨਹੀਂ ਸੀ ਹੋਈਆਂ। ਲੋਕ ਆਖਦੇ ਸਨ ਕਿ ਇਨ੍ਹਾਂ ਨਾਲ ਨਜ਼ਰ ਕਮਜ਼ੋਰ ਹੋ ਜਾਂਦੀ ਹੈ। ਵਿਸ਼ੇਸ਼ ਐਨਕਾਂ ਲਾ ਕੇ ਅਸੀਂ ਇੱਕ ਬਹੁਤ ਵੱਡੇ ਥੀਏਟਰ ਵਿੱਚ ਬੈਠ ਗਏ ਜਿਸ ਦੀ ਸਕਰੀਨ ਅੱਸੀ ਫ਼ੁੱਟ ਚੌੜੀ ਸੀ। ਸਮੇਂ ਦੇ ਸਮੁੰਦਰ ਤੋਂ ਪਾਰ (ਅਕਰੋਸ ਦਾ ਸੀਅ ਆਫ ਟਾਈਮ) ਨਾਂ ਦੀ ਫ਼ਿਲਮ ਚੱਲੀ। ਉਂਜ ਤਾਂ ਇਹ ਫ਼ਿਲਮ ਡਾਕੂਮੈਂਟਰੀ ਸੀ ਪਰ ਕੁੱਝ ਰੰਗਤ ਫੀਚਰ ਫ਼ਿਲਮ ਵਾਲੀ ਸੀ। ਇਸ ਵਿੱਚ ਇੱਕ ਬੱਚਾ ਅਮਰੀਕਾ ਦੀ ਘਰੇਲੂ ਖ਼ਾਨਾਜੰਗੀ ਸਮੇਂ ਨਿਊਯਾਰਕ ਵਿੱਚ ਆਪਣੇ ਮਾਪਿਆਂ ਤੋਂ ਵਿੱਛੜ ਜਾਂਦਾ ਹੈ। ਉਸ ਕੋਲ ਸਿਰਫ ਕੁੱਝ ਤਸਵੀਰਾਂ ਹਨ ਜੋ ਉਸ ਦੇ ਦਾਦੇ-ਦਾਦੀ ਦੇ ਸਮੇਂ ਦੀਆਂ ਹਨ। ਉਨ੍ਹਾਂ ਤਸਵੀਰਾਂ ਦੇ ਜ਼ਰੀਏ ਉਹ ਆਪਣਾ ਘਰ ਲੱਭਣ ਦਾ ਯਤਨ ਕਰਦਾ ਹੈ। ਪਰ ਕੁੱਝ ਸਾਲਾਂ ਵਿੱਚ ਹੀ ਨਿਊਯਾਰਕ ਦਾ ਐਨਾ ਨਵ-ਨਿਰਮਾਣ ਹੋ ਚੁੱਕਿਆ ਹੈ ਕਿ ਉਸ ਦੇ ਨਕਸ਼ ਹੀ ਬਦਲ ਗਏ ਹਨ। ਇਹ ਫ਼ਿਲਮ ਨਿਊਯਾਰਕ ਦੇ ਵਿਕਾਸ ਦੀ ਕਹਾਣੀ ਦਸਦੀ ਹੈ।

Academy of the Punjab in North America: http://www.apnaorg.com

ਥਿਰੀ-ਡੀ ਤਕਨੀਕ ਰਾਹੀਂ ਬਣੀ ਹੋਣ ਕਰਕੇ ਇਸ ਫ਼ਿਲਮ ਦੇ ਦ੍ਰਿਸ਼ ਇਉਂ ਲੱਗਦੇ ਸਨ, ਜਿਵੇਂ ਮੇਰੀਆਂ ਅੱਖਾਂ ਤੋਂ ਫੁੱਟ ਕੁ ਦੀ ਦੂਰੀ ਉਤੇ ਚੱਲ ਰਹੇ ਹੋਣ। ਦਰਿਆ ਚੜ੍ਹਦਾ ਤਾਂ ਇਉਂ ਜਾਪਦਾ, ਜਿਵੇਂ ਛੱਲ ਪੈਰ ਭਿਉਂ ਜਾਵੇਗੀ। ਗੱਡੀ ਆਉਂਦੀ ਤਾਂ ਸਾਨੂੰ ਦਰੜ ਕੇ ਲੰਘਦੀ ਜਾਪਦੀ। ਪੁਰਾਣੀ ਇਮਾਰਤ ਡਿੱਗਦੀ ਤਾਂ ਮਲਬੇ ਹੇਠ ਆ ਜਾਣ ਦਾ ਭੁਲੇਖਾ ਪੈਂਦਾ। ਬੜੀ ਪ੍ਰਭਾਵਸ਼ਾਲੀ ਤਕਨੀਕ ਸੀ ਫ਼ਿਲਮ ਦੀ, ਇੱਕ ਪਲ ਵੀ ਧਿਆਨ ਕਿਧਰੇ ਹੋਰ ਨਹੀਂ ਗਿਆ।

ਨੇਵੀ ਪੀਅਰ ਤੋਂ ਮੁੜਦਿਆਂ ਰਾਹ ਵਿੱਚ ਸ਼ਿਕਾਗੋ ਦਾ ਬਹੁਤ ਵੱਡਾ ਆਰਟ ਮਿਊਜ਼ੀਅਮ ਆਇਆ। ਉਸ ਦੇ ਬੰਦ ਹੋਣ ’ਚ ਭਾਵੇਂ ਘੰਟਾ ਮਸਾਂ ਹੀ ਬਾਕੀ ਸੀ ਪਰ ਕੋਲੋਂ ਲੰਘਣਾ ਔਖਾ ਹੋ ਗਿਆ। ਅੰਤਲਾ ਘੰਟਾ ਹੋਣ ਕਰਕੇ ਹੁਣ ਟਿਕਟ ਨਹੀਂ ਲੱਗੀ। ਇਹ ਤਾਂ ਸਾਰੇ ਦਿਨ ’ਚ ਨਾ ਵੇਖਿਆ ਜਾਵੇ ਤੇ ਘੰਟੇ ਵਿੱਚ ਤਾਂ ਪੰਛੀ ਝਾਤ ਹੀ ਮਾਰ ਸਕੇ। ਸਿਰਫ ਚੀਨ ਦੇ ਇਤਿਹਾਸ ਵਾਲਾ ਭਾਗ ਅਤੇ ਸਮਕਾਲੀ ਯੂਰਪੀ ਚਿੱਤਰਕਾਰੀ ਹੀ ਚੰਗੀ ਤਰ੍ਹਾਂ ਵੇਖ ਸਕੇ। ਪੋਰਟਰੇਟ ਬਨਾਉਣ ਦੀ ਯਥਾਰਥਵਾਦੀ ਸ਼ੈਲੀ ਅਤੇ ਜੀਵਨ ਦੀ ਜਟਿੱਲਤਾ ਤੇ ਸੂਖ਼ਮਤਾ ਨੂੰ ਪਕੜਨ ਦਾ ਯਤਨ ਕਰਦੀ ਐਬਸਟਰੈਕਟ ਸ਼ੈਲੀ ਦੋਵੇਂ ਹੀ ਇੱਕ ਦੂਜੀ ਨੂੰ ਮਾਤ ਪਾਉਂਦੀਆਂ ਜਾਪਦੀਆਂ ਸਨ।

ਹੁਣ ਜੋਰੇ ਨੇ ਪਾਰਕਿੰਗ ਵਿਚੋਂ ਆਪਣੀ ਕੈਬ ਲੈ ਲਈ ਤਾਂ ਕਿ ਸ਼ਿਕਾਗੋ ਦੇ ਬਾਜ਼ਾਰਾਂ ਦਾ ਇੱਕ ਵੱਡਾ ਚੱਕਰ ਲਾਇਆ ਜਾ ਸਕੇ। ਚੀਨੀਆਂ ਅਤੇ ਯੂਨਾਨੀਆਂ ਦੇ ਦੋ ਬਹੁਤ ਵੱਡੇ ਬਾਜ਼ਾਰ ਸ਼ਿਕਾਗੋ ਵਿੱਚ ਹਨ। ਇਸ ਤੋਂ ਅਗਲੀ ਗਲੀ ਲੌਂਡਿਆਂ (ਗੇਅਜ਼) ਦੀ ਸੀ। ਇਥੇ ਲੌਂਡੇ ਜੱਗ ਤੋਂ ਸ਼ਰਮਾਉਂਦੇ ਕਿਸੇ ਨੁੱਕਰ ਵਿੱਚ ਦੜ ਵੱਟ ਕੇ ਨਹੀਂ ਬੈਠੇ ਰਹਿੰਦੇ ਸਗੋਂ ਛਾਤੀ ਫੁਲਾ ਕੇ ਦੱਸਦੇ ਹਨ ਕਿ ਉਹ ਲੌਂਡੇ ਹਨ। ਇਨ੍ਹਾਂ ਦੀ ਇੱਕ ਬੜੀ ਵੱਡੀ ਆਰਗੇਨਾਈਜੇਸ਼ਨ (ਜਥੇਬੰਦੀ) ਹੈ ਜਿਸ ਦਾ ਮੋਹਰੀ ਸ਼ਿਕਾਗੋ ਦਾ ਹੀ ਇੱਕ ਲੌਂਡਾ ਮੰਤਰੀ ਹੈ। ਸਮੇਂ ਸਮੇਂ ਇਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਵੱਡੇ ਵੱਡੇ ਜਲੂਸ ਕਢਦੇ ਰਹਿੰਦੇ ਹਨ। ਪਿੱਛੇ ਜਿਹੇ ਇਨ੍ਹਾਂ ਨੇ ਇੱਕ ਅਜਿਹਾ ਜਲੂਸ ਕੱਢਿਆ ਸੀ ਜਿਸ ਵਿੱਚ ਇੰਗਲੈਂਡ, ਕੈਨੇਡਾ, ਆਸਟਰੇਲੀਆ, ਫਰਾਂਸ ਅਤੇ ਹੋਰ ਯੂਰਪੀ ਮੁਲਕਾਂ ਤੋਂ ਲੌਂਡੇ ਹੁੰਮ-ਹੁੰਮਾ ਕੇ ਪਹੁੰਚੇ ਸਨ। ਇਨ੍ਹਾਂ ਦੀ ਮੁੱਖ ਮੰਗ ਸੀ ਕਿ ਲੌਂਡਿਆਂ ਨੂੰ ਆਪਸ ਵਿੱਚ ਵਿਆਹ ਕਰਵਾਉਣ ਦੀ ਕਾਨੂੰਨੀ ਖੁੱਲ੍ਹ ਦਿੱਤੀ ਜਾਵੇ। ਗਲੀ ’ਚ ਕਿਤੇ ਕਿਤੇ ਲੌਂਡੇ ਬਾਂਹ ’ਚ ਬਾਂਹ ਪਾਈ ਬੜੀ ਮੜਕ ਨਾਲ ਖੜ੍ਹੇ ਨਜ਼ਰ ਆਏ। ਅਮਰੀਕਾ ’ਚ ਆਪਣੇ ਪੰਜਾਬੀ ਮੁੰਡੇ ਕਦੇ ਵੀ ਬਾਂਹ ’ਚ ਬਾਂਹ ਪਾ ਕੇ ਜਾਂ ਜੱਫੀ ਪਾ ਕੇ ਨਹੀਂ ਖੜ੍ਹਦੇ। ਉਹ ਸੰਗਦੇ ਹਨ ਕਿ ਕਿਤੇ ਲੋਕ ਉਨ੍ਹਾਂ ਨੂੰ ਗੇਅਜ਼ ਹੀ ਨਾ ਸਮਝ ਲੈਣ। ਜੋਰੇ ਨੇ ਦੱਸਿਆ ਕਿ ਇਹ ਕਈ ਵਾਰ ਟੈਕਸੀ ਕਰਾ ਲੈਂਦੇ ਹਨ ਅਤੇ ਫੇਰ ਡਰਾਇਵਰ ਨੂੰ ਫੁਸਲਾਉਣ ਦਾ ਯਤਨ ਕਰਦੇ

Academy of the Punjab in North America: http://www.apnaorg.com

ਹਨ। ਹੋਟਲ ਵਿੱਚ ਹਰ ਤਰ੍ਹਾਂ ਦੀ ਐਸ਼ ਕਰਾਉਣ ਦੀ ਹਾਮੀ ਵੀ ਭਰਦੇ ਹਨ। ਲੌਂਡਿਆਂ ਦੀ ਗਲੀ ਵਿੱਚ ਹੋਟਲਾਂ-ਸਟੋਰਾਂ ਦੇ ਨਾਂ ਵੀ ਅਜੀਬ ਸਨ। ਇੱਕ ਰੈਸਟੋਰੈਂਟ ਦਾ ਨਾਂ ਮੈਨਹੋਲ ਸੀ। ਭਾਵੇਂ ਸ਼ਿਕਾਗੋ ਦੀਆਂ ਅੱਖਾਂ ਚੁੰਧਿਆਉਣ ਵਾਲੀਆਂ ਰੌਸ਼ਨੀਆਂ ਰਾਤ ਦਾ ਅਹਿਸਾਸ ਨਹੀਂ ਹੋਣ ਦੇ ਰਹੀਆਂ ਸਨ ਪਰ ਘੜੀ ਦਸਦੀ ਸੀ ਕਿ ਅੱਧੀ ਰਾਤ ਹੋਣ ਵਾਲੀ ਹੈ। ਅਸੀਂ ਘਰ ਵੱਲ ਪਰਤ ਪਏ।

ਅਗਲੇ ਦਿਨ ਜੋਰੇ ਦੀ ਦੱਸੀ ਸਕੀਮ ਮੇਰੇ ਰਾਸ ਆ ਗਈ। ਉਸ ਨੇ ਕਿਹਾ ਕਿ ਉਹ ਦਿਨ ਦੇ ਗਿਆਰਾਂ ਕੁ ਵਜੇ ਮੈਨੂੰ ਕਿਸੇ ਵੇਖਣਯੋਗ ਥਾਂ ਉਤੇ ਛੱਡ ਆਇਆ ਕਰੇਗਾ ਅਤੇ ਸ਼ਾਮ ਨੂੰ ਲੈ ਆਵੇਗਾ। ਸ਼ਿਕਾਗੋ ਦੀ ਮੈਡੀਕਲ ਯੂਨੀਵਰਸਿਟੀ, ਸ਼ਿਕਾਗੋ-ਬੀਚ ਅਤੇ ਕੁੱਝ ਮਿਊਜ਼ੀਅਮ ਮੈਂ ਇਉਂ ਹੀ ਵੇਖੇ।

ਮਿਊਜ਼ੀਅਮ ਆਫ਼ ਸਾਇੰਸ ਐਂਡ ਇੰਡਸਟਰੀ ਸ਼ਿਕਾਗੋ ਦੀ ਖਾਸ ਵੇਖਣਯੋਗ ਚੀਜ਼ ਹੈ। ਸਨਅਤ ਦੇ ਹਰੇਕ ਖੇਤਰ ਵਿੱਚ ਗੱਲ ਕਿਥੋਂ ਸ਼ੁਰੂ ਹੋਈ ਸੀ ਅਤੇ ਵਿਗਿਆਨ ਦੇ ਵਿਕਾਸ ਨਾਲ ਹੁਣ ਕਿਥੇ ਪਹੁੰਚ ਚੁੱਕੀ ਹੈ, ਇਸ ਦਾ ਇਤਿਹਾਸ ਸਾਂਭਿਆ ਪਿਆ ਹੈ। ਮੈਨੂੰ ਇਸ ਦੀ ਖਾਸ ਗੱਲ ਇਹ ਜਾਪੀ ਕਿ ਵਿਗਿਆਨ ਦੀਆਂ ਲੱਭਤਾਂ ਨੂੰ ਐਨੇ ਸੌਖੇ ਢੰਗ ਨਾਲ ਦਸਿਆ ਗਿਆ ਹੈ ਕਿ ਬੱਚੇ ਅਤੇ ਆਮ ਆਦਮੀ ਵੀ ਚੰਗੀ ਤਰ੍ਹਾਂ ਸਮਝ ਲੈਂਦੇ ਹਨ। ਕਹਿੰਦੇ ਹਨ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ', ਪਰ ਇਥੇ ਮੈਂ ਦਿਲ ਦੇ ਅੰਦਰ ਵੜ ਕੇ ਉਸ ਦੀ ਡੂੰਘਾਈ ਵੇਖਣ ਦੀ ਕੋਸ਼ਿਸ਼ ਵੀ ਕੀਤੀ। ਇਹ ਇੱਕ ਛੋਟੇ ਕਮਰੇ ਜਿੱਡਾ ਦਿਲ ਸੀ। ਉਸ ਵਿੱਚ ਖ਼ੂਨ ਵੀ ਦੌਰਾ ਕਰ ਰਿਹਾ ਸੀ ਅਤੇ ਉਹ ਧੜਕ ਵੀ ਰਿਹਾ ਸੀ। ਬਲੱਡ ਪ੍ਰੈਸ਼ਰ ਕਿਉਂ ਤੇ ਕਿਵੇਂ ਹੋ ਜਾਂਦਾ ਹੈ? ਖ਼ੂਨ ਕਿਧਰੋਂ ਵੜ ਕੇ ਕਿਧਰੋਂ ਨਿਕਲਦਾ ਹੈ, ਇਹ ਬੜੀ ਬਰੀਕੀ ਨਾਲ ਸਮਝਾਇਆ/ਵਿਖਾਇਆ ਗਿਆ ਸੀ।

ਆਂਡੇ ਵਿੱਚ ਚੂਚਾ ਕਿਵੇਂ ਬਣਦਾ ਹੈ? ਕੁਕੜੀ ਇੱਕੀ ਦਿਨ ਸੇਵੇ ਬੈਠਦੀ ਹੈ ਅਤੇ ਫੇਰ ਇੱਕ ਦਿਨ ਚੂੰ-ਚੂੰ ਕਰਦਾ ਚੂਚਾ ਆਂਡੇ ਵਿਚੋਂ ਬਾਹਰ ਆ ਜਾਂਦਾ ਹੈ। ਪਰ ਇਥੇ ਬਿਜਲੀ ਦਾ ਇੱਕ ਯੰਤਰ ਇੱਕੀ ਦਿਨਾਂ ਦਾ ਕੰਮ ਪੰਜਾਂ ਮਿੰਟਾਂ ਵਿੱਚ ਕਰ ਕੇ ਤਲੀ ਉਤੇ ਸਰ੍ਹੋਂ ਜਮਾ ਕੇ ਵਿਖਾਉਂਦਾ ਸੀ। ਸਭ ਦੇ ਸਾਹਮਣੇ ਆਂਡਾ ਉਸ ਸ਼ੀਸ਼ੇ ਦੇ ਡੱਬੇ ਵਿੱਚ ਰੱਖਿਆ ਜਾਂਦਾ। ਤੇਜ਼ ਰੋਸ਼ਨੀ ਨਾਲ ਉਸ ਵਿੱਚ ਬੱਚੇ ਦਾ ਰੂਪ ਧਾਰਦੀ ਪੀਲੀ ਜ਼ਰਦੀ ਲਾਲ ਹੁੰਦੀ ਨਜ਼ਰ ਆਉਂਦੀ ਅਤੇ ਫੇਰ ਚੂੰ-ਚੂੰ ਕਰਦਾ ਚੂਚਾ ਬਾਹਰ ਨਿਕਲ ਕੇ ਭੱਜਣ ਨੱਠਣ ਲੱਗ ਪੈਂਦਾ।

ਮਨੁੱਖ ਜਦੋਂ ਸੋਚਦਾ ਹੈ, ਕਲਪਦਾ ਹੈ, ਖਿਝਦਾ ਹੈ, ਪਿਆਰ ਕਰਦਾ ਹੈ, ਡਰਦਾ ਹੈ ਅਤੇ ਕਮੀਨਗੀਆਂ ਕਰਦਾ ਹੈ ਤਾਂ ਉਸ ਦੇ ਦਿਮਾਗ ਵਿੱਚ ਕੀ ਹਲਚਲ ਹੋ ਰਹੀ ਹੁੰਦੀ ਹੈ, ਇਹ ਵੇਖਣ ਨੂੰ

Academy of the Punjab in North America: http://www.apnaorg.com

ਕਿਸ ਦਾ ਮਨ ਨਹੀਂ ਕਰਦਾ। ਮੈਂ ਇਹ ਉਸ ਮਿਊਜ਼ੀਅਮ ਵਿੱਚ ਇੱਕ ਬਿਜਲੀ ਨਾਲ ਚਲਦੇ ਦਿਮਾਗ ਵਿੱਚ ਵੇਖਿਆ। ਇਵੇਂ ਹੀ ਬਨਾਉਟੀ ਢੰਗ ਨਾਲ ਟਿਊਬ ਵਿੱਚ ਬੱਚਾ ਬਣਦਾ ਵੀ ਵੇਖਿਆ।

ਕਾਰਾਂ, ਜਹਾਜ਼, ਰੇਲ ਗੱਡੀਆਂ, ਰੇਡੀਓ, ਟੀ. ਵੀ., ਟੈਲੀਫੋਨ ਆਦਿ ਹਰੇਕ ਚੀਜ਼ ਦਾ ਪੁਰਾਣਾ ਅਤੇ ਨਵਾਂ ਰੂਪ ਉਥੇ ਪਿਆ ਹੈ। ਇਥੋਂ ਤੱਕ ਕਿ ਅੱਧੇ ਪਿੰਡ ਜਿੱਡਾ ਸਮੁੰਦਰੀ ਜਹਾਜ਼ ਉਵੇਂ ਦਾ ਜਿਵੇਂ ਲਿਆ ਕੇ ਉਥੇ ਵੇਖਣ ਲਈ ਰੱਖ ਛੱਡਿਆ ਹੈ। ਇਥੇ ਜੇ ਇੱਕ ਇਕ ਚੀਜ਼ ਨੂੰ ਗਹੁ ਨਾਲ ਵੇਖਣਾ ਹੋਵੇ ਤਾਂ ਮਹੀਨਾ ਚਾਹੀਦਾ ਹੈ। ਸੋ ਇੱਕ ਦਿਨ ਵਿੱਚ ਤਾਂ ਬਹੁਤੀਆਂ ਚੀਜ਼ਾਂ ਤਰਦੀ ਨਜ਼ਰ ਨਾਲ ਹੀ ਵੇਖੀਆਂ ਜਾਂਦੀਆਂ ਹਨ।

ਮਿਊਜ਼ੀਅਮ ਦਾ ਓਮਨੀਮੈਕਸ ਥੀਏਟਰ ਤਾਂ ਬਿਲਕੁਲ ਹੀ ਅਦਭੁੱਤ ਸ਼ੈਅ ਹੈ। ਗੋਲ ਆਂਡੇ ਵਰਗੇ ਇਸ ਵੱਡ-ਅਕਾਰੀ ਥੀਏਟਰ ਵਿੱਚ ਇੱਕ ਕੰਧ ਨਾਲ ਹੇਠ ਉਤੇ ਸੀਟਾਂ ਲੱਗੀਆਂ ਹਨ ਅਤੇ ਬਾਕੀ ਸਾਰੇ ਪਾਸੇ ਸਕਰੀਨ ਹੈ। ਥਿਰੀ-ਡੀ ਸਿਨੇਮਾ ਵੇਖਣ ਵਾਂਗ ਇਥੇ ਕੋਈ ਵਿਸ਼ੇਸ਼ ਭਾਂਤ ਦੀਆਂ ਐਨਕਾਂ ਵੀ ਨਹੀਂ ਲਾਉਣੀਆਂ ਪਈਆਂ। ਇਥੇ 'ਔਨ ਦਾ ਵਿੰਗਸ' (ਖੰਭਾਂ ਦੀ ਦਾਸਤਾਨ) ਨਾਂ ਦੀ ਫ਼ਿਲਮ ਵਿਖਾਈ ਗਈ। ਮੋਮ ਦੇ ਖੰਭ ਲਾ ਕੇ ਸੂਰਜ ਵੱਲ ਉੱਡਣ ਵਾਲੇ ਹਵਾਬਾਜ਼ਾਂ ਤੋਂ ਲੈ ਕੇ ਹਵਾਈ ਜਹਾਜ਼ ਅਤੇ ਉਡੂੰ-ਉਡੂੰ ਕਰਦੀਆਂ ਰੈਲੀ-ਕਾਰਾਂ ਤੱਕ ਦੇ ਵਿਕਾਸ ਨੂੰ ਦਰਸਾਇਆ ਗਿਆ ਹੈ। ਇਸ ਥੀਏਟਰ ਵਿੱਚ ਇਉਂ ਜਾਪਦਾ ਹੈ, ਜਿਵੇਂ ਮੇਰੀ ਸੀਟ ਤੋਂ ਬਿਨਾ ਹੋਰ ਕੋਈ ਸੀਟ ਨਹੀਂ ਅਤੇ ਚਾਰੇ ਪਾਸੇ ਫ਼ਿਲਮ ਚੱਲ ਰਹੀ ਹੈ। ਕਈ ਵਾਰ ਸੀਟ ਉਡਦੀ ਅਤੇ ਦ੍ਰਿਸ਼ ਖੜ੍ਹੇ ਜਾਪਦੇ ਹਨ।

ਅਜਿਹੇ ਮਿਊਜ਼ੀਅਮ ਵੇਖ ਕੇ ਮਨ ਅਸ਼ ਅਸ਼ ਕਰ ਉਠਦਾ ਹੈ। ਆਪਣੇ ਲੋਕਾਂ ਦੀ ਸਮਝ ਨੂੰ ਵਿਕਸਤ ਕਰਨ ਵਾਸਤੇ ਅਤੇ ਅੱਗੇ ਵਧਣ ਦੀ ਪ੍ਰੇਰਣਾ ਦੇਣ ਵਾਸਤੇ ਇਥੋਂ ਦੀਆਂ ਸਰਕਾਰਾਂ ਕੀ ਕੀ ਯਤਨ ਕਰਦੀਆਂ ਹਨ। ਖੇਡ-ਖੇਡ ਵਿੱਚ ਹੀ ਬੱਚੇ ਇਥੇ ਇੰਨਾ ਕੁੱਝ ਜਾਣ ਜਾਂਦੇ ਹਨ ਕਿ ਵਿਗਿਆਨ ਦੀਆਂ ਸੈਂਕੜੇ ਕਿਤਾਬਾਂ ਵੀ ਉਹ ਕੁੱਝ ਨਾ ਸਿਖਾ ਸਕਣ। ਸਾਡੇ ਆਮ ਲੋਕਾਂ ਨੂੰ ਵਿਗਿਆਨ ਦੇ ਕ੍ਰਿਸ਼ਮੇ ਨਾ ਵਿਖਾਏ ਜਾਣ ਦੀ ਸੂਰਤ ਵਿੱਚ ਉਹ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਰੱਬੀ-ਕ੍ਰਿਸ਼ਮੇ ਸਮਝਣ ਲੱਗ ਪੈਂਦੇ ਹਨ, ਤਾਂ ਹੀ ਤਾਂ ਗਣੇਸ਼ ਨੂੰ ਦੁੱਧ ਪਿਆਉਂਦੇ ਹਨ।

ਅਮਰੀਕੀ ਲੋਕ ਬੱਚਿਆਂ ਨੂੰ ਅਜਿਹੇ ਮਿਊਜ਼ੀਅਮ ਜ਼ਰੂਰ ਵਿਖਾਉਂਦੇ ਹਨ ਤਾਂ ਕਿ ਉਨ੍ਹਾਂ ਦੀਆਂ ਨੀਂਹਾਂ ਵਿੱਚ ਵਿਗਿਆਨਕ ਸੋਚ ਦੀ ਬੱਜਰੀ ਚੰਗੀ ਤਰ੍ਹਾਂ ਭਰੀ ਜਾ ਸਕੇ। ਇਸ ਮਿਊਜ਼ੀਅਮ ਵਿੱਚ ਵੰਨ-ਸੁਵੰਨੀਆਂ ਲੱਭਤਾਂ ਵੇਖ ਕੇ ਜਦ ਦਿਮਾਗ ਅਨੇਕਾਂ ਪ੍ਰਸ਼ਨਾਂ ਨਾਲ ਭਰ ਜਾਂਦਾ ਹੈ ਤਾਂ ਉਨ੍ਹਾਂ ਦੇ ਉੱਤਰਾਂ ਵਾਸਤੇ ਕੁੱਝ ਮਾਹਰ ਵਿਗਿਆਨੀ ਉਥੇ ਹੀ ਨਿਯੁਕਤ ਹਨ ਜਿਹੜੇ ਬੜੇ ਸਰਲ ਢੰਗ

Academy of the Punjab in North America: http://www.apnaorg.com

ਨਾਲ ਜਗਿਆਸਾ ਨੂੰ ਸ਼ਾਂਤ ਕਰਦੇ ਹਨ। ਵਿਗਿਆਨਕ ਨਜ਼ਰੀਆ ਬਨਾਉਣ ਵਾਸਤੇ ਮੈਨੂੰ ਇਹ ਢੰਗ ਬੜਾ ਕਾਰਗਰ ਜਾਪਿਆ। ਹਜ਼ਾਰਾਂ ਲੋਕ ਰੋਜ਼ਾਨਾ ਇਸ ਮਿਊਜ਼ੀਅਮ ਨੂੰ ਵੇਖਣ ਆਉਂਦੇ ਹਨ ਅਤੇ ਵਿਗਿਆਨਕ ਚੇਤਨਾ ਨਾਲ ਭਰੇ-ਭੁਕੰਨੇ ਮੁੜਦੇ ਹਨ।

ਅਸੀਂ ਕਦੋਂ ਤੁਰਾਂਗੇ ਇਸ ਪਾਸੇ? ਇਹ ਪ੍ਰਸ਼ਨ ਲਗਾਤਾਰ ਮੇਰੇ ਅੰਦਰ ਸੁਲਘਦਾ ਰਿਹਾ। ਕਾਸ਼! ਇਸ ਦਾ ਉੱਤਰ ਦੇਣ ਵਾਸਤੇ ਕੋਈ ਵਿਗਿਆਨੀ ਉਸ ਮਿਊਜ਼ੀਅਮ 'ਚ ਮੌਜੂਦ ਹੁੰਦਾ। ਸਾਡੇ ਤਾਂ ਵਿਗਿਆਨ ਦੇ ਯੁਗ ਵਿੱਚ ਵੀ ਬੱਚਿਆਂ ਦੇ ਦਿਮਾਗਾਂ ਵਿੱਚ ਅਜੇ ਧਾਰਮਿਕ ਅੰਧ-ਵਿਸ਼ਵਾਸ ਘੁਸੇੜਿਆ ਜਾ ਰਿਹਾ ਹੈ।

ਮਿਊਜ਼ੀਅਮ 'ਚੋਂ ਨਿਕਲਿਆ ਤਾਂ ਸਾਹਮਣੇ ਜੋਰਾ ਕਾਰ ਲਈ ਖੜ੍ਹਾ ਮੇਰੀ ਉਡੀਕ ਕਰ ਰਿਹਾ ਸੀ। ਸ਼ਿਕਾਗੋ ਨਾ ਵੇਖ ਸਕਣ ਦੀ ਸ਼ਿਕਨ ਮੇਰੇ ਮੱਥੇ ਤੋਂ ਮਿਟ ਗਈ ਸੀ। ਉਸ ਦੀ ਥਾਂ ਹੁਣ ਚਿਹਰੇ ਉਤੇ ਇੱਕ ਭਰਪੂਰਤਾ ਦੀ ਆਭਾ ਸੀ। ਸ਼ਿਕਾਗੋ ਦੀਆਂ ਪ੍ਰਾਪਤੀਆਂ ਨੂੰ ਮੈਂ ਆਪਣੇ ਦਿਮਾਗ ਦੇ ਇੱਕ ਰਖਨੇ ਵਿੱਚ ਸਾਂਭ ਲਿਆ ਸੀ। ਜੋਰਾ ਖੁਸ਼ ਸੀ ਕਿ ਉਸ ਦੀ ਝੋਲੀ ਵਿੱਚ ਨੇਕੀ ਦਾ ਇੱਕ ਹੋਰ ਬੁੱਕ ਉਲੱਦਿਆ ਗਿਆ ਸੀ।

## ਗੀਤ ਦੀ ਮੌਤ

ਮੇਰਾ, ਉਸ ਦਾ ਮੇਲ ਤਾਂ ਬੱਸ ਮੌਕਾ-ਮੇਲ ਹੀ ਸੀ। ਅਮਰੀਕਾ 'ਚ ਘੁੰਮਦਿਆਂ ਫਿਰਦਿਆਂ ਅਜਿਹੇ ਮੇਲ ਬਹੁਤ ਹੁੰਦੇ ਹਨ। ਮਿਲ ਕੇ ਜਾਪਿਆ ਜਿਵੇਂ ਉਹ ਮੈਨੂੰ ਤਰੇਤਾ ਯੁਗ ਦਾ ਭਾਲ ਰਿਹਾ ਹੋਵੇ। ਇਸੇ ਲਈ ਉਸ ਨੇ ਪਾਂਧਾ ਨਾ ਪੁੱਛਿਆ ਅਤੇ ਮੈਨੂੰ 'ਕਿੱਡਨੈਪ' ਕਰਨ ਵਾਲਿਆਂ ਵਾਂਗ ਕਾਰ 'ਚ ਬਿਠਾ ਲਿਆ। ਸ਼ਿਕਾਗੋ ਤੋਂ ਬਾਹਰ-ਵਾਰ ਪੰਜਾਹ ਸੱਠ ਮੀਲ ਦੂਰ ਉਸ ਦਾ ਘਰ ਰਾਉਂਡ ਲੇਕ ਬੀਚ ਦੇ ਇਲਾਕੇ ਵਿੱਚ ਸੀ।

'ਭਾ ਜੀ ਆਹ ਤੁਹਾਡਾ ਵੱਖਰਾ ਕਮਰਾ, ਕੋਈ ਡਿਸਟਰਬਿੰਸ ਨਹੀਂ ਏਥੇ, ਇਥੇ ਅਰਾਮ ਨਾਲ ਬੈਠ ਕੇ ਤੁਸੀਂ ਮੇਰੇ ਲਈ ਕੰਮ ਕਰੋ। ਇਹ ਨਾ ਸੋਚਿਓ ਮੈਂ ਪਰਸ਼ਾਦੇ ਛਕਾ ਕੇ ਮੁਫ਼ਤ 'ਚ ਛਿੱਲ

ਲਾਹੁਣੀ ਚਾਹੁੰਦਾ ਹਾਂ। ਪੂਰੀ ਪੇਅਮੈਂਟ ਕਰੂੰਗਾ' ਉਸ ਨੇ ਦੂਜੀ ਮੰਜ਼ਿਲ ਉਤੇ ਬਣੇ ਆਲੀਸ਼ਾਨ ਕਮਰੇ ਦਾ ਚਾਰਜ ਦਿੰਦਿਆਂ ਮੇਰੀਆਂ ਅੱਖਾਂ 'ਚ ਡਾਲਰਾਂ ਦਾ ਸੁਪਨਾ ਬੀਜਦਿਆਂ ਕਿਹਾ।

ਇਹ ਸ. ਮੱਤ ਸਿੰਘ ਢਿੱਲੋਂ ਸੀ ਜਿਸ ਨੂੰ ਬੁੱਧ ਵਾਂਗ ਅਚਾਨਕ ਹੀ 'ਗਿਆਨ' ਹੋਇਆ ਸੀ ਕਿ ਜ਼ਿੰਦਗੀ ਦੀਆਂ ਖੱਟੀਆਂ ਖੱਟਦਾ ਖੱਟਦਾ ਉਹ ਅਸਲ ਖੱਟੀ ਵੱਲੋਂ ਹੱਥ ਧੋ ਬੈਠਾ ਸੀ। ਇਸੇ 'ਖੱਟੀ' ਨੇ ਤਾਂ ਉਸ ਨੂੰ ਅਮਰ ਕਰਨਾ ਸੀ। ਉਹ ਸੋਚਦਾ ਸੀ ਕਿ ਜੇ ਉਹ ਆਪਣੀ ਕਲਾ ਵੱਲੋਂ ਅਵੇਸਲਾ ਨਾ ਹੁੰਦਾ ਤਾਂ ਹੁਣ ਨੂੰ ਮਹਿੰਦਰ ਕਪੂਰ ਨੇ ਉਸ ਦੇ ਪਿੱਛੇ ਪਿੱਛੇ ਗੀਤ ਲੈਣ ਲਈ ਤਰਲੇ ਕਰਦੇ ਫਿਰਦੇ ਹੋਣਾ ਸੀ ਅਤੇ ਯਸ਼ ਚੋਪੜਾ ਨੇ ਫ਼ਿਲਮਾਂ ਦੀਆਂ ਸਕ੍ਰਿਪਟਾਂ ਲਿਖਵਾਉਣ ਲਈ ਤਰਲੋ-ਮੱਛੀ ਹੋਣਾ ਸੀ। 'ਗਿਆਨ' ਹੁੰਦਿਆਂ ਹੀ ਢਿੱਲੋਂ ਨੇ ਆਪਣੇ ਕੈਨੇਡਾ ਵਸਦੇ ਕਲਾਕਾਰ ਮਿੱਤਰ ਸਰਬਜੀਤ ਨਾਲ ਮਿਲ ਕੇ ਫ਼ਿਲਮ 'ਰੋਗ ਦਿਲਾਂ ਦੇ' ਬਨਾਉਣੀ ਸ਼ੁਰੂ ਕਰ ਦਿੱਤੀ ਸੀ ਜਿਸ ਵਿੱਚ ਗੀਤ ਢਿੱਲੋਂ ਦੇ ਲਿਖੇ ਸਨ। ਹੁਣ ਉਸ ਦਾ ਇਰਾਦਾ ਸ਼ਿਕਾਗੋ ਵਿੱਚ ਨਾਟਕ ਖੇਡਣ ਦਾ ਸੀ ਅਤੇ ਨਾਲ ਹੀ ਆਪਣਾ ਸਾਹਿਤ-ਭੰਡਾਰ ਵੇਲੇ ਸਿਰ ਸੰਭਾਲਣ ਦਾ ਸੀ। ਇਸ ਕੰਮ ਲਈ ਹੀ ਉਸ ਨੂੰ ਮੇਰੀ ਲੋੜ ਸੀ।

ਢਿੱਲੋਂ ਵੀਹ ਕੁ ਵਰ੍ਹੇ ਪਹਿਲਾਂ ਹੁਸ਼ਿਆਰਪੁਰ ਦੇ ਨੇੜਲੇ ਪਿੰਡੋਂ ਵਿਆਹ ਦੇ ਆਧਾਰ ਉਤੇ ਅਮਰੀਕਾ ਆਇਆ ਸੀ। ਹੁਣ ਤੱਕ ਉਸ ਨੇ ਦਿਨ-ਰਾਤ ਇੱਕ ਕਰਕੇ ਇੱਕ 'ਨਿਆਰਾ ਬੰਗਲਾ' ਬਣਾ ਲਿਆ ਸੀ ਜਿਸ ਵਿੱਚ ਉਸ ਦੀ ਪਤਨੀ ਦੇਵਿੰਦਰ ਅਤੇ ਦੋ ਪੰਦਰਾਂ-ਅਠਾਰਾਂ ਸਾਲ ਦੀਆਂ ਧੀਆਂ ਮਨਦੀਪ ਅਤੇ ਅਮਨ ਉਸ ਨਾਲ ਰਹਿੰਦੀਆਂ ਸਨ। ਹੁਣ ਤੱਕ ਤਾਂ ਢਿੱਲੋਂ ਦਾ ਸਾਰਾ ਕੋੜਮਾ ਹੀ ਅਮਰੀਕਾ ਸੈੱਟ ਹੋ ਚੁੱਕਾ ਸੀ। ਸ਼ਿਕਾਗੋ ਦੇ ਇੱਕ ਵੱਡੇ ਗੁਰਦੁਆਰੇ ਦੇ ਵਿੱਤ ਸਕੱਤਰ ਢਿੱਲੋਂ ਨੇ ਜ਼ਿੰਦਗੀ ਦੀਆਂ ਸੱਭੇ ਖੇਡਾਂ ਖੇਡ ਲਈਆਂ ਸਨ, ਹੁਣ ਲੇਖਕ ਬਣਨ ਦਾ ਜ਼ਨੂੰਨ ਸਿਰ ਨੂੰ ਚੜ੍ਹਿਆ ਹੋਇਆ ਸੀ। ਉਸ ਕੋਲ ਡਾਲਰ ਸਨ, ਉਹ ਕਿਤਾਬਾਂ ਛਪਵਾ ਸਕਦਾ ਸੀ, ਗੋਸ਼ਟੀਆਂ ਕਰਵਾ ਸਕਦਾ ਸੀ, ਆਪਣੇ ਨਾਵਲਾਂ ਉਤੇ ਫ਼ਿਲਮਾਂ ਬਣਵਾ ਸਕਦਾ ਸੀ। ਪਰ ਉਹ ਪਰੇਸ਼ਾਨ ਸੀ, ਕੁੱਝ ਵੀ ਨਹੀਂ ਸੀ ਹੋ ਰਿਹਾ। ਉਸ ਦਾ ਦਿਮਾਗ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਉਸ ਨੂੰ ਜਾਪਦਾ ਸੀ ਕਿ ਪਤਨੀ ਦੇਵਿੰਦਰ ਕੌਰ ਸਭ ਤੋਂ ਵੱਡਾ ਰੋੜਾ ਸੀ ਉਸ ਦੀ ਕਲਾ ਦੇ ਰਾਹ ਵਿਚ। ਉਸ ਦੇ ਲੇਖਕਪੁਣੇ ਤੋਂ ਅੱਕ ਕੇ ਉਹ ਅਕਸਰ ਆਖਦੀ ਸੀ 'ਹੈਗਾ ਇਹ ਲਿਖਾਰੀ ਸੁਆਹ ਤੇ ਖੇਹ, ਕਿੱਥੋਂ ਰੱਬ ਨੇ ਪੁੱਠੀ ਭੰਮਾਲੀ ਦਿੱਤੀ ਹੈ ਇਸਨੂੰ।'

Academy of the Punjab in North America: http://www.apnaorg.com

ਉਸ ਦੀਆਂ ਧੀਆਂ ਇਸ ਮਾਮਲੇ ਵਿੱਚ ਮੂਕ ਦਰਸ਼ਕ ਸਨ ਅਤੇ ਮੈਂ ਵੀ ਨਵਾਂ ਨਵਾਂ ਮਹਿਮਾਨ ਹੋਣ ਕਰਕੇ ਬੁੱਲ੍ਹਾਂ ਉਤੇ ਚੁੱਪ ਦਾ ਜਿੰਦਰਾ ਮਾਰੀ ਬੈਠਾ ਸਾਂ। ਮੈਂ ਤਾਂ ਅਜੇ ਇਸ ਗੱਲ ਨਾਲ ਹੀ ਪ੍ਰਭਾਵਿਤ ਹੋ ਰਿਹਾ ਸਾਂ ਕਿ ਅਮਰੀਕਾ ਵਿੱਚ ਅਲਪ ਬੁੱਧੀ ਵਾਲਾ ਬੰਦਾ ਵੀ ਕਿੰਨੀ ਛੇਤੀ ਸਫਲ ਹੋ ਸਕਦਾ ਸੀ।

ਢਿੱਲੋਂ ਦਾ ਘਰ ਲੇਕ ਤੋਂ ਥੋੜਾ ਹੱਟਵੇਂ ਵਸੇ ਇੱਕ ਖ਼ੂਬਸੂਰਤ ਪਿੰਡ ਰਾਉਂਡ ਲੇਕ ਬੀਚ ਵਿੱਚ ਸੀ। ਸਾਡੇ ਵਰਗੇ ਪਿੰਡ ਤਾਂ ਅਮਰੀਕਾ ਵਿੱਚ ਹਨ ਹੀ ਨਹੀਂ। ਪਿੰਡ ਸ਼ਹਿਰਾਂ ਨਾਲੋਂ ਕਿਤੇ ਸੁਹਣੇ, ਸਾਫ਼-ਸੁਥਰੇ ਅਤੇ ਖੁੱਲ੍ਹੇ ਹਨ, ਇਸ ਲਈ ਮਹਿੰਗੇ ਹਨ। ਇਥੇ ਕਿਸੇ ਘਰ ਦੀ ਕੰਧ ਦੂਜੇ ਨਾਲ ਨਹੀਂ ਸੀ ਲਗਦੀ। ਆਜ਼ਾਦ ਮਿਜਾਜ਼ ਅਮਰੀਕਨਾਂ ਵਾਂਗ ਹਰੇਕ ਘਰ ਇਕੱਲਾ ਇਕੱਲਾ ਖੜ੍ਹਾ ਸੀ ਨਖਰੇ ਨਾਲ ਦੂਜਿਆਂ ਨਾਲੋਂ ਵਿੱਥ 'ਤੇ। ਘਰਾਂ ਦੁਆਲੇ ਵੱਡੇ ਵੱਡੇ ਲਾਅਨ ਸਨ ਜਿਨ੍ਹਾਂ ਵਿੱਚ ਹਰਾ-ਕਚੂਰ ਘਾਹ ਮਖ਼ਮਲੀ ਗਲੀਚੇ ਵਾਂਗੂੰ ਵਿਛਿਆ ਪਿਆ ਸੀ। ਕਹਿੰਦੇ ਹਨ ਜੇ ਕੋਈ ਆਪਣੇ ਲਾਅਨ ਦਾ ਘਾਹ ਵੀ ਨਾ ਕੱਟੇ ਤਾਂ ਸਰਕਾਰ ਜੁਰਮਾਨਾ ਕਰ ਦਿੰਦੀ ਹੈ। ਘਰਾਂ ਦੁਆਲੇ ਚਾਰ ਦੀਵਾਰੀ ਕਿਸੇ ਦੇ ਵੀ ਨਹੀਂ ਸੀ ਇਸ ਕਰਕੇ ਲਾਅਨ ਹੋਰ ਵੀ ਖੁੱਲ੍ਹੇ-ਡੁੱਲ੍ਹੇ ਅਤੇ ਸੁਹਣੇ ਜਾਪਦੇ ਸਨ। ਸ਼ਾਂਤੀ ਇਨੀ ਸੀ ਕਿ ਸੁਰਜੀਤ ਪਾਤਰ ਦੇ ਸ਼ੇਅਰ 'ਖੜਕ ਹੋਵੇ ਜੇ ਡਿੱਗੇ ਪੱਤਾ ਵੀ' ਵਾਲੀ ਗੱਲ ਲਗਦੀ ਸੀ। ਘਰਾਂ ਦੇ ਵਿਚਕਾਰ ਕੋਈ ਤੀਹ ਕੁ ਏਕੜ ਦਾ ਪਾਰਕ ਸੀ ਜਿਸ ਵਿੱਚ ਸ਼ਾਮ ਨੂੰ ਬੱਚਿਆਂ ਦੀ ਰੌਣਕ ਹੁੰਦੀ ਸੀ। ਸਵਰਗ ਦਾ ਸਾਕਸ਼ਾਤ ਨਕਸ਼ਾ ਸੀ ਇਹ ਇਲਾਕਾ, ਜਿਥੇ ਢਿੱਲੋਂ ਦਾ ਘਰ ਸੀ।

ਜੇ ਬਾਹਰ ਏਨੀ ਖ਼ੂਬਸੂਰਤੀ ਸੀ ਤਾਂ ਘਰ ਅੰਦਰ ਵੀ ਘੱਟ ਨਹੀਂ ਸੀ। ਬੇਸਮੈਂਟ ਤੋਂ ਲੈ ਕੇ ਦੂਜੀ ਮੰਜ਼ਿਲ ਤੱਕ ਹਰੇਕ ਥਾਂ ਮਹਿੰਗਾ ਕਾਲੀਨ ਵਿਛਿਆ ਹੋਇਆ ਸੀ। ਸਮੁੱਚਾ ਘਰ ਏਅਰ ਕੰਡੀਸ਼ਨਡ ਸੀ। ਬਾਥਰੂਮਾਂ ਵਿੱਚ ਨਿੱਕੇ ਨਿੱਕੇ 'ਹਮਾਮ' ਬਣੇ ਹੋਏ ਸਨ। ਘਰ ਦੀਆਂ ਕੰਧਾਂ ਉਤੇ ਸੱਜਰੀ ਸੱਜਰੀ ਕੀਤੀ ਪਾਲਸ਼ ਇਉਂ ਚਮਕ ਰਹੀ ਸੀ ਕਿ ਵਿਚੋਂ ਮੂੰਹ ਦਿਸਦਾ ਸੀ। ਸੁੱਖ-ਸਹੂਲਤਾਂ ਦੀਆਂ ਵਸਤਾਂ ਦੇ ਇਉਂ ਅੰਬਾਰ ਲੱਗੇ ਪਏ ਸਨ, ਜਿਵੇਂ ਰਾਤ ਹੀ ਅਲਾਦੀਨ ਦੇ ਚਿਰਾਗ ਨੂੰ ਹੁਕਮ ਦਿੱਤਾ ਹੋਵੇ ਅਤੇ ਉਸ ਨੇ ਹਰ ਸ਼ੈਅ ਹਾਜ਼ਰ ਕਰ ਦਿੱਤੀ ਹੋਵੇ। ਜਦੋਂ ਕੋਈ ਸ਼ਾਹ ਜਹਾਨ ਆਪਣੀ ਮੁਮਤਾਜ਼ ਦੇ ਸੁਪਨਿਆਂ ਦੇ ਹਾਣ ਦਾ ਘਰ ਬਨਾਉਣ ਲਗਦਾ ਹੈ ਤਾਂ ਉਹ ਅਜਿਹਾ ਹੀ ਹੁੰਦਾ ਹੈ, ਢਿੱਲੋਂ ਦੇ ਘਰ ਵਰਗਾ।

ਇਸ 'ਨਿਆਰੇ ਬੰਗਲੇ' ਦੀ ਤਾਮੀਰ ਵਾਸਤੇ ਬੰਦਾ ਲੱਖਾਂ ਖਰਚ ਕੇ ਅਮਰੀਕਾ ਪਹੁੰਚਦਾ ਹੈ, ਦਿਨ ਰਾਤ ਮਸ਼ੀਨ ਨਾਲ ਮਸ਼ੀਨ ਬਣਦਾ ਹੈ। 'ਜਦ ਇਹ ਬਣ ਜਾਂਦਾ ਹੈ ਤਾਂ ਉਸ ਨੂੰ ਚੈਨ ਦਾ ਸਾਹ

Academy of the Punjab in North America: http://www.apnaorg.com

ਲੈਣਾ ਕਿਉਂ ਨਹੀਂ ਮਿਲਦਾ, ਹੋਰ ਕੀ ਚਾਹੁੰਦਾ ਹੈ ਉਹ?' ਮੈਂ 'ਆਪਣੇ ਕਮਰੇ' ਦੇ ਪੋਲੇ ਗੱਦੇ ਵਿੱਚ ਧਸਿਆ ਇਹ ਸੋਚ ਰਿਹਾ ਸਾਂ ਕਿ ਠਾਹ ਦੇਣੇ ਇੱਕ ਕਾਗਜ਼ਾਂ ਦਾ ਥੱਬਾ ਗਲੀਚੇ ਉਤੇ ਸਿਟਦਿਆਂ ਉਸ ਨੇ ਕਿਹਾ 'ਭਾ ਜੀ, ਇਹ ਹੈ ਮੇਰਾ ਸਭ ਕੁਝ, ਪੰਜਾਬੀ-ਹਿੰਦੀ-ਅੰਗਰੇਜ਼ੀ ਦੇ ਨਾਵਲ ਕਹਾਣੀਆਂ, ਸਕ੍ਰਿਪਟਾਂ, ਗੀਤ ਨਾਟਕ ...। ਹੁਣ ਇਨ੍ਹਾਂ ਨੂੰ ਛਾਂਟਣਾ ਤੁਹਾਡਾ ਕੰਮ, ਮੈਂ ਪੂਰੀ ਪੇਅਮਿੰਟ ... ' ਉਸ ਨੇ ਬੋਝ ਦੀ ਪੰਡ ਆਪਣੇ ਸਿਰੋਂ ਲਾਹ ਕੇ ਮੇਰੇ ਸਿਰ ਰੱਖ ਦਿੱਤੀ। ਮੈਂ ਕੁੱਝ ਫਰੋਲਾ-ਫਰਾਲੀ ਕੀਤੀ, ਜਿਵੇਂ ਕਿਸੇ ਦਾ ਲੀਖਾਂ ਦਾ ਭਰਿਆ ਸਿਰ ਫਰੋਲ ਰਿਹਾ ਹੋਵਾਂ। ਇਘੜ-ਦੁਘੜੇ ਕਾਗਜ਼ਾਂ ਦੀ ਤਾਣੀ ਦੀ ਕੋਈ ਵੀ ਤੰਦ ਮੇਰੇ ਹੱਥ ਨਾ ਆਈ। 'ਇਸ ਤੂੜੀ ਦੀ ਧੜ 'ਚੋਂ ਕਿਹੜਾ ਮਾਈ ਦਾ ਲਾਲ ਦਾਣੇ ਚੁਗ ਸਕਦਾ ਹੈ?' ਮੈਂ ਸੋਚਿਆ।

'ਭਾ ਜੀ ਬੱਸ ਤੁਸੀਂ ਮੈਨੂੰ ਕੁੱਝ ਬਣਾ ਸਕਦੇ ਹੋ, ਤੁਸੀਂ ਤਾਂ ਯੂਨੀਵਰਸਿਟੀ ਦੇ ਡਾਕਟਰ, ਚੋਟੀ ਦੇ ਵਿਦਵਾਨ, ਮੈਨੂੰ ਤੁਹਾਡੀ ਹੀ ਭਾਲ ਸੀ, ਰੱਬ ਨੇ ਮੇਲ ਕਰਾ-ਤਾ, ਹੁਣ ਜਾਇਓ ਨਾ ਛੱਡ ਕੇ, ਅੱਗੇ ਡਾ. ਜੋਗਿੰਦਰ ਕੈਰੋਂ ਵੀ ਆਇਆ ਸੀ ਪਰ ਉਹ ਭੱਜ ਗਿਆ ਪੱਲਾ ਛੁਡਾ ਕੇ, ਤੁਹਾਨੂੰ ਨਹੀਂ ਜਾਣ ਦੇਣਾ ਮੈਂ, ਮੈਂ ਪੂਰੀ ਪੇਅਮੇਂਟ ... ' ਉਹ ਭਾਵੁਕਤਾ ਵੱਸ ਰੋਣਹਾਕਾ ਹੋਇਆ ਪਿਆ ਸੀ। ਮੈਂ ਉਸ ਦੇ ਤਰਲਿਆਂ ਦੇ ਹੜ੍ਹ ਵਿੱਚ ਵਹਿ ਗਿਆ। ਕੋਰਾ ਜਵਾਬ ਦੇਣਾ ਮੇਰੇ ਵੱਸ 'ਚ ਨਾ ਰਿਹਾ। ਮੈਂ ਉਸ ਦੇ ਲਈ ਇੱਕ ਗੀਤ-ਸੰਗ੍ਰਹਿ ਤਿਆਰ ਕਰਨ ਦਾ ਮਨ ਬਣਾ ਲਿਆ।

'ਗੀਤ ਕਿੰਨੇ ਕੁ ਲਿਖੇ ਹੋਣਗੇ ਤੁਸੀਂ' ਮੈਂ ਕਾਗਜ਼ਾਂ ਦੀਆਂ ਘੁੰਡੀਆਂ 'ਚੋਂ ਗੀਤਾਂ ਦੇ ਦਾਣੇ ਰੋਲਦਿਆਂ ਕਿਹਾ।

'ਗਿਣਤੀ ਨਹੀਂ ਕੋਈ, ਢੇਰਾਂ ਦੇ ਢੇਰ' ਉਸ ਨੇ ਉਤਸ਼ਾਹ ਨਾਲ ਦੱਸਿਆ।

'ਫਾਈਲ ਬਣਾਈ ਐ ਕਿ ...?' ਮੈਂ ਕਹਿਣਾ ਚਾਹਿਆ 'ਕਿ ਇਸ 'ਢੇਰ' ਵਿੱਚ ਹੀ ਹਨ।'

'ਐਨਾ ਟੈਮ ਕਿੱਥੇ ਭਾ ਜੀ, ਫੈਕਟਰੀ 'ਚ ਰਸੈੱਸ ਵੇਲੇ ਕੁੱਝ ਲਾਈਨਾਂ ਝਰੀਟ ਲੈਂਦਾ ਹਾਂ, ਦੁਬਾਰਾ ਸੋਧਣ ਦਾ ਟੈਮ ਨਹੀਂ ਮਿਲਦਾ, ਬੱਸ ਐਧਰ ਓਧਰ ਦਰਾਜ਼ਾਂ 'ਚ ਰੱਖ ਦਿੰਦਾ ਹਾਂ, ਇਹ ਮਾਂ ਦੀ ਧੀ (ਦੇਵਿੰਦਰ ਕੌਰ) ਸਫ਼ਾਈ ਕਰਦੀ ਕਰਦੀ ਚੁੱਕ ਕੇ ਗਾਰਬਿਜ਼ (ਕੂੜੇ) ਵਿੱਚ ਸੁੱਟ ਦਿੰਦੀ ਐ, ਮੇਰੇ ਲੱਖਾਂ ਖਿਆਲ ਰੁਲ ਗਏ ਨੇ ਕੂੜੇ 'ਚ।' ਢਿੱਲੋਂ ਨੇ ਉਦਾਸ ਸੁਰ 'ਚ ਸਾਰੀ ਦਾਸਤਾਨ ਦੱਸੀ।

ਅੱਧੀ ਰਾਤ ਤੱਕ ਮੈਂ 'ਢੇਰ' ਚੋਂ ਗੀਤ ਭਾਲਦਾ ਰਿਹਾ। ਕੁੱਲ ਸੱਤ-ਅੱਠ ਹੀ ਮਿਲੇ, ਉਹ ਵੀ ਅੱਧ-ਪਚੱਧੇ, ਬਿਨਾਂ ਸਿਰ ਪੈਰ ਤੋਂ, ਜਿਵੇਂ:

ਮੈਂ ਪੰਜਾਬੀ ਜੱਟ, ਤੂੰ ਅੰਗਰੇਜਨ ਮੇਮ

ਤੂੰ ਦਿੱਤਾ ਮੈਨੂੰ ਪੱਟ, ਆ ਹੁਣ ਸ਼ਾਦੀ ਕਰ ਲਈਏ।

ਇਉਂ ਕਿਧਰੋਂ ਲੱਤ ਫੜ੍ਹ ਕਿਧਰੋਂ ਬਾਂਹ ਫੜ੍ਹ ਵਾਲੀ ਗੱਲ ਹੀ ਸੀ ਪਰ ਅਜਿਹੇ ਕੁੱਝ ਗੀਤ ਉਸ ਨੇ ਫ਼ਿਲਮ 'ਰੋਗ ਦਿਲਾਂ ਦੇ' ਲਈ ਮਹਿੰਦਰ ਕਪੂਰ ਅਤੇ ਦਿਲਰਾਜ ਕੌਰ ਦੀ ਆਵਾਜ਼ ਵਿੱਚ ਬੰਬਈ ਜਾ ਕੇ ਰਿਕਾਰਡ ਕਰਵਾਏ ਸਨ। ਸਭ ਡਾਲਰਾਂ ਦੀ ਬਰਕਤ ਸੀ। ਉਸ ਨੂੰ ਉਮੀਦ ਸੀ ਕਿ ਫ਼ਿਲਮ ਰਿਲੀਜ਼ ਹੋਣ ਦੀ ਦੇਰ ਸੀ ਫੇਰ ਸਭ ਧੋਣੇ ਧੋਤੇ ਜਾਣੇ ਸਨ। ਉਸ ਦਾ ਕਵੀ-ਜੋਸ਼ ਠਾਠਾਂ ਮਾਰ ਰਿਹਾ ਸੀ। ਫੈਕਟਰੀ ਅਤੇ ਘਰ ਦੇ ਖੱਲਾਂ ਖੂੰਜਿਆਂ ਵਿਚੋਂ ਉਹ ਵੀਹ ਕੁ ਟੁੱਟੇ-ਭੱਜੇ ਗੀਤ ਹੋਰ ਲੱਭ ਲਿਆਇਆ। ਮੈਂ ਪੜ੍ਹੇ ਤਾਂ ਮੈਨੂੰ ਲੱਗਿਆ, 'ਇਨ੍ਹਾਂ ਨੂੰ ਠੀਕ ਕਰਨ ਨਾਲੋਂ ਤਾਂ ਨਵੇਂ ਲਿਖ ਕੇ ਦੇਣੇ ਸੌਖੇ ਸਨ। ਮੁਫ਼ਤ 'ਚ ਸੈਰ ਕਰਨ ਦਾ ਕੁੱਝ ਤਾਂ ਹਰਜਾਨਾ ਭਰਨਾ ਹੀ ਪਵੇਗਾ। ਜੇ ਉਖਲੀ 'ਚ ਸਿਰ ਦਿੱਤਾ ਹੈ ਤਾਂ ਮੋਹਲੇ ਤਾਂ ਸਹਿਣੇ ਹੀ ਪੈਣਗੇ।'

ਮੈਨੂੰ ਪਤਾ ਸੀ ਕਿ ਇਸ ਸੁੱਕੇ-ਸੜੇ ਬੂਟੇ ਨੇ ਪਾਣੀ ਪਾਇਆਂ ਹੁਣ ਹਰਾ ਨਹੀਂ ਹੋਣਾ ਪਰ ਫੇਰ ਵੀ ਮੈਂ ਯਤਨ ਕਰ ਰਿਹਾ ਸਾਂ। ਇੱਕ ਗੱਲ ਮੈਨੂੰ ਚੰਗੀ ਲਗਦੀ ਸੀ ਕਿ ਐਨੇ ਧੱਕ-ਮਧੱਕਿਆਂ ਵਿੱਚ ਵੀ ਬੰਦੇ ਨੇ ਆਪਣੇ ਅੰਦਰ ਕਲਾ-ਮੋਹ ਦਾ ਝਰਨਾ ਮੂਲੋਂ ਹੀ ਸੁੱਕਣ ਨਹੀਂ ਸੀ ਦਿੱਤਾ।

ਢਿੱਲੋਂ ਨੇ ਦੱਸਿਆ ਕਿ ਕਦੇ ਉਹ ਵੀ ਸ਼ੂਕਦਾ ਦਰਿਆ ਸੀ। ਪੰਜਾਬ 'ਚ ਕਿਸੇ ਨੱਢੀ ਨਾਲ ਉਹਦੀ ਅੱਟੀ-ਸੱਟੀ ਲੱਗ ਗਈ ਸੀ। ਉਸ ਦੇ ਨਿਹੁੰ ਵਿੱਚ ਹੀ ਉਹ ਗੀਤ-ਗੀਤ ਹੋ ਗਿਆ ਸੀ। ਫੇਰ ਅਮਰੀਕਾ ਦੀ ਸੁਪਨ-ਪਰੀ ਨੇ ਉਸ ਨਿਹੁੰ ਨੂੰ ਵਿਸਾਰ ਦਿੱਤਾ। ਅਮਰੀਕਨ ਸਿਟੀਜ਼ਨ ਦੇਵਿੰਦਰ ਕੌਰ ਨਾਲ ਵਿਆਹ ਕਰਵਾ ਕੇ ਉਹ ਸੈੱਟਲ ਹੋ ਗਿਆ ਸੀ ਜਾਂ ਖ਼ਬਰੇ ਉੱਖੜ ਗਿਆ ਸੀ। ਫੇਰ ਮਸ਼ੀਨਾਂ ਦੀ ਗੜਗੜਾਹਟ ਨੇ ਪਹਿਲਾ ਪਹਿਲਾ ਪਿਆਰ ਭੁਲਾ ਦਿੱਤਾ ਸੀ। ਮਸ਼ੀਨਾਂ ਦੀ ਭੇਟ ਚੜ੍ਹਨ ਵਾਲਾ ਸਿਲਸਿਲਾ ਤਾਂ ਅਜੇ ਵੀ ਚੱਲ ਰਿਹਾ ਸੀ। ਢਿੱਲੋਂ ਦਿਨ ਦੇ ਇੱਕ ਵਜੇ 'ਜੌਬ' ਉਤੇ ਜਾਂਦਾ ਸੀ ਅਤੇ ਰਾਤ ਨੂੰ ਬਾਰਾਂ ਵਜੇ ਆ ਕੇ ਪੋਣੇ 'ਚ ਵਲੇਟੀਆਂ ਮੰਨੀਆਂ ਛਕ ਕੇ ਬਿਨਾਂ ਖੜਕਾ ਕੀਤੇ ਸੌਂ ਜਾਂਦਾ ਸੀ, ਕਿਤੇ ਦੇਵਿੰਦਰ ਕੌਰ ਦੀ ਨੀਂਦ ਨਾ ਉਚਾਟ ਹੋ ਜਾਵੇ। ਦੇਵਿੰਦਰ ਕੌਰ ਨੇ ਵੀ ਤਾਂ ਸਵੇਰੇ ਸੱਤ ਵਜੇ 'ਜੌਬ' ਉਤੇ ਜਾਣਾ ਹੁੰਦਾ ਸੀ ਅਤੇ ਦੁਪਹਿਰੋਂ ਬਾਅਦ ਚਾਰ ਵਜੇ ਮੁੜਨਾ ਹੁੰਦਾ ਸੀ। ਇਸ ਤੋਂ ਪਿੱਛੋਂ ਕੁੜੀਆਂ ਨੂੰ ਸਕੂਲੋਂ ਲਿਆਉਣਾ ਹੁੰਦਾ ਸੀ ਅਤੇ ਰੋਟੀ-ਟੁੱਕ ਵੀ ਤਿਆਰ ਕਰਨਾ ਪੈਂਦਾ ਸੀ। ਪਤੀ-ਪਤਨੀ ਦਾ ਮੇਲ ਛੁੱਟੀ ਵਾਲੇ ਦਿਨ ਹੀ ਹੁੰਦਾ। ਉਸ ਦਿਨ ਨੀਂਦ ਦੱਬੀ ਰਖਦੀ। ਇਸ ਮਾਰਾ-ਮਾਰੀ ਵਿੱਚ ਦੇਵਿੰਦਰ ਕੌਰ ਦੀ ਕੁੱਖ ਵਿੱਚ 'ਟਿਊਮਰ' ਹੋ ਗਿਆ ਸੀ। ਉਹ ਕਈ ਵਾਰ ਪੀੜ ਨਾਲ ਕਰਾਹੁੰਦੀ ਪਰ ਗੋਲੀਆਂ ਸਹਾਰੇ ਫੇਰ ਵੀ 'ਜੌਬ' ਉਤੇ ਚਲੀ ਜਾਂਦੀ। ਉਥੇ ਛੁੱਟੀਆਂ ਨਹੀਂ ਮਿਲਦੀਆਂ

Academy of the Punjab in North America: http://www.apnaorg.com

ਸਨ ਜਾਂ ਫੇਰ ਪੱਕੀ ਛੁੱਟੀ ਹੁੰਦੀ ਸੀ। ਜੇ ਜ਼ਿਆਦਾ ਛੁੱਟੀਆਂ ਮਾਰੇ ਤਾਂ ਕਰੈਡਿਟ-ਕਾਰਡ ਦੇ ਨੰਬਰ ਘਟ ਜਾਂਦੇ ਸਨ ਅਤੇ ਅੰਤ ਨੌਕਰੀਉਂ ਜਵਾਬ ਦਾ ਫਰਲਾ ਆ ਜਾਣਾ ਸੀ।

ਇਕ ਦਿਨ ਉਹ ਮਜ਼ਾਕ ਨਾਲ ਕਹਿਣ ਲੱਗੀ, 'ਭਾ ਜੀ ਸਾਡੇ ਨਾਲੋਂ ਤਾਂ ਤੁਸੀਂ ਚੰਗੇ ਆਂ ਜਿਨ੍ਹਾਂ ਨੇ ਇਸ ਘਰ ਵਿੱਚ ਪੂਰੇ ਚਾਰ ਦਿਨ ਰਹਿ ਕੇ ਵੇਖ ਲਿਆ, ਅਸੀਂ ਤਾਂ ਹੁਣ ਤੱਕ ਕਦੇ ਇਕੱਠੇ ਹਫ਼ਤਾ-ਭਰ ਘਰ ਨਹੀਂ ਰਹੇ।' ਪਤੀ-ਪਤਨੀ ਨੇ ਆਪਣੀ ਬੋਟੀ-ਬੋਟੀ ਨੀਹਾਂ 'ਚ ਚਿਣ ਕੇ ਇਹ ਘਰ ਬਣਵਾਇਆ ਸੀ। ਜਦੋਂ ਉਸ 'ਚ ਆਨੰਦ ਨਾਲ ਰਹਿਣ ਦੀ ਲੋੜ ਸੀ, ਓਦੋਂ ਵਕਤ ਨਹੀਂ ਮਿਲਿਆ ਅਤੇ ਹੁਣ ਜੇ ਮਾੜਾ-ਮੋਟਾ ਵਕਤ ਮਿਲ ਸਕਦਾ ਸੀ ਤਾਂ ਉਮਰ ਦਾ ਸੁਨਹਿਰੀ ਸਮਾਂ ਖੰਭ ਲਾ ਕੇ ਉੱਡ ਗਿਆ ਸੀ। ਹੁਣ ਤਾਂ ਬੱਸ ਬੱਚਿਆਂ ਲਈ ਜਿਊਣਾ ਸੀ।

ਮੈਨੂੰ ਮੱਤ ਸਿੰਘ ਢਿੱਲੋਂ ਦਾ ਮੁਰਝਾਇਆ ਬੂਟਾ ਉਸ ਦੀਆਂ ਜ਼ਹੀਨ ਕੁੜੀਆਂ ਦੇ ਰੂਪ 'ਚ ਨਵੀਆਂ ਕਰੂੰਬਲਾਂ ਕੱਢਦਾ ਜ਼ਰੂਰ ਨਜ਼ਰੀਂ ਆਇਆ। ਮਨਦੀਪ ਨੂੰ ਪੇਂਟਿੰਗ ਦਾ ਸ਼ੌਕ ਸੀ ਅਤੇ ਅਮਨ ਨੂੰ ਅੰਗਰੇਜ਼ੀ ਕਵਿਤਾ ਦਾ। ਉਸ ਦੀ ਕਵਿਤਾ ਵਿੱਚ ਡੂੰਘਾਈ ਵੀ ਹੈ ਅਤੇ ਸ਼ਿੱਦਤ ਵੀ। ਉਸ ਦੀ 'ਪਿਆਰ' ਨਾਂ ਦੀ ਕਵਿਤਾ ਦਾ ਪੰਜਾਬੀ ਰੂਪ ਇਉਂ ਹੈ:

ਕੀ ਹੁੰਦਾ ਹੈ ਪਿਆਰ ਵਿਆਰ, ਮੈਨੂੰ ਨਹੀਂ ਪਤਾ
ਲੈਣਾ ਵੀ ਕੀ ਹੈ ਮੈਂ ਇਹ ਜਾਣ ਕੇ?
ਫੇਰ ਵੀ ਏਨਾ ਕੁ ਤਾਂ ਜਾਣਦੀ ਹੀ ਹਾਂ
ਸਭ ਨੂੰ ਪੀੜਾਂ ਵੰਡਦਾ ਹੈ ਪਿਆਰ
ਮੈਂ ਨਹੀਂ ਹੋਣਾ ਪਿਆਰ ਦੀ ਸ਼ਿਕਾਰ
ਪਰ ਰੂਹ ਮੰਗਦੀ ਹੈ ਪਿਆਰ
ਕੀ ਇਸ ਹੋਣਾਂ ਹੈ ਖ਼ੁਆਰ?
ਕੀ ਵੱਸ ਹੈ ਮੇਰੇ? ਇਹ ਤਾਂ ਹੋ ਜਾਂਦਾ ਹੈ ਆਪੇ
ਪਿਆਰ ਬਿਨਾਂ ਕਾਹਦੀ ਬੰਦਿਆਈ
ਪਿਆਰ ਬਿਨਾਂ ਸਭ ਨਰਕ ਦਸੇਂਦਾ
ਤਾਂ ਹੀ ਰੂਹ ਮੰਗਦੀ ਹੈ ਪਿਆਰ
ਪਿਆਰ ਬਿਨਾਂ ਸਭ ਖਾਲੀ ਖਾਲੀ
ਖਾਲੀ ਬੰਦਾ ਕਦੇ ਨਾ ਹੁੰਦਾ ਜਿਊਂਦਾ-ਬੰਦਾ।

Academy of the Punjab in North America: http://www.apnaorg.com

ਅਮਨ ਹੋਰੀਂ ਦੀ ਕਲਾ ਦੇ ਅਮਰੀਕੀ ਪੌਦੇ ਨੂੰ ਲੱਗ ਰਹੀਆਂ ਕਲੀਆਂ ਤਾਂ ਜ਼ਰੂਰ ਸਨ ਪਰ ਢਿੱਲੋਂ ਕਿਵੇਂ ਵੇਖਦਾ ਇਨ੍ਹਾਂ ਵਿੱਚ ਆਪਣਾ ਅਕਸ? ਖ਼ੂਨ ਅਤੇ ਸ਼ਕਲਾਂ-ਸੂਰਤਾਂ ਦੀ ਸਾਂਝ ਤੋਂ ਬਿਨਾਂ ਤਾਂ ਸਭ ਕੁੱਝ ਵੱਖੋ ਵੱਖਰਾ ਸੀ। ਦੋਵਾਂ ਪੀੜ੍ਹੀਆਂ ਦੇ ਰਾਹ ਇਕੋ ਚੁਰੱਸਤੇ ਤੋਂ ਨਿਕਲਦੇ ਸਨ ਪਰ ਉਲਟ ਦਿਸ਼ਾਵਾਂ ਵੱਲ। ਖਾਣ-ਪੀਣ, ਬੋਲਣ-ਚੱਲਣ, ਰਹਿਣ-ਸਹਿਣ ਵੱਖੋ ਵੱਖ ਸੀ ਸਭ ਕੁਝ। ਅਮਰੀਕੀ ਬੱਚੇ ਕਿੱਥੇ ਮਿੱਤ ਹੋਣੇ ਸਨ ਮੱਤ ਸਿੰਘ ਦੇ।

ਮਨਦੀਪ ਅਤੇ ਅਮਨ ਧੂਹ-ਘਸੀਟ ਕਰਕੇ ਮਸਾਂ ਹੀ ਕੁੱਝ ਵਾਕ ਪੰਜਾਬੀ ਦੇ ਬੋਲਦੀਆਂ ਸਨ, ਓਪਰੀ ਜਿਹੀ ਪੰਜਾਬੀ। ਸਲਵਾਰ-ਕਮੀਜ਼ ਤਾਂ ਕੀ ਪੈਂਟ-ਸ਼ਰਟ ਵਿੱਚ ਵੀ ਉਨ੍ਹਾਂ ਦਾ ਦਮ ਘੁੱਟਦਾ ਸੀ। ਨਿੱਕਰਾਂ-ਟੌਪਾਂ ’ਚ ਰਹਿਣਾ ਆਰਾਮਦਾਇਕ ਲਗਦਾ ਸੀ। ਘਰ ਦੀ ਰੋਟੀ ਤੋਂ ਉਹ ਇਉਂ ਭੱਜਦੀਆਂ ਸਨ, ਜਿਵੇਂ ਸੂਰ ਤੋਂ ਮੁਸਲਮਾਨ। ਹੈਮਬਰਗਰ, ਡੰਕਨ, ਡੋਨਟਸ ਤੇ ਪੀਜ਼ਾ ਉਨ੍ਹਾਂ ਦੇ ਮਨ-ਭਾਉਂਦੇ ਖਾਣੇ ਸਨ। ਭਾਰਤ ਦੇ ਅਰਥ ਉਨ੍ਹਾਂ ਲਈ ਨਰਕ ਸਨ, ਫਿਰ ਨਰਕ ’ਚ ਜਾਣ ਦੀ ਇੱਛਾ ਕੌਣ ਕਰੇ?

ਇਕ ਦਿਨ ਮੈਂ ਅਮਨ ਹੋਰਾਂ ਦੇ ਕਮਰੇ ’ਚ ਗਿਆ। ਕਮਰੇ ਦੀ ਸਜਾਵਟ ਮੈਨੂੰ ਬੜੀ ਅਜੀਬ ਜਿਹੀ ਜਾਪੀ। ਰਬੜ ਅਤੇ ਵੈਲਵਟ ਦੇ ਡੱਡੂ, ਕਿਰਲੀਆਂ, ਸੱਪ ਤੇ ਬਾਂਦਰ ਥਾਂ-ਪਰ-ਥਾਂ ਰੱਖੇ ਹੋਏ ਸਨ। ਕਾਲੇ ਕਾਗਜ਼ ਦੇ ਹੱਥ-ਪੰਜਿਆਂ ਦੇ ਅਕਾਰ ਕੰਧਾਂ ਉਤੇ ਚਿਪਕਾਏ ਹੋਏ ਸਨ। ਉਹ ਇਉਂ ਲੱਗਦੇ ਸਨ, ਜਿਵੇਂ ਕੰਧਾਂ ’ਚ ਛੁਪੀਆਂ ਭੂਤਾਂ ਚੁੜੇਲਾਂ ਥਿਰਕਦੇ ਹੱਥਾਂ ਨਾਲ ਡਰਾਉਣ ਦਾ ਯਤਨ ਕਰ ਰਹੀਆਂ ਹੋਣ। ਇੱਕ ਵੱਡੀ ਫੋਟੋ ਵਿੱਚ ਬਾਸਕਟ ਬਾਲ ਦਾ ਖਿਡਾਰੀ ਬਾਸਕਟ ਵਿੱਚ ਬਾਲ ਪਾ ਰਿਹਾ ਸੀ। ਉਸ ਨੇ ਐਨਾ ਉੱਚਾ ਜੰਪ ਲਿਆ ਹੋਇਆ ਸੀ ਕਿ ਦੂਜੇ ਖਿਡਾਰੀ ਉਸ ਦੇ ਪੈਰਾਂ ਤੋਂ ਥੱਲੇ ਰਹਿ ਗਏ ਸਨ। ਇਹ ਸਭ ਕੁੱਝ ਅਮਰੀਕੀ ਬੱਚਿਆਂ ਦੇ ਅੰਦਰਲੇ ਦੀ ਬਾਤ ਪਾਉਣ ਵਾਲਾ ਸੀ।

ਆਪਣੀ ਵਧ ਰਹੀ ਜਗਿਆਸਾ ਲਈ ਮੈਂ ਅਮਨ ਤੋਂ ਪੁੱਛਿਆ, ‘ਅਮਨ ਤੂੰ ਜ਼ਿੰਦਗੀ ਵਿੱਚ ਕੀ ਬਣਨਾ ਚਾਹੁੰਦੀ ਐਂ?’

‘ਅੰਕਲ ਪਤਾ ਨਹੀਂ, ਮੈਂ ਕੁੱਝ ਨਹੀਂ ਚਾਹੁੰਦੀ ਮੈਂ ਬਹੁਤ ਕੁੱਝ ਚਾਹੁੰਦੀ ਆਂ, ਮੇਰਾ ਇੱਕ ਘਰ ਹੋਵੇ ਜੰਗਲ ਵਿਚ, ਉਥੇ ਬੰਦਾ ਕੋਈ ਨਾ ਹੋਵੇ, ਸੱਪਾਂ, ਸ਼ੇਰਾਂ, ਖਰਗੋਸ਼ਾਂ, ਡੱਡੂਆਂ, ਕਿਰਲੀਆਂ ਨਾਲ ਮੇਰੀ ਦੋਸਤੀ ਹੋਵੇ, ਮੈਂ ਉਨ੍ਹਾਂ ਨੂੰ ਪਿਆਰ ਕਰਾਂ, ਬੰਦੇ ਪਿਆਰ ਨਹੀਂ ਕਰਦੇ।’ ਉਸ ਨੇ ਮੋਢੇ ਚੜ੍ਹਾਉਂਦਿਆਂ ਸਭ ਕੁੱਝ ਦੱਸ ਸਕਣ ਤੋਂ ਅਸਮਰੱਥਾ ਪ੍ਰਗਟ ਕੀਤੀ।

'ਪਰ ਤੇਰੀ ਮੰਮੀ ਤਾਂ ਕਹਿੰਦੀ ਐ, ਮੈਂ ਅਮਨ ਦਾ ਵਿਆਹ ਪੰਜਾਬ 'ਚ ਕਰਨੈ, ਕਿਸੇ ਸੋਹਣੇ ਜਿਹੇ ਪੰਜਾਬੀ ਮੁੰਡੇ ਨਾਲ।'

'ਓਅ ਸ਼ਿੱਟ, ਪੰਜਾਬੀ ਮੁੰਡਾ! ਪਤਾ ਨਹੀਂ ਕੀ ਕੀ ਬੇਕਾਰ ਸੋਚਦੀ ਰਹਿੰਦੀ ਐ ਮੰਮ, ਅੰਕਲ ਮੈਨੂੰ ਇੰਡੀਆ ਦਾ ਸਾਰਾ ਕੁਸ਼ ਬਹੁਤ ਹੀ ਫ਼ਨੀ ਜਿਹਾ ਲੱਗਦਾ ਹੈ, ਮੰਮ ਨੇ ਮੈਨੂੰ ਇੱਕ ਹਿੰਦੀ ਦੇ ਸੌਂਗਸ ਦੀ ਕੈਸਟ ਲਿਆ ਕੇ ਦਿੱਤੀ ਐ, ਮੈਨੂੰ ਪਤਾ ਨਹੀਂ ਲੱਗਦਾ ਉਹ ਕੀ ਬੋਲਦੇ ਨੇ, ਮਿਊਜ਼ਕ ਵੀ ਕੁੱਝ ਹੋਰ ਤਰ੍ਹਾਂ ਦਾ ਹੈ, ਇੱਕ ਸੌਂਗ ਐ, ਜਾਨੁਮ, ਜਾਨੇ ਜਿਗਰ … ਤੂੰ ਨਾ ਮਿਲਾ ਤੋ ਮਰ ਜਾਉਂਗੀ। ਅੰਕਲ ਕੀ ਹੁੰਦੈ ਇਹ ਜਾਨੁਮ?'

'ਬੁਆਏ ਫ਼ਰੈਂਡ' ਮੈਂ ਦੱਸਿਆ। ਉਹ ਖਿੜਖਿੜਾ ਕੇ ਹੱਸੀ।

'ਫੇਰ ਕਿਉਂ ਕਹਿੰਦੀ ਹੈ ਮਰ ਜਾਊਂਗੀ, ਕਿਸੇ ਹੋਰ ਜਾਨੁਮ ਨਾਲ ਲਿਫਟ ਲੈ ਲਵੇ।'

ਅਮਨ ਨੇ ਸਹਿਜ ਨਾਲ ਕਿਹਾ ਅਤੇ ਇੱਕ ਹੋਰ ਗੀਤ ਗੁਣਗੁਣਾਉਣ ਲੱਗ ਪਈ, 'ਜਹਾਂ ਵਹਾਂ, ਧੂੰਆਂ ਧੂੰਆਂ, ਛੁਪਾ ਕਹਾਂ, ਗੁਪਤ ਹੈ ਵੋਹ।' ਫੇਰ ਉਹ ਮੇਜ਼ ਤੋਂ ਚੁੱਕ ਕੇ ਭੌਂਪੂ ਵਜਾਉਣ ਲੱਗ ਪਈ ਜਿਹੋ ਜਿਹੇ ਵਿਆਹ ਵਿੱਚ ਬੈਂਡ ਵਾਲਿਆਂ ਕੋਲ ਹੁੰਦੇ ਹਨ। ਆਪਣੀ ਧੁਨ 'ਚ ਮਸਤ, ਮੇਰੀ ਹਾਜ਼ਰੀ ਤੋਂ ਬੇਧਿਆਨ, ਜਿਵੇਂ ਕਹਿ ਰਹੀ ਹੋਵੇ, 'ਅੰਕਲ ਹੁਣ ਜਾਓ, ਡਿਸਟਰਬ ਨਾ ਕਰੋ।'

ਅਮਰੀਕੀ ਰੰਗਣ 'ਚ ਰੰਗੀ ਅਜਿਹੀ ਨਵੀਂ ਪੀੜ੍ਹੀ ਵਿਚੋਂ ਪੰਜਾਬੀ ਮਾਪੇ ਕਿੰਨੇ ਕੁ ਆਪਣੇ ਨਕਸ਼ ਤਲਾਸ਼ ਸਕਦੇ ਹਨ? ਅਮਨ ਹੋਰਾਂ ਦੇ ਵਤੀਰੇ ਤੋਂ ਤਾਂ ਇਹ ਵੀ ਜਾਪਦਾ ਸੀ ਕਿ ਉਨ੍ਹਾਂ ਦਾ ਮਾਪਿਆਂ ਨੂੰ 'ਫ਼ਤਹਿ' ਬੁਲਾ ਕੇ ਅਮਰੀਕਨ ਜ਼ਿੰਦਗੀ ਦੇ ਝਨ੍ਹਾਂ ਵਿੱਚ ਠਿੱਲ੍ਹਣ ਦਾ ਸਮਾਂ ਬਹੁਤਾ ਦੂਰ ਨਹੀਂ ਸੀ। ਪਿਛੇ ਰਹਿ ਜਾਣੇ ਹਨ ਢਿੱਲੋਂ ਅਤੇ ਦੇਵਿੰਦਰ ਕੌਰ, ਇਸ ਆਲੀਸ਼ਾਨ 'ਨਿਆਰੇ ਬੰਗਲੇ' ਵਿਚ। ਉਹ ਤਾਂ ਪਹਿਲਾਂ ਹੀ ਜਿਵੇਂ ਇੱਕ ਦੂਜੇ ਤੋਂ ਅੱਕੇ ਪਏ ਸਨ। ਤਾਂ ਹੀ ਤਾਂ ਉਹ ਆਖਦੀ ਸੀ, 'ਇਹ ਬੰਦਾ ਮੈਨੂੰ ਮੁੱਢ ਤੋਂ ਹੀ ਚੰਗਾ ਨਹੀਂ ਲੱਗਿਆ, ਸੁਹਾਗ ਰਾਤ ਨੂੰ ਇਹ ਇਉਂ ਕਮਲਿਆਂ ਵਾਂਗੂੰ ਹੱਸਿਆ ਕਿ ਮੈਨੂੰ ਚਿੜ੍ਹ ਹੋ ਗਈ, ਚਲੋ ਫੇਰ ਵੀ ਜਿਵੇਂ ਕਿਵੇਂ ਨਿਭ ਗਈ।'

ਅਜਿਹੀ ਸਥਿਤੀ ਵਿੱਚ ਤਾਂ ਸ਼ਬਦ ਹੀ ਮੱਤ ਸਿੰਘ ਢਿੱਲੋਂ ਦੇ ਸਹਾਈ ਹੋ ਸਕਦੇ ਸਨ ਜਿਨ੍ਹਾਂ ਰਾਹੀਂ ਉਹ ਆਪਣੀ ਵੇਦਨਾ ਨੂੰ ਬਾਹਰ ਲਿਆ ਸਕਦਾ। ਪਰ ਉਸ ਕੋਲ ਸ਼ਬਦ ਵੀ ਕਿੱਥੇ ਬਚੇ ਸਨ? ਪੰਜਾਬੀ ਸਭਿਆਚਾਰ ਨਾਲ ਗੂੜ੍ਹੇ ਰਿਸ਼ਤੇ ਦਾ ਕਦੋਂ ਦਾ ਭੋਗ ਪੈ ਚੁੱਕਿਆ ਸੀ। ਕੰਮ ਦੀ ਮਾਰੋ-ਮਾਰ ਨੇ ਪੰਜਾਬੀ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਨਾਲੋਂ ਨਾਤਾ ਤੋੜ ਦਿੱਤਾ ਸੀ। ਮਸ਼ੀਨਾਂ ਦੇ ਕੜਕਾਏ ਹੱਡਾਂ ਨੂੰ ਤਾਂ ਮੰਜਾ ਮਸਾਂ ਮਿਲਦਾ ਸੀ। ਫੇਰ 'ਜਿੰਦ ਨਿਮਾਣੀ' ਸ਼ਬਦ ਨਾਲ ਸਾਂਝ ਕਦੋਂ ਪਾਉਂਦੀ। ਗੀਤ ਦੀ ਮੌਤ ਕਦੋਂ ਹੋ ਗਈ ਸੀ, ਪਤਾ ਹੀ ਨਹੀਂ ਸੀ ਲੱਗਿਆ। 'ਗੀਤ ਦੀ ਮੌਤ' ਉਤੇ

Academy of the Punjab in North America: http://www.apnaorg.com

ਧਾਹਾਂ ਮਾਰ ਮਾਰ ਰੋਣ ਨੂੰ ਮਨ ਤਾਂ ਜ਼ਰੂਰ ਕਰਦਾ ਹੋਵੇਗਾ ਪਰ ਹੰਝੂ ਪਲਕਾਂ 'ਚ ਹੀ ਸੁੱਕ ਗਏ ਸਨ, ਸ਼ਬਦ ਜਵਾਬ ਦੇ ਗਏ ਸਨ, ਜੀਭ ਠਾਕੀ ਗਈ ਸੀ। ਕਿਸੇ ਅਜਿਹੀ ਸਥਿਤੀ ਵਿੱਚ ਹੀ ਤਾਂ ਪਰਵਾਸੀ ਕਵੀ ਸੁਖਿੰਦਰ ਨੇ ਕਿਹਾ ਸੀ, 'ਸ਼ਬਦਾਂ ਦੇ ਸਭ ਸੋਮੇ ਸੁੱਕ ਚਲੇ ਹਨ, ਅਰਥਾਂ ਦੀ ਬਰਸਾਤ ਕਿਵੇਂ ਹੋਵੇਗੀ?'

ਢਿੱਲੋਂ ਤੜਪ ਰਿਹਾ ਸੀ ਪਰ ਇਹ ਤੜਪ ਗੀਤ ਦਾ ਜਾਮਾ ਨਹੀਂ ਸੀ ਪਹਿਨ ਰਹੀ। ਹੁਣ ਉਸ ਕੋਲ ਬੁੱਢੇ ਸ਼ੇਰ ਦੇ ਸ਼ਿਕਾਰ ਫਾਹੁਣ ਵਾਲੀ ਲੋਕ-ਕਹਾਣੀ ਵਾਂਗ ਕੇਵਲ ਸੋਨੇ ਦਾ ਕੜਾ ਸੀ। ਮੈਂ ਪੈਂਤੀ ਕੁ ਗੀਤਾਂ ਦਾ ਸੰਗ੍ਰਹਿ 'ਤੁਰ ਪਰਦੇਸ ਗਿਉਂ' ਤਿਆਰ ਕਰਕੇ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੂੰ ਭਿਜਵਾ ਦਿੱਤਾ, ਤਿੰਨ ਸੌ ਡਾਲਰ ਦੇ ਚੈੱਕ ਸਮੇਤ।

ਹੁਣ ਮੱਤ ਸਿੰਘ ਢਿੱਲੋਂ ਦੀ ਅੱਡੀ ਨਹੀਂ ਸੀ ਲੱਗ ਰਹੀ। ਉਸ ਨੂੰ ਜਾਪਦਾ ਸੀ, ਜਿਵੇਂ ਗੁਆਚਿਆ ਤਾਂ ਕੁੱਝ ਵੀ ਨਹੀਂ। ਪਾਤਰ ਦੇ ਸ਼ਿਅਰ ਵਾਂਗ 'ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ, ਪਾਣੀ ਨੇ ਮੇਰੇ ਗੀਤ ਮੈਂ ਪਾਣੀ ਤੇ ਲੀਕ ਹਾਂ।' ਉਸ ਨੇ 'ਆਪਣੇ' ਗੀਤਾਂ ਰਾਹੀਂ ਜਿਊਂਦੇ ਰਹਿਣਾ ਸੀ।

ਮੈਨੂੰ ਵਿਦਾ ਕਰਦਿਆਂ ਉਹ ਖੁਸ਼ੀ ਵਿੱਚ ਪੂਰਾ ਖੁੱਲ੍ਹ ਕੇ ਹੱਸਿਆ। ਅਜੀਬ ਜਿਹਾ ਬੇਰੰਗ ਹਾਸਾ, ਜਿਵੇਂ ਪਿਛਲੀ ਉਮਰੇ ਕਿਸੇ ਨੂੰ 'ਭੁਚੰਗੀ' ਦੀ ਦਾਤ ਮਿਲ ਜਾਵੇ ਅਤੇ ਉਹ ਘਰ ਘਰ ਲੱਡੂ ਵੰਡਦਾ ਫਿਰਦਾ ਹੋਵੇ।

Academy of the Punjab in North America: http://www.apnaorg.com

# ਸੈਰ ਦਾ ਪੰਗਾ

ਬੀਬੀ ਦੇਵਿੰਦਰ ਕੌਰ ਵਖ਼ਤ ਨੂੰ ਫੜ੍ਹੀ ਪਈ ਸੀ। ਉਹ ਤਿਆਰੀ ’ਚ ਜੁਟੀ ਹੋਈ ਸੀ। ਕੜਾਹੀ ਵਿੱਚ ਕਲਕੇ ਤੇਲ ਦੀ ਹਵਾੜ ਨਾਲ ਘਰ ਭਰ ਗਿਆ ਸੀ। ਉਹ ਪੂਰੀਆਂ ਕੱਢ ਕੱਢ ਢਿੱਗ ਲਾਈ ਬੈਠੀ ਸੀ। ਚਿੱਟੇ ਛੋਲਿਆਂ ਦੀ ਦਾਲ ਬਣਾ ਰਹੇ ਕੂਕਰ ਦੀਆਂ ਸੀਟੀਆਂ ਨੇ ਸਾਨੂੰ ਸਾਰਿਆਂ ਨੂੰ ਪਹਿਲਾਂ ਹੀ ਜਗਾ ਦਿੱਤਾ ਸੀ। ਸਲਾਦ ਕੱਟਣ ਲਈ ਸਮਾਨ ਬਾਹਰ ਰੱਖਿਆ ਪਿਆ ਸੀ। ਅਜੇ ਖੀਰ-ਕੜਾਹ ਵੀ ਤਿਆਰ ਕਰਨੇ ਸਨ। ਹੌਲੀ-ਹੌਲੀ ਸਾਰਾ ਕੁੱਝ ਪੈਕ ਕੀਤਾ। ਆਈਸ-ਬੌਕਸ ਵਿੱਚ ਸੋਡੇ, ਬੀਅਰਾਂ ਅਤੇ ਜੂਸ ਦੇ ਡੱਬੇ ਰੱਖੇ। ਨਿੱਕੇ ਤੌਲੀਏ, ਪਲੇਟਾਂ ਅਤੇ ਚਮਚੇ ਨਾਲ ਲਏ। ਇਉਂ ਜਾਪਿਆ ਜਿਵੇਂ ਕਾਰ ਦੀ ਡਿੱਕੀ ਵਿੱਚ ਸਾਰੀ ਰਸੋਈ ਹੀ ਖੁੰਘ ਕੇ ਰੱਖ ਲਈ ਹੋਵੇ। ਐਤਵਾਰ ਹੋਣ ਕਰਕੇ ਅੱਜ ਮੇਰਾ, ਭੁਪਿੰਦਰ ਪ੍ਰੀਤ, ਸਾਡੇ ਮੇਜ਼ਬਾਨ ਮੱਤ ਸਿੰਘ ਢਿੱਲੋਂ ਅਤੇ ਉਸ ਦੀ ਪਤਨੀ ਦੇਵਿੰਦਰ ਕੌਰ ਦਾ ਸੈਰ-ਸਪਾਟੇ ਲਈ ਜਾਣ ਦਾ ਪ੍ਰੋਗਰਾਮ ਬਣ ਰਿਹਾ ਸੀ। ਸਾਡੇ ਵਧੇਰੇ ਲੋਕ ਆਏ ਗਏ ਤੋਂ ਇਉਂ ਹੀ ਸੈਰ ਲਈ ਨਿਕਲਦੇ ਹਨ।

ਅਮਰੀਕਨਾਂ ਵਾਸਤੇ ਘੁੰਮਣ-ਫਿਰਨ ਜਾਣਾ ਇੱਕ ਆਮ ਜਿਹੀ ਗੱਲ ਹੈ ਪਰ ਸਾਡੇ ਲੋਕਾਂ ਲਈ ਨਿਰਾ ਜੰਜਾਲ। ਇਹ ਗੱਲ ਸਾਡੇ ਸੁਭਾਅ ਦਾ ਅੰਗ ਨਹੀਂ। ਇਸੇ ਲਈ ਹਫ਼ਤੇ ਦੇ ਅੰਤ ਉਤੇ ਜਦ ਦੋ ਛੁੱਟੀਆਂ ਆਉਂਦੀਆਂ ਹਨ ਤਾਂ ਸ਼ਨਿਚਰਵਾਰ ਨੂੰ ਪਰਵਾਸੀ ਪੰਜਾਬੀ ਸੌਦਾ-ਪੱਤਾ ਖਰੀਦਣ ਜਾਂਦੇ ਹਨ। ਬਚੇ ਸਮੇਂ ’ਚ ਉਹ ਕਿਸੇ ਦੇ ਘਰ ਖਾਣਾ ਖਾਣ ਪਹੁੰਚਦੇ ਹਨ ਜਾਂ ਖਾਣੇ ਉਤੇ ਆਉਣ ਵਾਲਿਆਂ ਲਈ ਤਿਆਰੀ ਕਰਦੇ ਹਨ। ਐਤਵਾਰ ਤਾਂ ਪਹਿਲਾਂ ਹੀ ਗੁਰਦੁਆਰੇ ਲਈ ਰਾਖਵਾਂ ਹੁੰਦਾ ਹੈ। ਅਮਰੀਕਨਾਂ ਨੂੰ ਤਾਂ ਮਸਾਂ ਹੀ ਵੀਕ-ਐਂਡ ਆਉਂਦਾ ਹੈ। ਉਹ ਆਮ ਤੌਰ ਤੇ ਕਿਸੇ ਬੀਚ ਉਤੇ ਤਫ਼ਰੀਹ ਲਈ ਤੁਰ ਜਾਂਦੇ ਹਨ। ਬਹੁਤੇ ਅਮਰੀਕਨਾਂ ਦੇ ਘਰਾਂ ਵਿੱਚ ਆਪਣੀ ਬੋਟ ਖੜ੍ਹੀ ਦਿੱਸਦੀ ਹੈ। ਉਹ ਕਾਰ ਪਿੱਛੇ ਪਾ ਕੇ ਝੀਲ ਤੱਕ ਲੈ ਜਾਂਦੇ ਹਨ ਅਤੇ ਸਾਰਾ ਦਿਨ ਪਾਣੀ ਨਾਲ ਕਲੋਲਾਂ ਕਰਦੇ ਹਨ। ਖਾਣਾ ਰੈਸਟੋਰੈਂਟਾਂ ਤੋਂ ਖਾਂਦੇ ਹਨ। ਰਾਤ ਨੂੰ ਦੇਰ ਤੱਕ ਬਾਰ ’ਚ ਬੈਠ ਕੇ ‘ਡ੍ਰਿੰਕ’ ਲੈਂਦੇ ਹਨ ਅਤੇ ਫੇਰ ਬਿਸਤਰੇ ਦਾ ਸੁਆਦ ਮਾਣਦੇ ਹਨ। ਉਨ੍ਹਾਂ ਦੀਆਂ ਦੋਵੇਂ ਛੁੱਟੀਆਂ ਮੁਕਲਾਵੇ ਵਾਲੀ ਰਾਤ ਵਾਂਗ ਹੀ ਚਾਵਾਂ-ਮਲ੍ਹਾਰਾਂ ਵਿੱਚ ਲੰਘਦੀਆਂ ਹਨ।

Academy of the Punjab in North America: http://www.apnaorg.com

ਸਾਡੇ ਤਾਂ ਕਿਸੇ ਵਿਰਲੇ ਕੋਲ ਵੀ ਬੋਟ ਨਹੀਂ, ਹਾਂ ਕਾਰਾਂ ਅਤੇ ਘਰ ਬਥੇਰੇ ਮਹਿੰਗੇ ਹਨ। ਉਂਝ ਵੀ ਲਟਬੌਰੇ ਹੋ ਕੇ ਘੁੰਮਣਾ-ਫਿਰਨਾ ਇੱਕ ਫ਼ਜ਼ੂਲ ਜਿਹੀ ਗੱਲ ਸਮਝੀ ਜਾਂਦੀ ਹੈ। ਸਾਡੇ ਬੰਦੇ ਜੇ ਆਪ ਰੱਜ-ਪੁੱਜ ਜਾਣ ਤਾਂ ਅਗਲੀ ਪੀੜ੍ਹੀ ਵਾਸਤੇ ਮਾਲ-ਮੱਤਾ ਜੋੜਨ ਲੱਗ ਜਾਂਦੇ ਹਨ। ਅਮਰੀਕਨਾਂ ਦਾ ਮਤਲਬ ਮਸਾਂ ਆਪਣੇ ਤੱਕ ਹੀ ਹੈ। ਇਸ ਤੋਂ ਅੱਗੇ 'ਆਪ ਮਰੇ ਜੱਗ ਪਰਲੋਂ' ਵਾਲੀ ਗੱਲ ਸਮਝਦੇ ਹਨ।

ਮੱਤ ਸਿੰਘ ਢਿੱਲੋਂ ਹੋਰਾਂ ਨੇ ਪੂਰਾ ਯਤਨ ਕਰਕੇ ਐਤਵਾਰ ਦਾ ਦਿਨ ਸਿਰਫ ਘੁੰਮਣ-ਫਿਰਨ ਵਾਸਤੇ ਰੱਖਣ ਦੀ ਸੋਚੀ ਸੀ, ਪਰ ਫੇਰ ਵੀ ਇੱਕ ਟੰਗ ਅੜੀ ਰਹਿ ਗਈ। ਢਿੱਲੋਂ ਗੁਰਦੁਆਰੇ ਦਾ ਵਿੱਤ ਸਕੱਤਰ ਸੀ ਅਤੇ ਕਮੇਟੀ ਵੱਲੋਂ ਇੱਕ ਦਿਨ ਦੇ ਟ੍ਰਿੱਪ ਦਾ ਪ੍ਰਬੰਧ ਕੀਤਾ ਗਿਆ ਸੀ। ਸੋ ਫੈਸਲਾ ਇਹ ਕਰਨਾ ਪਿਆ ਕਿ ਪਹਿਲਾਂ ਘੰਟਾ ਕੁ ਟ੍ਰਿੱਪ ਵਾਲਿਆਂ ਕੋਲ ਹਾਜ਼ਰੀ ਲੁਆਈਏ ਅਤੇ ਫੇਰ ਵਿਸਕਾਨਸਿਨ ਡੈਲਜ਼ ਦੀ ਰਮਣੀਕ ਝੀਲ ਵੇਖਣ ਜਾਇਆ ਜਾਵੇ।

ਟ੍ਰਿੱਪ ਵਾਲਿਆਂ ਨੇ ਸ਼ਿਕਾਗੋ ਦੇ ਬਾਹਰਵਾਰ ਇੱਕ ਝੀਲ ਦੇ ਕੰਢੇ ਤੋਂ ਹਟਵੀਂ ਥਾਂ ਰੁੱਖਾਂ ਦੇ ਝੁੰਡ ਵਿੱਚ ਚਾਨਣੀ (ਟੈਂਟ) ਲਾਈ ਹੋਈ ਸੀ। ਖਾਣ-ਪੀਣ ਦਾ ਸਮਾਨ ਇਥੇ ਆਪ ਹੀ ਤਿਆਰ ਕਰਨਾ ਸੀ ਅਤੇ ਮੇਜ਼ਾਂ-ਕੁਰਸੀਆਂ ਦਾ ਪੂਰਾ ਟਰੱਕ ਭਰ ਕੇ ਲਿਆਂਦਾ ਗਿਆ ਸੀ। ਵਿਆਹ ਵਰਗੀ ਪੂਰੀ ਚਹਿਲ-ਪਹਿਲ ਸੀ। ਉਵੇਂ ਹੀ ਜ਼ਨਾਨੀਆਂ ਨੇ ਭਾਰੇ-ਭਰਕਮ ਸੂਟ ਪਾਏ ਹੋਏ ਸਨ ਅਤੇ ਗਹਿਣਿਆਂ ਨਾਲ ਲੱਦੀਆਂ ਸਨ। ਮੇਕ-ਅਪ ਵੱਲੋਂ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਸੀ, ਭਾਵੇਂ ਗਰਮੀ ਕਾਰਣ ਪੌਡਰ ਗੱਲਾਂ ਤੋਂ ਤਿਲਕ-ਤਿਲਕ ਗਲ ਵੱਲ ਨੂੰ ਆ ਰਿਹਾ ਸੀ। ਬੱਚੇ ਮਾਵਾਂ ਦੀਆਂ ਘੁਰਕੀਆਂ ਨੂੰ ਪਾਸੇ ਨਾਲ ਮਸਲਦਿਆਂ ਰੇਤੇ 'ਚ ਖੇਡਣ ਲਈ ਬਜ਼ਿਦ ਸਨ। ਨੌਜਵਾਨ ਮੁੰਡਿਆਂ ਨੇ ਇੱਕ ਪਾਸੇ ਵਾਲੀਬਾਲ ਦਾ ਨੈੱਟ ਲਾ ਲਿਆ ਸੀ। ਜ਼ਨਾਨੀਆਂ ਤੇ ਬੰਦੇ ਵੱਖ ਵੱਖ ਢਾਣੀਆਂ ਵਿੱਚ ਖੜ੍ਹੇ ਉਹੀ ਭਾਰਤ 'ਚੋਂ ਰਿਸ਼ਤੇਦਾਰ ਬੁਲਾਉਣ ਅਤੇ ਗੁਰਦੁਆਰੇ 'ਚ ਹੁੰਦੇ ਰਹਿੰਦੇ ਖੜਕੇ-ਦੜਕੇ ਦੇ ਘਸੇ-ਪੁਰਾਣੇ ਵਿਸ਼ੇ ਚਿੱਥ ਰਹੇ ਸਨ। ਨੌਜਵਾਨ ਕੁੜੀਆਂ 'ਚੋਂ ਕਿਸੇ ਨੇ ਕੰਨਾਂ ਨੂੰ ਵਾਕ-ਮੈਨ ਲਾ ਕੇ ਆਪਣੇ ਆਪ ਨੂੰ ਸੰਸਾਰ ਦੀ ਖਚ-ਖਚ ਤੋਂ ਕੱਟਿਆ ਹੋਇਆ ਸੀ ਅਤੇ ਕੋਈ ਕਿਸੇ ਉਡਦੀ-ਬਹਿੰਦੀ ਤਿਤਲੀ ਨੂੰ ਕੈਮਰੇ 'ਚ ਬੰਦ ਕਰਨ ਲਈ ਬਿੱਲੀ ਵਾਂਗੂੰ ਸ਼ਹਿ ਲਾਈ ਫਿਰਦੀ ਸੀ। ਢਾਣੀ-ਵੰਡ ਉਹੀ ਭਾਰਤੀ ਮਾਡਲ ਦੀ ਸੀ।

ਮੈਂ ਇਥੋਂ ਪਾਸਾ ਜਿਹਾ ਵੱਟ ਕੇ ਪਰ੍ਹੇ ਝੀਲ ਦੇ ਪੱਤਣ ਵੱਲ ਓਧਰ ਖਿਸਕ ਗਿਆ ਜਿੱਧਰ ਅਮਰੀਕਨ ਛੁੱਟੀ ਮਨਾ ਰਹੇ ਸਨ। ਕਈ ਜੋੜੇ ਰੇਤ ਉਤੇ ਤੌਲੀਏ ਵਿਛਾਈ ਮੂਧੇ ਪਏ ਆਪਣੀ

Academy of the Punjab in North America: http://www.apnaorg.com

ਚਿੱਟੀ-ਪਿੱਲੀ ਚਮੜੀ ਨੂੰ ਸੇਕ ਰਹੇ ਸਨ। ਚੱਪੇ-ਚੱਪੇ ਦੀਆਂ ਕੱਛੀਆਂ ਨਾਲ ਉਨ੍ਹਾਂ ਨੇ ਗੁਪਤ ਅੰਗ ਢਕਣ ਦਾ ਸਿਰਫ ਜੱਗ-ਵਿਖਾਵਾ ਹੀ ਕੀਤਾ ਹੋਇਆ ਸੀ। ਮੇਮਾਂ ਨੇ ਅੰਗੀਆਂ ਦੀਆਂ ਹੁੱਕਾਂ ਖੋਲ੍ਹ ਛੱਡੀਆਂ ਸਨ ਤਾਂ ਕਿ ਕੋਈ ਵੀ ਹਿੱਸਾ ਧੁੱਪ ਦੀ ਛੋਹ ਤੋਂ ਵਿਰਵਾ ਨਾ ਰਹਿ ਜਾਵੇ। ਸਾਡੇ ਕਹਿੰਦੇ ਹਨ ਕਿ 'ਚੰਨ ਗੋਰੀਆਂ ਰੰਨਾਂ ਦੇ ਪੱਟ ਵੇਖੇ ਤੇ ਸੂਰਜ ਤਪ ਕਰਦਾ।' ਪਰ ਅਮਰੀਕਾ ਵਿੱਚ ਤਾਂ ਸੂਰਜ ਨੂੰ ਵੀ ਤਪ ਕਰਨ ਦਾ ਸਿਲਾ ਮਿਲ ਚੁੱਕਿਆ ਸੀ। ਇਸ ਲਈ ਸੂਰਜ ਵੀ ਪੂਰੇ ਜਲੌਅ ਵਿੱਚ ਕਿਸੇ ਛੜੇ ਦੀ ਸ਼ਰਾਰਤੀ ਅੱਖ ਵਾਂਗ ਚਮਕਦਾ ਸਭ ਕੁੱਝ ਦਾ ਨਜ਼ਾਰਾ ਲੈ ਰਿਹਾ ਸੀ। ਬੱਚੇ ਤਰਨ-ਜੈਕਟਾਂ ਪਾਈ ਪਾਣੀ ਨਾਲ ਖੇਡ ਰਹੇ ਸਨ। ਉਨ੍ਹਾਂ ਦੀ ਰਖਵਾਲੀ ਵਾਸਤੇ ਪਰ੍ਹੇ ਇੱਕ ਮਨ੍ਹੇ ਜਿਹੇ ਉਤੇ ਤਿਆਰ-ਬਰ-ਤਿਆਰ ਬੈਠੀ ਜ਼ਨਾਨੀ ਨਿਗਾਹ ਰੱਖ ਰਹੀ ਸੀ। ਉਸ ਦੀ ਬਾਜ਼-ਅੱਖ ਅਤੇ ਪੱਟਾਂ ਦੀਆਂ ਛੱਲੀਆਂ ਇਹ ਯਕੀਨ ਦੁਆਉਂਦੀਆਂ ਸਨ ਕਿ ਜੇ ਕੋਈ ਬੱਚਾ ਡੁੱਬਣ ਲੱਗਿਆ ਤਾਂ ਉਹ ਗੋਤਾ ਆਉਣ ਤੋਂ ਪਹਿਲਾਂ ਹੀ ਉਸ ਨੂੰ 'ਘੁੰਗਰੂਆਂ ਵਾਲੀ ਗੇਂਦ' ਵਾਂਗ ਨਿਉਂ ਕੇ ਚੁੱਕ ਲਵੇਗੀ। ਬੱਚੇ ਪਾਣੀ 'ਚ ਤਾਰੀ ਲਾ ਕੇ ਫੇਰ ਬਾਹਰ ਆ ਕੇ ਕੋਸੇ-ਕੋਸੇ ਰੇਤੇ ਉਤੇ ਲੇਟ ਜਾਂਦੇ। ਕਦੇ ਰੇਤੇ ਦੇ ਘਰ ਬਨਾਉਣ ਲਗਦੇ।

ਝੀਲ ਵਿੱਚ ਤਰਦੀਆਂ ਬੋਟਾਂ ਵੇਖ ਕੇ ਮਨ 'ਚ ਉਛਾਲੇ ਉਠਦੇ ਸਨ ਕਿ ਕੋਲ ਇੱਕ ਬੋਟ ਹੋਵੇ ਤਾਂ ਬੰਦਾ ਕਿਧਰੇ ਦੂਰ ਦਿਸਹੱਦੇ ਵੱਲ ਤੁਰ ਜਾਵੇ। ਅਮਰੀਕਾ ਦੇ ਬਹੁਤਿਆਂ ਲਈ ਇਹ ਇੱਛਾ ਨਿਗੂਣੀ ਸੀ ਕਿਉਂਕਿ ਨਿੱਤ ਪੂਰੀ ਹੁੰਦੀ ਸੀ। ਦੋ ਸਵਾਰਾਂ ਵਾਲੀ ਮੋਟਰ-ਸਾਇਕਲ-ਨੁਮਾ ਬੋਟ ਚਲਾਉਂਦੇ ਜੋੜੇ ਤਾਂ ਇਸ ਤੋਂ ਵੀ ਕਿਤੇ ਵੱਧ ਰੀਝਾਂ ਲਾਹ ਰਹੇ ਸਨ। ਤੇਜ਼-ਚਾਲ ਬੋਟ ਪਾਣੀ ਦੀ ਹਿੱਕ ਨੂੰ ਚੀਰਦੀ ਜਾਂਦੀ ਸੀ। ਜਦੋਂ ਚਲਾਉਣ ਵਾਲਾ ਬੋਟ ਨੂੰ ਥਾਏਂ ਮੋੜਨ ਲਈ ਕੱਟ ਮਾਰਦਾ ਤਾਂ ਪਾਣੀ ਦੀ ਇੱਕ ਚਿੱਟੀ ਛੱਲ ਬੁੜਕਦੀ। ਪਿੱਛੇ ਬੈਠੀ ਕੁੜੀ ਚਾਲਕ ਨੂੰ ਚੁੰਬੜ ਜਾਂਦੀ ਅਤੇ ਖੁਸ਼ੀ ਵਿੱਚ ਕਿਲਕਾਰੀਆਂ ਮਾਰਦੀ। ਇਉਂ ਤਿੱਖਾ ਮੋੜ ਕਟਦੀ ਬੋਟ ਕਦੇ ਕਦੇ ਸਵਾਰਾਂ ਨੂੰ ਕਿਸੇ ਕੋਤਲ ਘੋੜੀ ਵਾਂਗ ਡੇਗਣ ਨੂੰ ਕਰਦੀ, ਪਰ ਛੇਤੀ ਹੀ ਕਾਬੂ ਕਰਕੇ ਉਹ ਫੇਰ ਕਿੱਲੀ ਦੱਬ ਦਿੰਦੇ। ਮੇਰੀ ਇਹ ਰੀਝ ਸੀ ਕਿ ਕੋਈ ਪੰਜਾਬੀ ਮੁੰਡਾ-ਕੁੜੀ ਵੀ ਇਸ ਮਸ਼ੀਨੀ-ਬੱਕੀ ਉਤੇ ਚੜ੍ਹ ਕੇ ਪਾਣੀ ਦੀ ਹਿੱਕ ਦੇ ਲੰਗਾਰ ਲਾਹੁੰਦੇ ਨਜ਼ਰ ਆਉਣ, ਪਰ ਇਹ ਤਾਂ ਸਭ ਗੋਰੇ ਸਨ। ਸਾਡੇ ਲੋਕਾਂ ਲਈ ਅਜੇ ਇਹ ਵਕਤ ਕਿੱਥੇ ਆਇਆ ਸੀ ਕਿ ਉਹ ਆਪਣੀਆਂ ਸੱਧਰਾਂ ਦੀ ਇਉਂ ਸ਼ਰੇਆਮ ਪੂਰਤੀ ਕਰਨ।

ਮੱਤ ਸਿੰਘ ਢਿਲੋਂ ਹੋਰੀਂ ਵੀ ਝਕਾਨੀ ਦੇ ਕੇ ਟ੍ਰਿੱਪ ਵਾਲਿਆਂ ਦੀ ਖਚ-ਖਚ ਵਿਚੋਂ ਨਿਕਲ ਆਏ ਸਨ। ਅਸੀਂ ਵਿਸਕਾਨਸਿਨ ਡੈਲਜ਼ ਵੱਲ ਚੱਲ ਪਏ। ਕਾਰ ਵਿੱਚ ਇੱਕ ਅਕਾਊ ਚੁੱਪ ਸੀ।

ਢਿੱਲੋਂ ਦਾ ਅੱਧਾ ਮਨ ਅਜੇ ਟ੍ਰਿੱਪ ਵਾਲਿਆਂ ’ਚ ਪਿਆ ਸੀ ਜਿਨ੍ਹਾਂ ਦੀ ਪਾਰਟੀ ਅੱਧ ‘ਚੋਂ ਛੱਡਣੀ ਪਈ ਸੀ। ਥੱਕੀ ਦੇਵਿੰਦਰ ਕੌਰ ਨੂੰ ਨੀਂਦ ਨਾਲ ਟੂਲੇ ਆਉਣ ਲਗ ਪਏ। ਭੁਪਿੰਦਰ ਪ੍ਰੀਤ ਰੋ-ਰੋ ਸੁੱਜੀਆਂ ਅੱਖਾਂ ਨੂੰ ਅੰਗੂਠੇ ਅਤੇ ਉਂਗਲ ਨਾਲ ਦੱਬੀ ਬੈਠੀ ਸੀ। ਉਸ ਨੇ ਅੱਜ ਸਵੇਰੇ ਹੀ ਆਪਣੇ ਪਤੀ ਮਲਕੀਤ ਅਤੇ ਬੱਚਿਆਂ ਨਾਲ ਫੋਨ ਉਤੇ ਗੱਲ ਕੀਤੀ ਸੀ। ਵੈਰਾਗ ਨਾਲ ਉਹ ਭੁੱਬੀਂ ਰੋਈ ਸੀ। ਅਜੇ ਵੀ ਚਿਹਰਾ ਉਤਰਿਆ ਪਿਆ ਸੀ। ਮੈਂ ‘ਮਸ਼ੀਨੀ-ਬੱਕੀ’ ਉਤੇ ਸਵਾਰ ਸੁਪਨਿਆਂ ਦੇ ਸਾਗਰ ਵਿੱਚ ਬਹੁਤ ਦੂਰ ਨਿਕਲ ਗਿਆ ਸਾਂ। ਮੇਰੇ ਪਿੱਛੇ ਬੈਠੀ ਮੁਟਿਆਰ ਮੇਰੇ ਨਾਲ ਚੁੰਬੜੀ ਮੇਰੇ ਮੋਢਿਆਂ ਉਤੇ ਦੰਦੀਆਂ ਵੱਢਦੀ ਕੂਕ ਰਹੀ ਸੀ, ਤੇਜ਼, ਹੋਰ ਤੇਜ਼, ਹੋਰ ਤੇਜ਼।’

‘ਐਨੀ ਤੇਜ਼ ਨਾ ਚਲਾਓ ਜੀ, ਹੌਲੀ ਰਖੋ।’ ਬਰੇਕਾਂ ਨਾਲ ਲੱਗੇ ਝਟਕੇ ਪਿੱਛੋਂ ਜਾਗੀ ਦਵਿੰਦਰ ਕੌਰ ਆਖ ਰਹੀ ਸੀ।

ਤਿੰਨ ਕੁ ਘੰਟੇ ਵਿੱਚ ਅਸੀਂ ਵਿਸਕਾਨਸਿਨ ਪਹੁੰਚ ਗਏ। ਇਥੋਂ ਦੀ ਸਭ ਤੋਂ ਮੁੱਖ ਖਿੱਚ ਫੈਰੀ ਰਾਹੀਂ ਵਿਸਕਾਨਸਿਨ ਨਦੀ ਵਿੱਚ ਅੱਠ ਕੁ ਮੀਲ ਦੀ ਸੈਰ ਸੀ। ਮੈਂ ਅਤੇ ਢਿੱਲੋਂ ਸਾਹਿਬ ਫੈਰੀ ਦੀਆਂ ਟਿਕਟਾਂ ਲੈਣ ਚਲੇ ਗਏ। ਮੁੜੇ ਤਾਂ ਬੀਬੀ ਦੇਵਿੰਦਰ ਕੌਰ ਅਤੇ ਪ੍ਰੀਤ ਹੱਸ ਹੱਸ ਲੋਟ-ਪੋਟ ਹੋ ਰਹੀਆਂ ਸਨ। ਪੁੱਛਣ ਤੇ ਪ੍ਰੀਤ ਨੇ ਦੱਸਿਆ ਕਿ ਇੱਕ ਨਿੱਕਰ ਵਾਲੀ ਕੁੜੀ ਖੜ੍ਹ ਕੇ ਉਨ੍ਹਾਂ ਦੋਹਾਂ ਦੀਆਂ ਸਲਵਾਰਾਂ ਕਮੀਜ਼ਾਂ ਵੱਲ ਹੈਰਾਨੀ ਨਾਲ ਵੇਖਣ ਲੱਗ ਪਈ। ‘ਐਨੀ ਜਾਨ-ਕੱਢਵੀਂ ਗਰਮੀ ਵਿੱਚ ‘ਔਹ’ ਕਿਉਂ ਪਾਈਆਂ ਹਨ?’ ਉਸ ਨੇ ਸਲਵਾਰਾਂ ਵੱਲ ਇਸ਼ਾਰਾ ਕਰ ਕੇ ਪੁੱਛਿਆ।

‘ਮੇਰੇ ਪਤੀ ਨੂੰ ‘ਇਹ’ ਪਾਉਣੀ ਹੀ ਚੰਗੀ ਲਗਦੀ ਐ।’ ਬੀਬੀ ਦੇਵਿੰਦਰ ਕੌਰ ਨੇ ਕੁੜੀ ਨੂੰ ਮਗਰੋਂ ਲਾਹੁਣ ਲਈ ਕਾਰਨ ਦੱਸਿਆ।

‘ਦਫ਼ਾ ਕਰੋ ਐਹੋ ਜੇ ਪਤੀ ਨੂੰ’ ਕਹਿ ਕੇ ਉਹ ਚਲੀ ਗਈ।

ਕੁੜੀ ਦੇ ਸ਼ਗੂਫ਼ੇ ਨਾਲ ਕਾਰ ਵਾਲੀ ਬੋਝਲ-ਚੁੱਪ ਉੱਡ-ਪੁੱਡ ਗਈ ਅਤੇ ਮਾਹੌਲ ਸੁਖਾਵਾਂ ਹੋ ਗਿਆ। ਫੈਰੀ ਦੀ ਉਡੀਕ ’ਚ ਖੜ੍ਹੇ ਲੋਕਾਂ ਦੀ ਕਈ ਵਲ ਖਾਂਦੀ ਲਾਈਨ ਬੜੀ ਲੰਮੀ ਸੀ। ਭਾਵੇਂ ਹਰ ਪੰਦਰਾਂ ਮਿੰਟ ਪਿੱਛੋਂ ਨਵੀਂ ਫੈਰੀ ਚਲਦੀ ਸੀ ਪਰ ਛੁੱਟੀ ਕਰਕੇ ਸੈਰ-ਦੇ ਸ਼ੌਕੀਨ ਲੋਕਾਂ ਦਾ ਤਾਂਤਾ ਲੱਗਿਆ ਹੋਇਆ ਸੀ। ਫੈਰੀ ਆਈ ਤਾਂ ਉਸ ਨੇ ਸਾਰੀ ਲਾਈਨ ਚੜ੍ਹਾ ਲਈ। ਉਸ ਦੇ ਅੰਦਰ ਅਤੇ ਛੱਤ ਉਤੇ ਕੋਈ ਦੋ ਕੁ ਸੌ ਸੀਟਾਂ ਲੱਗੀਆਂ ਸਨ। ਸਾਡੀ ਵਾਰੀ ਦੇਰ ਨਾਲ ਆਉਣ ਕਰਕੇ, ਛੱਤ ਉਤੇ ਬੈਠਣ ਦੀ ਰੀਝ ਪੂਰੀ ਨਾ ਹੋਈ ਪਰ ਵਿਚੋਂ ਵੀ ਆਲਾ-ਦੁਆਲਾ ਚੰਗੀ ਤਰ੍ਹਾਂ ਦਿਸਦਾ ਸੀ। ਵੇਖਣ ਵਾਲੀ ਅਸਲ ਚੀਜ਼ ਤਾਂ ਉਹ ਕਲਾਤਮਕ-ਕੱਟ ਵਾਲੇ ਉੱਚੇ ਪਹਾੜ ਹੀ ਸਨ ਜਿਨ੍ਹਾਂ ਦੇ ਵਿਚਕਾਰ ਇਹ

Academy of the Punjab in North America: http://www.apnaorg.com

ਨਦੀ ਵਗਦੀ ਸੀ। ਇਉਂ ਜਾਪਦਾ ਸੀ ਜਿਵੇਂ ਕਿਸੇ ਯੁਗ ਵਿੱਚ ਨਦੀ ਦਾ ਪਾਣੀ ਬਹੁਤ ਉੱਚਾ ਵਗਦਾ ਰਿਹਾ ਹੋਵੇਗਾ, ਜਿਸ ਨੇ ਪਹਾੜਾਂ ਨੂੰ ਛਿੱਲ-ਤਰਾਸ਼ ਕੇ ਕੂਲੇ ਅਤੇ ਕਲਾਮਈ ਬਣਾ ਦਿੱਤਾ ਹੋਵੇਗਾ। ਜਾਂ ਸ਼ਾਇਦ ਇਨ੍ਹਾਂ ਪਹਾੜਾਂ ਨੂੰ ਇਹ ਰੂਪ ਮਨੁੱਖੀ ਹੁਨਰ ਰਾਹੀਂ ਹੀ ਦਿੱਤਾ ਗਿਆ ਹੋਵੇ। ਅਮਰੀਕਾ ਵਿੱਚ ਅਜਿਹਾ ਭੁਲੇਖਾ ਆਮ ਹੀ ਪੈਂਦਾ ਹੈ। ਬਹੁਤ ਥਾਵਾਂ ਉਤੇ ਮਨੁੱਖੀ-ਹੱਥਾਂ ਦੇ ਜਾਦੂ ਰਾਹੀਂ ਇਉਂ ਹੀ ਕੁਦਰਤੀ ਦ੍ਰਿਸ਼ ਬਣਾਏ ਗਏ ਦਿਸਦੇ ਹਨ। ਇਨ੍ਹਾਂ ਸਲੇਟਾਂ ਵਰਗੇ ਪਹਾੜਾਂ ਵਿੱਚ ਉੱਗੇ ਰੁੱਖ ਇਨ੍ਹਾਂ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੇ ਸਨ। ਮੀਲ ਕੁ ਪਿੱਛੋਂ ਫੈਰੀ ਕਿਸੇ ਅੱਡੇ ਉਤੇ ਰੁਕ ਜਾਂਦੀ ਜਿੱਥੇ ਉੱਤਰ ਕੇ ਵੇਖਣ ਨੂੰ ਕੋਈ ਪਹਾੜੀ ਗੁਫ਼ਾ ਹੁੰਦੀ। ਪਰ ਇਨ੍ਹਾਂ ਗੁਫਾਵਾਂ ਵਿੱਚ ਭਾਰਤ ਵਾਂਗ ਕੋਈ ਨਾਂਗਾ-ਸਾਧੂ ਬੈਠਾ ਨਜ਼ਰ ਨਹੀਂ ਆਇਆ। ਇੱਕ ਮੁੱਖ ਅੱਡੇ ਉਤੇ ਤਾਂ ਇੱਕ ਓਪਨ ਏਅਰ ਥੀਏਟਰ ਵੀ ਬਣਿਆਂ ਹੋਇਆ ਸੀ। ਉਸ ਦੇ ਸਾਹਮਣੇ ਦੋ ਪਹਾੜੀਆਂ ਦੇ ਬੁਰਜ਼ ਸੀਖਪਾਲ ਸਿੱਧੇ ਖੜ੍ਹੇ ਸਨ। ਉਨ੍ਹਾਂ ਵਿੱਚ ਦਸ ਕੁ ਫੁੱਟ ਦੀ ਵਿੱਥ ਸੀ। ਇੱਕ ਕੁੱਤਾ ਇਸ ਦਰਾੜ ਤੋਂ ਛਾਲ ਮਾਰ ਕੇ ਲੰਘਦਾ ਸੀ। ਇਸ ਨੂੰ ਵੇਖਣ ਲਈ ਬੱਚਿਆਂ ਵਿੱਚ ਖਾਸ ਉਤਸ਼ਾਹ ਸੀ। ਜਦੋਂ ਹੀ ਕੁੱਤੇ ਨੇ ਛਾਲ ਮਾਰੀ ਤਾਂ ਬੱਚਿਆਂ ਨੇ ਕੂਕਾਂ ਛੱਡੀਆਂ। ਭਾਵੇਂ ਇਨ੍ਹਾਂ ਪਹਾੜੀਆਂ ਬਾਰੇ ਦੱਸਣ ਵਾਲਾ ਕੁੱਝ ਖਾਸ ਨਹੀਂ ਸੀ ਪਰ ਫੈਰੀ ਦੀ ਗਾਈਡ ਮੁਟਿਆਰ ਬੜੇ ਸਲੀਕੇ ਅਤੇ ਹੁਲਾਸ ਨਾਲ ਸਭ ਦ੍ਰਿੱਸ਼ਾਂ ਦਾ ਵਰਨਣ ਕਰ ਰਹੀ ਸੀ। ਆਪਣੇ ਹੁਨਰ ਵਿੱਚ ਉਹ ਪੂਰੀ ਨਿਪੁੰਨ ਸੀ ਅਤੇ 'ਜੌਬ' ਵੀ ਪੂਰੇ ਜੋਸ਼ੋ-ਖਰੋਸ਼ ਨਾਲ ਕਰ ਰਹੀ ਸੀ। ਇਉਂ ਲਗਦਾ ਸੀ ਕਿ ਸੈਲਾਨੀਆਂ ਨੂੰ ਰਿਝਾਉਣਾ ਉਸ ਲਈ ਰੱਬ-ਪਾਉਣ ਦੇ ਬਰਾਬਰ ਸੀ। ਅਮਰੀਕਾ ਵਿੱਚ ਹਰੇਕ ਬੰਦਾ ਆਪਣੀ 'ਜੌਬ' ਇਉਂ ਹੀ ਕਰਦਾ ਹੈ। ਮੈਂ ਉਸ ਸੋਹਣੀ-ਸੁਨੱਖੀ ਕੁੜੀ ਨਾਲ ਫੋਟੋ ਖਿਚਵਾਉਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਹ ਖੁਸ਼ੀ ਨਾਲ ਛਾਲ ਮਾਰ ਕੇ ਮੇਰੇ ਨਾਲ ਘਸਰ ਕੇ ਆਪਣਿਆਂ ਵਾਂਗ ਖੜ੍ਹ ਗਈ। ਫੈਰੀ 'ਚ ਸਵਾਰ ਇੱਕ ਇਕ ਸੈਲਾਨੀ ਦੀਆਂ ਖੁਸ਼ੀਆਂ ਦਾ ਉਸ ਨੂੰ ਖ਼ਿਆਲ ਸੀ। ਕਿਸੇ ਦਾ ਆਪਣੀ 'ਜੌਬ' ਨਾਲ ਇੰਨਾ ਲਗਾਅ ਮੈਂ ਪਹਿਲੀ ਵਾਰ ਵੇਖਿਆ। ਇਸ ਨਾਲ ਮਿਲਣ ਵਾਲੀ ਖੁਸ਼ੀ ਗੁਲਾਬੀ ਰੰਗ ਬਣ ਕੇ ਉਸ ਦੀਆਂ ਉਭਰਵੀਆਂ ਗੱਲ੍ਹਾਂ ਦੇ ਟੂਸਿਆਂ 'ਚੋਂ ਝਲਕ ਰਹੀ ਸੀ।

ਨਦੀ ਦੇ ਅੰਤ ਉਤੇ ਘਚੋਰ ਜਿਹੀ ਵਿੱਚ ਇੱਕ ਰੈਸਟੋਰੈਂਟ ਬਣਿਆ ਹੋਇਆ ਸੀ। ਇਥੇ ਅੱਧਾ ਘੰਟਾ ਠਹਿਰਨਾ ਸੀ। ਮੈਂ ਸੋਚਿਆ ਜੇ ਸਾਡੇ ਵਾਂਗ ਹੀ ਸਭ ਘਰੋਂ ਪੂਰੀਆਂ ਦੀ ਪੰਡ ਬੰਨ੍ਹ ਕੇ ਲੈ ਆਇਆ ਕਰਨ ਤਾਂ ਗੁਫ਼ਾ 'ਚ ਬਣੇਂ ਇਸ ਰੈਸਟੋਰੈਂਟ ਦੇ ਮਾਲਕ ਵਿਚਾਰੇ ਦਾ ਕੀ ਬਣੇਂ? ਪਰ ਜਿਵੇਂ

ਕਹਿੰਦੇ ਹਨ ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼, ਇਹ ਗੋਰੇ ਵੀ ਪੰਛੀਆਂ ਵਰਗੇ ਹੀ ਹਨ ਪਰ ਸਰਕਾਰ ਨੇ ਇਨ੍ਹਾਂ ਵਾਸਤੇ ਥਾਂ ਥਾਂ ਵਾਧੂ ਚੋਗ ਖਿਲਾਰੀ ਪਈ ਹੈ।

ਫੈਰੀ ਦੇ ਝੂਟੇ ਪਿੱਛੋਂ ਅਸੀਂ ਇੱਕ ਅਨੋਖੇ 'ਵਾਟਰ ਰੇਡ' (ਸਵਿੰਮਿੰਗ ਪੂਲ) ਕੋਲੋਂ ਲੰਘਣ ਲਗੇ ਤਾਂ ਲਲਚਾਏ ਮਨ ਨੇ ਲੱਤਾਂ ਨੂੰ ਰੋਪੜੀ ਤਾਲਾ ਲਾ ਦਿੱਤਾ। ਅਸੀਂ ਅਟਕ ਗਏ। ਚਲੋ ਨਹਾ ਨਹੀਂ ਸਕਦੇ ਤਾਂ ਨਹਾਉਂਦਿਆਂ ਨੂੰ ਵੇਖ ਤਾਂ ਸਕਦੇ ਸਾਂ। ਇਹ ਕਹਿਣ ਵਾਲੇ ਤਾਂ ਬਣ ਸਕਦੇ ਸਾਂ ਕਿ ਜੇ ਜੰਨ ਚੜ੍ਹੇ ਨਹੀਂ, ਚੜ੍ਹਦੇ ਤਾਂ ਵੇਖੇ ਹਨ। ਪੂਲ ਦੇ ਕਿਨਾਰੇ ਉਤੇ ਵਾਟਰ ਵਰਕਸ ਦੀ ਟੈਂਕੀ ਜਿੱਡਾ ਉੱਚਾ ਸਟੈਂਡ ਜਿਹਾ ਲੱਗਿਆ ਸੀ। ਉਤੋਂ ਇੱਕ ਪਰਨਾਲਾ ਅਨੇਕਾਂ ਮੋੜ-ਘੋੜ ਕਟਦਾ ਥੱਲੇ ਪਾਣੀ ਤੱਕ ਆਉਂਦਾ ਸੀ। ਉਸ ਵਿੱਚ ਪਾਣੀ ਵਗਦਾ ਸੀ। ਲੋਕ ਪੌੜੀਆਂ ਰਾਹੀਂ ਉਸ ਸਟੈਂਡ ਉਤੇ ਚੜ੍ਹਦੇ ਅਤੇ ਫੇਰ ਪਰਨਾਲੇ 'ਚ ਠਿੱਲ੍ਹ ਪੈਂਦੇ ਅਤੇ ਪੂਰੀ ਤੇਜੀ ਨਾਲ ਥੱਲੇ ਨੂੰ ਆਉਂਦੇ ਕਿਲਕਾਰੀਆਂ ਮਾਰਦੇ। ਅਜਿਹੇ ਦਿਲ-ਹਿਲਾਊ 'ਫ਼ਨ' ਦੇ ਅਮਰੀਕਨ ਬਹੁਤ ਸ਼ੌਕੀਨ ਹਨ। ਉਨ੍ਹਾਂ ਦੀਆਂ ਕਿਲਕਾਰੀਆਂ ਨਾਲ ਮੇਰੇ ਮਨ ਵਿੱਚ ਲੂਹਰੀਆਂ ਉੱਠ ਰਹੀਆਂ ਸਨ ਪਰ ਇਹ ਬਹੁਤ ਮਹਿੰਗਾ ਸ਼ੌਕ ਸੀ। ਪਹਿਲਾਂ ਸਵਿਮਿੰਗ ਕਿੱਟ ਖਰੀਦਣੀ ਪੈਣੀ ਸੀ, ਫੇਰ ਟਿਕਟ ਉਤੇ ਵੀ ਵਾਹਵਾ ਪੈਸੇ ਲਗਦੇ ਸਨ, ਸੋ ਮਨ ਨੂੰ ਸਮਝਾਉਣਾ ਪਿਆ।

ਮੇਰੇ ਮਾਜੂਸ ਹੋਏ ਚਿਹਰੇ ਉਤੇ ਰੌਣਕ ਲਿਆਉਣ ਵਾਸਤੇ ਬੀਬੀ ਦੇਵਿੰਦਰ ਕੌਰ ਨੇ ਮਜ਼ਾਕ ਕੀਤਾ, 'ਬਲਦੇਵ ਭਾ ਜੀ ਤੁਹਾਨੂੰ ਜਾਣ ਲੱਗਿਆਂ ਨੂੰ ਦੋ ਸਵਿੰਮਿੰਗ ਸੂਟ ਲੈ ਕੇ ਦਿਆਂਗੇ, ਤੁਹਾਡੇ ਤੇ ਸੁਖਵਿੰਦਰ (ਤੁਹਾਡੀ ਪਤਨੀ) ਵਾਸਤੇ, ਫੇਰ ਉਥੇ ਇਉਂ ਹੀ ਤਾਰੀਆਂ ਲਾਉਣੀਆਂ, ਲੋਕਾਂ ਨੂੰ ਪਤਾ ਲੱਗੇ ਕਿ ਮੁੰਡਾ ਅਮਰੀਕਾ ਤੋਂ ਆਇਐ।'

ਇਕ ਗੱਲ ਮੇਰੇ ਅੰਦਰ ਅਨੈਤਿਕਾ ਦਾ ਅਹਿਸਾਸ ਭਰ ਰਹੀ ਸੀ ਕਿ ਨਹਾਉਂਦਿਆਂ ਨੂੰ ਇਉਂ ਵੇਖਣ ਵਾਲੇ ਸਿਰਫ ਅਸੀਂ ਹੀ ਸਾਂ, ਭਾਵੇਂ ਉਨ੍ਹਾਂ ਦੇ ਇਹ ਗੱਲ ਚਿੱਤ ਚੇਤੇ ਵੀ ਨਹੀਂ ਹੋਣੀ। ਨੀਲੇ ਛੰਭ ਪਾਣੀ ਵਿੱਚ ਮੱਛੀਆਂ ਵਾਂਗ ਤਰਦੇ ਗੋਰੇ ਬਦਨ ਕੋਈ ਵੇਖਣੋਂ ਕਿਵੇਂ ਹਟੇ? ਸਾਡੀਆਂ ਭਾਰਤੀ ਫ਼ਿਲਮਾਂ ਵਿੱਚ ਤਾਂ ਸਵਿੰਮਿੰਗ ਪੂਲ ਦਾ ਆਮ ਜਿਹਾ ਦ੍ਰਿਸ਼ ਹੀ ਫ਼ਿਲਮ ਨੂੰ ਹਿੱਟ ਕਰ ਦਿੰਦਾ ਹੈ ਪਰ ਇਥੇ ਤਾਂ ਮਹਾਂਦ੍ਰਿਸ਼ ਸੀ।

ਅਮਰੀਕਾ ਦੀਆਂ ਅਜਿਹੀਆਂ ਖੁੱਲ੍ਹਾਂ ਸਾਹਮਣੇ ਆਪਣਾ ਆਪਾ ਇਉਂ ਜਾਪਦਾ ਸੀ ਜਿਵੇਂ ਸੰਗਲਾਂ ਨਾਲ ਨੂੜਿਆ ਪਿਆ ਹੋਵਾਂ। ਕੀ ਇਉਂ ਆਪਣੇ ਆਪ ਨੂੰ ਨੱਪ-ਘੁੱਟ ਕੇ ਅਸੀਂ ਚਰਿਤਰ ਦੇ ਪੱਖੋਂ ਬਹੁਤ ਉਚੇ ਉਠ ਗਏ ਸਾਂ? ਸਗੋਂ ਇਸ ਦੇ ਉਲਟ ਹੀ ਸੀ, ਉਲਾਰਾਂ ਨਾਲ ਭਰੇ ਹੋਏ ਅਸੀਂ ਬੰਬ

Academy of the Punjab in North America: http://www.apnaorg.com

ਬਣੇ ਪਏ ਸਾਂ ਜੋ ਫਟਨ-ਫਟਨ ਕਰਦਾ ਹੋਵੇ। ਦੂਜੇ ਪਾਸੇ ਇਹ ਸਾਰੇ ਦਾ ਸਾਰਾ ਪਰਿਵਾਰ ਇਉਂ ਇਕੱਠੇ ਤੈਰਦੇ ਫਿਰਦੇ ਸਨ, ਜਿਵੇਂ ਇਹ ਰਲ ਕੇ ਰੋਟੀ ਖਾਣ ਵਰਗਾ ਕੋਈ ਸਹਿਜ ਕੰਮ ਹੋਵੇ।

ਵੰਨ-ਸੁਵੰਨੇ ਸ਼ੋਅ ਦੇਖਦੇ ਅਸੀਂ ਸੂਰਜ ਛਿਪਾ ਬੈਠੇ ਸਾਂ। ਵਾਪਸੀ ਦੀ ਚਾਰ ਘੰਟੇ ਦੀ ਵਾਟ ਸੀ। ਬੀਬੀ ਦਵਿੰਦਰ ਕੌਰ ਨੂੰ ਸਵੇਰੇ ਸੁਵੱਖਤੇ ਜੌਬ ਉਤੇ ਜਾਣ ਦਾ ਫਿਕਰ ਵੱਢ-ਵੱਢ ਖਾਣ ਲੱਗ ਪਿਆ ਸੀ। ਉਸ ਦੀ ਚੁੱਪ ਇਉਂ ਕਹਿੰਦੀ ਜਾਪਦੀ ਸੀ, 'ਇਹ ਵਿਸਕਾਨਸਿਨ ਡੈਲਜ਼ ਦੇਖ ਕੇ ਹੁਣ ਕੀ 'ਮੁਰੱਬਾ' ਨਾਂ ਲੱਗ ਗਿਆ ਹੈ, ਸਵੇਰੇ ਕੰਮ ਤੇ ਸਾਰਾ ਦਿਨ ਉਬਾਸੀਆਂ ਆਉਣਗੀਆਂ, ਹੱਡ ਟੁੱਟਣਗੇ, ਅੱਧੀ ਰਾਤ ਹੋਜੂ ਘਰੇ ਪਹੁੰਚਦਿਆਂ, ਅਖੇ ਸੈਰ ਨੂੰ ਜਾਣੈਂ, ਬਹਿ ਗਏ ਅੰਗਰੇਜ਼ਾਂ ਦੀਆਂ ਰੀਸਾਂ ਕਰਨ, ਸਾਡੇ ਵੱਸ ਦਾ ਰੋਗ ਨਹੀਂ ਇਹ ਸੈਰ ਦਾ ਪੰਗਾ।' ਅਸੀਂ ਸਾਰੇ ਹੀ ਮੁੜ ਚੁੱਪ ਦੇ ਦਰਿਆ ਵਿੱਚ ਡੁੱਬ ਗਏ ਸਾਂ।

## ਅਮਰੀਕਾ ਦਾ ਰਾਜਸਥਾਨ

ਮੈਂ ਸ਼ਿਕਾਗੋ ਨੂੰ ਪੱਤ ਪੱਤ ਕਰਕੇ ਵੇਖ ਚੁੱਕਿਆ ਸਾਂ। ਹੁਣ ਲਾਸ ਏਂਜਲਸ ਜਾਣ ਦੀ ਕਾਹਲ ਸੀ। ਯੂਨੀਵਰਸਲ ਸਟੂਡੀਓ ਅਤੇ ਡਿਜ਼ਨੀਲੈਂਡ ਵੇਖਣ ਦੀ ਲੋਚਾ ਤੁਣਕੇ ਮਾਰ ਰਹੀ ਸੀ। ਉੱਡਣ ਲਈ ਤਰਲੋਮੱਛੀ ਹੋ ਰਿਹਾ ਸਾਂ ਪਰ ਟਰੈਵਲ ਏਜੰਟ ਦੇ ਇਕੋ ਬੋਲ ਨਾਲ ਹੀ ਮੇਰੇ ਮੋਮ ਦੇ ਖੰਭ ਪਿਘਲ ਗਏ ਅਤੇ ਮੈਂ ਮੂੰਹ ਭਾਰ ਧਰਤੀ ਉਤੇ ਆ ਡਿੱਗਾ।

'ਜੇ ਕੱਲ੍ਹ ਦੀ ਫਲਾਈਟ ਲੈਣੀ ਹੈ ਤਾਂ ਸੱਤ ਸੌ ਡਾਲਰ ਦੀ ਟਿਕਟ ਹੈ।' ਉਸ ਬੇਧਿਆਨੀ ਨਾਲ ਦੱਸਿਆ ਸੀ। ਮੇਰੇ ਕੋਲ ਤਾਂ ਕੁਲ ਰਾਸ਼ੀ ਹੀ ਮਸਾਂ ਏਨੀ ਕੁ ਸੀ ਅਤੇ ਪਿੱਛੇ ਰਹਿ ਜਾਣਾ ਸੀ ਠੁਣ-ਠੁਣ ਗੋਪਾਲ। ਮੇਰੇ 'ਚ ਕੁੱਝ ਵੀ ਹੋਰ ਪੁੱਛਣ ਦੀ ਹਿੰਮਤ ਨਹੀਂ ਸੀ। ਉਥੋਂ ਦਾ ਭੇਤੀ ਹੋਣ ਕਰਕੇ ਜੋਰੇ ਨੇ ਪੁੱਛਿਆ 'ਸਸਤੀ ਕਦੋਂ ਦੀ ਮਿਲ ਸਕਦੀ ਹੈ?' ਉਸ ਨੇ ਕੰਪਿਊਟਰ ਤੋਂ ਸਾਰੀ ਸਥਿਤੀ ਵੇਖੀ ਅਤੇ ਹਫ਼ਤੇ ਬਾਅਦ ਆਉਣ ਵਾਲੇ ਐਤਵਾਰ ਦੀ ਟਿਕਟ ਇੱਕ ਸੌ ਸੱਤਰ ਡਾਲਰ ਦੀ ਬਣਾ ਦਿੱਤੀ। ਮੈਂ ਸ਼ੁਕਰ ਕੀਤਾ।

ਅਮਰੀਕਾ ਵਿੱਚ ਇਉਂ ਹੀ ਜਹਾਜ਼ ਦੀਆਂ ਟਿਕਟਾਂ ਵੱਧ-ਘੱਟ ਰੇਟ ਉਤੇ ਵਿਕਦੀਆਂ ਹਨ। ਜੇ ਆਪਣੀ ਸੁਵਿਧਾ ਅਨੁਸਾਰ ਮਨ-ਮਰਜ਼ੀ ਦਾ ਸਮਾਂ ਲੈਣਾ ਹੋਵੇ ਤਾਂ ਟਿਕਟ ਮਹਿੰਗੀ, ਜੇ ਉਨ੍ਹਾਂ ਅਨੁਸਾਰ ਕੋਈ ਬਚੀ-ਖੁਚੀ ਲੈਣੀ ਹੋਵੇ ਤਾਂ ਕੌਡੀਆਂ ਦੇ ਭਾਅ। ਮੁੱਲ ਸਮੇਂ ਦਾ ਹੈ।

Academy of the Punjab in North America: http://www.apnaorg.com

ਲਾਸ ਏਂਜਲਸ ਦੇ ਹਵਾਈ ਅੱਡੇ ਤੋਂ ਲਿਜਾਣ ਵਾਸਤੇ ਫੇਰ ਕੋਈ ਨਹੀਂ ਸੀ ਮਿਲ ਰਿਹਾ। ਸਭ ਗਲ ਗਲ ਤੱਕ ਰੁਝੇਵੇਂ 'ਚ ਸਨ। ਅਖੀਰ ਪੰਜਾਬੀ ਕਵੀ ਸੁਖਵਿੰਦਰ ਕੰਬੋਜ ਨੇ ਹਾਮੀ ਭਰੀ। ਕੰਬੋਜ ਨਕੋਦਰ ਨੇੜਲੇ ਇੱਕ ਪਿੰਡ ਦਾ ਪੁਰਾਣਾ ਕਾਮਰੇਡ ਹੈ। ਨਕਸਲਬਾੜੀ ਲਹਿਰ ਨਾਲ ਜੁੜਿਆ ਰਿਹਾ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚੋਂ ਪੰਜਾਬੀ ਦੀ ਐਮ. ਏ. ਕਰਕੇ ਅਮਰੀਕਾ ਆਇਆ ਸੀ। ਉਹ ਡਾ. ਰਵਿੰਦਰ ਰਵੀ ਦਾ ਚੇਲਾ ਅਤੇ ਜਸਵਿੰਦਰ ਸਿੰਘ ਤੇ ਭੁਪਿੰਦਰ ਖਹਿਰੇ ਦਾ ਜਮਾਤੀ ਸੀ। ਸੋ ਯੂਨੀਵਰਸਿਟੀ ਦੀ ਸਾਂਝ ਨੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਅਸੀਂ ਪਹਿਲੀ ਵਾਰ ਮਿਲੇ ਸਾਂ।

ਉਸ ਦਾ ਸ਼ਹਿਰ ਇੰਡੀਓ ਭਾਵੇਂ ਲਾਸ ਏਂਜਲਸ ਤੋਂ ਤਿੰਨ-ਚਾਰ ਘੰਟੇ ਦਾ ਰਸਤਾ ਸੀ ਪਰ ਅਮਰੀਕਾ ਵਿੱਚ ਇੰਨੇ ਕੁ ਸਫ਼ਰ ਨੂੰ ਕੋਈ ਖਾਸ ਨਹੀਂ ਗਿਣਦਾ। ਇੰਨੇ ਸਮੇਂ 'ਚ ਤੇਜ਼-ਰਫ਼ਤਾਰ ਕਾਰ ਅੰਮ੍ਰਿਤਸਰੋਂ-ਦਿੱਲੀ ਜਿੰਨੀ ਦੂਰੀ ਮੁਕਾ ਲੈਂਦੀ ਹੈ। ਉਂਜ ਵੀ ਗੱਲਾਂ 'ਚ ਮਸਤ ਹੋਣ ਕਰਕੇ ਉਸ ਨੂੰ ਵਾਟ ਦਾ ਅਹਿਸਾਸ ਨਹੀਂ ਸੀ ਹੋ ਰਿਹਾ।

'ਇਹ ਇੰਡੀਓ ਦਾ ਇਲਾਕਾ ਕੈਲੇਫੋਰਨੀਆ ਦੀ ਐਨ ਨੁੱਕਰ ਵਿੱਚ ਪੈਂਦਾ ਹੈ, ਕਦੇ ਕਦੇ ਕੋਈ ਹਿੰਮਤੀ ਲੇਖਕ ਹੀ ਏਧਰ ਗੇੜਾ ਮਾਰਦੈ। ਪਹਿਲਾਂ ਮੈਂ ਫਰਿਜ਼ਨੋ ਨੇੜੇ ਸੇਨਹੇਜ਼ ਰਹਿੰਦਾ ਸਾਂ ਤਾਂ ਬੜੇ ਪੰਜਾਬੀ ਲੇਖਕ ਮਿਲਦੇ ਸਨ, ਉਥੇ ਪਾਸ਼ ਤਾਂ ਮੇਰੇ ਨੇੜੇ ਹੀ ਰਹਿੰਦਾ ਸੀ, ਭਰਵੀਆਂ ਗੱਲਾਂ ਹੁੰਦੀਆਂ ਸਨ।' ਕੰਬੋਜ ਦੀ ਹਰ ਗੱਲ ਵਿੱਚ ਪਾਸ਼ ਦੀ ਰੂਹ ਹਾਜ਼ਰ-ਨਾਜ਼ਰ ਦਿਸਦੀ ਸੀ। ਉਹ ਪਾਸ਼ ਦਾ ਸ਼ਰਧਾਲੂ ਜਾਪਦਾ ਸੀ। 'ਬੜੇ ਵਧੀਆ ਦਿਨ ਸਨ ਉਹ ਵੀ, ਪਾਸ਼ ਨਾਲ ਰਹਿਣ ਦਾ ਬਹੁਤ ਲੁਤਫ਼ ਸੀ, ਐਵੇਂ ਉਹਨੇ ਭੰਗ ਦੇ ਭਾੜੇ ਜਾਨ ਗਵਾਈ, ਮੈਂ ਤਾਂ ਬਥੇਰਾ ਰੋਕਿਆ ਸੀ ਕਿ ਅਜੇ ਭਾਰਤ ਨਾ ਜਾਹ, ਅੱਤਵਾਦ ਦੀ ਗੱਲ ਕੁੱਝ ਠੰਡੀ ਪੈ ਜਾਣ ਦੇ, ਕੀ ਲੋੜ ਸੀ ਵਰ੍ਹਦੀਆਂ ਗੋਲੀਆਂ 'ਚ ਜਾਣ ਦੀ, ਮੈਂ ਤਾਂ ਸੋਚਦਾ ਹਾਂ ਕਿ ਏਧਰ ਆ ਕੇ ਮੈਂ ਚੰਗਾ ਹੀ ਕੀਤਾ। ਉਥੇ ਬੋਲੇ ਬਿਨਾਂ ਰਿਹਾ ਨੀਂ ਸੀ ਜਾਣਾ ਅਤੇ ਅਗਲਿਆਂ ਨੇ ਗੋਲ਼ੀ ਪਾਰ ਕਰ ਦੇਣੀ ਸੀ।' ਇਉਂ ਅਜਾਈਂ ਗੋਲ਼ੀ ਨਾਲ ਭੁੰਨੇ ਜਾਣ ਦੇ ਅਹਿਸਾਸ ਨੇ ਕੰਬੋਜ ਦੇ ਭਲਵਾਨੀ ਜੁੱਸੇ ਵਿੱਚ ਥਿਰਕਣ ਜਿਹੀ ਪੈਦਾ ਕਰ ਦਿਤੀ।

'ਵੀਰ ਗੱਲ ਐਡੀ ਮੌਤ ਦੀ ਵੀ ਨਹੀਂ ਸੀ, ਇਥੇ ਵੀ ਤਾਂ ਅਕਸਰ ਮਸ਼ੀਨਾਂ 'ਚ ਤਿਲ ਤਿਲ ਕਰਕੇ ਪੀੜੇ ਹੀ ਜਾਣਾ ਹੈ, ਪਰ ਐਵੇਂ ਅਜਾਈਂ ਕੁੱਤੇ ਦੀ ਮੌਤ ਮਰਨ ਲਈ ਮਨ ਨਹੀਂ ਸੀ ਕਰਦਾ। ਦਲੀਲ ਦੀ ਤਾਂ ਵੁੱਕਤ ਨਹੀਂ ਸੀ ਰਹੀ, ਏ. ਕੇ. ਸੰਤਾਲੀ ਹੀ ਆਪਣੀ ਭਾਸ਼ਾ 'ਚ ਗੱਲ ਕਰਦੀ ਸੀ। ਹਾਂ, ਕਿਤੇ ਕਿਤੇ ਇਸ ਗੱਲੋਂ ਪਛਤਾਵਾ ਜਿਹਾ ਹੁੰਦਾ ਐ, ਜਿਵੇਂ ਆਪਣੇ ਲੋਕਾਂ ਲਈ ਲੜਨ ਤੋਂ ਡਰਦੇ

Academy of the Punjab in North America: http://www.apnaorg.com

ਪਿੱਠ ਵਿਖਾ ਕੇ ਭੱਜ ਆਏ ਹੋਈਏ, ਲੜਨ-ਮਰਨ ਦਾ ਸੁਆਦ ਵੀ ਆਪਣੇ ਲੋਕਾਂ 'ਚ ਈ ਆਉਂਦੈ, ਬਿਗਾਨੇ ਮੁਲਕ 'ਚ ਕਾਹਦੇ ਸੰਘਰਸ਼ ਅਤੇ ਕਾਹਦੀਆਂ ਲੜਾਈਆਂ, ਇਥੇ ਤਾਂ ਖਪਤਕਾਰੀ ਦੇ ਹੜ੍ਹ ਵਿੱਚ ਕਾਮਰੇਡੀ ਵੀ ਰੁੜ੍ਹਦੀ ਜਾਪਦੀ ਐ, ਬੱਸ ਘਰਾਂ ਦੀਆਂ ਨੀਹਾਂ 'ਚ ਹੀ ਚਿਣੇ ਗਏ ਆਂ। ਮੈਂ ਤਾਂ ਇਸ ਬਾਰੇ ਇੱਕ ਕਵਿਤਾ ਵੀ ਲਿਖੀ ਸੀ, ਚੌਰਸਤਾ:

ਮੈਂ ਟੱਬਰ ਤੋਂ ਸਿਆਸਤ ਵੱਲ ਵਧਦਾ ਹਾਂ
ਤਾਂ ਅੱਗੇ ਮਲੂਕ ਜਿਹਾ ਮੂੰਹ ਲੈ ਕੇ ਬੀਵੀ ਖੜ੍ਹੀ ਹੈ
ਮਾਂ ਦਾ ਚਿਹਰਾ ਚਿੰਤਾਵਾਨ ਹੈ
ਕਿ ਕਿਤੇ ਮੇਰਾ ਪੁੱਤਰ
ਚੌਥੇ ਰਾਹ ਨਾ ਤੁਰ ਪਵੇ
ਚੌਥਾ ਰਾਹ ਜੋ ਭਗਤ ਸਿੰਘ ਤੇ ਪਾਸ਼ ਦਾ ਰਾਹ ਹੈ
ਹੱਕ ਦਾ ਰਾਹ ਹੈ, ਸੱਚ ਦਾ ਰਾਹ ਹੈ।
ਇਕ ਨਾ ਇੱਕ ਦਿਨ
ਇਹ ਚੌਰਸਤਾ ਮੈਂ ਲੰਘਾਂਗਾ
ਹਾਲੇ ਤਾਂ ਘਰ ਦੀਆਂ ਨੀਹਾਂ ਵਿਚ
ਹੀ ਸੁੱਤਾ ਹਾਂ
ਪਰ ਕਦੇ ਕਦੇ ਸਰਦਲ ਵੱਲ ਨੂੰ ਤੱਕ ਲੈਂਦਾ ਹਾਂ
ਜੀਣ ਜਿਹਾ ਬੱਸ ਹੋ ਜਾਂਦਾ ਹੈ।

'ਸੱਚੀਂ ਵੀਰ ਤਰਲੇ ਨੇ ਇਹ ਤਾਂ ਜੀਣ ਦੇ, ਕੀ ਹੈ ਇਹ ਜ਼ਿੰਦਗੀ, ਪਾਸ਼ ਦੇ ਕਹਿਣ ਵਾਂਗ, ਘਰੋਂ ਦਫਤਰ ਤੇ ਦਫ਼ਤਰੋਂ ਘਰ, ਅੱਗੇ ਕਿਸੇ ਸਾਹਿਤ ਸਭਾ ਦੀ ਮੀਟਿੰਗ ਤੇ ਹੀ ਜਾ ਆਈਦਾ ਸੀ, ਹੁਣ ਜਦੋਂ ਦਾ ਆਪਣਾ ਗੈਸ ਸਟੇਸ਼ਨ ਲਿਐ, ਉਹ ਵੀ ਔਖਾ ਹੋ ਗਿਆ ਜਾਣਾ, ਮੁਲਾਜ਼ਮ ਰੱਖਣ ਦੀ ਅਜੇ ਹੈਸੀਅਤ ਨਹੀਂ ਤੇ ਸਰਦਾ ਹੈਨੀ, ਵਾਰੀ ਨਾਲ ਸਾਰਾ ਟੱਬਰ ਜਿੰਦ ਵੇਲਦੇ ਆਂ', ਕੰਬੋਜ ਅੰਦਰੋਂ ਡੁਲ੍ਹਦਾ ਲਾਵਾ ਕਿਸੇ ਸੁੱਖੜ ਪਹਾੜ ਦਾ ਰੂਪ ਧਾਰਦਾ ਜਾਂਦਾ ਸੀ ਜਿਸਦੀ ਪੀੜ ਉਸ ਦੇ ਹਰੇਕ ਸ਼ਬਦ 'ਚੋਂ ਝਾਕ ਰਹੀ ਦਿਸਦੀ ਸੀ।

'ਕਦੇ ਸੋਚਦੈਂ, ਬਈ ਚੰਗਾ ਈ ਹੋਇਆ ਜੇ ਨਹੀਂ ਜਾਇਆ ਜਾਂਦਾ ਸਭਾ ਦੀਆਂ ਮੀਟਿੰਗਾਂ 'ਤੇ, ਕੀ ਹੈ ਉਥੇ ਇੱਕ ਦੂਜੇ ਦੀਆਂ ਟੰਗਾਂ ਖਿੱਚਣ ਤੋਂ ਬਿਨਾਂ? ਸਰਮਾਏਦਾਰੀ ਨੇ ਖਪਤਵਾਦ ਦੇ ਰੇਤੇ ਦਾ ਬੁੱਕ ਭਰ ਕੇ ਸਭ ਦੀਆਂ ਅੱਖਾਂ 'ਚ ਪਾ ਦਿੱਤਾ ਐ, ਹਰ ਕੋਈ ਨਿੱਜੀ-ਮੁਫ਼ਾਦਾਂ ਪਿੱਛੇ ਭੱਜਿਆ

ਫਿਰਦੈ, ਕੋਈ ਕੁਮਿੱਟਮੈਂਟ ਤਾਂ ਰਹੀ ਨਹੀਂ, ਆਲੋਚਕ ਵੀ ਮੂੰਹ-ਮੁਲਾਹਜ਼ੇ ਪੂਰਦੇ ਐ, ਕੋਈ ਪੁੱਛ ਹੈ ਜੈਨੂਅਨ ਲੇਖਕ ਦੀ? ਮੈਂ ਤੈਨੂੰ ਦੱਸਾਂ ਪਿੱਛੇ ਜਿਹੇ ਮੈਂ ਤੇ ਰਵਿੰਦਰ ਸਹਿਰਾਅ ਨੇ ਅਮਰੀਕਾ ’ਚ ਵਸਦੇ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਦਾ ਇੱਕ ਸੰਗ੍ਰਹਿ ਤਿਆਰ ਕੀਤਾ। ਉਹਦੇ ’ਚ ਮੇਰੀ ਤੇ ਮੇਰੀ ਪਤਨੀ ਨਵਦੀਪ ਦੀ ਵੀ ਇੱਕ ਇਕ ਕਵਿਤਾ ਛਪੀ ਸੀ ਤੇ ਨਾਲ ਤਸਵੀਰਾਂ ਵੀ। ਲਿਖਦੀ ਤਾਂ ਉਹ ਹਿੰਦੀ ’ਚ ਐ ਪਰ ਇੱਕ ਦੋ ਨਜ਼ਮਾਂ ਪੰਜਾਬੀ ’ਚ ਵੀ ਨੇ। ਪੰਜਾਬੀ ਦੇ ਦਿਲਫੈਂਕ ਲੇਖਕਾਂ ਦੀਆਂ ਵੀਹ-ਪੱਚੀ ਚਿੱਠੀਆਂ ਆਈਆਂ ਉਸ ਨੂੰ, ਮੈਨੂੰ ਇੱਕ ਵੀ ਨਹੀਂ ਪਾਈ ਕਿਸੇ ਭੜੂਏ ਨੇ। ਆਹ ਹੈ ‘ਕੁਮਿੱਟਮੈਂਟ’ ਪੰਜਾਬੀ ਲੇਖਕਾਂ ਦੀ’ ਕੰਬੋਜ ਦੀਆਂ ਲਟ ਲਟ ਬਲਦੀ ਮਸ਼ਾਲ ਵਰਗੀਆਂ ਗੱਲਾਂ ’ਚ ਖੁੱਭਣ ਕਰ ਕੇ ਇਉਂ ਜਾਪਿਆ ਜਿਵੇਂ ਘੰਟਿਆਂ ਦਾ ਸਫ਼ਰ ਪਲਾਂ ’ਚ ਮੁੱਕ ਗਿਆ ਹੋਵੇ। ਪੱਧਰੀ ਸੜਕ ਉਤੇ ਮੁਰਗਾਈ ਵਾਂਗ ਤਰਦੀ ਜਾਂਦੀ ਕਾਰ ਅਤੇ ਏ. ਸੀ. ਦੀ ਠੰਡਕ, ਕੀ ਔਖਾ ਸੀ ਸਫ਼ਰ?

ਘਰ ਕੋਲ ਆ ਕੇ ਕਾਰ ਵਿਚੋਂ ਬਾਹਰ ਨਿਕਲੇ ਤਾਂ ਤੱਤੀ ਹਵਾ ਦਾ ਬੁੱਲਾ ਅੱਗੋਂ ਧੱਫੇ ਵਾਂਗ ਵੱਜਿਆ, ਜਿਵੇਂ ਜੇਠ-ਹਾੜ੍ਹ ਦੇ ਮਹੀਨੇ ਰਾਜਸਥਾਨ ਦੇ ਟਿੱਬਿਆਂ ਵਿਚਕਾਰ ਆ ਖੜ੍ਹੇ ਹੋਈਏ। ਸੱਚਮੁੱਚ ਇਹ ਇਲਾਕਾ ਅਮਰੀਕਾ ਦਾ ਮਾਰੂਥਲ (ਡੈਜ਼ਰਟ) ਹੀ ਅਖਵਾਉਂਦਾ ਹੈ। ਪਰ ਡਾਲਰਾਂ ਦੀ ਬਰਕਤ ਨੇ ਜੰਗਲ ’ਚ ਮੰਗਲ ਕਰ ਰੱਖਿਆ ਸੀ। ਰਾਹ ਵਿੱਚ ਵੀ ਸੜਕ ਦੁਆਲੇ ਵੱਡੇ ਵੱਡੇ ਗੋਲਫ਼ ਦੇ ਮੈਦਾਨ ਦਿਸਦੇ ਆਏ ਸਨ, ਜਿਹੜੇ ਟਿੱਬਿਆਂ ਉਤੇ ਹਰੇ-ਕਚੂਰ ਘਾਹ ਦੀਆਂ ਵਿਛੀਆਂ ਚਾਦਰਾਂ ਵਾਂਗ ਲਗਦੇ ਸਨ। ਜਦੋਂ ਕੰਬੋਜ ਨੇ ਦੱਸਿਆ ਸੀ ਕਿ ਇਹ ਇਲਾਕਾ ਟੂਰਿਸਟ ਪਲੇਸ ਹੈ ਤਾਂ ਮੈਨੂੰ ਅਚੰਭਾ ਹੋਇਆ ਸੀ। ਪਰ ਇਹ ਗੱਲ ਠੀਕ ਸੀ ਕਿ ਜਦ ਕੈਨੇਡਾ-ਅਮਰੀਕਾ ਦੇ ਬਰਫ਼ੀਲੇ ਇਲਾਕਿਆਂ ਵਿੱਚ ਕੜਾਕੇ ਦੀ ਠੰਡ ਪੈਂਦੀ ਹੈ ਤਾਂ ਇਥੇ ਬਹਾਰ ਵਰਗਾ ਮੌਸਮ ਹੁੰਦਾ ਹੈ, ਨਿੱਘਾ ਨਿੱਘਾ। ਉਦੋਂ ਐਕਟਰਾਂ, ਨੇਤਾਵਾਂ ਅਤੇ ਅਮੀਰ ਵਪਾਰੀਆਂ ਦਾ ਇਹ ਮਨ-ਭਾਉਂਦਾ ਇਲਾਕਾ ਬਣ ਜਾਂਦਾ ਹੈ, ਖੁੱਲ੍ਹਾ-ਡੁੱਲ੍ਹਾ ਅਤੇ ਸ਼ਹਿਰੀ ਭੱਜ-ਨੱਠ ਤੋਂ ਮੁਕਤ। ਜਿਵੇਂ ਸਾਡੇ ਅਮੀਰ ਠੰਡ ਵਾਸਤੇ ਕਸੌਲੀ, ਮਸੂਰੀ ਜਾਂ ਚੰਬੇ ਵੱਲ ਇੱਕ ਵਾਧੂ ਬੰਗਲਾ ਬਣਾ ਰਖਦੇ ਹਨ, ਉਵੇਂ ਇਥੇ ਨਿੱਘ ਵਾਸਤੇ ਬਣਾਉਂਦੇ ਹਨ। ਅਮਰੀਕਾ ਦੇ ਇੱਕ ਸਾਬਕਾ ਰਾਸ਼ਟਰਪਤੀ ਦਾ ਘਰ ਵੀ ਇਥੇ ਵੇਖਿਆ।

ਬਾਹਰ ਭਾਵੇਂ ਭੱਠ ਤਪ ਰਿਹਾ ਸੀ ਪਰ ਏ. ਸੀ. ਹੋਣ ਕਰਕੇ ਘਰ ਅੰਦਰੋਂ ਠੰਡਾ-ਠਾਰ ਪਿਆ ਸੀ। ਘਰ ਦੇ ਸਾਰੇ ਜੀਅ ਐਤਵਾਰ ਕਰਕੇ ਟਹਿਕ ਰਹੇ ਸਨ। ਉਹ ਐਨੇ ਤਿਹੁ ਨਾਲ ਮਿਲੇ ਕਿ ਉਨ੍ਹਾਂ ਦੇ ਸੀਨਿਆਂ ’ਚ ਧੜਕਦੇ ਪੰਜਾਬੀ-ਦਿਲ ਦਾ ਅਹਿਸਾਸ ਮੈਨੂੰ ਬੜੀ ਸ਼ਿੱਦਤ ਨਾਲ ਹੋਇਆ। ਉਹ ਪਹਿਲਾਂ ਹੀ ਸਾਡੀ ਉਡੀਕ ਵਿੱਚ ਖਾਣਾ ਤਿਆਰ ਕਰਕੇ ਬੈਠੇ ਸਨ। ਭਾਂਤ-ਸੁਭਾਂਤੇ ਪਕਵਾਨਾਂ ਨਾਲ

Academy of the Punjab in North America: http://www.apnaorg.com

ਵੱਡਾ ਮੇਜ਼ ਇਉਂ ਭਰ ਦਿੱਤਾ ਗਿਆ, ਜਿਵੇਂ ਜੰਨ ਨੇ ਰੋਟੀ ਖਾਣੀ ਹੋਵੇ, ਪਰ ਇਹ ਤਾਂ 'ਰੁਟੀਨ' ਸੀ ਇਥੋਂ ਦਾ। ਇਸੇ ਕਰਕੇ ਬਚਦਿਆਂ-ਬਚਾਉਂਦਿਆਂ ਵੀ ਗੋਗੜ ਕੁੱਝ ਨਾ ਕੁੱਝ ਲਮਕ ਹੀ ਜਾਂਦੀ ਹੈ ਅਮਰੀਕਾ ਵਿਚ।

ਸੂਰਜ ਢਲੇ ਕੁੱਝ ਦਿਨ ਠਰਿਆ ਤਾਂ ਮੈਂ ਅਤੇ ਕੰਬੋਜ ਆਲੇ-ਦੁਆਲੇ ਦੀ ਝਾਤ ਪਾਉਣ ਲਈ ਕਾਰ ਲੈ ਕੇ ਨਿਕਲ ਤੁਰੇ। ਨੇੜੇ ਨੇੜੇ ਵਸੇ ਨਿੱਕੇ ਨਿੱਕੇ ਸ਼ਹਿਰਾਂ ਵਿਚੋਂ ਲੰਘਦੀ ਸੜਕ ਪਾਮ-ਸਪਰਿੰਗ ਵੱਲ ਵੱਲ ਜਾ ਨਿਕਲਦੀ ਸੀ। ਸੜਕ ਦੇ ਪਾਸੀਂ ਖਜੂਰਾਂ ਹੀ ਖਜੂਰਾਂ ਸਨ। ਕੇਵਲ ਖ਼ੂਬਸੂਰਤੀ ਲਈ ਬਾਂਝ (ਪਾਮ) ਅਤੇ ਫਲਾਂ ਲਈ ਫਲੀਆਂ-ਫੁੱਲੀਆਂ (ਡੇਟਸ) ਖਜੂਰਾਂ। ਸੜਕ ਤੋਂ ਹਟਵੇਂ ਖਜੂਰਾਂ ਦੇ ਵੱਡੇ ਵੱਡੇ ਬਾਗ ਵੀ ਦਿਸਦੇ ਸਨ। ਇਸ ਇਲਾਕੇ ਦੀ ਆਮਦਨ ਦਾ ਵੱਡਾ ਵਸੀਲਾ ਇਹ ਖਜੂਰਾਂ ਹੀ ਹਨ। ਮਸ਼ੀਨ ਨਾਲ ਗਿਟਕ ਰਹਿਤ ਕਰਕੇ ਅਤੇ ਛੁਹਾਰਿਆਂ ਵਾਂਗ ਇਕੱਲਾ ਇਕੱਲਾ ਦਾਣਾ ਸਾਫ਼ ਕਰਕੇ ਜਦੋਂ ਇਹ ਬਾਜ਼ਾਰ 'ਚ ਲਿਆਂਦੀਆਂ ਜਾਂਦੀਆਂ ਹਨ ਤਾਂ ਗਾਹਕਾਂ ਨੂੰ ਵਾਜਾਂ ਮਾਰਦੀਆਂ ਲੱਗਦੀਆਂ ਹਨ, 'ਆ-ਜਾ ਕਰਮਾਂ ਵਾਲਿਆ, ਮੇਵਾ ਛੱਡ ਕੇ ਨਹੀਂ ਜਾਈਦਾ।' ਸਾਡੀਆਂ ਗੁੜ੍ਹ-ਗੁੰਨ੍ਹੀਆਂ ਜਾਪਦੀਆਂ ਖਜੂਰਾਂ ਨਾਲੋਂ ਉਨ੍ਹਾਂ ਖਜੂਰਾਂ ਦਾ ਸੁਆਦ ਵੀ ਵਧੇਰੇ ਜ਼ਾਇਕੇ ਵਾਲਾ ਹੁੰਦਾ ਹੈ।

ਦੂਰੋਂ ਟਿੱਬਿਆਂ ਵਾਂਗ ਦਿਸਦੇ ਪਹਾੜ ਰੇਤਲੇ ਨਹੀਂ, ਸਗੋਂ ਕੁੱਝ ਸਖ਼ਤ ਹਨ। ਮਾਰੂਥਲਾਂ ਵਾਲੀ ਖ਼ੂਬਸੂਰਤੀ ਤਾਂ ਚਾਰੇ ਪਾਸੇ ਦਿਸਦੀ ਸੀ ਪਰ ਥਲਾਂ ਵਾਲੀ ਖੁਸ਼ਕੀ ਅਤੇ ਵੀਰਾਨੀ ਕਿਧਰੇ ਨਹੀਂ ਸੀ। ਪਾਣੀ ਦੇ ਫੁਹਾਰਿਆਂ ਦੀ ਬਹੁਤਾਤ ਹੋਣ ਕਰਕੇ ਸੜਕਾਂ ਦੁਆਲੇ ਹਰਾ-ਭਰਾ ਘਾਹ ਵੀ ਸੀ ਅਤੇ ਵੱਡੇ ਵੱਡੇ ਗੌਲਫ਼ ਦੇ ਮੈਦਾਨ ਵੀ। ਅਮਰੀਕਾ ਵਿੱਚ ਇਹ ਗੱਲ ਬਹੁਤ ਪ੍ਰਭਾਵਿਤ ਕਰਦੀ ਹੈ ਕਿ ਇਲਾਕਾ ਭਾਵੇਂ ਬਰਫ਼ੀਲਾ ਹੋਵੇ ਜਾਂ ਰੇਗਸਤਾਨੀ, ਸ਼ਹਿਰੀ ਹੋਵੇ ਜਾਂ ਪੇਂਡੂ, ਸੁੱਖ-ਸਹੂਲਤਾਂ ਵਿੱਚ ਕੋਈ ਫ਼ਰਕ ਨਹੀਂ।

ਹੁਣ ਲੋਹੜੇ ਦੀ ਗਰਮੀ ਹੋਣ ਕਰਕੇ ਟੂਰਿਸਟਾਂ ਦਾ 'ਔਫ਼ ਸੀਜ਼ਨ' ਸੀ। ਬੰਗਲੇ ਖਾਲੀ ਪਏ ਸਨ ਅਤੇ ਹੋਟਲਾਂ-ਰੈਸਟੋਰੈਂਟਾਂ ਵਿੱਚ ਭਾਂ-ਭਾਂ ਹੋ ਰਹੀ ਸੀ। ਸੀਜ਼ਨ ਵਿੱਚ ਇਥੇ ਤਿਲ ਸਿੱਟਣ ਨੂੰ ਥਾਂ ਨਹੀਂ ਮਿਲਦੀ। ਮੈਂ ਕਲਪਨਾ ਰਾਹੀਂ ਉਸ ਚਹਿਲ-ਪਹਿਲ ਨੂੰ ਵੇਖਣ ਦਾ ਯਤਨ ਕੀਤਾ।

ਸੂਰਜ ਨੀਵਾਂ ਹੁੰਦਾ ਹੁੰਦਾ ਟਿੱਬਿਆਂ ਦੀ ਓਟ ਵਿੱਚ ਜਾ ਲੁਕਿਆ ਸੀ। ਸੰਧੂਰੀ ਧੁੱਪ ਨਾਲ ਟਿੱਬਿਆਂ ਦੀਆਂ ਟੀਸੀਆਂ ਕੇਸਰੀ ਭਾਅ ਮਾਰ ਰਹੀਆਂ ਸਨ। ਬੜਾ ਦਿਲਕਸ਼ ਨਜ਼ਾਰਾ ਸੀ। ਮਾਰੂਥਲ ਦਾ ਸੁਹਜ ਕਈ ਵਾਰ ਪਹਾੜਾਂ ਦੀ ਖ਼ੂਬਸੂਰਤੀ ਨੂੰ ਵੀ ਮਾਤ ਪਾਉਂਦਾ ਜਾਪਦਾ ਸੀ।

Academy of the Punjab in North America: http://www.apnaorg.com

ਘਰ ਮੁੜੇ ਤਾਂ ਦਹਿਲੀਜ਼ੋਂ ਅੰਦਰ ਪੈਰ ਰਖਦਿਆਂ ਹੀ ਮੁਸੱਰਤ ਨਜ਼ੀਰ ਦੇ ਪੰਜਾਬੀ ਗੀਤ 'ਪਿੱਛੇ ਪਿੱਛੇ ਆਉਂਦਾ ਮੇਰੀ ਪੈੜ ਵਿੰਹਦਾ ਆਈਂ ... ' ਦੀ ਧੁੰਨ ਕੰਨਾਂ 'ਚ ਪਈ। ਕੰਬੋਜ ਹੋਰਾਂ ਦੀ ਪੰਜ ਕੁ ਸਾਲਾਂ ਦੀ ਲਾਡਲੀ ਧੀ ਲਾਬੀ ਵਿੱਚ ਡਾਂਸ 'ਚ ਮੁਗਧ ਸੀ। ਉਸ ਦੇ ਹੁਲਾਰੇ ਖਾਂਦੇ ਲੱਕ ਨਾਲ ਲਹਿੰਗਾ ਦਰਿਆ ਦੀਆਂ ਛੱਲਾਂ ਵਾਂਗ ਉੱਛਲ ਰਿਹਾ ਸੀ। ਕੰਬੋਜ ਦੀ ਪੰਦਰਾਂ ਕੁ ਸਾਲ ਦੀ ਭਾਣਜੀ ਉਸ ਨੂੰ ਭਾਰਤੀ ਨ੍ਰਿਤ-ਕਲਾ ਅਨੁਸਾਰ ਸਟੈੱਪ ਲੈਣੇ ਸਿਖਾ ਰਹੀ ਸੀ। ਸਾਰਾ ਟੱਬਰ ਉਨ੍ਹਾਂ ਦਾ ਦਰਸ਼ਕ ਸੀ। ਕਦੇ ਉਹ ਹਿੰਦੀ ਗੀਤ 'ਅੱਖੀਆਂ ਚੁਰਾਊਂ ਕਬੀ ਅੱਖੀਆਂ ਮਿਲਾਊਂ ... ' ਚਲਾ ਲੈਂਦੀਆਂ ਅਤੇ ਕਦੇ ਪੰਜਾਬੀ 'ਨੀਂ ਤੇਰਾ ਲਾਲ ਗਰਾਰਾ।' ਮੈਨੂੰ ਇਹ ਗੱਲ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰਦੀ ਰਹੀ ਕਿ ਅਮਰੀਕੀ ਪੌਪ ਕਲਚਰ ਦੇ 'ਅੰਜਨ' ਵਿੱਚ ਵੀ 'ਨਿਰਅੰਜਨ' ਰਹਿਣ ਦੀ 'ਜੋਗ ਜੁਗਤਿ' ਉਨ੍ਹਾਂ ਪਾ ਲਈ ਸੀ। ਕੰਬੋਜ ਦੇ ਕਾਲਜ ਪੜ੍ਹਦੇ ਦੋਵੇਂ ਬੇਟੇ ਵੀ ਅਮਰੀਕੀ 'ਸਕਿੱਲ' ਅਤੇ ਸਿਸ਼ਟਾਚਾਰ ਦੇ ਢੁਕਵੇਂ ਸੁਮੇਲ ਨਾਲ ਵਿਕਾਸ ਕਰ ਰਹੇ ਸਨ। ਅਮਰੀਕੀ 'ਨਿੱਜਵਾਦ' ਨੂੰ ਉਨ੍ਹਾਂ ਨੇ ਲੋੜ ਅਨੁਸਾਰ ਹੀ ਗ੍ਰਹਿਣ ਕੀਤਾ ਸੀ। ਮੈਂ ਕੰਬੋਜ ਨੂੰ ਹਾਸੇ ਨਾਲ ਕਿਹਾ, 'ਕਾਮਰੇਡ ਸੰਸਾਰ ਵਿੱਚ ਨਹੀਂ ਤਾਂ ਘੱਟੋ-ਘੱਟ ਤੁਹਾਡੇ ਘਰ ਵਿੱਚ ਤਾਂ ਸਮਾਜਵਾਦ ਆ ਹੀ ਗਿਆ ਹੈ।' ਇਹ ਗੱਲ ਸੱਚ ਵੀ ਸੀ। ਇਸ ਘਰ ਵਿੱਚ ਸਭ ਦੇ ਹੱਕ ਬਰਾਬਰ ਸਨ ਅਤੇ ਕੰਮ ਵੀ ਵਿਤ ਮੂਜ਼ਬ ਹਰੇਕ ਨੂੰ ਕਰਨਾ ਪੈਂਦਾ ਸੀ।

ਦੂਜੇ ਦਿਨ ਰੱਖੜੀ ਸੀ। ਕੰਬੋਜ ਹੋਰਾਂ ਦੀ ਲਾਡਲੀ ਧੀ ਪੂਰੀ ਸੱਜ-ਧੱਜ ਨਾਲ ਆਪਣੇ ਵੀਰਾਂ ਦੇ ਗੁੱਟਾਂ ਉਤੇ ਰੱਖੜੀ ਸਜਾਉਣ ਲਈ ਚਾਅ ਵਿੱਚ ਸੀ। ਕੰਬੋਜ ਦੀ ਧਰਮ ਭੈਣ ਬਣੀ ਇੱਕ ਮੇਮ ਵਿਸ਼ੇਸ਼ ਤੌਰ ਤੇ ਰੱਖੜੀ ਬੰਨ੍ਹਣ ਆਈ। ਉਸ ਨੇ ਸਾਰੀਆਂ ਰਸਮਾਂ ਕੀਤੀਆਂ। ਉਸ ਨੂੰ ਇਹ ਘਾਟ ਮਹਿਸੂਸ ਹੁੰਦੀ ਸੀ ਕਿ ਅਮਰੀਕੀ ਸਮਾਜ ਵਿੱਚ ਭੈਣ ਅਤੇ ਭਰਾ ਦੇ ਪਕੀਜ਼ਗੀ ਵਾਲੇ ਰਿਸ਼ਤੇ ਨੂੰ ਇਉਂ ਵਡਿਆਉਣ ਵਾਲਾ ਕੋਈ ਵੀ ਤਿਉਹਾਰ ਨਹੀਂ ਸੀ। ਉਹ ਕਹਿੰਦੀ, 'ਸ਼ਾਇਦ ਅਜਿਹੀਆਂ ਗੱਲਾਂ ਕਰਕੇ ਹੀ ਅਮਰੀਕਾ 'ਚ ਘਣੇ ਪਰਿਵਾਰਕ ਰਿਸ਼ਤਿਆਂ ਦੀ ਨੀਂਹ ਖੋਖਲੀ ਹੋ ਚੁੱਕੀ ਹੈ, ਮੈਨੂੰ ਭਾਰਤੀ ਸਭਿਆਚਾਰ ਦੇ ਇਹ ਪੱਖ ਬਹੁਤ ਟੁੰਬਦੇ ਹਨ।' ਕੰਬੋਜ ਦੇ ਮੱਥੇ ਉਤੇ ਤਿਲਕ ਲਾਉਂਦਿਆਂ ਉਹ ਸੱਚਮੁੱਚ ਭਾਵੁਕ ਹੋ ਗਈ। ਉਸ ਨੇ ਕੰਬੋਜ ਨੂੰ ਪੂਰੀ ਸ਼ਿੱਦਤ ਨਾਲ ਘੁੱਟ ਕੇ ਪਿਆਰ ਦਿੱਤਾ। ਕੰਬੋਜ ਹੱਸ ਕੇ ਕਹਿਣ ਲੱਗਾ, 'ਅਮਰੀਕਾ 'ਚ ਭੈਣਾਂ ਨੂੰ ਤਾਂ ਕਿਸੇ ਸੁਰੱਖਿਆ ਦੀ ਲੋੜ ਪੈਂਦੀ ਨਹੀਂ, ਹਾਂ ਇਹ ਬੈਂਕ-ਅਫ਼ਸਰ ਭੈਣ ਮੇਰੀ ਆਰਥਿਕ ਸੁਰੱਖਿਆ ਲਈ ਮੱਦਦਗਾਰ ਜ਼ਰੂਰ ਹੁੰਦੀ ਹੈ।'

ਕੰਬੋਜ ਨੇ ਭੈਣ ਨੂੰ ਸ਼ਗਨ ਦਿੱਤਾ, ਨਵਦੀਪ ਨੇ ਅਮਰੀਕਨ ਨਨਾਣ ਨੂੰ ਸੂਟ ਦੇ ਕੇ ਖੀਰ-ਕੜਾਹ ਦੀ ਰੋਟੀ ਵੀ ਵਰਜੀ। ਕਿਪਲਿੰਗ ਨੇ ਭਾਵੇਂ ਗੂੜ੍ਹੀ ਲਕੀਰ ਖਿਚਦਿਆਂ ਕਿਹਾ ਸੀ ਕਿ ਪੱਛਮ ਪੱਛਮ ਹੈ ਅਤੇ ਪੂਰਬ ਪੂਰਬ, ਇਹ ਇੱਕ ਬਿੰਦੂ ਉਤੇ ਕਦੇ ਇਕੱਠੇ ਨਹੀਂ ਹੋ ਸਕਦੇ, ਪਰ ਮੇਰੀਆਂ ਅੱਖਾਂ ਸਾਹਵੇਂ ਪੱਛਮ ਅਤੇ ਪੂਰਬ ਇਉਂ ਭੈਣ-ਭਰਾ ਬਣ ਕੇ ਮਿਲ ਰਹੇ ਸਨ ਕਿ ਉਨ੍ਹਾਂ ਦੀ ਗਲਵਕੜੀ ਵਿੱਚ ਰਿਸ਼ਮ ਜਿੰਨੀ ਵਿਰਲ ਨਹੀਂ ਸੀ।

ਮੂਲ ਵਾਸੀਆਂ ਨਾਲ ਨਿੱਘੀ ਸਾਂਝ ਪਾ ਕੇ ਪਰਵਾਸੀ ਪੰਜਾਬੀ ਉਸ ਧਰਤੀ ਨਾਲ ਅਪਣੱਤ ਦਾ ਰਿਸ਼ਤਾ ਸੰਘਣਾ ਕਰ ਸਕਦੇ ਹਨ। ਕੰਬੋਜ-ਪਰਿਵਾਰ ਦਾ ਯਤਨ ਮੈਨੂੰ ਵਧੀਆ ਲੱਗਿਆ। ਇੰਡੀਓ ’ਚ ਪੰਜਾਬੀ ਪਰਿਵਾਰ ਤਾਂ ਆਟੇ ’ਚ ਲੂਣ ਬਰਾਬਰ ਹੀ ਹਨ ਅਤੇ ਪੰਜਾਬੀ ਲੇਖਕ ਇਕੱਲਾ ਕੰਬੋਜ ਹੀ ਹੈ। ਜ਼ਿੰਦਗੀ ਸਮਤੋਲ ਵਾਲੀ ਹੋਣ ਕਰ ਕੇ ਹੀ ਕੰਬੋਜ ਪਰਿਵਾਰ ਬਹੁਤੀਆਂ ਹੇਰਵੇ ਦੀਆਂ ਗੱਲਾਂ ਨਹੀਂ ਕਰਦਾ, ਉਨ੍ਹਾਂ ਦੀ ਕਰਮ-ਭੂਮੀ ਹੁਣ ਉਹੀ ਹੈ। ਉਨ੍ਹਾਂ ਨੇ ਆਪਣੇ ਘਰ ਵਿੱਚ ਹੀ ਨਿੱਕਾ ਜਿਹਾ ਪੰਜਾਬ ਵਸਾਇਆ ਹੋਇਆ ਹੈ।

ਮੇਰਾ ਮਨ ਕਰਦਾ ਸੀ ਆਪਣੇ ਇਸ ‘ਸੁਪਨਿਆਂ ਦੇ ਪੰਜਾਬ’ ਵਿੱਚ ਕੁੱਝ ਦਿਨ ਹੋਰ ਰਹਾਂ ਪਰ ਅਜੇ ਤਾਂ ਅਮਰੀਕਾ ਘੁੰਮਣ ਦੀ ਸੇਰ ਵਿਚੋਂ ਪੂਣੀ ਵੀ ਨਹੀਂ ਸੀ ਕੱਤੀ ਅਤੇ ਦਿਨ ਖੰਭ ਲਾ ਕੇ ਉਡਦੇ ਜਾ ਰਹੇ ਸਨ। ਸੋ ਮੈਂ ਛੇਤੀ ਤੋਂ ਛੇਤੀ ਫਰਿਜ਼ਨੋ ਵੱਲ ਵਹੀਰ ਘੱਤਣੀ ਚਾਹੁੰਦਾ ਸਾਂ।

## ਪਰਵੇਜ਼ ਦੀ ਫਰਿਜ਼ਨੋ

ਉਸ ਦੀ ਤਾਂ ਕੋਈ ਉੱਘ-ਸੁੱਘ ਹੀ ਨਹੀਂ ਸੀ। ਕਿੱਥੇ ਚਲੀ ਗਈ ਸੀ ਉਹ? ਮੈਂ ਵਾਰ ਵਾਰ ਉਸ ਦੇ ਆਪਣੇ ਹੱਥਾਂ ਨਾਲ ਲਿਖੀ ਚਿੱਠੀ ਖੋਹਲਦਾ ਅਤੇ ਫਰਿਜ਼ਨੋ ਦਾ ਸਾਫ਼ ਲਿਖਿਆ ਸਿਰਨਾਵਾਂ ਵੇਖਦਾ। ਇਸੇ ਪਤੇ ਉਤੇ ਮੈਂ ਚਿੱਠੀ ਪਾ ਕੇ ਉਸ ਬਾਰੇ ਜਾਨਣਾ ਚਾਹਿਆ ਸੀ ਪਰ ਕੋਈ ਜਵਾਬ ਨਹੀਂ ਸੀ ਮਿਲਿਆ। ਫੋਨ ਰੀਡਾਇਲ ਕਰ ਕਰ ਹੰਭ ਗਿਆ ਸਾਂ। ਜੇ ਨੰਬਰ ਸਹੀ ਹੋਵੇ ਤਾਂ ਅਮਰੀਕਾ ਵਿੱਚ ਦੂਜੀ ਵਾਰ ਨੰਬਰ ਮਿਲਾਉਣਾ ਹੀ ਨਹੀਂ ਪੈਂਦਾ। ਉਥੇ ਤਾਂ ਨੰਬਰ ਵੀ ਸਾਡੇ ਮੁਲਕ ਵਾਂਗ ਆਏ ਦਿਨ ਤਬਦੀਲ ਨਹੀਂ ਹੁੰਦੇ। ਫਿਰ ਕੀ ਭਾਣਾ ਵਰਤ ਗਿਆ ਸੀ? ਕਿਥੇ ਸ਼ਿਪਨ ਹੋ ਗਈ ਸੀ ਕਹਾਣੀਕਾਰ ਪਰਵੇਜ਼ ਸੰਧੂ?

Academy of the Punjab in North America: http://www.apnaorg.com

ਉਂਜ ਤਾਂ ਸੁਖਵਿੰਦਰ ਕੰਬੋਜ ਨੇ ਮੇਰੀ ਸਮੱਸਿਆ ਹੱਲ ਕਰ ਦਿੱਤੀ ਸੀ। ਉਸ ਨੇ ਡਾ. ਗੁਰੂਮੇਲ ਸਿੱਧੂ ਅਤੇ ਹਰਜਿੰਦਰ ਕੰਗ ਨਾਲ ਸੰਪਰਕ ਕੀਤਾ ਅਤੇ ਮੈਨੂੰ ਫਰਿਜ਼ਨੋ ਲਈ ਬੱਸ ਵਿੱਚ ਬਿਠਾ ਦਿੱਤਾ। ਮੈਂ ਕੰਗ ਦੇ ਘਰੇ ਪਹੁੰਚ ਗਿਆ। ਕੰਗ ਪੰਜਾਬੀ ਦਾ ਸਥਾਪਿਤ ਨੌਜਵਾਨ ਗ਼ਜ਼ਲਗੋ ਹੈ। 'ਸਵਾਂਤੀ ਬੂੰਦ' ਤੋਂ ਪਿੱਛੋਂ ਆਏ ਗ਼ਜ਼ਲ ਸੰਗ੍ਰਹਿ 'ਠੀਕਰੀ ਪਹਿਰਾ' ਨਾਲ ਉਹ ਇੱਕ ਦਮ ਪ੍ਰੋਢ ਗ਼ਜ਼ਲਕਾਰਾਂ ਵਿੱਚ ਆਨ ਖੜੋਤਾ ਹੈ। ਉਹ ਡਾਕ-ਵੰਡਣ ਦੀ ਨੌਕਰੀ ਦੇ ਨਾਲ ਨਾਲ ਸਥਾਨਕ ਰੇਡੀਓ ਕੇਂਦਰ ਵਾਸਤੇ ਪੰਜਾਬੀ ਪ੍ਰੋਗਰਾਮ ਵੀ ਤਿਆਰ ਕਰਦਾ ਹੈ।

'ਪਰਵੇਜ਼ ਸੰਧੂ ਛੱਡ ਗਈ ਐ ਫਰਿਜ਼ਨੋ?' ਮੈਂ ਮਿਲਦਿਆਂ ਹੀ ਉਤਸੁਕਤਾ ਵੱਸ ਪੁੱਛਿਆ।

'ਨਹੀਂ ਤਾਂ' ਆਪਣੇ ਰਿਜ਼ਰਵ ਸੁਭਾਅ ਮੁਤਾਬਕ ਕੰਗ ਮੁੱਲ ਦਾ ਹੀ ਬੋਲਿਆ।

'ਉਸ ਦਾ ਫੋਨ ਨੰਬਰ ਕੀ ਐ?'

'ਟੂ ਬੀ ਵੈਰੀ ਫਰੈਂਕ ਫੋਨ ਨੰਬਰ ਤਾਂ ਮੇਰੇ ਕੋਲ ਹੈ ਪਰ ਉਸ ਨੇ ਅੱਗੇ ਦੇਣ ਤੋਂ ਮਨ੍ਹਾ ਕੀਤਾ ਹੈ।'

'ਫਿਰ ਉਸ ਨਾਲ ਦੁਆ-ਸਲਾਮ ਕਿਵੇਂ ਹੁੰਦੀ ਐ?' ਮੇਰੀ ਵਧਦੀ ਜਗਿਆਸਾ ਵੇਖ ਕੇ ਕੰਗ ਨੇ ਸਹਿਜ ਨਾਲ ਸਾਰਾ ਪ੍ਰੋਸੀਜ਼ਰ (ਵਿਧੀ-ਵਿਧਾਨ) ਸਮਝਾਇਆ ਕਿ ਪਹਿਲਾਂ ਆਪ ਫੋਨ ਕਰਕੇ ਪੁੱਛੇਗਾ ਕਿ ਉਹ ਧਾਲੀਵਾਲ ਨਾਂ ਦੇ ਬੰਦੇ ਨੂੰ ਮਿਲਣਾ ਵੀ ਚਾਹੁੰਦੀ ਹੈ ਕਿ ਨਹੀਂ। ਜੇ ਹਾਂ ਕਹੀ ਤਾਂ ਉਸ ਦੇ ਮੁਤਾਬਕ ਸਮਾਂ ਅਤੇ ਸਥਾਨ ਨਿਸਚਤ ਕੀਤੇ ਜਾਣਗੇ। ਕੰਗ, ਪਰਵੇਜ਼ ਦਾ 'ਕਜ਼ਨ' ਸੀ ਅਤੇ ਨਾਲ ਨਾਲ 'ਨਿੱਜੀ ਸਕੱਤਰ' ਵਰਗਾ ਫਰਜ਼ ਨਿਭਾ ਰਿਹਾ ਸੀ। ਉਸ ਨੇ ਉਹਲੇ ਜਾ ਕੇ ਫੋਨ ਕੀਤਾ ਅਤੇ ਆ ਕੇ ਸੁਨੇਹਾ ਦੇ ਦਿੱਤਾ ਕਿ 'ਧਾਲੀਵਾਲ ਸਾਹਿਬ ਨੂੰ ਮੇਰੀ ਸਤਿ ਸ੍ਰੀ ਅਕਾਲ ਕਹਿ ਦੇਣਾ, ਮਿਲਣਾ ਮੁਸ਼ਕਲ ਹੈ।'

ਮੈਂ ਤਾਂ ਸੋਚਿਆ ਸੀ ਕਿ ਮੇਰਾ ਨਾਂ ਸੁਣਦਿਆਂ ਹੀ ਉਹ ਮਿਲਣ ਲਈ ਭੱਜੀ ਆਏਗੀ, ਪਰ ਉਸ ਨੇ ਤਾਂ ਕੋਰਾ ਜਵਾਬ ਦੇ ਦਿੱਤਾ ਸੀ। ਕੀ ਉਹ ਮਿਲਣਾ ਪਸੰਦ ਨਹੀਂ ਕਰਦੀ ਸੀ ਜਾਂ ਕੋਈ ਹੋਰ ਮਜਬੂਰੀ ਸੀ? ਇਹ ਬੁਝਾਰਤ ਅਣਬੁੱਝੀ ਪਈ ਸੀ। ਫਰਿਜ਼ਨੋ ਵਿੱਚ ਪਰਵੇਜ਼ ਦਾ ਨਾ ਮਿਲਣਾ ਮੈਨੂੰ ਇਉਂ ਜਾਪ ਰਿਹਾ ਸੀ ਜਿਵੇਂ ਕੋਈ ਪੰਡਤ ਬਿਨਾਂ ਗੰਗਾ-ਇਸ਼ਨਾਨ ਕੀਤੇ ਹਰਦੁਆਰੋਂ ਹੋ ਆਵੇ। ਮੈਂ ਉਸ ਦੀ ਚਿੱਠੀ ਇੱਕ ਵਾਰ ਫੇਰ ਪੜ੍ਹੀ ਜਿਸ ਵਿੱਚ ਉਸ ਨੇ ਮੇਰੇ ਕਹਾਣੀ-ਸੰਗ੍ਰਹਿ 'ਓਪਰੀ ਹਵਾ' ਦੀ ਪ੍ਰਸੰਸਾ ਦੇ ਨਾਲ ਨਾਲ ਅਪਣੱਤ ਦਾ ਇਜ਼ਹਾਰ ਕੀਤਾ ਸੀ। ਹਾਲਾਂਕਿ ਮੈਂ ਨਾ ਉਸ ਨੂੰ ਜਾਣਦਾ ਸਾਂ ਅਤੇ ਨਾ ਹੀ ਕਿਤਾਬ ਭੇਜੀ ਸੀ। ਹੁਣ ਕਿਸ ਮਜਬੂਰੀ ਨੇ ਘੇਰ ਲਿਆ ਸੀ ਉਸ ਨੂੰ?

ਮਜਬੂਰੀ? ਅਤੇ ਉਹ ਵੀ ਪਰਵੇਜ਼ ਸੰਧੂ ਨੂੰ? ਉਸ ਨੂੰ ਤਾਂ ਮਜਬੂਰੀਆਂ ਨੂੰ ਲਤਾੜ ਕੇ ਲੰਘ ਜਾਣ ਵਾਲੇ 'ਜ਼ਿੰਦਗੀ ਦੇ ਮਿਰਜ਼ੇ' ਪਸੰਦ ਸਨ। ਲਕੀਰ ਮੈਗਜ਼ੀਨ 'ਚ ਸ਼ਸ਼ੀ ਸਮੁੰਦਰਾ ਅਤੇ ਗੁੱਡੀ ਸਿੱਧੂ ਨਾਲ ਚਰਚਾ ਕਰਦਿਆਂ ਤਾਂ ਉਸ ਨੇ ਇਉਂ ਹੀ ਆਪਣੇ ਬਾਰੇ ਦੱਸਿਆ ਸੀ। ਉਸ ਲੇਖਣੀ 'ਚੋਂ ਤਾਂ ਉਸ ਦਾ ਬਿੰਬ ਬੜੀ ਧੜੱਲੇਦਾਰ ਮਝੈਲਣ ਦਾ ਉਭਰਿਆ ਸੀ। ਕੋਈ ਮਜਬੂਰੀ ਉਸ ਦਾ ਰਾਹ ਵਲ ਕੇ ਕਿਵੇਂ ਖੜ੍ਹ ਸਕਦੀ ਸੀ? ਨਾਲੇ ਅਮਰੀਕਾ ਤਾਂ ਮਜਬੂਰੀਆਂ ਭੋਗਣ ਦਾ ਦੇਸ਼ ਹੀ ਨਹੀਂ ਸੀ। ਜ਼ਰੂਰ ਕੋਈ ਟੇਢਾ ਮਾਮਲਾ ਸੀ ਪਰ ਉਸ ਦਾ ਕਜ਼ਨ ਕੰਗ ਤਾਂ ਬੜਾ ਸਖ਼ਤ ਭੇਤੀ ਸੀ ਜੋ ਇਹ ਧਾਰੀ ਬੈਠਾ ਸੀ ਕਿ 'ਵਾਰਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ'।

ਇਸ ਰਹੱਸ ਦਾ ਤੰਬੂ ਅਜੇ ਤਣਿਆ ਹੋਇਆ ਸੀ ਕਿ ਐਤਵਾਰ ਆ ਗਿਆ। ਮੈਨੂੰ ਡਾ. ਗੁਰੂਮੇਲ ਸਿੱਧੂ ਆਪਣੇ ਘਰ ਲੈ ਗਿਆ ਜਿੱਥੇ ਸਾਹਿਤਕਾਰਾਂ ਦੀ ਮੀਟਿੰਗ ਰੱਖੀ ਸੀ। ਡਾ. ਸਿੱਧੂ ਫਰਿਜ਼ਨੋ ਦੀ ਯੂਨੀਵਰਸਿਟੀ ਵਿੱਚ ਜੈਨੇਟਿਕਸ ਦਾ ਪ੍ਰੋਫੈਸਰ ਹੈ ਅਤੇ ਆਧੁਨਿਕ ਪੰਜਾਬੀ ਕਵਿਤਾ ਦਾ ਸਥਾਪਿਤ ਨਾਂ।

ਮੀਟਿੰਗ ਸ਼ੁਰੂ ਹੋਈ। ਜਾਣ-ਪਛਾਣ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਬੈੱਲ ਹੋਈ। ਡਾ. ਸਿੱਧੂ ਅਜੇ ਸੋਫ਼ੇ ਤੋਂ ਉਠਿਆ ਹੀ ਸੀ ਕਿ ਇੱਕ ਲਿਸ਼ਕੀ-ਪੁਸ਼ਕੀ ਜ਼ਨਾਨੀ ਡਰਾਇੰਗ ਰੂਮ ਵੱਲ ਆਉਂਦੀ ਦਿੱਸੀ। ਵੇਖ ਕੇ ਕਿਸੇ ਸ਼ਾਇਰ ਦੀ ਇਹ ਸਤਰ ਦਿਮਾਗ 'ਚ ਕੌਂਧ ਗਈ 'ਕਾਲੀ ਰਾਤ ਅੰਦਰ ਗੋਰਾ ਮੂੰਹ ਉਸ ਦਾ, ਜਿਵੇਂ ਬੱਗ ਹੋਵੇ ਕੋਈ ਡੱਲ ਉਤੇ।' ਕਾਲੀ ਲਹਿੰਗਾ-ਨੁਮਾ ਸ਼ੀਸ਼ਿਆਂ ਵਾਲੀ ਫ਼ਰਾਕ ਵਿੱਚ ਝਮ ਝਮ ਕਰਦੀ ਪਰਵੇਜ਼ ਸੰਧੂ ਸਾਹਮਣੇ ਖੜ੍ਹੀ ਸੀ, ਡਾ. ਸਿੱਧੂ ਦੀ ਬਗਲ ਵਿਚ। ਉਸ ਦੇ ਕੰਨਾਂ ਵਿੱਚ ਝੁਮਕੇ ਪੈਂਡੂਲਮ ਵਾਂਗ ਹਿੱਲ ਰਹੇ ਸਨ। ਦਰਮਿਆਨਾ ਕੱਦ, ਖੁੱਲ੍ਹੇ ਸੰਵਰੇ ਵਾਲ, ਨਸ਼ਈ ਅੱਖਾਂ ਅਤੇ ਪਤਲੇ ਹੱਥ, ਖ਼ੂਬਸੂਰਤੀ ਦੀ ਸਾਖ਼ਸ਼ਾਤ ਮਲਿਕਾ। ਉਸ ਦੇ ਨਾਲ ਖੜ੍ਹਾ ਉਸ ਤੋਂ ਵੀ ਉੱਚਾ ਮੁੰਡਾ, ਦੱਸੇ ਤੋਂ ਵੀ ਸੱਚ ਨਾ ਆਇਆ ਕਿ ਪਰਵੇਜ਼ ਉਸ ਮੁੰਡੇ ਦੀ ਮਾਂ ਸੀ। ਮੇਰੇ ਸਾਹਮਣੇ ਸੋਫ਼ੇ ਉਤੇ ਬੈਠਦਿਆਂ ਉਸ ਨੇ ਦੋਵੇਂ ਹੱਥ ਜੋੜ ਕੇ ਸਕੂਲ ਦੇ ਬੱਚਿਆਂ ਵਾਂਗ ਸਤਿ ਸ੍ਰੀ ਅਕਾਲ ਕਹੀ ਅਤੇ ਇੱਕ ਅੱਧ ਰਸਮੀ ਜਿਹੀ ਗੱਲ ਕੀਤੀ। ਮੈਂ ਜਾਣ-ਬੁੱਝ ਕੇ ਉਸ ਨੂੰ ਕੁੱਝ ਜਿੱਚ ਕਰਨ ਵਾਸਤੇ ਆਪਣੇ ਨਾਲ ਬੈਠੇ ਹਰਜਿੰਦਰ ਕੰਗ ਨੂੰ ਉੱਚੀ ਅਵਾਜ਼ 'ਚ ਪੁੱਛਿਆ।

'ਇਹ ਮੈਡਮ ਕੌਣ ਨੇ?'

'ਪਰਵੇਜ਼ ਹੋਰੀਂ ਨੇ।'

Academy of the Punjab in North America: http://www.apnaorg.com

'ਹੱਛਾ' ਮੈਂ ਇਉਂ ਸਰਸਰੀ ਜਿਹੇ ਕਿਹਾ ਜਿਵੇਂ ਮੈਂ ਪਰਵੇਜ਼ ਨੂੰ ਕੁੱਝ ਨਾ ਸਮਝਦਾ ਹੋਵਾਂ। ਮੈਂ ਆਪਣੀ ਤੌਹੀਨ ਦਾ ਬਦਲਾ ਲੈਣ ਲਈ ਕੁੱਝ ਚਿਰ ਹੋਰ ਆਕੜ ਕਾਇਮ ਰੱਖਣੀ ਚਾਹੁੰਦਾ ਸਾਂ ਕਿ ਉਹ ਉੱਠ ਖੜ੍ਹੀ ਹੋਈ। 'ਐਕਸਕਿਊਜ਼ ਮੀ' ਕਹਿ ਕੇ ਡਾ. ਸਿੱਧੂ ਦੇ ਕੰਨ 'ਚ ਕੁੱਝ ਕਿਹਾ ਅਤੇ 'ਫਤਹਿ' ਬੁਲਾ ਕੇ ਤੁਰ ਗਈ, ਇੱਕ ਝਲਕ ਦੇ ਕੇ ਜਿਵੇਂ ਮੁਰਗਾਬੀ ਚੁੱਭੀ ਮਾਰ ਜਾਂਦੀ ਹੈ। ਪਿੱਛੇ ਰਹਿ ਗਏ ਸਿਰਫ ਕਵੀ ਅਤੇ ਕਵਿਤਾਵਾਂ। ਮੈਂ ਆਪਣੇ ਸਾਹਿਤਕ ਸਫ਼ਰ ਦੀ ਦਾਸਤਾਨ ਬੇਦਿਲੀ ਨਾਲ ਸੁਣਾਈ। ਮੇਰੀ ਬੇਦਿਲੀ ਡਾ. ਸਿੱਧੂ ਨੇ ਪਕੜ ਲਈ। ਇਸ ਨਾਲ ਉਸ ਨੂੰ ਸ਼ਾਮ ਦੀ ਚਰਚਾ ਲਈ ਇੱਕ ਵਿਸ਼ਾ ਸੁੱਝ ਗਿਆ 'ਪੰਜਾਬੀ ਦੇ ਹਿਰਸੀ ਲੇਖਕ ਅਤੇ ਰੰਨਾਂ'। ਸ਼ਾਮ ਢਲੇ ਅਸੀਂ ਦੋਵੇਂ ਘਰ ਦੇ ਖੁੱਲ੍ਹੇ ਲਾਅਨ ਵਿੱਚ ਬਾਰ-ਬੀ-ਕਿਊ ਕੀਤਾ ਮੁਰਗਾ ਖਾ ਰਹੇ ਅਤੇ ਵੋਦਕਾ ਪੀ ਰਹੇ ਸਾਂ ਤਾਂ ਡਾ. ਸਿੱਧੂ ਨੇ ਹੱਥ ਆਏ ਨਵੇਂ ਵਿਸ਼ੇ ਦੇ ਤਵੇ ਉਤੇ ਸੂਈ ਰੱਖ ਦਿੱਤੀ। 'ਪੰਜਾਬੀ ਲੇਖਕਾਂ ਦਾ ਸਾਹਿਤ-ਸੂਹਤ ਨਾਲ ਕੋਈ ਮਤਲਬ ਨਹੀਂ, ਸਭ ਰੰਨਾਂ ਦੇ ਚਾਸਤੂ ਐ। ਆਲੋਚਕ ਰੰਨਾਂ ਨੂੰ ਖੁਸ਼ ਕਰਨ ਲਈ ਕਸੀਦੇ ਪੜ੍ਹਦੇ ਐ। ਭਾਵੇਂ ਉਹਨੇ ਅਜੇ ਡੂੜ ਕਵਿਤਾ ਜਾਂ ਕਹਾਣੀ ਹੀ ਲਿਖੀ ਹੋਵੇ, ਫੂਕ ਦੇ ਕੇ ਅਸਮਾਨ ਉਤੇ ਚੜ੍ਹਾ ਦਿੰਦੇ ਐ। ਅਜਿਹੇ ਆਲੋਚਕਾਂ ਵਿੱਚ ਗੁਰਬਚਨ ਸਭ ਤੋਂ ਵਿਗੜਿਆ ਹੋਇਐ। ਸਭ ਐਥੇ ਆ ਕੇ ਵੀ ਪਹਿਲਾਂ ਸ਼ਸ਼ੀ ਸਮੁੰਦਰਾ ਤੇ ਪਰਵੇਜ਼ ਬਾਰੇ ਪੁਛਦੇ ਐ। ਜਦੋਂ ਉਹ ਮੂੰਹ ਨੀਂ ਲਾਉਂਦੀਆਂ ਤਾਂ ਫੇਰ ਗੁਰੂਮੇਲ ਸਿੱਧੂ ਹੋਰੀਂ ਦਿਸਦੇ ਐ। ਮੈਂ ਅੱਜ ਕੱਲ੍ਹ ਇੱਕ ਲੇਖ ਲਿਖ ਰਿਹਾਂ 'ਰੰਨਾਂ ਦੇ ਵਿਆਖਿਆਕਾਰ'। ਉਸ 'ਚ ਤੇਰੇ ਨੂਰ-ਸੂਰ ਸਭ ਵਲ੍ਹੇਟ ਦੇਣੇ ਐਂ।'

'ਲੇਖ ਦੇ ਅੰਤ ਜਿਹੇ ਉਤੇ ਮੇਰਾ ਜ਼ਿਕਰ ਵੀ ਕਰ ਦੇਣਾ, ਮੈਂ ਵੀਨਾ ਵਰਮਾ ਦੀ 'ਮੁੱਲ ਦੀ ਤੀਵੀਂ' ਬਾਰੇ ਲੇਖ ਲਿਖਿਆ ਸੀ' ਮੈਂ ਹਾਸੇ ਦੇ ਰਉਂ 'ਚ ਆਖਿਆ।

'ਹਾਂ ... ਹਾਂ, ਤੈਨੂੰ ਕਿਹੜਾ ਬਖਸ਼ੂੰਗਾ ਬੱਚੂ, ਘੜੀਸੂੰਗਾ ਵਿਚੇ ਈ।' ਉਸ ਦਾ ਜੱਟ-ਹਾਸਾ ਬੱਦਲ ਵਾਂਗ ਗਰਜਿਆ। ਡਾ. ਸਿੱਧੂ ਖਿਝ ਰਿਹਾ ਸੀ। ਉਸ ਨੂੰ ਜਾਪਦਾ ਸੀ ਕਿ ਪੰਜਾਬੀ ਆਲੋਚਕਾਂ ਨੇ ਉਸ ਦੀ ਕਵਿਤਾ ਦਾ ਬਣਦਾ ਨੋਟਿਸ ਨਹੀਂ ਲਿਆ ਕਿਉਂਕਿ ਉਹ ਮਰਦ ਸੀ।

ਨਿੰਮੀ ਰੋਸ਼ਨੀ ਵਾਲੇ ਵਿਹੜੇ ਵਿੱਚ ਰੱਖੇ ਬਾਰ-ਬੀ-ਕਿਊ ਕਰਨ ਵਾਲੇ ਉੱਚੇ ਮਸ਼ੀਨੀ-ਤੰਦੂਰ 'ਚ ਪਏ ਕੋਲੇ ਦਗ ਰਹੇ ਸਨ। ਉਨ੍ਹਾਂ ਨਾਲ ਡਾ. ਸਿੱਧੂ ਦੇ ਚਿਹਰੇ ਉਤੇ ਲਹੂ-ਰੰਗੀ ਭਾਹ ਮਾਰਦਾ ਸੇਕ ਪਸਰਿਆ ਪਿਆ ਸੀ। ਲੂੰਹਦੇ ਸੇਕ ਨਾਲ ਪੋਰਕ (ਸੂਰ) ਦੇ ਟੁਕੜੇ ਚਿਰੜ-ਚਿਰੜ ਦੀ ਆਵਾਜ਼ ਪੈਦਾ ਕਰ ਰਹੇ ਸਨ। ਸੜਦੀ ਚਰਬੀ ਨਾਲ ਉਠਦੇ ਧੂੰਏਂ ਦੇ ਵਰੋਲੇ ਅੱਖਾਂ 'ਚ ਕੌੜਾਪਣ ਭਰ ਰਹੇ ਸਨ। ਪੰਜਾਬੀ ਸਾਹਿਤ ਦੀ ਰਾਜਨੀਤੀ ਦੀ ਚਰਚਾ ਸਾਡੇਅੰਦਰੀਂ ਕੁੜੱਤਣ ਘੋਲ ਰਹੀ ਸੀ। ਡਾ.

ਸਿੱਧੂ ਅਜੇ ਬੋਲ ਰਿਹਾ ਸੀ 'ਆਹ ਪੰਜਾਬੀ ਮੈਗਜ਼ੀਨਾਂ ਦੇ ਸੰਪਾਦਕਾਂ ਦਾ ਵੀ ਇਕੋ ਹੀ ਉਦੇਸ਼ ਰਹਿ ਗਿਆ, ਕੁੜੀਆਂ ਫਾਹੁਣੀਆਂ। ਤੂੰ ਅਕਸ ਦਾ 'ਨਵੀਂ ਪੰਜਾਬੀ ਕਵਿਤਾ ਅੰਕ' ਵੇਖਿਆ ਹੋਣਾ, ਕੁੜੀਆਂ ਨੂੰ ਕਿਵੇਂ ਰੰਗਦਾਰ ਪੰਨਿਆਂ ਉਤੇ ਚਮਕਾਇਐ, ਅਕਸ ਵਾਲਾ ਅਮਰਜੀਤ ਇਥੇ ਆਇਆ ਸੀ। ਮੈਂ ਆਖਿਆ 'ਇਹ ਕੀ ਲੱਛਣ ਫੜ੍ਹੇ ਐ ਤੂੰ'? ਸਭ ਮੰਨ ਪਿਆ ਕਿ ਜਾਣ-ਬੁੱਝ ਕੇ ਕੀਤਾ ਹੈ ਇਹ ਮਾਲ ਫਸਾਉਣ ਲਈ, ਚੰਦੇ ਮੰਗਣ ਵੇਲੇ ਆਖਣਗੇ ਅਸੀਂ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਆਂ। ਕਰਦੇ ਐ ਸੇਵਾ ਵਤਾਊਂ ਦੀ।'

ਰਾਤ ਅੱਧੋਂ ਟੱਪ ਚੁੱਕੀ ਸੀ। ਦੋਧੀਆ ਛੱਲੀਆਂ, ਮੱਛੀ ਅਤੇ ਪੋਰਕ ਖਾ ਖਾ ਢਿੱਡ ਪਾਟਣ ਉਤੇ ਆਇਆ ਪਿਆ ਸੀ। ਡਾ. ਸਿੱਧੂ ਦੇ ਦੋਵੇਂ ਸਾਢੇ ਛੇ ਛੇ ਫੁੱਟੇ ਹੁੰਦੜਹੇਲ ਮੁੰਡੇ ਪੀਜ਼ਾ ਵਗੈਰਾ ਖਾ ਕੇ ਆਪਣੇ 'ਕਮਰੇ ਦੀ ਦੁਨੀਆਂ' ਵਿੱਚ ਮਸਤ ਸਨ।

ਰਾਤ ਨੂੰ ਭਾਵੇਂ ਦੇਰ ਨਾਲ ਸੁੱਤੇ ਪਰ ਫਿਰ ਵੀ ਸਵੇਰੇ ਸੰਦੇਹਾਂ ਉੱਠ ਕੇ ਸਨਫਰਾਂਸਿਸਕੋ ਵੱਲ ਤੁਰ ਪਏ। ਉਥੇ ਨੇੜਲੇ ਸ਼ਹਿਰ ਵਿੱਚ ਚਰਨਜੀਤ ਬਾਠ ਦੇ ਦਿਲ ਦਾ ਵੱਡਾ ਅਪਰੇਸ਼ਨ ਹੋਇਆ ਸੀ। ਫਰਿਜ਼ਨੋ ਦਾ ਬਾਠ ਅੱਠ-ਦਸ ਹਜ਼ਾਰ ਏਕੜ ਦਾ ਮਾਲਕ ਹੈ ਅਤੇ ਅਮਰੀਕਾ ਦੇ ਦੋ ਚਾਰ ਧਨੀ ਪੰਜਾਬੀ ਕਿਸਾਨ-ਪਰਿਵਾਰਾਂ 'ਚੋਂ ਇੱਕ ਹੈ। ਉਹ ਵੀ ਫਰਿਜ਼ਨੋ ਦੇ ਨੇੜੇ ਹੀ ਮਹਿਲ-ਨੁਮਾ ਘਰ ਵਿੱਚ ਰਹਿੰਦਾ ਹੈ। ਘਰ ਵਿੱਚ ਹੀ ਵੱਡੀ ਬਾਰ, ਸਵਿਮਿੰਗ ਪੂਲ ਅਤੇ ਸੁੱਖ-ਸਹੂਲਤਾਂ ਦੇ ਅਨੇਕਾਂ ਸਾਧਨ ਹਨ। ਉਸ ਨਾਲ ਮੁਲਾਕਾਤ ਮਿਲਵਾਕੀ ਕਾਨਫਰੰਸ ਉਤੇ ਹੀ ਹੋਈ ਸੀ। ਕਾਫੀ ਮਿਲਾਪੜਾ ਬੰਦਾ ਸੀ। ਉਸ ਦੇ ਆਮ ਜਿਹੇ ਵਿਜ਼ਟਿੰਗ ਕਾਰਡ ਉਤੇ ਛਪੀਆਂ ਮੂਲੀਆਂ-ਗਾਜਰਾਂ ਦੀਆਂ ਤਸਵੀਰਾਂ ਵੇਖ ਕੇ ਲਗਦਾ ਸੀ ਜਿਵੇਂ ਉਹ ਕੋਈ ਬਹੁਤਾ ਹੀ ਦੇਸੀ ਭਾਈਬੰਦ ਹੋਵੇਗਾ। ਆਪ ਤਾਂ ਨਾਂ ਮਾਤਰ ਹੀ ਪੜ੍ਹਿਆ ਸੀ ਪਰ ਐਸ ਵੇਲੇ ਯੂਨੀਵਰਸਿਟੀਆਂ 'ਚ ਪੜ੍ਹੇ ਵੀ ਉਸ ਦੇ ਅਸ਼ੀਰਵਾਦ ਦੇ ਅਭਿਲਾਸ਼ੀ ਸਨ।

ਜਿਸ ਹਸਪਤਾਲ ਵਿੱਚ ਉਹ ਦਾਖ਼ਲ ਸੀ ਉਹ ਫ਼ਾਈਵ ਸਟਾਰ ਹੋਟਲ ਵਰਗਾ ਸੀ, ਖੁੱਲ੍ਹਾ-ਡੁੱਲ੍ਹਾ ਅਤੇ ਆਲੀਸ਼ਾਨ। ਸਾਡੇ ਹਸਪਤਾਲਾਂ ਵਾਂਗ ਮਰੀਜ਼ ਕਮਰਿਆਂ 'ਚ ਤੂੜੇ ਜਾਂ ਸੜਕਾਂ ਕਿਨਾਰੇ ਰੁਲਦੇ ਨਜ਼ਰ ਨਹੀਂ ਸਨ ਆਉਂਦੇ। ਮਰੀਜ਼ਾਂ ਦੀ ਸੰਭਾਲ ਦਾ ਕੋਈ ਅੰਤ ਨਹੀਂ ਸੀ। ਇਥੇ ਮਰੀਜ਼ ਦੇ ਅਪਰੇਸ਼ਨ ਸਮੇਂ ਵੀਡੀਓ ਫ਼ਿਲਮ ਬਣਾਈ ਜਾਂਦੀ ਹੈ। ਜੇ ਉਸ ਰਾਹੀਂ ਬਾਅਦ ਵਿੱਚ ਵੀ ਡਾਕਟਰ ਦੀ ਕੋਈ ਅਣਗਹਿਲੀ ਨਜ਼ਰ ਆ ਜਾਵੇ ਤਾਂ ਮਰੀਜ਼ ਹਰਜਾਨੇ ਦਾ ਕੇਸ ਕਰ ਸਕਦਾ ਹੈ। ਇਸੇ ਕਰਕੇ

ਮਰੀਜ਼ ਦੇ ਅਪਰੇਸ਼ਨ ਸਮੇਂ ਢਿੱਡ ਵਿੱਚ ਕੈਂਚੀ, ਤੌਲੀਆ ਜਾਂ ਸੂਈ ਭੁੱਲ ਜਾਣ ਵਰਗੀ ਘਟਨਾ ਕਦੇ ਨਹੀਂ ਵਾਪਰੀ।

ਹਸਪਤਾਲੋਂ ਮੁੜਦੇ ਅਸੀਂ ਸਨਫਰਾਂਸਿਸਕੋ ਦਾ ਮਸ਼ਹੂਰ ਗੋਲਡਨ ਬਰਿੱਜ ਵੇਖਣ ਲਈ ਰੁਕ ਗਏ। ਇਹ ਦਰਿਆ ਉਤੇ ਬਣਿਆਂ ਲਗਪਗ ਚਾਰ ਮੀਲ ਲੰਮਾ ਵੱਡਾ ਪੁਲ ਹੈ ਜਿਹੜਾ ਲੋਹੇ ਦੀਆਂ ਬੁਰਜੀਆਂ ਅਤੇ ਲਾਸਾਂ ਨਾਲ ਮਜ਼ਬੂਤ ਕੀਤਾ ਗਿਆ ਹੈ, ਆਧੁਨਿਕ ਤਕਨਾਲੋਜੀ ਦਾ ਉਤਮ ਨਮੂਨਾ। ਦਰਿਆ ਦੇ ਇੱਕ ਕੰਢੇ ਸਨਫਰਾਂਸਿਸਕੋ ਵਸਿਆ ਹੋਇਆ ਹੈ ਅਤੇ ਦੂਜੇ ਪਾਸੇ ਉੱਚੇ ਖ਼ੂਬਸੂਰਤ ਪਹਾੜ ਹਨ। ਦਰਿਆ ਦੇ ਵਿਚਕਾਰ ਇੱਕ ਜੇਲ੍ਹ ਬਣੀਂ ਹੈ। ਸਾਡੇ ਕਾਲੇ ਪਾਣੀ ਦੀ ਸਜ਼ਾਂ ਵਾਂਗੂੰ ਇਥੇ ਸਭ ਤੋਂ ਖਤਰਨਾਕ ਕੈਦੀ ਰੱਖੇ ਜਾਂਦੇ ਹਨ। ਦਰਿਆ ਦੇ ਉਤੋਂ ਪੁਲ ਰਾਹੀਂ ਲੰਘਿਆ ਜਾ ਸਕਦਾ ਹੈ ਤਾਂ ਦੂਜੇ ਪਾਸੇ ਸੜਕ ਦਰਿਆ ਦੇ ਹੇਠੋਂ ਵੀ ਲੰਘਦੀ ਹੈ।

ਸਨਫਰਾਂਸਿਸਕੋ ਤੋਂ ਫਰਿਜਨੋ ਤੱਕ ਦਾ ਸਾਰਾ ਪੈਂਡਾ ਅੱਖਾਂ ਨੂੰ ਮੋਹ ਲੈਣ ਵਾਲੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ। ਗੋਲ-ਗੋਲ ਢਲਵੇਂ ਪਹਾੜਾਂ ਉਤੇ ਸੁੱਕਿਆ ਘਾਹ ਸੂਰਜ ਨਾਲ ਇਉਂ ਲਿਸ਼ਕਦਾ ਹੈ ਕਿ ਪਹਾੜ ਸੋਨੇ ਦੇ ਜਾਪਦੇ ਹਨ। ਪਹਾੜਾਂ ਉਤੇ ਬਾਗ ਲੱਗੇ ਦਿਸਦੇ ਹਨ ਜਿਨ੍ਹਾਂ ਉਤੇ ਪਾਣੀ ਤਰੌਂਕਦੇ ਫ਼ੁਹਾਰੇ ਬੜੇ ਚੰਗੇ ਲਗਦੇ ਹਨ। ਫਰਿਜ਼ਨੋ ਦੇ ਨੇੜੇ ਦਾ ਇਲਾਕਾ ਮੈਦਾਨੀ ਹੈ, ਜਿਥੇ ਫਲਾਂ, ਸਬਜ਼ੀਆਂ ਅਤੇ ਅਨਾਜ ਦੀ ਕਾਸ਼ਤ ਬਹੁਤ ਹੁੰਦੀ ਹੈ। ਉਸ ਵੇਲੇ ਅੰਗੂਰਾਂ ਦੇ ਸੈਂਕੜੇ ਏਕੜਾਂ ਦੇ ਬਾਗ ਫਲਾਂ ਨਾਲ ਲੱਦੇ ਪਏ ਸਨ। ਕਿਤੇ ਕਿਤੇ ਮਧਰੀ ਕਿਸਮ ਦੇ ਖਿੜੇ ਨਰਮੇ ਦੀ ਚਿੱਟੀ ਚਾਦਰ ਧਰਤੀ ਉਤੇ ਵਿੱਛੀ ਨਜ਼ਰ ਆਉਂਦੀ ਸੀ। ਸ਼ਿਕਾਗੋ ਵਿੱਚ ਕਣਕ ਦੀ ਵਢਾਈ ਹੋ ਰਹੀ ਸੀ ਅਤੇ ਫਰਿਜ਼ਨੋ ਵਿੱਚ ਬਿਜਾਈ। ਗਾਵਾਂ, ਭੇਡਾਂ ਅਤੇ ਸੂਰਾਂ ਦੇ ਵੱਡੇ ਵੱਡੇ ਫਾਰਮ ਅਤੇ ਮੁਰਗੀਖ਼ਾਨੇ ਵੱਡੀ ਮਾਤਰਾ ਵਿੱਚ ਸਨ। ਖਾਧ-ਖੁਰਾਕ ਦਾ ਦੇਵਤਾ ਇਸ ਇਲਾਕੇ ਉਤੇ ਪੂਰਾ ਮਿਹਰਬਾਨ ਹੈ। 'ਇਥੋਂ ਦੀ ਖੇਤੀ, ਐਗਰੀ-ਇੰਡਸਟਰੀ ਅਤੇ ਪਸ਼ੂ-ਪਾਲਣ ਬਾਰੇ ਜਾਣ ਕੇ ਪੰਜਾਬੀ ਨਵੇਂ ਪੰਜਾਬ ਦੀ ਸਿਰਜਣਾ ਵੱਲ ਪੁਲਾਂਘ ਪੁੱਟ ਸਕਦੇ ਨੇ, ਸਰਕਾਰ ਤੁਹਾਡੀ ਸੁੱਤੀ ਪਈ ਹੈ ਅਤੇ ਪੰਜਾਬ ਦੇ ਬੁੱਧੀਜੀਵੀ ਦੋ ਰੰਨਾਂ ਵੇਖ ਕੇ ਸਮਝਦੇ ਨੇ ਕਿ ਕੈਲੇਫੋਰਨੀਆਂ ਵੇਖ ਲਈ।' ਡਾ. ਸਿੱਧੂ ਅਜੇ ਵੀ ਸਿਆਲੂ ਬੱਦਲ ਵਾਂਗ ਰੁਕ ਰੁਕ ਕੇ ਨਿਕੰਮੇ ਪੰਜਾਬੀ 'ਚਿੰਤਕਾਂ' ਉਤੇ ਵਰ੍ਹ ਰਿਹਾ ਸੀ।

ਰੰਨਾਂ ਵਾਲੇ ਵਿਸ਼ੇ ਨੂੰ ਇਸ ਕਦਰ ਚਿੱਥ ਕੇ ਡਾ. ਸਿੱਧੂ ਆਪਣੇ ਪੈਰੀਂ ਆਪ ਕੁਹਾੜਾ ਮਾਰ ਬੈਠਾ। ਹੁਣ ਉਸ ਨੂੰ ਆਪਣਾ 'ਬ੍ਰਹਮਚਾਰੀ' ਵਾਲਾ ਬਿੰਬ ਕੱਚ ਦੇ ਸਮਾਨ ਵਾਂਗ ਸਾਂਭ ਸਾਂਭ ਰੱਖਣਾ ਪੈਣਾ ਸੀ। ਜੇ 'ਰੰਨ ਦਾ ਕਿੱਸਾ' ਛੇੜਨ ਲਈ ਮਨ ਬਹੁਤ ਹੀ ਉਬਲਦਾ ਤਾਂ ਉਸ ਨੂੰ ਨਾਲ ਹੀ ਭੈਣ

Academy of the Punjab in North America: http://www.apnaorg.com

ਜਾਂ ਧੀ ਵਰਗੇ ਵਿਸ਼ੇਸ਼ਣਾ ਦੀ ਲੋੜ ਪੈਂਦੀ। ਸੋ ਧੀਆਂ-ਭੈਣਾਂ ਦੀ ਸੂਚੀ ਬਹੁਤ ਲੰਮੀ ਹੁੰਦੀ ਜਾ ਰਹੀ ਸੀ। ਜਦੋਂ ਭੁਪਿੰਦਰ ਪ੍ਰੀਤ ਸਨਫਰਾਂਸਿਸਕੋ ਤੋਂ ਫਰਿਜ਼ਨੋ ਡਾ. ਸਿੱਧੂ ਦੇ ਘਰ ਪਹੁੰਚੀ ਤਾਂ ਨੇਮ ਅਨੁਸਾਰ ਉਸ ਨੂੰ ਛੋਟੀ ਭੈਣ ਬਣਾ ਲਿਆ ਗਿਆ। ਉਮਰ ਦੇ ਹਿਸਾਬ ਨਾਲ ਉਹ ਧੀ ਵੀ ਬਣ ਸਕਦੀ ਸੀ। ਡਾ. ਸਿੱਧੂ ਆਪਣੇ ਇਸ ਮਿਸ਼ਨ ਵਿੱਚ ਸਫ਼ਲ ਵੀ ਹੋ ਰਿਹਾ ਸੀ। ਅਜੇ ਕੁੱਝ ਦਿਨ ਪਹਿਲਾਂ ਹੀ ਪੰਜਾਬੀ ਕਵਿਤਰੀ ਅਮਰ ਜਿਓਤੀ ਨੀਦਰਲੈਂਡ ਤੋਂ ਸ਼ਸ਼ੀ ਸਮੁੰਦਰਾ ਨੂੰ ਮਿਲਣ ਆਈ ਸੀ। ਸ਼ਸ਼ੀ ਦਾ ਠੰਡਾ ਹੁੰਘਾਰਾ ਵੇਖ ਕੇ ਉਹ ਡਾ. ਸਿੱਧੂ ਦੇ ਘਰ ਦੋ ਰਾਤਾਂ ਰਹਿ ਕੇ ਵਾਪਸ ਪਰਤ ਗਈ ਸੀ। ਉਸ ਨੂੰ ਡਾ. ਸਿੱਧੂ ਤੋਂ ਕੋਈ ਸ਼ਿਕਾਇਤ ਨਹੀਂ ਸੀ। ਡਾ. ਸਿੱਧੂ ਲਈ ਇਹ ਗੱਲ ਦਸਵੀਂ ਤੋਂ ਬਾਅਦ ਮਿਲਦੇ 'ਕਰੈਕਟਰ ਸਰਟੀਫਿਕੇਟ' ਵਰਗੀ ਸੀ।

ਫਰਿਜ਼ਨੋ ਦੀਆਂ ਔਰਤ ਲੇਖਕਾਵਾਂ ਨੂੰ ਮਿਲਣ ਦੇ ਮੇਰੇ ਤਜ਼ਰਬੇ ਦਾ ਭੁਪਿੰਦਰ ਪ੍ਰੀਤ ਉਤੇ ਇਹ ਅਸਰ ਪਿਆ ਕਿ ਉਸ ਨੇ ਉਨ੍ਹਾਂ ਨੂੰ ਮਿਲਣ ਦਾ ਖ਼ਿਆਲ ਹੀ ਦਿਮਾਗ 'ਚੋਂ ਕੱਢ ਦਿੱਤਾ। ਹਰਜਿੰਦਰ ਕੰਗ ਦਾ ਫੋਨ ਆਇਆ ਕਿ ਪਰਵੇਜ਼ ਸੰਧੂ, ਪ੍ਰੀਤ ਨੂੰ ਇੱਕ ਰਾਤ ਆਪਣੇ ਘਰ ਰੱਖਣਾ ਚਾਹੁੰਦੀ ਹੈ। ਉਸ ਨੇ ਪ੍ਰੀਤ ਨੂੰ ਪਰਵੇਜ਼ ਦੇ ਘਰ ਛੱਡ ਆਉਣ ਦੀ ਹਾਮੀ ਵੀ ਭਰੀ। ਪ੍ਰੀਤ ਨੇ ਚਿੱਟਾ ਦੁੱਧ ਵਰਗਾ ਜਵਾਬ ਦੇ ਦਿੱਤਾ।

'ਹੱਦ ਹੋ ਗਈ, ਪਰਵੇਜ਼ ਮੈਨੂੰ ਸਿੱਧਾ ਆਪ ਫੋਨ ਨਹੀਂ ਕਰ ਸਕਦੀ, ਐਹੋ ਜਿਹਾ ਕੁੱਝ ਤਾਂ ਪੰਜਾਬ ਵਿੱਚ ਵੀ ਨਹੀਂ, ਮੇਰੇ ਘਰ ਤਾਂ ਖੁੱਲ੍ਹੇਆਮ ਲੇਖਕ-ਲੇਖਕਾਵਾਂ ਆਉਂਦੇ ਨੇ, ਕਦੇ ਮਲਕੀਤ (ਪ੍ਰੀਤ ਦਾ ਪਤੀ) ਨੇ ਪਹਿਰਾ ਨੀਂ ਲਾਇਆ ਕੋਈ, ਕਾਹਦੀਆਂ ਅਮਰੀਕਾ 'ਚ ਰਹਿੰਦੀਆਂ ਨੇ ਇਹ, ਅਜੇ ਦਕੀਆਨੂਸੀ ਗੱਲਾਂ 'ਚੋਂ ਬਾਹਰ ਨਹੀਂ ਨਿਕਲੀਆਂ, ਮੈਂ ਨਹੀਂ ਮਿਲਣਾ ਇਹਨਾਂ ਨੂੰ।' ਭੁਪਿੰਦਰ ਪ੍ਰੀਤ ਡਾ. ਸਿੱਧੂ ਕੋਲ ਉਬਲੇ ਦੁੱਧ ਵਾਂਗ ਕਿਨਾਰਿਆਂ ਤੋਂ ਬਾਹਰ ਵਗ ਰਹੀ ਸੀ। ਗੁੱਸੇ ਵਿੱਚ ਉਸ ਨੇ ਪੰਜਾਬੀ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੂੰ ਫੋਨ ਕੀਤਾ, 'ਹੈਲੋ ... ਜੇਜੀ, ਪ੍ਰੀਤ ਬੋਲਦੀ ਆਂ ਫਰਿਜ਼ਨੋ ਤੋਂ, ਆਹ ਵੇਖ-ਲੀਆਂ ਤੇਰੀਆਂ ਸਹੇਲੀਆਂ ਵੀ, ਕਹਿੰਦਾ ਸੀ ਅਖੇ ਆਪਣੇ ਲਕੀਰ ਗਰੁੱਪ ਦੀਆਂ ਨੇ, ਜ਼ਰੂਰ ਮਿਲ ਕੇ ਆਈਂ, ਤੂੰ ਵੀ ਫਰਿਜ਼ਨੋ ਆ ਕੇ ਲੈ-ਲੀਂ ਪਰਸ਼ਾਦ, ਤੇਰੀਆਂ ਸਹੇਲੀਆਂ-ਸਹੇਲੇ-ਸਭ ਦਾ ਹੀਜ-ਪਿਆਜ ਵੇਖ ਲਿਆ ... ਜੱਦ੍ਹਾ ਲਕੀਰ ਗਰੁੱਪ ਦਾ ... '

'ਚਲੋ ਛੱਡੋ ਇਹ ਗਰੁੱਪਬਾਜ਼ੀ ਅਤੇ ਤਿਆਰ ਹੋਵੋ, ਤੁਹਾਨੂੰ ਇੱਕ ਲਿਬਰਲ ਵਿਅਕਤੀ ਡਾ. ਗੁਰਚਰਨ ਸਿੰਘ ਨੂੰ ਮਿਲਾਵਾਂ।' ਡਾ. ਸਿੱਧੂ ਨੇ ਪਹਿਲਾਂ ਤਹਿ ਕੀਤੇ ਪ੍ਰੋਗਰਾਮ ਅਨੁਸਾਰ ਐਲਾਨ ਕੀਤਾ।

Academy of the Punjab in North America: http://www.apnaorg.com

'ਕੌਣ ਨੇ ਏਹ ਡਾਕਟਰ ਸਾਹਿਬ?' ਮੈਂ ਪੁੱਛਿਆ।

'ਭੈਣ ਜੀ ਗੁੱਡੀ ਸਿੱਧੂ ਦੇ ਹਸਬੈਂਡ' ਡਾ. ਸਿੱਧੂ ਨੇ ਭੈਣ-ਭਰਾ ਦੇ ਰਿਸ਼ਤੇ ਵਾਲੇ 'ਨੇਮ' ਨੂੰ ਧਿਆਨ 'ਚ ਰਖਦਿਆਂ ਦੱਸਿਆ।

ਅੱਧੀ ਜੱਕੋ-ਤੱਕੀ ਵਿੱਚ ਤੁਰ ਤਾਂ ਪਏ ਪਰ ਮਨ ਵਿੱਚ ਵਾਰ ਵਾਰ ਇਹੀ ਆ ਰਿਹਾ ਸੀ ਕਿ ਕਿਤੇ ਗੁੱਡੀ ਸਿੱਧੂ ਵੀ ਸ਼ਸ਼ੀ ਤੇ ਪਰਵੇਜ਼ ਵਾਲੀ ਨਾ ਕਰੇ। ਮੈਂ ਉਸ ਬਾਰੇ ਐਨਾ ਕੁ ਜਾਣਦਾ ਸਾਂ ਕਿ ਉਸ ਨੇ ਦੋ ਚਾਰ ਕਹਾਣੀਆਂ ਲਿਖੀਆਂ ਸਨ। ਲਕੀਰ ਵਿੱਚ ਛਪੀ ਬਹਿਸ 'ਚ ਉਹ ਸ਼ਸ਼ੀ ਤੇ ਪਰਵੇਜ਼ ਨਾਲ ਸ਼ਾਮਿਲ ਸੀ। ਉਹ ਪੜ੍ਹ ਕੇ ਮੇਰੇ ਮਨ ਵਿੱਚ ਗੁੱਡੀ ਸਿੱਧੂ ਦਾ ਜੋ ਬਿੰਬ ਬਣਿਆ ਸੀ ਉਹ ਇੱਕ ਭਲੀ ਔਰਤ ਦਾ ਹੀ ਸੀ। ਕੋਈ ਚਾਲੀ-ਪੰਤਾਲੀ ਸਾਲਾਂ ਦੀ ਮੋਟੇ ਸਰੀਰ ਦੀ ਥਲਥਲ ਕਰਦੀ ਔਰਤ। ਧਾਰਮਿਕ ਅਕੀਦੇ ਵਾਲੀ ਪੁਰਾਣੇ ਵਿਚਾਰਾਂ ਦੀ, ਘਰ ਦਾ ਰੋਟੀ-ਟੁੱਕ ਦਾ ਕੰਮ ਭੁਗਤਾਉਣ ਪਿੱਛੋਂ ਗੁਟਕਾ ਲੈ ਕੇ ਬੈਠ ਜਾਣ ਵਾਲੀ ਸ਼ਰਧਾਵਾਨ। ਪਰ ਸਾਡੇ ਸਾਹਮਣੇ ਬੈਠੀ ਗੁੱਡੀ ਤਾਂ ਕੋਈ ਹੋਰ ਹੀ ਸੀ ਕੋਈ ਬਾਰਬੀ ਡੌਲ ਜਿਹੀ। ਪਤਲਾ ਛਾਟਵਾਂ ਤੂਤ ਦੀ ਲਗਰ ਵਰਗਾ ਸਰੀਰ, ਸਲੀਕੇ ਨਾਲ ਸੱਜੀ-ਸੰਵਰੀ ਪੰਜਾਬਣ, ਮੜਕਵੀਂ ਮਲਵਈ ਬੋਲਦੀ ਖੁਲ੍ਹੇ-ਡੁੱਲ੍ਹੇ ਵਿਚਾਰਾਂ ਵਾਲੀ ਔਰਤ, ਵਾਈਨ ਦੇ ਗਿਲਾਸ 'ਚੋਂ ਚੁਸਕੀਆਂ ਲੈਂਦੀ। ਅਸੀਂ ਡਾ. ਗੁਰਚਰਨ ਸਿੰਘ ਹੋਰਾਂ ਦੇ ਖ਼ੂਬਸੂਰਤ ਬੰਗਲੇ ਦੇ ਪਿਛਵਾੜੇ ਸਵਿਮਿੰਗ ਪੂਲ ਦੇ ਨੇੜੇ ਬਣੇ ਹਰੇ-ਭਰੇ ਲਾਅਨ ਵਿੱਚ ਬੈਠੇ ਸਾਂ। ਗੁੱਡੀ ਸਿੱਧੂ ਨੂੰ ਉਸ ਦੇ ਦੋ ਬਿੰਬਾਂ ਬਾਰੇ ਦੱਸਿਆ ਤਾਂ ਉਹ ਖਿੜਖਿੜਾ ਕੇ ਹੱਸ ਪਈ 'ਹੱਛਾ! ਪ੍ਰੇਮ ਗੋਰਖੀ ਵੀ ਇਵੇਂ ਕਹਿੰਦਾ ਸੀ, ਇਹ ਕਿਵੇਂ ਹੋ ਗਿਆ? ਸ਼ਾਇਦ ਅਸੀਂ ਡਿਸਕਸ਼ਨਾਂ ਵਿੱਚ ਰੱਖ-ਰਖਾਅ ਨਾਲ ਬੋਲਦੇ ਆਂ, ਤਾਂ ਈ ਉਹ ਗੱਲਾਂ ਹੋਰ ਇਮੇਜ਼ ਬਣਾ ਦਿੰਦੀਆਂ ਨੇ, ਸੱਚੀ ਗੱਲ ਦੱਸਾਂ ਮੇਰੇ ਨਾਲ ਤਾਂ ਕਹਾਣੀ ਲਿਖਣ ਵੇਲੇ ਵੀ ਇਵੇਂ ਹੁੰਦੈ। ਸੱਚ ਕਹਿਣ ਤੋਂ ਸੰਕੋਚ ਹੁੰਦਾ ਹੈ ਅਤੇ ਝੂਠ ਲਿਖਣ ਨਾਲ ਗੱਲ ਨਹੀਂ ਬਣਦੀ, ਮੈਂ ਤਾਂ ਫੇਰ ਲਿਖਦੀ ਹੀ ਨਹੀਂ। ਸਾਹਿਤ ਤਾਂ … ' ਗੱਲ ਮਘ ਰਹੀ ਸੀ ਕਿ ਫੋਨ ਦੀ ਰਿੰਗ ਹੋਈ। ਪਰਵੇਜ਼ ਬੋਲ ਰਹੀ ਸੀ। ਭੁਪਿੰਦਰ ਪ੍ਰੀਤ ਨਾਲ ਗੱਲ ਕਰਨਾ ਚਾਹੁੰਦੀ ਸੀ। ਪ੍ਰੀਤ ਕੋਰਡਲੈਸ ਫੋਨ ਲੈ ਕੇ ਕਮਰੇ 'ਚ ਚਲੀ ਗਈ। ਅਸੀਂ ਗੱਲਾਂ 'ਚ ਰੁੱਝ ਗਏ।

ਗੁੱਡੀ ਸਿੱਧੂ ਬਠਿੰਡੇ ਕੋਲ ਦੀ ਹੈ। ਜਦੋਂ ਡਾ. ਗੁਰਚਰਨ ਸਿੰਘ ਪਟਿਆਲੇ ਐਮ. ਬੀ. ਬੀ. ਐਸ. ਕਰ ਰਿਹਾ ਸੀ ਤਾਂ ਉਹ ਨਰਸਿੰਗ ਦਾ ਕੋਰਸ ਕਰ ਰਹੀ ਸੀ। ਅੱਖਾਂ ਚਾਰ ਹੋਈਆਂ ਅਤੇ ਪਿਆਰ-ਵਿਆਹ ਕਰਵਾ ਕੇ ਉਹ ਅਮਰੀਕਾ ਆ ਗਏ। ਹੁਣ ਉਸ ਪਿਆਰ-ਵਿਆਹ ਦੇ ਮੁੱਢ ਵਿਚੋਂ ਬੱਚਿਆਂ ਦੀਆਂ ਵੱਡੀਆਂ ਵੱਡੀਆਂ ਕੈਲਾਂ ਵੀ ਫੁੱਟ ਚੁੱਕੀਆਂ ਸਨ। ਬੜਾ ਸੁਆਦਲਾ ਜੀਵਨ ਜੀਅ

Academy of the Punjab in North America: http://www.apnaorg.com

ਰਹੇ ਸਨ। ਪਤੀ-ਪਤਨੀ ਦੋਵੇਂ ਹੀ ਸਾਹਿਤ ਪੜ੍ਹਨ ਦੇ ਸ਼ੌਕੀਨ ਸਨ ਅਤੇ ਦੋਸਤਾਂ ਵਾਂਗ ਰਹਿੰਦੇ ਸਨ। ਉਨ੍ਹਾਂ ਦਾ ਗੱਲ ਕਰਨ ਦਾ ਅੰਦਾਜ਼ ਹੀ ਬਹੁਤ ਰੁਮਾਂਟਿਕ ਸੀ। ਜਦੋਂ ਗੁੱਡੀ ਆਖਦੀ, 'ਗੁਰੀ ਕਿੰਨਾ ਚੰਗਾ ਲੱਗਦਾ ਸੀ ਓਦੋਂ ਕੋਲੇ ਰਹਿੰਦਿਆਂ ਵੀ ਇੱਕ ਦੂਜੇ ਨੂੰ ਲੰਮੇ ਲੰਮੇ ਖ਼ਤ ਲਿਖਣਾ' ਤਾਂ ਉਹ ਅੱਖਾਂ ਹੀ ਅੱਖਾਂ ਰਾਹੀਂ ਸਾਰੀ ਦੀ ਸਾਰੀ ਡਾ. ਗੁਰਚਰਨ ਸਿੰਘ ਦੇ ਅੰਦਰ ਉਤਰ ਗਈ ਪ੍ਰਤੀਤ ਹੁੰਦੀ। ਇਹ ਵੇਖ ਕੇ ਮੈਂ ਕਹੇ ਬਿਨਾਂ ਨਾ ਰਹਿ ਸਕਿਆ, 'ਮੈਡਮ ਤੁਹਾਨੂੰ ਵੇਖ ਕੇ ਤਾਂ ਇਉਂ ਲਗਦੈ ਜਿਵੇਂ ਸੱਜਰਾ-ਸੱਜਰਾ ਵਿਆਹ ਹੋਇਆ ਹੋਵੇ ਅਤੇ ਅਜੇ ਹਨੀਮੂਨ ਲਈ ਜਾਣਾ ਹੋਵੇ।'

'ਓਅ, ਰੀ … ਅ … ਲੀ, ਇੱਟਜ਼ ਸਰਪਰਾਈਜ਼ਿੰਗ' ਗੁੱਡੀ ਹੋਰ ਚਹਿਕ ਪਈ।

'ਸਾਡਾ ਮੁੱਢ ਤੋਂ ਹੀ ਇਹ ਹਿਸਾਬ ਰਿਹੈ, ਕਹਿਣ ਤੋਂ ਮੇਰਾ ਮਤਲਬ ਐ, ਅਸੀਂ ਦੋਸਤਾਂ ਵਾਂਗੂੰ ਹੀ ਰਹਿ ਰਹੇ ਆਂ, ਕਹਿਣ ਤੋਂ ਮੇਰਾ ਮਤਲਬ ਐ, ਅਸੀਂ ਇੱਕ ਦੂਜੇ ਉਤੇ ਕੋਈ ਰੋਕਾਂ ਨਹੀਂ ਲਾਉਂਦੇ, ਕਹਿਣ ਤੋਂ …, ਨੱਥਾਂ ਨਹੀਂ ਪਾਉਂਦੇ', ਡਾ. ਗੁਰਚਰਨ ਸਿੰਘ ਨੇ ਵਿਆਹੁਤਾ-ਤਾਜ਼ਗੀ ਦਾ ਰਹੱਸ ਦੱਸਿਆ। ਇਹ ਗੱਲ ਸੱਚੀ ਸੀ। ਗੁੱਡੀ ਸਿੱਧੂ ਨੌਕਰੀ ਨਹੀਂ ਸੀ ਕਰਦੀ। ਗੁਰਦੁਆਰੇ 'ਚ ਬੱਚਿਆਂ ਨੂੰ ਮੁਫ਼ਤ ਪੜ੍ਹਾਉਂਦੀ ਸੀ। ਰੇਡੀਓ ਤੇ ਪੰਜਾਬੀ ਦਾ ਪ੍ਰੋਗਰਾਮ ਪੇਸ਼ ਕਰਦੀ ਸੀ। ਸਭ ਕੁੱਝ ਪੁੰਨ-ਖਾਤੇ ਸੀ ਅਤੇ ਡਾ. ਗੁਰਚਰਨ ਸਿੰਘ ਨੇ ਕਦੇ ਉਸ ਨੂੰ ਹਟਾਉਣ ਦੀ ਜ਼ਿਦ ਨਹੀਂ ਸੀ ਕੀਤੀ।

ਪਰਵੇਜ਼ ਦਾ ਫੋਨ ਸੁਣ ਕੇ ਭੁਪਿੰਦਰ ਤੋਪ ਬਣੀ ਅੰਦਰੋਂ ਨਿਕਲੀ ਅਤੇ ਠਾਹ ਕਰਕੇ ਚੱਲ ਗਈ, 'ਨਿਰਾ ਪਖੰਡ, ਕਹਿੰਦੀ ਮੈਂ ਗੁੱਡੀ ਦੀਦੀ ਦੇ ਘਰ ਆਉਣਾ ਸੀ ਪਰ ਮਜਬੂਰ ਆਂ, ਮੈਂ ਬੜੀ ਲਾਡਲੀ ਪਲੀ ਆਂ, ਸੁੱਖਾਂ ਲੱਧੀ, ਕਦੇ ਇਹ ਕੁੱਝ ਨੀਂ ਵੇਖਿਆ ਸੀ, ਮੈਂ ਬੜੀ ਅੱਪ-ਸੈੱਟ ਆਂ, ਕੋਈ ਮੈਨੂੰ ਮਾਰਨ ਨੂੰ ਫਿਰਦੈ, ਹਸਬੈਂਡ ਤਾਂ ਮੈਨੂੰ ਪੂਰੀ ਖੁੱਲ੍ਹ ਦਿੰਦੈ, ਸਾਡੀ ਬਹੁਤ ਬਣਦੀ ਐ, ਕੀ ਕਰਾਂ ਜੋਇੰਟ ਫੈਮਲੀ 'ਚ ਕਲੇਸ਼ ਐ।'

'ਚਲੋ ਕੋਈ ਮਜਬੂਰੀ ਹੋਵੇਗੀ' ਡਾ. ਗੁਰਚਰਨ ਨੇ ਸਿਆਣਿਆਂ ਵਾਂਗ ਗੱਲ ਹੋਰ ਪਾਸੇ ਜਾਂਦੀ ਵੇਖ ਕੇ ਮੋੜਾ ਦਿੱਤਾ। ਉਹ ਅੰਦਰੋਂ ਐਤਵਾਰ ਦਾ ਪੰਜਾਬੀ ਟ੍ਰਿਬਿਊਨ ਚੱਕ ਲਿਆਇਆ ਜਿਸ ਵਿੱਚ ਵੀਨਾ ਵਰਮਾ ਦੇ ਕਹਾਣੀ-ਸੰਗ੍ਰਹਿ 'ਮੁੱਲ ਦੀ ਤੀਵੀਂ' ਬਾਰੇ ਗੁਰਬਚਨ ਦਾ ਲੇਖ ਛਪਿਆ ਸੀ। ਉਸ ਨੇ ਸੰਸਕ੍ਰਿਤ-ਨੁਮਾ ਸ਼ਬਦਾਵਲੀ ਵਾਲੇ ਕੁੱਝ ਉਲਝੇ ਵਾਕ ਪੜ੍ਹੇ ਜਿਨ੍ਹਾਂ ਵਿਚੋਂ ਕੁੱਝ ਪੱਲੇ ਨਹੀਂ ਸੀ ਪੈਂਦਾ। 'ਕਹਿਣ ਤੋਂ ਮੇਰਾ ਮਤਲਬ ਐ, ਆਮ ਪਾਠਕ ਨੂੰ ਕੀ ਫਾਇਦਾ ਇਹੋ ਜਿਹੀ ਪੰਜਾਬੀ ਦਾ, ਕਹਿਣ ਤੋਂ … ਉਹ ਪੰਜਾਬੀ ਤੋਂ ਦੂਰ ਹੀ ਭੱਜੂਗਾ ਨਾ … ਕਹਿਣ ਤੋਂ … '

'ਸਮਝ ਤਾਂ ਭਾਵੇਂ ਵੀਨਾ ਨੂੰ ਵੀ ਨਾ ਆਵੇ, ਉਹ ਖੁਸ਼ ਹੋ ਜਾਏਗੀ ਕਿ ਮੇਰੇ ਬਾਰੇ ਗੁਰਬਚਨ ਨੇ ਲਿਖਿਐ, ਗੁਰਬਚਨ ਇਸ ਲਈ ਖੁਸ਼ ਹੋਣਾ ਐ ਕਿ ਲੇਖਕਾ ਖੁਸ਼ ਐ' ਡਾ. ਸਿੱਧੂ ਨੇ ਚੁੱਪ ਤੋੜੀ।

Academy of the Punjab in North America: http://www.apnaorg.com

ਰਾਤ ਦੇ ਬਾਰ੍ਹਾਂ ਵਜੇ ਤੱਕ ਮਾਹੌਲ ਤਰ-ਬ-ਤਰ ਰਿਹਾ। ਗੁੱਡੀ ਸਿੱਧੂ ਦੇ ਮਿਲਾਪੜੇ ਵਤੀਰੇ ਨੇ ਸ਼ਸ਼ੀ ਸਮੁੰਦਰਾ ਅਤੇ ਪਰਵੇਜ਼ ਦੇ ਨਾ ਮਿਲ ਸਕਣ ਦੀ ਘਾਟ ਵੀ ਪੂਰੀ ਕਰ ਦਿੱਤੀ। ਹੁਣ ਉਨ੍ਹਾਂ ਦੁਆਲੇ ਉਸਰੇ ਕਿਲੇ ਤੋਂ ਅੰਦਰ ਝਾਕਣ ਦੀ ਤਾਂਘ ਬੇਲੋੜੀ ਜਾਪਣ ਲੱਗੀ। ਇਥੋਂ ਤੱਕ ਕਿ ਆਉਂਦੇ ਐਤਵਾਰ ਜਿਹੜਾ ਸਾਹਿਤਕ ਸਮਾਗਮ ਪ੍ਰੀਤ ਦੇ ਸਨਮਾਨ ਵਿੱਚ ਹੋਣਾ ਸੀ, ਉਸ ਲਈ ਉਨ੍ਹਾਂ ਨੂੰ ਨਾ ਸੱਦੇ ਜਾਣ ਦਾ ਫੈਸਲਾ ਢੁਕਵਾਂ ਜਾਪਿਆ।

ਕਹਿੰਦੇ ਹਨ ਗੱਲ ਤਾਂ ਖੂਹ ਦੇ ਚੱਕ ਥੱਲੇ ਵੀ ਦੱਬੀ ਨਹੀਂ ਰਹਿੰਦੀ। ਸੋ ਪਰਵੇਜ਼ ਦੀ ਮਜਬੂਰੀ ਦਾ ਰਾਜ਼ ਵੀ ਅੱਧ-ਪਚੱਧਾ ਬਾਹਰ ਆਉਣ ਲੱਗ ਪਿਆ। ਉਸ ਉਤੇ ਬਾਹਰ ਜਾਣ ਦੀ ਪਾਬੰਦੀ ਲੇਖਕਾਂ ਨੂੰ ਮਿਲਣ ਕਰਕੇ ਨਹੀਂ ਕਿਸੇ ਹੋਰ ਵਜ੍ਹਾ ਕਰਕੇ ਸੀ।

ਜਿਸ ਐਤਵਾਰ ਨੂੰ ਸ਼ਾਮ ਦੇ ਤਿੰਨ ਵਜੇ ਡਾ. ਸਿੱਧੂ ਦੇ ਘਰ ਬੈਠਕ ਸੀ, ਉਸੇ ਦਿਨ ਦੁਪਹਿਰੇ ਪਰਵੇਜ਼ ਦਾ ਫੋਨ ਫੇਰ ਆਇਆ। ਉਹ ਮੇਰੇ, ਡਾ. ਸਿੱਧੂ ਅਤੇ ਪ੍ਰੀਤ ਨਾਲ ਘੰਟਾ ਭਰ ਉਹੀ ਗੱਲਾਂ ਦੁਹਰਾਉਂਦੀ ਰਹੀ 'ਮੈਂ ਤਾਂ ਲਾਡਲੀ ... ਸੁੱਖਾਂ ਲੱਧੀ ... ' ਉਸ ਦੀ ਲਾਚਾਰੀ ਭਰੀ ਆਵਾਜ਼ ਸੁਣ ਕੇ ਮੈਂ ਪੰਘਰ ਗਿਆ। ਮੇਰਾ ਸਾਰਾ ਗੁੱਸਾ ਛੂ-ਮੰਤਰ ਹੋ ਗਿਆ। ਮੈਂ ਉਸ ਨਾਲ ਬੜੇ ਭਰੱਪਣ ਨਾਲ ਗੱਲਾਂ ਕਰਨ ਲੱਗ ਪਿਆ, 'ਚਲੋ ਇਨਸਾਨ ਸੌ ਵਾਰੀ ਮਜਬੂਰ ਹੋ ਜਾਂਦਾ ਐ, ਤੁਹਾਡੇ ਫੋਨ ਨੇ ਮੇਰੇ ਸਭ ਸ਼ਿਕਵੇ-ਗਿਲੇ ਦੂਰ ਕਰ ਦਿੱਤੇ ਨੇ, ਤੁਸੀਂ ਮਨ 'ਚ ਕੋਈ ਤੌਖ਼ਲਾ ਨਾ ਰੱਖਣਾ' ਇਹ ਸੁਣ ਕੇ ਡਾ. ਸਿੱਧੂ ਅਤੇ ਪ੍ਰੀਤ ਮੇਰੇ ਉਤੇ ਵਰ੍ਹੇ ਪਏ ਕਿ ਮੈਂ ਕਿਉਂ ਝੁਕ ਗਿਆ ਸਾਂ। ਮੈਂ ਇਨੀ ਕਰਵਾ ਕੇ ਵੀ ਕਿਉਂ ਉਸ ਨੂੰ ਮੁਆਫ਼ ਕਰ ਦਿੱਤਾ ਸੀ।

ਸੱਚ-ਮੁੱਚ ਮੈਂ ਸਭ ਕੁੱਝ ਭੁੱਲ ਗਿਆ ਸਾਂ। ਪਰਵੇਜ਼ ਦੀਆਂ ਗੱਲਾਂ ਨਾਲ ਮੇਰਾ ਮਨ ਤਰਲ ਹੋ ਗਿਆ ਸੀ। ਮੈਂ ਪ੍ਰੀਤ ਹੋਰਾਂ ਦੇ ਇਲਜ਼ਾਮ ਬਿਨਾਂ ਬਹਿਸ ਤੋਂ ਮੰਨ ਲਏ। ਸ਼ਾਮ ਦੀ ਸਾਹਿਤਕ ਬੈਠਕ ਵਿੱਚ ਕੋਈ ਵੀ ਲੇਖਿਕਾ ਨਾ ਆਈ। ਪ੍ਰੀਤ ਦੀਆਂ ਸ਼ਿੱਦਤ ਭਰੀਆਂ ਕਵਿਤਾਵਾਂ ਅਤੇ ਗੀਤਾਂ ਨੇ ਸਭ ਦੇ ਅੰਦਰ ਹਲਚਲ ਮਚਾ ਦਿੱਤੀ। ਉਹ ਪੂਰੇ ਵਜ਼ਦ ਵਿੱਚ ਆ ਕੇ ਬੋਲ ਰਹੀ ਸੀ। ਹਰਜਿੰਦਰ ਕੰਗ ਨੇ ਸਾਰੇ ਕਵੀਆਂ ਦੀ ਕਵਿਤਾ ਨੂੰ ਰੇਡੀਓ ਵਾਸਤੇ ਰਿਕਾਰਡ ਕੀਤਾ। ਸਾਰੇ ਨਵੇਂ ਮੁੰਡਿਆਂ ਨੇ ਗੀਤ ਹੀ ਸੁਣਾਏ ਜਿਹੜੇ ਉਨ੍ਹਾਂ ਇਸ ਦ੍ਰਿਸ਼ਟੀ ਤੋਂ ਲਿਖੇ ਸਨ ਕਿ ਉਨ੍ਹਾਂ ਨੂੰ ਹੰਸ ਰਾਜ ਹੰਸ ਜਾਂ ਸਾਬਰਕੋਟੀ ਗਾਵੇ। ਪੰਜਾਬ ਵਿਚਲਾ ਇਹ ਨਵਾਂ ਰੁਝਾਣ ਹੁਣ ਫਰਿਜ਼ਨੋ ਤੱਕ ਜਾ ਪਹੁੰਚਿਆ ਸੀ।

ਆਸਟਰੀਆਂ ਤੋਂ ਆਇਆ ਮੈਗਜ਼ੀਨ 'ਰਾਬਤਾ' ਦਾ ਐਡੀਟਰ ਜਸਵਿੰਦਰ ਛਿੰਦਾ ਏਅਰਪੋਰਟ ਤੋਂ ਸਿੱਧਾ ਮੀਟਿੰਗ ਵਿੱਚ ਹੀ ਪਹੁੰਚ ਗਿਆ। ਉਸ ਦੇ ਬਹਾਨੇ ਪਰਵਾਸੀ ਸਾਹਿਤ ਦੇ

Academy of the Punjab in North America: http://www.apnaorg.com

ਮਿਆਰ ਬਾਰੇ ਗੱਲ ਚਲਦੀ ਰਹੀ। ਬਹੁਤ ਕੁੱਝ ਖੱਟਾ, ਮਿੱਠਾ, ਫਿੱਕਾ ਅਤੇ ਕੌੜਾ ਅੰਦਰੀਂ ਸਮਾਅ ਕੇ ਦੂਜੇ ਦਿਨ ਪਰਵੇਜ਼ ਦੀ ਫਰਿਜ਼ਨੋ ਨੂੰ ਅਲਵਿਦਾ ਕਹੀ। ਲਾਸ ਏਂਜਲਸ ਜਾਣ ਲਈ ਮਨ ਉਤਾਵਲਾ ਸੀ।

## ਤਲਿਸਮ-ਦਰ-ਤਲਿਸਮ: ਯੂਨੀਵਰਸਲ ਸਟੂਡੀਓ

'ਤੁਹਾਡੇ ਰਹਿਣ ਦਾ ਪ੍ਰਬੰਧ ਗੈਸਟ ਹਾਊਸ 'ਚ ਕੀਤੈ' ਡਾ. ਮਹਿੰਦਰ ਸਿੰਘ ਸੋਹਲ ਨੇ ਦੱਸਿਆ ਤਾਂ ਇਹ ਸੁਣ ਕੇ ਮੈਨੂੰ ਧੱਕਾ ਜਿਹਾ ਲੱਗਿਆ।'

'ਐਡਾ ਮਹਿਲ ਜਿੱਡਾ ਘਰ ਐ, ਉਸ 'ਚ ਇੱਕ ਵੀ ਕਮਰਾ ਨਹੀਂ ਰਿਸਤੇਦਾਰਾਂ ਵਾਸਤੇ?' ਮੈਂ ਹੈਰਾਨੀ ਅਤੇ ਗੁੱਸੇ ਨਾਲ ਸੋਚਿਆ। ਇਉਂ ਹੀ ਹੋਣਾ ਸੀ। ਆਖਿਰ ਮੈਂ ਇਨ੍ਹਾਂ ਦਾ ਲੱਗਦਾ ਹੀ ਕੀ ਹਾਂ? ਭਤੀਜੇ ਦਾ ਸਾਂਢੂ। ਜਿਸ ਦੇਸ਼ ਵਿੱਚ ਮਾਵਾਂ ਨੂੰ ਪੁੱਤ ਅਤੇ ਪੁੱਤਾਂ ਨੂੰ ਮਾਵਾਂ ਨਹੀਂ ਸਿਆਣਦੀਆਂ ਉਥੇ ਐਨੀ ਲੰਮੀ ਸਕੀਰੀ ਨੂੰ ਕੌਣ ਪੁੱਛੇਗਾ ਭਲਾ?

'ਕਿੰਨੀ ਕੁ ਦੂਰ ਐ ਜੀ ਘਰ ਤੋਂ ਗੈਸਟ ਹਾਊਸ?' ਮੈਂ ਆਪਣੀ ਹੋਣੀ ਨੂੰ ਸਵੀਕਾਰ ਕਰਦਿਆਂ ਮੁਰਦੜੇ ਜਿਹੇ ਬੋਲਾਂ ਨਾਲ ਪੁੱਛਿਆ।

'ਆਹ, ਘਰ 'ਚ ਬਣਿਐ ਆਪਣੇ' ਉਨ੍ਹਾਂ ਨੇ ਸਹਿਜ ਨਾਲ ਕਿਹਾ ਤਾਂ ਮੇਰਾ ਪਾਰਾ ਥੱਲੇ ਆਇਆ ਅਤੇ ਬੁੱਲ੍ਹਾਂ ਉਤੇ ਹਾਸੇ ਦੀ ਝੋਲ ਫਿਰ ਗਈ। ਕਿੰਨੀ ਛੇਤੀ ਘਬਰਾ ਜਾਂਦਾ ਹਾਂ ਮੈਂ ਅਤੇ ਕਾਹਲੀ ਵਿੱਚ ਝੱਟ ਗ਼ਲਤ-ਮਲਤ ਸੋਚਣ ਲੱਗਦਾ ਹਾਂ। ਮੈਨੂੰ ਆਪਣੇ ਤੱਤ-ਭੜੱਤੇ ਸੁਭਾਅ ਉਤੇ ਗੁੱਸਾ ਆਇਆ।

ਬਾਹਰ ਨਿਕਲ ਕੇ ਵੇਖਿਆ ਤਾਂ ਵੇਖਦਾ ਹੀ ਰਹਿ ਗਿਆ। ਗੈਸਟ ਹਾਊਸ ਕਾਹਦਾ ਇਹ ਤਾਂ ਪੂਰਾ ਘਰ ਸੀ, ਇੱਕ ਚੰਗੇ-ਭਲੇ ਮੱਧਵਰਗੀ ਪਰਿਵਾਰ ਵਾਸਤੇ ਵੀ ਕਾਫੀ ਸੀ। ਸਾਹਮਣੇ ਅੱਧੀ

Academy of the Punjab in North America: http://www.apnaorg.com

ਕਨਾਲ ਦਾ ਘਾਹਦਾਰ ਲਾਅਨ, ਗਾਰਡਨ ਅਤੇ ਵੱਖੀ ਵੱਲ ਸਵਿੰਮਿੰਗ ਪੂਲ ਸੀ, ਨੀਲੇ ਛੰਬ ਪਾਣੀ ਨਾਲ ਭਰਿਆ ਹੋਇਆ। ਅੰਦਰ ਫਰਿੱਜ, ਵਰਜਿਸ਼ ਦਾ ਸਮਾਨ, ਟੀ. ਵੀ., ਵੀ. ਸੀ. ਆਰ., ਡੈੱਕ, ਅਲਾਰਮ, ਪਿਆਨੋ ਅਤੇ ਹੋਰ ਬਥੇਰਾ ਨਿੱਕਸੁੱਕ ਸੀ। ਗੈਸਟ ਹਾਊਸ ਆਖਿਰ ਘਰ ਦੇ ਹਿਸਾਬ ਨਾਲ ਹੀ ਹੋਣਾ ਸੀ ਨਾ। ਅੱਧੇ-ਪੌਣੇ ਕਿੱਲੇ 'ਚ ਬਣਿਆ ਮਹਿਲ-ਨੁਮਾ ਘਰ, ਅੱਗੇ ਪਿੱਛੇ ਖੁੱਲ੍ਹੇ ਲਾਅਨ ਅਤੇ ਲੋੜੀਂਦੇ ਖੇਡ ਮੈਦਾਨ। ਭਾਈ ਵੀਰ ਸਿੰਘ ਦੇ ਕਹਿਣ ਅਨੁਸਾਰ ਜੇ ਰੱਬ ਨੇ ਸਵਰਗ 'ਚੋਂ ਸੁੰਦਰਤਾ ਦੀ ਮੁੱਠ ਭਰ ਕੇ ਥੱਲੇ ਸਿੱਟੀ ਸੀ ਤਾਂ ਕਸ਼ਮੀਰ ਬਣ ਗਈ ਸੀ। ਮੇਰਾ ਖ਼ਿਆਲ ਹੈ ਉਸ ਮੁੱਠ 'ਚੋਂ ਕੁੱਝ ਕਿਣਕੇ ਡਾ. ਸੋਹਲ ਦੇ ਘਰ ਵੀ ਡਿੱਗੇ ਹੋਣਗੇ। ਇਹ ਘਰ ਉਂਜ ਵੀ ਇਤਿਹਾਸਕ ਮਹੱਤਤਾ ਵਾਲਾ ਸੀ। ਇਸ ਕਲੋਨੀ ਨੂੰ ਵਸਿਆਂ ਸੌ ਸਾਲ ਹੋ ਗਏ ਸਨ ਜਿਸ ਕਰਕੇ ਇਸ ਨੂੰ ਵਿਸ਼ੇਸ਼ ਪੁਰਾਤੱਤਵ ਮਾਨਤਾ ਦਿੱਤੀ ਗਈ ਸੀ। ਅਮਰੀਕਾ ਵਿੱਚ ਪੁਰਾਣੀਆਂ ਵਸਤਾਂ ਦੇ ਤਾਂ ਲੋਕ ਵੈਸੇ ਵੀ ਸ਼ੈਦਾਈ ਹਨ। ਸੋ ਰਾਤੋ-ਰਾਤ ਇਹ ਘਰ ਕਰੋੜਾਂ ਅਰਬਾਂ ਦਾ ਹੋ ਗਿਆ ਸੀ। ਇਸ ਘਰ ਵਿੱਚ ਡਾ. ਸੋਹਲ, ਉਸ ਦੀ ਫਲਪਾਈਨੀ ਪਤਨੀ, ਬੇਟਾ ਜੋਸਨ ਅਤੇ ਬੇਟੀਆਂ ਜੈਨੀਫਰ ਤੇ ਜੀਤੋ ਰਹਿੰਦੇ ਸਨ। ਕਹਿੰਦੇ ਹਨ 'ਮਾੜੇ ਦਾ ਨਿੰਦਣਾ ਕੀ ਅਤੇ ਤਕੜੇ ਦਾ ਸਲਾਹੁਣਾ ਕੀ'। ਇਸ ਅਮੀਰ ਘਰ ਵਿੱਚ ਕਿਸੇ ਚੀਜ਼ ਦੀ ਥੋੜ੍ਹ ਨਹੀਂ ਸੀ, ਬਸ ਕੇਵਲ ਤੇ ਕੇਵਲ ਵਕਤ ਨਹੀਂ ਸੀ ਕਿਸੇ ਕੋਲ।

ਅਮਰੀਕਾ ਦੇ ਡਾਕਟਰ ਕੋਲ ਤਾਂ ਉਂਜ ਹੀ ਕੰਨ ਖੁਰਕਣ ਦੀ ਵਿਹਲ ਨਹੀਂ ਹੁੰਦੀ। ਉਨ੍ਹਾਂ ਦੇ ਮਿਸਿਜ਼, ਆਪਣੀ ਯੂਨੀਵਰਸਿਟੀ ਵਿੱਚ ਦਾਖ਼ਲ ਹੋਈ ਬੇਟੀ ਜੈਨੀਫਰ ਦੇ ਹੋਸਟਲ ਦੀ ਸੈਟਿੰਗ ਵਾਸਤੇ ਨਿਊਯਾਰਕ ਵੱਲ ਗਏ ਹੋਏ ਸਨ। ਜੋਸਨ ਤੇ ਜੀਤੋ ਦੇ ਸਕੂਲ ਟੈਸਟ ਚੱਲ ਰਹੇ ਸਨ, ਸਕੂਲ ਪਿੱਛੋਂ ਜਮਨੇਜ਼ੀਅਮ ਜਾਂਦੇ ਸਨ ਅਤੇ ਫੇਰ ਪਿਆਨੋ ਦੀ ਟਰੇਨਿੰਗ ਵਾਸਤੇ। ਮੇਰੇ ਨਾਲ ਘੁੰਮਣ ਕੌਣ ਜਾ ਸਕੇਗਾ? ਮੈਂ ਕੋਈ ਮਨਸੂਬਾ ਬਣਾ ਰਿਹਾ ਸਾਂ। ਮੈਨੂੰ ਜਾਪਿਆ ਇਥੇ ਵੀ ਸ਼ਿਕਾਗੋ ਵਾਲਾ ਮਾਡਲ ਹੀ ਠੀਕ ਰਹੇਗਾ। ਕੋਈ ਸਵੇਰੇ ਛੱਡ ਆਵੇ ਅਤੇ ਸ਼ਾਮ ਨੂੰ ਲੈ ਆਵੇ। ਸੋ ਆਪਣੇ ਪ੍ਰੋਗਰਾਮ ਅਨੁਸਾਰ ਮੈਂ ਪਰਚੀ ਲਿਖ ਕੇ ਡਾਇਨਿੰਗ ਟੇਬਲ ਉਤੇ ਰੱਖ ਦਿੰਦਾ। ਉਸ ਮੁਤਾਬਕ ਜੇ ਡਾ. ਸੋਹਲ ਦਾ ਵਕਤ ਹੁੰਦਾ ਤਾਂ ਉਹ ਮੈਨੂੰ ਛੱਡ ਆਉਂਦੇ ਅਤੇ ਨਹੀਂ ਤਾਂ ਪਰਚੀ ਅੱਗੇ ਜੀਤੋ ਤੱਕ ਪਹੁੰਚਾ ਦਿੰਦੇ। ਫੌਜੀਆਂ ਵਾਂਗ ਉਹ ਐਨ ਮਿਥੇ ਵਕਤ ਉਤੇ ਗੱਡੀ ਲਈ ਤਿਆਰ ਖੜ੍ਹੀ ਹੁੰਦੀ। ਜੀਤੋ ਦੀ ਹਰ ਗੱਲ ਹੀ ਹੈਰਾਨ ਕਰਨ ਵਾਲੀ ਸੀ। ਸਭ ਤੋਂ ਪਹਿਲਾਂ ਤਾਂ ਉਸ ਦਾ ਨਾਂ ਬੜਾ ਵੱਖਰਾ ਸੀ। ਫਲਪਾਈਨੀ ਮਾਂ ਦੀ ਕੁੱਖੋਂ ਜਾਈ, ਪੰਜਾਬੀ ਦਾ ਇੱਕ ਸ਼ਬਦ ਤੱਕ ਨਾ ਬੋਲ ਸਕਦੀ, ਰਹਿਣ-ਸਹਿਣ 'ਚ ਪੂਰੀ ਤਰ੍ਹਾਂ ਅਮਰੀਕਨ ਅਤੇ ਨਾਂ ਐਨਾ ਦੇਸੀ। ਸ਼ਾਇਦ ਡਾ. ਸੋਹਲ ਦੀ ਮਾਤਾ ਜੀਤੋ (ਸ੍ਰੀ ਗੁਰੂ ਗੋਬਿੰਦ ਸਿੰਘ ਜੀ

Academy of the Punjab in North America: http://www.apnaorg.com

ਦੀ ਸੁਪਤਨੀ) ਪ੍ਰਤੀ ਸੱਚੀ ਸ਼ਰਧਾ ਨੇ ਉਸ ਤੋਂ ਇਹ ਨਾਂ ਅਚੇਤ ਹੀ ਰਖਵਾਇਆ ਸੀ। ਫਿਰ 'ਨਿਸਚੈ ਕਰ ਆਪਣੀ ਜੀਤ ਕਰਹੋਂ' ਵਾਲੀ ਭਾਵਨਾ ਜੀਤੋ 'ਚੋਂ ਡੁਲ੍ਹ-ਡੁਲ੍ਹ ਕਿਵੇਂ ਨਾ ਪੈਂਦੀ। ਸਾਂਵਲੇ ਰੰਗ ਦੀ ਜੀਤੋ ਸਮੇਂ ਦੀ ਪਾਬੰਦ ਅਤੇ ਬੜੀ 'ਸੋਸ਼ਲ' ਕਿਸਮ ਦੀ ਲੜਕੀ ਸੀ। ਆਪਣੀ ਕਲਾਸਿਕ ਡਿਜ਼ਾਇਨ ਦੀ ਚਿੱਟੀ ਕਾਰ ਲੈ ਕੇ ਉਹ ਲਾਸ ਏਂਜਲਸ ਦੀਆਂ ਸੜਕਾਂ ਉਤੇ ਉੱਡੀ ਫਿਰਦੀ ਬੜੇ ਸਵੈ-ਵਿਸ਼ਵਾਸ ਵਾਲੀ ਜਾਪਦੀ ਸੀ। ਭਾਂਡੇ ਧੋਣ, ਖਾਣਾ ਬਨਾਉਣ ਤੋਂ ਲੈ ਕੇ ਕਾਰ ਰਾਹੀਂ ਦੂਰ-ਦੂਰ ਦੀਆਂ ਵਾਟਾਂ ਕਰ ਆਉਣ ਤੱਕ ਸਭ ਕੰਮਾਂ 'ਚ ਉਸ ਦੀ ਰੁਚੀ ਤੇ ਮੁਹਾਰਤ ਸੀ। ਸਵੇਰੇ ਛੱਡਣ ਜਾਂਦੀ ਜੀਤੋ ਮੈਨੂੰ ਪੁਛਦੀ, 'ਸ਼ਾਮ ਨੂੰ ਕਿੰਨੇ ਵਜੇ ਆਵਾਂ ਲੈਣ ਲਈ?'

'ਸੱਤ-ਅੱਠ ਵਜੇ' ਮੈਂ ਅਟਸਟਾ ਦੱਸਦਾ।

'ਨੋਹ, ਅਗਜ਼ੈਕਟ ਟਾਈਮ' ਉਹ ਐਨ ਠੀਕ ਸਮਾਂ ਪੁਛਦੀ।

ਉਸ ਲਈ ਅੱਠ ਵਜੇ ਦਾ ਮਤਲਬ ਸੀ ਸੱਤ ਵੱਜ ਕੇ ਉਨ੍ਹਾਟ ਮਿੰਟ, ਸੱਠ ਸਕਿੰਟ। ਨਾਲ ਨਾਲ ਉਹ 'ਗਾਈਡ' ਵੀ ਕਰ ਦਿੰਦੀ। 'ਜੇ ਯੂਨੀਵਰਸਲ ਸਟੂਡੀਓ ਵੇਖਣਾ ਹੈ ਤਾਂ ਸਵੇਰੇ ਨੌਂ ਵਜੇ ਤੋਂ ਪਹਿਲਾਂ ਉਥੇ ਪਹੁੰਚਣਾ ਜ਼ਰੂਰੀ ਐ' ਉਹ ਹੁਕਮ ਸੁਨਾਉਣ ਵਾਂਗ ਸੁਝਾਅ ਦਿੰਦੀ ਜਿਸ ਨੂੰ ਮੈਂ ਬੀਬੇ ਰਾਣੇ ਬੱਚਿਆਂ ਵਾਂਗ ਮੰਨ ਲੈਂਦਾ।

ਮੈਂ ਨੌਂ ਵਜੇ ਤੋਂ ਪਹਿਲਾਂ ਯੂਨੀਵਰਸਲ ਸਟੂਡੀਓ ਪਹੁੰਚ ਕੇ ਸੱਚਮੁੱਚ ਹੀ ਸੌਖਾ ਰਿਹਾ। ਅਜੇ ਭੀੜ ਨਹੀਂ ਸੀ ਹੋਈ ਅਤੇ ਮੈਂ ਟਿਕਟ ਲੈ ਕੇ ਦੁਨੀਆਂ ਦੇ ਇਸ ਅਣ-ਐਲਾਨੇ ਅਜੂਬੇ ਅੰਦਰ ਚਲਾ ਗਿਆ। ਹਾਲੀਵੁੱਡ ਦੀਆਂ ਫ਼ਿਲਮਾਂ ਦੀ ਸਾਰੇ ਜਗਤ 'ਚ ਧਾਂਕ ਹੈ। ਸਾਡੀਆਂ ਸਟੰਟ ਫ਼ਿਲਮਾਂ ਤਾਂ ਹੁੰਦੀਆਂ ਹੀ ਉਨ੍ਹਾਂ ਦੀ ਭੈੜੀ ਨਕਲ ਹਨ।

ਇਸ ਸੈਂਕੜੇ ਏਕੜ 'ਚ ਫੈਲੇ ਸਟੂਡੀਓ ਨੂੰ ਕਿਧਰੋਂ ਵੇਖਣਾ ਸ਼ੁਰੂ ਕਰਾਂ? ਇਹ ਸਮਝ ਨਹੀਂ ਸੀ ਆ ਰਹੀ। ਅਨਪੜ੍ਹਾਂ ਦੇ ਅਖ਼ਬਾਰ ਫਰੋਲਨ ਵਾਂਗ ਕਿਤੇ ਸਟੂਡੀਓ ਗਾਈਡ ਉਤੇ ਛਪੇ ਨਕਸ਼ੇ ਨੂੰ ਸਿੱਧਾ ਕਰਕੇ ਵੇਖਦਾ ਅਤੇ ਕਦੇ ਪੁੱਠਾ। ਬੇਤਰਤੀਬੇ ਢੰਗ ਨਾਲ ਤਾਂ ਇਹ ਮਹੀਨੇ 'ਚ ਵੀ ਨਹੀਂ ਵੇਖਿਆ ਜਾਣਾ। ਕਾਲਜ ਵਿੱਚ ਜਿਸ ਭੂਗੋਲ ਵਿਸ਼ੇ ਨੂੰ ਮਹਾਂ ਨਿਕੰਮਾ ਵਿਸ਼ਾ ਸਮਝਦਾ ਸਾਂ ਅੱਜ ਉਸ ਦੀ ਸਖ਼ਤ ਲੋੜ ਮਹਿਸੂਸ ਹੋ ਰਹੀ ਸੀ। ਪੁੱਛ-ਪੁੱਛ ਕੇ ਕੰਮ ਸਾਰਨ ਵਾਲਾ ਰਾਹ ਸੌਖਾ ਜਾਪਿਆ। ਇੱਕ ਅੰਗਰੇਜ਼ ਨੂੰ ਪੁੱਛਿਆ ਤਾਂ ਉਸ ਨੇ ਮੇਰੀ ਸਾਰੀ ਸਮੱਸਿਆ ਹੀ ਹੱਲ ਕਰ ਦਿੱਤੀ। ਉਸ ਨੇ ਠਰੰਮੇ ਨਾਲ ਨਕਸ਼ਾ ਵੇਖਣਾ ਵੀ ਸਮਝਾ ਦਿੱਤਾ ਅਤੇ ਸਭ ਤੋਂ ਪਹਿਲਾਂ ਟਰਾਮ ਰਾਹੀਂ ਸ਼ੁਰੂਆਤ ਕਰਨ ਦੀ ਜੁਗਤ ਵੀ ਦੱਸ ਦਿੱਤੀ।

ਟਰਾਮ ਪਹਿਲਾਂ ਸਾਰੇ ਸਟੂਡੀਓ ਦਾ ਸਰਸਰੀ ਚੱਕਰ ਲਾਉਂਦੀ ਸੀ। ਡਰਾਇਵਰ ਦੀ ਸੀਟ ਕੋਲੇ ਖੜ੍ਹੀ ਗਾਈਡ ਸਾਰਾ ਕੁੱਝ ਬੜੇ ਜੋਸ਼ ਨਾਲ ਸਮਝਾ ਰਹੀ ਸੀ। ਜਦੋਂ ਟਰਾਮ ਕਿਸੇ ਵੱਡ-ਅਕਾਰੀ ਸਟੂਡੀਓ ਹਾਲ ਅੱਗੋਂ ਲੰਘਣ ਲੱਗਦੀ ਤਾਂ ਉਹ ਕੂਕ ਕੂਕ ਆਖਦੀ, 'ਇਹੋ ਈ ਐ, ਇਹੋ ਹੈ ਉਹ ਥਾਂ ਜਿੱਥੇ … ਫ਼ਿਲਮ ਦਾ … ਉਹ ਦਿਲ ਕੰਬਾਊ ਦ੍ਰਿਸ਼ ਫ਼ਿਲਮਾਇਆ ਗਿਆ ਸੀ ਤੇ ਜਿਥੇ … ' ਉਸ ਦੀ ਬੋਲੀ ਤਾਂ ਮੇਰੇ ਪਿੜ-ਪੱਲੇ ਨਾ ਪੈਂਦੀ, ਮੈਂ ਸਿਰਫ ਉਸ ਦੇ ਹਾਵਾਂ-ਭਾਵਾਂ ਤੋਂ ਉਸ ਦੀ ਗੱਲ ਜਾਨਣ ਦਾ ਯਤਨ ਕਰਦਾ ਜਾਂ ਉਸ ਦੀ ਗੱਲ ਦਾ ਕਾਲਪਨਿਕ ਅਨੁਵਾਦ ਕਰਕੇ ਭਾਵ-ਅਰਥ ਮਹਿਸੂਸ ਕਰਦਾ। ਮੈਂ ਕਲਪਨਾ ਕਰਦਾ ਕਿ ਇਹ ਕਹਿ ਰਹੀ ਹੋਵੇਗੀ, 'ਇਥੇ ਹੀ ਫ਼ਿਲਮਾਇਆ ਗਿਆ ਸੀ ਫ਼ਿਲਮ 'ਸ਼ੋਅਲੇ' ਦਾ ਉਹ ਦਿਲ-ਕੰਬਾਊ ਦ੍ਰਿਸ਼ ਜਿਥੇ ਗੱਬਰ ਸਿੰਘ ਪੱਥਰ ਉਤੇ ਪੈਰ ਰੱਖ ਕੇ ਪਹਿਲਾਂ ਹਵਾ 'ਚ ਗੋਲੀਆਂ ਚਲਾਉਂਦਾ ਹੈ ਅਤੇ ਆਖਦਾ ਹੈ 'ਤੀਨੋ ਬਚ ਗਏ ਫੇਰ' ਵਹਿਸ਼ੀ ਹਾਸਾ ਹੱਸਦਾ ਉਨ੍ਹਾਂ ਉਤੇ ਗੋਲੀਆਂ ਦੀ ਬੁਛਾੜ ਕਰ ਦਿੰਦਾ ਹੈ।'

ਸਟੂਡੀਓ ਬੜੇ ਵੱਡੇ ਵੱਡੇ ਸਨ, ਜਿਥੇ ਮਨਚਾਹੇ ਸੈੱਟ ਲਾਏ ਜਾ ਸਕਦੇ ਸਨ। ਬਾਹਰ ਵੀ ਐਨਾ ਕੁੱਝ ਸੀ ਕਿ ਉਥੇ ਹਰ ਤਰ੍ਹਾਂ ਦੇ ਦ੍ਰਿਸ਼ ਲੈ ਕੇ 'ਆਊਟ ਡੋਰ ਸ਼ੂਟਿੰਗ' ਦਾ ਪ੍ਰਭਾਵ ਪਾਇਆ ਜਾ ਸਕਦਾ ਸੀ। ਨਦੀਆਂ, ਖੇਤ, ਦਰਿਆ, ਜੰਗਲ-ਬੇਲੇ, ਬਰਫ਼ੀਲੇ ਪਹਾੜ ਅਤੇ ਰੇਗਿਸਤਾਨ ਸਭ ਕੁੱਝ ਦੇ ਦ੍ਰਿਸ਼ ਫ਼ਿਲਮਾਏ ਜਾਂਦੇ ਸਨ। ਟਰਾਮ ਥੋੜ੍ਹਾ ਅੱਗੇ ਗਈ ਤਾਂ ਇੱਕ ਸਟੂਡੀਓ ਅੱਗੇ ਬਰਫ਼ਬਾਰੀ ਦਾ ਦ੍ਰਿਸ਼ ਲਏ ਜਾਣ ਦੀ ਤਿਆਰੀ ਹੋ ਰਹੀ ਸੀ। ਕੜਕਦੀ ਧੁੱਪ ਵਿੱਚ ਬਰਫ਼ ਦੇ ਅੰਬਾਰ ਚਮਕ ਰਹੇ ਸਨ। ਘਰਾਂ ਦੀਆਂ ਛੱਤਾਂ ਉਤੇ, ਰੁੰਡ-ਮੁੰਡ ਰੁੱਖਾਂ ਦੀਆਂ ਟਾਹਣੀਆਂ ਉਤੇ ਬਰਫ਼ ਦੇ ਗੋਹੜੇ ਡਿੱਗ ਰਹੇ ਸਨ। ਝੀਲ ਜੰਮੀ ਪਈ ਸੀ ਅਤੇ ਥਾਂ ਥਾਂ ਬਰਫ਼ ਦੇ ਪਹਾੜ ਸਨ। ਇਹ ਸਭ ਕੁੱਝ ਫੋਮ ਵਰਗੀ ਕਿਸੇ ਚਿੱਟੀ ਵਸਤ ਦੇ ਗੋਹੜਿਆਂ ਨਾਲ ਬਣਾਇਆ ਗਿਆ ਸੀ। ਕਿਸੇ ਕਸ਼ਮੀਰ ਜਾਂ ਲੇਹ-ਲਦਾਖ ਜਾਣ ਦੀ ਲੋੜ ਹੀ ਨਹੀਂ ਸੀ ਅਤੇ ਨਾ ਹੀ ਬਰਫ਼ਬਾਰੀ ਉਡੀਕਣ ਦੀ।

ਹਾਲੀਵੁੱਡ ਦੀਆਂ ਫ਼ਿਲਮਾਂ ਵਧੇਰੇ ਕਰਕੇ ਐਕਸ਼ਨ, ਸਟੰਟ ਅਤੇ ਅਡਵੈਂਚਰ ਭਰੇ ਦ੍ਰਿਸ਼ਾਂ ਕਰਕੇ ਹੀ ਪ੍ਰਸਿੱਧ ਹਨ। ਅਜਿਹੇ ਦ੍ਰਿਸ਼ ਕਈ ਵਾਰ ਟਰਾਮ 'ਚ ਬੈਠਿਆਂ ਨਾਲ ਹੀ ਵਾਪਰਨ ਲਗਦੇ ਹਨ। ਟਰਾਮ ਇੱਕ ਹਨੇਰੀ ਗੁਫ਼ਾ ਵਿੱਚ ਵੜੀ। ਹਨੇਰੇ ਵਿੱਚ ਬਿਜਲੀਆਂ ਕੜਕੀਆਂ, ਜਿੰਨ-ਭੂਤ ਕੰਧਾਂ 'ਚੋਂ ਨਿਕਲ ਨਿਕਲ ਟਰਾਮ ਵੱਲ ਝਪਟਣ ਲੱਗੇ। ਕੰਧਾਂ 'ਚੋਂ ਪੱਥਰ ਖਿਸਕਦੇ ਜਾਪੇ, ਛੱਤਾਂ 'ਚ ਤਰੇੜਾਂ ਉਭਰੀਆਂ। ਇਹ ਖਸਤਾ ਜਿਹੀ ਇਮਾਰਤ ਤਾਂ ਪੰਜ ਮਿੰਟ ਹੋਰ ਕਟਦੀ ਨਹੀਂ ਜਾਪਦੀ ਸੀ। ਬੱਸ ਬਿੰਦ ਝੱਟ ਦੇ ਪ੍ਰਾਹੁਣੇ ਸਾਂ, ਫੇਰ ਕਿਸੇ ਜਿੰਨ ਦੇ ਢਿੱਡ ਵਿੱਚ ਹੋਣਾ ਸੀ। ਪਰ ਪਿਛਲੇ ਜਨਮ ਦਾ

ਕੁੱਝ ਦਿੱਤਾ ਲਿਆ ਅੱਗੇ ਆ ਗਿਆ। ਜਾਨ ਬਖਸ਼ੀ ਗਈ। ਇਹ ਤਾਂ ਡਰਾਉਣ ਵਾਲਾ ਬਣਾਉਟੀ ਦ੍ਰਿਸ਼ ਸੀ। ਟਰਾਮ ਗੁਫ਼ਾ 'ਚੋਂ ਬਾਹਰ ਨਿਕਲੀ। ਮਿੱਠੀ-ਮਿੱਠੀ ਧੁਨ ਜਿਹੜੀ ਪਲ ਕੁ ਪਹਿਲਾਂ ਕੜਕਦੀਆਂ ਬਿਜਲੀਆਂ ਨਾਲ ਇਕਸੁਰ ਹੋ ਗਈ ਸੀ, ਫੇਰ ਟੁਣਕਣ ਲੱਗੀ, ਜਿਵੇਂ ਕਹਿ ਰਹੀ ਹੋਵੇ, 'ਵੇਖੋ ਠੀਕ ਠਾਕ ਤਾਂ ਹੈ ਸਭ।'

ਅਜੇ ਸੰਭਲੇ ਹੀ ਸਾਂ ਕਿ ਟਰਾਮ ਨਦੀ ਦੇ ਪੁਲ ਉਤੋਂ ਲੰਘਦਿਆਂ ਲੁਟਕ ਗਈ। ਪੁਲ ਟੁੱਟ ਗਿਆ ਸੀ। 'ਲਓ ਗਏ ਭੰਗ ਦੇ ਭਾੜੇ' ਮੂੰਹ 'ਚੋਂ ਸੁਭਾਵਕ ਹੀ ਨਿਕਲਿਆ ਪਰ ਉਹੀ ਪਿਆਰੀ ਧੁਨ ਫੇਰ ਕਹਿ ਰਹੀ ਸੀ, 'ਵੇਖੋ ... '। ਦੌੜਦੀ ਹੋਈ ਟਰਾਮ ਦੇ ਪਾਸੇ ਖੜ੍ਹੇ ਪਹਾੜ 'ਚੋਂ ਹੜ੍ਹ ਦੀ ਛੱਲ ਉਭਰਦੀ ਦਿਸੀ। ਉਸ ਨੇ ਤਾਂ ਪਲਾਂ ਛਿਣਾਂ ਵਿੱਚ ਹੀ ਟਰਾਮ ਨੂੰ ਤਿਣਕੇ ਵਾਂਗ ਰੋੜ੍ਹ ਕੇ ਲੈ ਜਾਣਾ ਹੈ ਪਰ ਸਾਡੇ ਚੰਗੇ ਕਰਮਾਂ ਨੂੰ ਛੱਲ ਟਰਾਮ ਕੋਲ ਆ ਕੇ ਧਰਤੀ 'ਚ ਸਮਾ ਗਈ। ਹੁਣ ਮਨ ਸਮਝਣ ਲੱਗ ਪਿਆ ਸੀ ਕਿ ਕੁੱਝ ਨਹੀਂ ਹੋਣ ਲੱਗਾ ਇਹ ਤਾਂ ਬਾਣੀਏਂ ਵਾਂਗ ਫੋਕੇ ਡਰਾਵੇ ਹਨ, ਗਿੱਦੜ ਭਬਕੀਆਂ। ਪਰ ਜਦੋਂ ਨਵੀਂ ਬਿਪਤਾ ਪੈਂਦੀ ਤਾਂ ਫੇਰ ਕਲੇਜਾ ਕੱਢ ਕੇ ਲੈ ਜਾਂਦੀ। ਟਰਾਮ ਦੇ ਸਾਹਮਣੇ ਨਦੀ ਵਗ ਰਹੀ ਸੀ। ਡਰਾਇਵਰ ਨੂੰ ਚੰਗੀ ਭਲੀ ਦਿੱਸਦੀ ਸੀ ਪਰ ਉਹ ਪਤੰਦਰ ਦੱਬੀ ਜਾ ਰਿਹਾ ਸੀ, ਜਿਵੇਂ ਅਧੀਆ ਇਕੋ ਵਾਰੀ ਅੰਦਰ ਸੁੱਟਿਆ ਹੋਵੇ। ਗੱਲ ਉਹੀ ਹੋਈ ਜਿਸ ਦਾ ਡਰ ਸੀ, ਟਰਾਮ ਨਦੀ 'ਚ ਜਾ ਵੜੀ। ਪਰ ਸੁੱਖੀ ਸਾਂਦੀ ਅਸੀਂ ਡੁੱਬਣਾ ਤਾਂ ਕੀ ਸੀ, ਸਾਡੇ ਤਾਂ ਪੈਰ ਵੀ ਨਹੀਂ ਭਿੱਜੇ। ਨਦੀ ਦੇ ਥੱਲਿਓਂ ਸੜਕ ਉਭਰ ਆਈ ਸੀ ਜਿਸ ਉਤੇ ਟਰਾਮ ਭੱਜੀ ਜਾ ਰਹੀ ਸੀ। ਆਸੇ ਪਾਸੇ ਆਪੇ ਬਣੀਆਂ ਕੰਧਾਂ ਤੋਂ ਪਾਣੀ ਬਾਹਰ ਰਹਿ ਗਿਆ ਸੀ।

ਹੁਣ ਟਰਾਮ ਝੀਲ ਦੇ ਕੰਢੇ ਬਣੀ ਸੜਕ ਉਤੇ ਜਾ ਰਹੀ ਸੀ। ਝੀਲ ਦਾ ਦ੍ਰਿਸ਼ ਸੁਹਾਵਣਾ ਸੀ। ਵਿੱਚ ਇੱਕ ਟੋਪੀ ਵਾਲਾ ਮੌਜੀ ਕਿਸ਼ਤੀ 'ਚ ਸਵਾਰ ਮੱਛੀਆਂ ਲਈ ਕੁੰਡੀ ਲਾਈ ਫਿਰਦਾ ਸੀ। ਇੱਕ ਮਗਰਮੱਛ ਪਾਣੀ 'ਚੋਂ ਬੁੜਕਿਆ ਜਿਵੇਂ ਸਾਰੀ ਟਰਾਮ ਹੀ ਇਕੋ ਬੁਰਕੀ 'ਚ ਅੰਦਰ ਲੰਘਾ ਲੈਣੀ ਹੋਵੇ। ਟਰਾਮ ਤਾਂ ਬਚ ਗਈ ਪਰ ਕਿਸ਼ਤੀ ਨਹੀਂ ਬਚੀ। ਮੌਜੀ ਠਾਕੁਰ ਦੀ ਇਕੋ ਬੁਰਕੀ ਕੀਤੀ ਸੀ। ਲਹੂ ਦਾ ਫ਼ੁਹਾਰਾ ਪਾਣੀ 'ਚੋਂ ਉਤਾਂਹ ਨੂੰ ਛੁੱਟਿਆ ਅਤੇ ਫੇਰ ਨੀਰ ਸੰਗ ਨੀਰ ਹੋ ਗਿਆ। ਇਹ ਵੀ ਅਸਲ ਵਰਗੀ ਨਕਲ ਸੀ।

ਇਉਂ ਇੱਕ ਤੋਂ ਬਾਅਦ ਇੱਕ ਖਤਰਾ ਆਉਂਦਾ ਅਤੇ ਟਲਦਾ ਰਿਹਾ। ਇਹ ਤਾਂ ਟਰੇਲਰ ਹੀ ਸੀ ਹਾਲੀਵੁੱਡ ਦੀਆਂ ਫ਼ਿਲਮਾਂ ਦਾ, ਅਸਲ ਤਾਂ ਅਜੇ ਅੱਗੇ ਹੋਰ ਬਥੇਰਾ ਕੁੱਝ ਸੀ। ਟਰਾਮ ਦੇ ਚੱਕਰ ਨਾਲ ਆਲਾ-ਦੁਆਲਾ ਸਮਝ ਆ ਗਿਆ। ਹੁਣ ਨਕਸ਼ਾ ਵੀ ਰਾਹ ਦੱਸਣ ਲੱਗ ਪਿਆ ਸੀ।

Academy of the Punjab in North America: http://www.apnaorg.com

ਯੂਨੀਵਰਸਲ ਸਟੂਡੀਓ ਦੇ ਦੋ ਭਾਗ ਸਨ ਕਿਉਂਕਿ ਇਹ ਉੱਚੇ ਪਹਾੜ ਉਤੇ ਸਥਿਤ ਸੀ। ਇੱਕ ਭਾਗ ਉਤੇ, ਇੱਕ ਹੇਠਾਂ। ਹੇਠਾਂ ਵਾਸਤੇ ਮੀਲ ਕੁ ਜਾਣਾ ਪੈਣਾ ਸੀ ਪਰ ਇਸ ਲਈ ਐਲੀਵੇਟਰ (ਬਿਜਲੀ ਵਾਲੀਆਂ ਪੌੜੀਆਂ) ਲੱਗੇ ਹੋਏ ਸਨ।

ਥੱਲੇ ਉਤਰ ਕੇ ਮੈਂ ਬੋਹਣੀ ਜ਼ੁਰਾਸਿਕ ਪਾਰਕ ਤੋਂ ਕੀਤੀ। ਨਦੀ ਵਿੱਚ ਇੱਕ ਚੈਨ ਉਤੇ ਫਿੱਟ ਕਿਸ਼ਤੀ ਉਤੇ ਬੈਠ ਗਿਆ ਜਿਹੜੀ ਇੱਕ ਸੰਘਣੇ ਜੰਗਲ ਵਿੱਚ ਲੈ ਗਈ। ਆਲੇ ਦੁਆਲੇ ਛੋਟੇ-ਵੱਡੇ ਡਾਇਨਾਸੋਰ ਸਨ। ਉਹ ਖਾਣ ਨੂੰ ਪੈਂਦੇ ਤਾਂ ਕਿਸ਼ਤੀ ਤੋਂ ਛਾਲ ਮਾਰ ਕੇ ਭੱਜਣ ਨੂੰ ਮਨ ਕਰਦਾ ਪਰ ਬੈਲਟ ਹਿੱਲਣ ਨਾ ਦਿੰਦੀ। ਇੱਕ ਕੋਠੇ ਜਿੱਡਾ ਡਾਇਨਾਸੋਰ ਦੈਂਤ ਵਾਂਗ ਮੂੰਹ ਖੋਹਲੀ ਦਹਾੜਦਾ ਹੋਇਆ ਮੇਰਾ ਬੁਰਕ ਭਰਨ ਲੱਗਿਆ ਤਾਂ ਮੇਰਾ ਦਿਲ ਹਿੱਲ ਗਿਆ। ਮਸਾਂ ਮਸਾਂ ਇਨ੍ਹਾਂ ਮੌਤਾਂ ਦੇ ਮੂੰਹ 'ਚੋਂ ਲੰਘੇ ਤਾਂ ਕਿਸ਼ਤੀ ਚੌਰਾਸੀ ਫੁੱਟ ਡੂੰਘੀ ਖੱਡ ਵਿੱਚ ਜਾ ਡਿੱਗੀ। ਉਤਲਾ ਸਾਹ ਉਤੇ ਅਤੇ ਹੇਠਲਾ ਹੇਠਾਂ ਰਹਿ ਗਿਆ। ਕਲੇਜਾ ਮੂੰਹ ਨੂੰ ਆਇਆ। ਕਿਸ਼ਤੀ ਦੇ ਪਾਣੀ ਵਿੱਚ ਡਿੱਗਣ ਨਾਲ ਉੱਚੀਆਂ ਛੱਲਾਂ ਉਠੀਆਂ ਅਤੇ ਸਾਰੇ ਭਿੱਜ ਗਏ। ਬਾਹਰ ਖੜ੍ਹੀ ਤਮਾਸ਼ਬੀਨਾਂ ਦੀ ਭੀੜ ਨੇ ਕਿਲਕਾਰੀਆਂ ਮਾਰੀਆਂ। ਸਾਡੇ ਰੋਣਹਾਕੇ ਮੂੰਹ ਵੇਖ ਕੇ ਉਹ ਹੱਸ ਹੱਸ ਦੂਹਰੇ ਹੋ ਰਹੇ ਸਨ। ਅਸੀਂ ਮਧੋਲੇ ਹੋਏ ਕਿਸ਼ਤੀ 'ਚੋਂ ਇਉਂ ਨਿਕਲੇ ਜਿਵੇਂ ਐਕਸੀਡੈਂਟ ਵਾਲੇ ਜਹਾਜ਼ 'ਚੋਂ ਕੱਢ ਕੇ ਲਿਆਂਦੇ ਗਏ ਹੋਈਏ। ਕਿਸ਼ਤੀ ਤੋਂ ਡਿੱਗਣ ਵੇਲੇ ਦੀ ਫੋਟੋ ਆਟੋਮੈਟੀਕਲੀ ਖਿੱਚੀ ਗਈ ਸੀ ਅਤੇ ਸਾਹਮਣੇ ਸਕਰੀਨ ਉਤੇ ਆ ਰਹੀ ਸੀ। ਹੁਣ ਆਪਣੇ ਉਸ ਡਰ ਨਾਲ ਫਿੱਸੇ ਮੂੰਹ ਨੂੰ ਵੇਖ ਕੇ ਆਪ ਨੂੰ ਵੀ ਹਾਸਾ ਆ ਗਿਆ।

ਕੁਝ ਹੋਸ਼ ਆਈ ਤਾਂ ਨਾਲ ਹੀ ਚਲ ਰਿਹਾ ਸਿਨੇ ਮੈਜ਼ਿਕ ਦਾ ਸ਼ੋ ਵੇਖਣ ਲਈ ਵੜ ਗਿਆ। ਇਥੇ ਇਹ ਵਿਖਾਇਆ ਗਿਆ ਕਿ ਸਟੰਟ ਫ਼ਿਲਮਾਂ ਵਿੱਚ ਪਹਾੜਾਂ ਤੋਂ ਡਿਗਦੀਆਂ ਕਾਰਾਂ ਅਤੇ ਹਾਦਸਾ-ਗ੍ਰਸਤ ਹਵਾਈ ਜਹਾਜ਼ਾਂ ਵਰਗੇ ਖੌਫਨਾਕ ਦ੍ਰਿਸ਼ ਫ਼ਿਲਮਾਉਣੇ ਕਿਵੇਂ ਖੱਬੇ ਹੱਥ ਦੀ ਖੇਡ ਸੀ। ਸੋ ਪੇਸ਼ ਕਰਨ ਵਾਲੀ ਮੁਟਿਆਰ ਨੇ ਇੱਕ ਦਸ ਬਾਰਾਂ ਸਾਲ ਦੀ ਕੁੜੀ ਨੂੰ ਬੁਲਾਇਆ ਅਤੇ ਇੱਕ ਚਿੱਬ-ਖੜਿੱਬੀ ਕਾਰ ਵਿੱਚ ਬਿਠਾ ਦਿੱਤਾ। ਉਸ ਨੂੰ ਕਿਹਾ ਕਿ ਕਿਧਰੇ ਹੱਥ ਨਹੀਂ ਪਾਉਣੇ। ਕਾਰ ਹੱਥ ਨਾਲ ਹੌਲੀ ਹੌਲੀ ਹਿਲਾਈ ਜਾਣ ਲੱਗੀ ਤਾਂ ਕੁੜੀ ਏਧਰ ਓਧਰ ਡੋਲਣ ਲੱਗੀ। ਤਕਨੀਕੀ ਕਲਾਬਾਜ਼ੀ ਨਾਲ ਸਾਹਮਣੇ ਪਰਦੇ ਉਤੇ ਇਹ ਦ੍ਰਿਸ਼ ਇਉਂ ਆਇਆ ਜਿਵੇਂ ਪਹਾੜ ਤੋਂ ਰਿੜ੍ਹਦੀ ਕਾਰ ਦੇ ਚੀਥੜੇ ਉਡ ਰਹੇ ਹਨ ਅਤੇ ਉਸ 'ਚ ਬੈਠੀ ਲੋਟਣੀਆਂ ਖਾਂਦੀ ਕੁੜੀ ਝੰਜੋੜੀ ਜਾ ਰਹੀ ਹੋਵੇ।

ਇਸੇ ਤਰ੍ਹਾਂ ਇੱਕ ਹੋਰ ਦ੍ਰਿਸ਼ ਤਿਆਰ ਕਰ ਕੇ ਵਿਖਾਇਆ ਗਿਆ। ਇੱਕ ਜਿੰਨ ਦੇ ਮਖੌਟੇ 'ਚ ਲਿਪਟਿਆ ਵਿਅਕਤੀ ਸਟੇਜ਼ ਉਤੇ ਆਇਆ। ਉਸ ਦੀ ਫੋਟੋ ਪਰਦੇ ਉਤੇ ਦਿੱਸਣ ਲੱਗ ਪਈ। ਸ਼ੋ-

Academy of the Punjab in North America: http://www.apnaorg.com

ਮੈਨ ਨੇ ਪੰਜ ਹੋਰ ਜਣਿਆਂ ਨੂੰ ਸਟੇਜ਼ ਉਤੇ ਸੱਦਿਆ। ਇੱਕ ਨੂੰ ਪੰਨਾ ਜਿਹਾ ਫੜਾ ਕੇ ਕਿਹਾ ਕਿ ਇਸ ਦੀ ਚਿਰੜ-ਚਿਰੜ ਕਰਵਾਈ ਜਾਹ। ਦੂਜੇ ਨੂੰ ਇੱਕ ਪਰਾਂਤ ਜਿਹੀ ਵਿੱਚ ਖੜ੍ਹਾ ਕਰ ਕੇ ਆਖਿਆ ਕਿ ਪੈਰਾਂ ਨਾਲ ਫ਼ਰਜ਼ੀ ਆਟਾ ਗੁੰਨ੍ਹੀ ਜਾਹ। ਤੀਜੇ ਨੂੰ ਇੱਕ ਫੂਕਣੀ ’ਚ ਫੂਕਾਂ ਮਾਰੀ ਜਾਣ ਲਈ ਆਖਿਆ, ਚੌਥੇ ਨੂੰ ਹੌਲੀ ਹੌਲੀ ਢੋਲ ਉਤੇ ਡੱਗਾ ਲਾਉਣ ਵਾਸਤੇ ਅਤੇ ਪੰਜਵੇਂ ਨੂੰ ਸੁੱਕੇ ਪੱਤਿਆਂ ਉਤੇ ਤੁਰਨ ਵਾਸਤੇ। ਇਨ੍ਹਾਂ ਸਾਰਿਆਂ ਨੂੰ ਵਾਰੋ ਵਾਰੀ ਆਪਣਾ ਐਕਸ਼ਨ ਕਰਨ ਲਈ ਕਿਹਾ ਗਿਆ। ਪਰਦੇ ਉਤੇ ਤੁਰਦੇ ਜਿੰਨ ਦੇ ਨਾਲ ਇਹ ਆਵਾਜ਼ਾਂ ਇਉਂ ਪ੍ਰਭਾਵ ਦੇਣ ਲੱਗੀਆਂ ਜਿਵੇਂ ਬਹੁਤ ਡਰਾਉਣਾ ਦ੍ਰਿਸ਼ ਹੋਵੇ। ਰਾਤ ਨੂੰ ਸੁੰਨ-ਮਸਾਣ ਜੰਗਲ ਵਿੱਚ ਤੁਰਿਆ ਫਿਰਦਾ ਜਿੰਨ ਦਰਸ਼ਕਾਂ ਦੀ ਕਲਪਨਾ ’ਚ ਉੱਭਰ ਆਇਆ।

ਇਸ ਦੇ ਨਾਲ ਵਾਲੇ ਸਟੂਡੀਓ ਦਾ ਨਾਂ ‘ਬੈਕ ਡਰਾਫਟ’ ਸੀ। ਇਸ ਵਿੱਚ ਕਿਸੇ ਮਹਿਲ ਨੂੰ ਲੱਗੀ ਅੱਗ ਦਾ ਨਮੂਨਾ ਵਿਖਾਇਆ ਜਾਣਾ ਸੀ। ਅਸੀਂ ਇੱਕ ਵੱਡੇ ਹਾਲ ਕਮਰੇ ’ਚ ਬਣੇ ਇੱਕ ਮੰਚ ਜਿਹੇ ਉਤੇ ਖੜ੍ਹੇ ਸਾਂ। ਉਤੇ ਸਟੂਡੀਓ ਲਾਈਟਾਂ ਲੱਗੀਆਂ ਸਨ ਅਤੇ ਇੱਕ ਪਾਸੇ ਵੱਡੀ ਗਿਣਤੀ ਵਿੱਚ ਡਰੰਮ ਪਏ ਸਨ। ਸ਼ੋਅ ਇੱਕ ਧਮਾਕੇ ਨਾਲ ਸ਼ੁਰੂ ਹੋਇਆ। ਅੱਗ ਦਾ ਇੱਕ ਭੰਬੂਕਾ ਉਠਿਆ ਜਿਸ ਦੀ ਸੰਧੂਰੀ ਲਾਟ ਸਾਡੇ ਤੱਕ ਲਪਟੀ। ਅਸੀਂ ਡਰ ਕੇ ਪਿਛਾਂਹ ਨੂੰ ਹਟੇ ਪਰ ਪਿੱਛੋਂ ਉਸ ਤੋਂ ਵੀ ਵੱਡੀ ਲੰਬ ਨਿਕਲੀ। ਫੇਰ ਸੱਜੇ ਅਤੇ ਖੱਬੇ ਵੀ ਲੰਬਾਂ ਉਠੀਆਂ। ਅਸੀਂ ਅੱਗ ਦੀਆਂ ਲਪਟਾਂ ’ਚ ਘਿਰ ਗਏ। ਅੱਗ ਨਾਲ ਛੱਤ ‘ਚੋਂ ਬਾਲੇ-ਬਾਲੀਆਂ ਡਿੱਗਣ ਲੱਗੇ ਪਰ ਸ਼ੁਕਰ ਐ ਅਜੇ ਸਾਡੇ ਉਤੇ ਕੋਈ ਨਹੀਂ ਸੀ ਡਿੱਗੀ, ਜਿਵੇਂ ਸਾਡਾ ਮੰਚ ਮੰਤਰਿਆ ਹੋਵੇ। ਕੋਈ ਅੱਗ ਦਾ ਚੁਆਤਾ ਡਰੰਮਾਂ ਵਿੱਚ ਡਿੱਗ ਪੈਂਦਾ ਤਾਂ ਉਸ ਵਿੱਚ ਇੱਕ ਗਰਨੇਟ ਫ਼ਟਦਾ ਅਤੇ ਅੱਗ ਦਾ ਗੋਲਾ ਉਤਾਂਹ ਨੂੰ ਭਬਕਦਾ। ਇਹ ਤਾਂ ਕਹਿੰਦੇ ਸਨ ਝੂਠੀ-ਮੂਠੀ ਦਾ ਦ੍ਰਿਸ਼ ਵਿਖਾਉਣਾ ਹੈ ਪਰ ਅੱਗ ਤਾਂ ਸੱਚੀਂ ਮੁੱਚੀਂ ਲੱਗ ਗਈ ਸੀ। ਇਸ ਦਾ ਸੇਕ ਵੀ ਸੀ ਅਤੇ ਚਾਨਣ ਵੀ। ਸਾਡੇ ਮੂੰਹ ਅੰਗਿਆਰ ਵਾਂਗ ਦਮਕ ਰਹੇ ਸਨ। ਇਹ ਕੀ ਮੌਤ ਨੂੰ ਮਾਸੀ ਆਖ ਬੈਠੇ ਸਾਂ? ਚੋਦੇ ਸੜਦਾ ਮਹਿਲ ਦਿਖਾਉਣ ਦੇ। ਉਸ ਵੇਲੇ ਨੂੰ ਪਛਤਾ ਰਹੇ ਸਾਂ ਜਦੋਂ ਅੰਦਰ ਵੜਨ ਦਾ ਫੈਸਲਾ ਕੀਤਾ ਸੀ। ਹੁਣੇ ਹੁਣੇ ਸਾਰੀ ਇਮਾਰਤ ਅੰਗਿਆਰ ਬਣ ਕੇ ਸਿਰਾਂ ਉਤੇ ਡਿੱਗਣ ਵਾਲੀ ਸੀ। ਪਤਾ ਉਦੋਂ ਲੱਗਿਆ ਜਦੋਂ ਮੰਚ ਥੱਲੇ ਵੀ ਧਮਾਕਾ ਹੋਇਆ ਅਤੇ ਉਹ ਇੱਕ ਪਾਸੇ ਨੂੰ ਲੁਟਕ ਗਿਆ। ਅਸੀਂ ਡਿਗਦੇ ਡਿਗਦੇ ਬਚੇ। ਅਚਾਨਕ ਵਾਹਿਗੁਰੂ ਨੇ ਸਾਡੀ ਅਰਦਾਸ ਸੁਣ ਲਈ, ਪਾਣੀ ਦਾ ਹੜ੍ਹ ਭੇਜ ਦਿੱਤਾ ਅਤੇ ਅੱਗ ਬੁੱਝ ਗਈ। ਚਾਨਣ ਹੋਇਆ ਤਾਂ ਕੁੱਝ ਵੀ ਨਹੀਂ ਸੀ ਨਾ ਅੱਗ, ਨਾ ਪਾਣੀ। ਫਿਰ ਕੀ ਸੀ ਇਹ? ਜੇ ਇਉਂ ਹੀ ਬੁੱਝ ਲਵੇ ਕੋਈ ਤਾਂ ਫ਼ੇਰ ਤਲਿਸਮ ਕੀ ਤੇ ਜਾਦੂ ਕੀ?

ਇੰਨਾ ਭਿਆਨਕ ਸ਼ੋਅ ਵੇਖਣ ਤੋਂ ਪਿੱਛੋਂ ਮੈਨੂੰ ਕਮੇਡੀਅਨ ਦੀ ਰਾਣੀ ਲੂਸੀ ਦੇ ਜੀਵਨ ਤੇ ਕੰਮ ਬਾਰੇ ਨੁਮਾਇਸ਼ ਵੇਖਣੀ ਚੰਗੀ ਨਾ ਲੱਗੀ। ਮੈਂ ਉਹ ਵੀ ਛੱਡੀ ਅਤੇ ਹੋਰ ਨਿੱਕ-ਸੁੱਕ ਵੀ। ਘੜੀ ਵੇਖੀ ਜਿਹੜੀ ਸਰਪੱਟ ਦੌੜ ਰਹੀ ਸੀ। ਅਜੇ ਤਾਂ ਮੈਂ 'ਅਪਰ ਲੌਟ' ਵੇਖਣਾ ਸੀ ਸਾਰਾ। ਮੈਂ ਕਾਹਲੀ ਨਾਲ ਉਤੇ ਪਹੁੰਚਿਆ। ਮੈਨੂੰ ਨਾ ਭੁੱਖ ਦੀ ਸੀ ਨਾ ਤੇਹ ਦੀ। ਅੱਜ ਤਾਂ ਬੱਸ ਅੱਖਾਂ ਦੀ ਤ੍ਰਿਸ਼ਨਾ ਪੂਰੀ ਕਰਨੀ ਸੀ, ਵੰਨ-ਸੁਵੰਨੇ ਰੰਗ ਤਮਾਸ਼ਿਆਂ ਨਾਲ ਮਨ ਭਰਨਾ ਸੀ।

ਉਤੇ ਪਹੁੰਚ ਕੇ ਗਾਈਡ ਵੇਖੀ ਤਾਂ ਪੌਪ ਸੰਗੀਤ ਦਾ ਸ਼ੋ ਟਾਈਮ ਸੀ। ਇੱਕ ਵੱਡਾ ਥੀਏਟਰ ਹਾਲ ਪੂਰਾ ਭਰਿਆ ਪਿਆ ਸੀ। ਅਮਰੀਕਾ ਦੀ ਨਵੀਂ-ਪੀੜ੍ਹੀ ਦਾ ਇਥੇ ਬੋਲ-ਬਾਲਾ ਸੀ। ਉਨ੍ਹਾਂ ਦੀ ਬੇਸਬਰੀ ਦਸਦੀ ਸੀ ਕਿ ਉਨ੍ਹਾਂ ਦਾ ਮਨ-ਪਸੰਦ ਗਾਇਕ ਸਟੇਜ਼ ਉਤੇ ਆਉਣ ਵਾਲਾ ਹੈ। ਪਰਦਾ ਉਠਿਆ ਤਾਂ ਮੰਚ ਦੇ ਵਿਚਕਾਰੋਂ ਇੱਕ ਕਾਮਨੀ ਅਫਰੀਕਣ ਗਾਇਕਾ ਇਉਂ ਨਿਕਲੀ ਜਿਵੇਂ ਹੁਣੇ ਹੁਣੇ ਧਰਤੀ ਵਿਚੋਂ ਪ੍ਰਗਟ ਹੋਈ ਹੋਵੇ। ਮੰਚ ਦੀਆਂ ਵੱਖੀਆਂ ਵਿਚੋਂ ਭੱਜ ਕੇ ਆਰਕੈਸਟਰੇ ਦਾ ਗਰੁੱਪ ਆਇਆ। ਸੰਗੀਤ ਦਾ ਧਮਾਕਾ ਹੋਇਆ ਅਤੇ ਹਾਲ ਨੱਚ ਉਠਿਆ। ਨੌਜਵਾਨ ਪੀੜ੍ਹੀ ਨੇ ਮੰਚ ਵੱਲ ਫਲਾਈਂਗ ਕਿੱਸ ਸੁਟੇ ਅਤੇ ਕਿਲਕਾਰੀਆਂ ਛੱਡੀਆਂ। ਅਜੇ ਵੀ ਮਨ ਨਾ ਭਰਿਆ ਤਾਂ ਨਾਲ ਦੇ ਸੰਗੀਆਂ ਨੂੰ ਕਲਾਵੇ 'ਚ ਲੈ ਕੇ ਬੁੱਲ੍ਹਾਂ 'ਚ ਬੁੱਲ੍ਹ ਪਾਏ ਅਤੇ ਪਚਾਕੇ ਮਾਰੇ। ਹਾਲ 'ਚੋਂ ਸੰਗੀਤ ਵਾਂਗ ਹੀ 'ਪੁੱਚ ਪੁੱਚ' ਦੀ ਧੁਨੀ ਉਭਰੀ। ਗਾਇਕਾ ਵੀ ਵਜ਼ਦ 'ਚ ਆ ਗਈ। ਉਸ ਨੇ ਤਿੱਖੀ ਅਤੇ ਲੰਮੀਂ ਹੇਕ ਕੱਢੀ ਜੋ ਦਰਸ਼ਕਾਂ ਦੇ ਸੀਨੇ 'ਚੋਂ ਵਰਮੀ ਵਾਂਗ ਲੰਘ ਗਈ। ਫੇਰ ਗੀਤ ਦਾ ਅੰਤਰਾ ਬੋਲਿਆ। ਮੈਨੂੰ ਸ਼ਬਦਾਂ ਦੀ ਤਾਂ ਸਮਝ ਨਾ ਆਈ ਪਰ ਮੈਂ ਸਮਝ ਗਿਆ ਕਿ ਉਹ ਜਿਸਮ ਪਾੜ-ਪਾੜ ਨਿਕਲਦੇ ਜੁਆਨੀ ਦੇ ਚੰਗਿਆੜਿਆਂ ਨੂੰ ਸ਼ਬਦਾਂ ਦੀ ਚਾਸ਼ਨੀ 'ਚ ਲਪੇਟ ਲਪੇਟ ਦਰਸ਼ਕਾਂ ਅੱਗੇ ਪਰੋਸ ਰਹੀ ਸੀ। ਸ਼ਾਇਦ ਉਹ ਇਹੋ ਜਿਹਾ ਕੁੱਝ ਕਹਿੰਦੀ ਹੋਵੇਗੀ 'ਹਿੱਕ ਮੇਰੀ ਪੁੱਤ ਮੰਗਦੀ, ਮੇਰੇ ਪੱਟ ਮੰਗਦੇ ਮੁਕਲਾਵਾ'। ਉਸ ਦੇ ਸਾਥੀ ਡਾਂਸਰਾਂ ਨੇ ਉਸ ਸਾਂਵਲੀ ਹੁਸੀਨਾ ਨੂੰ ਪਤੰਗ ਵਾਂਗ ਚੁੱਕਿਆ ਅਤੇ ਹਵਾ 'ਚ ਉਛਾਲ ਦਿੱਤਾ। ਥੱਲੇ ਆਉਂਦੀ ਦੀ ਉਸ ਦੀ ਝਾਲਰਾਂ ਵਾਲੀ ਕੱਛੀ ਅਤੇ ਬਲਾਊਜ਼ ਨੂੰ ਲੱਗੇ ਸਿਤਾਰੇ ਇਉਂ ਲਿਸ਼ਕੇ ਜਿਵੇਂ ਕੋਈ ਅੰਬਰੋਂ ਟੁੱਟਿਆ ਤਾਰਾ ਸ਼ਰਾਰੇ ਛੱਡਦਾ ਧਰਤੀ ਵੱਲ ਨੂੰ ਆ ਰਿਹਾ ਹੋਵੇ। ਕੰਨਾਂ 'ਚ ਸੰਗੀਤ ਦੇ ਐਟਮ ਫਟ ਰਹੇ ਸਨ, ਅੱਖਾਂ ਰੋਸ਼ਨੀਆਂ ਨਾਲ ਚੁੰਧਿਆ ਗਈਆਂ ਸਨ ਅਤੇ ਆਲੇ-ਦੁਆਲੇ ਨੇ ਜੁਆਨ ਕਲਾਈਆਂ ਦੀਆਂ ਲਹਿਰਾਂ ਤਾਲ ਦੇ ਰਹੀਆਂ ਸਨ। ਪਲ ਦੀ ਪਲ ਬਾਕੀ ਦੁਨੀਆਂ ਵਿਸਰ ਗਈ ਸੀ।

Academy of the Punjab in North America: http://www.apnaorg.com

ਇਸ ਹਾਲ ਦੇ ਨਾਲ ਹੀ ਇੱਕ ਓਪਨ-ਏਅਰ ਥੀਏਟਰ ਸੀ ਜਿਥੇ ਜਾਨਵਰਾਂ ਦੇ ਕਰਤੱਬ ਹੋਣੇ ਸਨ। ਇੱਕ ਨਖਰੇਲੋ ਜਿਹੀ ਨੱਢੀ ਅਤੇ ਉਸ ਦਾ ਸਾਥੀ ਕਲਾਕਾਰ ਮੰਚ ਉਤੇ ਆਏ, ਇੱਕ ਦੂਜੇ ਨਾਲ ਨੋਕ-ਝੋਕ ਕਰਨ ਲੱਗੇ। ਫੇਰ ਉਹ ਆਪਣੇ ਆਪਣੇ ਜਾਨਵਰਾਂ ਨੂੰ ਆਵਾਜ਼ ਮਾਰ ਕੇ ਬੁਲਾਉਂਦੇ ਅਤੇ ਕੋਈ ਤਮਾਸ਼ਾ ਵਿਖਾਉਣ ਲਈ ਆਖਦੇ। ਉਨ੍ਹਾਂ ਵਿਚਕਾਰ ਇੱਕ ਮੁਕਾਬਲਾ ਜਿਹਾ ਹੋ ਗਿਆ। ਕੁੱਕੜ, ਬਿੱਲੀਆਂ, ਕੁੱਤੇ ਅਤੇ ਚੂਹੇ ਆਦਿ ਆਪਣੇ ਮੁੱਢ ਕਦੀਮ ਦਾ ਵੈਰ ਭੁੱਲ ਕੇ ਇਕੱਠੇ ਖੇਡ-ਤਮਾਸ਼ੇ ਕਰ ਰਹੇ ਸਨ। ਨਖਰੇਲੋ ਦਰਸ਼ਕਾਂ ਨੂੰ ਪੁੱਛਦੀ ਕਿ ਜੇ ਕੋਈ ਕਿਸੇ ਜਾਨਵਰ ਦੀ ਖੇਡ ਤੋਂ ਖ਼ੁਸ਼ ਹੋ ਕੇ ‘ਵੇਲ’ ਕਰਾਉਣੀ ਚਾਹੁੰਦਾ ਹੋਵੇ ਤਾਂ ਡਾਲਰ ਤਲੀ ਤੇ ਰੱਖ ਕੇ ਬਾਂਹ ਉੱਚੀ ਕਰੇ। ਉਹ ਤੋਤਾ ਛੱਡਦੀ ਜੋ ਡਾਲਰ ਤਲੀ ਤੋਂ ਚੁੱਕ ਲਿਆਉਂਦਾ। ਅਮਰੀਕਾ ਦਾ ਵਪਾਰੀ ਵੀ ਇਸ ਤੋਤੇ ਵਾਂਗ ਤੁਹਾਡੀ ਤਲੀ ਤੇ ਪੈਸਾ ਨਹੀਂ ਛੱਡਦਾ। ਇਸ ਲਈ ਭਾਵੇਂ ਉਸ ਨੂੰ ਜਾਨਵਰ ਨਚਾਉਣੇ ਪੈਣ ਤੇ ਭਾਵੇਂ ਨੰਗੀਆਂ ਮੁਟਿਆਰਾਂ। ਅਮਰੀਕਨ ਤੋਤੇ ਤਾਂ ਸਾਡੇ ਪੇਂਡੂ ਕਾਲਜੀਏਟਾਂ ਨਾਲੋਂ ਵੱਧ ਅੰਗਰੇਜ਼ੀ ਬੋਲਦੇ ਤੇ ਸਮਝਦੇ ਸਨ। ਘੋਗੜ, ਉੱਲੂ, ਬਾਜ਼, ਚਿੜੀਆਂ ਅਤੇ ਮੋਰ ਆਦਿ ਜਾਨਵਰ ਹਾਲੀਵੁੱਡ ਦੀਆਂ ਫ਼ਿਲਮਾਂ ਵਾਸਤੇ ਸਿਖਾਏ ਗਏ ਸਨ। ਇਨ੍ਹਾਂ ਨੇ ਇੱਕ ਸਕਿੱਟ ਪੇਸ਼ ਕਰਕੇ ਇਹ ਵੀ ਸਿੱਧ ਕੀਤਾ ਕਿ ਉਹ ਕਿਸੇ ਐਕਟਰ ਜਾਂ ਐਕਟਰਸ ਤੋਂ ਘੱਟ ਨਹੀਂ।

ਢਲਦੇ ਦਿਨ ਨਾਲ ਮੇਰੇ ਪੈਰ ਥੱਕਣ ਦੀ ਥਾਂ ਸਗੋਂ ਕਾਹਲੇ ਹੁੰਦੇ ਜਾਂਦੇ ਸਨ ਪਰ ਸਾਰਾ ਕੁੱਝ ਫੇਰ ਵੀ ਕਲਾਵੇ ’ਚ ਆਉਂਦਾ ਨਹੀਂ ਸੀ ਲੱਗਦਾ। ਮੈਂ ਬਹੁਤ ਕੁੱਝ ਛੱਡ ਕੇ ਅੰਤ ਪਾਣੀ ਦੇ ਸੰਸਾਰ ਦਾ ਤਮਾਸ਼ਾ (ਵਾਟਰ ਵਰਲਡ) ਵੇਖਣ ਦਾ ਫੈਸਲਾ ਕੀਤਾ। ਦਰਸ਼ਕਾਂ ਦੀ ਉੱਮਡ-ਉੱਮਡ ਪੈਂਦੀ ਭੀੜ ਤੋਂ ਵੀ ਜਾਪਦਾ ਸੀ ਕਿ ਇਥੇ ਕੋਈ ਅਦਭੁੱਤ ਕ੍ਰਿਸ਼ਮਾ ਵਿਖਾਇਆ ਜਾਵੇਗਾ। ਇਥੇ ਪਾਣੀ ਦੀ ਇੱਕ ਝੀਲ ਸੀ ਜਿਸ ਦੇ ਇੱਕ ਪਾਸੇ ਦਰਸ਼ਕਾਂ ਦੇ ਬੈਠਣ ਲਈ ਸੀਟਾਂ ਸਨ ਅਤੇ ਦੂਜੇ ਪਾਸੇ ਲੋਹੇ ਦੇ ਉੱਚੇ ਚਬੂਤਰੇ, ਕੰਧਾਂ ਅਤੇ ਕਮਰੇ ਸਨ। ਸ਼ੋਅ ਸ਼ੁਰੂ ਹੋਣ ਤੱਕ ਮਸਖਰੇ ਸਰਕਸ ਦੇ ਜੋਕਰਾਂ ਵਾਂਗ ਲੁੱਚੀਆਂ ਹਰਕਤਾਂ ਅਤੇ ਸ਼ਰਾਰਤਾਂ ਨਾਲ ਦਰਸ਼ਕਾਂ ਨੂੰ ਹਸਾਉਂਦੇ ਰਹੇ। ਫੇਰ ਉਨ੍ਹਾਂ ਨੂੰ ਇੱਕ ਨਿਰਾਲੀ ਖੇਡ ਲੱਭ ਗਈ। ਉਹ ਪਾਣੀ ਦੀ ਬਾਲਟੀ ਭਰ ਕੇ ਇੱਕ ਪਾਸੇ ਦੇ ਦਰਸ਼ਕਾਂ ਕੋਲ ਪਹੁੰਚ ਕੇ ਪੁੱਛਦੇ, ‘ਤੁਹਾਡੇ ਉਤੇ ਡੋਲ੍ਹੀਏ ਕਿ ਦੂਜੇ ਪਾਸੇ ਵਾਲਿਆਂ ਉਤੇ?’

‘ਦੂਜੇ ਪਾਸੇ’ ਦਰਸ਼ਕ ਇੱਕ ਆਵਾਜ਼ ਹੋ ਕੇ ਕੂਕਦੇ।

ਮਸਖਰੇ ਦੂਜੇ ਪਾਸੇ ਜਾ ਕੇ ਲੋਕਾਂ ਉਤੇ ਬਾਲਟੀਆਂ ਮੁਧਿਆ ਦਿੰਦੇ। ਫੇਰ ਉਨ੍ਹਾਂ ਦੇ ਕਹੇ ਪਹਿਲੇ ਵਾਲਿਆਂ ਉਤੇ। ਇਉਂ ਉਹ ਸਾਰਿਆਂ ਨੂੰ ਭਿਉਂ ਗਏ। ਗਰਮੀ ਕਰ ਕੇ ਦਰਸ਼ਕ ਹੁੱਸੜੇ ਪਏ

ਸਨ, ਉਂਜ ਵੀ ਬਹੁਤੇ ਕੱਛੀਆਂ ਬਨੈਣਾਂ ਵਿੱਚ ਸਨ, ਫੇਰ ਉਨ੍ਹਾਂ ਦਾ ਕੀ ਭਿੱਜ ਜਾਣਾ ਸੀ? ਉਹ ਤਾਂ ਸਗੋਂ ਇਹੋ ਹੀ ਚਾਹੁੰਦੇ ਸਨ, ਅਖੇ ਨਾਈ ਬਦੋਵਾਲ ਦਾ ਤੇ ਇਹੋ ਕੰਮ ਭਾਲਦਾ।

ਸ਼ੋਅ ਸ਼ੁਰੂ ਹੋਇਆ। ਇਹ ਇੱਕ ਐਕਸ਼ਨ-ਸਟੋਰੀ ਹੀ ਸੀ। ਇੱਕ ਕੁੜੀ ਤੇ ਮੁੰਡਾ ਝੀਲ ਦੇ ਦੋ ਟਾਪੂਆਂ ਉਤੇ ਖੜ੍ਹੇ ਸਨ। ਅੱਖਾਂ ਚਾਰ ਹੋਈਆਂ ਤੇ ਦੋ ਦਿਲ ਇੱਕ ਹੋਏ। ਮੁੰਡਾ ਮੋਟਰ-ਕਿਸ਼ਤੀ ਰਾਹੀਂ ਕੁੜੀ ਦੇ ਟਾਪੂ ਵੱਲ ਵਧਿਆ ਤਾਂ ਵਿੱਚ ਵਿਲੇਨ ਜੀ ਆ ਟਪਕੇ। ਬੱਸ ਸ਼ੁਰੂ ਹੋ ਗਈ ਨੱਠ-ਭੱਜ, ਮਾਰ-ਮਰਾਈ ਅਤੇ ਛੁਪਣ-ਛੁਪਾਈ। ਸਸਪੈਂਸ, ਐਕਸ਼ਨ ਅਤੇ ਐਡਵੈਂਚਰ ਦੇ ਜੀਵੰਤ ਦ੍ਰਿਸ਼। ਨਾਇਕ ਮੁੰਡਾ ਕਿਧਰੇ ਤਾਰ ਤੇ ਡ੍ਹੂਟ-ਡ੍ਹੂਟ ਲੰਘਦਾ ਦਿਸਦਾ ਅਤੇ ਕਿਤੇ ਪੁੱਠਾ ਟੰਗਿਆ ਹੋਇਆ। ਕਦੇ ਉਹ ਵਰ੍ਹਦੀਆਂ ਗੋਲੀਆਂ 'ਚੋਂ ਮਸਾਂ ਬਚਦਾ ਅਤੇ ਕਦੇ ਬੰਬ ਧਮਾਕਿਆਂ 'ਚ ਘਿਰ ਜਾਂਦਾ। ਪਰ ਉਹ ਬਜ਼ਿਦ ਸੀ ਕਿਸੇ ਵੀ ਕੀਮਤ ਉਤੇ ਆਪਣੀ ਪ੍ਰੇਮਿਕਾ ਨੂੰ ਪ੍ਰਾਪਤ ਕਰਨ ਲਈ। ਮੁਟਿਆਰ ਵੀ ਸਿਰੜ ਪੱਖੋਂ ਮੁੰਡੇ ਨਾਲੋਂ ਦੋ ਰੱਤੀਆਂ ਵੱਧ ਹੀ ਸੀ। ਇਸ਼ਕ 'ਚ ਲਟ-ਲਟ ਮਸ਼ਾਲ ਵਾਂਗੂੰ ਬਲਦੀ, ਪ੍ਰੇਮੀ ਲਈ ਕੂਕਾਂ ਮਾਰਦੀ ਅਤੇ ਖੰਡੇ ਦੀ ਧਾਰ ਉਤੇ ਨੱਚਦੀ। ਉਹ ਸੋਹਣੀ ਵਾਂਗ ਕਿਤੇ ਝੀਲ 'ਚ ਗੋਤੇ ਖਾਂਦੀ ਨਜ਼ਰ ਆਉਂਦੀ ਅਤੇ ਕਦੇ ਸੱਸੀ ਵਾਂਗ ਆਤਸ਼ ਦੇ ਦਰਿਆ ਨੂੰ ਲੰਘਣ ਦੇ ਹੰਭਲੇ ਮਾਰਦੀ। ਕਪੜੇ ਲੀਰੋ-ਲੀਰ, ਗੋਰਾ ਬਦਨ ਲਹੂ ਲੁਹਾਨ ਅਤੇ ਸੀਨੇ 'ਚ ਮਘਦੀ ਪ੍ਰੇਮੀ ਲਈ ਤਾਂਘ। 'ਤੁਰਸਾਂ ਮੂਲ ਨਾ ਮੁੜਸਾਂ ਰਾਹੋਂ ਜਾਨ ਤਲੀ ਪਰ ਧਰਸਾਂ' ਵਾਲੀ ਦ੍ਰਿੜ੍ਹਤਾ ਨਾਲ ਉਹ ਪੁੱਠੀ ਖੱਲ ਲੁਹਾਉਣ ਲਈ ਤਿਆਰ ਸੀ। ਇਉਂ ਆਸ਼ਕਾਂ ਅਤੇ ਕੈਦੋਆਂ ਵਿਚਕਾਰ ਖ਼ੂਨੀ ਜੰਗ ਦਾ ਮਹਾਂਭਾਰਤ ਛਿੜਿਆ ਹੋਇਆ ਸੀ। ਹਿੰਦੀ ਫ਼ਿਲਮ ਵਿੱਚ ਅਜਿਹਾ ਕੁੱਝ ਕੈਮਰੇ ਦੇ ਟਰਿੱਕਾਂ ਰਾਹੀਂ ਵਿਖਾਇਆ ਜਾਂਦਾ ਹੈ ਅਤੇ ਬਹੁਤੀ ਵਾਰ ਜਾਅਲੀ ਜਿਹਾ ਲੱਗਦਾ ਹੈ ਪਰ ਇਥੇ ਤਾਂ ਸਾਰਾ ਕੁੱਝ ਆਪਣੀਆਂ ਅੱਖਾਂ ਅੱਗੇ ਵਾਪਰ ਰਿਹਾ ਸੀ।

ਉਦੋਂ ਤਾਂ ਹੈਰਾਨੀ ਦੀ ਹੱਦ ਹੀ ਨਾ ਰਹੀ ਜਦੋਂ ਇੱਕ ਸੱਚੀਂ ਮੁੱਚੀਂ ਦਾ ਜਹਾਜ਼ ਉਡਦਾ ਹੋਇਆ ਆਇਆ ਅਤੇ ਧੜੰਮ ਦੇਣੇ ਝੀਲ ਵਿੱਚ ਆ ਉਤਰਿਆ। ਪਾਣੀ ਦੀਆਂ ਛੱਲਾਂ ਦਰਸ਼ਕਾਂ ਤੱਕ ਗਈਆਂ। ਉਸ ਵਿਚੋਂ ਉਹੀ ਪ੍ਰੇਮੀ-ਜੋੜਾ ਨਿਕਲਿਆ। ਅਖੇ 'ਤੈਨੂੰ ਭੱਜਿਆਂ ਜਾਣ ਨਾ ਦੇਣਗੇ'। ਭਲਾ 'ਉੱਧਲ ਗਈਆਂ ਦੇ ਚੋਰ' ਨੂੰ ਕੌਣ ਭੱਜਣ ਦਿੰਦਾ ਹੈ? ਪਿੱਛੇ ਪਿੱਛੇ ਵਾਹਰ ਵੀ ਜਹਾਜ਼ ਉਤੇ ਆ ਪਹੁੰਚੀ। ਫੇਰ ਘਮਸਾਣ ਦਾ ਯੁੱਧ ਛਿੜਿਆ। ਤੋਪਾਂ ਚੱਲੀਆਂ, ਬੰਬ ਫਟੇ ਅਤੇ ਪਾਣੀਆਂ ਨੂੰ ਅੱਗਾਂ ਲੱਗੀਆਂ। ਕਿੰਨਾ ਔਖਾ ਸੀ ਆਸ਼ਕਾਂ ਨੂੰ ਆਤਸ਼ ਦਾ ਦਰਿਆ ਲੰਘਣਾ? ਦਰਸ਼ਕ ਤਣੇ ਬੈਠੇ ਸਨ। ਅੰਤ ਪ੍ਰੇਮੀ ਮਿਲੇ,

Academy of the Punjab in North America: http://www.apnaorg.com

ਗਲਵਕੜੀਆਂ ਪਈਆਂ, ਹੋਠ ਚੁੰਮੇ ਅਤੇ ਖੁਸ਼ੀ ਵਿੱਚ ਹਾਸੇ ਦੀ ਫ਼ੁਹਾਰ ਛੁੱਟੀ। ਦਰਸ਼ਕਾਂ ਨੂੰ ਸੁਖ ਦਾ ਸਾਹ ਆਇਆ।

ਇਸ ਨਾਟਕ ਵਿੱਚ ਹਰ ਐਕਸ਼ਨ ਜਾਨ ਹੀਲ ਕੇ ਕਰਨ ਵਾਲਾ ਸੀ ਪਰ ਇਹ ਸ਼ਿੱਦਤ ਨਾਲ ਕੀਤਾ ਗਿਆ। ਹਾਲੀਵੁੱਡ ਦੀਆਂ ਐਕਸ਼ਨ-ਭਰਪੂਰ ਫ਼ਿਲਮਾਂ ਵੇਖ ਵੇਖ ਸੁਰਤ-ਸੰਭਾਲਣ ਵਾਲੇ ਅਮਰੀਕੀਆਂ ਨੂੰ ਸੰਤੁਸ਼ਟ ਕਰਨਾ ਕਿਹੜਾ ਬੱਚੇ ਨੂੰ ਲੋਲੀਪੋਪ ਦੇ ਕੇ ਵਰਾਉਣ ਜਿੰਨਾ ਸੌਖਾ ਸੀ? ਇਹ ਸ਼ੋਅ ਵੇਖ ਕੇ ਜਾਪਿਆ ਕਿ ਸਟੰਟ ਦੀ ਦੁਨੀਆਂ ਪਰ੍ਹੇ ਤੋਂ ਪਰ੍ਹੇ ਹੈ। ਜਿੰਨਾ ਕੁੱਝ ਵੇਖਿਆ ਸੀ ਉਸ ਨੇ ਹੀ ਧਰਤੀ ਤੋਂ ਪੈਰ ਚੁੱਕ ਦਿੱਤੇ ਸਨ, ਅਜੇ ਖ਼ਬਰੇ ਹੋਰ ਕਿੰਨਾ ਕੁ ਅਲੋਕਾਰੀ ਵੇਖਣ ਵਾਲਾ ਰਹਿ ਗਿਆ ਸੀ। ਚਲੋ ਫੇਰ ਕਦੇ ਸਹੀ ਅਜੇ ਕਿਹੜਾ 'ਹੀਰ ਮਰ ਗਈ ਸੀ ਜਾਂ ਵੰਝਲੀ ਟੁੱਟ ਗਈ' ਸੀ, ਇਹ ਕਹਿ ਕੇ ਮਨ ਸਮਝਾ ਲਿਆ ਅਤੇ ਸਟੂਡੀਓ ਦੇ ਬਾਹਰ ਵੱਲ ਤੁਰ ਪਿਆ।

## ਗਲੀ ਗਲੀ ਵਿੱਚ ਕਲਾ ਦਾ ਛਿੱਟਾ

ਜੇ ਮੈਂ ਕਲਾ ਦਾ ਭੁੱਖਾ ਸਾਂ ਤਾਂ ਲਾਸ ਏਂਜਲਸ ਦੀ ਥਾਲੀ ਵਿੱਚ ਵੀ ਕਲਾ-ਪਕਵਾਨ ਦੇ ਛੱਤੀ ਭੋਜਨ ਪਰੋਸੇ ਪਏ ਸਨ। ਇਥੇ ਤਾਂ ਜਿਵੇਂ ਹਰੇਕ ਗਲੀ ਵਿੱਚ ਹੀ ਕੋਈ ਨਾ ਕੋਈ ਵੇਖਣਯੋਗ ਸ਼ੋਅ ਸੀ। ਮੈਂ ਸਵੇਰ ਤੋਂ ਰਾਤ ਤੱਕ ਕਲਾ ਦੀ ਦੁਨੀਆਂ ਵਿੱਚ ਹੀ ਮਸਤ ਰਹਿੰਦਾ।

ਵਿਲਸਹਾਇਰ ਬੁਲਵਰਡ ਦੇ ਇਲਾਕੇ 'ਚ ਬਣੇ ਇੱਕ ਕਾਰਾਂ ਦੇ ਮਿਊਜ਼ੀਅਮ 'ਪੀਟਰਸਨ' ਤੋਂ ਮੈਂ ਇਹ ਸਿਲਸਿਲਾ ਸ਼ੁਰੂ ਕੀਤਾ। ਤਿੰਨ ਲੱਖ ਵਰਗ ਗਜ਼ ਦੀ ਵੱਡੀ ਇਮਾਰਤ ਵਿੱਚ ਦੋ ਸੌ ਵੰਨ-ਸੁਵੰਨੀਆਂ ਕਾਰਾਂ ਦੀ ਨੁਮਾਇਸ਼ ਲਾਈ ਗਈ ਸੀ। ਦੁਨੀਆਂ 'ਚ ਬਣੀ ਪਹਿਲੀ ਬੱਘੀ-ਨੁਮਾ ਕਾਰ ਤੋਂ ਲੈ ਕੇ ਜੈੱਟ-ਕਾਰ ਤੱਕ ਸਭ ਪ੍ਰਸਿੱਧ ਕਾਰਾਂ ਦੇ ਮਾਡਲ ਇਥੇ ਰੱਖੇ ਹੋਏ ਸਨ। ਹੁਣ ਤੱਕ ਕਾਰਾਂ ਬਨਾਉਣ ਦੇ ਖੇਤਰ ਵਿੱਚ ਕਿਸ ਕਿਸ ਤਰ੍ਹਾਂ ਦੇ ਤਜ਼ਰਬੇ ਹੁੰਦੇ ਰਹੇ ਸਨ, ਇਹ ਗੱਲ ਕਾਰਾਂ ਨਾਲ ਲੱਗੇ ਬੋਰਡਾਂ ਦੀ ਲਿਖਤ ਨੂੰ ਪੜ੍ਹ ਕੇ ਵੀ ਜਾਣੀ ਜਾ ਸਕਦੀ ਸੀ ਅਤੇ ਡਾਕੂਮੈਂਟਰੀ ਫ਼ਿਲਮ ਵੇਖ ਕੇ ਵੀ। ਕਾਰਾਂ ਦੇ ਸ਼ੌਕੀਨ ਇਨ੍ਹਾਂ ਨੂੰ ਮਖ਼ਿਆਲ ਵਾਂਗ ਚੁੰਬੜੇ ਹੋਏ ਸਨ।

ਕਾਰ ਅਮਰੀਕਾ ਦੀ ਪ੍ਰਮੁੱਖ ਸਵਾਰੀ ਹੈ, ਜਿਵੇਂ ਰਾਜਸਥਾਨ ਵਿੱਚ ਬੋਤਾ। ਅਮਰੀਕਾ ਦੀਆਂ ਸੜਕਾਂ ਉਤੇ ਕਾਰਾਂ ਦਾ ਦਰਿਆ ਵਗਦਾ ਹੈ। ਅੱਗੜ-ਪਿੱਛੜ ਇੱਕ ਮਾਡਲ ਦੀਆਂ ਕਾਰਾਂ ਜਾਂਦੀਆਂ ਮੈਨੂੰ ਕਦੇ ਨਜ਼ਰ ਨਹੀਂ ਆਈਆਂ ਅਤੇ ਨਾ ਹੀ ਪਾਰਕ ਕੀਤੀਆਂ ਕਾਰਾਂ ਵਿੱਚ ਇਕੋ ਮਾਡਲ ਦੀਆਂ ਦੋ

ਕਾਰਾਂ ਇਕੱਠੀਆਂ ਦਿਸੀਆਂ। ਲੋਕਾਂ ਨੂੰ ਨਵੇਂ ਤੋਂ ਨਵੇਂ ਮਾਡਲ ਦੀ ਕਾਰ ਖਰੀਦਣ ਦਾ ਜਾਨੂੰਨ ਹੈ। ਇਸ ਮਿਊਜ਼ੀਅਮ ਵਿੱਚ ਆਪਣੀ ਮਨ-ਪਸੰਦ ਦਾ ਮਾਡਲ ਜਾਂਚਿਆ-ਪਰਖਿਆ ਜਾ ਸਕਦਾ ਸੀ।

ਇਥੇ ਕੁੱਝ ਉਨ੍ਹਾਂ ਕਾਰਾਂ ਦੇ ਨਮੂਨੇ ਵੀ ਰੱਖੇ ਗਏ ਸਨ ਜਿਨ੍ਹਾਂ ਨੂੰ ਕਦੇ ਕੋਈ ਰਾਜਾ-ਮਹਾਰਾਜਾ, ਪ੍ਰਸਿੱਧ ਲੇਖਕ ਜਾਂ ਰਾਸ਼ਟਰਪਤੀ ਚਲਾਉਂਦਾ ਸੀ। ਹੁਣ ਦੇ ਪ੍ਰਸਿੱਧ ਐਕਟਰਾਂ, ਵਪਾਰੀਆਂ ਅਤੇ ਲੀਡਰਾਂ ਵੱਲੋਂ ਵਰਤੀਆਂ ਜਾਂਦੀਆਂ ਕਾਰਾਂ ਦੇ ਨਮੂਨੇ ਵੀ ਇਥੇ ਸਨ। ਇਹ ਕਾਰਾਂ ਚਲਾਉਣ ਲਈ ਵਰਤੋਂ ਕਰਨ ਤੋਂ ਜ਼ਿਆਦਾ 'ਆਰਟ ਪੀਸ' ਲਗਦੀਆਂ ਸਨ। ਅਮਰੀਕਾ ਦੀ ਹਰ ਚੀਜ਼ ਵਿੱਚ ਹੀ ਕਲਾਸਿਕ ਅਤੇ ਆਧੁਨਿਕ ਦਾ ਬੜਾ ਢੁਕਵਾਂ ਸੁਮੇਲ ਹੈ। ਕਾਰਾਂ ਦੇ ਸ਼ੈਦਾਈ ਤਾਂ ਇੱਕ ਇਕ ਕਾਰ ਸਾਹਵੇਂ ਘੰਟਿਆਂ-ਬੱਧੀ ਬੈਠੇ ਹੋਏ ਦਿਖਾਈ ਦਿੰਦੇ ਹਨ ਪਰ ਮੈਂ ਤਰਦੀ ਨਜ਼ਰ ਮਾਰਦਾ ਅੱਗੇ ਲੰਘਦਾ ਗਿਆ। ਮੇਰੇ ਵਰਗੇ ਜਿਹੜੇ ਅਜੇ ਅਜਿਹੀਆਂ ਕਲਾਤਮਕ ਕਾਰਾਂ ਖਰੀਦਣ ਦੀ ਹੈਸੀਅਤ ਵਿੱਚ ਨਹੀਂ ਸਨ ਉਹ ਉਨ੍ਹਾਂ ਨਾਲ ਪਾਸਾ ਲਾ ਕੇ ਫੋਟੋ ਖਿਚਵਾਉਂਦੇ ਅਤੇ ਪ੍ਰਸੰਨਚਿੱਤ ਹੋ ਕੇ ਅੱਗੇ ਤੁਰ ਪੈਂਦੇ ਸਨ।

ਕਾਰ-ਮਿਊਜ਼ੀਅਮ ਦੇ ਨੇੜੇ ਹੀ ਬਣੇ 'ਮਿਊਜ਼ੀਅਮ ਆਫ਼ ਮਿਨੀਏਚਰਜ਼' ਦਾ ਪ੍ਰਮੁੱਖ ਵਿਸ਼ਾ ਸੀ 'ਕਲਾਤਮਕ ਘਰ ਦਾ ਡਿਜ਼ਾਇਨ'। ਜੇ ਇਹ ਗੱਲ ਸੱਚ ਹੈ ਕਿ ਘਰ ਵਿਚਲੇ ਸਾਜ਼ੋ-ਸਮਾਨ ਅਤੇ ਸਜਾਵਟੀ-ਵਸਤਾਂ ਦੀ ਵੰਨਗੀ ਤੋਂ ਘਰ ਵਾਲਿਆਂ ਦੀ ਸ਼ਖ਼ਸੀਅਤ ਦਾ ਅਨੁਮਾਨ ਲਾਇਆ ਜਾ ਸਕਦਾ ਹੈ ਤਾਂ ਕੌਣ ਨਹੀਂ ਚਾਹੇਗਾ ਕਿ ਉਸ ਦਾ ਘਰ ਉਸ ਦੇ ਸੁਪਨਿਆਂ ਦੇ ਹਾਣ ਦਾ ਹੋਵੇ? ਨਾਲੇ ਆਖਦੇ ਹਨ ਕੁੱਤਾ ਵੀ ਪੂਛ ਨਾਲ ਥਾਂ ਸੰਵਾਰ ਕੇ ਬੈਠਣਾ ਪਸੰਦ ਕਰਦਾ ਹੈ। ਫੇਰ ਬੰਦਾ ਤਾਂ ਆਪਣੇ ਆਪ ਨੂੰ ਸਰਿਸ਼ਟੀ ਦੀ ਉਤਮ ਸਿਰਜਣਾ ਆਖਦਾ ਹੈ। ਉਸ ਨੇ ਘਰ ਵਿੱਚ ਸਿਰਫ ਰਾਤ ਹੀ ਨਹੀਂ ਕੱਟਣੀ ਹੁੰਦੀ ਸਗੋਂ ਇੱਕ ਸੁਹਜ-ਭੁੱਖ ਵੀ ਪੂਰੀ ਕਰਨੀ ਹੁੰਦੀ ਹੈ। ਮੈਨੂੰ ਜਾਪਦਾ ਹੈ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣਾ ਲੇਖ 'ਘਰ ਦਾ ਪਿਆਰ' ਜ਼ਰੂਰ ਕੋਈ ਅਜਿਹਾ ਮਿਊਜ਼ੀਅਮ ਵੇਖ ਕੇ ਹੀ ਲਿਖਿਆ ਹੋਵੇਗਾ। 'ਇਕ ਬੰਗਲਾ ਬਣੇ ਨਿਆਰਾ' ਦਾ ਸੁਪਨਾ ਕੌਣ ਨਹੀਂ ਵੇਖਦਾ?

ਇਸ ਮਿਊਜ਼ੀਅਮ ਵਿੱਚ ਸੁਪਨਿਆਂ ਦਾ ਘਰ ਬਨਾਉਣ ਵਾਸਤੇ ਅਨੇਕਾਂ ਨੁਕਤੇ ਸਮਝਾਏ ਗਏ ਸਨ। ਕੁਰਸੀਆਂ, ਸੋਫ਼ੇ ਅਤੇ ਮੇਜ਼ ਤਾਂ ਕਲਾਤਮਕ ਡਿਜ਼ਾਇਨ ਵਾਲੇ ਰੱਖੇ ਹੀ ਹੋਏ ਸਨ, ਇਸ ਦੇ ਨਾਲ ਨਾਲ ਸੁਹਣੇ ਘਰਾਂ ਦੇ ਮਾਡਲ ਵੀ ਰੱਖੇ ਹੋਏ ਸਨ। ਰਾਜਿਆਂ, ਮਹਾਰਾਜਿਆਂ ਅਤੇ ਰਾਈਸਾਂ ਦੇ ਘਰਾਂ ਦਾ ਕਲਾਸਿਕ ਸਾਜ਼ੋ-ਸਮਾਨ ਅਤੇ ਘਰਾਂ ਦੇ ਨਮੂਨੇ ਇਥੇ ਪਏ ਸਨ। ਅਜਿਹੇ ਮਿਊਜ਼ੀਅਮ ਕਲਾ ਨੂੰ ਜ਼ਿੰਦਗੀ ਨਾਲ ਇਕ-ਸੁਰ ਕਰਨ ਲਈ ਬੜੀ ਪ੍ਰੇਰਣਾ ਦਾ ਕੰਮ ਕਰਦੇ ਹਨ। ਸਾਡੇ ਅਮੀਰ ਵਰਗਾਂ

’ਚ ਵੀ ਜੋ ਮਾਹਰਾਂ ਕੋਲੋਂ ਘਰ ਦੀ ਸਜਾਵਟ ਕਰਾਉਣ ਦਾ ਰਿਵਾਜ਼ ਵਧ ਰਿਹਾ ਹੈ, ਇਹ ਪੱਛਮ ਵੱਲੋਂ ਹੀ ਆਇਆ ਜਾਪਦਾ ਹੈ।

ਇਥੋਂ ਇੱਕ ਦੋ ਗਲੀਆਂ ਅੱਗੇ ਜਾ ਕੇ ‘ਕਾਉਂਟੀ ਮਿਊਜ਼ੀਅਮ ਆਫ਼ ਆਰਟ’ ਸੀ। ਇੱਕ ਖੁੱਲ੍ਹੇ ਖ਼ੂਬਸੂਰਤ ਆਂਗਣ ਦੇ ਦੁਆਲੇ ਚਾਰ ਦਿਓ-ਕੱਦ ਇਮਾਰਤਾਂ ਸਨ। ਇਹ ਸਾਰੀਆਂ ਦੀਆਂ ਸਾਰੀਆਂ ਮਿਸਰ, ਚੀਨ, ਜਾਪਾਨ, ਭਾਰਤ, ਯੂਨਾਨ, ਅਫਰੀਕਾ ਅਤੇ ਯੂਰਪ ਆਦਿ ਦੇ ਕਲਾ-ਭੰਡਾਰ ਸਾਂਭੀ ਬੈਠੀਆਂ ਸਨ। ਇਥੇ ਲੱਤਾਂ ਹੰਭ ਜਾਂਦੀਆਂ ਹਨ ਪਰ ਕਲਾ-ਪ੍ਰਦਰਸ਼ਨੀਆਂ ਦੀ ਓੜਕ ਨਹੀਂ ਆਉਂਦੀ। ਕਲਾ ਦੇ ਇਤਿਹਾਸ ਵਿੱਚ ਆਉਂਦੇ ਰਹੇ ਪਰਿਵਰਤਨਾਂ ਨੂੰ ਨੀਝ ਨਾਲ ਜਾਨਣ ’ਚ ਰੁਚੀ ਰੱਖਣ ਵਾਲਿਆਂ ਲਈ ਇਹ ਮਿਊਜ਼ੀਅਮ ਇੱਕ ਖ਼ਜ਼ਾਨਾ ਹੈ।

ਸਨਾਤਨਵਾਦ, ਨਵ-ਸਨਾਤਨਵਾਦ, ਰੁਮਾਂਸਵਾਦ, ਯਥਾਰਥਵਾਦ, ਆਧੁਨਿਕਵਾਦ ਅਤੇ ਉਤਰ-ਆਧੁਨਿਕਵਾਦ ਦਾ ਸਫ਼ਰ ਕਲਾ ਨੇ ਕਿਵੇਂ ਤਹਿ ਕੀਤਾ, ਇਸ ਦੇ ਨਮੂਨੇ ਕੰਧਾਂ ਉਤੇ ਟੰਗੇ ਪਏ ਸਨ। ਡੂੰਘਾ ਅਧਿਐਨ ਕਰਨ ਵਾਲਿਆਂ ਲਈ ਅੰਦਰ ਸਟੱਡੀ-ਸੈਂਟਰ ਵੀ ਸਨ ਅਤੇ ਡਾਕੂਮੈਂਟਰੀ ਫ਼ਿਲਮਾਂ ਵੀ। ਜੇ ਚਿੱਤਰਕਾਰੀ ਦੀ ਭਾਸ਼ਾ ਨਾ ਸਮਝ ਆਉਂਦੀ ਹੋਵੇ ਤਾਂ ਇਥੇ ਬਹੁਤ ਵਾਜ਼ਬ ਰੇਟ ਉਤੇ ‘ਗਾਈਡ’ ਵੀ ਮਿਲ ਜਾਂਦੇ ਸਨ ਪਰ ਉਹ ਇੱਕ ਇਕ ਚਿੱਤਰ ਨੂੰ ਸਮਝਾਉਣ ਉਤੇ ਕਈ ਵਾਰ ਅੱਧਾ ਘੰਟਾ ਵੀ ਲਾ ਦਿੰਦੇ। ਇਉਂ ਤਾਂ ਇਹ ਮਿਊਜ਼ੀਅਮ ਮਹੀਨੇ ਭਰ ’ਚ ਹੀ ਮਸਾਂ ਵੇਖਿਆ ਜਾ ਸਕਦਾ ਸੀ।

ਮੇਰੀ ਯੂਨਾਨੀ ਮਿੱਥ ਅਤੇ ਯੂਰਪੀ ਇਤਿਹਾਸ ਦੀ ਸਮਝ ਬੱਸ ਮਸਾਂ ਕੰਮ ਸਾਰਨ ਜਿੰਨੀ ਹੀ ਹੈ, ਫੇਰ ਵੀ ਇਹ ਕਲਾ-ਕਿਰਤਾਂ ਮੈਨੂੰ ਲੋੜ ਅਨੁਸਾਰ ਸਮਝ ਆਉਂਦੀਆਂ ਰਹੀਆਂ। ਇਨ੍ਹਾਂ ਵਿੱਚ ਧਰਮ, ਰੁਮਾਂਸ ਅਤੇ ਯਥਾਰਥ ਦਾ ਬੜਾ ਕਲਾਤਮਕ ਸੁਮੇਲ ਵੇਖਣ ਨੂੰ ਮਿਲਦਾ ਹੈ। ਇਥੋਂ ਤੱਕ ਕਿ ਈਸਾ ਮਸੀਹ ਦੇ ਜੀਵਨ-ਬਿਰਤਾਂਤ ਨਾਲ ਸਬੰਧਿਤ ਚਿੱਤਰਾਂ ਵਿੱਚ ਧਾਰਮਿਕਤਾ ਦੇ ਨਾਲ ਨਾਲ ਰੁਮਾਂਸ ਦੇ ਅੰਸ਼ ਨਜ਼ਰ ਆਉਂਦੇ ਹਨ ਤਾਂ ਨਿਊਡ ਚਿੱਤਰਾਂ ਵਿੱਚ ਰੁਮਾਂਸ ਨਾਲ ਧਾਰਮਿਕਤਾ ਗੁੰਨ੍ਹੀ ਮੂਰਤੀਮਾਨ ਹੁੰਦੀ ਹੈ। ਪੱਛਮੀ ਦਰਸ਼ਨ ਵਿੱਚ ਸਰੀਰ ਨੂੰ ਆਤਮਾ ਜਿੰਨਾ ਹੀ ਮਹੱਤਵ ਦਿੱਤਾ ਜਾਂਦਾ ਰਿਹਾ ਹੈ ਜਿਸ ਦੇ ਪ੍ਰਭਾਵ ਇਨ੍ਹਾਂ ਚਿੱਤਰਾਂ ਵਿੱਚ ਉਕਰੇ ਪਏ ਹਨ। ਪੱਛਮੀ ਚਿੱਤਰਕਾਰ ਮਨੁੱਖੀ ਮਾਸੂਮੀਅਤ ਚਿਤਰਣ ਦੇ ਸ਼ੈਦਾਈ ਹਨ। ਬੱਚੇ ਨੂੰ ਦੁੱਧ ਚੁੰਘਾਉਂਦੀ ਮਾਂ ਦਾ ਚਿੱਤਰ ਕਈ ਰੂਪਾਂ-ਰੰਗਾਂ ’ਚ ਵੇਖਿਆ।

Academy of the Punjab in North America: http://www.apnaorg.com

ਇਸ ਮਿਊਜ਼ੀਅਮ ਵਿੱਚ ਪਿਕਾਸੋ, ਵਾਨ ਗਾਗ ਅਤੇ ਹੋਰ ਜਗਤ-ਪ੍ਰਸਿੱਧ ਪੱਛਮੀ ਚਿੱਤਰਕਾਰਾਂ ਦੇ ਨਾਲ ਜਦੋਂ ਮੈਂ ਸਾਡੇ ਫਿਦਾ ਹੁਸੈਨ ਦੇ ਚਿੱਤਰ ਟੰਗੇ ਵੇਖੇ ਤਾਂ ਮੇਰਾ ਮਾਣ ਨਾਲ ਸਿਰ ਉੱਚਾ ਹੋ ਗਿਆ।

ਪੱਛਮ ਵਿੱਚ ਚਿੱਤਰਕਾਰੀ ਦੀ ਪਰੰਪਰਾ ਸਾਹਿਤ ਨਾਲੋਂ ਵੀ ਦੋ ਕਦਮ ਅੱਗੇ ਰਹੀ ਹੈ ਇਸ ਲਈ ਇਹ ਆਮ ਲੋਕਾਂ ਤੱਕ ਰਸਾਈ ਰੱਖਣ ਲੱਗ ਪਈ ਹੈ। ਕੈਨਵਸ ਅਤੇ ਬੁਰਸ਼ ਲੈ ਕੇ ਕਿਸੇ ਕਲਾਸਿਕ ਕਲਾ-ਕਿਰਤ ਦੀ ਨਕਲ ਰਾਹੀਂ ਆਪਣਾ ਹੱਥ ਖੋਲ੍ਹ ਰਹੇ ਸਿਖਾਂਦਰੂ ਮੰਤਰ-ਮੁਗਧ ਹੋਏ ਬੈਠੇ ਇਸ ਮਿਊਜ਼ੀਅਮ ’ਚ ਆਮ ਹੀ ਨਜ਼ਰ ਆਉਂਦੇ ਹਨ। ਕਿਸੇ ਕਿਸੇ ਚਿੱਤਰ ਅੱਗੇ ਸਕੂਲੀ ਬੱਚਿਆਂ ਦੀ ਟੋਲੀ ਬੈਠੀ ਨਜ਼ਰ ਆਉਂਦੀ ਹੈ ਜਿਸ ਨੂੰ ਆਰਟ-ਟੀਚਰ ਕਲਾ ਦੀਆਂ ਬਰੀਕੀਆਂ ਸਮਝਾਉਂਦੀ ਦਿਸਦੀ ਹੈ। ਇਥੇ ਨੰਨ੍ਹੇ-ਮੁੰਨਿਆਂ ਦੀ ਕੁੱਖ ਵਿੱਚ ਕਲਾ ਦਾ ਬੀਜ ਰੱਖਿਆ ਜਾਂਦਾ ਹੈ ਜਿਹੜਾ ਢੁਕਵਾਂ ਵਾਤਾਵਰਨ ਮਿਲਣ ਉਤੇ ਪੁੰਘਰਨ ਲਗਦਾ ਹੈ। ਅਜਿਹੇ ਪ੍ਰੇਰਣਾ ਸਰੋਤਾਂ ਕਰਕੇ ਅਮਰੀਕਾ ਦਾ ਹਰੇਕ ਬੱਚਾ ਕਿਸੇ ਨਾ ਕਿਸੇ ਕਲਾ ਰੂਪ ’ਚ ਮੁਹਾਰਤ ਹਾਸਲ ਕਰਨ ਦਾ ਯਤਨ ਕਰਦਾ ਹੈ। ਸਾਡੇ ਪੰਜਾਬੀ ਪਰਿਵਾਰਾਂ ਦੇ ਬੱਚੇ ਵੀ ਇਸ ਪਾਸੇ ਆ ਰਹੇ ਹਨ। ਮੈਨੂੰ ਮਿਊਜ਼ੀਅਮਾਂ ਵਿੱਚ ਛੱਡਣ ਅਤੇ ਲੈਣ ਆਉਂਦੀ ਜੀਤੋ ਪਿਆਨੋ ਵਿੱਚ ਪੂਰੀ ਮੁਹਾਰਤ ਹਾਸਲ ਕਰ ਚੁੱਕੀ ਸੀ ਅਤੇ ਰਾਤ ਨੂੰ ਪਿਆਨੋ ਦੀ ਇੱਕ ਅੱਧ ਵੰਨਗੀ ਜ਼ਰੂਰ ਪੇਸ਼ ਕਰਦੀ ਸੀ। ਇਹ ਸਾਰੇ ਮਿਊਜ਼ੀਅਮ ਤਾਂ ਉਹ ਪਹਿਲਾਂ ਹੀ ਗਾਹ ਚੁੱਕੀ ਸੀ।

ਬੁਲਵਰਡ ਦੀਆਂ ਇਨ੍ਹਾਂ ਗਲੀਆਂ ਵਿੱਚ ਮੈਂ ਚਾਰ ਕੁ ਮਿਊਜ਼ੀਅਮ ਹੋਰ ਵੀ ਵੇਖੇ। ਇੱਕ ਡਾਇਨਾਸੋਰ ਬਾਰੇ, ਦੂਜਾ ਸਮੁੰਦਰੀ ਖਣਿਜਾਂ ਬਾਰੇ, ਤੀਜਾ ਲੋਕ-ਕਲਾ ਸਬੰਧੀ ਅਤੇ ਚੌਥਾ ਮਨੁੱਖ ਦੇ ਕੁਦਰਤੀ ਵਿਕਾਸ ਬਾਰੇ। ਇੱਕ ਤੋਂ ਇੱਕ ਚੜ੍ਹਦਾ ਸੀ।

ਵਿਲਸਹਾਇਰ ਤੋਂ ਦੂਜੀ ਦਿਸ਼ਾ ਵਿੱਚ ਹਾਲੀਵੁੱਡ ਬੁਲਵਰਡ ਸੀ। ਇਸ ਬਾਜ਼ਾਰ ਵਿੱਚ ਜ਼ਿਆਦਾਤਰ ਮਿਊਜ਼ੀਅਮ ਫ਼ਿਲਮਾਂ ਨਾਲ ਸਬੰਧਿਤ ਸਨ। ਇਸ ਬਾਜ਼ਾਰ ਵਿੱਚ ਮੀਲ-ਦੋ ਮੀਲ ਤੱਕ ਇਨਾਮ-ਜੇਤੂ ਫ਼ਿਲਮੀ ਅਦਾਕਾਰਾਂ ਅਤੇ ਗਾਇਕਾਂ ਦੇ ਨਾਮ ਪਿੱਤਲ ਦੇ ਸਿਤਾਰਿਆਂ ਵਿੱਚ ਉਕਰ ਕੇ ਫੁੱਟ ਪਾਥਾਂ ਵਿੱਚ ਜੜੇ ਹੋਏ ਸਨ। ਇਨ੍ਹਾਂ ਕਲਾਕਾਰਾਂ ਦੇ ਆਸ਼ਕ (ਫੈਨ) ਇਨ੍ਹਾਂ ਨਾਵਾਂ ਦੁਆਲੇ ਪਲੱਥਾ ਮਾਰ ਕੇ ਬੈਠੇ ਆਮ ਵਿਖਾਈ ਦਿੰਦੇ ਸਨ। ਉਹ ਇਨ੍ਹਾਂ ਨਾਲ ਤਸਵੀਰਾਂ ਖਿਚਵਾਉਂਦੇ। ਇਨ੍ਹਾਂ ਅੱਖਰਾਂ ਵਿਚੋਂ ਉਨ੍ਹਾਂ ਨੂੰ ‘ਯਾਰ ਦੀ ਦੀਦ’ ਹੁੰਦੀ। ਤੁਰਦਿਆਂ ਤੁਰਦਿਆਂ ਚਾਰ-ਪੰਜ ਨਾਂ ਮੇਰੇ ਜਾਣੇ-ਪਛਾਣੇ ਵੀ ਆਏ ਜਿਨ੍ਹਾਂ ਵਿਚੋਂ ਇੱਕ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਪ੍ਰਸਿੱਧ ਐਕਟਰ

Academy of the Punjab in North America: http://www.apnaorg.com

ਰੋਨਾਲਡ ਰੀਗਨ ਦਾ ਸੀ ਅਤੇ ਦੂਜਾ ਹਾਲੀਵੁੱਡ ਦੀ ਸਟਾਰ ਮੁਰਲਿਨ ਮੁਨਰੋ ਦਾ। ਲਾਸ ਏਂਜਲਸ ਦੇ ਵੱਡੇ ਤੋਂ ਵੱਡੇ ਸਿਨਮਾ ਘਰ ਵੀ ਇਸੇ ਬਾਜ਼ਾਰ ਵਿੱਚ ਸਨ।

ਬਾਜ਼ਾਰ ਦੀ ਸੈਰ ਪਿੱਛੋਂ ਮੈਂ ਹਾਲੀਵੁੱਡ ਵੈਕਸ ਮਿਊਜ਼ੀਅਮ ਵੇਖਣ ਲੱਗ ਪਿਆ। ਇਸ ਵਿੱਚ ਫ਼ਿਲਮੀ ਅਦਾਕਾਰਾਂ ਅਤੇ ਮਸ਼ਹੂਰ ਫ਼ਿਲਮੀ ਦ੍ਰਿਸ਼ਾਂ ਦੇ ਜੀਵੰਤ ਬੁੱਤ ਬਣਾਏ ਹੋਏ ਸਨ। ਬੁੱਤ ਕਾਹਦੇ ਸਨ, ਇਹ ਤਾਂ ਬੋਲਣ-ਬੋਲਣ ਕਰਦੇ ਸਨ। ਬੁੱਤਕਾਰਾਂ ਨੇ ਕਿੰਨੀ ਨਿੱਕੀ ਨਿੱਕੀ ਗੱਲ ਦਾ ਖਿਆਲ ਰੱਖ ਕੇ ਇਹ ਬੁੱਤ ਤਿਆਰ ਕੀਤੇ ਸਨ, ਇਹ ਗੱਲ ਹੈਰਾਨ ਕਰਦੀ ਸੀ। ਇੱਕ ਪਾਸੇ ਇਹ ਬੁੱਤ ਭਿੰਨ ਭਿੰਨ ਮਨੁੱਖੀ ਭਾਵਾਂ ਡਰ, ਨਫ਼ਰਤ, ਘ੍ਰਿਣਾ, ਕੁਰਹਿਤ ਆਦਿ ਦਾ ਦਸਤਾਵੇਜ਼ੀ ਨਮੂਨਾ ਪੇਸ਼ ਕਰਦੇ ਸਨ, ਦੂਜਾ ਹਾਲੀਵੁੱਡ ਦੀਆਂ ਫ਼ਿਲਮਾਂ ਦੇ ਇਤਿਹਾਸਕ ਵਿਕਾਸ ਉਤੇ ਵੀ ਝਾਤੀ ਪਵਾਉਂਦੇ ਸਨ।

ਸਹਿਜ-ਸੁਭਾਵਕ ਮੈਂ ਇਹ ਬੁੱਤ ਵੇਖਦਾ ਜਾ ਰਿਹਾ ਸਾਂ ਕਿ ਅੱਗੇ ਨਿੰਮੀ ਰੋਸ਼ਨੀ ਵਾਲੀ ਇੱਕ ਗੁਫ਼ਾ ਜਿਹੀ ਆ ਗਈ ਜਿਸ ਵਿਚੋਂ ਲੰਘ ਕੇ ਅੱਗੇ ਜਾਣਾ ਸੀ। ਉਸ ਵਿੱਚ ਕਦਮ ਧਰਿਆ ਹੀ ਸੀ ਕਿ ਇੱਕ ਵਿਲੇਨ ਜਿਹਾ ਚਾਕੂ ਲੈ ਕੇ ਮੇਰੇ ਵੱਲ ਲਪਕਿਆ। ਡਰ ਨਾਲ ਮੇਰਾ ਤ੍ਰਾਹ ਨਿਕਲ ਗਿਆ। ਮੈਂ ਤ੍ਰਬਕ ਕੇ ਪਿਛਾਂਹ ਹਟਿਆ ਤਾਂ ਓਧਰ ਇੱਕ ਕਮੇਡੀਅਨ ਦਾ ਬੁੱਤ ਮੇਰੇ ਡਰੂਪੁਣੇ ਉਤੇ ਹੱਸ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, 'ਡਰ ਗਿਆ ਨਾ ਬੁੱਤ ਤੋਂ ਈ।'

ਅੱਗੇ ਫ਼ਿਲਮਾਂ 'ਚ ਈਸਾ ਮਸੀਹ ਦੀ ਭੂਮਿਕਾ ਨਿਭਾਹੁਣ ਵਾਲੇ ਅਦਾਕਾਰਾਂ ਦੇ ਬੁੱਤ ਸਨ ਅਤੇ ਕੁੱਝ ਹੋਰ ਅੱਗੇ ਮੁਰਲਿਨ ਮੁਨਰੋ ਦਾ ਬੁੱਤ ਸੀ ਜਿਸ ਦਾ ਸਾਰਾ ਜਗਤ ਦੀਵਾਨਾ ਹੈ। ਇਸ ਨੂੰ ਬਨਾਉਣ ਵਾਲੇ ਕਲਾਕਾਰ ਨੇ ਪੂਛ ਵਾਲਾ ਜ਼ੋਰ ਲਾਇਆ ਹੋਇਆ ਸੀ, ਮੁਨਰੋ ਨੂੰ ਪੂਰੀ ਤਰ੍ਹਾਂ ਚਿੱਤਰਨ ਵਾਸਤੇ ਉਹ ਪਤਾ ਨਹੀਂ ਕਿੰਨਾ ਕੁ ਚਿਰ ਜੂਝਦਾ ਰਿਹਾ ਹੋਵੇਗਾ। ਕੁੰਡਲਦਾਰ ਸੁਨਹਿਰੀ ਵਾਲ, ਚੌੜਾ ਮੱਥਾ, ਮਦਮਸਤੀ ਅੱਖਾਂ, ਖੱਬੀ ਗੱਲ੍ਹ ਉਤੇ ਕਾਲਾ ਤਿਲ, ਕਾਮੁਕ ਆਹ ਭਰਦੇ ਅੱਧ-ਖੁੱਲ੍ਹੇ ਬੁੱਲ੍ਹਾਂ 'ਚੋਂ ਦਿਸਦੀ ਚਿੱਟੇ ਦੰਦਾਂ ਦੀ ਬੀੜ, ਨਖ਼ਰੇ ਨਾਲ ਟੇਢੀ ਕੀਤੀ ਧੌਣ, ਸੰਗਮਰਮਰੀ ਨੰਗਾ ਮੋਢਾ, ਗੋਲਾਈਦਾਰ ਲੰਮੀ ਧੌਣ ਅਤੇ ਗਲ 'ਚ ਮੋਤੀਆਂ ਦਾ ਹਾਰ, ਜੇ ਮੁਨਰੋ ਦਾ ਬੁੱਤ ਹੀ ਦਿਲ ਕੱਢ ਕੇ ਲੈ ਜਾਣ ਵਾਲਾ ਸੀ ਤਾਂ ਉਹ ਆਪ ਕੀ ਕੀ ਕਹਿਰ ਢਾਹੁਣ ਵਾਲੀ ਹੋਵੇਗੀ? ਇਹ ਸੋਚਦਾ ਮੈਂ ਮਿਊਜ਼ੀਅਮ 'ਚੋਂ ਬਾਹਰ ਨਿਕਲਿਆ ਤਾਂ ਬਿਲਕੁਲ ਸਾਹਮਣੇ ਝਿਲਮਿਲ ਕਰਦੀਆਂ ਤੇਜ਼ ਲਾਈਟਾਂ ਵਿੱਚ ਇੱਕ ਹੋਰ ਮਿਊਜ਼ੀਅਮ ਦਾ ਬੋਰਡ ਚਮਕ ਰਿਹਾ ਸੀ। ਬੰਗਾਲ ਦੀਆਂ ਜਾਦੂਗਰਨੀਆਂ ਵਾਂਗ ਉਸ ਨੇ ਮੈਨੂੰ ਵੱਸ 'ਚ ਕਰਦਿਆਂ ਆਪਣੇ ਵੱਲ ਤੁਣਕਾ ਮਾਰਿਆ। 'ਮਨਾ ਅਮਰੀਕਾ ਆਉਣ ਦਾ ਦਾਅ ਫੇਰ ਖ਼ਬਰੇ

ਕਿਤੇ ਲੱਗਣਾ ਵੀ ਹੈ ਕਿ ਨਹੀਂ, ਮਾਰ ਲੈ ਝਾਤੀ ਇਹਦੀ ਵੀ, ਦਸ ਡਾਲਰਾਂ ਦੀ ਬੱਚਤ ਕਰ ਕੇ ਜੁਆਲੇ ਨੇ ਕਿਹੜਾ ਸ਼ਾਹ ਹੋ ਜਾਣੈ।' ਇਹ ਸੋਚਦਾ ਮੈਂ ਆਪ-ਮੁਹਾਰੇ ਓਧਰ ਤੁਰ ਪਿਆ।

ਇਹ ਮਿਊਜ਼ੀਅਮ 'ਗਿੰਨੀਜ਼ ਵਰਲਡ ਰਿਕਾਰਡਜ਼' ਦਾ ਸੀ। ਕੈਸੀਆਂ ਕੈਸੀਆਂ ਗੱਲਾਂ ਵਿੱਚ ਲੋਕ ਵਿਸ਼ਵ-ਰਿਕਾਰਡ ਬਣਾਈ ਬੈਠੇ ਸਨ, ਇਹ ਵੇਖ ਕੇ ਮੈਂ ਹੈਰਾਨ ਰਹਿ ਗਿਆ। ਇੱਕ ਮੁਟਿਆਰ ਨੇ ਆਪਣੇ ਸਾਰੇ ਸਰੀਰ ਉਤੇ ਵੇਲ-ਬੂਟੇ ਖੁਣਵਾ ਕੇ ਦੁਨੀਆ ਉਤੇ ਝੰਡੀ ਕੀਤੀ ਸੀ। ਉਸ ਦੀਆਂ ਖੁਣਵਾਉਣ ਵੇਲੇ ਦੀਆਂ ਤਸਵੀਰਾਂ ਅਤੇ ਹੋਰ ਵੇਰਵੇ ਬੜੇ ਵਿਸਥਾਰ ਨਾਲ ਦਿਤੇ ਹੋਏ ਸਨ। ਇਥੋਂ ਤੱਕ ਕਿ ਗੁਪਤ ਅੰਗਾਂ ਉਤੇ ਵੀ ਵੇਲ-ਬੂਟੇ ਪੁਆ ਛੱਡੇ ਸਨ। ਜਨੂੰਨ ਦੀ ਕੋਈ ਵੀ ਹੱਦ ਨਹੀਂ ਹੁੰਦੀ। ਵਿਸ਼ਵ-ਜੇਤੂ ਹੋਣ ਵਾਸਤੇ ਮਲਾਈ ਵਰਗੇ ਜਿਸਮ ਨੂੰ ਸੂਈਆਂ ਨਾਲ ਵਿੰਨ੍ਹਵਾ ਲਿਆ ਸੀ। ਜੇ ਉਹ ਵਿਆਹੀ ਹੋਈ ਤਾਂ ਉਸ ਨੂੰ ਹੱਥ ਲਾਉਣ ਵੇਲੇ ਪਤੀ ਨੂੰ ਇਉਂ ਜਾਪਦਾ ਹੋਵੇਗਾ ਜਿਵੇਂ ਬਿੱਛੂਆਂ ਦਾ ਰੁੱਗ ਭਰ ਲਿਆ ਹੋਵੇ, ਇਹ ਖ਼ਿਆਲ ਐਵੇਂ ਹੀ ਮੇਰੇ ਜ਼ਿਹਨ 'ਚੋਂ ਗੁਜ਼ਰ ਗਿਆ।

ਇਕ ਦੀਵਾਨੇ ਨੇ ਆਪਣੀ ਧੌਣ ਖਿੱਚ-ਖਿੱਚ ਕੇ ਡੇਢ ਫੁੱਟ ਦੀ ਕਰ ਲਈ ਸੀ। ਇਉਂ ਜਾਪਦਾ ਸੀ ਜਿਵੇਂ ਹੁਣੇ ਹੀ ਫਾਂਸੀ ਤੋਂ ਉਤਾਰਿਆ ਹੋਵੇ। ਅਨਮੋਲ ਸਰੀਰ ਦੀ ਜੱਖਣਾ ਵੱਢ ਲਈ ਸੀ ਦੁਨੀਆਂ ਜਿੱਤਣ ਖ਼ਾਤਰ। ਇੱਕ ਹੋਰ ਕਈ ਦਿਨ ਕਾਲੇ ਨਾਗਾਂ ਨਾਲ ਇੱਕ ਕਮਰੇ 'ਚ ਬੰਦ ਰਿਹਾ ਸੀ ਅਤੇ ਸੱਪਾਂ ਦੇ ਡੰਗਾਂ ਨਾਲ ਸ਼ਿਵ ਭਗਵਾਨ ਵਾਂਗ ਨੀਲਾ ਹੋ ਕੇ ਬਾਹਰ ਨਿਕਲਿਆ ਸੀ। ਫੇਰ ਵੀ ਖੁਸ਼ ਸੀ ਕਿਉਂਕਿ ਦੁਨੀਆਂ ਭਰ 'ਚ ਸਭ ਤੋਂ ਵੱਧ ਡੰਗ ਸਹਾਰਨ ਵਾਲਾ ਬਣ ਗਿਆ ਸੀ। ਕਿਸੇ ਅੱਲ੍ਹੜ ਨੇ ਆਪਣੇ ਮਖ਼ਮਲੀ ਅੰਗਾਂ ਉਤੇ ਡੂਮਣਾ ਬਿਠਾ ਲਿਆ ਸੀ। ਉਹ ਆਪ ਤਾਂ ਕਿਤੇ ਦਿਸਦੀ ਨਹੀਂ ਸੀ ਬੱਸ ਮਖ਼ਿਆਲ ਦਾ ਮਨੁੱਖੀ ਅਕਾਰ ਜਿਹਾ ਨਜ਼ਰ ਆਉਂਦਾ ਸੀ।

ਇਕ ਕੁਹਾੜੇ ਨਾਲ ਪਾਟੇ ਮੂੰਹ ਵਾਲਾ ਦੋ ਫੁੱਟ ਤਲਵਾਰ ਅੰਦਰ ਲੰਘਾਈ ਖੜ੍ਹਾ ਸੀ। ਇਸ ਦਾ ਮਿਹਦਾ ਕਿਵੇਂ ਪਾਟਣੋਂ ਬਚਿਆ ਹੋਵੇਗਾ? ਮੈਂ ਇਸ ਕ੍ਰਿਸ਼ਮੇ ਦੇ ਪੁੰਜ ਬਾਰੇ ਇਹ ਸੋਚ ਸੋਚ ਕੇ ਡਰ ਗਿਆ ਸਾਂ। ਪਰ ਇਹ ਮਾਈ ਦਾ ਲਾਲ ਅਜੇ ਤੱਕ ਨੌ-ਬਰ-ਨੌ ਸੀ।

ਇਕ ਹੋਰ ਸੱਜਣ ਨੇ ਮਾਲ ਛਕ ਛਕ ਕੇ ਆਪਣਾ ਭਾਰ ਪੰਜ ਕੁਇੰਟਲ ਕਰ ਲਿਆ ਸੀ। ਉਸ ਦੇ ਭੜੋਲੇ ਜਿੱਡੇ ਢਿੱਡ ਵਿੱਚ ਪਤਾ ਨਹੀਂ ਕਿੰਨੇ ਮੁਰਗਿਆਂ ਦੀਆਂ ਬਾਂਗਾਂ ਦਮ ਤੋੜ ਗਈਆਂ ਹੋਣਗੀਆਂ। ਹੁਣ ਤੁਰਨੋਂ ਰਹਿ ਹੀ ਗਿਆ ਸੀ। ਉਠਾਉਂਦੇ ਵੀ ਬੌਂਡੇ ਬਲਦ ਵਾਂਗੂੰ ਚਾਰ ਬੰਦੇ ਫੜ੍ਹ ਕੇ ਹੀ ਸਨ। ਮਾਸ ਦੀ ਇਹ ਢੇਰੀ ਦੁਨੀਆਂ 'ਚ ਅੱਵਲ ਸੀ।

Academy of the Punjab in North America: http://www.apnaorg.com

ਇਥੋਂ ਤੱਕ ਕਿ ਇਥੇ ਲੰਮੀ ਚੁੰਮੀ ਲੈਣ ਅਤੇ ਦੇਣ ਦਾ ਵੀ ਵਿਸ਼ਵ ਰਿਕਾਰਡ ਸੀ। ਮੈਂ ਨਾਲ ਪਏ ਟੀ. ਵੀ. ਉਤੇ ਇਹ ਦ੍ਰਿਸ਼ ਵੇਖਿਆ। ਪਤੰਦਰ ਜਿਉਂ ਮੂੰਹ 'ਚ ਮੂੰਹ ਪਾਈ ਖੜ੍ਹੇ, ਉਹ ਛੱਡਣ 'ਚ ਹੀ ਨਾ ਆਉਣ। ਉਨ੍ਹਾਂ ਤੋਂ ਪਹਿਲਾਂ ਹੀ ਮੇਰਾ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਮੈਂ ਟੀ. ਵੀ. ਬੰਦ ਕਰ ਦਿੱਤਾ। ਕਿਸੇ ਹੀਰੋਇਨ ਨੇ ਆਪਣੀਆਂ ਫ਼ਿਲਮਾਂ ਵਿੱਚ ਹੁਣ ਤੱਕ ਲੱਖਾਂ ਚੁੰਮੀਆਂ ਦੇ ਕੇ ਵਿਸ਼ਵ-ਰਿਕਾਰਡ ਬਣਾਇਆ ਸੀ ਅਤੇ ਕਿਸੇ ਹੋਰ ਨੇ ਕਿਸੇ ਵੀ ਫ਼ਿਲਮ ਵਿੱਚ ਕਦੇ ਇੱਕ ਵੀ ਚੁੰਮੀ ਨਾ ਦੇ ਕੇ ਵੀ ਜੱਗ ਜਿੱਤ ਲਿਆ ਸੀ।

ਦਿਲਚਸਪ ਰਿਕਾਰਡਾਂ ਦੀ ਇਹ ਦੁਨੀਆਂ ਤਾਂ ਰੰਗ-ਰੰਗੀਲੀ ਸੀ। ਬੇਓੜਕ ਆਈਟਮਾਂ ਹੋਰ ਸਨ ਪਰ ਮੈਂ ਵਾਪਸ ਘਰ ਵੀ ਜਾਣਾ ਸੀ। ਪਹਿਲਾਂ ਹੀ ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਆਉਂਦਾ ਹੋਇਆ ਮੈਂ ਸੋਚ ਰਿਹਾ ਸਾਂ ਕਿ ਉਹ ਕਿਹੜੀ ਅਜਿਹੀ ਪ੍ਰੇਰਨਾ ਹੈ ਜਿਹੜੀ ਬੰਦੇ ਨੂੰ ਆਪਣੀ ਅਸੀਮ ਸ਼ਕਤੀ ਅਜਿਹੇ ਕੁੱਤੇ-ਬਿੱਲੇ ਕੰਮਾਂ ਵੱਲ ਲਾਉਣ ਲਈ ਪ੍ਰੇਰਦੀ ਹੈ? ਕੀ ਮਨੁੱਖ ਦੀ ਮੂਲ ਬਿਰਤੀ ਵਿੱਚ ਹੀ ਕੁੱਝ ਅਜਿਹਾ ਮਾਦਾ ਹੈ ਜਿਹੜਾ ਉਸ ਨੂੰ ਇਨ੍ਹਾਂ ਘਤਿੱਤਾਂ ਵਾਸਤੇ ਉਕਸਾਉਂਦਾ ਹੈ? ਜਾਂ ਪੂੰਜੀਪਤੀ ਨੇ ਮਨੁੱਖ ਦੇ ਦਿਮਾਗ ਵਿੱਚ ਕੁੱਝ ਇਹੋ ਜਿਹਾ ਪਾ ਦਿੱਤਾ ਹੈ ਕਿ ਉਸ ਨੂੰ ਇਹ ਸਭ ਕੁੱਝ ਸੁਆਦ ਲੱਗਣ ਲੱਗ ਪਿਆ ਹੈ? ਇੱਕ ਗੱਲ ਜ਼ਰੂਰ ਸੀ, ਇਹ ਕੰਮ ਸਾਰਥਕ ਸਨ ਜਾਂ ਨਹੀਂ, ਭੈੜੇ ਸੀ ਜਾਂ ਚੰਗੇ, ਇਹ ਦਰਸ਼ਕਾਂ ਨੂੰ ਖਿੱਚ ਪਾਉਣ ਵਾਸਤੇ ਸਨ, ਇਸ ਲਈ ਵਿਕਣਯੋਗ ਸਨ। ਪੂੰਜੀਪਤੀ ਦੀ ਰੁਚੀ ਹਮੇਸ਼ਾ ਵਿਕਣਯੋਗ ਮਾਲ ਅਤੇ ਉਸ ਤੋਂ ਹੋਣ ਵਾਲੇ ਮੁਨਾਫ਼ੇ ਵਿੱਚ ਹੁੰਦੀ ਹੈ। ਅਮਰੀਕਾ ਵਿੱਚ ਉਹ ਕੁੱਝ ਵੀ ਵੇਚਿਆ ਜਾ ਰਿਹਾ ਹੈ ਜਿਹੜਾ ਮਨੁੱਖ ਨੂੰ ਮਨੁੱਖ ਹੀ ਨਹੀਂ ਰਹਿਣ ਦਿੰਦਾ। ਕੈਸੀ ਵਿਡੰਬਨਾ ਹੈ ਕਿ ਇੱਕ ਪਾਸੇ ਮਨੁੱਖ ਨੂੰ ਮਸ਼ੀਨ ਬਣਾਈ ਜਾਓ ਅਤੇ ਦੂਜੇ ਪਾਸੇ ਉਸ ਦੀਆਂ ਕਲਾ-ਬਿਰਤੀਆਂ ਲਈ ਥਾਂ ਥਾਂ ਮਿਊਜ਼ੀਅਮ ਖੋਲ੍ਹ ਦਿਓ। ਸਵਰਗ ਅਤੇ ਨਰਕ ਦੀ ਵਿਚਕਾਰਲੀ ਕੰਧ ਉਤੇ ਤੁਰ ਰਹੇ ਹਨ ਅਮਰੀਕਨ। ਹੁਣ ਉਨ੍ਹਾਂ ਦਾ ਅੱਲਾ-ਬੇਲੀ ਵੀ ਨਹੀਂ ਜੇ ਉਹ ਆਪਣੇ ਬੇਲੀ ਆਪ ਨਾ ਬਣ ਸਕੇ ਤਾਂ।

ਕਹਿੰਦੇ ਹਨ ਨਿੱਤ ਤਾਂ ਖੰਡ-ਖੀਰ ਤੋਂ ਵੀ ਮਨ ਅੱਕ ਜਾਂਦਾ ਹੈ। ਇਸ ਲਈ ਸੁਆਦ ਬਦਲਣ ਖ਼ਾਤਰ ਮੈਂ ਇੱਕ ਦਿਨ ਕੁਦਰਤ ਨਾਲ ਇਕਸੁਰ ਹੋ ਕੇ ਰਹਿਣ ਦਾ ਮਨ ਬਣਾਇਆ। ਸਵੇਰੇ ਨੌਂ ਵਜੇ ਹੀ ਮੈਂ ਲਾਸ ਏਂਜਲਸ ਦੇ ਨਾਲ ਲੱਗਦੇ ਸ਼ਾਂਤ ਮਹਾਂਸਾਗਰ ਦੀ ਮੋਨਿਕਾ ਬੀਚ ਉਤੇ ਜਾਂਦਾ ਰਿਹਾ। ਅਜੇ ਧੁੱਪ ਤਿੱਖੀ ਨਹੀਂ ਸੀ ਹੋਈ, ਸਾਗਰ ਦੇ ਕੰਢੇ ਦਾ ਰੇਤਾ ਠੰਡਾ ਸੀ ਅਤੇ ਪਾਣੀ ਸ਼ਾਂਤ। ਕੰਢੇ-ਕੰਢੇ ਨੰਗੇ ਪੈਰੀਂ ਭਿੱਜੇ ਕੱਕੇ ਰੇਤੇ ਉਤੇ ਤੁਰਦਿਆਂ ਇਉਂ ਜਾਪਦਾ ਸੀ ਜਿਵੇਂ ਸਪੰਜ ਉਤੇ ਤੁਰ ਰਹੇ ਹੋਈਏ।

Academy of the Punjab in North America: http://www.apnaorg.com

ਪਿਛੇ ਦੂਰ ਤੱਕ ਆਪਣੀਆਂ ਪੈੜਾਂ ਦੇ ਨਿਸ਼ਾਨਾਂ ਦੀ ਪਾਲ ਚੰਗੀ ਲੱਗਦੀ ਸੀ, ਜਿਵੇਂ ਬੱਤਖ ਮਗਰ ਉਸ ਦੇ ਨਿੱਕੇ ਨਿੱਕੇ ਚੂਚੇ ਤੁਰਦੇ ਆਉਂਦੇ ਹੋਣ। ਹੌਲੀ ਹੌਲੀ ਧੁੱਪ ਤਿੱਖੀ ਹੁੰਦੀ ਗਈ ਅਤੇ ਸਮੁੰਦਰ ਦੇ ਤਲ ਉਤੇ ਲਿਸ਼ਕਾਰਿਆਂ ਦਾ ਥਾਲ ਚਮਕਣ ਲੱਗਿਆ। ਸਾਗਰ ਵਿੱਚ ਦੂਰ ਜਿਹੇ ਇੱਕ ਚਾਂਦੀ ਦੀ ਵੱਟ ਜਿਹੀ ਉਭਰਦੀ, ਜਿਵੇਂ ਜਿਵੇਂ ਨੇੜੇ ਆਉਂਦੀ ਉੱਚੀ ਹੁੰਦੀ ਜਾਂਦੀ ਅਤੇ ਸੱਪ ਵਾਂਗੂੰ ਫਨ ਚੁੱਕੀ ਪੱਤਣ ਵੱਲ ਵਧਦੀ। ਨਹਾਉਣ ਵਾਲੇ ਇਸ ਨੂੰ ਵੇਖ ਕੇ ਥਾਏਂ ਕੁਕੜੀ ਵਾਂਗੂੰ ਛਹਿ ਕੇ ਬੈਠ ਜਾਂਦੇ ਅਤੇ ਇਹ ਚਾਂਦੀ ਰੰਗਾ ਪਾਣੀ ਦਾ ਸੱਪ ਉਤੋਂ ਦੀ ਲੰਘ ਜਾਂਦਾ। ਤਪਦੇ ਰੇਤੇ ਦੀ ਹਿੱਕ ਠਾਰਦੀ ਇਹ ਛੱਲ ਦੂਰ ਤੱਕ ਬਾਹਰ ਜਾਂਦੀ ਅਤੇ ਸਭ ਪੈੜਾਂ ਮਿਟਾਉਂਦੀ ਉਸ ਨੂੰ ਫੇਰ ਸਾਫ਼-ਸਲੇਟ ਵਰਗਾ ਬਣਾ ਜਾਂਦੀ। ਕੱਕੇ ਰੇਤੇ ਦੀ ਪਿਆਸ ਬੁਝਾਉਣ ਦਾ ਇਹ ਨਿਰੰਤਰ ਚਲਦਾ ਸਿਲਸਿਲਾ ਇਉਂ ਜਾਪਦਾ ਸੀ ਜਿਵੇਂ ਕੋਈ ਪੋਲੇ ਪੋਲੇ ਚੁੰਮਣ ਲੈ ਰਿਹਾ ਹੋਵੇ।

ਬੰਬਈ ਅਤੇ ਗੋਆ ਵਿੱਚ ਮੈਂ ਪਹਿਲਾਂ ਵੀ ਸਾਗਰ ਦੇ ਕੰਢੇ ਵੇਖੇ ਸਨ ਪਰ ਲਹਿਰਾਂ ਨਾਲ ਇਉਂ ਰੱਜ ਕੇ ਪਹਿਲੀ ਵਾਰ ਖੇਡਿਆ ਸਾਂ। ਜਦੋਂ ਧੁੱਪ ਪੂਰੀ ਕੜਕਣ ਲੱਗੀ ਤਾਂ ਪਿੱਲੇ ਜਿਸਮਾਂ ਨੂੰ ਸੇਕ ਕੇ ਤਾਂਬੇ ਰੰਗੇ ਕਰਨ ਵਾਲੇ ਅੰਗਰੇਜ਼ ਅਤੇ ਮੇਮਾਂ ਦਾ ਤਾਂਤਾ ਜੁੜਦਾ ਗਿਆ। ਉਹ ਕਿਸੇ ਮਚਲੇ ਪਹਿਲਵਾਨ ਵਾਂਗ ਧਰਤੀ ਮੱਲ ਕੇ ਘੰਟਿਆਂ ਬੱਧੀ ਨੰਗ-ਧੜੰਗੇ ਪਏ ਰਹਿੰਦੇ ਹਨ। ਫੇਰ ਸਾਰੇ ਜਿਸਮ ਉਤੇ ਕਿਸੇ ਤੇਲ ਦੀ ਮਾਲਸ਼ ਕਰਦੇ ਅਤੇ ਤਪਦੇ ਜਿਸਮ ਨੂੰ ਸਾਗਰ ਦੀਆਂ ਬਾਹਾਂ ਵਿੱਚ ਅਰਪਿਤ ਕਰ ਦਿੰਦੇ। ਤੀਵੀਂ ਜਿੰਨੀ ਪਾਣੀ ਵਿੱਚ ਖਿੜਦੀ ਹੈ ਹੋਰ ਕਿਤੇ ਨਹੀਂ ਅਤੇ ਬੰਦਾ ਜਿੰਨਾ ਨੁੱਚੜਦੀ ਆਉਂਦੀ ਤੀਵੀਂ ਨੂੰ ਵੇਖ ਕੇ ਮਦਮਸਤ ਹੁੰਦਾ ਹੈ ਹੋਰ ਕਿਵੇਂ ਨਹੀਂ। ਇਹ ਵੇਖ ਵੇਖ ਮੇਰਾ ਮਨ ਸਾਰਾ ਦਿਨ ਮਸਤੀ ਬੋਤੇ ਵਾਂਗ ਬੁਲਬੁਲੀਆਂ ਛਡਦਾ ਰਿਹਾ। ਇਸ ਖਿੜਨ ਦੀ ਰੁੱਤੇ ਮੈਂ ਇਕੱਲਾ ਮੁਰਝਾ ਰਿਹਾ ਸਾਂ।

ਜਿਵੇਂ ਜਿਵੇਂ ਸ਼ਾਮ ਹੋ ਰਹੀ ਸੀ ਉਵੇਂ ਸਾਗਰ ਦੀਆਂ ਲਹਿਰਾਂ ਦਾ ਉਭਾਰ ਹੋਰ ਜੋਬਨਵੰਤਾ ਹੋ ਰਿਹਾ ਸੀ। ਪਾਣੀ ਦੀਆਂ ਛੱਲਾਂ ਨੇ ਸਮੁੰਦਰ ਦੇ ਤਲ ਉਤੇ ਬਗਲਿਆਂ ਵਾਂਗ ਤਰਦੀਆਂ ਚਿੱਟੀਆਂ ਫੈਰੀਆਂ ਦੀਆਂ ਬੱਚੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਪਾਣੀਆਂ ਦੀ ਹਿੱਕ ਅੰਦਰ ਕੋਈ ਭੁਚਾਲ ਆ ਗਿਆ ਜਾਪਦਾ ਸੀ। ਵਧਦੇ ਹਨੇਰੇ ਨਾਲ ਫੈਰੀਆਂ ਦਿੱਸਣੋਂ ਹਟ ਗਈਆਂ ਅਤੇ ਕੇਵਲ ਉਨ੍ਹਾਂ ਦੀਆਂ ਬੱਤੀਆਂ ਦਿਸਦੀਆਂ ਜਿਵੇਂ ਕੋਈ ਬਿਰਹਨ ਦੀਵੇ ਬਾਲ ਬਾਲ ਤਲਾਅ ਵਿੱਚ ਤਾਰ ਰਹੀ ਹੋਵੇ।

ਰਾਤ ਵਧਦੀ ਗਈ ਅਤੇ ਸਮੁੰਦਰ ਵਿੱਚ ਹੌਂਕਦੇ ਸਾਹਾਂ ਦੀ ਆਵਾਜ਼ ਵੀ। ਮੈਂ ਬੀਚ ਦੀ ਸੁੰਨੀ ਦਿਸ਼ਾ ਵੱਲ ਤੇਜ਼ ਤੇਜ਼ ਜਾ ਰਿਹਾ ਸਾਂ। ਕਿੱਥੇ ਜਾਣਾ ਸੀ ਮੈਂ? ਛੱਲਾਂ ਦਾ ਸੰਗੀਤ ਮੈਨੂੰ ਨਸ਼ਾ ਬਣ ਕੇ

Academy of the Punjab in North America: http://www.apnaorg.com

ਚੜ੍ਹ ਗਿਆ ਸੀ। ਮੈਂ ਹਨੇਰੇ ਵਿੱਚ ਕੰਢੇ ਤੇ ਪਏ ਵੱਡੇ ਪੱਥਰਾਂ ਉਤੇ ਬੈਠ ਗਿਆ। ਛੱਲਾਂ ਪੱਥਰਾਂ ’ਚ ਟਕਰਾਉਂਦੀਆਂ ਤੇ ਵਾਛੜ ਬਣ ਕੇ ਉਤਾਂਹ ਨੂੰ ਉਭਰਦੀਆਂ ਜਿਵੇਂ ਤੀਜ ਦੇ ਚੰਨ ਦਾ ਕਲਾਵਾ ਭਰਨਾ ਹੋਵੇ। ਖਰਵੇ ਪੱਥਰਾਂ ਅਤੇ ਕੂਲੀਆਂ ਲਹਿਰਾਂ ਦੀ ਇਹ ਲੀਲ੍ਹਾ ਮੈਂ ਦੇਰ ਤੱਕ ਵੇਖਦਾ ਰਿਹਾ। ਲੱਗਦਾ ਸੀ ਜਿਵੇਂ ਇਨ੍ਹਾਂ ਦੋਵਾਂ ‘ਚੋਂ ਕੋਈ ਇੱਕ ਹਫ਼ ਕੇ ਰੁਕ ਜਾਵੇਗਾ ਪਰ ਦੋਵੇਂ ਅਟੱਲ ਸਨ ਅਤੇ ਉਨ੍ਹਾਂ ਦਾ ਵਹਿਸ਼ੀ ਘੋਲ ਜਾਰੀ ਸੀ। ਰਾਤ ਦੇ ਵਾਲ ਖਿੰਡ ਗਏ ਸਨ, ਉਸ ਨੇ ਸੂਰਜ ਦਾ ਤਪ-ਤੇਜ ਆਪਣੇ ’ਚ ਸਮਾ ਲਿਆ ਸੀ। ਉਹ ਮਦਮਸਤ ਗਹਿਰੀ ਨੀਂਦ ਸੌਂ ਰਹੀ ਸੀ। ਇਹ ਆਲਮ ਆਨੰਦ ਬਣ ਕੇ ਸਦਾ ਲਈ ਮੇਰੇ ਮਨ-ਮਸਤਕ ਵਿੱਚ ਟਿਕ ਗਿਆ ਸੀ। ਉਮਰ ਭਰ ਹੁਣ ਇਸ ਵਿਚੋਂ ਕਲਾ ਦੇ ਚਸ਼ਮੇ ਫੁੱਟਣੇ ਸਨ। ਮੈਂ ਖੁਸ਼ ਸਾਂ ਅਤੇ ਜਿਵੇਂ ਭੁੱਲ ਹੀ ਗਿਆ ਸਾਂ ਕਿ ਘਰ ਵੀ ਮੁੜਨਾ ਹੈ।

## ਸਿਤਾਰੋਂ ਕੇ ਆਗੇ ਕਾ ਜਹਾਂ: ਡਿਜ਼ਨੀਲੈਂਡ

ਜਿਵੇਂ ਕੋਈ ਮੁਟਿਆਰ ਆਪਣੇ ਹੋਣ ਵਾਲੇ ਬਾਂਕੇ ਪਤੀ ਦੀਆਂ ਸਿਫ਼ਤਾਂ ਸੁਣ-ਸੁਣ ਕੇ ਉਸ ਨੂੰ ਵੇਖਣ ਲਈ ਬਿਹਬਲ ਹੋ ਉਠਦੀ ਹੈ ਉਵੇਂ ਹੀ ਮੈਂ ਡਿਜ਼ਨੀਲੈਂਡ ਬਾਰੇ ਪਹਿਲਾਂ ਹੀ ਬਥੇਰਾ ਕੁੱਝ ਪੜ੍ਹ ਸੁਣ ਚੁੱਕਾ ਸਾਂ ਅਤੇ ਹੁਣ ਗੇਟ ਉਤੇ ਖੜ੍ਹਾ ਅੰਦਰ ਜਾਣ ਲਈ ਉਤਾਵਲਾ ਸਾਂ। ਅਖੀਰ ਵਿਆਹ ਅਤੇ ਫੇਰ ਮੁਕਲਾਵੇ ਵਾਲੀ ਰਾਤ ਆਉਣ ਵਾਂਗ ਮੇਰੀ ਡਿਜ਼ਨੀਲੈਂਡ ਨਾਲ ਮੇਲ ਦੀ ਸੁਲੱਖਣੀ ਘੜੀ ਆ ਗਈ ਸੀ।

ਨਕਸ਼ਾ ਵੇਖਿਆ ਅਤੇ ਸਭ ਤੋਂ ਪਹਿਲਾਂ ਯੂਨੀਵਰਸਲ ਸਟੂਡੀਓ ਵਾਲਾ ਨੁਸਖਾ ਵਰਤਿਆ। ਰੇਲ ਵਿੱਚ ਬੈਠ ਕੇ ਡਿਜ਼ਨੀਲੈਂਡ ਦਾ ਭਲਵਾਨੀ ਗੇੜਾ ਲਾਇਆ। ਇਸ ਦੀ ਵਿਸ਼ਾਲਤਾ ਵੇਖ ਕੇ ਹੀ ਅੰਦਾਜ਼ਾ ਹੋ ਗਿਆ ਕਿ ਇਹ ਇੱਕ ਦਿਨ ਦੀ ਮਾਰ ਨਹੀਂ। ਪਹਿਲਾਂ ਹੀ ਫੈਸਲਾ ਚੁਣਵੀਆਂ ਚੀਜ਼ਾਂ ਵੇਖਣ ਦਾ ਕਰ ਲਿਆ। ਗੱਡੀ ਦੇ ਪਹਿਲੇ ਸਟੇਸ਼ਨ ਉਤੇ ਉੱਤਰ ਕੇ ਭੂਤ ਬੰਗਲੇ ’ਚ ਵੜ ਗਿਆ। ਇਹ ਸਮੁੱਚੇ ਬ੍ਰਹਿਮੰਡ ਦਾ ਨਮੂਨਾ ਸੀ। ਤੁਰਦਿਆਂ ਤੁਰਦਿਆਂ ਨੂੰ ਕਿਤੇ ਹਸਦੀਆਂ ਪਰੀਆਂ ਟੱਕਰਦੀਆਂ ਅਤੇ ਕਿਤੇ ਕਬਰਸਤਾਨ ਦੇ ਮਜੌਰ। ਕਿਤੇ ਪੰਛੀਆਂ ਦੀ ਚਹਿਚਹਾਟ ਸੀ ਅਤੇ ਕਿਧਰੇ ਜਿੰਨਾਂ-ਭੂਤਾਂ ਦੀ ਭਿਆਨਕ ਗੜਗੜਾਹਟ। ਪਹਾੜਾਂ ’ਚ ਚਸ਼ਮੇਂ ਵੀ ਫੁੱਟ ਰਹੇ ਸਨ ਅਤੇ ਰੋਹੀ-ਬੀਆਬਾਨ ਵਾਲੀ ਵਿਰਾਨੀ ਵੀ। ਤਾਰਿਆਂ ਭਰਿਆ ਆਕਾਸ਼ ਲੱਸ-ਲੱਸ ਕਰਦਾ ਸੀ ਅਤੇ ਚੰਨ ਚਮਕ ਰਿਹਾ ਸੀ। ਪਹਾੜਾਂ ਦੀਆਂ ਕੰਧਰਾਂ ਵਿੱਚ ਜੰਗਲੀ ਮਨੁੱਖਾਂ ਦਾ ਵਾਸਾ ਸੀ। ਇਹ ਬੰਗਲਾ ਤਾਂ ਸ਼ਾਇਦ ਦਰਸ਼ਕਾਂ ਦਾ ਬਲੱਡ ਪ੍ਰੈਸ਼ਰ ਚੈੱਕ ਕਰਨ ਵਾਸਤੇ ਹੀ ਸੀ ਤਾਂ ਕਿ ਉਹ ਜਾਣ ਸਕਣ ਕਿ ਖੁਸ਼ੀ, ਗ਼ਮੀ, ਡਰ ਅਤੇ ਹਾਸੇ ਦੇ ਕਿੰਨੇ ਕੁ ਝਟਕੇ ਸਹਾਰ ਸਕਦੇ ਹਨ।

ਜੇ ਇਹ ਟੈਸਟ ਸੀ ਤਾਂ ਮੈਂ ਇਥੋਂ ਸ਼ੇਰ ਹੋ ਕੇ ਨਿਕਲਿਆ ਸਾਂ। ਮੇਰਾ ਉਹ ਵਹਿਮ ਦੂਰ ਹੋ ਗਿਆ ਕਿ ਮੇਰਾ ਕਮਜ਼ੋਰ ਦਿਲ ਕਿਸੇ ਰਾਈਡ ਉਤੇ ਇਕੋ ਵਾਰੀ ਵੱਢੇ ਕੁੱਕੜ ਵਾਂਗ ਤੜਫੂਗਾ ਅਤੇ ਫੇਰ ਸਦਾ ਲਈ ਸ਼ਾਂਤ ਹੋ ਜਾਊਗਾ। ਸੱਚ ਤਾਂ ਇਹ ਸੀ ਕਿ ਜਿਨ੍ਹਾਂ ਰਾਈਡਾਂ ਉਤੇ ਲੋਕਾਂ ਦੀਆਂ ਚੀਕਾਂ ਨਿਕਲਦੀਆਂ ਸਨ ਮੈਂ ਸਹਿਜ ਭਾਅ ਬੈਠਾ ਰਹਿੰਦਾ ਸਾਂ। ਹੁਣੇ ਹੁਣੇ ਇਹ ਗੱਲ ਮੈਂ ਉਸ ਕਿਸ਼ਤੀ ਉਤੇ ਝੂਟਾ ਲੈ ਕੇ ਅਜ਼ਮਾਈ ਸੀ ਜਿਸ ਨੇ ਸੌ ਫੁੱਟ ਉਚਾਈ ਤੋਂ ਥੱਲੇ ਨਦੀ ਵਿੱਚ ਡਿੱਗਣਾ ਸੀ। ਦਿਲ ਨੂੰ ਇੱਕ ਵਾਰੀ ਹੌਲ ਜਿਹਾ ਤਾਂ ਪਿਆ ਸੀ ਪਰ ਬਹੁਤ ਛੇਤੀ ਨਿਧੜਕ ਹੋ ਗਿਆ ਸਾਂ।

ਲੋਕਾਂ ਦੀ ਭੀੜ ਇੱਕ ਟਾਪੂ ਦੁਆਲੇ ਬਣੀ ਝੀਲ ਦੇ ਦੁਆਲੇ ਫੈਰੀ ਰਾਹੀਂ ਚੱਕਰ ਕੱਟਣ ਲਈ ਖੜ੍ਹੀ ਸੀ ਪਰ ਮੈਂ ਇਸ ਨੂੰ ਗੌਲਿਆ ਨਾ ਕਿਉਂਕਿ ਮੈਂ ਵਿਸਕਾਨਸਿਨ ਡੈਲਜ਼ ਵਿੱਚ ਫੈਰੀ ਉਤੇ ਬੜਾ ਵੱਡਾ ਝੂਟਾ ਲੈ ਕੇ ਵੇਖ ਚੁੱਕਿਆ ਸਾਂ। ਮੈਂ ਤਾਂ ਸਿਰਫ ਉਹੀ ਕੁੱਝ ਵੇਖਣਾ ਚਾਹੁੰਦਾ ਸਾਂ ਜੋ ਮੇਰੀ

Academy of the Punjab in North America: http://www.apnaorg.com

ਕਲਪਨਾ ਨੂੰ ਧੁਰ ਤੱਕ ਝੰਜੋੜ ਸੁੱਟੇ। ਆਖਿਰ ਮੈਂ ਡਿਜ਼ਨੀਲੈਂਡ 'ਚ ਸਾਂ ਕੋਈ ਚੰਡੀਗੜ੍ਹ ਵਾਲਾ ਫਨ-ਸਿਟੀ ਤਾਂ ਨਹੀਂ ਵੇਖ ਰਿਹਾ ਸਾਂ। ਪਰ ਅਜੇ ਤੱਕ ਅਜਿਹਾ ਕੁੱਝ ਨਹੀਂ ਸੀ ਦਿੱਸ ਰਿਹਾ। ਮੈਂ ਨਿਰਾਸ਼ ਹੋ ਰਿਹਾ ਸਾਂ।

ਮੈਂ ਇਮਾਰਤਾਂ ਦੇ ਉਸ ਝੁੰਡ ਕੋਲ ਗਿਆ ਜਿੱਥੇ ਲੋਕ ਖੁੱਲ੍ਹੀ ਤੇ ਨਿੱਕੀ ਜਿਹੀ ਟਰੌਲੀ ਉਤੇ ਬੈਠਦੇ ਅਤੇ ਕੁੱਝ ਕੁ ਮਿੰਟਾਂ ਪਿੱਛੋਂ ਅੰਦਰ ਦਾ ਗੇੜਾ ਲਾ ਕੇ ਉਥੇ ਹੀ ਆ ਖੜ੍ਹਦੇ। ਮੁੜਦੇ ਤਾਂ ਉਨ੍ਹਾਂ ਦੇ ਚਿਹਰੇ ਉਤੇ ਹਾਸਾ ਖੇਡ ਰਿਹਾ ਹੁੰਦਾ। 'ਇਥੇ ਜ਼ਰੂਰ ਕੋਈ ਕਮਾਲ ਦੀ ਚੀਜ਼ ਹੋਊਗੀ' ਮੈਂ ਸੋਚਿਆ। ਟਰੌਲੀ ਵਿੰਗ ਵਲਾਵੇਂ ਖਾਂਦੀ ਅਤੇ ਮੋੜ ਕਟਦੀ ਕਿਸੇ ਪਰਿਸਤਾਨ ਵਿੱਚ ਲੈ ਜਾਂਦੀ। ਪਰੀਆਂ ਦੇ ਵੇਸ ਵਿੱਚ 'ਗੁੱਡੀਆਂ' ਡਾਂਸ ਕਰਦੀਆਂ ਦਿਸਦੀਆਂ। ਕਿਤੇ ਕੋਈ ਕਾਰਟੂਨਾਂ ਦੀ ਪਾਰਟੀ ਤਮਾਸ਼ੇ ਕਰ ਰਹੀ ਹੁੰਦੀ ਅਤੇ ਕਿਤੇ ਖਿਡਾਉਣੇ ਜਿਹੇ ਬੈਂਡ ਵਜਾ ਰਹੇ ਹੁੰਦੇ। ਕਿਸੇ ਮੋੜ ਉਤੇ ਟਰੌਲੀ ਸਿੱਧੀ ਜਿੰਨ ਦੀ ਗੁਫ਼ਾ ਕੋਲ ਪਹੁੰਚ ਜਾਂਦੀ ਜਿਥੇ ਉਸ ਨੇ 'ਸ਼ਿਕਾਰ' ਭੁੰਨਣ ਵਾਸਤੇ ਅੰਗਿਆਰ ਮਘਾਏ ਹੁੰਦੇ। ਇਹ ਕੁੱਝ ਵੇਖਦਿਆਂ ਮੈਨੂੰ ਆਪਣੇ ਬੱਚੇ ਆਸਵੰਤ ਅਤੇ ਗੁਣਵੰਤ ਯਾਦ ਆਏ ਕਿ ਇਸ ਅਦਭੁੱਤ ਸੰਸਾਰ ਨੂੰ ਵੇਖ ਕੇ ਉਹ ਕਿੰਨੇ ਖੁਸ਼ ਹੁੰਦੇ। ਜੇ ਬੱਚੇ ਖੁਸ਼ ਹੋਣ ਤਾਂ ਮਾਂ-ਬਾਪ ਤਾਂ ਆਪੇ ਹੀ ਖੁਸ਼ ਹੁੰਦੇ ਹਨ, ਇਹ ਮੈਂ ਬਾਹਰ ਖੜ੍ਹਾ ਮਾਪਿਆਂ ਦੇ ਮੂੰਹਾਂ ਤੋਂ ਪੜ੍ਹ ਹੀ ਚੁੱਕਾ ਸਾਂ। ਇਨ੍ਹਾਂ ਪਰੀਸਤਾਨਾਂ ਵਿੱਚ ਮੈਨੂੰ ਜਾਨਵਰਾਂ ਦਾ ਫੈਂਟਸੀ ਜਗਤ ਵੀ ਚੰਗਾ ਲੱਗਿਆ ਪਰ ਅਸਲ ਵਿੱਚ ਮੈਨੂੰ ਠੰਡਕ ਹੀ ਚੰਗੀ ਲੱਗੀ, ਕਿਉਂਕਿ ਇਹ ਠੰਡੇ-ਠਾਰ ਸਨ ਅਤੇ ਬਾਹਰ ਅੱਗ ਵਰ੍ਹ ਰਹੀ ਸੀ।

ਮੇਰੀ ਥ੍ਰਿੱਲ ਦਾ ਅੰਗਿਆਰਾ ਭਸਮ ਹੁੰਦਾ ਜਾਂਦਾ ਸੀ ਪਰ ਛੇਤੀ ਹੀ ਮੈਨੂੰ ਮੇਰੀ ਪਸੰਦ ਦੀਆਂ ਰਾਈਡਾਂ ਮਿਲ ਗਈਆਂ। ਮੈਂ ਹੇਠਾਂ-ਉਤੇ ਤੇਜੀ ਨਾਲ ਚੱਕਰ ਕੱਟਣ ਵਾਲੀ ਰੇਲ-ਗੱਡੀ ਉਤੇ ਚੜ੍ਹਿਆ ਤਾਂ ਮਨ ਖੁਸ਼ ਹੋ ਗਿਆ। ਜੰਗਲਾਂ ਦੀ ਸੈਰ ਕਰਾਉਣ ਵਾਲੀ ਟਰੌਲੀ ਤਾਂ ਇਸ ਤੋਂ ਵੀ ਵਧੀਆ ਨਿਕਲੀ। ਉਤੋਂ ਚੰਗੇ ਭਾਗਾਂ ਨੂੰ ਟਰੌਲੀ 'ਚ ਮੇਰੇ ਨਾਲ ਦੀ ਸੀਟ ਉਤੇ ਗਦੈਲੀ ਜਿਹੀ ਭਰ-ਜਵਾਨ ਜ਼ਨਾਨੀ ਬੈਠ ਗਈ। ਟਰੌਲੀ ਦੇ ਤੁਰਦਿਆਂ ਹੀ ਚਾਰ ਕੁ ਕਦਮ ਪਿੱਛੋਂ ਜੰਗਲ ਸ਼ੁਰੂ ਹੋ ਗਿਆ। ਸੰਘਣੇ ਉੱਚੇ ਦਰਖ਼ਤਾਂ ਵਿਚੋਂ ਸੂਰਜ ਦੀ ਰੋਸ਼ਨੀ ਮਸਾਂ ਹੀ ਛਣ-ਛਣ ਆਉਂਦੀ ਸੀ। ਰੁੱਖਾਂ ਨਾਲ ਬਾਂਦਰ ਪੀਂਘਾਂ ਝੂਟ ਰਹੇ ਸਨ ਅਤੇ ਜਾਨਵਰਾਂ ਦੀ ਚੜਚੋਹਲੜ ਸੁਣ ਰਹੀ ਸੀ। ਟਰੌਲੀ ਨੇ ਮੋੜ ਕੱਟਿਆ ਤਾਂ ਅੱਗੋਂ ਨੇੜੇ ਹੀ ਬਘਿਆੜ ਗਰਜਿਆ। ਅਸੀਂ ਡਰ ਕੇ ਇੱਕ ਦੂਜੇ ਵੱਲ ਉਲਰੇ। ਮੇਰਾ ਲੱਕ ਇੱਕ ਕੁਸ਼ਨ ਜਿਹੇ ਨਾਲ ਛੂਹਿਆ, ਇਹ 'ਉਸ ਦੀ' ਗੱਦੇਦਾਰ ਢਾਕ ਸੀ। ਬਿਗਾਨੀ ਜ਼ਨਾਨੀ ਦੀ ਛੁਹ ਦੇ ਅਹਿਸਾਸ ਨੇ ਮੇਰੇ ਅੰਦਰ ਖਲਬਲੀ ਮਚਾ ਦਿੱਤੀ। ਪਰ ਉਹ ਸਹਿਜ ਹੀ ਮੁਸਕਰਾ ਰਹੀ

Academy of the Punjab in North America: http://www.apnaorg.com

ਸੀ, ਜਿਵੇਂ ਕਹਿ ਰਹੀ ਹੋਵੇ 'ਕੁੱਤਾ ਕਪਾਹ 'ਚੋਂ ਲੰਘ ਜੂ ਤਾਂ ਕੀ ਰਜਾਈ ਭਰ ਲੂ।' ਮੈਂ ਸਭਿਅਕ ਹੋਣ ਦਾ ਵਿਖਾਲਾ ਕਰਦਿਆਂ ਫੇਰ ਵਿੱਥ ਉਤੇ ਹੋ ਗਿਆ। ਸਾਡੀ ਟਰੌਲੀ ਤੋਂ ਪਰ੍ਹੇ ਪਰ੍ਹੇ ਮੀਂਹ ਲਹਿ ਪਿਆ। ਸਾਡੇ ਤੱਕ ਵਾਛੜ ਹੀ ਆਉਂਦੀ। ਤਪਦੇ ਜਿਸਮਾਂ ਲਈ ਇਹ ਠੰਡਕ ਲੈ ਆਈ। ਟਰੌਲੀ ਚੰਘਿਆੜਦੇ ਹਾਥੀਆਂ ਦੇ ਝੁੰਡ ਵਿਚਕਾਰੋਂ ਲੰਘੀ। ਮੇਰਾ 'ਫੌਲਾਦੀ ਦਿਲ' ਹੁਣ ਧੱਕ-ਧੱਕ ਕਰ ਰਿਹਾ ਸੀ, ਪਰ ਇਹ ਹਾਥੀਆਂ ਦੇ ਡਰ ਕਰਕੇ ਨਹੀਂ ਸੀ। ਅੱਗੇ-ਪਿੱਛੇ ਹੋਰ ਵੀ ਟਰੌਲੀਆਂ ਸਨ ਪਰ ਜਾਣ-ਬੁੱਝ ਕੇ ਮੋੜ ਇਸ ਭਾਂਤ ਦੇ ਬਣਾਏ ਸਨ ਕਿ ਉਹ ਦਿੱਸਦੀਆਂ ਨਹੀਂ ਸਨ। ਘੁੱਪ ਹਨ੍ਹੇਰਾ ਜੰਗਲ, ਵਾਛੜ ਦੀ ਫ਼ੁਹਾਰ ਅਤੇ ਢਾਕ ਦਾ ਗੁਦਗੁਦਾਉਂਦਾ 'ਕੁਸ਼ਨ'। ਮੇਰਾ ਮਨ ਮਚਲ ਰਿਹਾ ਸੀ ਪਰ ਬੇਗਾਨੀ ਧਰਤੀ ਉਤੇ ਕਿਵੇਂ ਮੰਨਦਾ ਮਚਲੇ ਮਨ ਦੀ ਬਾਤ? ਅੰਦਰ ਦਾ ਜੰਗਲ ਬਾਹਰ ਨਾਲੋਂ ਵੀ ਡਰਾਉਣਾ ਸੀ। ਸਰੀਰ ਨੂੰ ਤਾਂ ਬੈਲਟ ਲੱਗੀ ਹੀ ਸੀ ਮੈਂ ਔਖੇ-ਸੌਖੇ ਮਨ ਨੂੰ ਵੀ ਮਾਰ ਲਈ। ਟਰੌਲੀ ਸ਼ੂੰ ਕਰਦੀ ਉਤਾਂਹ ਨੂੰ ਚੜ੍ਹੀ ਅਤੇ ਫੇਰ ਇੱਕ ਦਮ ਹੇਠਾਂ ਨੂੰ ਡਿੱਗ ਪਈ। ਹੁਣ ਉਹ ਮੇਰੇ ਮਨ ਵਾਂਗ ਸਿੱਧੀ ਸਪਾਟ ਚੱਲ ਰਹੀ ਸੀ। ਚਾਨਣਾ ਹੋਇਆ। ਟਰੌਲੀ ਜੰਗਲ ਤੋਂ ਬਾਹਰ ਨਿਕਲ ਕੇ ਟਿਕਾਣੇ ਉਤੇ ਪਹੁੰਚ ਗਈ। ਅਸੀਂ ਉੱਤਰੇ। ਮੇਰੀ ਮੁਸਕਣੀ ਦਾ ਉਸ ਨੇ ਮੁਸਕਣੀ ਨਾਲ ਹੀ ਇਉਂ ਜਵਾਬ ਦਿੱਤਾ ਜਿਵੇਂ ਕਹਿ ਰਹੀ ਸੀ, 'ਨਾਰ ਬਿਗਾਨੀ ਆਦਰ ਥੋੜਾ ਸਿਰ ਚੜ੍ਹ ਕੇ ਨਾ ਮਰੀਏ, ਨਾਰ ਬਿਗਾਨੀ ਦੀ ਬਾਂਹ ਨਾ ਮੂਰਖਾ ਫੜ੍ਹੀਏ।' ਅਸੀਂ ਆਪੋ-ਆਪਣੇ ਰਾਹ ਪੈ ਗਏ।

ਇਥੇ ਜੇ ਅੰਦਰ ਦੀ ਦੁਨੀਆਂ ਅਦਭੁੱਤ ਸੀ ਤਾਂ ਬਾਹਰ ਦੀ ਚਹਿਲ-ਪਹਿਲ ਵੀ ਹੁਸੀਨ ਸੀ। ਘੜੀ-ਪਲ ਦੀ ਬਾਦਸ਼ਾਹਤ ਦਾ ਆਨੰਦ ਮਾਨਣ ਵਾਲੇ ਮੇਰੇ ਵਰਗੇ ਮੋਟੇ ਤਾਜ਼ੇ ਘੋੜਿਆਂ ਵਾਲੀਆਂ ਸ਼ਾਹੀ ਬੱਘੀਆਂ ਉਤੇ ਨਵਾਬ ਬਣੇ ਝੂਟੇ ਲੈਂਦੇ ਫਿਰਦੇ ਸਨ। ਟਾਹਲੀ ਦੇ ਪੋਰੇ ਵਰਗੇ ਨਿੱਗਰ ਪੱਟਾਂ ਵਾਲੀਆਂ ਮੇਮਾਂ ਆਪਣੇ ਹਾਣੀਆਂ ਨਾਲ ਕੋਤਲ ਘੋੜੀਆਂ ਵਾਂਗ ਉਛਲਦੀਆਂ ਫਿਰਦੀਆਂ ਸਨ। ਧੁੱਪ ਭਾਵੇਂ ਲੂਹ ਰਹੀ ਸੀ ਪਰ ਉਸ ਦੀ ਤਪਸ਼ ਦੀ ਕਿਰਪਾ ਨਾਲ ਕੱਛੀਆਂ ਬਨੈਣਾਂ ਵਿੱਚ ਫਿਰਦੀਆਂ ਮੇਮਾਂ ਵੇਖ ਕੇ ਗਰਮੀ ਦੀ ਦੇਵੀ ਨੂੰ ਪ੍ਰਣਾਮ ਕਰਨ ਨੂੰ ਮਨ ਕਰਦਾ ਸੀ। ਇਨ੍ਹਾਂ ਨੂੰ ਵੀ ਮਾਤ ਪਾਉਣ ਵਾਲੀ ਇੱਕ ਅਪੱਛਰਾਂ ਦੀ ਛੋਟੀ ਭੈਣ ਲੋਕਾਂ 'ਚ ਘਿਰੀ ਖੜੀ ਸੀ। ਲੋਕ ਉਸ ਨਾਲ ਕਾਹਲੀ ਕਾਹਲੀ ਆਪਣੇ ਬੱਚਿਆਂ ਦੀਆਂ ਤਸਵੀਰਾਂ ਖਿੱਚ ਰਹੇ ਸਨ, ਜਿਵੇਂ ਉਸ ਉਡਣ ਪਰੀ ਨੇ ਪਲ-ਝੱਟ ਨੂੰ ਇੰਦਰ ਲੋਕ ਵੱਲ ਉੱਡ ਜਾਣਾ ਹੋਵੇ। ਪਰ ਇਸ ਨੇ ਕਿਤੇ ਵੀ ਨਹੀਂ ਸੀ ਜਾਣਾ। ਇਹ ਤਾਂ ਨੌਕਰੀ ਪੇਸ਼ਾ 'ਪਰੀ' ਸੀ ਜੋ ਇਸੇ ਕੰਮ ਲਈ ਲਾਈ ਗਈ ਸੀ। ਨਰਮ, ਗੋਰੇ 'ਕਿਊਟ' ਜਿਹੇ ਚਿਹਰੇ ਵਾਲੀ ਇਸ ਕੁੜੀ ਦਾ ਚਿੱਟਾ ਪਹਿਰਾਵਾ ਸੱਚਮੁੱਚ ਪਰੀਆਂ ਵਾਲਾ ਸੀ। ਮੇਰਾ ਮਨ ਵੀ ਉਸ ਨਾਲ ਫੋਟੋ

Academy of the Punjab in North America: http://www.apnaorg.com

ਖਿਚਵਾਉਣ ਲਈ ਲਲਚਾ ਉੱਠਿਆ। ਮੈਂ ਨੇੜੇ ਹੋਇਆ ਤਾਂ ਜ਼ਨਾਨੇ ਪਰਫਿਊਮ ਦੀ ਮਦਹੋਸ਼ ਕਰਨ ਵਾਲੀ ਵਾਸ਼ਨਾ ਮੇਰੇ ਸਿਰ 'ਚ ਪਸਰ ਗਈ। ਉਸ ਨੇ ਬੱਚਿਆਂ ਵਾਂਗ ਲਾਡ ਜਿਹੇ ਨਾਲ ਮੇਰੇ ਨਾਲ ਦੋ ਕੁ ਗੱਲਾਂ ਵੀ ਕੀਤੀਆਂ। ਇਹ ਉਸ ਦੀ 'ਜੌਬ' 'ਚ ਸ਼ਾਮਿਲ ਸੀ। ਫੇਰ ਬੜੀ ਅਦਾ ਨਾਲ ਟੇਢੀ ਜਿਹੀ ਹੋ ਕੇ ਮੇਰੀ ਵੱਖੀ ਨਾਲ ਲੱਗ ਕੇ ਫੋਟੋ ਖਿਚਵਾਉਣ ਲਈ ਖੜ੍ਹ ਗਈ। ਮਾੜੀ ਜਿਹੀ ਝਿਜਕ ਪਿੱਛੋਂ ਮੈਂ ਉਸ ਦੇ ਲੱਕ ਦੁਆਲੇ ਬਾਂਹ ਵਲ਼ ਲਈ। ਕਲਿੱਕ ਹੋਈ ਤਾਂ ਮੈਂ ਉਸ ਦਾ 'ਥੈਂਕ ਯੂ' ਕੀਤਾ। ਉਹ 'ਵੈਲਕਮ' ਕਹਿੰਦਿਆਂ ਉਡੀਕ 'ਚ ਖੜ੍ਹੇ ਕਿਸੇ ਹੋਰ ਦੀ ਬੇਲਣ ਬਣ ਗਈ। ਕਿੰਨੀ ਔਖੀ ਪਰ ਖ਼ੂਬਸੂਰਤ 'ਜੌਬ' ਸੀ, ਲੋਕਾਂ ਦੀਆਂ ਰੂਹਾਂ ਨੂੰ ਰਜਾਉਣਾ। ਕੁਦਰਤ ਨੇ ਉਸ ਨੂੰ ਜਿੰਨੇ ਖੁਲ੍ਹੇ ਜਿਗਰੇ ਨਾਲ ਹੁਸਨ ਦਿੱਤਾ ਸੀ, ਉਸੇ ਖੁੱਲ੍ਹੇ ਦਿਲ ਨਾਲ ਉਹ ਆਪਣੀ ਮੁਸ਼ਕਣ ਬੂਟੀ ਜਵਾਨੀ ਦੀ ਵਾਸ਼ਨਾ ਦੁਨੀਆਂ 'ਚ ਵਰਤਾ ਰਹੀ ਸੀ। ਮੈਂ ਕਦੇ ਤਸੱਵਰ ਵੀ ਨਹੀਂ ਕਰ ਸਕਿਆ ਸਾਂ ਕਿ ਕੁੜੀ ਇਨੀ ਨਾਜ਼ਕ ਵੀ ਹੋ ਸਕਦੀ ਹੈ। ਮੈਨੂੰ ਪ੍ਰੋ. ਮੋਹਨ ਸਿੰਘ ਦੀਆਂ ਉਹ ਸਤਰਾਂ ਯਾਦ ਆਈਆਂ ਕਿ 'ਜੇ ਤੂੰ ਹੱਥਾਂ ਪੈਰਾਂ ਨੂੰ ਲਾਈ ਮਹਿੰਦੀ ਉਹਦਾ ਭਾਰ ਨਾ ਸਕੇਂਗੀ ਝੱਲ ਮੋਈਏ।'

ਇਥੇ ਨਾਲ ਹੀ ਬੱਚਿਆਂ ਲਈ ਵਿਸ਼ੇਸ਼ ਖਿੱਚ ਵਾਲਾ 'ਮਿੱਕੀ'ਜ਼ ਟੂਨ-ਟਾਊਨ' ਸੀ। ਮਿੱਕੀ ਮਾਊਸ ਦੇ ਦੀਵਾਨੇ ਸਾਰੀ ਦੁਨੀਆਂ ਦੇ ਬੱਚੇ ਹਨ। ਮਿੱਕੀ ਦੇ ਪ੍ਰੋਗਰਾਮ ਵੇਖਦਿਆਂ ਉਹ ਅੱਖ ਨਹੀਂ ਝਪਕਦੇ ਅਤੇ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਜਾਂਦੇ ਹਨ। ਮਿੱਕੀ ਅਤੇ ਮਿੰਨੀ ਦੀ ਆਦਮ-ਕੱਦ ਪੁਸ਼ਾਕ ਪਹਿਨ ਕੇ ਕਲਾਕਾਰ ਦਰਸ਼ਕਾਂ ਨਾਲ ਲਾਡ-ਬਾਡੀਆਂ ਕਰ ਕੇ ਮਨੋਰੰਜਨ ਕਰ ਰਹੇ ਸਨ। ਕੋਈ ਚੜ੍ਹਦੀ ਜਿਹੀ ਉਮਰ ਦੀ ਕੁੜੀ ਵੇਖਦਾ ਤਾਂ ਮਿੱਕੀ ਉਸ ਨੂੰ ਜੱਫੀ 'ਚ ਲੈ ਲੈਂਦਾ ਅਤੇ ਚੁੰਮੀ ਲੈ ਕੇ ਲਿੱਜ਼ਤ ਪਾਪੜ ਦੀ ਮਸ਼ਹੂਰੀ ਕਰਨ ਵਾਲੇ ਕਾਰਟੂਨ ਵਾਂਗ ਹੀ ... ਹੀ ... ਹੀ ਕਰਕੇ ਹੱਸਦਾ। ਅਮਰੀਕਨ ਕੁੜੀਆਂ ਲਈ ਇਹ ਗੱਲ ਸਹਿਜ ਹੀ ਸੀ। ਸਾਡੀਆਂ ਕੁੜੀਆਂ ਵਾਂਗ ਸੰਗ ਨਾਲ ਉਨ੍ਹਾਂ ਦੇ ਕੰਨਾਂ ਦੀਆਂ ਲੌਲਾਂ ਲਾਲ ਨਹੀਂ ਸੀ ਹੁੰਦੀਆਂ ਅਤੇ ਨਾ ਹੀ ਉਹ ਸ਼ਰਮ ਨਾਲ ਛੂੰਈਂ-ਮੂੰਈਂ ਹੁੰਦੀਆਂ ਸਨ। ਮਿੰਨੀ ਵੀ ਮੁੰਡਿਆਂ ਦੇ ਬੁੱਲ੍ਹਾਂ 'ਚ ਬੁੱਲ੍ਹ ਪਾ ਕੇ ਤਸਵੀਰਾਂ ਖਿਚਵਾਉਂਦੀ। ਅੰਦਰ ਕਮਰੇ ਵਿੱਚ ਮਿੱਕੀ-ਮਾਊਸ ਦੀ ਫ਼ਿਲਮ ਵੀ ਚੱਲ ਰਹੀ ਸੀ। ਬੱਚੇ ਮਾਂ-ਪਿਉ ਦੀ ਬਾਂਹ ਫੜ੍ਹ ਕੇ ਇਥੇ ਖਲਿਆਰੀ ਰਖਦੇ ਅਤੇ ਹਿੱਲਨ ਨਾ ਦਿੰਦੇ।

'ਸਲੀਪਿੰਗ ਬਿਊਟੀ' ਦੇ ਵਿੱਚ ਪਰੀ-ਜਗਤ ਦੀ ਓਪਰੀ ਜਿਹੀ ਝਾਤੀ ਮਾਰ ਕੇ ਮੈਂ 'ਮੈਡ ਟੀ ਪਾਰਟੀ' ਵਾਲੇ ਸ਼ੋ ਵਿੱਚ ਸ਼ਾਮਿਲ ਹੋ ਗਿਆ। ਇਥੇ ਬੰਦੇ-ਮੂੰਹੇ ਵੱਡੇ ਕੱਪਾਂ ਵਿੱਚ ਸੀਟਾਂ ਲੱਗੀਆਂ ਸਨ। ਉਹ ਕੱਪ ਕਦੇ ਏਧਰ ਕਦੇ ਓਧਰ ਜ਼ੋਰ ਨਾਲ ਘੁੰਮਦੇ ਸਨ। ਇਉਂ ਜਾਪਦਾ ਸੀ ਜਿਵੇਂ ਹੁਣ ਮੇਰਾ

Academy of the Punjab in North America: http://www.apnaorg.com

ਕੱਪ ਕਿਸੇ ਦੂਜੇ ਨਾਲ ਵੱਜ ਕੇ ਚਕਨਾ-ਚੂਰ ਹੋ ਜਾਵੇਗਾ ਅਤੇ ਮੈਂ ਧਰਤੀ ਉਤੇ ਪਿਆ ਬਹੁੜੀ-ਦੁਹਾਈ ਕਰਦਾ ਉੱਚੜੇ ਗੋਡੇ ਪਲੋਸ ਰਿਹਾ ਹੋਵਾਂਗਾ। ਪਰ ਇਹ ਭਰਮ ਹੀ ਸੀ। ਦੂਜੇ ਦੇ ਐਨ ਕੋਲੇ ਆ ਕੇ ਕੱਪ ਕਿਸੇ ਹੋਰ ਦਿਸ਼ਾ ਨੂੰ ਮੁੜ ਜਾਂਦਾ। ਜੇ ਕੋਈ ਆਪਣੇ ਕੱਪ ਨੂੰ ਹੋਰ ਵੀ ਤੇਜੀ ਨਾਲ ਘੁੰਮਾਟਣੀਆਂ ਦੇਣਾ ਚਾਹੁੰਦਾ ਹੋਵੇ ਤਾਂ ਉਹ ਆਪਣੀ ਸੀਟ ਅੱਗੇ ਲੱਗੇ ਸਟੇਰਿੰਗ ਨੂੰ ਘੁੰਮਾ ਕੇ ਹੋਰ ਮਜ਼ਾ ਲੈ ਸਕਦਾ ਸੀ।

ਬਿਜਲੀ ਨਾਲ ਚਲਦੀ ਕਾਰ ਅਤੇ ਉੱਚੀਆਂ ਥੰਮ੍ਹੀਆਂ ਉਤੇ ਬਣੀ ਰੇਲ-ਲਾਈਨ ਉਤੇ ਭੱਜਦੀ ਰੇਲ ਦਾ ਝੂਟਾ ਲੈਣ ਪਿੱਛੋਂ ਮੈਂ ਸਮੁੰਦਰ ਦੇ ਅੰਦਰ ਦੀ ਝਾਤ ਪਾਉਣ ਲਈ ਇੱਕ ਲੰਮੀ ਲਾਈਨ ਵਿੱਚ ਖੜ੍ਹ ਗਿਆ। ਇੱਕ ਬੱਸ ਦੇ ਆਕਾਰ ਦੀ ਪਣਡੁੱਬੀ ਵਿੱਚ ਬੈਠ ਕੇ 'ਮੈਨ ਮੇਡ' ਸਮੁੰਦਰ ਦੇ ਅੰਦਰ ਦਾ ਸੰਸਾਰ ਵੇਖਿਆ। ਪਣਡੁੱਬੀ ਦੇ ਸ਼ੀਸ਼ਿਆਂ ਵਿਚੋਂ ਦਿਸਦੇ ਸਮੁੰਦਰ ਦੇ ਥੱਲੇ ਦਾ ਜਗਤ ਬੜਾ ਨਿਰਾਲਾ ਸੀ। ਘੋਗੇ, ਸਿੱਪੀਆਂ ਅਤੇ ਸੰਖ ਤਾਂ ਸਨ ਹੀ, ਸਮੁੰਦਰੀ ਸੰਸਾਰ ਵਿੱਚ ਕੱਛੂ, ਤੰਦੂਏ ਅਤੇ ਅਨੇਕਾਂ ਕਿਸਮ ਦੀਆਂ ਮੱਛੀਆਂ ਦੀ ਭਰਮਾਰ ਸੀ। ਇਹ ਪਛਾਣ ਸਕਣਾ ਬਹੁਤ ਹੀ ਔਖਾ ਸੀ ਕਿ ਇਨ੍ਹਾਂ ਵਿਚੋਂ ਕਿਹੜਾ ਨਕਲੀ ਹੈ ਅਤੇ ਕਿਹੜਾ ਅਸਲੀ। ਸਮੁੰਦਰੀ ਖਣਿਜ ਅਤੇ ਜੜੀਆਂ ਬੂਟੀਆਂ ਇਨੇ ਸਨ ਕਿ ਇਹ ਜਗਤ ਸਾਡੇ ਧਰਤੀ ਦੇ ਸੰਸਾਰ ਨਾਲੋਂ ਵੀ ਵਿਸ਼ਾਲ ਜਾਪਦਾ ਸੀ। ਦਸ ਕੁ ਮਿੰਟ ਦੇ ਚੱਕਰ ਤੋਂ ਪਿੱਛੋਂ ਅਸੀਂ ਫੇਰ ਬਾਹਰ ਦੀ ਦੁਨੀਆਂ 'ਚ ਆ ਬਿਰਾਜੇ।

ਮੈਂ ਭਾਵੇਂ ਚੋਣਵੀਆਂ ਚੀਜ਼ਾਂ ਹੀ ਵੇਖ ਰਿਹਾ ਸਾਂ ਪਰ ਘੜੀ ਦੀਆਂ ਸੂਈਆਂ ਫੇਰ ਵੀ ਖਰਗੋਸ਼ ਦੀ ਚਾਲ ਨਾਲ ਦੌੜ ਰਹੀਆਂ ਜਾਪਦੀਆਂ ਸਨ। ਇੱਕ ਓਪਨ-ਏਅਰ ਥੀਏਟਰ ਵਿੱਚ ਪ੍ਰੋਫੈਸ਼ਨਲ (ਕਸਬੀ, ਪੇਸ਼ਾਵਰ) ਕਥਾ-ਵਾਚਕ (ਸਟੋਰੀ ਟੈਲਰ) ਵੱਲੋਂ 'ਅਲਾਦੀਨ ਦਾ ਚਿਰਾਗ' ਨਾਂ ਦੀ ਕਹਾਣੀ ਸੁਣਾਈ ਜਾਣੀ ਸੀ। ਉਸ ਦਾ ਹੁਨਰ ਵੇਖਣ ਦੀ ਚਾਹ ਨੇ ਮੇਰੇ ਪੈਰ ਨੂੜ ਲਏ ਅਤੇ ਮੈਂ ਉਸ ਨੂੰ ਛੱਡ ਨਾ ਸਕਿਆ। ਮੇਰੇ ਪਿੰਡ ਇੱਕ ਕਥਾ-ਵਾਚਕ ਹੁੰਦਾ ਸੀ ਜਿਹੜਾ ਮਰਗ ਵਾਲੇ ਘਰੇ ਹਫ਼ਤਾ-ਦਸ ਦਿਨ ਰਾਤ ਨੂੰ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਤਾਂ ਕਿ ਦੁਖੀ ਮਨ ਫੇਰ ਇਸ ਸੰਸਾਰ ਨਾਲ ਟੁੱਟੀ ਗੰਢ ਲਵੇ। ਮੈਂ ਵੇਖਣਾ ਚਾਹੁੰਦਾ ਸਾਂ ਕਿ ਸਾਡੇ ਕਥਾ ਵਾਚਕ ਬਾਬੇ ਹਰੀ ਸਿਉਂ ਨਾਲੋਂ ਇਹ ਵਿਸ਼ਵ ਪ੍ਰਸਿੱਧ ਕਥਾ-ਵਾਚਕ ਕਿੰਨਾ ਕੁ ਅਗਾਂਹ ਪਿਛਾਂਹ ਸੀ।

ਮੰਚ ਉਤੇ ਇੱਕ ਜਾਦੂਗਰ ਦੀ ਪੁਸ਼ਾਕ ਵਾਲਾ ਕਥਾ ਵਾਚਕ ਆਇਆ ਅਤੇ ਉਸ ਨੇ ਮਦਾਰੀਆਂ ਵਾਂਗ ਡੁਗਡੁਗੀ ਵਜਾਈ। ਫੇਰ ਇੱਕ ਬਾਲੜੀ ਨੂੰ ਮੰਚ ਉਤੇ ਬੁਲਾਇਆ। ਉਸ ਨੂੰ ਕੁਰਸੀ ਉਤੇ ਬਿਠਾ ਕੇ ਕਥਾ ਸੁਣਾਉਣ ਲੱਗਿਆ, 'ਇਕ ਸੀ ਰਾਜ ਕੁਮਾਰ ...।' ਜੋ ਕੁੱਝ ਉਹ ਬੋਲਦਾ ਜਾਂਦਾ,

Academy of the Punjab in North America: http://www.apnaorg.com

ਅਦਾਕਾਰ ਆਪਣੀਆਂ ਮੂਲ ਅਦਾਵਾਂ ਨਾਲ ਉਸ ਨੂੰ ਮੂਰਤੀਮਾਨ ਕਰਦੇ ਜਾਂਦੇ। ਕਹਾਣੀ ਦੀ ਲੋੜ ਅਤੇ ਸਥਿਤੀ ਅਨੁਸਾਰ ਉਹ ਆਪਣੇ ਬੋਲਾਂ ਵਿੱਚ ਉਤਰਾ-ਚੜ੍ਹਾਅ ਲਿਆਉਂਦਾ। ਜਿਹੋ ਜਿਹਾ ਪਾਤਰ ਹੁੰਦਾ, ਉਹੋ ਜਿਹੀ ਆਵਾਜ਼ ਕਢਦਾ। ਦਰਸ਼ਕ ਉਸ ਨੂੰ ਸੁਣਦਿਆਂ ਕਿਸੇ ਸੁਪਨ-ਲੋਕ ਵਿੱਚ ਪਹੁੰਚ ਗਏ। ਉਸ ਦੇ ਹੁਨਰ ਨੇ ਕਥਾ ਨੂੰ ਜਿਉਂਦੇ-ਜਾਗਦੇ ਰੂਪ ਵਿੱਚ ਸਾਡੇ ਕੰਨਾਂ ਅਤੇ ਅੱਖਾਂ ਰਾਹੀਂ ਦਿਲਾਂ ’ਚ ਉਤਾਰ ਦਿੱਤਾ। ਪਰ ਸਾਡਾ ਹਰੀ ਸਿਉਂ ਤਾਂ ਇਹ ਸਭ ਕੁੱਝ ਬਿਨਾਂ ਅਦਾਕਾਰਾਂ ਤੋਂ ਹੀ ਕਰ ਵਿਖਾਉਂਦਾ ਸੀ। ਮੈਨੂੰ ਇਹ ਸੋਚ ਕੇ ਮਾਣ ਮਹਿਸੂਸ ਹੋਇਆ।

ਥੀਏਟਰ ‘ਚੋਂ ਨਿਕਲਿਆ ਤਾਂ ਨਾਲ ਹੀ ਝੀਲ ਵਿੱਚ ਮੋਟਰ ਕਿਸ਼ਤੀਆਂ ਖੜ੍ਹੀਆਂ ਸਨ ਜਿਹੜੀਆਂ ਜੰਗਲੀ ਮਨੁੱਖ ਦੇ ਜਿਊਣ ਵਸੀਲੇ ਵਿਖਾਉਣ ਲਈ ਲੈ ਜਾਣ ਵਾਸਤੇ ਵਾਰੋ ਵਾਰੀ ਤੁਰ ਰਹੀਆਂ ਸਨ। ਕਿਸ਼ਤੀ ਤੁਰੀ ਤਾਂ ਥੋੜ੍ਹੀ ਦੇਰ ਬਾਅਦ ਕਬੀਲਾ ਜੁਗ ਸ਼ੁਰੂ ਹੋ ਗਿਆ। ਕਿਸ਼ਤੀ ਦਾ ਗਾਈਡ ਬੜੇ ਮਜ਼ਾਕੀਆ ਸੁਭਾਅ ਵਾਲਾ ਸੀ। ਹਰ ਗੱਲ ਦੱਸਣ ਵੇਲੇ ਉਹ ਨਾਲ ਕੋਈ ਨਾ ਕੋਈ ਟੋਟਕਾ ਜ਼ਰੂਰ ਲਾਉਂਦਾ ਅਤੇ ਦਰਸ਼ਕਾਂ ’ਚ ਹਾਸੜ ਮੱਚ ਜਾਂਦੀ। ‘ਔਹ ਵੇਖੋ ਫੁਹਾਰੇ ਥੱਲੇ ਇਸ਼ਨਾਨ ਕਰ ਰਹੀਆਂ ਜੰਗਲ ਦੀਆਂ ਰਾਣੀਆਂ’ ਉਸ ਨੇ ਚਿੱਕੜ ’ਚ ਲੇਟੇ ਮਾਰ ਰਹੀਆਂ ਜੰਗਲੀ ਮੱਝਾਂ ਵੱਲ ਸੈਨਤ ਕਰ ਕੇ ਕਿਹਾ।

ਇਕ ਰੁੱਖ ਦੇ ਦੁਸਾਂਗ ਵਿੱਚ ਕਬਾਇਲੀ ਮਨੁੱਖ ਚੜ੍ਹਿਆ ਬੈਠਾ ਸੀ। ਰੁੱਖ ਦੇ ਮੁੱਢ ਨੂੰ ਪੱਟ ਜਿੱਡੇ ਮੋਟੇ ਕਾਲੇ ਨਾਗਾਂ ਨੇ ਕੁੰਡਲ ਮਾਰੇ ਹੋਏ ਸਨ। ਇਥੇ ਸਾਡੇ ਗਾਈਡ ਨੂੰ ਕਹਿਣ ਲਈ ਕੋਈ ਵਧੀਆ ਗੱਲ ਨਾ ਸੁੱਝੀ। ਮੈਂ ਸੋਚਿਆ ਇਸ ਦੀ ਥਾਂ ਸਾਡਾ ਦੇਵ ਥਰੀਕਿਆਂ ਵਾਲਾ ਹੁੰਦਾ ਤਾਂ ਉਸ ਨੇ ਆਖਣਾ ਸੀ, ‘ਗੋਰੀ ਧੌਣ ਦੁਆਲੇ ਕਾਲੀ ਗਾਨੀ ਜੱਟੀ ਦੇ, ਚੰਦਨ ਗੇਲੀ ਨੂੰ ਜਿਉਂ ਨਾਗਾਂ ਕੁੰਡਲੀ ਮਾਰੀ’। ਇੱਕ ਜਣਾ ਹੋਰ ਮਨ੍ਹੇ ਉਤੇ ਚੜ੍ਹ ਕੇ ਆਪਣੀ ਜਾਨ ਬਚਾਈ ਬੈਠਾ ਸੀ। ਉਹ ਨਾਗਾਂ ਤੋਂ ਤਾਂ ਬਚ ਗਿਆ ਪਰ ਉਤੋਂ ਵਰ੍ਹਦੇ ਮੂਹਲੇਧਾਰ ਮੀਂਹ ਦਾ ਕੀ ਕਰੇ? ਕਬਾਇਲੀ ਮਨੁੱਖ ਦੀ ਜਾਨ ਦੋਵੇਂ ਪਾਸਿਉਂ ਕੁੜਿੱਕੀ ਵਿੱਚ ਸੀ। ਜੇ ਇਹ ਜੀਵਨ ਡਰ ਅਤੇ ਸਹਿਮ ਦਾ ਸੀ ਤਾਂ ਇਸ ਵਿੱਚ ਰੁਮਾਂਸ ਦੇ ਪਲ ਵੀ ਜ਼ਰੂਰ ਸਨ। ਅੱਗੇ ਇੱਕ ਗੁਫ਼ਾ ਦੇ ਬਾਹਰ ਅੰਗਿਆਰ ਮਘ ਰਹੇ ਸਨ ਜਿਨ੍ਹਾਂ ਵਿੱਚ ਇੱਕ ਕਾਲਾ-ਕਲੂਟਾ ਪਰ ਫੌਲਾਦੀ ਅੰਗਾਂ ਵਾਲਾ ਆਦਮੀ ਸ਼ਿਕਾਰ ਭੁੰਨ ਰਿਹਾ ਸੀ। ਉਹ ਕਦੇ ਭੁੰਨੇ ਜਾ ਰਹੇ ਮੀਟ ਵੱਲ ਅਤੇ ਕਦੇ ਆਪਣੇ ਗੋਡੇ ਮੁੱਢ ਬੈਠੀ ਤੀਵੀਂ ਵੱਲ ਝਾਕਦਾ। ਉਸ ਦੇ ਚਿਹਰੇ ਉਤੇ ਜਲਾਲ ਸੀ ਕਿਉਂਕਿ ਦੋਵੇਂ ਨਿਹਮਤਾਂ ਹੀ ਕੋਲ ਸਨ। ਇਸ ਬੰਦੇ ਦੀ ਖੁਸ਼ੀ ਨੂੰ ਪ੍ਰਗਟਾਉਣ ਲਈ ਪਿੱਛੋਂ ਕਿਸੇ

Academy of the Punjab in North America: http://www.apnaorg.com

ਜੰਗਲੀ ਕਬੀਲੇ ਦੇ ਨਾਚ-ਗਾਣੇ ਦੀ ਧੁਨ ਚੱਲ ਰਹੀ ਸੀ। 'ਔਹ ਵੇਖੋ ਕਬਾਇਲੀਆਂ ਦਾ ਫਾਈਵ ਸਟਾਰ ਹੋਟਲ' ਗਾਈਡ ਨੇ ਫੇਰ ਟੋਟਕਾ ਛੱਡਿਆ।

ਅਗਲੇ ਦ੍ਰਿਸ਼ ਵਿੱਚ ਹਾਥੀਆਂ ਦਾ ਝੁੰਡ ਕੰਨ ਹਿਲਾ-ਹਿਲਾ ਮਸਤੀ ਮਨਾ ਰਿਹਾ ਸੀ। ਇੱਕ ਹਾਥੀ ਸੁੰਡ ਦਾ ਫ਼ੁਹਾਰਾ ਬਣਾ ਕੇ ਆਪਣੀ ਮਲਿਕਾ (ਹਥਨੀ) ਨੂੰ ਨੁਹਾ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, 'ਸਾਡੇ ਨਾਲ ਰਹੇਂਗੀ ਤਾਂ ਐਸ਼ ਕਰੇਂਗੀ'। ਉਤੇ ਬਾਂਦਰ-ਜ਼ਾਤ ਇੱਕ ਦੂਜੇ ਦੀਆਂ ਪੂਛਾਂ ਖਿੱਚਣ ਵਿੱਚ ਰੁੱਝੀ ਹੋਈ ਸੀ। ਅੱਗੇ ਗੈਂਡੇ ਨੇ ਨੱਕ ਉਤਲੇ ਸਿੰਗ ਨਾਲ ਇੱਕ ਹਿਰਨ ਦਾ ਢਿੱਡ ਪਾੜ ਸੁੱਟਿਆ ਸੀ। ਉਸ ਦੀਆਂ ਆਂਦਰਾਂ ਬਾਹਰ ਲਮਕ ਰਹੀਆਂ ਸਨ।

ਜੰਗਲ ਦੇ ਰਾਜੇ ਸ਼ੇਰ ਬਿਨਾਂ ਭਲਾ ਜੰਗਲੀ ਜੀਵਨ ਕਿਵੇਂ ਪੂਰਨ ਸਮਝਿਆ ਜਾ ਸਕਦਾ ਸੀ? ਅਗਲੇ ਪਲ ਬੱਬਰ ਸ਼ੇਰ ਦੀ ਦਹਾੜ ਸੁਣੀਂ, ਜਿਹੜਾ ਅਗਲੇ ਦੋਵੇਂ ਪੈਰ ਪੱਥਰ ਉਤੇ ਰੱਖ ਕੇ ਘੁਮੰਡ ਨਾਲ ਇਉਂ ਖੜ੍ਹਾ ਸੀ ਜਿਵੇਂ ਕੋਈ ਸ਼ਰਾਬੀ ਜੱਟ ਦੁਸ਼ਮਣਾਂ ਦੇ ਬੂਹੇ 'ਚ ਖੜ੍ਹਾ ਉਨ੍ਹਾਂ ਨੂੰ ਬਾਹਰ ਨਿਕਲਣ ਲਈ ਲਲਕਾਰ ਰਿਹਾ ਹੋਵੇ।

ਜੰਗਲੀ ਜੀਵਨ ਦੀ ਝਾਤ ਤੋਂ ਪਿੱਛੋਂ ਸੂਰਜ ਵੱਲ ਝਾਤ ਮਾਰੀ ਤਾਂ ਉਹ ਰੁੱਖਾਂ ਦੇ ਝੁੰਡ ਉਹਲੇ ਥੱਲੇ ਨੂੰ ਜਾਂਦਾ ਸੰਧੂਰੀ ਭਾਹ ਮਾਰ ਰਿਹਾ ਸੀ। ਆਪਣੀ ਚੋਣ ਦਾ ਛਾਨਣਾ ਹੋਰ ਬਰੀਕ ਕਰਨਾ ਪਿਆ। ਮੈਂ 'ਟੂਮਾਰੋ-ਲੈਂਡ' ਵਾਲੇ ਭਾਗ ਵਿੱਚ ਚਲਾ ਗਿਆ। ਇੱਕ ਵੱਡੇ ਹਾਲ ਵਿੱਚ 'ਅਮਰੀਕਾ ਦਾ ਬਿਊਟੀਫੁੱਲ' (ਹੁਸੀਨ ਅਮਰੀਕਾ) ਨਾਂ ਦੀ ਡਾਕੂਮੈਂਟਰੀ ਫ਼ਿਲਮ ਵਿਖਾਈ ਜਾ ਰਹੀ ਸੀ। ਅਮਰੀਕਾ ਦੇ ਕੁਦਰਤੀ ਨਜ਼ਾਰੇ ਅਤੇ ਸਭਿਆਚਾਰਕ ਜੀਵਨ ਦੇ ਦ੍ਰਿਸ਼ ਤਾਂ ਖ਼ੂਬਸੂਰਤ ਸਨ ਹੀ, ਫ਼ਿਲਮ ਚਾਰੇ ਪਾਸੇ ਚੱਲ ਰਹੀ ਸੀ। ਇਸ ਵਿੱਚ ਸਭ ਮਹਾਂਦ੍ਰਿਸ਼ ਹੀ ਸਨ। ਇਉਂ ਜਾਪਦਾ ਸੀ ਜਿਵੇਂ ਇੱਕ ਵਿਸ਼ਾਲ ਕੈਨਵਸ ਸਾਰੇ ਹਾਲ ਵਿੱਚ ਵਿਛਾਈ ਹੋਵੇ ਅਤੇ ਅਸੀਂ ਉਸ ਦੇ ਵਿਚਕਾਰ ਕੱਢੇ ਮਘੋਰੇ ਵਿੱਚ ਖੜ੍ਹੇ ਹੋ ਕੇ ਵੇਖ ਰਹੇ ਹੋਈਏ। ਇਹ ਫ਼ਿਲਮ ਵੇਖ ਕੇ ਅਮਰੀਕਾ ਦੀ ਬਹੁ-ਪੱਖੀ ਸੁੰਦਰਤਾ ਬਾਰੇ ਮੂੰਹ 'ਚੋਂ ਆਪ ਮੁਹਾਰੇ ਅੱਸ਼ ਅੱਸ਼ ਨਿਕਲਦੀ ਸੀ। ਉਥੇ ਖੜ੍ਹਿਆਂ ਮੈਨੂੰ ਸਾਡੀ ਇਸ਼ਤਿਹਾਰੀ ਫ਼ਿਲਮ 'ਮੇਰਾ ਭਾਰਤ ਮਹਾਨ' ਦੀ ਯਾਦ ਆਈ ਜਿਹੜੀ ਪ੍ਰਧਾਨ ਮੰਤਰੀ ਨੂੰ ਵਿਖਾ ਵਿਖਾ ਭਾਰਤ ਪ੍ਰਤੀ ਨਫ਼ਰਤ ਪੈਦਾ ਕਰਨ ਤੱਕ ਜਾਂਦੀ ਹੈ।

ਇਸ ਦੇ ਨਾਲ ਹੀ ਇੱਕ ਵੱਡੀ ਇਮਾਰਤ ਵਿੱਚ 'ਸਟਾਰ ਟੂਰ' ਦਾ ਸ਼ੋਅ ਸੀ। ਉਸ 'ਚ ਬਣੇ ਇੱਕ ਮਿੰਨੀ ਥੀਏਟਰ ਵਿੱਚ ਸਾਨੂੰ ਬੈਲਟਾਂ ਦੁਆਰਾ ਕੁਰਸੀਆਂ ਨਾਲ ਕੱਸ ਦਿੱਤਾ ਗਿਆ। ਸਾਹਮਣੇ ਪਰਦੇ ਉਤੇ ਆਕਾਸ਼ ਮੰਡਲ ਬਾਰੇ ਫ਼ਿਲਮ ਚੱਲਣ ਲੱਗੀ ਅਤੇ ਨਾਲ ਹੀ ਸਾਡਾ ਥੀਏਟਰ ਡਿੱਕੋ-ਡੋਲੇ

Academy of the Punjab in North America: http://www.apnaorg.com

ਖਾਣ ਲੱਗ ਪਿਆ। ਇਉਂ ਜਾਪਣ ਲੱਗਾ ਜਿਵੇਂ ਅਸੀਂ ਕਿਸੇ ਉਪ ਗ੍ਰਹਿ ਵਿੱਚ ਸਵਾਰ ਹੋ ਕੇ ਚੰਨ, ਤਾਰਿਆਂ ਅਤੇ ਬੱਦਲਾਂ ਦੇ ਸੰਸਾਰ ਵਿੱਚ ਤਾਰੀਆਂ ਲਾ ਰਹੇ ਹੋਈਏ।

ਇਹ ਸ਼ੋਅ ਤਾਂ ਜਿਵੇਂ ਸਾਨੂੰ ਉਸ ਰਾਕਟ-ਰਾਈਡ ਲਈ ਤਿਆਰ ਕਰਨ ਵਾਸਤੇ ਹੀ ਸੀ ਜਿਹੜੀ ਹੁਣ ਦਿੱਤੀ ਜਾਣੀ ਸੀ। ਇਥੇ ਇੱਕ ਰਾਕਟ-ਨੁਮਾ ਟਰੌਲੀ ਵਿੱਚ ਬਿਠਾ ਕੇ ਇੱਕ ਮਜ਼ਬੂਤ ਡੰਡੇ ਨਾਲ ਸਾਨੂੰ ਸੀਟ ਨਾਲ ਨੂੜ ਦਿੱਤਾ ਗਿਆ। ਇਸ ਡੰਡੇ ਨੇ ਹੀ ਰਾਈਡ ਦੇ ਖਤਰਨਾਕ ਹੋਣ ਦੀ ਗਵਾਹੀ ਦੇ ਦਿੱਤੀ। ਉਂਜ ਜਾਣ ਤਾਂ ਅਸੀਂ ਬਾਹਰ ਉਹ ਹਦਾਇਤਾਂ ਪੜ੍ਹ ਕੇ ਵੀ ਗਏ ਸਾਂ ਜਿਥੇ ਕਮਜ਼ੋਰ ਦਿਲ ਵਾਲਿਆਂ ਨੂੰ ਇਹ ਰਾਈਡ ਲੈਣੋਂ ਮਨ੍ਹਾਂ ਕੀਤਾ ਗਿਆ ਸੀ। ਰਾਕਟ ਸਹਿਜੇ ਸਹਿਜੇ ਤੁਰਦਾ ਇੱਕ ਹਨੇਰੇ ਹਾਲ ਵਿੱਚ ਦਾਖ਼ਲ ਹੋਇਆ ਅਤੇ ਫੇਰ ਉਸ ਨੇ ਉਤਾਂਹ ਨੂੰ ਸ਼ੂਟ ਵੱਟ ਲਈ। ਇੱਕ ਵਿਸ਼ਾਲ ਬ੍ਰਹਿਮੰਡ ਸੀ ਜਿਸ ਵਿੱਚ ਏਧਰ ਓਧਰ, ਹੇਠਾਂ ਉਤੇ ਹੁੰਦਾ ਰਾਕਟ ਚੱਕਰ ਕੱਢ ਰਿਹਾ ਸੀ। ਸੂਰਜ, ਚੰਨ, ਤਾਰੇ ਸਾਡੇ ਇਰਦ ਗਿਰਦ ਸਨ। ਜਿਹੜੇ ਬਾਹਰਲੀਆਂ ਹਦਾਇਤਾਂ ਨੂੰ ਟਿੱਚ ਸਮਝ ਕੇ ਰਾਕਟ ’ਚ ਆ ਬੈਠੇ ਸਨ, ਉਹ ਹੁਣ ਚੰਘਿਆੜਾਂ ਛੱਡ ਰਹੇ ਸਨ। ਇਉਂ ਲਗਦਾ ਸੀ ਜਿਵੇਂ ਕੁੱਝ ਲੋਕ ਰਾਕਟ ਤੋਂ ਡਿੱਗ ਕੇ ਹੱਡ ਗੋਡੇ ਤੁੜਵਾਉਣ ਪਿੱਛੋਂ ਹੁਣ ਬਹੁੜੀ ਦੁਹਾਈ ਕਰ ਰਹੇ ਸਨ। ਕੋਈ ਦਿਲ ਫੇਲ੍ਹ ਹੋਣ ਦਾ ਵਾਸਤਾ ਪਾ ਕੇ ਰਾਕਟ ਰੋਕ ਦੇਣ ਲਈ ਲੇਰ ਮਾਰਦਾ, ਪਰ ਹੁਣ ਤਾਂ ਤੀਰ ਕਮਾਨੋਂ ਨਿਕਲ ਚੁੱਕਾ ਸੀ। ਹਾਲਤ ਤਾਂ ਮੇਰੀ ਵੀ ਅਖੰਡ ਪਾਠ ਅਤੇ ਹਨੂੰਮਾਨ ਦਾ ਰੋਟ ਸੁੱਖਣ ਵਾਲੀ ਹੋਈ ਪਈ ਸੀ ਪਰ ਮੈਂ ਸਿਰੜ ਕਰ ਕੇ ਬੈਠਾ ਰਿਹਾ। ਮਾਤ-ਲੋਕ ਵਿੱਚ ਆਏ ਤਾਂ ਸਾਹ ਫੁੱਲੇ ਹੋਏ ਸਨ, ਦਿਲ ਫੱਟੜ ਹਿਰਨੀ ਵਾਂਗ ਤੜਫ ਰਿਹਾ ਸੀ, ਖ਼ੂਨ ਸਿਰ ਨੂੰ ਚੜ੍ਹਿਆ ਹੋਇਆ ਸੀ ਅਤੇ ਅੱਖਾਂ ਰਾਹੀਂ ਤਤੀਰੀਆਂ ਬਣ ਕੇ ਛੁੱਟਣ ਵਾਲਾ ਜਾਪਦਾ ਸੀ। ਅਖੇ ਨਾਨਕੇ ਮੇਲ ਨੀ ਜਾਣਾ, ਨੈਣ ਨੇ ਤਿੰਨ ਕੱਢੀਆਂ, ਪਰ ਅਜਿਹੀ ਤੋਬਾ ਤਾਂ ਪਹਿਲਾਂ ਵੀ ਕਈ ਵਾਰ ਕੀਤੀ ਸੀ ਅਤੇ ਸੁਆਦ ਲੈਣ ਦੇ ਚਾਅ ਨੇ ਵਾਰ ਵਾਰ ਤੁੜਵਾ ਦਿੱਤੀ ਸੀ।

ਰਾਤ ਦੇ ਦਸ ਵੱਜਣ ਲੱਗੇ ਸਨ। ਕਹਿੰਦੇ ਸਨ ਬੱਸ ਥੋੜ੍ਹੇ ਚਿਰ ਨੂੰ ਹੀ ਪੂਰੇ ਡਿਜ਼ਨੀਲੈਂਡ ਵਿੱਚ ਰੋਸ਼ਨੀਆਂ ਦਾ ਜਲੂਸ ਕੱਢਿਆ ਜਾਵੇਗਾ, ਆਤਸ਼ਬਾਜੀ ਹੋਏਗੀ, ਅਨਾਰ ਚੱਲਣਗੇ ਅਤੇ ਸਾਰਾ ਆਕਾਸ਼ ਜਗਮਗਾ ਉਠੇਗਾ, ਪਰ ਮੈਂ ਤਾਂ ਹੁਣ ਇੱਕ ਮਿੰਟ ਵੀ ਹੋਰ ਨਹੀਂ ਸਾਂ ਉਡੀਕ ਸਕਦਾ। ਬਾਹਰ ਗੇਟ ਉਤੇ ਮੇਰਾ ਦੂਰ ਦੇ ਰਿਸ਼ਤੇ ‘ਚੋਂ ਲਗਦਾ ਫੁੱਫੜ ਅਤੇ ਉਸ ਦਾ ਜੁਆਈ ਬੀ. ਐੱਸ. ਭੱਟੀ ਮੈਨੂੰ ਨਾਲ ਲਿਜਾਣ ਵਾਸਤੇ ਉਡੀਕ ਰਹੇ ਸਨ।

Academy of the Punjab in North America: http://www.apnaorg.com

'ਭਾ ਜੀ ਇਹ ਰੋਸ਼ਨੀਆਂ ਤਾਂ ਆਪਣੇ ਘਰੋਂ ਵੀ ਦਿਸਦੀਆਂ ਨੇ ਤੁਹਾਨੂੰ ਉਥੋਂ ਹੀ ਵਿਖਾ ਦੇਵਾਂਗੇ' ਡਿਜ਼ਨੀਲੈਂਡ ਦੇ ਨਾਲ ਹੀ ਐਨਾਹੀਮ 'ਚ ਵਸਦੇ ਭੱਟੀ ਨੇ ਕਾਰ 'ਚ ਬੈਠਦੇ ਨੇ ਮੈਨੂੰ ਉਸ ਪਛਤਾਵੇ 'ਚੋਂ ਕੱਢਣ ਲਈ ਕਿਹਾ ਜਿਹੜਾ ਰੋਸ਼ਨੀਆਂ ਨਾ ਵੇਖ ਸਕਣ ਕਰਕੇ ਮੈਨੂੰ ਹੋ ਰਿਹਾ ਸੀ।

ਡਿਜ਼ਨੀਲੈਂਡ ਦਾ ਜਾਦੂ ਅਜੇ ਮੇਰੇ ਸਿਰ ਨੂੰ ਚੜ੍ਹਿਆ ਹੋਇਆ ਸੀ ਕਿ ਭੱਟੀ ਨੇ ਇੱਕ ਹੋਰ ਚੁਆਤੀ ਲਾ ਦਿੱਤੀ, 'ਭਾ ਜੀ ਇਥੋਂ ਨੇੜੇ ਹੀ ਇੱਕ 'ਸੀ ਵਰਲਡ' ਹੈ ਸੇਨ-ਡਿਆਗੋ 'ਚ, ਉਹ ਵੀ ਤੁਹਾਡੇ ਵਰਗੇ ਲੇਖਕ-ਬੰਦੇ ਦੇ ਵੇਖਣ ਵਾਲੀ ਸ਼ੈਅ ਹੈ।' ਉਹ ਵੇਖੇ ਬਿਨਾਂ ਹੁਣ ਮੈਂ ਕਿਥੇ ਰਹਿ ਸਕਦਾ ਸਾਂ? ਮੈਨੂੰ ਪਤਾ ਸੀ ਇਸ ਚੁਆਤੀ ਨੇ ਸਵੇਰ ਨੂੰ ਭਾਂਬੜ ਬਣ ਜਾਣਾ ਹੈ।

## ਡੌਲਫਿਨ ਦੀ ਦੁਨੀਆਂ

ਅਮਰੀਕਾ ਦੀ ਜਾਣੀ-ਪਛਾਣੀ ਸਮੱਸਿਆ ਫੇਰ ਸਾਹਮਣੇ ਖੜ੍ਹੀ ਸੀ। ਕੰਮ ਦਾ ਦਿਨ ਹੋਣ ਕਰਕੇ ਭੱਟੀ ਸਾਹਿਬ ਮੈਨੂੰ ਸਮੁੰਦਰੀ ਦੁਨੀਆਂ (ਸੀ-ਵਰਲਡ) ਵਿਖਾਉਣ ਲਈ ਨਾਲ ਲੈ ਕੇ ਨਹੀਂ ਸੀ ਜਾ ਸਕਦੇ ਅਤੇ ਮੈਂ ਵੀਕ-ਐਂਡ ਤੱਕ ਉਡੀਕ ਨਹੀਂ ਸੀ ਸਕਦਾ। ਇੱਕ ਦਿਨ ਬਾਅਦ ਮੇਰੀ ਨਿਊਯਾਰਕ ਦੀ ਫਲਾਈਟ ਸੀ। ਫੈਸਲਾ ਇਹ ਹੋਇਆ ਕਿ ਸਵੇਰੇ ਮੈਂ ਬੱਸ ਉਤੇ ਜਾਂਦਾ ਰਹਾਂਗਾ ਅਤੇ ਸ਼ਾਮ ਨੂੰ ਉਹ ਲੈ ਆਉਣਗੇ।

ਗਰੇ-ਹਾਉਂਡ ਬੱਸ ਰਾਹੀਂ ਮੈਂ ਗਿਆਰ੍ਹਾ ਕੁ ਵਜੇ ਸੇਨ-ਡਿਆਗੋ ਪਹੁੰਚ ਗਿਆ। ਇਹ ਅਮਰੀਕਾ ਦੀ ਮੈਕਸੀਕੋ ਨਾਲ ਲਗਦੀ ਹੱਦ ਉਤੇ ਵਸਿਆ ਬਹੁਤ ਖ਼ੂਬਸੂਰਤ ਸ਼ਹਿਰ ਹੈ। ਇਸ ਸ਼ਹਿਰ ਤੋਂ ਥੋੜ੍ਹਾ ਹਟਵੀਂ ਹੈ ਸਮੁੰਦਰੀ ਦੁਨੀਆਂ।

ਇਥੇ ਸਮੁੰਦਰੀ ਦੁਨੀਆਂ ਦਾ ਚੱਕਰ ਕਢਵਾਉਣ ਵਾਸਤੇ ਕੋਈ ਟਰਾਮ ਜਾਂ ਰੇਲ ਨਹੀਂ ਸੀ। ਇਸ ਦੀ ਲੋੜ ਵੀ ਨਹੀਂ ਸੀ ਕਿਉਂਕਿ ਇਹ ਡਿਜ਼ਨੀਲੈਂਡ ਦੇ ਮੁਕਾਬਲੇ ਛੋਟਾ ਅਤੇ ਸਿੱਧੇ-ਸਪਾਟ ਰਾਹਾਂ

Academy of the Punjab in North America: http://www.apnaorg.com

ਵਾਲਾ ਸੀ। ਹੁਣ ਨਕਸ਼ਾ ਵੇਖਣ ਦਾ ਵੀ ਵੱਲ ਆ ਗਿਆ ਸੀ। ਮੈਂ ਸ਼ੁਰੂਆਤ ਕਰਨ ਲਈ ਸਕਾਈ ਟਾਵਰ ਵੱਲ ਹੋ ਗਿਆ। ਇਹ ਇੱਕ ਬਹੁਤ ਉੱਚਾ ਮਜ਼ਬੂਤ ਥੰਮ੍ਹ ਸੀ ਜਿਸ ਦੇ ਮੁੱਢ ਵਿੱਚ ਸ਼ੀਸ਼ੇ ਦਾ ਗੋਲ ਕਮਰਾ ਬਣਿਆਂ ਹੋਇਆ ਸੀ। ਇਹ ਕਮਰਾ ਥੰਮ੍ਹ ਦੇ ਆਸੇ-ਪਾਸੇ ਘੁੰਮਦਾ-ਘੁੰਮਦਾ ਉਤਾਂਹ ਚੜ੍ਹਦਾ ਜਾਂਦਾ ਸੀ। ਥੰਮ੍ਹ ਦੇ ਸਿਖ਼ਰ ਉਤੇ ਅਮਰੀਕੀ ਝੰਡਾ ਸਾਡੇ ਨਿਸ਼ਾਨ ਸਾਹਿਬ ਵਾਂਗ ਬੜੀ ਸ਼ਾਨ ਨਾਲ ਝੂੱਲ ਰਿਹਾ ਦਿਸਦਾ ਸੀ।

ਇਸ ਟਾਵਰ ਉਤੇ ਚੜ੍ਹਨ ਦੀ ਟਿਕਟ ਵੱਖਰੀ ਸੀ। ਟਿਕਟ-ਖਿੜਕੀ 'ਚ ਬੈਠੀ ਮੁਟਿਆਰ ਦੀ ਜੇਬ ਉਤੇ ਤਾਰਾ ਨਾਂ ਦੀ ਨੇਮ-ਪਲੇਟ ਲੱਗੀ ਸੀ। 'ਤੂੰ ਭਾਰਤੀ ਐਂ?' ਮੈਂ ਪੁੱਛੇ ਬਿਨਾਂ ਰਹਿ ਨਾ ਸਕਿਆ।

'ਨਹੀਂ, ਮੈਕਸੀਕਨ।'

'ਭਾਰਤ ਵਿੱਚ ਤੇਰੇ ਨਾਂ ਦਾ ਇੱਕ ਸੀਰੀਅਲ ਬੜਾ ਪ੍ਰਸਿੱਧ ਐ, ਉਸ ਦੀ ਸਟਾਰ ਤਾਰਾ ਐ, ਤੇਰੇ ਵਰਗੀ ਤਾਰਾ' ਮੈਂ ਆੜੀ ਪਾਉਣ ਲਈ ਕੋਸ਼ਿਸ਼ ਕੀਤੀ।

'ਹੱਛਾ ਕਮਾਲ ਐ, ਮੈਨੂੰ ਚੰਗਾ ਲਗਦੈ ਭਾਰਤ' ਉਸ ਨੇ ਮੇਰਾ ਮਾਣ ਰਖਦਿਆਂ ਕਿਹਾ। ਇਉਂ ਮਿੰਟ ਕੁ ਦੀ ਸਾਂਝ ਬਦਲੇ ਮੈਂ ਉਸ ਦਾ ਡੁੱਲ੍ਹ-ਡੁੱਲ੍ਹ ਪੈਂਦਾ ਰੂਪ ਨਿਹਾਰਨ ਦਾ ਸਬੱਬ ਬਣਾ ਲਿਆ। ਇਨੇ ਨੂੰ ਮੇਰੀ ਟਾਵਰ-ਰੂਮ 'ਚ ਜਾਣ ਦੀ ਵਾਰੀ ਆ ਗਈ।

ਟਾਵਰ ਦੇ ਸਿਖ਼ਰ ਉਤੋਂ ਚੁਫੇਰੇ ਵੇਖਿਆ ਤਾਂ ਇਉਂ ਲੱਗਿਆ ਜਿਵੇਂ ਮੈਂ ਧਰਤੀ ਦੀ ਵਿਸ਼ਾਲ ਕੈਨਵਸ ਉਤੇ ਬਣੀ ਕੋਈ ਦਿਲਕਸ਼ ਪੇਂਟਿੰਗ ਵੇਖ ਰਿਹਾ ਹੋਵਾਂ। ਇੱਕ ਪਾਸੇ ਸੀ ਪਹਾੜੀ ਢਲਾਨ ਉਤੇ ਵਸਿਆ ਸ਼ਹਿਰ ਸੇਨ-ਡਿਆਗੋ ਅਤੇ ਉਸ ਦੀ ਸਾਹਮਣੀ ਬਾਹੀ ਤੇ ਨੀਲੀ ਝੀਲ ਦੇ ਦਾਤਰੀ-ਮੋੜ ਨੇ ਸਮੁੰਦਰੀ ਦੁਨੀਆਂ ਨੂੰ ਵਲ ਰੱਖਿਆ ਸੀ। ਐਨੀ ਉਚਾਈ ਤੋਂ ਝੀਲ ਵਿੱਚ ਤੈਰਦੀਆਂ ਫੈਰੀਆਂ ਇਉਂ ਜਾਪਦੀਆਂ ਸਨ ਜਿਵੇਂ ਕਿਸੇ ਸਕੂਲੀ-ਬੱਚੇ ਨੇ ਕਾਪੀ ਦੇ ਪੰਨੇ ਪਾੜ-ਪਾੜ ਉਨ੍ਹਾਂ ਦੀਆਂ ਕਿਸ਼ਤੀਆਂ ਬਣਾ ਕੇ ਝੀਲ 'ਚ ਤਾਰ ਦਿੱਤੀਆਂ ਹੋਣ। ਝੀਲ ਦੇ ਉਤੋਂ ਦੀ ਲਮਕਵੀਂ ਟਰੌਲੀ ਸੈਲਾਨੀਆਂ ਦੇ ਝੂਟੇ ਲੈਣ ਵਾਸਤੇ ਚਲਦੀ ਸੀ।

ਇਥੇ ਜ਼ਿਆਦਾਤਰ ਸ਼ੋ ਨਿਸਚਤ ਸਮੇਂ ਤੇ ਚੱਲਣ ਵਾਲੇ ਸਨ। ਇਸ ਲਈ ਮੈਂ ਤਰਤੀਬ ਬਣਾਈ ਅਤੇ ਸਮੁੰਦਰ ਵੱਲ ਖੁਲ੍ਹਦੀ ਖਿੜਕੀ (ਵਿੰਡੋ ਟੂ ਦਾ ਸੀ) ਵੇਖਣ ਲਈ ਉਡੀਕ ਕਰਨ ਲੱਗਾ। ਓਨੀ ਦੇਰ ਮੈਂ ਮੱਛੀ-ਘਰ 'ਚ ਗੇੜਾ ਮਾਰ ਲਿਆ। ਇਥੇ ਸੈਂਕੜੇ ਕਿਸਮ ਦੀਆਂ ਮੱਛੀਆਂ ਸ਼ੀਸ਼ੇ ਦੇ ਵੱਡੇ ਵੱਡੇ ਬੌਕਸਾਂ ਵਿੱਚ ਛੱਡੀਆਂ ਹੋਈਆਂ ਸਨ। ਉਨ੍ਹਾਂ ਦੀਆਂ ਸੁਭਾਵਕ ਹਰਕਤਾਂ ਨੂੰ ਐਨਾ ਨੇੜਿਉਂ

Academy of the Punjab in North America: http://www.apnaorg.com

ਵੇਖਣਾ ਬੜਾ ਚੰਗਾ ਲਗਦਾ ਸੀ। ਉਹ ਵੀ ਹੁਣ ਨੇੜੇ ਹੱਥ ਕੀਤੇ ਤੋਂ ਡਰਦੀਆਂ ਨਹੀਂ ਸਨ। ਨਿੱਤ ਦੇ ਅਭਿਆਸ ਨਾਲ ਸਮਝ ਗਈਆਂ ਸਨ ਕਿ ਵਿਚਕਾਰ ਸ਼ੀਸ਼ੇ ਦੀ ਕੰਧ ਹੈ।

'ਸਮੁੰਦਰ ਵੱਲ ਖੁਲ੍ਹਦੀ ਖਿੜਕੀ' ਉਸ ਪ੍ਰੋਗਰਾਮ ਦਾ ਨਾਂ ਸੀ ਜਿਹੜਾ ਇੱਕ ਵੱਡੇ ਹਾਲ 'ਚ ਲੱਗੇ ਪਰਦੇ ਉਤੇ ਵਿਖਾਇਆ ਜਾਂਦਾ ਸੀ ਪਰ ਇਹ ਲਾਈਵ ਸ਼ੋ (ਨਾਲੋ ਨਾਲ ਬਣਦਾ) ਸੀ। ਇਨ੍ਹਾਂ ਦਿਨਾਂ ਵਿੱਚ ਸਮੁੰਦਰੀ ਦੁਨੀਆਂ ਬਾਰੇ ਅਖ਼ਬਾਰਾਂ/ਰਿਸਾਲਿਆਂ 'ਚ ਕਿਹੜੇ ਕਿੱਸੇ ਛਪੇ ਸਨ? ਇਸ ਦਾ ਵੇਰਵਾ ਸਕਰੀਨ ਉਤੇ ਵਿਖਾਇਆ ਜਾਂਦਾ ਸੀ। ਇਸ ਬਾਰੇ ਨਾਲੋ-ਨਾਲ ਕੁਮੈਂਟਰੀ ਕਰ ਰਹੀ ਸੰਚਾਲਿਕਾ ਹੁਣ ਟੀ. ਵੀ. ਮਾਧਿਅਮ ਰਾਹੀਂ ਦੂਰ ਬੈਠੇ ਮਾਹਰਾਂ ਦੀ ਇਸ ਬਾਰੇ ਰਾਏ ਪੁਛਦੀ ਸੀ। ਜੇ ਦਰਸ਼ਕਾਂ ਵਿਚੋਂ ਕੋਈ ਹੋਰ ਪ੍ਰਸ਼ਨ ਪੁੱਛਣਾ ਚਾਹੁੰਦਾ ਤਾਂ ਸੰਚਾਲਿਕਾ ਲਗਦੇ ਹੱਥ ਉਸ ਦਾ ਜਵਾਬ ਵੀ ਮਾਹਰਾਂ ਕੋਲੋਂ ਪੁਛਵਾ ਦਿੰਦੀ ਸੀ। ਕਈ ਲੋਕ ਮਜ਼ੇ ਲਈ ਬੜੇ ਰੌਚਕ ਸਵਾਲ ਵੀ ਪੁੱਛ ਲੈਂਦੇ ਸਨ, ਜਿਵੇਂ ਕਿ ਇੱਕ ਨੇ ਮੁਸ਼ਕੜੀਏਂ ਹਸਦਿਆਂ ਪੁੱਛਿਆ, 'ਕੱਛੂ ਸੰਭੋਗ ਕਿਵੇਂ ਕਰਦਾ ਹੈ ਜੀ?' ਇੱਕ ਹੋਰ ਨੇ ਜਾਨਣਾ ਚਾਹਿਆ ਕਿ 'ਜਦੋਂ ਮੱਛੀ ਵਾਹਰ (ਹੀਟ) 'ਚ ਹੁੰਦੀ ਹੈ ਤਾਂ ਮੱਛ ਨੂੰ ਕਿਵੇਂ ਦਸਦੀ ਐ ਭਲਾ?'

ਮੈਂ ਵੀ ਐਵੇਂ ਸ਼ਰਾਰਤ ਨਾਲ ਪੰਜਾਬੀ ਅਖਾਣ ਦੇ ਅਰਥ ਪੁੱਛਣਾ ਚਾਹੁੰਦਾ ਸਾਂ ਕਿ 'ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਹਨ?' ਪਰ ਹੀਆ ਨਾ ਕਰ ਸਕਿਆ। ਇਹ ਮੇਰੇ ਬਾਪੂ ਦਾ ਪਸੰਦੀਦਾ ਅਖਾਣ ਸੀ। ਉਹ ਮੈਨੂੰ ਅਕਸਰ ਆਖਦਾ 'ਤੈਨੂੰ ਕੀ ਪਤੈ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਐਂ?' ਜੇ ਪੁੱਛ ਲੈਂਦਾ ਤਾਂ ਅੱਗੋਂ ਵਾਸਤੇ ਉਸ ਦੇ ਪ੍ਰਸ਼ਨ ਦਾ 'ਵਿਗਿਆਨਕ' ਜਵਾਬ ਦੇ ਸਕਦਾ ਸਾਂ। ਮੈਂ ਹੈਰਾਨ ਸਾਂ ਇਹਨਾਂ ਮਾਹਰਾਂ ਉਤੇ ਜਿਹੜੇ ਅਣਗਿਣਤ ਸਮੁੰਦਰੀ ਜੀਵਾਂ ਦੇ ਜੰਮਣ-ਮਰਨ, ਸੰਭੋਗ-ਕਰਨ ਅਤੇ ਖਾਣ-ਪੀਣ ਦੀਆਂ ਆਦਤਾਂ ਬਾਰੇ ਐਨਾ ਗਿਆਨ ਹਾਸਲ ਕਰੀ ਫਿਰਦੇ ਸਨ।

ਸਮੁੰਦਰੀ ਜਗਤ ਵਿੱਚ ਸਭ ਤੋਂ ਵਧੀਆ ਡੌਲਫਿਨ ਸ਼ੋ ਮੰਨਿਆ ਜਾਂਦਾ ਹੈ। ਇੱਕ ਵੱਡੇ ਓਪਨ-ਏਅਰ ਥੀਏਟਰ ਦੀਆਂ ਸੀਟਾਂ ਸਾਹਮਣੇ ਇੱਕ ਚੌੜਾ ਮੰਚ ਬਣਿਆਂ ਹੋਇਆ ਸੀ। ਮੰਚ ਚਹੁੰ ਪਾਸਿਆਂ ਤੋਂ ਪਾਣੀ ਦੀ ਇੱਕ ਨਿੱਕੀ ਝੀਲ ਨਾਲ ਘਿਰਿਆ ਹੋਇਆ ਸੀ। ਇਸ ਝੀਲ ਦੇ ਬੰਨੇ ਸ਼ੀਸ਼ੇ ਦੇ ਸਨ ਤਾਂ ਕਿ ਇਸ ਵਿੱਚ ਕਰਤੱਬ ਦਿਖਾਉਂਦੀਆਂ ਡੌਲਫਿਨ ਮੱਛੀਆਂ ਦਰਸ਼ਕਾਂ ਨੂੰ ਦਿਸਦੀਆਂ ਰਹਿਣ। ਮੰਚ ਦੇ ਪਿਛਲੇ ਹਿੱਸੇ ਦੀ ਝੀਲ ਵਿੱਚ ਇੱਕ ਵੱਡੀ ਵੇਲ ਮੱਛੀ ਸਮੁੰਦਰੀ ਜਹਾਜ਼ ਵਾਂਗ ਤਰਦੀ ਫਿਰਦੀ ਸੀ। ਇਹ ਤਾਂ ਦਰਸ਼ਨੀ ਭਲਵਾਨਾਂ ਵਾਂਗ ਕੇਵਲ ਆਪਣੇ ਵੱਡੇ ਅਕਾਰ ਦਾ ਖੱਟਿਆ ਹੀ ਖਾਂਦੀ ਸੀ। ਕਰਤੱਬ ਵਿਖਾਉਣ ਵਾਲੀਆਂ ਡੌਲਫਿਨ ਅਤੇ ਉਸ ਦੀਆਂ ਸਾਥਣਾਂ ਹੋਰ ਸਨ। ਇਹ

Academy of the Punjab in North America: http://www.apnaorg.com

ਵੀ ਕਿਹੜਾ ਛੋਟੀਆਂ ਸਨ, ਦੋ ਸਾਲ ਦੇ ਕੱਟੇ ਜਿੱਡੀਆਂ ਜਿੱਡੀਆਂ ਇਹ ਸਨ। ਸ਼ੋ ਪੇਸ਼ ਕਰਨ ਵਾਲੀਆਂ ਕੁੜੀਆਂ, ਜੋ ਆਪ ਵੀ ਡੌਲਫਿਨ ਵਾਂਗ ਤਿਲਕਵੇਂ ਮਰਮਰੀ ਸਰੀਰਾਂ ਵਾਲੀਆਂ ਹੀ ਸਨ, ਘੁਟਵੀਂ ਸ਼ੋ-ਕਿੱਟ ਵਿੱਚ ਬੜੀਆਂ ਚੁਸਤ ਜਾਪਦੀਆਂ ਸਨ।

ਸਰਕਸ ਦੀਆਂ ਲੇਡੀ ਕਲਾਕਾਰਾਂ ਵਾਂਗ ਮੱਛੀਆਂ ਨੇ ਪਹਿਲਾਂ ਝੀਲ ਵਿੱਚ ਉਂਜ ਦੋ ਚਾਰ ਗੇੜੇ ਕੱਢੇ। ਉਹ ਇਕੱਠੀਆਂ ਹੀ ਬਾਹਰ ਬੁੜਕਦੀਆਂ ਅਤੇ ਇਕੋ ਸਮੇਂ ਚੁੱਭੀ ਮਾਰਦੀਆਂ। ਫੇਰ ਉਹ ਦਰਸ਼ਕਾਂ ਵੱਲ ਦੀ ਸ਼ੀਸ਼ੇ ਦੀ ਕੰਧ ਵੱਲ ਆਈਆਂ ਅਤੇ ਪਾਣੀ 'ਚ ਪੂਛ-ਭਾਰ ਖੜ੍ਹੀਆਂ ਹੋ ਗਈਆਂ। ਸਿਰ ਝੁਕਾ ਕੇ ਉਨ੍ਹਾਂ ਨੇ ਸਭ ਨੂੰ 'ਨਮਸਕਾਰ' ਕੀਤੀ। ਸੱਚ ਉਹ ਤਾਂ ਅਮਰੀਕਨ ਮੱਛੀਆਂ ਸਨ, ਇਸ ਲਈ 'ਗੁੱਡ ਆਫਟਰ ਨੂਨ' ਕਿਹਾ ਹੋਵੇਗਾ। ਮੈਨੂੰ ਤਾਂ ਉਨ੍ਹਾਂ ਦੀ ਚੀਂ-ਚੀਂ ਹੀ ਸੁਣੀ ਜਿਸ ਦਾ ਅਰਥ ਮੈਂ 'ਸਾਸਰੀ ਕਾਲ' ਕੱਢ ਲਿਆ। ਹਰੇਕ ਕਰਤੱਬ ਵਿਖਾਉਣ ਤੋਂ ਬਾਅਦ ਉਹ ਆਪਣੀਆਂ ਮਾਲਕਣਾਂ ਕੋਲ ਜਾਂਦੀਆਂ, ਇਨਾਮ ਵਜੋਂ ਉਨ੍ਹਾਂ ਨੂੰ ਨਿੱਕੀਆਂ ਮੱਛੀਆਂ (ਪੂੰਗ) ਦੀ ਲੱਪ-ਲੱਪ ਖਾਣ ਨੂੰ ਮਿਲਦੀ। ਇਨ੍ਹਾਂ ਮੱਛੀਆਂ ਨੇ ਝੀਲ ਦੇ ਉਤੇ ਬੰਨ੍ਹੀ ਰੱਸੀ ਦੇ ਉਤੋਂ ਦੀ ਸੱਤ-ਅੱਠ ਫੁੱਟ ਉੱਚੀ-ਛਾਲ ਲਾ ਕੇ ਵਿਖਾਈ ਤਾਂ ਦਰਸ਼ਕ ਖੁਸ਼ੀ ਨਾਲ ਝੂਮ ਉੱਠੇ। ਫੇਰ ਇਹ ਮੱਛੀਆਂ ਕਲਾਕਾਰ ਕੁੜੀਆਂ ਨੂੰ ਆਪਣੀ ਢੂਈ ਤੇ ਬਿਠਾ ਕੇ ਝੀਲ ਦੀ ਸੈਰ ਕਰਾਉਣ ਲੱਗੀਆਂ। ਇੱਕ ਕੁੜੀ ਨੇ ਜਦੋਂ ਤਿੰਨਾਂ ਮੱਛੀਆਂ ਉਤੇ ਇਕੋ ਵੇਲੇ ਖੜ੍ਹ ਕੇ ਫੁੱਲ-ਸਪੀਡ ਨਾਲ ਝੀਲ ਦਾ ਗੇੜਾ ਕੱਢਿਆ ਤਾਂ ਮੈਨੂੰ ਸਾਡਾ ਨਿਹੰਗ ਸਿੰਘ ਯਾਦ ਆ ਗਿਆ ਜਿਹੜਾ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵਿੱਚ ਅਜਿਹਾ ਕਰਤੱਬ ਸਰਪੱਟ ਦੌੜ੍ਹਦੇ ਘੋੜਿਆਂ ਉਤੇ ਖੜ ਕੇ ਵਿਖਾਉਂਦਾ ਹੈ। ਉਹ ਤਿੰਨ ਘੋੜੇ ਬਰੋ-ਬਰੋਬਰ ਖੜ੍ਹਾ ਲੈਂਦਾ ਹੈ। ਪਾਸਿਆਂ ਵਾਲੇ ਦੋਹਾਂ ਉਤੇ ਪੈਰ ਰੱਖ ਕੇ ਖੜ੍ਹਾ ਹੋ ਜਾਂਦਾ ਹੈ ਅਤੇ ਤਿੰਨੇ ਘੋੜੇ ਸਰਪੱਟ ਦੁੜਾਉਂਦਾ ਹੈ। ਇਹ ਕੁੜੀ ਫੇਰ ਤਿੰਨਾਂ ਮੱਛੀਆਂ ਦਾ ਮੰਜਾ ਬਣਾ ਕੇ ਉਤੇ ਝੂਠੀ-ਮੂਠੀ ਸੌਂ ਗਈ ਅਤੇ ਇਹ 'ਮੰਜਾ' ਝੀਲ 'ਚ ਤੇਜ਼ ਰਫ਼ਤਾਰ ਨਾਲ ਤਰਦਾ ਰਿਹਾ।

ਕਲਾਕਾਰ ਕੁੜੀ ਨੇ ਡੌਲਫਿਨ ਨੂੰ ਕੋਲ ਬੁਲਾ ਕੇ ਕੋਈ ਸ਼ਰਾਰਤ ਸਮਝਾਈ। ਡੌਲਫਿਨ ਡੌਲੀ ਨੇ ਆਪਣੀਆਂ ਸਾਥਣਾਂ ਨਾਲ ਸੀਟੀ ਮਿਲਾਈ ਤੇ ਚਾਰੇ ਦਰਸ਼ਕਾਂ ਵਾਲੇ ਪਾਸੇ ਆ ਗਈਆਂ। ਇੱਕ ਦਮ ਸਾਰੀਆਂ ਨੇ ਪੂਛਾਂ ਦੇ ਪੱਖਿਆਂ ਨਾਲ ਅਜਿਹਾ ਉਛਾਲਾ ਮਾਰਿਆ ਕਿ ਮੂਹਰਲੀਆਂ ਸੀਟਾਂ ਉਤੇ ਬੈਠੇ ਸਾਰੇ ਦਰਸ਼ਕ ਤਰੋ-ਤਰ ਕਰ ਦਿੱਤੇ।

ਕਲਾਕਾਰ ਕੁੜੀ ਨੇ ਦਰਸ਼ਕਾਂ ਵਿਚੋਂ ਇੱਕ ਅੱਗ ਦੀ ਲਾਟ ਵਰਗੀ ਮੁਟਿਆਰ ਨੂੰ ਵਿਸ਼ੇਸ਼ ਤੌਰ ਤੇ ਆਪਣੇ ਕੋਲ ਮੰਚ ਉਤੇ ਬੁਲਾਇਆ। ਉਸ ਨੂੰ ਮੂੰਹ ਅਤੇ ਸਿਰ ਉਤੇ ਪਹਿਨਣ ਵਾਸਤੇ ਇੱਕ ਕੱਚ

Academy of the Punjab in North America: http://www.apnaorg.com

ਜਿਹੇ ਦਾ ਵੱਡਾ ਟੋਪ ਦਿੱਤਾ। ਉਸ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ ਉਹ ਝੀਲ ਦੇ ਕੰਢੇ ਕੰਢੇ ਤੁਰਦੀ ਗਈ। ਅਚਾਨਕ ਉਸ ਨੇ ਮੁਟਿਆਰ ਨੂੰ ਧੱਕਾ ਦੇ ਕੇ ਪਾਣੀ 'ਚ ਸੁੱਟ ਦਿੱਤਾ ਅਤੇ ਫੇਰ ਉਸ ਦੇ ਬਚਾਅ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਡੌਲਫਿਨ ਤੇ ਪਾਰਟੀ ਨੂੰ ਆਵਾਜ਼ ਮਾਰੀ। ਉਹ ਬਿਜਲੀ ਦੀ ਫੁਰਤੀ ਨਾਲ ਪਹੁੰਚ ਗਈਆਂ। ਉਹ ਡੁੱਬ ਗਈ ਮੁਟਿਆਰ ਨੂੰ ਲੱਭਣ ਲੱਗੀਆਂ ਪਰ ਨਿਰਾਸ਼ ਮੁੜ ਆਈਆਂ।

'ਆਹ ਹੀ ਲੱਭੀ ਹੈ' ਮੱਛੀਆਂ ਨੇ ਮੁਟਿਆਰ ਦੀ ਕੇਵਲ ਪੁਸ਼ਾਕ ਉਤੇ ਕਰ ਕੇ ਇਸ਼ਾਰੇ ਨਾਲ ਦੱਸਿਆ।

'ਜਾਓ ਫੇਰ ਛੇਤੀ ਲੱਭ ਕੇ ਲਿਆਓ' ਕੁੜੀ ਨੇ ਗੁੱਸੇ ਨਾਲ ਕਰੜਾ ਹੁਕਮ ਦਿੱਤਾ। ਦਰਸ਼ਕ ਇਉਂ ਹੀ ਸੀਟੀਆਂ ਮਾਰਦੇ ਰਹੇ ਜਿਵੇਂ ਸਾਡੇ ਭਈਏ ਅਮਿਤਾਬ ਬਚਨ ਦੀ ਫ਼ਿਲਮ 'ਚ ਮਾਰਦੇ ਹਨ।

'ਓਅ ਲੱਭ ਗਈ' ਮੱਛੀਆਂ ਨੇ ਕੁੜੀ ਦੀਆਂ ਲੱਤਾਂ ਦਿਖਾਈਆਂ। ਕਲਾਕਾਰ ਕੁੜੀ ਨੇ ਇੱਕ ਚਾਦਰ ਝੀਲ 'ਚ ਸਿੱਟੀ ਅਤੇ ਮੱਛੀਆਂ ਉਸ ਵਿੱਚ ਲਪੇਟ ਕੇ ਮੁਟਿਆਰ ਨੂੰ ਬਾਹਰ ਲੈ ਆਈਆਂ। ਬਾਅਦ 'ਚ ਪਤਾ ਲੱਗਿਆ ਕਿ ਉਹ ਮੁਟਿਆਰ ਵੀ ਸ਼ੋ ਪੇਸ਼ ਕਰਨ ਵਾਲੀਆਂ ਦੀ ਸਾਥਣ ਹੀ ਸੀ। ਮੱਛੀਆਂ ਨੇ ਹੋਰ ਵੀ ਕਈ ਰੌਚਿਕ ਤਮਾਸ਼ੇ ਵਿਖਾਏ।

ਜੇ ਮੱਛੀਆਂ ਆਪਣੇ ਆਪ ਨੂੰ ਕੁੱਝ ਸਮਝਦੀਆਂ ਸਨ ਤਾਂ ਸਮੁੰਦਰੀ ਸ਼ੇਰ ਕਿਹੜਾ ਕਿਸੇ ਦੀ ਨੂੰਹ-ਧੀਅ ਨਾਲੋਂ ਘੱਟ ਸੀ। ਇੱਕ ਹੋਰ ਖੁੱਲ੍ਹੇ-ਮੰਚ ਉਤੇ ਉਸ ਨੇ ਕਰਤੱਬ ਵਿਖਾਉਣੇ ਸਨ। ਚਕੂੰਦਰ ਦੀ ਸ਼ਕਲ ਦਾ ਇਹ ਪੰਜ ਕੁਵਿੰਟਲ ਦੀ ਭਾਰੀ ਦੇਹ ਵਾਲਾ ਇੱਕ ਮਾਸ ਦਾ ਲੋਥੜਾ ਜਿਹਾ ਸੀ। ਦੋ ਮਧਰੀਆਂ ਲੱਤਾਂ ਅਤੇ ਖੰਭਾਂ ਵਰਗੇ ਨਿੱਕੇ ਹੱਥਾਂ ਨਾਲ ਉਹ ਪਾਣੀ ਤੋਂ ਬਾਹਰ ਤੁਰਨ-ਫਿਰਨ ਦੇ ਸਮਰੱਥ ਨਹੀਂ ਸੀ ਪਰ ਹੁਨਰੀ ਦਿਮਾਗਾਂ ਨੇ ਉਸ ਨੂੰ ਸਭ ਕੁੱਝ ਸਿਖਾ ਛੱਡਿਆ ਸੀ। ਇਥੇ ਵੀ ਮੰਚ ਦੇ ਅੱਗੇ ਅੱਗੇ ਗੋਲ ਅਕਾਰ ਵਾਲਾ ਇੱਕ ਤਲਾਅ ਸੀ। ਸਮੁੰਦਰੀ ਸ਼ੇਰ ਕਲਾਕਾਰ ਕੁੜੀ ਦਾ ਹੁਕਮ ਮੰਨ ਕੇ ਉਸ ਤਲਾਅ 'ਚੋਂ ਬੁੜਕ ਕੇ ਮੰਚ ਉਤੇ ਆ ਜਾਂਦਾ ਅਤੇ ਫੇਰ ਤਮਾਸ਼ੇ ਵਿਖਾਉਂਦਾ। ਉਹ ਕੋਈ ਸੁਆਲ ਪੁੱਛਦੀ ਤਾਂ ਸ਼ੇਰ ਸਿਰ ਹਿਲਾ ਕੇ ਜਵਾਬ ਦਿੰਦਾ। ਜੇ ਉਸ ਦੀ ਖੇਡ ਤੋਂ ਖੁਸ਼ ਹੋ ਕੇ ਲੋਕ ਤਾੜੀਆਂ ਮਾਰਦੇ ਤਾਂ ਉਹ ਪੰਜੇ ਜੋੜ ਕੇ ਸ਼ੁਕਰੀਆ ਅਦਾ ਕਰਦਾ। ਜੇ ਕੰਮ ਠੀਕ ਨਾ ਕਰਨ ਉਤੇ ਕਲਾਕਾਰ ਕੁੜੀ ਨਰਾਜ਼ ਹੁੰਦੀ ਤਾਂ ਉਹ ਸਿਰ ਨਿਵਾ ਕੇ ਮੁਆਫ਼ੀ ਮੰਗਦਾ। ਜੇ ਜ਼ਿਆਦਾ ਤੰਗ ਕਰਦੀ ਤਾਂ ਉਹ ਮੰਚ ਉਤੇ ਬੱਚਿਆਂ ਵਾਂਗ ਰੁੱਸ ਕੇ ਪਥੱਲਾ ਮਾਰ ਕੇ ਬੈਠ ਜਾਂਦਾ। ਮਨਾਉਣ ਲਈ ਉਹ ਮੱਛੀਆਂ ਦਾ ਰੁੱਗ ਸ਼ੇਰ ਦੇ ਮੋਘੇ ਵਰਗੇ ਮੂੰਹ 'ਚ ਸਿੱਟਦੀ ਤਾਂ ਉਹ ਖੁਸ਼ ਹੋ ਜਾਂਦਾ।

Academy of the Punjab in North America: http://www.apnaorg.com

ਕੁੜੀ ਨੇ ਐਲਾਨ ਕੀਤਾ ਕਿ ‘ਕੁਝ ਦੇਰ ਲਈ ਸ਼ੋ ਬੰਦ ਕੀਤਾ ਜਾਂਦਾ ਹੈ ਕਿਉਂਕਿ ਸਾਡੇ ਸ਼ੇਰ ਸਾਹਿਬ ਦਾ ਲੰਚ ਦਾ ਸਮਾਂ ਹੋ ਗਿਆ ਹੈ।’ ਖਾਣੇ ਦੀ ਮੇਜ਼ ਸਜਾਈ ਗਈ। ਉਤੇ ਵਾਈਨ ਦੀਆਂ ਬੋਤਲਾਂ ਰੱਖੀਆਂ। ਡੌਂਗਿਆਂ ਵਿੱਚ ਮੱਛੀਆਂ ਕੇਕੜੇ ਸਜਾਏ ਗਏ। ਇੱਕ ਹੋਰ ਸਮੁੰਦਰੀ ਸ਼ੇਰ ਜੀ ਗੋਗੜ ਹਿਲਾਉਂਦੇ ਮੇਜ਼ ਵੱਲ ਆਉਂਦੇ ਦਿਸੇ। ਪੈੱਗ-ਸ਼ੈੱਗ ਲਾਏ ਗਏ, ਮੀਟ-ਮੱਛੀ ਖਾਧੀ ਗਈ ਅਤੇ ਰੱਜ-ਪੁੱਜ ਕੇ ਗੋਗੜ ਉਤੇ ਹੱਥ ਫੇਰਿਆ ਗਿਆ। ਅੰਤ ਸੌਂਫ, ਇਲਾਚੀ ਅਤੇ ਮਿਸ਼ਰੀ ਦੀ ਪਲੇਟ ਆ ਗਈ। ਦੋਵਾਂ ਸ਼ੇਰ ਭਾਈਆਂ ਨੇ ਉਹ ਵੀ ਛਕ ਲਈ। ਵਿਦਾ ਹੋਣ ਵਾਲੇ ਮਹਿਮਾਨ ਸ਼ੇਰ ਨੂੰ ਵਿਦਾਇਗੀ-ਚੁੰਮਣ ਦੇਣ ਤੋਂ ਪਿੱਛੋਂ ਕਲਾਕਾਰ ਕੁੜੀ ਖਬਰੇ ਕੀ ਬੁਰਾ-ਭਲਾ ਕਹਿ ਬੈਠੀ ਕਿ ਗੁੱਸੇ ਵਿੱਚ ਸ਼ਰਾਬੀ ਸ਼ੇਰ ਨੇ ਫੁਰਕੜਾ ਮਾਰਿਆ। ਵਿਚਾਰੀ ਕੁੜੀ ਦਾ ਸਾਰਾ ਮੂੰਹ-ਸਿਰ ਸੌਂਫ ਨਾਲ ਭਰ ਦਿੱਤਾ। ਮਸਾਂ ਹੀ ਸੁਲਾਹ-ਸਫਾਈ ਹੋਈ। ਸਮੁੰਦਰੀ ਸ਼ੇਰ ਦੇ ਤਮਾਸ਼ਿਆਂ ਉਤੇ ਇੱਕ ਮਸਖਰਾ ਹਾਸੇ-ਭਰੇ ਟੋਟਕੇ ਨਾਲੋ-ਨਾਲ ਛਡਦਾ ਰਿਹਾ ਜਿਨ੍ਹਾਂ ਨਾਲ ਦਰਸ਼ਕ ਹੋਰ ਵੀ ਨਿਹਾਲ ਹੋ ਗਏ। ਇਨ੍ਹਾਂ ਖੌਫ਼ਨਾਕ ਸਮੁੰਦਰੀ ਜੀਵਾਂ ਨੂੰ ਇਸ ਕਦਰ ਦਿੱਤੀ ਸਿਖਲਾਈ ਵੇਖ ਕੇ ਮੈਂ ਹੈਰਾਨ ਹੋ ਗਿਆ। ਵਾਰ ਵਾਰ ਮਨੁੱਖ ਦੀ ਅਸੀਮ ਯੋਗਤਾ ਨੂੰ ਮਨੋ-ਮਨੀ ਪ੍ਰਣਾਮ ਕਰਦਾ ਰਿਹਾ।

ਯੂਨੀਵਰਸਲ ਸਟੂਡੀਓ ਵਾਂਗ ਇਥੇ ਵੀ ਇੱਕ ਪੰਛੀਆਂ ਦਾ ਸ਼ੋ ਸੀ। ਤਿੱਤਰਾਂ, ਕੁੱਕੜਾਂ, ਸ਼ੁਤਰਮੁਰਗਾਂ ਅਤੇ ਕਬੂਤਰਾਂ ਦੇ ਬਹੁਤ ਸਾਰੇ ਕਰਤੱਬ ਵੀ ਉਹੀ ਸਨ ਪਰ ਇੱਕ ਬਾਜ਼ ਦੁਆਰਾ ਵਿਖਾਏ ਗਏ ਕਾਰਨਾਮੇ ਅਭੁੱਲ ਸਨ। ਮਜ਼ਬੂਤ ਪਤਲੀ ਰੱਸੀ ਨਾਲ ਬੰਨ੍ਹ ਕੇ ਇੱਕ ਗ਼ੁਬਾਰੇ ਵਰਗਾ ਬੌਕਸ ਇੰਨਾ ਉੱਚਾ ਚੜ੍ਹਾਇਆ ਗਿਆ ਕਿ ਜੀਪ ਜਿੱਡੇ ਗ਼ੁਬਾਰੇ ਦਾ ਆਕਾਰ ਘੜੇ ਜਿੱਡਾ ਲੱਗਣ ਲੱਗ ਪਿਆ। ਉਸ ਵਿੱਚ ਇੱਕ ਬਾਜ਼ ਸੀ। ਥੱਲੇ ਮੰਚ ਉਤੇ ਖੜ੍ਹੀ ਮੁਟਿਆਰ ਨੇ ਇਉਂ ਤਾੜੀ ਮਾਰੀ, ਜਿਵੇਂ ਫ਼ਿਲਮਾਂ ’ਚ ਖਲਨਾਇਕ ਆਪਣੇ ਚਮਚਿਆਂ ਨੂੰ ਬੁਲਾਉਂਦਾ ਹੈ। ਇਸ ਇਸ਼ਾਰੇ ਨਾਲ ਬਾਜ਼ ਬੌਕਸ ਵਿਚੋਂ ਨਿਕਲਿਆ ਅਤੇ ਖ਼ੂਹ ’ਚ ਸਿੱਟੀ ਇੱਟ ਵਾਂਗ ਸਿੱਧਾ ਨੱਬੇ ਡਿਗਰੀ ਤੇ ਹੇਠਾਂ ਨੂੰ ਆਇਆ।

ਬਾਜ਼ ਬਾਰੇ ਪ੍ਰਸਿੱਧ ਹੈ ਕਿ ਇਹ ਇਸ ਪੱਖੋਂ ਦੁਨੀਆਂ ਦਾ ਸਭ ਤੋਂ ਤਕੜਾ ਜਾਨਵਰ ਹੈ। ਉੱਡਦੇ ਉੱਡਦੇ ਥਾਏਂ ਖੜ੍ਹੇ ਰਹਿਣਾ ਅਤੇ ਸਿੱਧਾ ਧਰਤੀ ਵੱਲ ਨੂੰ ਆ ਸਕਣਾ, ਇਸ ਦੇ ਵਿਸ਼ੇਸ਼ ਗੁਣ ਹਨ। ਜਦੋਂ ਪਿੰਡ ਰਹਿੰਦਾ ਸਾਂ ਤਾਂ ਮੈਂ ਇਹ ਕ੍ਰਿਸ਼ਮਾ ਬਹੁਤ ਵਾਰ ਅੱਖੀਂ ਵੇਖਿਆ ਸੀ। ਅੱਧ-ਅਸਮਾਨੀਂ ਉਡਦੇ ਬਾਜ਼ ਦੀ ਤਿੱਖੀ ਅੱਖ ਨੂੰ ਜਦੋਂ ਕਿਸੇ ਫਸਲ ਵਿੱਚ ਬੈਠਾ ਤਿੱਤਰ ਜਾਂ ਖਰਗੋਸ਼ ਦਿਸ ਜਾਂਦਾ ਤਾਂ ਉਹ ਥਾਏਂ ਖੜ੍ਹਾ ਉਸ ਵੱਲ ਸ਼ਿਸਤ ਬੰਨ੍ਹ ਕੇ ਦਾਅ ਤਕਾਉਣ ਲੱਗਦਾ। ਫੇਰ ਇਕਦਮ ਸਿੱਧਾ ਉਤੇ ਆ ਡਿੱਗਦਾ ਅਤੇ ਸ਼ਿਕਾਰ ਨੂੰ ਪੰਜਿਆਂ ਵਿੱਚ ਦਬੋਚ ਕੇ ਫੇਰ ਅਸਮਾਨੀਂ ਚੜ੍ਹ

Academy of the Punjab in North America: http://www.apnaorg.com

ਜਾਂਦਾ। ਜੇ ਸ਼ਕਤੀ ਵਿੱਚ ਸਰਵੋਤਮ ਨਾ ਹੁੰਦਾ ਤਾਂ ਬਾਜ ਦਸਵੇਂ ਪਾਤਸ਼ਾਹ ਦੀ ਉੱਚੀ ਉੱਠੀ ਉਂਗਲ ਉਤੇ ਕਿਵੇਂ ਸੋਂਹਦਾ?

ਜਦੋਂ ਬਾਜ਼ ਸਿੱਧਾ ਧੜੱਕ ਦੇਣੇਂ ਮੁਟਿਆਰ ਦੀ ਬਾਂਹ ਉਤੇ ਆ ਬੈਠਾ ਤਾਂ ਝਟਕੇ ਨਾਲ ਵਿਚਾਰੀ ਦੇ ਪੈਰ ਉਖੜ ਗਏ। ਝਟਪਟ ਸੰਭਲ ਕੇ ਉਸ ਨੇ ਆਪਣੇ ਲੱਕ ਨਾਲ ਲਟਕਾਈ ਗੁੱਥਲੀ 'ਚੋਂ ਮਾਸ ਦੀ ਭਰਵੀਂ ਬੋਟੀ ਕੱਢ ਕੇ ਬਾਜ਼ ਨੂੰ ਇਨਾਮ ਵਜੋਂ ਦਿੱਤੀ ਅਤੇ ਦਰਸ਼ਕਾਂ ਵੱਲ ਮੁਸਕਰਾਹਟਾਂ ਸਿੱਟੀਆਂ, ਜਿਵੇਂ ਕਹਿ ਰਹੀ ਹੋਵੇ 'ਬਾਜ਼ ਕੀ ਮੈਂ ਤਾਂ ਵੱਡੇ ਵੱਡੇ ਸਿਧਾ ਦਿਆਂ।'

ਇਸ ਤੋਂ ਬਾਅਦ ਇੱਕ ਕਲਾਕਾਰ ਕੁੜੀ ਆਪਣਾ 'ਸਿੱਧਾ ਕੀਤਾ ਉੱਲੂ' ਲੈ ਕੇ ਆ ਗਈ। ਅਖੇ ਉੱਲੂ ਨੂੰ ਅਕਲ ਨਹੀਂ ਹੁੰਦੀ, ਅਖੇ ਉੱਲੂ ਨੂੰ ਦਿਨੇ ਦਿਸਦਾ ਨਹੀਂ, ਨਹੀਂ ਜਨਾਬ ਇਹ ਉੱਲੂ ਦਾ ਪੱਠਾ ਬੜਾ ਸਿਆਣਾ ਸੀ, ਇਹ ਤਾਂ ਸੂਰਜ ਦੀ ਵੀ ਪਰਵਾਹ ਨਹੀਂ ਸੀ ਕਰਦਾ। ਕਲਾਕਾਰ ਕੁੜੀ ਨੇ ਅੱਖਾਂ ਮਟਕਾ ਕੇ ਦਰਸ਼ਕਾਂ ਦਾ ਧਿਆਨ ਖਿੱਚਿਆ। ਦੂਰ ਦੂਰ ਖੜ੍ਹੇ ਚਾਰ ਕਲਾਕਾਰ ਮੁੰਡਿਆਂ ਵਿਚੋਂ ਜਿਹੜਾ ਵੀ ਚੁਟਕੀ ਅਤੇ ਸੀਟੀ ਵਜਾਉਂਦਾ ਉੱਲੂ ਉਸ ਦੇ ਮੁਰਚੇ ਉਤੇ ਜਾ ਬੈਠਦਾ। ਚਿਲਕਦੀ ਧੁੱਪ ਉਸ ਦੀਆਂ ਅੱਖਾਂ ਨਾ ਚੁੰਧਿਆ ਸਕੀ।

ਵਕਤ ਦੇ ਹੇਰ-ਫੇਰ ਕਾਰਨ ਦੁਨੀਆਂ ਦਾ ਪ੍ਰਸਿੱਧ 'ਸ਼ੰਮੂ ਸ਼ੋ' ਮੇਰੇ ਤੋਂ ਖੁੰਝ ਗਿਆ। ਬਚਦੇ ਥੋੜ੍ਹੇ ਵਕਤ ਵਿੱਚ ਮੈਂ ਸਮੁੰਦਰੀ ਜਗਤ ਦੀਆਂ ਕੁੱਝ ਫੁਟਕਲ ਝਾਕੀਆਂ ਹੀ ਵੇਖ ਸਕਿਆ। ਸੀਲਾਂ, ਪੈਂਗੂਅਨ, ਕੱਛੂਕੁੰਮੇ, ਕੇਕੜੇ, ਬਗਲੇ ਅਤੇ ਪਾਣੀ ਦੇ ਸੱਪ ਸਭ ਆਪਣੀ ਆਪਣੀ ਦੁਨੀਆਂ ਸਜਾਈ ਬੈਠੇ ਸਨ। ਹਰੇਕ ਦੀ ਦੁਨੀਆ ਇਉਂ ਆਪਣੇ ਵੱਲ ਖਿੱਚਦੀ ਸੀ ਜਿਵੇਂ ਵਿਸਾਖੀ ਦੇ ਮੇਲੇ ਵਿੱਚ ਛਾਬੜੀਆਂ ਵਾਲੇ ਹੋਕੇ ਦੇ ਦੇ ਸਦਦੇ ਹਨ, 'ਐਧਰ ਸਰਦਾਰ ਜੀ, ਬਾਬੂ ਜੀ ਐਧਰ, ਤਾਜ਼ਾ ਮਾਲ ਐ, ਲੱਡੂ ਭਾਅ ਦੇ ਭਾਅ, ਜਲੇਬੀ ਭਾਅ ਦੇ ਭਾਅ'। ਪਰ ਮੇਰੀ ਜੇਬ ਵਿੱਚ ਤਾਂ ਵਕਤ ਦੀ ਭਾਨ ਦਾ ਧੇਲਾ ਵੀ ਨਹੀਂ ਸੀ ਬਚਿਆ। 'ਬਾਕੀ ਦਾ ਆਉਂਦੀ ਵਾਰੀ ਸਹੀ' ਸੋਚ ਕੇ ਮੈਂ ਇਸ ਨਿਰਾਲੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਬਾਹਰਲੇ ਗੇਟ ਕੋਲ ਆ ਗਿਆ ਜਿਥੇ ਫੁੱਫੜ ਹੋਰੀਂ ਮੈਨੂੰ ਉਡੀਕ ਰਹੇ ਸਨ।

'ਇਥੇ ਤਾਂ ਹਰ ਚੀਜ਼ ਵਿੱਚ ਜਾਦੂ ਹੈ ਜਿਹੜਾ ਬੰਦੇ ਨੂੰ ਆਪਣੇ ਵੱਲ ਖਿੱਚੀ ਲਈ ਆਉਂਦਾ ਹੈ, ਤਾਂ ਹੀ ਤਾਂ ਪੰਜਾਬੀ ਮੁੰਡੇ ...., ਮੈਨੂੰ ਕਾਰ ਦੀ ਪਿਛਲੀ ਸੀਟ ਉਤੇ ਬੈਠੇ ਕਲਪਨਾ 'ਚ ਗੁਆਚੇ ਨੂੰ ਭੱਟੀ ਸਾਹਿਬ ਦੇ ਬੋਲਾਂ ਨੇ ਬਾਹਰ ਕੱਢਿਆ, 'ਭਾ ਜੀ ਆਪਣੇ ਪੰਜਾਬੀ ਮੁੰਡੇ ਐਥੋਂ ਦੀ ਲੰਘ ਕੇ ਮੈਕਸੀਕੋ 'ਚੋਂ ਰਾਤ-ਬਰਾਤੇ, ਅਮਰੀਕਾ 'ਚ ਦਾਖ਼ਲ ਹੁੰਦੇ ਐ' ਭੱਟੀ ਸਾਹਿਬ ਨੇ ਸੱਜੇ ਹੱਥ ਪਹਾੜਾਂ ਦੀ ਕੰਧ ਵੱਲ ਇਸ਼ਾਰਾ ਕਰਕੇ ਆਖਿਆ।

Academy of the Punjab in North America: http://www.apnaorg.com

'ਪਰ ਇਥੇ ਤਾਂ ਸੜਕ ਤੇ ਦੂਰ ਤੱਕ ਤਾਰਾਂ ਦੀ ਕੰਧ ਐ, ਕਿਥੋਂ ਲੰਘਦੇ ਐ?' ਹੈਰਾਣ ਹੁੰਦਿਆਂ ਮੈਂ ਪੁੱਛਿਆ।

'ਉਂਜ ਤਾਂ ਭਾ ਜੀ ਹੋਰ ਵੀ ਬੜੇ ਅੜਿਕੇ ਐ, ਪੁਲਸ ਦੀ ਗਸ਼ਤ ਦਿਨ-ਰਾਤ ਈ ਐ, ਔਹ ਵੇਖੋ ਤਿਆਰ ਖੜ੍ਹੀਆਂ ਜੀਪਾਂ ਅਤੇ ਹੈਲੀਕਾਪਟਰ, ਲੰਘਦਾ ਦਿਸੇ ਤਾਂ ਬੰਦੇ ਦੇ ਠਾਹ ਗੋਲੀ ਮਾਰ ਦਿੰਦੇ ਐ, ਕਈ ਏਥੇ ਰਗੜੇ ਵੀ ਜਾਂਦੇ ਐ ਵਿਚਾਰੇ, ਪਰ ਕੁੱਝ ਤਾਂ ਫੇਰ ਵੀ ਲੰਘ ਈ ਜਾਂਦੇ ਐ' ਭੱਟੀ ਨੇ ਵਿਸਥਾਰ ਨਾਲ ਪਰਵਾਸੀ ਮੁੰਡਿਆਂ ਦੀ ਦਰਦਨਾਕ ਦਾਸਤਾਨ ਸੁਣਾਈ।

ਕਮਾਲ ਦੀ ਗੱਲ ਇਹ ਸੀ ਕਿ ਇਉਂ ਗੋਲੀਆਂ ਨਾਲ ਭੁੰਨ ਸੁੱਟਣ ਵਾਲੀ ਸਰਕਾਰ ਨੇ ਸੜਕ ਉਤੇ ਸਾਵਧਾਨੀ ਵਜੋਂ ਬੋਰਡ ਲਾਏ ਹੋਏ ਸਨ। ਇਨ੍ਹਾਂ ਉਤੇ ਲਿਖਿਆ ਸੀ ਕਿ ਇਥੋਂ ਦੀ ਰਾਤ-ਬਰਾਤੇ ਗ਼ੈਰ-ਕਾਨੂੰਨੀ ਲੋਕ ਸੜਕ ਪਾਰ ਕਰਦੇ ਹਨ, ਗੱਡੀ ਧਿਆਨ ਨਾਲ ਹੌਲੀ ਚਲਾਓ। ਤਿਕੋਨੇ ਬੋਰਡਾਂ ਉਤੇ ਇਨ੍ਹਾਂ ਗ਼ੈਰ-ਕਾਨੂੰਨੀਆਂ ਦੇ ਸੜਕ ਲੰਘਦੇ ਆਕਾਰ ਵੀ ਬਣਾਏ ਹੋਏ ਸਨ। ਇਹ ਹਦਾਇਤ ਮੈਨੂੰ ਇਉਂ ਹੀ ਜਾਪੀ ਜਿਵੇਂ ਸ਼ਰਾਬ ਦੀ ਵਿਕਰੀ 'ਚੋਂ ਅਰਬਾਂ ਰੁਪਏ ਖੱਟਣ ਵਾਲੀ ਸਰਕਾਰ ਬੋਤਲ ਉਤੇ ਬਰੀਕ ਜਿਹਾ ਲਿਖਵਾ ਦਿੰਦੀ ਹੈ, ਬਹੁਤੀ ਪੀਣੀ ਸਿਹਤ ਲਈ ਹਾਨੀਕਾਰਕ ਹੈ।

ਅਮਰੀਕੀ ਸਰਕਾਰ ਦੀ ਇਹ ਸਖ਼ਤਾਈ ਫੁੱਫੜ ਹੋਰਾਂ ਨੂੰ ਬਹੁਤ ਜਚ ਰਹੀ ਸੀ। ਉਹ ਘਰ ਅਪੜਨ ਤੱਕ ਅਮਰੀਕਨ ਸਰਕਾਰ ਦਾ ਇਸ ਗੱਲੋਂ ਗੁਣ-ਗਾਣ ਕਰਦਾ ਰਿਹਾ। ਘਰ ਪਹੁੰਚ ਕੇ ਰੋਟੀ ਹੀ ਮਸਾਂ ਖਾਧੀ ਸੀ ਕਿ ਮੈਂ ਲਾਸ ਏਂਜਲਸ ਛੱਡ ਆਉਣ ਲਈ ਕਿਹਾ। ਕੱਲ੍ਹ ਨੂੰ ਮੇਰੀ ਨਿਊਯਾਰਕ ਦੀ ਫਲਾਈਟ ਸੀ। ਭੂਆ ਜੀ ਅਤੇ ਛੋਟੀ ਭੈਣ ਨੀਟੂ ਨਾਲ ਗੱਲਾਂ ਕਰਨ ਦਾ ਸਮਾਂ ਤਾਂ ਮੈਂ ਸੀ-ਵਰਲਡ ਵੇਖਣ ਲਈ ਲਾ ਆਇਆ ਸਾਂ। ਵਰ੍ਹਿਆਂ ਪਿੱਛੋਂ ਮਿਲੇ ਸਾਂ ਪਰ ਮੈਂ ਦਾਵੀ ਹੱਥ ਲਾਉਣ ਵਾਲਿਆਂ ਵਾਂਗ ਮੁੜ ਚਲਿਆ ਸਾਂ। ਉਹ ਗਿਲਾ ਕਰ ਰਹੀਆਂ ਸਨ। ਨੀਟੂ ਦੀਆਂ ਹਸਰਤ ਭਰੀਆਂ ਅੱਖਾਂ ਛੋਟੀਆਂ ਭੈਣਾਂ ਵਾਲੇ ਮਾਣ ਨਾਲ ਉਲਾਂਭੇ ਦੇ ਰਹੀਆਂ ਸਨ 'ਭਾ ਜੀ ਜੇ ਇਉਂ ਪਛਤਾਵਾ ਲਾ ਕੇ ਜਾਣਾ ਸੀ ਤਾਂ ਚੰਗਾ ਸੀ ਆਉਂਦੇ ਈ ਨਾ, ਕਾਹਦਾ ਮੇਲ ਐ ਏਹ?' ਆਪਣੀ ਮੰਮੀ ਦੇ ਉਦਾਸੇ ਚਿਹਰੇ ਨੂੰ ਵੇਖ ਕੇ ਨੀਟੂ ਦੀਆਂ ਦੋਵੇਂ ਫੁੱਲ ਵਰਗੀਆਂ ਬੱਚੀਆਂ ਵੀ ਕੁਮਲਾਈਆਂ ਖੜ੍ਹੀਆਂ ਸਨ। ਭਰੇ ਮਨ ਕਾਰਨ ਮੇਰੇ ਤੋਂ ਕੁੱਝ ਜਵਾਬ ਨਹੀਂ ਸੀ ਦਿੱਤਾ ਜਾ ਰਿਹਾ। ਭੱਟੀ ਸਾਹਿਬ ਤਰਕ ਨਾਲ ਸਭ ਨੂੰ ਮੇਰੀ ਮਜਬੂਰੀ ਬਾਰੇ ਸਮਝਾ ਰਹੇ ਸਨ ਪਰ ਮੋਹ ਦੇ ਦਰਿਆ ਅੱਗੇ ਤਰਕ ਦਾ ਕੱਚਾ ਬੰਨ੍ਹ ਕਿਵੇਂ ਖੜ੍ਹਦਾ। ਮੇਰਾ ਬੇਦਿਲਾ ਸਰੀਰ ਕਾਰ ਵਿੱਚ ਬੈਠ ਗਿਆ। ਕਾਰ ਲਾਸ ਏਂਜਲਸ ਵੱਲ ਜਾ ਰਹੀ ਸੀ ਅਤੇ ਮੇਰਾ ਮਨ ਪਿਛੇ ਐਨਾਹੀਮ ਵੱਲ ਨੀਟੂ ਭੈਣ ਦੇ ਘਰ ਵੱਲ ਨੂੰ ਦੌੜ ਰਿਹਾ ਸੀ।

Academy of the Punjab in North America: http://www.apnaorg.com

# ਪਰਵਾਸੀ ਫੁੱਫੜ ਦੇ ਰੰਗ

ਅਮਰੀਕਾ ਵਿੱਚ ਜਹਾਜ਼ਾਂ ਉਤੇ ਤਾਂ ਮੈਂ ਇਉਂ ਝੂਟੇ ਲੈਂਦਾ ਫਿਰਦਾ ਸਾਂ ਜਿਵੇਂ ਐਥੇ ਪੰਜਾਬ ਵਿੱਚ ਰੋਡਵੇਜ਼ ਦੀਆਂ ਬੱਸਾਂ ਉਤੇ ਚੜ੍ਹੇ ਫਿਰੀਦਾ ਹੈ। ਉਥੇ ਜਹਾਜ਼ ਦਾ ਸਫ਼ਰ ਕੋਈ ਅਮੀਰੀ-ਸ਼ੌਂਕ ਨਹੀਂ ਸਮਝਿਆ ਜਾਂਦਾ ਸਗੋਂ ਇੱਕ ਆਮ ਆਦਮੀ ਦੀ ਲੋੜ ਹੈ। ਸਾਧਾਰਣ ਬੰਦੇ ਦਾ ਸਮਾਂ ਵੀ ਜਹਾਜ਼ ਦੀ ਟਿਕਟ ਨਾਲੋਂ ਵੱਧ ਕੀਮਤੀ ਹੈ।

ਡਾ. ਮਹਿੰਦਰ ਸਿੰਘ ਸੋਹਲ ਲਾਸ ਏਂਜਲਸ ਤੋਂ ਨਿਊਯਾਰਕ ਵਾਸਤੇ ਮੈਨੂੰ ਚੜ੍ਹਾਉਣ ਆਇਆ ਤਾਂ ਅਜੇ ਮੂੰਹ-ਹਨੇਰਾ ਸੀ। ਬੱਸਾਂ ਵਾਂਗ ਹੀ ਛੇ ਸੱਤ ਜਹਾਜ਼ਾਂ ਦੀ ਕਤਾਰ ਏਅਰ-ਪੋਰਟ ਉਤੇ ਉਤਰਨ ਲਈ ਆ ਰਹੀ ਸੀ, ਇਹ ਵੇਖ ਕੇ ਮੈਨੂੰ ਹੈਰਾਨੀ ਹੋਈ।

ਮੈਂ ਅਮਰੀਕਨ ਟਰਾਂਸਏਅਰ ਨਾਂ ਦੀ ਕੰਪਨੀ ਦਾ ਜਹਾਜ਼ ਲੈਣਾ ਸੀ। ਇਸ ਕੰਪਨੀ ਨੇ ਬੜਾ ਨਾਮਨਾ ਖੱਟਿਆ ਹੈ। ਇਸ ਲਈ ਜਹਾਜ਼ ਮਿਥੇ ਵਕਤ ਤੇ ਹੀ ਉੱਡਿਆ। ਇਸ ਦੀਆਂ ਏਅਰ-ਹੋਸਟਸਾਂ ਵੀ ਮੇਰੀ ਕਲਪਨਾ ਦੇ ਹਾਣ ਦੀਆਂ ਸਨ। ਕਾਲੀ ਵਰਦੀ ਅਤੇ ਟੋਪੀ ਵਿੱਚ ਲਿਸ਼ਕਦੇ ਗੋਰੇ-ਨਿਸ਼ੋਹ ਚਿਹਰਿਆਂ ਵਾਲੀਆਂ ਇਹ ਜੋਬਨ-ਮੱਤੀਆਂ ਮੁਟਿਆਰਾਂ ਘੋੜੀ ਦੇ ਵਛੇਰੇ ਵਾਂਗ ਦੁੜੰਗੇ ਲਾਉਂਦੀਆਂ ਫਿਰਦੀਆਂ ਸਨ। ਅਮਰੀਕਾ ਦਾ ਵਪਾਰੀ ਔਰਤ ਦੇ ਹੁਸਨ ਨੂੰ ਮੁਨਾਫ਼ੇ ਖ਼ਾਤਰ ਵਰਤਣਾ ਜਾਣਦਾ ਹੈ। ਇਸ ਲਈ 'ਪਬਲਿਕ ਡੀਲਿੰਗ' ਵਾਲੇ ਵਧੇਰੇ ਕੰਮਾਂ ਵਿੱਚ ਜ਼ਿਆਦਾਤਰ ਖ਼ੂਬਸੂਰਤ ਨੱਢੀਆਂ ਹੀ ਹੁੰਦੀਆਂ ਹਨ।

ਜਹਾਜ਼ ਦੇ ਨਿਊਯਾਰਕ ਪਹੁੰਚਣ ਦਾ ਐਲਾਨ ਹੋਇਆ ਤਾਂ ਮੇਰੇ ਅੰਦਰ ਸੁਆਦ ਦੀ ਇੱਕ ਝਰਨਾਹਟ ਜਿਹੀ ਫਿਰ ਗਈ। ਮੈਂ ਆਪਣੇ ਸੁਪਨਿਆਂ ਦੇ ਸ਼ਹਿਰ ਆ ਗਿਆ ਸਾਂ। ਇਸ ਸ਼ਹਿਰ ਦਾ ਮੇਰੇ ਮਨ 'ਚ ਬਣਿਆਂ ਅਕਸ ਬੜਾ ਚਕਾਚੌਂਧ ਕਰਨ ਵਾਲਾ ਸੀ। ਨੌਵੀਂ ਦਸਵੀਂ ਦੇ ਸਿਲੇਬਸ ਵਿੱਚ ਬਲਵੰਤ ਗਾਰਗੀ ਦਾ ਲੇਖ 'ਤੇਜ਼ ਰਫ਼ਤਾਰ ਨਿਊਯਾਰਕ' ਪੜ੍ਹਿਆ ਸੀ ਤਾਂ ਮੈਂ ਇਸ ਸ਼ਹਿਰ ਦਾ ਆਸ਼ਕ ਹੋ ਗਿਆ ਸਾਂ। ਕੁਰਾਈ ਵਾਲੇ ਦੀ ਗਰਦ ਨਾਲ ਅੱਟਿਆ ਪੇਂਡੂ ਮੁੰਡਾ, ਨਿਊਯਾਰਕ ਪਹੁੰਚਣ ਦੇ ਸੁਪਨੇ ਸੱਚ ਕਰਦਾ ਮੁੰਡਾ ਅੱਜ ਕੋਟ-ਪੈਂਟ 'ਚ ਸੱਜਿਆ ਨਿਊਯਾਰਕ ਦੀ ਧਰਤੀ ਉਤੇ ਖੜ੍ਹਾ ਸੀ। ਮਾਣ ਨਾਲ ਮੇਰੀ ਛਾਤੀ ਫੁੱਲੀ ਪਈ ਸੀ।

ਮੇਰੇ ਸਾਂਢੂ ਦੀ ਸਕੀ ਭੂਆ ਗਿਆਨ ਕੌਰ ਅਤੇ ਫੁੱਫੜ ਡਾ. ਇਕਬਾਲ ਸਿੰਘ ਟਾਕ ਮੈਨੂੰ ਲੈਣ ਲਈ ਆਏ ਹੋਏ ਸਨ। ਇਹ ਦੋਵੇਂ ਹੀ ਡਾਕਟਰ ਸਨ। ਇਹ ਪਿੱਛੋਂ ਬਠਿੰਡੇ ਦੇ ਸਨ। ਮੈਨੂੰ ਅਮਰੀਕਾ

Academy of the Punjab in North America: http://www.apnaorg.com

ਆਏ ਨੂੰ ਡੇੜ ਮਹੀਨਾ ਹੋ ਗਿਆ ਸੀ ਪਰ ਆਪਣੇ ਮਲੋਟ ਦੇ ਇਲਾਕੇ ਦਾ ਇੱਕ ਵੀ ਬੰਦਾ ਨਹੀਂ ਸੀ ਮਿਲਿਆ। ਚਲੋ ਜੇ ਰਿਸ਼ਤੇਦਾਰੀ ਕੁੱਝ ਦੂਰ ਦੀ ਸੀ ਤਾਂ ਇਲਾਕੇ ਅਤੇ ਉਮਰ ਦਾ ਤਾਂ ਕੁੱਝ ਨੇੜ ਸੀ। ਮੈਂ ਖੁਸ਼ ਸਾਂ ਪਰ ਇਹ ਖੁਸ਼ੀ ਚਾਹ-ਪਾਣੀ ਪੀਣ ਤੋਂ ਬਾਅਦ ਫੁੱਫੜ ਦੀਆਂ ਹਦਾਇਤਾਂ ਦੀ ਪਹਿਲੀ ਕਿਸ਼ਤ ਨਾਲ ਹੀ ਮੁਸ਼ਕ-ਕਪੂਰ ਵਾਂਗ ਉੱਡ ਗਈ।

'ਬਲਦੇਵ ਸਿੰਘ ਏਥੇ ਘਰ 'ਚ ਕਿਸੇ ਹੋਰ ਨੂੰ ਨਹੀਂ ਸੱਦਣਾ, ਖਾਸ ਕਰਕੇ … ' ਉਸ ਦਾ ਇਸ਼ਾਰਾ ਲੇਖਕਾਵਾਂ ਵੱਲ ਸੀ। ਸ਼ਾਇਦ ਮੇਰੇ ਤੋਂ ਪਹਿਲਾਂ ਹੀ ਮੇਰੇ ਲੇਖਕ ਹੋਣ ਦੀ ਖ਼ਬਰ ਉਸ ਤੱਕ ਪਹੁੰਚ ਚੁੱਕੀ ਸੀ ਅਤੇ ਇਹ ਵੀ ਕਿ ਲੇਖਕ ਠਰਕੀ ਹੁੰਦੇ ਹਨ।

'ਆਪਣੇ ਏਰੀਏ ਕੋਡ ਤੋਂ ਬਾਹਰਲਾ ਫੂਨ ਇਥੇ ਕਾਫ਼ੀ ਮਹਿੰਗਾ ਪੈਂਦਾ ਐ, ਅਸੀਂ ਵੀ ਇੰਡੀਆ ਆਮ ਤੌਰ ਤੇ ਚਿੱਠੀ ਹੀ ਲਿਖਦੇ ਆਂ।'

'ਖੈਰ! ਮਾਈਂਡ ਨਾ ਕਰਨਾ ਮੇਰੇ ਕੁੱਝ ਅਸੂਲ ਹਨ, ਦੱਸਣੇ ਚੰਗੇ ਹੁੰਦੇ ਨੇ, ਉਂਜ ਤੇਰਾ ਆਪਣਾ ਘਰ ਐ, ਜਿੰਨੀ ਦੇਰ ਮਰਜ਼ੀ ਰਹੋ।'

ਮੈਂ ਸੱਤ ਬਚਨ ਕਹਿ ਕੇ ਥੱਕਿਆ ਐਟਕ (ਚੁਬਾਰੇ) ਵਿੱਚ ਜਾ ਕੇ ਪੈ ਗਿਆ। ਮੇਰੀ ਭੁੱਖ ਮਰ ਗਈ ਸੀ। ਜੀਅ ਮਤਲਾਉਣ ਲੱਗ ਪਿਆ। ਜੀਅ ਕਰਦਾ ਸੀ ਐਟਕ ਦੇ ਪਿੰਜਰੇ ਵਿਚੋਂ ਉਡਾਰੀ ਮਾਰ ਕੇ ਦੂਰ ਕਿਤੇ ਖੁੱਲ੍ਹੀ ਹਵਾ ਵਿੱਚ ਜਾ ਬੈਠਾਂ, ਪਰ ਦੜ ਵੱਟ ਲਿਆ। ਜੇਬ ਤਾਂ ਇੱਕ ਦਿਨ ਵੀ ਹੋਟਲ 'ਚ ਰਹਿਣ ਦੀ ਇਜਾਜ਼ਤ ਨਹੀਂ ਸੀ ਦਿੰਦੀ, ਫਿਰ ਆਕੜ ਕਾਹਦੇ ਸਿਰ ਤੇ ਪੁੱਗਦੀ। ਪਿਆ ਉਸਲਵੱਟੇ ਭੰਨਦਾ 'ਆਰਾਮ' ਕਰਦਾ ਰਿਹਾ। ਅੰਤ ਰੋਟੀ ਦੀ ਆਵਾਜ਼ ਪੈ ਗਈ ਤਾਂ ਥੱਲੇ ਉਤਰਿਆ। ਨਿਊਯਾਰਕ ਵੇਖਣ ਅਤੇ ਇਥੋਂ ਦੇ ਲੇਖਕਾਂ ਨੂੰ ਮਿਲਣ ਦਾ ਪ੍ਰੋਗਰਾਮ ਤਾਂ ਸੋਚਿਆ ਸੀ ਫੁੱਫੜ ਨਾਲ ਮਿਲ ਕੇ ਹੀ ਬਣਾਵਾਂਗਾ, ਪਰ ਇਥੇ ਤਾਂ ਕਿਸੇ ਪਾਸੇ ਪੁਲਾਂਘ ਭਰਨ ਲਈ ਪੈਰ ਉੱਠਦਾ ਤਾਂ ਤਲੀ ਵਿੱਚ ਹਦਾਇਤ ਦਾ ਕਿੱਲ ਖੁੱਭਣ ਦਾ ਡਰ ਸੀ।

'ਬਲਦੇਵ ਸਿੰਘ, ਡ੍ਰਿੰਕ ਮੈਂ ਵੀਕ-ਐਂਡ ਉਤੇ ਹੀ ਲੈਂਦਾ ਹਾਂ, ਦੋ ਨਿੱਕੇ ਪੈੱਗ, ਮੈਂ ਸੋਚਦਾ ਹਾਂ ਰੋਜ਼ਾਨਾ ਤਾਂ ਕਿਸੇ ਦੀ ਸਿਹਤ ਲਈ ਵੀ ਠੀਕ ਨਹੀਂ' ਖਾਣੇ ਦੀ ਮੇਜ਼ ਉਤੇ ਬੈਠਦਿਆਂ ਹੀ ਹਦਾਇਤ ਦਾ ਗੋਲਾ ਫੇਰ ਡਿਗਿਆ।

'ਇਹ ਤਾਂ ਬਹੁਤ ਅੱਛੀ ਆਦਤ ਐ ਜੀ' ਮੈਂ ਤਲਖ਼ੀ ਦਾ ਗ਼ੁਬਾਰ ਰੋਟੀ ਦੀ ਬੁਰਕੀ ਰਾਹੀਂ ਅੰਦਰ ਲੰਘਾਉਣ ਲਈ ਹੰਭਲਾ ਮਾਰਿਆ। ਬੀਬਾ ਬਣ ਕੇ ਰੋਟੀ ਖਾਧੀ ਅਤੇ ਫੇਰ ਐਟਕ ਵਿੱਚ ਜਾ

Academy of the Punjab in North America: http://www.apnaorg.com

ਸ਼ਰਨ ਲਈ। ਸਵੇਰੇ ਬਰੇਕਫਾਸਟ ਸਮੇਂ ਮੈਂ ਅਜੇ ਮੇਜ਼ ਕੋਲ ਗਿਆ ਹੀ ਸਾਂ ਕਿ ਫੁੱਫੜ ਲੋਕਲ ਟਰੇਨ (ਸਬ-ਵੇਅ) ਦਾ ਨਕਸ਼ਾ ਪਟਵਾਰੀਆਂ ਵਾਂਗ ਮੇਜ਼ ਉਤੇ ਵਿਛਾਈ ਬੈਠਾ ਸੀ।

'ਬਲਦੇਵ ਸਿੰਘ ਬੰਦੇ ਏਥੇ ਆ ਕੇ ਡੰਗੋਰੀ ਭਾਲਦੇ ਐ ਕਿ ਅਸੀਂ ਉਨ੍ਹਾਂ ਨਾਲ ਹਰ ਥਾਂ ਜਾਈਏ। ਮਾਈਂਡ ਨਾ ਕਰਨਾ, ਸਾਡੇ ਲਈ ਇਹ ਸੰਭਵ ਨਹੀਂ। ਇਥੇ ਹਰੇਕ ਬੰਦਾ ਓਵਰ ਬਿਜ਼ੀ ਐ, ਆਹ ਨਕਸ਼ਾ ਵੇਖੋ, ਆਪਣੀ ਇੱਕ ਸੌ ਗਿਆਰਾਂ ਨੰਬਰ ਸਟਰੀਟ ਤੋਂ ਈ ਟਰੇਨ ਫੜ੍ਹੋ ਤੇ ਬੁਲਵਾਰਡ ਜਾ ਉਤਰੋ, ਉਥੋਂ ਬਦਲ ਕੇ ਜਿਥੋਂ ਦੀ ਮਰਜ਼ੀ ਹੈ ਟਰੇਨ ਲੈ ਲਵੋ, ਖੈਰ ਤੁਸੀਂ ਤਾਂ ਪੜ੍ਹੇ-ਲਿਖੇ ਹੋ ਦੱਸਣ ਦੀ ਲੋੜ ਨਹੀਂ' ਫੁੱਫੜ ਨੇ ਨਕਸ਼ਾ ਫੜਾਉਂਦਿਆਂ ਕਿਹਾ ਤੇ ਸੁਰਖ਼ਰੂ ਹੋ ਗਿਆ।

ਫੁੱਫੜ ਦਾ ਯਥਾਰਥਵਾਦ ਮੇਰੇ ਰਾਸ ਆ ਗਿਆ। ਹੁਣ ਮੇਰਾ ਰਾਹ ਸਾਫ਼ ਸੀ। ਮੈਂ ਸਵੇਰੇ ਜਾਂਦਾ ਅਤੇ ਰਾਤ ਨੂੰ ਮੁੜਦਾ। ਸਾਡਾ ਮੇਲ-ਗੇਲ ਵੀ ਘੱਟ ਹੀ ਹੁੰਦਾ। ਡਾ. ਇਕਬਾਲ ਸਿੰਘ ਟਾਕ ਸਵੇਰੇ ਨੌਂ ਕੁ ਵਜੇ ਉੱਠਦਾ, ਦਸ ਵੱਜੇ ਤੋਂ ਦੋ ਵਜੇ ਤੱਕ ਆਪਣੀ ਬੇਸਮੈਂਟ ਵਿੱਚ ਹੀ ਮਰੀਜ਼ ਦੇਖਦਾ ਅਤੇ ਤਿੰਨ ਤੋਂ ਰਾਤ ਦੇ ਬਾਰਾਂ ਵਜੇ ਤੱਕ ਹਸਪਤਾਲ 'ਚ ਨੌਕਰੀ ਕਰਦਾ। ਭੂਆ ਗਿਆਨ ਕੌਰ ਬਾਰਾਂ-ਤੇਰਾਂ ਸਾਲ ਦੇ ਬੱਚੇ ਨੂੰ ਸਕੂਲ ਛੱਡਣ ਅਤੇ ਲਿਆਉਣ, ਉਸ ਦੇ ਭਾਰੇ ਸਰੀਰ ਨੂੰ ਥਾਂ ਸਿਰ ਕਰਨ ਲਈ ਵਰਜਿਸ਼ ਕਰਵਾਉਣ ਲਈ ਲੈ ਕੇ ਜਾਣ ਅਤੇ ਕੁੱਝ ਸਮਾਂ ਘਰੇ ਮਰੀਜ਼ ਵੇਖਣ ਤੋਂ ਇਲਾਵਾ ਐਮ. ਡੀ. ਦਾ ਕੋਰਸ ਪਾਸ ਕਰਨ ਲਈ ਪੜ੍ਹਦੀ ਸੀ। ਡਾ. ਟਾਕ ਦੇ ਅਨੁਸਾਸ਼ਨ 'ਚ ਢਲਦਿਆਂ ਢਲਦਿਆਂ ਉਹ ਪਤੀ-ਪਤਨੀ 'ਏਕ ਜੋਤਿ ਦੋਏ ਮੂਰਤਿ' ਵਾਲੀ ਅਵਸਥਾ 'ਚ ਪਹੁੰਚ ਗਏ ਸਨ। ਜੀਵਨ ਇਕਸਾਰ ਚੱਲ ਰਿਹਾ ਸੀ। ਜੇ ਕੋਈ ਮਿਥੇ ਨੇਮਾਂ ਤੋਂ ਏਧਰ-ਓਧਰ ਹੁੰਦਾ ਤਾਂ ਡਾ. ਟਾਕ ਲੜਦਾ ਨਹੀਂ ਸੀ, ਸਗੋਂ ਨਿਰਾਲੇ ਢੰਗ ਨਾਲ ਸਮਝਾਉਂਦਾ। ਮਸਲਨ ਆਪਣੀ ਭਾਰੇ ਜੁੱਸੇ ਵਾਲੀ ਸ਼ੂਗਰ ਦੀ ਮਰੀਜ਼ ਪਤਨੀ ਨੂੰ ਕੋਈ ਤਲੀ ਹੋਈ ਚੀਜ਼ ਖਾਂਦੀ ਵੇਖਦਾ ਤਾਂ ਉਹ ਆਖਦਾ, 'ਹਾਂ ਹਾਂ ਹੋਰ ਖਾਓ, ਰੱਜ ਕੇ ਖਾਓ, ਜੇ ਤਲੀਆਂ ਚੀਜ਼ਾਂ ਖਾ ਕੇ ਬੰਦੇ ਦੀ ਜੀਭ ਨੂੰ ਸੁਆਦ ਆਉਂਦਾ ਹੋਵੇ, ਨਾਲੇ ਦੁਨੀਆਂ ਦੇ ਝਮੇਲੇ ਤੋਂ ਛੇਤੀ ਮੁਕਤੀ ਹੁੰਦੀ ਹੋਵੇ ਤਾਂ ਬੰਦੇ ਨੂੰ ਦੂਹਰਾ ਫਾਇਦਾ ਹੱਥੋਂ ਨਹੀਂ ਖੁੰਝਣ ਦੇਣਾ ਚਾਹੀਦਾ।' ਵਰਜਿਸ਼ ਤੋਂ ਟਲਦੇ ਬੇਟੇ ਨੂੰ ਉਹ ਇਉਂ ਸ਼ਾਬਾਸ਼ੇ ਦਿੰਦਾ, 'ਸ਼ਾਬਾਸ਼ੇ ਬੇਟਾ, ਪੇਟ ਭਰ ਕੇ ਖਾਣਾ ਚਾਹੀਦਾ ਐ ਤੇ ਫੇਰ ਸੌਂ ਜਾਣਾ ਚੰਗਾ ਐ, ਜੇ ਕਸਰਤ ਨਾਲ ਸਰੀਰ ਔਖਾ ਕਰਨਾ ਐ ਤਾਂ ਘਰ 'ਚ ਦੋ ਡਾਕਟਰਾਂ ਦਾ ਕੀ ਲਾਭ? ਆਪਣਾ ਫ਼ਰਜ਼ ਹੈ ਖਾਣਾ, ਤੇ ਪਚਾਉਣਾ ਵਾਹਿਗੁਰੂ ਦਾ ਕੰਮ ਐ ਆਪੇ ਕਰੇ ਨਾ ਕਰੇ।'

ਕਦੇ ਕਦੇ ਉਸ ਦੇ 'ਮਿੱਠੇ ਬੋਲਾਂ' ਦਾ ਵਾਰ ਮੇਰੀ ਧੌਣ ਤੇ ਵੀ ਹੋ ਜਾਂਦਾ, 'ਬਲਦੇਵ ਸਿੰਘ ਮਾਈਂਡ ਨਾ ਕਰਨਾ, ਬੰਦਾ ਅਰਾਮ ਨਾਲ ਘੁੰਮੇ-ਫਿਰੇ ਤੇ ਕਵਿਤਾਵਾਂ ਲਿਖ ਛੱਡੇ, ਜਦੋਂ ਵਿਹਲੇ ਬੰਦਿਆਂ

Academy of the Punjab in North America: http://www.apnaorg.com

ਲਈ ਸਰਕਾਰਾਂ ਨੇ ਅਰਾਮ ਕਰਨ ਲਈ ਮਹਿਕਮੇ ਖੋਲ੍ਹੇ ਹੋਏ ਐ ਤਾਂ ਉਹਨਾਂ ਨੂੰ ਫ਼ਿਕਰ ਨਹੀਂ ਕਰਨਾ ਚਾਹੀਦਾ।'

ਕੁਝ ਦਿਨਾਂ ਦੇ ਅਭਿਆਸ ਪਿੱਛੋਂ ਮੈਨੂੰ ਡਾ. ਟਾਕ ਦੀਆਂ ਇਹਨਾਂ ਗੱਲਾਂ ਉਤੇ ਗੁੱਸਾ ਆਉਣ ਦੀ ਥਾਂ ਹਾਸਾ ਆਉਣ ਲੱਗ ਪਿਆ। ਉਸ ਦੀ ਖਿਝ ਸੱਚੀ ਸੀ। ਉਸ ਨੇ ਕਿਹੜਾ ਘੱਟ ਜ਼ਫ਼ਰ ਜਾਲੇ ਸਨ। ਬਠਿੰਡੇ ਵਰਗੇ ਪਛੜੇ ਇਲਾਕੇ 'ਚੋਂ ਉੱਠ ਕੇ ਐਮ. ਬੀ. ਬੀ. ਐਸ. ਤੱਕ ਦੀ ਪੜ੍ਹਾਈ ਕੀਤੀ ਸੀ। ਆਪਣੀ ਡਿਗਰੀ ਨੂੰ ਮਾਣਤਾ ਦੁਆਉਣ ਵਾਸਤੇ ਚਾਰ ਸਾਲ ਅਮਰੀਕਾ 'ਚ ਪੜ੍ਹਿਆ ਸੀ ਅਤੇ ਨਾਲ ਨਾਲ ਟੱਬਰ ਪਾਲਣ ਵਾਸਤੇ ਮੁਸ਼ੱਕਤ ਕਰਨੀ ਪਈ ਸੀ। ਅਜੇ ਵੀ ਦੋਹਰੀ 'ਜੌਬ' ਸੀ। ਇਨਾ ਕੁੱਝ ਕਰਕੇ ਵੀ ਅਜੇ ਡਾ. ਮਹਿੰਦਰ ਸਿੰਘ ਸੋਹਲ (ਆਪਣੇ ਸਾਲੇ) ਵਰਗੀ ਹਸਤੀ ਬਣਨ ਲਈ ਮੰਜ਼ਿਲ ਦੂਰ ਸੀ।

ਮੈਂ ਡਾਕਟਰ ਦੀ ਨਬਜ਼ ਪਛਾਣ ਲਈ ਅਤੇ ਉਸ ਨੂੰ ਹਮਸੁਰ ਬਨਾਉਣ ਲਈ ਹਮਦਰਦੀ ਦੀ ਪੁੜੀ ਦੇਣੀ ਵੀ ਸ਼ੁਰੂ ਕਰ ਦਿੱਤੀ। ਮੇਰੀ ਵੈਦਗੀ ਨੇ ਬੜੀ ਛੇਤੀ ਰੰਗ ਵਿਖਾਇਆ। ਡਾ. ਟਾਕ ਦਾ ਮਨ ਵੀ ਕੁੱਝ ਪੰਘਰਨਾ ਸ਼ੁਰੂ ਹੋ ਗਿਆ। ਵੀਕ ਐਂਡ ਤੇ ਉਸ ਨੇ ਦੋ ਪੈੱਗਾਂ ਵਾਲਾ ਨੇਮ ਤੋੜ ਕੇ ਤੀਜਾ ਪਟਿਆਲਾ ਪੈੱਗ ਲਾਉਂਦਿਆਂ ਦਰਿਆ-ਦਿਲੀ ਵਿਖਾਈ, 'ਬਲਦੇਵ ਸਿੰਘ ਮਾਈਂਡ ਨਾ ਕਰਨਾ ਮੈਂ ਤੇਰੇ ਲਈ ਕੋਈ ਵਕਤ ਨਹੀਂ ਕੱਢ ਸਕਿਆ, ਹੁਣ ਕਿਸੇ ਦਿਨ ਬਕਾਇਦਾ ਛੁੱਟੀ ਲਊਂਗਾ ਅਤੇ ਤੈਨੂੰ ਰਾਤ ਦਾ ਨਿਊਯਾਰਕ ਵਿਖਾ ਕੇ ਲਿਆਊਂਗਾ ਕਿ ਕਿਵੇਂ 'ਜਗਮਗਾਉਂਦਾ' ਹੈ।' ਭਾਵੇਂ ਉਸ 'ਕਿਸੇ ਦਿਨ' ਦੀ ਵਾਰੀ ਮਸਾਂ ਹੀ ਆ ਸਕੀ ਫੇਰ ਵੀ ਉਹ ਦਿਨੋਂ-ਦਿਨ ਨਰਮ ਪੈਣ ਲੱਗ ਪਿਆ। ਇਸ ਦਾ ਕਾਰਨ ਸ਼ਾਇਦ ਮੈਨੂੰ ਆਉਣ ਵਾਲੇ ਲੇਖਕ-ਦੋਸਤਾਂ ਦੇ ਫੋਨ ਵੀ ਸਨ ਜਿਨ੍ਹਾਂ ਕਰਕੇ ਉਹ ਮੈਨੂੰ ਵਿਹਲੇ ਅਤੇ 'ਠਰਕੀ' ਦੀ ਥਾਂ ਕੁੱਝ ਮਹੱਤਵਪੂਰਨ ਬੰਦਾ ਸਮਝਣ ਲੱਗ ਪਿਆ ਸੀ। ਉਸ ਨੇ ਲੇਖਕ-ਲੇਖਕਾਵਾਂ ਨੂੰ ਘਰੇ ਬੁਲਾਉਣ ਵਾਲੀ ਪਾਬੰਦੀ 'ਚ ਵੀ ਢਿੱਲ ਦੇ ਦਿੱਤੀ। ਹੁਣ ਜਦੋਂ ਸ਼ਿਕਾਗੋ ਤੋਂ ਭੂਪਿੰਦਰ ਪ੍ਰੀਤ ਦਾ ਫੋਨ ਆਉਂਦਾ ਤਾਂ ਡਾ. ਟਾਕ ਕਤਰੀਆਂ ਨਿੱਕੀਆਂ ਮੁੱਛਾਂ 'ਚ ਮੁਸਕਰਾਉਂਦਿਆਂ ਮੈਨੂੰ ਫੋਨ ਚੁੱਕਣ ਲਈ ਸੈਨਤ ਕਰਦਾ। ਨਹੀਂ ਤਾਂ ਆਮ ਤੌਰ ਤੇ ਉਹ ਘਰ ਹੋਣ ਵੇਲੇ ਵੀ ਫੋਨ ਰਿਕਾਰਡ ਕਰਨ ਵਾਲੀ ਮਸ਼ੀਨ ਚਲਾਈ ਰਖਦਾ। ਘੰਟੀ ਖੜਕਦੀ ਤਾਂ ਉਹ ਫੋਨ ਕਰਨ ਵਾਲੇ ਦਾ ਮਸ਼ੀਨ 'ਚ ਆਇਆ ਨੰਬਰ ਜਾਂਚਦਾ ਅਤੇ ਕਿਸੇ ਵਿਰਲੇ ਲਈ ਹੀ ਫੋਨ ਚੁੱਕਦਾ।

Academy of the Punjab in North America: http://www.apnaorg.com

ਇਕ ਦਿਨ ਤਾਂ ਡਾ. ਟਾਕ ਨੇ ਇਹ ਕਹਿ ਕੇ ਮੈਨੂੰ ਹੈਰਾਨ ਹੀ ਕਰ ਦਿੱਤਾ, 'ਬਲਦੇਵ ਸਿੰਘ ਜੇ ਕੋਈ ਮੀਟਿੰਗ ਵਗੈਰਾ ਆਪਣੇ ਘਰ ਰੱਖਣੀ ਹੋਵੇ ਤਾਂ ਵੀਕ-ਐਂਡ ਤੇ ਰੱਖ ਲੈਣਾ। ਪੰਜ ਕੁ ਸਾਲਾਂ ਤੱਕ ਆਪਾਂ ਸੈੱਟ ਹੋ ਜਾਈਏ, ਆਹ ਤੇਰੀ ਮਿਲਵਾਕੀ ਵਾਲੀ ਕਾਨਫਰੰਸ ਵਰਗਾ ਮੇਲਾ-ਗੇਲਾ ਤਾਂ ਆਪਾਂ ਆਪ ਹੀ ਕਰਵਾ ਸਕਦੇ ਆਂ।' ਉਸ ਦੀ ਐਨੀ ਵੱਡੀ ਭਬਕ ਸੁਣ ਕੇ ਤਾਂ ਮੈਨੂੰ ਜਾਪਿਆ ਕਿ ਮੇਰੀ ਲੱਜ ਨੇ ਖੂਹ ਦੀ ਮੌਣ ਉਤੇ ਖਾਸਾ ਵਾਢਾ ਪਾ ਲਿਆ ਸੀ।

ਇਸ ਐਤਵਾਰ ਤਾਂ ਪੀਣ ਤੋਂ ਪਿੱਛੋਂ ਉਸ ਨੇ ਸਕਾਚ ਦੀ ਬੋਤਲ ਵੀ ਨਹੀਂ ਸਾਂਭੀ ਤੇ ਰੋਜ਼ਾਨਾ ਮੇਰੀ ਥਕਾਵਟ ਲਾਹੁਣ ਖ਼ਾਤਰ ਖਾਣੇ ਦੀ ਮੇਜ਼ ਉਤੇ ਹੀ ਪਈ ਰਹਿਣ ਦਿੱਤੀ। ਪੀ ਕੇ ਉਸ ਨੂੰ ਕਲਾ ਦਾ ਮੋਹ ਬਹੁਤ ਜਾਗਦਾ। ਉਹ ਆਪਣੇ ਬੇਟੇ ਜੇਮਜ਼ ਨੂੰ ਪਿਆਨੋ ਵਜਾਉਣ ਲਈ ਆਖਦਾ। ਉਹ ਜੇਮਜ਼ ਤੋਂ ਉਸ ਦੇ ਸਿਲੇਬਸ ਵਿੱਚ ਲੱਗੀ ਅੰਗਰੇਜ਼ੀ ਕਵਿਤਾਵਾਂ ਦੀ ਕਿਤਾਬ ਮੰਗਵਾਉਂਦਾ ਅਤੇ ਕੋਈ ਕਵਿਤਾ ਪੜ੍ਹਨ ਲਈ ਕਹਿੰਦਾ। ਉਹ ਇੱਕ ਦਿਨ ਡਰਾਮਾ ਵੇਖਣ ਦੀ ਸਹੁੰ ਭੰਨਦਿਆਂ ਜੇਮਜ਼ ਨਾਲ ਮੈਨੂੰ ਵੀ ਥੀਏਟਰ ਵਿੱਚ ਸ਼ੋਅ ਵਿਖਾਉਣ ਲੈ ਕੇ ਗਿਆ। ਉਹ ਆਖਦਾ ਕਿ ਆਪਣੇ ਵਾਂਗ ਜੇਮਜ਼ ਨੂੰ 'ਕਲਾ ਵੱਲੋਂ ਊਣਾ' ਨਹੀਂ ਰਹਿਣ ਦੇਵੇਗਾ।

ਘਰ ਦੇ ਮੰਦਰ ਵਿੱਚ 'ਅਛੂਤ ਕਵਿਤਾ' ਦੇ ਵੜਨ ਦੀ ਦੇਰ ਸੀ ਕਿ ਭੂਆ ਵੀ ਪੱਤ-ਪੱਤ ਕਰ ਕੇ ਖੁੱਲ੍ਹਣ ਲੱਗ ਪਈ। ਉਸ ਨੇ ਦੱਸਿਆ ਕਿ ਕਦੇ ਉਸ ਨੂੰ ਕਵਿਤਾ ਦੀ ਚੇਟਕ ਹੁੰਦੀ ਸੀ। ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਬਟਾਲਵੀ ਉਸ ਨੂੰ ਚੰਗੇ ਲੱਗਦੇ ਸਨ। ਹੁਣ ਵੀ ਚੋਰੀ ਚੋਰੀ ਉਹ ਕਦੇ ਕਵਿਤਾ ਝਰੀਟ ਲੈਂਦੀ ਸੀ। ਮੈਨੂੰ ਭੇਟ ਹੋਈਆਂ ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ ਅਤੇ ਗੁਰੂਮੇਲ ਸਿੱਧੂ ਦੀਆਂ ਕਿਤਾਬਾਂ ਉਸ ਨੇ ਚੋਰੀ ਚੋਰੀ ਪੜ੍ਹ ਵੀ ਲਈਆਂ ਸਨ। ਇਸ ਕਾਵਿ-ਹਵਾ ਦੇ ਰੁਮਕਣ ਦੀ ਦੇਰ ਸੀ ਕਿ ਭੂਆ ਇੱਕ ਦਿਨ ਸ਼ਾਮ ਨੂੰ ਆਪਣੀ ਸਹੇਲੀ ਨੂੰ ਫੋਨ ਉਤੇ ਕਹਿਣ ਲੱਗੀ, 'ਭੈਣ ਜੀ, ਮੇਰਾ ਭਤੀਜਾ ਆਇਐ ਪੰਜਾਬ ਤੋਂ, ਬੜਾ ਵੱਡਾ ਲਿਖਾਰੀ ਐ, ਅਖ਼ਬਾਰਾਂ 'ਚ ਤਸਵੀਰਾਂ ਛਪਦੀਆਂ ਨੇ, ਮਿਲਾਊਂਗੀ ਕਿਸੇ ਦਿਨ।'

ਭੂਆ ਦੀ ਸਹੇਲੀ ਨੇ ਆਪਣੇ ਸਾਹਿਤ-ਪ੍ਰੇਮੀ ਪਤੀ ਬਲਦੇਵ ਸਿੰਘ ਨਾਲ ਸਲਾਹ ਕਰ ਕੇ ਦੂਜੇ ਦਿਨ ਹੀ ਸਾਨੂੰ ਬੁਲਾ ਲਿਆ। ਡਾ. ਟਾਕ ਨੇ ਬੜੀ ਖੁਸ਼ੀ ਨਾਲ ਹਰੀ ਝੰਡੀ ਦੇ ਦਿੱਤੀ, ਨਹੀਂ ਤਾਂ ਉਹ ਨਾ ਕਿਸੇ ਦੇ ਡਿਨਰ ਤੇ ਜਾਣਾ ਪਸੰਦ ਕਰਦਾ ਸੀ ਅਤੇ ਨਾ ਕਿਸੇ ਨੂੰ ਸੱਦਣਾ। ਉਸ ਦੀ ਧਾਰਨਾ ਸੀ ਕਿ ਪੰਜਾਬੀ ਲੋਕ ਮੋਹ ਖ਼ਾਤਰ ਨਹੀਂ ਬਲਕਿ ਫੀਸ ਬਚਾਉਣ ਲਈ ਡਿਨਰ ਤੇ ਬੁਲਾ ਕੇ ਸਾਂਝ ਵਧਾਉਂਦੇ ਸਨ। ਉਸ ਦਾ ਤਰਕ ਠੀਕ ਹੀ ਸੀ ਕਿਉਂਕਿ ਤਜ਼ਰਬੇ ਵਿਚੋਂ ਨਿਕਲਿਆ ਸੀ। ਉਂਜ ਤਾਂ

Academy of the Punjab in North America: http://www.apnaorg.com

ਬਲਦੇਵ ਸਿੰਘ ਵੀ ਉਸ ਦਾ ਮਰੀਜ਼ ਸੀ ਪਰ ਉਸ ਨਾਲ 'ਲੇਖਾ ਮਾਵਾਂ-ਧੀਆਂ ਦਾ' ਕਹਿ ਕੇ ਪਹਿਲਾਂ ਹੀ ਗੱਲ ਨਿਬੇੜ ਲਈ ਸੀ। ਸੋ ਬਲਦੇਵ ਸਿੰਘ ਹੁਣ ਉਸ ਦਾ ਦੋਸਤ ਵੀ ਸੀ।

ਪੰਜਾਬ 'ਚ ਰਹਿੰਦੇ ਬਲਦੇਵ ਸਿੰਘ ਨੂੰ ਵੀ ਕਦੇ ਕਾਮਰੇਡੀ ਦੀ ਚੇਟਕ ਲੱਗੀ ਰਹੀ ਸੀ। ਉਸ ਨੇ ਪਾਸ਼ ਵੀ ਪੜ੍ਹਿਆ ਹੋਇਆ ਸੀ ਪਰ ਡਾ. ਟਾਕ ਅੱਗੇ ਉਸ ਨੇ ਕਦੇ ਮਨ ਦੀ ਇਹ ਗੰਢ ਨਹੀਂ ਸੀ ਖੋਹਲੀ। ਇਸ ਲਈ ਉਹ ਬਲਦੇਵ ਸਿੰਘ ਨੂੰ 'ਛੁਪਾ ਰੁਸਤਮ' ਆਖ ਰਿਹਾ ਸੀ। ਮਹਿਫਲ ਭਖਣ ਲੱਗ ਪਈ ਪਰ ਬੱਚੇ ਉਥੋਂ ਭੱਜੂੰ-ਭੱਜੂੰ ਕਰ ਰਹੇ ਸਨ। ਅਮਰੀਕਾ 'ਚ ਜੰਮੇ-ਪੱਲੇ ਬੱਚੇ ਸਿਰਫ ਮੂੰਹ-ਰੱਖਣੀ ਲਈ ਇਉਂ ਬੋਰ ਹੋਣ ਤੋਂ ਚਿੜਦੇ ਹਨ। ਡਾ. ਟਾਕ ਇਸ ਗੱਲ ਉਤੇ ਖਿੱਝਣ ਲੱਗ ਪਿਆ ਕਿ ਉਹ ਬੱਚਿਆਂ ਦੇ ਮੂੰਹ 'ਚੋਂ ਨਿਕਲੀ ਹਰ ਖਾਹਸ਼ ਪੂਰੀ ਕਰਦੇ ਸਨ ਪਰ ਬੱਚੇ ਮਾਪਿਆਂ ਮਾਸਾ ਭਰ ਅਹਿਸਾਨ ਨਹੀਂ ਸਨ ਮੰਨਦੇ। ਬੱਚਿਆਂ ਨੂੰ ਰਿਝਾਉਣ ਲਈ ਮੈਂ ਇੱਕ ਨਵੀਂ ਖੇਡ ਸ਼ੁਰੂ ਕਰ ਲਈ। ਮੈਂ ਉਹਨਾਂ ਤੋਂ ਉਹਨਾਂ ਦੇ ਨਾਵਾਂ ਦੇ ਅਰਥ ਪੁੱਛਣ ਲੱਗ ਪਿਆ। ਜਦੋਂ ਉਹ ਨਾ ਬੁੱਝ ਸਕਦੇ ਤਾਂ ਮੈਂ ਦਸਦਾ ਕਿ ਰੂਪਾ ਦਾ ਅਰਥ ਹੈ ਚਾਂਦੀ ਅਰਥਾਤ ਚਮਕਣਾ ਅਤੇ ਸਰਘੀ ਦਾ ਮਤਲਬ ਹੈ ਸਵੇਰ। ਬੱਚੇ ਆਪਣੇ ਨਾਵਾਂ ਦੇ ਅਰਥ ਜਾਣ-ਜਾਣ ਚਹਿਕਣ ਲੱਗ ਪਏ। ਹੁਣ ਉਹਨਾਂ ਨੂੰ ਸਾਡੀ ਮਹਿਫ਼ਲ ਬੋਰ ਨਹੀਂ ਸੀ ਕਰ ਰਹੀ। ਡਾ. ਟਾਕ ਨੂੰ ਵੀ ਇਹ ਮਹਿਸੂਸ ਹੋਇਆ ਕਿ ਕਲਾ ਤਾਂ ਨਿੱਕੀ-ਨਿੱਕੀ ਗੱਲ ਵਿੱਚ ਸੀ। ਉਹ ਵੀ ਬੱਚਿਆਂ ਵਾਂਗ ਪੁੱਛਣ ਲੱਗਾ, 'ਬਲਦੇਵ ਸਿੰਘ ਭਲਾ ਇਕਬਾਲ ਦਾ ਵੀ ਕੋਈ ਅਰਥ ਹੈ?' ਆਪਣੇ ਨਾਂ ਦਾ ਮਤਲਬ ਸਮਝ ਕੇ ਅਤੇ ਆਪਣਾ ਨਾਂ ਏਸ਼ੀਆ ਦੇ ਉਚ-ਦਮਾਲੜੇ ਕਵੀ ਇਕਬਾਲ ਨਾਲ ਸਾਂਝਾ ਹੋਣ ਕਰਕੇ ਡਾ. ਟਾਕ ਇਉਂ ਖੁਸ਼ ਹੋਇਆ, ਜਿਵੇਂ ਉਸ ਨੂੰ ਕੋਈ ਦੱਬਿਆ ਖਜ਼ਾਨਾ ਲੱਭ ਗਿਆ ਹੋਵੇ। ਹਾਂ ਇਹ ਖ਼ਜ਼ਾਨਾ ਹੀ ਤਾਂ ਸੀ। ਉਸ ਨੇ ਸਰੀਰ ਦੇ ਰਹੱਸਾਂ ਨੂੰ ਜਾਨਣ ਤੋਂ ਪਿੱਛੋਂ ਹੁਣ ਮਨ ਦੇ ਰਹੱਸ ਜਾਨਣ ਵੱਲ ਵੀ ਕਦਮ ਪੁੱਟ ਲਿਆ ਸੀ। ਉਸ ਨੂੰ ਕਲਾ ਹੁਣ ਵਿਹਲੇ ਤੇ ਠਰਕੀ ਬੰਦਿਆਂ ਦਾ ਕੰਮ ਨਹੀਂ ਸੀ ਲੱਗ ਰਹੀ ਸਗੋਂ ਸਮਾਜ ਨੂੰ ਮਾਨਸਿਕ ਤੌਰ ਤੇ ਤੰਦਰੁਸਤ ਰੱਖਣ ਵਾਲੀ ਕੋਈ ਦਵਾਈ ਜਾਪਦੀ ਸੀ। ਇਸੇ ਲਈ ਉਹ ਡਿਪਰੈਸ਼ਨ ਦੇ ਮਰੀਜ਼ ਬਲਦੇਵ ਸਿੰਘ ਨੂੰ ਸਲਾਹ ਦੇ ਰਿਹਾ ਸੀ, 'ਤੁਹਾਨੂੰ ਦਵਾਈਆਂ ਲੈਣ ਦੇ ਨਾਲ ਨਾਲ ਆਰਟ ਨਾਲ ਵੀ ਸਾਂਝ ਪਾਉਣੀ ਚਾਹੀਦੀ ਐ।'

ਮਾਹੌਲ ਅੱਜ ਏਨਾ ਖੁਸ਼ਗੁਆਰ ਸੀ ਕਿ ਦੋ-ਤਿੰਨ ਪੈੱਗਾਂ ਵਾਲਾ ਬੰਧਨ ਕਦੋਂ ਦਾ ਟੁੱਟ ਚੁੱਕਾ ਸੀ। ਅਸੀਂ ਗਿਲਾਸ ਤੇ ਗਿਲਾਸ ਚੜ੍ਹਾਈ ਜਾਂਦੇ ਸਾਂ। ਸਾਹਮਣੇ ਘਰ 'ਚ ਵੀ ਪਾਰਟੀ ਹੋ ਰਹੀ ਸੀ।

Academy of the Punjab in North America: http://www.apnaorg.com

ਉਹਨਾਂ ਨੇ ਡੈੱਕ ਦੀ ਆਵਾਜ਼ ਹੋਰ ਉੱਚੀ ਕਰ ਦਿੱਤੀ ਅਤੇ ਸਾਨੂੰ ਆਪਸ ਵਿੱਚ ਗੱਲ ਕਰਨੀ ਔਖੀ ਹੋ ਗਈ। ਦਲੇਰ ਮਹਿੰਦੀ ਦੇ ਬੋਲ ਉਭਰੇ, 'ਬੋਲੋ ਤਾਰਾ ... ਰਾਰਾ।'

'ਇਹ ਸਾਹਮਣੇ ਵੀ ਪੰਜਾਬੀਆਂ ਦਾ ਘਰ ਐ?' ਮੈਂ ਪੁੱਛਿਆ।

'ਨਹੀਂ ਗਿਹਾਨਾ ਦੇਸ਼ ਦੇ ਲੋਕ ਰਹਿੰਦੇ ਐ।' ਬਲਦੇਵ ਸਿੰਘ ਨੇ ਦੱਸਿਆ।

'ਫੇਰ ਏਹ ਪੰਜਾਬੀ ਗੀਤ?' ਮੈਂ ਹੈਰਾਨ ਹੋ ਕੇ ਪੁੱਛਿਆ।

'ਸੁਣਿਐਂ ਇਹਨਾਂ ਦੇ ਪੁਰਖੇ ਵੀ ਕਦੇ ਭਾਰਤ ਵੱਲੋਂ ਹੀ ਆਏ ਸਨ, ਇਹ ਮਾੜੀ-ਮੋਟੀ ਹਿੰਦੀ ਵੀ ਬੋਲ ਲੈਂਦੇ ਐ, ਪੰਜਾਬੀ ਤਾਂ ਨਹੀਂ ਜਾਣਦੇ, ਸ਼ਾਇਦ ਪੰਜਾਬੀ ਗਾਣਿਆਂ ਦੀ ਬੀਟ ਚੰਗੀ ਲੱਗਦੀ ਹੋਊ।'

ਨਸ਼ੇ ਦੀ ਲੋਰ ਵਿੱਚ ਮੈਨੂੰ ਅਜਿਹਾ ਝੱਲ ਉਠਿਆ ਕਿ ਮੈਂ ਉਹਨਾਂ ਦੀ ਪਾਰਟੀ ਵੇਖਣ ਤੁਰ ਪਿਆ। ਸਭ ਨੇ ਰੋਕਿਆ ਪਰ ਮੈਂ ਇੱਕ ਨਾ ਮੰਨੀ ਅਤੇ ਸ਼ਰਾਬੀਆਂ ਵਾਲੀ ਜ਼ਿਦ ਕਰਦਾ ਚਲਾ ਗਿਆ। ਪਾਰਟੀ ਵਿੱਚ ਕਾਲੇ ਲੋਕਾਂ ਨਾਲ ਭਰਿਆ ਵਿਹੜਾ ਵੇਖ ਕੇ ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਜਿਹੜੀ ਮੈਂ ਇਉਂ ਬਿਗਾਨੇ ਲੋਕਾਂ 'ਚ ਆ ਕੇ ਕਰ ਬੈਠਾ ਸਾਂ। ਮੈਨੂੰ ਜਾਪਿਆ ਜਿਵੇਂ ਹੁਣੇ ਹੀ ਨਸ਼ੇ 'ਚ ਧੁੱਤ ਕੋਈ ਕਾਲਾ ਮੇਰੇ ਜਬਾੜੇ ਉਤੇ ਘਸੁੰਨ ਜੜ ਕੇ ਪੁੱਛੇਗਾ, 'ਤੂੰ ਮਾਮਾ ਲੱਗਦੈਂ ਜਿਹੜਾ ਬਿਨਾਂ ਬੁਲਾਏ ਮੂੰਹ ਚੱਕੀ ਆਉਣੈ?'

ਮੈਂ ਡਰਦਾ ਸ਼ਹਿ ਕੇ ਇੱਕ ਬਜ਼ੁਰਗ ਜਿਹੇ ਦੀ ਓਟ ਤਕਾ ਕੇ ਉਸ ਕੋਲ ਬੈਠ ਗਿਆ। ਲੱਸੀ ਵਾਲੇ ਗਿਲਾਸ ਜਿੱਡਾ ਧਾਤ ਦਾ ਗਿਲਾਸ ਦਾਰੂ ਦਾ ਭਰੀ ਬੈਠਾ ਉਹ ਆਪਣੇ ਰੰਗ ਵਿੱਚ ਮਸਤ ਸੀ।

'ਬਾਬਾ ਜੀ ਮੈਂ ਭਾਰਤੋਂ ਆਇਆਂ, ਸੁਣਿਐਂ ਸੋਡੇ ਵਿਆਹ ਅਤੇ ਪਾਰਟੀਆਂ ਬੜੇ ਸ਼ਾਨਦਾਰ ਹੁੰਦੇ ਐ, ਬੱਸ ਇੱਕ ਝਲਕ ਵੇਖਣ ਆ ਗਿਆ, ' ਮੈਂ ਟੁੱਟੀ-ਫੁੱਟੀ ਅੰਗਰੇਜ਼ੀ ਬੋਲਦਿਆਂ, ਮੱਖਣ ਲਾਉਣ ਦੀ ਸੁਰ ਵਿੱਚ ਬਾਬੇ ਦੇ ਕੰਨ 'ਚ ਫੁਸਫਸਾਇਆ। ਉਸ ਨੇ ਦਿਆਲ ਹੋ ਕੇ ਮੇਰੇ ਵੱਲ ਵੇਖਿਆ, ਜਿਵੇਂ ਕਿਹਾ ਹੋਵੇ, 'ਭਾਊ ਘਾਣੀ ਕੋਈ ਨੀ, ਐਸ਼ ਕਰ ਤੂੰ ਮੇਰੇ ਸਿਰ ਤੇ।' ਉਸ ਨੇ ਮੇਰੇ ਲਈ ਦਾਰੂ ਦਾ ਵੱਡਾ ਗਿਲਾਸ ਭਰ ਦਿੱਤਾ ਅਤੇ ਫੇਰ ਇੱਕ ਅੱਧਖੜ ਜਿਹੀ ਜ਼ਨਾਨੀ ਨੂੰ ਸੈਨਤ ਨਾਲ ਸੱਦ ਕੇ ਹੁਕਮ ਦੇਣ ਵਾਂਗ ਕਿਹਾ, 'ਨੱਚ ਕੁੜੇ ਇਹਦੇ ਨਾਲ, ਕਰਦੇ ਮੁੰਡੇ ਦਾ ਚਿੱਤ ਰਾਜੀ।' ਉਸ ਨੇ ਬਿਨਾਂ ਕੋਈ ਸੁਆਲ-ਜੁਆਬ ਕੀਤੇ ਮੈਨੂੰ ਪਿੜ ਵਿੱਚ ਆਉਣ ਦਾ ਇਸ਼ਾਰਾ ਕੀਤਾ, ਜਿਥੇ ਪਹਿਲਾਂ ਹੀ ਪੰਦਰਾਂ ਵੀਹ ਜੋੜੇ ਸੱਪ ਵਾਂਗ ਮੇਲ੍ਹ ਰਹੇ ਸਨ। ਮੁੜ ਮੁੜ ਉਹੀ ਗਾਣਾ ਵੱਜਦਾ, 'ਬੋਲੋ ਤਾਰਾ ... ਰਾਰਾ।'

Academy of the Punjab in North America: http://www.apnaorg.com

ਨੱਚਣਾ ਤਾਂ ਮੈਨੂੰ ਆਉਂਦਾ ਨਹੀਂ ਸੀ ਪਰ ਪੀਤੀ ਹੋਣ ਕਰ ਕੇ ਜੰਗਲੀ ਨਾਚ 'ਨੱਚ' ਰਿਹਾ ਸਾਂ। ਨਾਲੇ ਆਖਦੇ ਹਨ ਕਿ ਡਰ ਮੂਹਰੇ ਤਾਂ ਭੂਤਨੇ ਵੀ ਨੱਚਦੇ ਹਨ। ਬਾਬੇ ਦੇ ਗਿਲਾਸ ਨਾਲ ਇੱਕ ਨਸ਼ੇ ਦਾ ਵਾ-ਵਰੋਲਾ ਹੋਰ ਸਿਰ ਨੂੰ ਚੜ੍ਹ ਗਿਆ ਸੀ। ਨਾਲ ਨੱਚ ਰਹੀ ਗੱਦਰ ਜ਼ਨਾਨੀ ਦੀਆਂ ਥਿਰਕਦੀਆਂ ਗੋਲ ਕਾਲੀਆਂ ਬਾਹਵਾਂ ਅਤੇ ਬੇਮੁਹਾਰ ਕੁੱਦਦੀਆਂ ਛਾਤੀਆਂ ਮੈਨੂੰ ਹੱਲਾਸ਼ੇਰੀ ਦੇਈ ਜਾਂਦੀਆਂ ਸਨ। ਕਿਸੇ ਮਨਚਲੇ ਨੇ ਬੁਲਬੁਲੀ ਛੱਡੀ, ਜਿਵੇਂ ਆਖ ਰਿਹਾ ਹੋਵੇ, 'ਹੋਰ ਜ਼ੋਰ ਨਾਲ, ਹੋਰ ਜ਼ੋਰ ਨਾਲ, ਭੜਥੂ ਪਾ ਦਿਓ।' ਦਸ ਕੁ ਮਿੰਟ ਵਿੱਚ ਹੀ ਮੈਂ ਹੰਭ ਗਿਆ। ਮੈਨੂੰ ਰੁਕਿਆ ਵੇਖ ਕੇ ਗਿੱਧੇ ਦੇ ਪਿੜ 'ਚ ਉਤਰਨ ਲਈ ਤਿਆਰ ਖੜ੍ਹੀ ਇੱਕ ਚੁਲਬੁਲੀ ਜਿਹੀ ਮੁਟਿਆਰ ਨੇ ਮੇਰੇ ਵੱਲ ਮੁਸਕਰਾ ਕੇ ਇਉਂ ਦੰਦ ਚਮਕਾਏ ਜਿਵੇਂ ਕਿਹਾ ਹੋਵੇ, 'ਕੀ ਬਣਨਾ ਛਪੜੀਏ ਤੇਰਾ ਵਿੱਚ ਦਰਿਆਵਾਂ ਦੇ'। ਮੇਰੇ ਤੋਂ ਉਸ ਦੀ ਟਕੋਰਾਂ ਮਾਰਦੀ ਤੱਕਣੀ ਝੱਲੀ ਨਾ ਗਈ। ਮੈਂ ਮਰਦਾਵੇਂ ਹੱਠ ਨਾਲ ਉਸ ਨੂੰ ਕਿਹਾ, 'ਤੂੰ ਦੇਵੇਂਗੀ ਗੇੜਾ ਮੇਰੇ ਨਾਲ?'

'ਨਹੀਂ, ਬਿਲਕੁਲ ਨਹੀਂ, ਔਹ ਵੇਖ ਮੇਰਾ ਜਾਨੀ ਆਉਂਦਾ ਪਿਐ' ਉਸ ਨੇ ਅੱਖ ਦੇ ਇਸ਼ਾਰੇ ਨਾਲ ਸਾਡੇ ਵੱਲ ਆ ਰਹੇ ਇੱਕ ਜਰਵਾਣੇ ਚੋਬਰ ਬਾਰੇ ਦੱਸਿਆ।

'ਤੇਰੀ ਚੋਣ ਟੀਸੀ ਦਾ ਬੇਰ ਐ, ਮੁਬਾਰਕਾਂ', ਮੈਂ ਕੋਲ ਆ ਖੜ੍ਹੇ ਚੋਬਰ ਨੂੰ ਮੋਢਾ ਥਾਪੜ ਕੇ ਦਾਦ ਦਿੱਤੀ ਤਾਂ ਉਹ ਖਿੜ ਗਿਆ ਅਤੇ ਆਪਣੀ ਨਖਰੇਲੋ ਨੂੰ ਲੱਕ ਤੋਂ ਹੱਥ ਪਾਉਂਦਿਆਂ ਗਿੱਧੇ 'ਚ ਲੈ ਗਿਆ। ਨਾਚ ਸਿਖ਼ਰ ਉਤੇ ਪਹੁੰਚਿਆ ਹੋਇਆ ਸੀ। ਨੱਚਣ ਵਾਲੇ ਜੋੜੇ ਇੱਕ ਦੂਜੇ ਦੀਆਂ ਅੱਖਾਂ 'ਚ ਡੁੱਬੇ ਹੋਏ ਸਨ। ਇੱਕ ਹੂੰਗਰ ਜਿਹੀ ਦੀ ਆਵਾਜ਼ ਆ ਰਹੀ ਸੀ, ਜਿਵੇਂ ਸਾਰਿਆਂ ਨੂੰ ਪੰਜ ਭੱਠ ਤਾਪ ਚੜ੍ਹਿਆ ਹੋਵੇ। ਮੈਂ ਚੁਪ-ਚੁਪਾਤੇ ਖਿਸਕ ਆਇਆ। ਫੁੱਫੜ ਹੋਰੀਂ ਮੈਨੂੰ ਬੇਚੈਨੀ ਨਾਲ ਉਡੀਕ ਰਹੇ ਸਨ। ਡਾ. ਟਾਕ ਹੋਰੀਂ ਮੈਨੂੰ ਸਹੀ ਸਲਾਮਤ ਮੁੜਿਆ ਵੇਖ ਕੇ ਤਾੜੀ ਮਾਰ ਕੇ ਹੱਸੇ। ਉਹ ਹੈਰਾਨ ਸਨ ਕਿ ਮੈਂ ਇਉਂ ਬਿਨਾਂ ਬੁਲਾਏ ਜਾਣ ਦੀ ਜੁਅੱਰਤ ਕਿਵੇਂ ਕਰ ਲਈ ਸੀ?

'ਤੇਰੀਆਂ ਚੱਪਲਾਂ?' ਭੂਆ ਨੇ ਮੇਰੇ ਨੰਗੇ ਪੈਰਾਂ ਵੱਲ ਵੇਖ ਕੇ ਪੁਛਿਆ।

'ਓਹ! ਉਹ ਤਾਂ ਮੈਂ ਉਥੇ ਈ ਭੁੱਲ ਆਇਆ, ਨੱਚਣ ਵਾਸਤੇ ਲਾਹੀਆਂ ਸਨ।'

'ਚਲ ਖਸਮਾਂ ਨੂੰ ਖਾਣ ਚੱਪਲਾਂ, ਚੰਗਾ ਤੂੰ ਆਪ ਬਚ ਕੇ ਆ ਗਿਆ, ਸਾਨੂੰ ਤਾਂ ਲੱਗਦਾ ਸੀ ਅੱਜ ਕਾਲਿਆਂ ਤੋਂ ਛੁਡਾ ਕੇ ਲਿਆਉਣਾ ਪਵੇਂਗਾ', ਭੂਆ ਫ਼ਿਕਰਮੰਦ ਸੀ।

Academy of the Punjab in North America: http://www.apnaorg.com

'ਖੈਰ ਕਦੇ ਕਦੇ ਤਾਂ ਲੇਖਕਾਂ ਵਾਂਗੂੰ ਕਿਸੇ ਦੇ ਘਰੇ ਚੱਪਲਾਂ ਭੁੱਲ ਕੇ ਆਉਣੀਆਂ ਹੀ ਚਾਹੀਦੀਐਂ, ਫੇਰ ਈ ਰੰਗ ਬਝਦੈ ਜ਼ਿੰਦਗੀ ਦਾ' ਡਾ. ਟਾਕ ਨੇ ਲੋਰ 'ਚ ਝੂਮਦਿਆਂ ਖੁਸ਼ੀ ਨਾਲ ਕਿਹਾ।

ਰਾਤ ਅੱਧੋਂ ਟੱਪ ਚੁੱਕੀ ਸੀ। ਮਿੱਠੀ ਮਿੱਠੀ ਠੰਡ ਉੱਤਰ ਆਈ ਸੀ। ਜਦੋਂ ਅਸੀਂ ਘਰ ਵੱਲ ਤੁਰੇ ਡਾ. ਟਾਕ ਟਹਿਕ ਵਿੱਚ ਸੀ। ਮੈਂ ਪਹਿਲੇ ਦਿਨ ਉਸ ਨੂੰ ਇਉਂ ਬੇਫ਼ਿਕਰੀ ਵਿੱਚ ਮੜਕ ਨਾਲ ਤੁਰਦਿਆਂ ਵੇਖਿਆ।

## ਰਾਣੀ ਦੇ ਰਤਨ

ਜਦੋਂ ਤੱਕ ਮੈਂ ਨਿਊਯਾਰਕ ਪਹੁੰਚਿਆ ਉਦੋਂ ਤੱਕ ਉਥੋਂ ਦੇ ਲੇਖਕ ਮੀਟਿੰਗਾਂ ਕਰ ਕਰ ਕੇ ਘਰਕੇ ਪਏ ਸਨ। ਮਿਲਵਾਕੀ ਵਾਲੀ ਕਾਨਫਰੰਸ ਉਤੇ ਭਾਰਤੋਂ ਆਏ ਬਹੁਤੇ ਪੰਜਾਬੀ ਲੇਖਕਾਂ ਨੇ ਨਿਊਯਾਰਕ ਦਾ ਗੇੜਾ ਜ਼ਰੂਰ ਮਾਰਿਆ ਸੀ। ਹਰੇਕ ਨਾਲ ਮਿਲਣੀ ਕਰਨੀ ਪਈ ਸੀ।

ਮੇਰੇ ਕੋਲ ਕਹਾਣੀਕਾਰਾ ਰਾਣੀ ਨਗੇਂਦਰ ਅਤੇ ਕਵੀ ਰਣਧੀਰ ਸਿੰਘ ਦਾ ਫੋਨ ਨੰਬਰ ਸੀ ਪਰ ਮੈਂ ਦੋਹਾਂ ਨੂੰ ਹੀ ਕਦੇ ਨਹੀਂ ਸਾਂ ਮਿਲਿਆ। ਰਾਣੀ ਦਾ ਨੰਬਰ ਮਿਲਾਉਣ ਤੋਂ ਸੰਕੋਚ ਹੋ ਰਿਹਾ ਸੀ ਕਿ ਕਿਤੇ ਉਹ ਵੀ ਪਰਵੇਜ਼ ਵਾਲੀ ਹੀ ਨਾ ਕਰੇ। ਰਣਧੀਰ ਸਿੰਘ ਦਾ ਨੰਬਰ ਮਿਲਾਇਆ। 'ਹੱਛਾ! ਹੱਛਾ!* ਪਹੁੰਚ ਗਏ ਤੁਸੀਂ?' ਉਸ ਨੇ ਭਾਵੇਂ ਬੜੀ ਨਿਮਰਤਾ ਭਰੇ ਬੋਲਾਂ ਨਾਲ ਮੇਰਾ ਸਵਾਗਤ ਕੀਤਾ, ਫੇਰ ਵੀ ਮੈਨੂੰ ਇਉਂ ਜਾਪਿਆ ਜਿਵੇਂ ਕਹਿ ਰਿਹਾ ਹੋਵੇ, 'ਬੱਸ ਤੁਹਾਡੀ ਕਸਰ ਹੀ ਬਾਕੀ ਸੀ।'

'ਵਾਹਿਗੁਰੂ ਦੀ ਮਿਹਰ ਨਾਲ ਬੜੀ ਰੌਣਕ ਲੱਗੀ ਐ ਪਿਛਲੇ ਮਹੀਨੇ ਦੀ, ਡਾ. ਹਮਰਾਹੀ, ਵਰਿਆਮ ਸੰਧੂ, ਗੋਰਖੀ, ਜਰਨੈਲ ਸਿੰਘ ..., ਬੜੇ ਮਿੱਤਰ ਪਿਆਰਿਆਂ ਨਾਲ ਮੇਲ ਹੋਇਐ। ਧਾਲੀਵਾਲ ਜੀ ਮੈਂ ਤਾਂ ਅਗਲੇ ਹਫ਼ਤੇ ਇੰਡੀਆ ਜਾ ਰਿਹੈਂ, ਤਿਆਰੀ-ਬਿਆਰੀ 'ਚ ਬਿਜ਼ੀ ਆਂ, ਮੈਂ ਰਾਣੀ ਜੀ ਨੂੰ ਫੋਨ ਕਰਦਾਂ, ਉਹ ਤੁਹਾਡੇ ਲਈ ਕੋਈ ਮੀਟਿੰਗ ਦਾ ਪ੍ਰਬੰਧ ਕਰ ਲੈਣਗੇ' ਮਿੱਠ-ਬੋਲੜਾ ਰਣਧੀਰ ਸਿੰਘ ਆਪਣੀ ਮਜਬੂਰੀ ਪ੍ਰਗਟ ਕਰ ਰਿਹਾ ਸੀ ਤਾਂ ਹੀ ਮੈਨੂੰ ਜਾਪਿਆ 'ਮੇਰੀ ਵਾਰੀ ਆਈ ਪਤੀਲਾ ਖੜਕੇ' ਵਾਲੀ ਗੱਲ ਹੋਣ ਲੱਗੀ ਹੈ। ਉਹੀ ਹੋਈ, ਦੋ ਦਿਨ ਕਿਸੇ ਦਾ ਫੋਨ ਨਾ ਆਇਆ। ਮੈਂ ਨਿਰਾਸਿਆ ਗਿਆ। ਤੀਜੇ ਦਿਨ ਰਾਣੀ ਦਾ ਫੋਨ ਆਇਆ, 'ਧਾਲੀਵਾਲ ਜੀ, ਤੁਸੀਂ ਕਿੱਥੇ ਸਓ? ਤੁਹਾਡੇ ਫੋਨ ਦੀ ਅਨਸਰਿੰਗ ਮਸ਼ੀਨ ਹੀ ਬੋਲ ਰਹੀ ਸੀ। ਅੱਜ ਸ਼ਾਮ ਨੂੰ ਮੈਂ ਜੌਬ ਤੋਂ ਬਾਅਦ ਮਿਲਣ ਦੀ ਕੋਸ਼ਿਸ਼ ਕਰੂੰਗੀ, ਅੱਛਾ, ਓ. ਕੇ. ' ਆਪਣੀ ਸੰਖੇਪ ਗੱਲ ਕਹਿ ਕੇ ਉਸ ਫੋਨ ਰੱਖ ਦਿੱਤਾ।

ਪਰ ਸ਼ਾਮ ਨੂੰ ਮਿਥੇ ਵਕਤ ਉਤੇ ਹੀ ਉਹ ਆ ਗਈ। ਰਾਣੀ ਨਗੇਂਦਰ ਭਾਵੇਂ ਅੱਧਖੜ ਉਮਰ ਦੀ ਹੈ ਪਰ ਪੰਜਾਬੀ ਕਹਾਣੀ ਵਿੱਚ ਉਸ ਦਾ ਨਾਂ ਹੁਣੇ ਹੁਣੇ ਹੀ ਉਭਰਨਾ ਸ਼ੁਰੂ ਹੋਇਆ ਹੈ। ਉਹ ਪਿੱਛੋਂ ਜੰਮੂ-ਕਸ਼ਮੀਰ ਤੋਂ ਹੈ। ਗੋਰਾ-ਨਿਸ਼ੋਹ ਰੰਗ, ਗੋਲ ਨੈਣ-ਨਕਸ਼ ਅਤੇ ਭਰਿਆ ਭਰਿਆ ਜਿਸਮ ਉਸ ਦੀ ਖ਼ੂਬਸੂਰਤੀ ਦੇ ਨਿਸ਼ਾਨ-ਚਿੰਨ੍ਹ ਹਨ। ਉਹ ਬੜੀ ਮਿਜਾਜ਼ ਨਾਲ ਡੋਗਰੀ ਲਹਿਜ਼ੇ ਵਾਲੀ ਪੰਜਾਬੀ ਬੋਲਦੀ ਹੈ। ਜੰਮੂ ਰੇਡੀਓ ਤੇ ਨੌਕਰੀ ਕਰਦਿਆਂ ਪੰਜਾਬੀ ਪ੍ਰੋਗਰਾਮ ਪੇਸ਼ ਕਰਦੀ ਰਹੀ ਹੋਣ ਕਰ ਕੇ ਉਹ ਬੜੇ ਚੁਸਤ ਵਾਕ ਬੋਲ ਕੇ ਸੁਣਨ ਵਾਲੇ ਦਾ ਧਿਆਨ ਖਿਚਦੀ ਹੈ। ਉਹ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੀ ਧੜੱਲੇਦਾਰ ਔਰਤ ਹੈ। ਗੱਲਾਂ ਕਰਨ ਲਗਦੀ ਹੈ ਤਾਂ ਰਸਮੀ ਸ਼ਬਦਾਂ ਦੀ ਛੱਟ ਵਗਾਹ ਕੇ ਔਹ ਮਾਰਦੀ ਹੈ ਅਤੇ ਭਾਵ-ਭਿੰਨੇ ਲਫਜ਼ਾਂ ਦੀ ਨਦੀ ਵਹਾ ਦਿੰਦੀ ਹੈ।

'ਧਾਲੀਵਾਲ ਜੀ ਮਨ ਤੇ ਕਰਦਾ ਏ ਪਈ ਵਤਨੋਂ ਆਏ ਦੋਸਤਾਂ ਨਾਲ ਖੁੱਲ੍ਹਾ ਸਮਾਂ ਬਿਤਾਈਏ, ਦਿਲ ਦੀਆਂ ਗੱਲਾਂ ਕਰੀਏ, ਦੁੱਖ-ਸੁੱਖ ਫਰੋਲੀਏ, ਪਰ ਏਥੇ ਵਕਤ ਕਿੰਦ੍ਹੇ ਕੋਲ ਏ? ਸਭ ਭੱਜੇ ਫਿਰਦੇ ਨੇ ਹਲਕੇ ਕੁੱਤੇ ਵਾਕਰ। ਹੋਰ ਏਨ੍ਹਾਂ ਕੋਲ ਜੋ ਮਰਜ਼ੀ ਪਿਆ ਹੋਵੇ, ਜਦੋਂ ਕੁੱਝ ਮਨ ਆਈ ਕਰਨ ਦਾ

Academy of the Punjab in North America: http://www.apnaorg.com

ਵਕਤ ਈ ਨਈਂ ਤੇ ਸਮਝੋ ਜ਼ਿੰਦਗੀ ਨਈਂ। ਮੈਨੂੰ ਤੇ ਆਪ ਜਾਪਦਾ ਏ ਕਿ ਮੈਂ ਫਸ ਗਈ ਵਾਂ ਏਥੇ ਆ ਕੇ। ਕੀ ਏ ਏਥੇ? ਬੱਸ ਕੰਮ ਤੇ ਪੈਸਾ। ਕੋਈ ਚੰਗੀਆਂ ਕਦਰਾਂ-ਕੀਮਤਾਂ ਨਈਂ, ਬਾਰ੍ਹਾਂ ਤੇਰ੍ਹਾਂ ਸਾਲ ਦੀਆਂ ਕੁੜੀਆਂ ਪਈਆਂ ਹਰਾਮੀ ਬੱਚੇ ਜਣ ਧਰਦੀਆਂ ਨੇ, ਬੱਚੇ ਮਾਂ-ਬਾਪ ਨੂੰ ਤਾਂ ਕੁੱਝ ਸਮਝਦੇ ਈ ਨਈਂ। ਫੇਰ ਕਿਸ ਵਾਸਤੇ ਕਮਾਈ ਕਰ ਕਰ ਹੱਡ-ਤੁੜਾਨੇ ਹੋਏ? ਮੇਰੀ ਤਾਂ ਉਤੋਂ ਜੌਬ ਵੀ ਇਹੋ ਜਿਹੀ ਏ - ਬੁੱਢਿਆਂ-ਠੇਰਿਆਂ ਦੀ ਸੰਭਾਲ ਦੀ। ਦੋ ਮਰਦੇ ਨੇ ਤੇ ਚਾਰ ਹੋਰ ਆ ਜਾਂਦੇ ਜੇ। ਭਲਾ ਇਹ ਕੀ ਕੰਮ ਹੋਇਆ ਮੁਰਦਿਆਂ ਹਾਰ ਪਏ ਉਨ੍ਹਾਂ ਬੁੱਢਿਆਂ ਨੂੰ ਵੱਧ ਤੋਂ ਵੱਧ ਜਿਊਂਦੇ ਰੱਖਣਾ, ਜਿਨ੍ਹਾਂ ਕਦੇ ਵੀ ਵੱਲ ਨਈਂਓਂ ਹੋਣਾ। ਇਹ ਸਭ ਵੈਲਫੇਅਰ ਸਟੇਟ ਦਾ ਢੰਡੋਰਾ ਪਿੱਟਣ ਲਈ ਐ। ਭਲਾ ਇਹ ਕੀ ਗੱਲ ਹੋਈ, ਜਿਨ੍ਹਾਂ ਦੀਆਂ ਕਬਰਾਂ 'ਚ ਲੱਤਾਂ ਨੇ ਉਨ੍ਹਾਂ ਲਈ ਸੇਜ਼ ਵਿਛਾ ਛੱਡੀ ਊ ਅਤੇ ਚੰਗੇ ਭਲਿਆਂ ਨੂੰ ਵੇਲਨੇ 'ਚੋਂ ਲੰਘਾ ਛੱਡਿਆ ਜੇ। ਮੇਰੇ ਵਰਗਿਆਂ ਦੀ ਰਾਤ-ਦਿਨ ਦੀ ਜੌਬ ਨੇ ਹੱਡੀਆਂ ਕੜਕਾ ਛੱਡੀਆਂ ਜੇ। ਆਪਣੇ ਪਤੀ ਨੂੰ ਰੋਟੀ ਦੇਣ ਦਾ ਵਕਤ ਨਹੀਂ ਮਿਲਦਾ ਪਿਆ ਤੇ ਇਨ੍ਹਾਂ ਅਮਰੀਕੀ ਖੋਸੜ ਬੁੱਢਿਆਂ ਦੀ ਮੁੱਠੀ-ਚਾਪੀ ਵੀ ਕਰਨੀ ਪੈਂਦੀ ਏ। ਧ੍ਰਿਗ ਐ ਐਸੀ ਅਮਰੀਕਾ ਦੇ, ਕਾਹਲਾ ਪੈਂਦਾ ਜੇ ਮਨ। ਪਰ ਹੁਣ ਜੁਆਨ ਬੱਚੇ ਐਥੇ ਐਡਜਸਟ ਹੋ ਗਏ ਨੇ। ਅਸੀਂ ਕਿੰਦ੍ਹੇ ਲਈ ਜਾਈਏ ਕਸ਼ਮੀਰ? ਮੈਂ ਤਾਂ ਓਸ ਵੇਲੇ ਨੂੰ ਪੱਛੋਤਾਨੀ ਆਂ ਜਦੋਂ ਦੁਮ ਚੁੱਕ ਕੇ ਲਗੇ ਆਏ ਸੀ ਅਮਰੀਕਾ। ਬੜੀ ਜ਼ੰਨਤ ਨਜ਼ਰ ਪਈ ਆਂਦੀ ਸੀ ਏਥੇ। ਸਿਰ ਤੇ ਪਈ ਏ ਤੇ ਜਾਣਿਐਂ ਅਖੇ 'ਕੁਆਰੀ ਤਾਂ ਚਾਓ, ਵਿਆਹੀ ਤਾਂ ਮਾਮਲੇ, ਵੱਤ ਕੁਆਰੀ ਨਾ ਥੀਏ।' ਰਾਣੀ ਨਗੇਂਦਰ ਇਉਂ 'ਨਾਨ-ਸਟਾਪ' ਬੋਲ ਰਹੀ ਸੀ ਜਿਵੇਂ ਉਹ ਜੰਮੂ ਦੇ ਰੇਡੀਓ ਸਟੇਸ਼ਨ ਉਤੇ ਮਾਈਕ ਅੱਗੇ ਬੈਠੀ ਸਰੋਤਿਆਂ ਨਾਲ ਗੱਲਾਂ ਕਰ ਰਹੀ ਹੋਵੇ। ਉਸ ਦੇ ਰੁਮਾਲ ਨਾਲ ਮੂੰਹ ਸਾਫ਼ ਕਰਨ ਦੇ ਵਕਫ਼ੇ ਦਾ ਫਾਇਦਾ ਉਠਾਉਂਦਿਆਂ ਮੈਂ ਕਿਹਾ, 'ਮੈਡਮ ਏਨੀ ਨੱਠ-ਭੱਜ 'ਚ ਫੇਰ ਲਿਖ ਕਿਵੇਂ ਲੈਂਦੇ ਓ?'

ਉਸ ਨੇ ਅੱਖਾਂ ਦੇ ਵਿਚਕਾਰ ਮੱਥੇ ਉਤੇ ਉਂਗਲ ਦੀ ਛੋਹ ਨਾਲ ਉੱਤਰ ਤਲਾਸ਼ਦਿਆਂ ਪਲ ਕੁ ਸੋਚਿਆ। ਸੋਫ਼ੇ ਉਤੇ ਪਾਸਾ ਉਗਾਸਦਿਆਂ ਮੇਰੇ ਵੱਲ ਮੂੰਹ ਫੇਰਿਆ। ਟੋਏ ਵਾਲੀ ਠੋਡੀ ਥੱਲੇ ਹਥੇਲੀ ਦਾ ਅੜ੍ਹੋਕਣ ਦਿੰਦਿਆਂ ਮੋਟੀਆਂ ਅੱਖਾਂ ਦੇ ਡੇਲਿਆਂ ਨੂੰ ਹੇਠਾਂ ਉਤੇ ਨਚਾਇਆ ਅਤੇ ਫੇਰ ਅਦਾ ਨਾਲ ਕਿਹਾ, 'ਕੀ ਪਏ ਲਿਖਦੇ ਆਂ ਅਸੀਂ? ਕੁੱਝ ਵੀ ਤਾਂ ਖਾਸ ਨਈਂ। ਕੀ ਹੋਇਆ ਜੇ ਸਾਲ-ਖੰਡ ਪਿੱਛੋਂ ਕਹਾਣੀ ਲਿਖ ਛੱਡੀ। ਮੇਰੀ ਕਹਾਣੀਆਂ ਦੀ ਪੁਸਤਕ 'ਧੁਖਦਾ ਸ਼ਹਿਰ' ਕਈ ਸਾਲਾਂ ਵਿੱਚ ਤਿਆਰ ਹੋਈ ਸੀ, ਲਿਖਣ ਦੀ ਤਾਂ ਛੱਡੋ, ਪੜ੍ਹਨ ਦਾ ਵਕਤ ਨਈਂ ਜੇ ਲੱਭਦਾ। ਬੱਸ ਦਿਮਾਗ 'ਚ ਜੋ ਕੀੜਾ ਵੜਿਆ ਏ ਸਾਹਿਤ ਦਾ, ਉਹ ਨਈਂ ਨਿਕਲਦਾ ਤੇ ਡਾਢਾ ਜਿੱਚ ਪਿਆ ਕਰੇਂਦਾ ਏ, ਜੇ ਨਾ ਲਿਖੀਏ।

Academy of the Punjab in North America: http://www.apnaorg.com

ਤਾਂ ਈ ਨੀਂਦ ਦੇ ਕੁੱਝ ਹੋਰ ਘੰਟੇ ਖੋਹ ਛੱਡੀਦੇ ਨੇ ਲਿਖਣ ਖ਼ਾਤਰ। ਮੇਰੇ ਹਸਬੈਂਡ ਬੜੇ ਕੌਪਰੇਟ ਕਰਦੇ ਨੇ, ਤਾਂ ਈ ਲਿਖ ਸਕਣੀ ਵਾਂ। ਜਦੋਂ ਤੁਹਾਡੇ ਵਰਗੇ ਲਿਖਾਰੀ ਦੋਸਤ ਮਿਲਦੇ ਨੇ ਤਾਂ ਅੰਦਰ ਲਿਖਣ ਦੀ ਪੀੜ ਜਿਹੀ ਉਠਦੀ ਏ ਕਲੇਜੇ ਕੋਲ। ਇਉਂ ਹੀ ਬੀਤੇ ਦਿਨੀਂ ਇੱਕ ਸਫ਼ਰਨਾਮਾ ਲਿਖ ਛੋੜਿਆ ਏ।' ਪਿਛਲੇ ਹਫ਼ਤੇ ਡਾ. ਹਮਰਾਹੀ ਹੋਰਾਂ ਦਾ ਫੋਨ ਆਇਆ, 'ਨਗੇਂਦਰ ਆਪਣਾ ਬਾਇਓ-ਡਾਟਾ ਭੇਜ ਮੈਂ ਤੇਰਾ ਰੇਖਾ-ਚਿੱਤਰ ਲਿਖ ਰਿਹੈਂ। ਮੈਂ ਹੈਰਾਨ ਹੋ ਗਈ, ਡਾ. ਸਾਹਿਬ ਮੈਂ ਅਜੇ ਕਦੋਂ ਹੋਈ ਵਾਂ ਏਨੇ ਜੋਗੀ, ਅਖੇ ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ।' ਧਾਲੀਵਾਲ ਜੀ ਪਿੱਛੇ ਜਿਹੇ ਪਰਵਾਸੀ ਕਹਾਣੀਕਾਰਾਂ ਬਾਰੇ ਤੁਹਾਡੇ ਆਰਟੀਕਲ ਵਿੱਚ ਆਪਣਾ ਨਾਂ ਪੜ੍ਹ ਕੇ ਮੈਂ ਹੱਸ ਕੇ ਆਪਣੇ ਆਪ ਨੂੰ ਕਿਹਾ, ਲੈ ਰਾਣੀਏਂ ਤੂੰ ਵੀ ਬਣ ਚੱਲੀ ਜੇ ਕਹਾਣੀਕਾਰ। ਇੱਕ ਵੇਰਾਂ ਬਲਵੰਤ ਗਾਰਗੀ ਜੀ ਏਥੇ ਆਏ ਤਾਂ ਮੈਨੂੰ ਕਹਿੰਦੇ, 'ਤੇਰੀ ਸ਼ੈਲੀ 'ਚ ਤਾਂ ਅੰਗਿਆਰ ਦਗਦੇ ਨੇ, ਲੂਹ ਸੁੱਟੇਗੀ ਤੇਰੀ ਕਲਮ ਸਭ ਨੂੰ, ਤੂੰ ਲਿਖ, ਲੋਕੀ ਤੇਰੀ ਸ਼ੈਲੀ ਦੀ ਲਾਟ ਤੇ ਪਰਵਾਨਿਆਂ ਵਾਂਗੂੰ ਫੁੜਕ ਫੁੜਕ ਡਿੱਗਣਗੇ।' ਇਤਨੀ ਪ੍ਰਸੰਸਾ ਸੁਣ ਕੇ ਮੇਰੇ ਤਾਂ ਕੰਨ ਲਾਲ ਹੋ ਗਏ। ਉਂਝ ਵੀ ਅਜੇ ਮੈਂ ਮੁਟਿਆਰ ਸਾਂ। ਸੁਣਿਆ ਸੀ ਗਾਰਗੀ ਸਾਹਿਬ ਸੁਹਣੀਆਂ ਕੁੜੀਆਂ ਨੂੰ ਚਾਟ ਤੇ ਲਾਉਣ ਲਈ ਅਜਿਹੇ ਜੁਮਲੇ ਬੋਲ ਛੱਡਦੇ ਜੇ।' ਗੱਲਾਂ ਵਿੱਚ ਰਾਣੀ ਸਭ ਕੁੱਝ ਵਿਸਰ ਗਈ ਸੀ - ਕੰਮ ਦਾ ਥਕੇਵਾਂ, ਭੱਜੀ ਜਾਂਦੀ ਰਾਤ ਫ਼ਿਕਰ ਅਤੇ ਸਵੇਰੇ ਫੇਰ ਜੌਬ ਉਤੇ ਜਾਣ ਦੀ ਚਿੰਤਾ। ਪਰ ਅਚਾਨਕ ਉਹ ਸਾਹਮਣੀ ਕੰਧ ਉਤੇ ਟਾਈਮ-ਪੀਸ ਦੀ ਸੂਈ ਵੱਲ ਵੇਖ ਕੇ ਤ੍ਰਬਕੀ ਅਤੇ ਕਾਹਲੀ ਨਾਲ ਗੱਲ ਮੁਕਾਈ, ਜਿਵੇਂ ਕਹਿ ਰਹੀ ਹੋਵੇ, 'ਸਾਮੀਨ ਪ੍ਰੋਗਰਾਮ ਦਾ ਵੇਲਾ ਮੁਕਦਾ ਏ, ਕੱਲ੍ਹ ਨੂੰ ਫੇਰ ਮੁਲਾਕਾਤ ਹੋਵੇਗੀ, ਖ਼ੁਦਾ ਹਾਫਿਜ਼।'

'ਧਾਲੀਵਾਲ ਜੀ, ਇਸ ਐਤਵਾਰ ਨੂੰ ਉਰਦੂ ਕਵੀਆਂ ਦੀ ਬੈਠਕ ਏ, ਜੇ ਤੁਹਾਨੂੰ ਵੀ ਵਿੱਚ … ' ਉਸ ਨੇ ਮੈਨੂੰ ਸ਼ਾਮਿਲ ਕਰਨ ਬਾਰੇ ਪੁੱਛਿਆ ਪਰ ਮੈਨੂੰ ਇਉਂ ਜਾਪਿਆ ਜਿਵੇਂ ਕਿਹਾ ਹੋਵੇ 'ਤੁਹਾਨੂੰ ਵੀ ਵਿੱਚ ਭੁਗਤਾ ਦੀਏ?' ਮੈਂ ਇਉਂ ਭੀੜ ਜਿਹੀ ਵਿੱਚ ਰਲਣ ਤੋਂ ਨਾਂਹ ਕਰ ਦਿੱਤੀ ਤਾਂ ਰਾਣੀ ਨੇ ਮੇਰੇ ਲਈ ਵਿਸ਼ੇਸ਼ ਮੀਟਿੰਗ ਕਰਨ ਦਾ ਫੈਸਲਾ ਕੀਤਾ।

ਰਾਣੀ ਨੂੰ ਮਿਲ ਕੇ ਮੇਰਾ ਇਹ ਤੌਖਲਾ ਜਾਂਦਾ ਰਿਹਾ ਕਿ ਨਿਊਯਾਰਕ ਦੇ ਲੇਖਕ ਹੰਭੇ ਪਏ ਸਨ। ਉਹ ਕੰਮ ਨੇ ਭਾਵੇਂ ਬੌਂਦਲਾਏ ਪਏ ਸਨ ਪਰ ਉਨ੍ਹਾਂ ਦੇ ਹੌਸਲੇ ਬੁਲੰਦ ਸਨ। ਮੇਰੇ ਵਾਸਤੇ ਹੀ ਉਨ੍ਹਾਂ ਨੇ ਦੋ-ਤਿੰਨ ਮੀਟਿੰਗਾਂ ਕੀਤੀਆਂ। ਜਿਹੜੇ ਇੱਕ 'ਚ ਨਾ ਆ ਸਕਦੇ ਉਹ ਦੂਜੀ ਮੀਟਿੰਗ 'ਚ ਆ ਜਾਂਦੇ।

Academy of the Punjab in North America: http://www.apnaorg.com

ਨਿਊਯਾਰਕ ਵਿੱਚ ਉਂਝ ਤਾਂ ਕੋਈ ਵੀਹ ਕੁ ਪੰਜਾਬੀ ਲੇਖਕ ਹਨ ਪਰ ਸਿਰ ਕੱਢਵੇਂਂਨਾਂ ਦੋ-ਚਾਰ ਹੀ ਹਨ - ਮਨੋਹਰ ਸਿੰਘ ਮਾਰਕੋ, ਰਾਣੀ ਨਗੇਂਦਰ ਤੇ ਰਣਧੀਰ ਸਿੰਘ। ਉਂਝ ਕੁਲਦੀਪ ਸਿੰਘ, ਰਜਿੰਦਰ ਜਿੰਦ, ਦਲਜੀਤ ਮੋਖਾ, ਹਰਿਭਜਨ ਸਿੰਘ, ਗੁਰਜੀਤ ਕੌਰ, ਰਮਨਜੀਤ ਅਤੇ ਅਸ਼ਰਫ ਵੀ ਸਾਹਿਤਕ ਬੈਠਕਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਲੇਖਕ ਹਨ।

ਮਨੋਹਰ ਸਿੰਘ ਮਾਰਕੋ ਗੰਭੀਰ ਸੁਭਾਅ ਵਾਲਾ ਬਜ਼ੁਰਗ ਹੈ। ਉਸ ਦੀ 'ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ' ਨਾਂ ਦੀ ਰਚਨਾ ਜਦੋਂ ਪੰਜਾਬੀ ਰਸਾਲਿਆਂ ਵਿੱਚ ਕਿਸ਼ਤਵਾਰ ਛਪਦੀ ਸੀ ਤਾਂ ਉਹ ਘਰ ਘਰ ਚਰਚਿਤ ਹੋ ਗਿਆ ਸੀ। ਬੁਨਿਆਦੀ ਤੌਰ ਤੇ ਉਹ ਸਿੱਖ-ਮੱਤ ਦਾ ਖੋਜੀ ਹੈ। ਅੱਜ ਕੱਲ੍ਹ ਉਹ ਗੁਰੂ ਸਾਹਿਬਾਨ ਦੇ ਦਸਤਖ਼ਤ ਇਕੱਤਰ ਕਰਨ ਵਿੱਚ 'ਬਉਰਾਨਾ' ਹੋਇਆ ਪਿਆ ਸੀ।

ਰਣਧੀਰ ਸਿੰਘ ਗੁਰਮੁਖ ਤਬੀਅਤ ਦਾ ਬੌਧਿਕ ਸ਼ਾਇਰ ਹੈ। ਇੱਕ ਸ਼ਬਦੀ ਬਹਿਰ ਵਾਲੀ ਗ਼ਜ਼ਲ ਲਿਖਣ ਵਿੱਚ ਉਸ ਦੀ ਵਿਸ਼ੇਸ਼ ਮੁਹਾਰਤ ਹੈ, ਜਿਵੇਂ:

ਦੋਸਤਾ,
ਨਾ ਸਤਾ।
ਨਾ ਅੜੀਂ,
ਪਰਬਤਾ।
ਜਿੱਤਿਐਂ,
ਨਾ ਜਤਾ।
ਤੋੜ ਨਾ,
ਸਾਬਤਾ।
… ….. .

ਰਣਧੀਰ ਸਿੰਘ ਉਨ੍ਹਾਂ ਦਿਨਾਂ ਵਿੱਚ ਭਾਵੇਂ ਭਾਰਤ ਆਉਣ ਲਈ ਤਿਆਰੀ 'ਚ ਰੁੱਝਿਆ ਹੋਇਆ ਸੀ, ਫੇਰ ਵੀ ਇੱਕ ਸ਼ਾਮ ਉਸ ਦੇ ਘਰ ਕੁੱਝ ਸਮਾਂ ਮੇਲ-ਮਿਲਾਪ ਹੋ ਹੀ ਗਿਆ। ਮੇਰੇ ਨਾਲ ਰਜਿੰਦਰ ਜਿੰਦ ਸੀ ਜੋ ਕਿ ਗਰਮਦਲੀਏ ਸਿੱਖ ਨੌਜਵਾਨਾਂ ਦਾ ਕੱਟੜ ਹਮਾਇਤੀ ਸੀ। ਉਸ ਕਰ ਕੇ ਗੱਲ ਪੰਜਾਬ ਸੰਕਟ ਬਾਰੇ ਅਜਿਹੀ ਚੱਲੀ ਕਿ ਹੋਰ ਸਾਹਿਤਕ ਗੱਲ ਨਾ ਛਿੜ ਸਕੀ। 'ਮਾਵਾਂ ਦੇ ਐਨੇ ਪੁੱਤ ਮਰਵਾ ਕੇ ਵੀ ਪੰਜਾਬ ਦੇ ਪੱਲੇ ਕੁੱਝ ਨਾ ਪੈਣ' ਵਾਲੀ ਚਿੰਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦਾ ਹਮਲਾ ਅਜੇ ਵੀ ਰਣਧੀਰ ਸਿੰਘ ਹੋਰਾਂ ਲਈ ਅੱਲੇ ਜ਼ਖ਼ਮ ਵਰਗੀ ਗੱਲ ਸੀ।

Academy of the Punjab in North America: http://www.apnaorg.com

ਮੇਰੀਆਂ ਗੱਲਾਂ 'ਚੋਂ ਉਨ੍ਹਾਂ ਨੂੰ ਕਾਮਰੇਡੀ ਦੀ ਬੋਅ ਆਈ ਤਾਂ ਉਹ ਕੁੱਝ ਤਲਖ਼ ਵੀ ਹੋਏ ਪਰ ਮਹਿਮਾਨ ਹੋਣ ਦਾ ਲਿਹਾਜ਼ ਕਰਦਿਆਂ ਗੱਲ ਬਹੁਤੀ ਨਾ ਭੜਕੀ।

ਮੇਰੀਆਂ ਸਭ ਤੋਂ ਵਧੇਰੇ ਮੁਲਾਕਾਤਾਂ ਕੁਲਦੀਪ ਸਿੰਘ ਨਾਲ ਹੋਈਆਂ ਜੋ ਅੱਜ-ਕੱਲ੍ਹ ਨੌਕਰੀ ਤੋਂ ਫ਼ਾਰਗ ਸੀ। ਉਸ ਦਾ ਘਰ ਵੀ ਉਥੋਂ ਨੇੜੇ ਸੀ ਜਿਥੇ ਮੇਰਾ ਮੂਲ ਟਿਕਾਣਾ ਸੀ। ਉਹ ਕਵੀ ਤਾਂ ਐਵੇਂ ਨਾਂ ਦਾ ਹੀ ਸੀ ਪਰ ਬੁਲਾਰਾ ਚੰਗਾ ਸੀ। ਯਾਦਾਸ਼ਤ ਤਾਂ ਉਸ ਦੀ ਹੈਰਾਨ ਕਰਨ ਵਾਲੀ ਸੀ। ਵੀਹ ਕੁ ਸਾਲ ਪਹਿਲਾਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰਕਾਸ਼ਨ ਵਿਭਾਗ ਵਿਚੋਂ ਨੌਕਰੀ ਛੱਡ ਕੇ ਅਮਰੀਕਾ ਆ ਗਿਆ ਸੀ। ਉਸ ਵੇਲੇ ਦੇ ਚਰਚਿਤ ਪੰਜਾਬੀ ਵਿਦਵਾਨਾਂ ਡਾ. ਮੋਹਨ ਸਿੰਘ, ਡਾ. ਅਤਰ ਸਿੰਘ, ਪ੍ਰਿੰ. ਸੇਖੋਂ, ਡਾ. ਗੁਲਵੰਤ ਸਿੰਘ, ਪ੍ਰੋ. ਦੀਵਾਨ ਸਿੰਘ ਆਦਿ ਦੀਆਂ ਗੱਲਾਂ ਉਹ ਇਉਂ ਕਰਦਾ ਜਿਵੇਂ ਉਹ ਸਭ ਦਾ ਲੰਗੋਟੀਆ ਯਾਰ ਰਿਹਾ ਹੋਵੇ। ਵਿਦਵਾਨ ਤਾਂ ਕੀ, ਉਹ ਤਾਂ ਵੱਡੇ ਵੱਡੇ ਮੰਤਰੀਆਂ ਤੇ ਲੀਡਰਾਂ - ਕੈਰੋਂ, ਤੇਜਾ ਸਿੰਘ ਸੁਤੰਤਰ, ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ - ਦੇ ਹਵਾਲੇ ਵੀ ਇਉਂ ਦਿੰਦਾ ਸੀ ਜਿਵੇਂ ਉਹ ਉਸ ਤੋਂ ਪੁੱਛ ਕੇ ਹੀ ਫੈਸਲੇ ਲੈਂਦੇ ਰਹੇ ਹੋਣ। ਆਪਣੇ ਬੁੱਧੀ-ਬਲ ਦਾ ਉਸ ਨੂੰ ਗ਼ਰੂਰ ਸੀ, ਜੋ ਉਂਜ ਨਿਮਰਤਾ ਦੇ ਵਰਕ ਨਾਲ ਢਕਿਆ ਹੋਇਆ ਸੀ। ਉਹ ਜਦੋਂ ਵੀ ਮਿਲਦਾ ਤਾਂ ਕੋਈ ਨਾ ਕੋਈ ਇਤਿਹਾਸ ਦਾ ਕਾਂਡ ਫਰੋਲਣ ਲੱਗ ਪੈਂਦਾ।

'ਕਾਕਾ ਜੀ ਬ੍ਰਾਹਮਣਾਂ ਨੇ ਪੰਜਾਬ ਦਾ ਨਾਸ ਕਰ ਕੇ ਦਮ ਲੈਣੈ। ਏਨ੍ਹਾਂ ਨੇ ਪਹਿਲਾਂ ਬੋਧੀ ਤੇ ਜੈਨੀ ਮਾਰੇ ਪਿਆਰ ਦੀ ਗਲਵੱਕੜੀ 'ਚ ਘੁੱਟ ਘੁੱਟ ਕੇ, ਹੁਣ ਸਿੱਖਾਂ ਦੀ ਵਾਰੀ ਐ, ਇਸ ਕੰਮ ਲਈ ਇੰਦਰਾ ਨੇ ਬਕਾਇਦਾ ਕਮਿਸ਼ਨ ਬਣਾਇਆ, ਫੇਰ ਕੀਤਾ ਹਮਲਾ ਸ੍ਰੀ ਦਰਬਾਰ ਸਾਹਿਬ ਤੇ। ਭਲਾ ਹੋਵੇ ਦੇਵਗੌੜਾ ਦਾ ਜੀਨ੍ਹੇ ਉਹ ਕਮਿਸ਼ਨ ਖ਼ਤਮ ਕੀਤਾ। ਆਹ ਗੁਜਰਾਲ ਜਿਸ ਨੂੰ ਅਕਾਲੀ ਸਿਰ ਤੇ ਚੁੱਕੀ ਫਿਰਦੇ ਐ, ਨੇ ਫੇਰ ਉਹੀ ਕਮਿਸ਼ਨ ਦੁਬਾਰਾ ਹਰੀਕੈਮ ਕਰ ਦਿੱਤਾ।' ਉਹ ਬਿਨ ਤੱਥਾਂ ਦੇ ਇਤਿਹਾਸ ਨੂੰ ਸੁਣਾਉਂਦਾ ਸੁਣਾਉਂਦਾ ਨਾਲ ਹੀ ਭਵਿੱਖ ਬਾਣੀ ਕਰਦਾ। 'ਕਾਕਾ ਜੀ, ਕੁਲਦੀਪ ਸਿੰਘ ਨੇ ਵੀ ਨਿਚੋੜ ਕੱਢੇ ਐ, ਜੇ ਏਹੀ ਹਾਲ ਰਿਹਾ ਤਾਂ ਪੰਦਰਾਂ ਸਾਲਾਂ ਦੇ ਵਿੱਚ ਵਿਚ ਭਾਰਤ ਦੇ ਪੰਦਰਾਂ ਟੁੱਕੜੇ ਹੋ ਜਾਣਗੇ ਅਤੇ ਅਮਰੀਕਾ ਦੇ ਪੰਜ' ਕਹਿ ਕੇ ਉਹ ਤਾੜੀ ਮਾਰ ਕੇ ਹੱਸਿਆ ਅਤੇ ਫੇਰ ਫਿਕਸੋ ਨਾਲ ਚਿਪਕਾਈਆਂ ਮੁੱਛਾਂ ਅਤੇ ਦਾੜ੍ਹੀ ਉਤੇ ਇਉਂ ਹੱਥ ਫੇਰਿਆ ਜਿਵੇਂ ਕਿਹਾ ਹੋਵੇ, 'ਜੇ ਝੂਠ ਹੋਇਆ ਤਾਂ ਮੂਤ ਨਾਲ ਮੁਨਵਾ ਦੂੰ ਇਹ।'

'ਕਾਕਾ ਜੀ, ਸੱਚ ਕੌੜਾ ਹੁੰਦੈ, ਜਦੋਂ ਕੁਲਦੀਪ ਸਿੰਘ ਸੱਚ ਬੋਲਦੈ ਤਾਂ ਖਾੜਕੂ ਗੋਲੀ ਮਾਰਨ ਨੂੰ ਫਿਰਦੇ ਐ, ਕਾਂਗਰਸੀ ਤੇ ਅਕਾਲੀ ਵੀ ਚਾਹੁੰਦੇ ਐ ਕਿ ਕੁਲਦੀਪ ਸਿੰਘ ਕੂਚ ਹੀ ਕਰ ਜਾਵੇ ਤਾਂ

Academy of the Punjab in North America: http://www.apnaorg.com

ਚੰਗੈ, ਪਰ ਮੈਂ ਨੀ ਡਰਦਾ ਕਿਸੇ ਤੋਂ। ਸਭ ਮੂਰਖ ਨੇ, ਮੈਨੂੰ ਪਤੈ, ਸਿਆਣਾ ਸਿੱਖ ਇਨ੍ਹਾਂ ਤੋਂ ਕਿਸੇ ਤੋਂ ਵੀ ਬਰਦਾਸ਼ਤ ਨਹੀਂ ਹੁੰਦਾ' ਪਲ ਕੁ ਰੁਕ ਕੇ ਉਹ ਦਸਦਾ, 'ਕਾਕਾ ਜੀ ਜੇ ਸੱਚ ਦੇ ਦੀਦਾਰ ਚਾਹੁੰਦੇ ਓ ਤਾਂ ਪੜ੍ਹੋ - ਬੀਟਰੇਅ ਦਾ ਸਿਖਸ, ਪਰਿਮੀਟਿਵ ਕਲਚਰ, ਸਿੱਖ ਇੰਟਡੈਂਟਿਟੀ - ਨਹੀਂ ਨਾ ਪੜ੍ਹੀਆਂ ਤੂੰ? ਪਤੈ ਮੈਨੂੰ। ਪੜ੍ਹ ਫੇਰ। ਮੈਨੂੰ ਤੇਰੇ 'ਚ ਸੰਭਾਵਨਾਵਾਂ ਦਿਸਦੀਆਂ ਨੇ, ਇਹ ਗੱਲ ਮੈਂ ਕਿਸੇ ਵਿਰਲੇ ਨੂੰ ਹੀ ਕਹਿੰਦਾ ਹਾਂ। ਪਰ ਤੇਰੇ 'ਚ ਜੋ 'ਰਸਟਿਕ' ਹੈ ਉਸ ਨੂੰ ਛਿੱਲਣ-ਤਰਾਸ਼ਣ ਦੀ ਲੋੜ ਐ। ਤੈਨੂੰ ਉਸਤਾਦ ਨਹੀਂ ਮਿਲਿਆ ਕੋਈ। ਫੇਰ ਵੀ ਤੇਰੀ ਬੋਲ-ਬਾਣੀ 'ਚ ਜੋ ਜਟਕਾਪਣ ਐ ਇਸ ਨੂੰ ਮੈਂ 'ਰਸਟਿਕ ਬਿਊਟੀ' ਕਹਿੰਦਾ ਹਾਂ। ਇਹ ਗੱਲਾਂ ਮੈਂ ਤੈਨੂੰ ਤਾਂ ਹੀ ਦੱਸੀਆਂ ਨੇ। ਨਹੀਂ ਤਾਂ ਮੈਂ ਅੱਜ ਸਭ ਕੁੱਝ ਤੋਂ ਅਟੰਕ ਹਾਂ। ਮੇਰੀਆਂ ਦੋਵੇਂ ਬੇਟੀਆਂ ਸੈੱਟ ਹਨ। ਮੇਰੀ ਖ਼ੂਬਸੂਰਤ ਪਤਨੀ ਮੇਰੇ ਕੋਲ ਹੈ, ਮੈਂ ਕੀ ਲੈਣਾ ਕਿਸੇ ਖਲਜਗਣ ਤੋਂ? ਮੈਂ ਭਾਰਤ ਤੋਂ ਵੀ ਕੀ ਲੈਣਾ ਐ? ਭਾਰਤ ਅਜੇ ਅਮਰੀਕਾ ਦੀ ਬਰਾਬਰੀ ਦਾ ਸੁਪਨਾ ਵੀ ਨਹੀਂ ਲੈ ਸਕਦਾ। ਨਰਕ ਦਾ ਨਾਂ ਹੈ ਭਾਰਤ। ਆਹ ਵੇਖ ਸਫ਼ਾਈ ਸੜਕਾਂ ਤੇ, ਕਦੇ ਵੇਖੀ ਐ ਭਾਰਤ 'ਚ? ਨੈਵਰ … ਨੈਵਰ।' ਉਸ ਨੇ ਬੁੱਲ੍ਹ ਕੱਢ ਕੇ ਇਉਂ ਨਫ਼ਰਤ ਜ਼ਾਹਰ ਕੀਤੀ ਜਿਵੇਂ ਭਾਰਤ ਮੂੰਹ-ਭਾਰ ਚਿੱਕੜ ਵਿੱਚ ਡਿੱਗਣ ਤੋਂ ਪਿੱਛੋਂ ਮੂੰਹ-ਸਿਰ ਲਬੇੜੀ ਉਸ ਦੇ ਸਾਹਮਣੇ ਖੜ੍ਹਾ ਹੋਵੇ, ਮੁਸ਼ਕਿਆ-ਤਰੱਕਿਆ ਭਾਰਤ।

'ਕਾਕਾ ਜੀ, ਕੀ ਪਿਐ ਹੁਣ ਭਾਰਤ ਵਿੱਚ ਮੇਰਾ, ਮੈਂ ਨੀ ਪਸੰਦ ਕਰਦਾ ਉਥੇ ਜਾਣਾ, ਬੱਸ ਬਹੁਤ ਮਜਬੂਰੀ ਨਾ ਹੋਵੇ ਕੋਈ। ਜਦੋਂ ਮੇਰੀ ਮਾਂ ਮਰੀ ਤਾਂ ਭਰਾ ਦਾ ਫੋਨ ਆਇਆ ਕਿ ਛੇਤੀ ਆ। ਮੈਂ ਕਿਹਾ ਤੂੰ ਸੰਸਕਾਰ ਕਰ-ਦੇ, ਮੈਂ ਆ ਜਾਊਂਗਾ ਆਰਾਮ ਨਾਲ।' ਉਹ ਕਿਸੇ ਨਾਂਗੇ ਸਾਧੂ ਵਾਂਗ ਦੁਨਿਆਵੀ ਸਬੰਧਾਂ ਤੋਂ ਉਤਾਂਹ ਜਾ ਖਲੋਤਾ।

ਕੁਲਦੀਪ ਸਿੰਘ ਨੂੰ ਇਹ ਅਭਿਮਾਨ ਸੀ ਕਿ ਉਸ ਕੋਲ ਬੌਧਿਕਤਾ ਦੀ ਗਿੱਦੜ-ਸਿੰਗੀ ਹੈ ਪਰ 'ਮੂਰਖ' ਸਿੱਖਾਂ ਨੂੰ ਇਹ ਹਾਸਲ ਕਰਨੀ ਨਹੀਂ ਆਉਂਦੀ। ਉਹ ਇਸ ਵਿਸ਼ੇ ਉਤੇ ਘੰਟਿਆਂ-ਬੱਧੀ ਬੋਲਦਾ ਪਰ ਇਸ ਨੂੰ ਲਿਖਤ 'ਚ ਲੈ ਆਉਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ। ਖੈਰ, ਇਹ ਚੰਗਾ ਹੀ ਸੀ, ਉਸ ਲਈ ਵੀ ਤੇ ਲੁਕਾਈ ਵਾਸਤੇ ਵੀ।

ਪੰਜਾਬੀ ਸ਼ਾਇਰ ਦਲਜੀਤ ਮੋਖਾ ਨਾਲ ਮੇਰੀ ਇੱਕ ਮੁਲਾਕਾਤ ਹੋਈ। ਉਹ ਬਹੁਤਾ ਖੁੱਲ੍ਹਿਆ ਨਹੀਂ। ਬਾਅਦ 'ਚ ਪਤਾ ਲੱਗਾ ਕਿ ਉਹ ਡਿਪਰੈਸ਼ਨ ਨਾਲ ਉਦਾਸ ਰਹਿੰਦਾ ਹੈ। ਇੱਕ ਦਿਨ ਸਾਹਿਤਕ ਬੈਠਕ ਪਰਵਾਨਾ ਜੀ ਦੇ ਘਰ ਹੋਈ ਤਾਂ ਬੂਹੇ ਵੜਦੇ ਨੂੰ ਹੀ ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਸਾਹਮਣੇ ਗੁਰਜੀਤ ਕੌਰ ਅਤੇ ਬਲਵਿੰਦਰ ਬਠਲਾ ਵੀ ਬੈਠੇ ਸਨ।

'ਤੁਸੀਂ ਏਥੇ?' ਸਾਡੇ ਮੂੰਹੋਂ ਇਕੱਠਾ ਹੀ ਨਿਕਲਿਆ।

'ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਸ਼ਿਵਾਲਿਕ ਸਕੂਲ ਮੋਹਾਲੀ ਵਿੱਚ ਮੈਂ ਤੇ ਗੁਰਜੀਤ ਮੈਡਮ ਕੁਲੀਗ ਸਾਂ। ਉਹ ਭੁੱਟ ਭੁੱਟ ਉਸ ਵੇਲੇ ਦੀਆਂ ਗੱਲਾਂ ਇਉਂ ਕਰਨ ਲੱਗ ਪਈ ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਉਹ ਮੇਰੀ ਉਨ੍ਹਾਂ ਦਿਨਾਂ 'ਚ ਛਪੀ ਕਾਵਿ-ਪੁਸਤਕ 'ਉੱਚੇ ਟਿੱਬੇ ਦੀ ਰੇਤ' ਦੀਆਂ ਕਵਿਤਾਵਾਂ ਬੋਲ-ਬੋਲ ਮੈਨੂੰ ਹੈਰਾਨ ਕਰ ਰਹੀ ਸੀ। ਅਮਰੀਕਾ 'ਚ ਰਹਿ ਕੇ ਵੀ ਉਹ ਭੋਰਾ ਨਹੀਂ ਸੀ ਬਦਲੀ। ਉਵੇਂ ਮੋਹਖੋਰੀ, ਮਮਤਾ-ਭਿੱਜੀ ਅਤੇ ਗੂੜ੍ਹ ਮਲਵੈਣ ਸੀ। ਪੰਜਾਬ ਦੀ ਗੱਲ ਕਰਦੀ ਦੀਆਂ ਉਹਦੀਆਂ ਅੱਖਾਂ ਇਉਂ ਛਲਕ ਉਠਦੀਆਂ, ਜਿਵੇਂ ਪੰਜਾਬ ਕੋਈ ਉਸ ਦੀ ਸਹੁਰੇ ਘਰ ਤੋਰੀ ਧੀ ਹੋਵੇ। ਮੈਡਮ ਗੁਰਜੀਤ ਵਾਲੀ ਰਸਿਕਤਾ ਅਤੇ ਸਾਊਪੁਣਾ ਉਸ ਦੀ ਧੀ ਰਮਨਜੀਤ ਦੇ ਪੱਲੇ ਸਹਿਜ ਸੁਭਾਵਕ ਹੀ ਬੱਝ ਗਿਆ ਸੀ, ਜਿਸ ਕਰਕੇ ਉਹ ਚੰਗੀ ਸ਼ਾਇਰਾ ਬਣ ਰਹੀ ਸੀ। ਗੁਰਜੀਤ ਮੈਡਮ ਵੀ ਕਹਾਣੀਆਂ ਲਿਖਦੀ ਹੈ।

ਬਲਵਿੰਦਰ ਬਠਲਾ ਪੂਰੀ ਤਰ੍ਹਾਂ ਨਿਊਯਾਰਕੀਆ ਬਣ ਚੁੱਕਿਆ ਸੀ। ਉਹ ਸ਼ਿਵਾਲਿਕ ਸਕੂਲ, ਮੋਹਾਲੀ ਦੇ ਪ੍ਰਿੰਸੀਪਲ ਸ. ਬੇਦੀ ਦਾ ਭਣੋਈਆ ਹੁੰਦਾ ਸੀ ਅਤੇ ਮੇਰਾ ਬੇਲੀ। ਪਰ ਹੁਣ ਆਪਣੀ ਤਰੱਕੀ ਦੀ ਦੌੜ ਵਿੱਚ ਉਹ ਸਭ ਕੁੱਝ ਪਿਛੇ ਸਿੱਟ ਆਇਆ ਸੀ। ਸ. ਬੇਦੀ ਦੀ ਭੈਣ ਤੋਂ ਪਿੱਛੋਂ ਇੱਕ ਹੋਰ ਅਤੇ ਫੇਰ ਇੱਕ ਹੋਰ। ਇਹ ਸਭ ਸਫ਼ਲਤਾ ਦੀ ਪੌੜੀ ਦੇ ਡੰਡੇ ਬਣ ਗਈਆਂ ਸਨ। ਹੁਣ ਉਹ ਇੱਕ ਖ਼ੂਬਸੂਰਤ, ਹੌਲੀ ਜਿਹੀ ਉਮਰ ਦੀ ਕੁੜੀ ਦਾ ਪਤੀ ਸੀ। ਉਸਨੂੰ ਅਮੈਰੀਕਨ ਕੰਪਿਊਟਰ ਕਾਰਪੋਰੇਸ਼ਨ ਨਾਂ ਦੀ ਕੰਪਨੀ ਸੋਨੇ ਦੇ ਆਂਡੇ ਦੇਣ ਵਾਲੀ ਅਜਿਹੀ ਮੁਰਗੀ ਬਣਕੇ ਮਿਲੀ ਸੀ ਕਿ ਉਸ ਨੇ ਸੋਨੇ ਦੀ ਲੰਕਾ ਉਸਾਰ ਲਈ ਸੀ। ਉਹ ਡਾਲਰਾਂ 'ਚ ਖੇਡਦਾ ਸੀ ਅਤੇ ਕਦੇ ਕਦੇ ਸਾਹਿਤਕਾਰਾਂ ਦੀਆਂ ਫੁਲਝੜੀਆਂ ਸੁਣਨ ਦਾ ਸ਼ੌਂਕ ਵੀ ਪਾਲ ਰਿਹਾ ਸੀ।

ਅਮਰੀਕਾ ਵਿੱਚ ਫਰਿਜ਼ਨੋ ਤੋਂ ਬਾਅਦ ਨਿਊਯਾਰਕ ਹੀ ਪੰਜਾਬੀ ਲੇਖਕਾਂ ਦਾ ਵੱਡਾ ਅੱਡਾ-ਗੱਡਾ ਹੈ। ਇਨ੍ਹਾਂ ਕੇਂਦਰਾਂ ਤੋਂ ਬਾਹਰ ਵੀ ਕੁੱਝ ਚੰਗੇ ਪੰਜਾਬੀ ਲੇਖਕ ਹਨ, ਜਿਵੇਂ ਕਵੀ ਰਵਿੰਦਰ ਸਹਿਰਾਅ (ਬਾਲਟੀਮੋਰ) ਗਲਪਕਾਰ ਜਗਜੀਤ ਬਰਾੜ (ਸੇਨਡਿਆਗੋ) ਅਤੇ ਕਵੀ ਸੁਖਵਿੰਦਰ ਕੰਬੋਜ (ਇੰਡੀਓ) ਪਰ ਉਨ੍ਹਾਂ ਨੂੰ ਉਹ ਸਾਹਿਤਕ ਮਾਹੌਲ ਨਹੀਂ ਮਿਲਦਾ ਜਿਹੜਾ ਫਰਿਜ਼ਨੋ ਤੇ ਨਿਊਯਾਰਕ ਦੇ ਲੇਖਕਾਂ ਨੂੰ ਮਿਲ ਰਿਹਾ ਹੈ।

ਜਿਨ੍ਹਾਂ ਦਿਨਾਂ ਵਿੱਚ ਮੈਂ ਨਿਊਯਾਰਕ ਸਾਂ ਉਨ੍ਹਾਂ ਦਿਨਾਂ ਵਿੱਚ ਉਥੇ ਕਹਾਣੀਕਾਰ ਪ੍ਰੇਮ ਗੋਰਖੀ ਵੀ ਮੇਰੇ ਤੋਂ ਕੁੱਝ ਕੁ ਮੀਲ ਦੀ ਵਿੱਥ ਉਤੇ ਹੀ ਠਹਿਰਿਆ ਹੋਇਆ ਸੀ ਪਰ ਫੇਰ ਵੀ ਮਿਲ ਨਹੀਂ

Academy of the Punjab in North America: http://www.apnaorg.com

ਸਕਿਆ। ਉਥੇ ਜਾ ਕੇ ਉਸਾਰੀ ਦੇ ਕੰਮ ਵਿੱਚ ਜਾ ਲੱਗਣ ਕਰ ਕੇ ਉਸ ਦਾ ਹਾਲ ਵੀ ਅਮਰੀਕਾ 'ਚ ਰਹਿੰਦੇ ਲੇਖਕਾਂ ਵਾਲਾ ਹੀ ਹੋ ਗਿਆ ਸੀ। ਉਸ ਕੋਲ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਇੱਕ ਸਾਹਿਤਕ ਸਮਾਗਮ ਸਾਡੇ ਦੋਹਾਂ ਲਈ ਸਾਂਝਾ ਰੱਖਿਆ ਗਿਆ, ਗੋਰਖੀ ਉਸ ਵਿੱਚ ਵੀ ਨਾ ਪਹੁੰਚ ਸਕਿਆ। ਪਰ ਗੋਰਖੀ ਨੂੰ ਵੱਡਾ ਫਾਇਦਾ ਇਹ ਹੋਇਆ ਕਿ ਉਸ ਨੂੰ ਕੰਮ ਕਰ ਕੇ ਇਹ ਅਨੁਭਵ ਨਿੱਜੀ ਤੌਰ ਤੇ ਹੋ ਗਿਆ ਕਿ ਪਰਵਾਸੀ ਲੇਖਕ ਕਿੰਨੀਆਂ ਮੁਸ਼ਕਲ ਹਾਲਤਾਂ 'ਚ ਲਿਖਣ ਦਾ ਸਮਾਂ ਕਢਦੇ ਹਨ।

ਨਿਊਯਾਰਕ ਦੀਆਂ ਸਾਹਿਤਕ ਸਰਗਰਮੀਆਂ ਦੀ ਕੇਂਦਰੀ ਸ਼ਕਤੀ ਰਾਣੀ ਨਗੇਂਦਰ ਅਤੇ ਰਣਧੀਰ ਸਿੰਘ ਦੀ ਜੋੜੀ ਹੈ। ਜੇ ਇਹ ਇਵੇਂ ਹੀ ਸਰਗਰਮ ਰਹੇ ਤਾਂ ਇਥੇ ਵੀ ਕੈਨੇਡਾ ਅਤੇ ਇੰਗਲੈਂਡ ਵਾਂਗ ਪਰਵਾਸੀ ਸਾਹਿਤ ਦੇ ਵੱਡੇ ਨਾਂ ਪੈਦਾ ਹੋਣ ਦੀ ਸੰਭਾਵਨਾ ਪ੍ਰਤੱਖ ਦਿੱਸਦੀ ਹੈ।

Academy of the Punjab in North America: http://www.apnaorg.com

# ਨਿਊਯਾਰਕ: ਇੱਕ ਪੀਂਘ ਸਤਰੰਗੀ

ਨਿਊਯਾਰਕ ਨਿੱਤ ਨਵਾਂ ਲਗਦਾ ਹੈ। ਕੋਈ ਸਾਲਾਂ ਬੱਧੀ ਵੇਖਦਾ ਰਹੇ ਤਾਂ ਫੇਰ ਵੀ ਮਨ ਨਾ ਅੱਕੇ। ਸਾਡੇ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਦੀ ਮਾਰਕੀਟ ਜਾਂ ਦਿੱਲੀ ਦੇ ਕਨਾਟ ਪੈਲੇਸ ਵਾਂਗ ਹੀ ਨਿਊਯਾਰਕ ’ਚ ਤੁਰਦੇ-ਫਿਰਦੇ ਸਭ ਸੈਲਾਨੀ ਹੀ ਜਾਪਦੇ ਹਨ। ਕੋਈ ਵੀ ਇਉਂ ਨਹੀਂ ਜਾਪਦਾ ਕਿ ਸ਼ਹਿਰੋਂ ਗੁੜ, ਚਾਹ, ਖੰਡ, ਧਨੀਆਂ-ਜੀਰਾ ਜਾਂ ਕੋਈ ਹੋਰ ਵੰਡ-ਵੜੇਵਾਂ ਖਰੀਦਣ ਆਇਆ ਹੋਵੇ। ਗਲੀਆਂ-ਬਾਜ਼ਾਰਾਂ ਵਿੱਚ ਸਾਰੇ ਮੌਜ-ਮੇਲਾ ਮਾਣਦੇ ਹੀ ਦਿੱਸਦੇ ਹਨ। ਸਦਾ ਦਿਵਾਲੀ ਸਾਧ ਦੀ ਚੱਤੋ ਪਹਿਰ ਬਸੰਤ ਵਾਲੀ ਗੱਲ ਲੱਗਦੀ ਹੈ। ਉਂਜ ਤਾਂ ਇਸ ਸ਼ਹਿਰ ਵਿੱਚ ਲੱਖਾਂਪਤੀ ਦਾ ਵੀ ਕੁੱਝ ਨਹੀਂ ਵੱਟਿਆ ਜਾਂਦਾ ਪਰ ਦੂਜੇ ਪਾਸੇ ਜੇ ਜੇਬ ’ਚ ਪੰਜ ਕੁ ਡਾਲਰ ਹੋਣ ਤਾਂ ਵੀ ਸਾਰਾ ਦਿਨ ਮਸਤੀ ਨਾਲ ਘੁੰਮਿਆ ਜਾ ਸਕਦਾ ਹੈ। ਡੇੜ ਡਾਲਰ ਦਾ ਪਾਸ ਖਰੀਦ ਕੇ ਜ਼ਮੀਨ ਥੱਲੇ ਚਲਦੀਆਂ ਗੱਡੀਆਂ ਰਾਹੀਂ ਸ਼ਹਿਰ ’ਚ ਕਿਤੇ ਵੀ ਜਾਇਆ ਜਾ ਸਕਦਾ ਹੈ। ਸਟੇਸ਼ਨ ਤੋਂ ਬਾਹਰ ਨਾ ਨਿਕਲਣਾ ਹੋਵੇ ਤਾਂ ਭਾਵੇਂ ਬੰਦਾ ਡੇੜ ਡਾਲਰ ’ਚ ਸਾਰਾ ਦਿਨ ਰੇਲ-ਗੱਡੀ ਦੇ ਝੂਟੇ ਲੈਂਦਾ ਫਿਰੇ। ਡੇੜ ਡਾਲਰ ਵਾਪਸੀ ਟਿਕਟ ਲਈ ਬਚਾਅ ਕੇ ਦੋ ਡਾਲਰ ਦਾ ਸੈਂਡਵਿਚ ਖਰੀਦ ਕੇ ਦੁਪਹਿਰੇ ਲੰਚ ਵੀ ਕੀਤਾ ਜਾ ਸਕਦਾ ਹੈ। ਇੱਕ ਦੋ ਦਿਨ ਪਹਿਲਾਂ ਮੈਂ ਇਉਂ ਹੀ ਨਿਊਯਾਰਕ ਦੇ ਡਾਊਨ ਟਾਊਨ ਅਰਥਾਤ ਮਨਹਟਨ ਦੀਆਂ ਗਲੀਆਂ ਕੱਛੀਆਂ ਸਨ। ਹਡਸਨ ਅਤੇ ਹਰਲੇਮ ਨਾਂ ਦੀਆਂ ਨਦੀਆਂ ਦੀਆਂ ਬਾਹਾਂ ’ਚ ਵਲਿਆ ਮਨਹਟਨ ਅਜਿਹਾ ਖ਼ੂਬਸੂਰਤ ਟਾਪੂ ਹੈ ਕਿ ਕਿਸੇ ਅਜੂਬੇ ਤੋਂ ਘੱਟ ਨਹੀਂ ਲੱਗਦਾ। ਇਥੇ ਹੀ ਹਨ ਜਗਤ ਪ੍ਰਸਿੱਧ ਵਰਲਡ ਟਰੇਡ ਸੈਂਟਰ, ਇੰਪਾਇਰ ਸਟੇਟ ਬਿਲਡਿੰਗ, ਰੌਕਫੈਲਰ ਸੈਂਟਰ, ਕਲਾ ਦਾ ਕੇਂਦਰ ਬਰਾਡਵੇ ਅਤੇ ਟਰੰਪ ਦੀ ਸੁਨਹਿਰੀ ਇਮਾਰਤ ਵਰਗੀਆਂ ਹੋਰ ਅਨੇਕਾਂ ਅਸਮਾਨ ਛੂੰਹਦੀਆਂ ਬਿਲਡਿੰਗਾਂ।

ਨਿਊਯਾਰਕ ਸ਼ਹਿਰ ਨੇ ਵੀ ਸਾਡੀ ਦਿੱਲੀ ਵਾਂਗ ਬਹੁਤ ਰਾਜਨੀਤਿਕ ਉਤਰਾਅ-ਚੜ੍ਹਾਅ ਵੇਖੇ ਹਨ। ਇਨ੍ਹਾਂ ਉਤੇ ਸਰਸਰੀ ਜਿਹੀ ਝਾਤ ਵੀ ਮਾਰ ਲਈਏ ਤਾਂ ਅਮਰੀਕਾ ਦੇ ਇਤਿਹਾਸ ਦੀ ਝਲਕ ਮਿਲ ਜਾਂਦੀ ਹੈ। ਨਿਊਯਾਰਕ ਦੇ ਦਰਜਨਾਂ ਮਿਊਜ਼ੀਅਮ ਉਸ ਅਤੀਤ ਦੇ ਨਿਸ਼ਾਨ ਆਪਣੇ ਸੀਨੇ ’ਚ ਸਾਂਭੀ ਬੈਠੇ ਹਨ ਕਿ ਨਿਊਯਾਰਕ ਨੇ ਕਿਵੇਂ ਜਨਮ ਲਿਆ, ਕਿਵੇਂ ਰਿੜ੍ਹਨਾ ਸਿਖਿਆ, ਕਿਵੇਂ ਕਿਸੇ

Academy of the Punjab in North America: http://www.apnaorg.com

ਮੁੱਛ-ਫੁੱਟ ਗੱਭਰੂ ਜਾਂ ਅੱਲ੍ਹੜ ਨੱਢੀ ਵਾਂਗ ਮੜਕ ਨਾਲ ਪੱਬ ਚੁੱਕਣ ਲੱਗਾ ਅਤੇ ਕਿਵੇਂ ਜਵਾਨੀ ਦੇ ਨਸ਼ੇ 'ਚ ਚੂਰ ਨਿਊਯਾਰਕ ਮੋਢਿਆਂ ਉਤੋਂ ਦੀ ਥੁੱਕਣ ਲੱਗਿਆ।

ਜਦੋਂ ਇਹ ਗੱਲ ਸਾਬਤ ਹੋ ਗਈ ਕਿ ਧਰਤੀ ਗੋਲ ਹੈ, ਚਪਟੀ ਨਹੀਂ ਤਾਂ ਕੁਲੰਬਸ ਉਸ ਵੇਲੇ ਦੀ ਵੱਡੀ ਮੰਡੀ ਭਾਰਤ ਜਾਣ ਲਈ ਨਵਾਂ ਰਾਹ ਖੋਜਣ ਵਾਸਤੇ ਚੱਲ ਪਿਆ। ਕਹਿੰਦੇ ਨੇ ਭਾਰਤ ਦੀ ਭਾਲ ਵਿੱਚ ਪੱਛਮ ਵੱਲ ਸਫ਼ਰ ਕਰਦਾ ਕਰਿਸਟੋਫਰ ਕੁਲੰਬਸ ਅਮਰੀਕਾ ਦੇ ਨੇੜੇ ਟਾਪੂਆਂ ਤੇ ਪਹੁੰਚ ਗਿਆ ਅਤੇ ਉਸ ਨੇ ਸਮਝਿਆ ਕਿ ਉਹ 'ਇੰਡੀਆ' ਅੱਪੜ ਗਿਆ ਹੈ। ਇਸੇ ਲਈ ਇਥੋਂ ਦੇ ਮੂਲ ਵਾਸੀਆਂ ਨੂੰ ਉਸ ਨੇ ਇੰਡੀਅਨਜ਼ ਦਾ ਨਾਂ ਦਿੱਤਾ। ਉਥੋਂ ਦੇ ਰੈੱਡ ਇੰਡੀਅਨਜ਼ ਦਾ ਇਹ ਨਾਂ ਹੁਣ ਤੱਕ ਮੇਰੇ ਵਰਗਿਆਂ ਨੂੰ ਇਹ ਭੁਲੇਖਾ ਪਾਉਂਦਾ ਹੈ ਕਿ ਉਨ੍ਹਾਂ ਦਾ ਸਾਡੇ ਲੋਕਾਂ ਨਾਲ ਕੋਈ ਪਿਛੋਕੜ ਸਾਂਝਾ ਹੈ ਵੈਸੇ ਉਨ੍ਹਾਂ ਨਾਲ ਸਾਡੀ ਕੋਈ ਨਸਲੀ ਸਾਂਝ ਨਹੀਂ।

ਅਫਰੀਕਾ ਦੇ ਕਾਲੇ ਲੋਕਾਂ ਨੂੰ ਗ਼ੁਲਾਮ ਬਣਾ ਕੇ ਨਿਊਯਾਰਕ ਦੀ ਮੰਡੀ ਵਿੱਚ ਵੇਚਣ ਦਾ ਸਿਲਸਿਲਾ ਲੱਗਪਗ ਦੋ ਸਦੀਆਂ ਨਿਰਵਿਘਨ ਚਲਦਾ ਰਿਹਾ। ਇਨ੍ਹਾਂ ਗ਼ੁਲਾਮਾਂ ਵਿੱਚ ਬਸਤੀਵਾਦੀ ਗੋਰਿਆਂ ਵਿਰੁੱਧ ਬਗਾਵਤ ਦੀ ਪਹਿਲੀ ਚਿਣਗ 1712 ਈ. ਦੇ ਨੇੜੇ-ਤੇੜੇ ਉਦੋਂ ਪੈਦਾ ਹੋਈ ਜਦੋਂ ਚੌਵੀ ਗ਼ੁਲਾਮਾਂ ਨੇ ਕੁੱਝ ਗੋਰਿਆਂ ਨੂੰ ਬਦਲੇ ਦੀ ਭਾਵਨਾ ਨਾਲ ਕਤਲ ਕਰ ਦਿੱਤਾ ਅਤੇ ਉਨ੍ਹਾਂ ਦੇ ਘਰ ਸਾੜ ਦਿੱਤੇ। ਬਸਤੀਵਾਦੀਆਂ ਨੇ ਜਿਉਂ ਜਿਉਂ ਇਸ ਬਗਾਵਤ ਦੀ ਚੰਗਿਆੜੀ ਨੂੰ ਭਸਮ ਕਰਨ ਦੇ ਯਤਨ ਕੀਤੇ ਤਿਉਂ ਤਿਉਂ ਇਹ ਹੋਰ ਭੜਕਦੀ ਗਈ। 1770 ਈ. ਵਿੱਚ ਰੈੱਡ ਕੋਟਸ (ਗੋਰੇ ਸਿਪਾਹੀਆਂ ਦੀ ਲਾਲ ਵਰਦੀ ਕਾਰਨ ਇਹ ਨਾਂ ਪਿਆ) ਅਤੇ ਯੂਰਪੀ ਬਸ਼ਿੰਦੇ ਗੋਰਿਆਂ ਵਿਚਕਾਰ ਗੋਲਡਨ ਹਿੱਲ ਨਾਂ ਦੀ ਪਹਿਲੀ ਘਮਸਾਨ ਦੀ ਲੜਾਈ ਲੜੀ ਗਈ। ਇਹ ਜੰਗ ਜਾਰਜ ਵਾਸ਼ਿੰਗਟਨ ਦੀ ਕਮਾਂਡ ਹੇਠ 1783 ਵਿੱਚ ਜਿੱਤੀ ਗਈ। ਇਸ ਜਿੱਤ ਨਾਲ ਅਜਿਹਾ ਮੁੱਢ ਬੱਝਿਆ ਕਿ ਇਹ ਸਿਲਸਿਲਾ ਨਿਰੰਤਰ ਉਦੋਂ ਤੱਕ ਚਲਦਾ ਰਿਹਾ ਜਦੋਂ ਤੱਕ ਤੇਰਾਂ ਸਟੇਟਾਂ ਵਿਚੋਂ ਬਸਤੀਵਾਦੀਆਂ ਨੂੰ ਪਛਾੜ ਨਾ ਦਿੱਤਾ ਗਿਆ।

ਇਨ੍ਹਾਂ ਤੇਰਾਂ ਸਟੇਟਾਂ ਨੇ ਪਹਿਲੋਂ-ਪਹਿਲ ਆਜ਼ਾਦ ਯੂਨਾਈਟਡ ਸਟੇਟਸ ਦੀ ਨੀਂਹ ਰੱਖੀ ਅਤੇ ਨਿਊਯਾਰਕ ਨੂੰ ਉਨ੍ਹਾਂ ਦੀ ਸਾਂਝੀ ਰਾਜਧਾਨੀ ਬਣਾਇਆ ਗਿਆ। ਫਿਰ 1945 ਵਿੱਚ ਯੂਨਾਈਟਡ ਨੇਸ਼ਨਜ ਬਣਾਈ ਗਈ। 6 ਦਸੰਬਰ, 1789 ਨੂੰ ਜਾਰਜ ਵਸ਼ਿੰਗਟਨ ਅਮਰੀਕਾ ਦਾ ਪਹਿਲਾ ਰਾਸ਼ਟਰਪਤੀ ਬਣਿਆ। ਕਾਫੀ ਬਾਅਦ ਵਿੱਚ ਕਾਨੂੰਨੀ ਤੌਰ ਤੇ ਗ਼ੁਲਾਮ ਬਨਾਉਣ ਅਤੇ ਵੇਚਣ ਦੀ ਰੀਤ ਉਤੇ ਪਾਬੰਦੀ ਲਾ ਦਿੱਤੀ ਗਈ ਪਰ ਦੱਖਣੀ ਭਾਗ ਦੀਆਂ ਕੁੱਝ ਸਟੇਟਾਂ ਨੇ ਇਸ ਕਾਨੂੰਨ ਦੀ

Academy of the Punjab in North America: http://www.apnaorg.com

ਉਲੰਘਣਾ ਜਾਰੀ ਰੱਖੀ, ਸਿੱਟੇ ਵਜੋਂ ਘਰੇਲੂ ਖ਼ਾਨਾਜੰਗੀ ਛਿੜ ਪਈ। ਅੰਤ 4 ਮਾਰਚ, 1861 ਨੂੰ ਰਾਸ਼ਟਰਪਤੀ ਬਣ ਚੁੱਕੇ ਇਬਰਾਹੀਮ ਲਿੰਕਨ ਨੇ ਇਸ ਖ਼ਾਨਾਜੰਗੀ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ ਅਮਰੀਕਾ ਵਿੱਚ ਮਨੁੱਖੀ ਸੁਤੰਤਰਤਾ ਦੀ ਨੀਂਹ ਸਹੀ ਮਾਅਨਿਆਂ ਵਿੱਚ ਰੱਖੀ ਗਈ।

ਇਸ ਆਜ਼ਾਦੀ ਦਾ ਪ੍ਰਸਿੱਧ ਚਿੰਨ੍ਹ ਸੁਤੰਤਰਤਾ ਦੀ ਦੇਵੀ (ਸਟੈਚੂ ਆਫ਼ ਲਿਬਰਟੀ) ਹੈ ਜੋ ਕਿ ਮਨਹਟਨ ਦੀ ਵੱਖੀ ਨਾਲੋਂ ਘਸਰ ਕੇ ਲੰਘਦੇ ਪਾਣੀਆਂ ਦੇ ਵਿੱਚ ਇੱਕ ਸੁੰਦਰ ਟਾਪੂ ਵਿਖੇ ਸਥਿਤ ਹੈ। ਇਥੇ ਇੱਕ ਵੱਡੇ ਪਾਰਕ ਵਿਚਾਲੇ ਸੁਤੰਤਰਤਾ ਦੀ ਦੇਵੀ ਦਾ ਵੱਡ ਅਕਾਰੀ ਬੁੱਤ ਹੈ। ਇਸ ਨੂੰ 1886 ਈ. ਵਿੱਚ ਫਰਾਂਸੀਸੀ ਬੁੱਤਕਾਰ ਫਰੈਡਰਿੱਕ ਔਗਸਟ ਬਾਰਥੋਲਦੀ ਨੇ ਤਿਆਰ ਕੀਤਾ ਸੀ। ਇਹ ਫਰਾਂਸ ਦੇ ਲੋਕਾਂ ਵੱਲੋਂ ਅਮਰੀਕਨਾਂ ਦੀ ਆਜ਼ਾਦੀ ਲਈ ਭੇਟ ਕੀਤਾ ਗਿਆ ਇੱਕ ਤੋਹਫ਼ਾ ਸੀ। ਸਿਰ ਤੇ ਸੁਤੰਤਰਤਾ ਦਾ ਤਾਜ ਸਜਾਈ, ਹੱਥ 'ਚ ਲਟ ਲਟ ਬਲਦੀ ਮਸ਼ਾਲ ਫੜ੍ਹੀ ਅਤੇ ਮਾਣ ਨਾਲ ਧੌਣ ਅਕੜਾਈ ਖੜ੍ਹੀ ਸੁਤੰਤਰਤਾ ਦੀ ਦੇਵੀ ਦਾ ਬੁੱਤ ਵੇਖ ਕੇ ਮਨ ਮਨੁੱਖੀ ਗੌਰਵ ਦੇ ਅਹਿਸਾਸ ਨਾਲ ਭਰ ਜਾਂਦਾ ਹੈ।

ਸੁਤੰਤਰਤਾ ਦੀ ਦੇਵੀ ਦਾ ਬੁੱਤ ਵੇਖਣ ਲਈ ਮਨਹਟਨ ਤੋਂ ਫੈਰੀ (ਛੋਟਾ ਸਮੁੰਦਰੀ ਜਹਾਜ਼) ਰਾਹੀਂ ਜਾਣਾ ਪੈਂਦਾ ਹੈ। ਇੱਕ ਦਿਨ ਦੁਪਹਿਰੋਂ ਬਾਅਦ ਤਿੰਨ ਕੁ ਵਜੇ ਮੈਂ ਫੈਰੀ ਲਈ ਟਿਕਟ ਕਟਵਾਉਣ ਲੱਗਿਆ ਤਾਂ ਪਤਾ ਚੱਲਿਆ ਕਿ ਅੰਤਿਮ ਫੈਰੀ ਜਾ ਚੁੱਕੀ ਸੀ ਅਤੇ ਮੈਂ ਪਛੜ ਗਿਆ ਸਾਂ। ਦੂਜੇ ਦਿਨ ਸਵੇਰੇ ਸੰਦੇਹਾਂ ਹੀ ਮੈਂ ਉਥੇ ਜਾ ਪਹੁੰਚਿਆ ਅਤੇ ਕਤਾਰ ਵਿੱਚ ਸਭ ਤੋਂ ਮੂਹਰੇ ਜਾ ਖੜ੍ਹਾ ਹੋਇਆ। ਕੁੱਝ ਕੁ ਮਿੰਟਾਂ ਵਿੱਚ ਹੀ ਸੈਲਾਨੀਆਂ ਦਾ ਮੇਲਾ ਲੱਗ ਗਿਆ ਅਤੇ ਲੋਕ ਦੋ ਫੈਰੀਆਂ ਵਿੱਚ ਮਸਾਂ ਸਮਾਏ।

ਦੂਰੋਂ ਗੋਹਲੜੀਏ ਵਾਂਗ ਦਿੱਸਦਾ ਸੁਤੰਤਰਤਾ ਦੀ ਦੇਵੀ ਦਾ ਬੁੱਤ ਨੇੜਿਉਂ ਵੇਖਿਆ ਤਾਂ ਹੈਰਾਨੀ ਹੋਈ ਕਿ ਇਹ ਤਾਂ ਚਾਰ-ਪੰਜ ਮੰਜ਼ਿਲਾਂ ਉੱਚਾ ਦੇਉ-ਕੱਦ ਬੁੱਤ ਸੀ। ਇਸ ਦੇ ਬਾਹਰ ਤੋਂ ਹੀ ਦਰਸ਼ਨ-ਦਿਦਾਰੇ ਕਰਨ ਵਾਲੇ ਤਾਂ ਆਲੇ-ਦੁਆਲੇ ਫੇਰੀ ਜਿਹੀ ਪਾ ਕੇ ਰੈਸਟੋਰੈਂਟ ਦੇ ਖੁੱਲ੍ਹੇ ਆਂਗਣ ਵਿੱਚ ਬੈਠ ਕੇ ਖਾਣ-ਪੀਣ ਲੱਗ ਪਏ ਪਰ ਮੈਂ ਤਾਂ ਸੁਤੰਤਰਤਾ ਦੀ ਦੇਵੀ ਦੇ ਤਾਜ ਤੱਕ ਚੜ੍ਹ ਕੇ ਵੇਖਣ ਦਾ ਇਛੁੱਕ ਸਾਂ। ਇਸ ਲਈ ਲੋਕਾਂ ਦੀ ਇੱਕ ਲੰਮੀ ਕਤਾਰ ਵਿੱਚ ਜਾ ਖੜ੍ਹਾ ਹੋਇਆ। ਕਤਾਰ ਕੀੜੀ ਦੀ ਤੋਰ ਤੁਰਦੀ ਸੀ ਕਿਉਂਕਿ ਬੁੱਤ ਦੇ ਤਾਜ ਤੱਕ ਜਾਣ ਵਾਲੀਆਂ ਪੌੜੀਆਂ 'ਚੋਂ ਇੱਕ ਸਮੇਂ ਇਕੋ ਬੰਦਾ ਹੀ ਲੰਘ ਸਕਦਾ ਸੀ। ਸੋ ਤਿੰਨ ਚਾਰ ਘੰਟੇ ਕਤਾਰ 'ਚ ਖੜ੍ਹਨਾ ਪੈਣਾ ਸੀ। ਸਤੰਬਰ ਦਾ ਮਹੀਨਾ ਹੋਣ ਕਰਕੇ ਧੁੱਪ ਬੜੀ ਕੜਕਵੀਂ ਸੀ ਅਤੇ ਹਵਾ ਨਾਂ ਮਾਤਰ ਚਲਦੀ ਸੀ। ਪਿੰਡੇ ਧੁੱਖਣ ਲੱਗੇ। ਮੱਖ ਲੜਦੇ

Academy of the Punjab in North America: http://www.apnaorg.com

ਗੋਕੇ ਵਾਂਗੂੰ ਸਭ ਵਟਣੇ ਲੈਣ ਲੱਗ ਪਏ। ਇੱਕ ਦੋ ਵਾਰੀ ਮਨ ਡੋਲਿਆ, 'ਮਨਾ ਛੱਡ ਪਰ੍ਹਾਂ ਤਾਜ ਨੂੰ ਹੱਥ ਲਾਉਣ ਦਾ ਲਾਲਚ, ਕਿਉਂ ਭੜਥਾ ਬਣਦਾ ਹੈਂ।' ਪਰ ਫੇਰ ਜੇਰਾ ਕਰੜਾ ਕੀਤਾ, 'ਆਖਰ ਜੱਟ ਦਾ ਪੁੱਤ ਆਂ ਕੋਈ ਬਾਣੀਆਂ ਦਾ ਮੁੰਡਾ ਤਾਂ ਨਹੀਂ ਜਿਹੜਾ ਲੂਣ ਦੀ ਡਲ਼ੀ ਵਾਂਗ ਖੁਰ ਜੂੰ। ਔਹ ਮੇਮਾਂ ਨਾਲੋਂ ਤਾਂ ਨੀ ਪੋਲਾ।' ਅੱਗੇ ਖੜ੍ਹੀ ਪਿੱਪਲ ਦੀ ਪਪੀਸੀ ਵਰਗੀ ਗੋਰੀ ਵੱਲ ਵੇਖ ਕੇ ਮੈਂ ਸਿਰੜ ਧਾਰਿਆ। ਉਤੋਂ ਟੋਟਣ ਤਪਣ ਲੱਗੀ ਅਤੇ ਹੇਠੋਂ ਬੂਟਾਂ 'ਚ ਪੈਰ ਭਖਣ ਲੱਗੇ। ਤੇਹ ਨਾਲ ਬੁੱਲ੍ਹਾਂ ਉਤੇ ਸਿੱਕਰੀ ਜੰਮ ਗਈ। ਲੱਤਾਂ ਥੱਕ ਕੇ ਘੋਟਨੇ ਵਰਗੀਆਂ ਬਣ ਗਈਆਂ। ਅਖੀਰ ਬੁੱਤ ਦੀ ਏਅਰ-ਕੰਡੀਸ਼ਨਡ ਇਮਾਰਤ ਤੱਕ ਪਹੁੰਚਿਆ ਤਾਂ ਸੁਖ ਦਾ ਸਾਹ ਆਇਆ। ਮੈਂ ਤਾਂ ਏਨੀ ਕੁ ਤਪਸ਼ ਨਾਲ ਹੀ ਬੌਂਦਲ ਗਿਆ ਸਾਂ ਫਿਰ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਵੇਂ ਲੱਖ ਮੁਸੀਬਤਾਂ ਝਲਦੇ ਹੋਣਗੇ?

ਸੁਤੰਤਰਤਾ ਦੀ ਦੇਵੀ ਦੀ ਹਿੱਕ ਤੱਕ ਪਹੁੰਚ ਕੇ ਝਟਾ-ਪਟ ਮੁੜ ਆਉਣ ਵਾਲਿਆਂ ਲਈ ਲਿਫਟ ਸੀ ਪਰ ਮੈਂ ਦੂਜਾ ਪੈਦਲ ਜਾਣ ਵਾਲਾ ਰਾਹ ਚੁਣਿਆਂ ਜਿਹੜਾ ਤਾਜ ਤੱਕ ਜਾਂਦਾ ਸੀ। ਰਸਤਾ ਤੰਗ ਹੋਣ ਕਰ ਕੇ ਗੁਲਾਈਦਾਰ ਪੌੜੀਆਂ ਚੜ੍ਹਦੀ ਕਤਾਰ ਭਾਵੇਂ ਜੂੰ ਦੀ ਤੋਰ ਹੀ ਤੁਰਦੀ ਸੀ ਪਰ ਹੁਣ ਮਨ ਦਾ ਅਕੇਵਾਂ ਲਹਿ ਗਿਆ ਸੀ। ਇੱਕ ਤਾਂ ਇਮਾਰਤ ਠੰਡੀ ਸੀ ਅਤੇ ਦੂਜਾ ਅੱਗੇ-ਪਿੱਛੇ ਖੜ੍ਹੇ ਨੌਜਵਾਨ 'ਜੋੜਿਆਂ' ਦਾ 'ਚਿੱਤਰਹਾਰ' ਵੇਖਦਿਆਂ ਮਨ ਵੀ ਬਹਿਲ ਗਿਆ ਸੀ। ਸਫ਼ਰ ਸੁਹਾਣਾ ਹੋਵੇ ਤਾਂ ਮੰਜ਼ਿਲ ਨੇੜੇ ਲੱਗਣ ਲਗਦੀ ਹੈ। ਤਾਜ ਤੱਕ ਪਹੁੰਚ ਕੇ ਇਉਂ ਜਾਪਿਆ, ਜਿਵੇਂ ਹਿਮਾਲਾ ਪਰਬਤ ਦੀ ਟੀਸੀ ਸਰ ਕਰ ਲਈ ਹੋਵੇ। ਝਰੋਖਿਆਂ ਵਿਚੋਂ ਆਲੇ-ਦੁਆਲੇ ਫੈਲੇ ਵਿਸ਼ਾਲ ਸਾਗਰ ਨੂੰ ਵੇਖ ਕੇ ਥਕੇਵਾਂ ਲਹਿ ਗਿਆ। ਦੂਰ ਮਨਹਟਨ ਦੀਆਂ ਇਮਾਰਤਾਂ ਇਉਂ ਜਾਪੀਆਂ ਜਿਵੇਂ ਕੱਚੀਆਂ ਇੱਟਾਂ ਦੀਆਂ ਘੋੜੀਆਂ ਲਾਈਆਂ ਪਈਆਂ ਹੋਣ। ਇਥੇ ਕੁੱਝ ਪਲ ਹੋਰ ਬੈਠ ਕੇ ਸੁਹਾਣੇ ਦ੍ਰਿਸ਼ਾਂ ਨੂੰ ਵੇਖਣ ਨੂੰ ਮਨ ਲਲਚਾਉਂਦਾ ਸੀ ਪਰ ਪਿਛੇ ਆਪਣੀ ਵਾਰੀ ਦੀ ਉਡੀਕ 'ਚ ਖੜ੍ਹੀ ਚੀਨਣ ਕੁੜੀ ਦੀਆਂ ਤਰਲੇ ਭਰੀਆਂ ਅੱਖਾਂ ਮੈਨੂੰ ਛੇਤੀ ਅੱਗੇ ਲੰਘਣ ਲਈ ਕਹਿ ਰਹੀਆਂ ਸਨ। ਕਾਹਲੀ ਨਾਲ ਮੈਂ ਉਸ ਨੂੰ ਕੈਮਰਾ ਫੜਾ ਕੇ ਇੱਕ ਦੋ ਤਸਵੀਰਾਂ ਖਿੱਚਵਾਈਆਂ ਅਤੇ ਪੌੜੀਆਂ ਉਤਰਨ ਲੱਗ ਪਿਆ। ਹੁਣ ਥੱਕਿਆ ਹੋਣ ਦੇ ਬਾਵਜੂਦ ਮੈਂ ਟਹਿਕ ਵਿੱਚ ਸਾਂ, ਜਿਵੇਂ ਸੁਤੰਤਰਤਾ ਦੀ ਦੇਵੀ ਦੇ ਤਾਜ ਦੀ ਛੂਹ ਮੇਰੇ ਅੰਗ-ਅੰਗ ਵਿੱਚ ਸ਼ਕਤੀ ਬਣ ਕੇ ਰਮ ਗਈ ਹੋਵੇ।

ਸੁਤੰਤਰਤਾ ਦੀ ਦੇਵੀ ਵਾਲੇ ਟਾਪੂ ਦੇ ਨੇੜੇ ਹੀ ਐਲਿਸ ਆਈਲੈਂਡ ਦੀ ਕਿਰਮਚੀ ਰੰਗ ਦੀ ਇਮਾਰਤ ਦਿਸਦੀ ਸੀ। ਉਥੇ ਜਾਣ ਲਈ ਫੈਰੀ ਤਿਆਰ ਹੀ ਖੜ੍ਹੀ ਸੀ। ਭਾਵੇਂ ਭੁੱਖ ਨਾਲ ਆਂਦਰਾਂ

Academy of the Punjab in North America: http://www.apnaorg.com

ਵਿਲੂੰ-ਵਿਲੂੰ ਕਰੀ ਜਾਂਦੀਆਂ ਸਨ ਪਰ ਕੁੱਝ ਮਿੰਟਾਂ ਲਈ ਢਿੱਡ ਨੂੰ ਧਰਵਾਸਾ ਦੇ ਲਿਆ ਅਤੇ ਕਾਹਲੀ ਨਾਲ ਫੈਰੀ ਵਿੱਚ ਜਾ ਚੜ੍ਹਿਆ।

ਐਲਿਸ ਆਈਲੈਂਡ ਵੀ ਇਤਿਹਾਸਕ ਮਹੱਤਤਾ ਵਾਲਾ ਸਥਾਨ ਹੈ। ਪਰਵਾਸੀਆਂ ਦੇ ਅਮਰੀਕਾ ਵਿੱਚ ਦਾਖ਼ਲੇ ਦੀ ਮਨਜ਼ੂਰੀ ਲੈਣ ਲਈ ਇਥੇ 1892 ਈ. ਵਿੱਚ ਸਭ ਤੋਂ ਪਹਿਲਾ 'ਇਮੀਗਰੇਸ਼ਨ ਆਫਿਸ' ਖੋਹਲਿਆ ਗਿਆ ਸੀ। ਇਸ ਟਾਪੂ ਨੂੰ 'ਆਈਲੈਂਡ ਆਫ਼ ਟੀਅਰਜ਼' (ਹੰਝੂਆਂ ਦਾ ਟਾਪੂ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸਮੁੰਦਰੀ ਜਹਾਜ਼ਾਂ ਦੇ ਰਾਹੀਂ ਇਥੇ ਪਹੁੰਚੇ ਪਰਵਾਸੀਆਂ 'ਚੋਂ ਜਿਨ੍ਹਾਂ ਨੂੰ ਅਮਰੀਕਾ 'ਚ ਦਾਖ਼ਲੇ ਦੀ ਮਨਜ਼ੂਰੀ ਮਿਲ ਜਾਂਦੀ ਉਹ ਖੁਸ਼ੀ ਵਿੱਚ ਹੰਝੂ ਵਹਾਉਂਦੇ ਅਤੇ ਜਿਨ੍ਹਾਂ ਦੇ ਕੇਸ ਰੱਦ ਹੋ ਜਾਂਦੇ ਉਹ ਦੁੱਖ ਦੇ ਹੰਝੂ ਕੇਰਦੇ। ਇਥੇ ਇੱਕ ਬਹੁਤ ਵੱਡਾ ਤਿੰਨ ਮੰਜ਼ਿਲਾ ਮਿਊਜ਼ੀਅਮ ਹੈ ਜਿਸ ਵਿੱਚ ਮੁੱਢਲੇ ਪਰਵਾਸੀਆਂ ਦੀ ਆਮਦ ਨਾਲ ਸਬੰਧਿਤ ਅਨੇਕਾਂ ਨਿਸ਼ਾਨੀਆਂ ਸਾਂਭੀਆਂ ਪਈਆਂ ਹਨ। ਢਿੱਡ ਦੀ ਖ਼ਾਤਰ ਘਰੋਂ-ਬੇਘਰ ਹੋਏ ਅਤੇ ਪਰਾਈ ਧਰਤੀ ਉਤੇ ਸ਼ਰਨ ਮੰਗਦੇ ਪਰਵਾਸੀਆਂ ਦੀ ਦਰਦ-ਕਹਾਣੀ ਹਰ ਵਸਤ ਉਤੇ ਉੱਕਰੀ ਪਈ ਸੀ। ਅੰਕੜੇ ਦੱਸਦੇ ਸਨ ਕਿ ਅਮਰੀਕਾ ਵਿੱਚ ਸਭ ਤੋਂ ਵਧੇਰੇ ਪਰਵਾਸੀ ਏਸ਼ੀਆ ਵੱਲੋਂ ਹੀ ਆਏ ਸਨ। ਮਿਊਜ਼ੀਅਮ ਵੇਖਦਿਆਂ ਮੇਰੀਆਂ ਅੱਖਾਂ ਪਹਿਲੀਆਂ 'ਚ ਪਹੁੰਚੇ ਕਿਸੇ ਪੰਜਾਬੀ ਦੀ ਪੱਗ, ਖੇਸੀ ਜਾਂ ਚਾਦਰੇ ਦੀ ਝਲਕ ਲਈ ਬਿਹਬਲ ਰਹੀਆਂ ਪਰ ਮੈਨੂੰ ਕੋਈ ਇੱਕ ਵੀ ਨਿਸ਼ਾਨੀ ਨਾ ਮਿਲੀ। ਫੇਰ ਵੀ ਇਹ ਮਿਊਜ਼ੀਅਮ ਵੇਖਦਿਆਂ ਮੈਨੂੰ ਕਾਮਾ ਗਾਟਾ ਮਾਰੂ ਵਾਲਾ ਸਾਰਾ ਦੁਖਾਂਤ ਵਾਰ ਵਾਰ ਚੇਤੇ ਆਉਂਦਾ ਰਿਹਾ। ਬਾਬਾ ਗੁਰਦਿੱਤ ਸਿੰਘ ਜਿਹੇ ਪੰਜਾਬੀਆਂ ਦੁਆਰਾ ਜਾਨ ਹੀਲ ਕੇ ਕੈਨੇਡਾ ਦੀ ਧਰਤੀ ਉਤੇ ਉਤਰਨ ਦੀ ਕੋਸ਼ਿਸ਼ ਅਸਫਲ ਜਾਣ ਦੀ ਗਾਥਾ ਬੁੱਢੀ ਕਿੱਕਰ ਦੇ ਕੰਡੇ ਵਾਂਗ ਮੇਰੇ ਕਸਕਾਂ ਛੇੜਦੀ ਰਹੀ। ਦਿਨ ਦੇ ਛਿਪਾਅ ਵੇਲੇ ਸੂਰਜ ਨੇ ਸਾਗਰ ਵਿੱਚ ਘੁਲ ਕੇ ਪਾਣੀ ਉਤੇ ਸੰਧੂਰ ਛਿੜਕ ਦਿੱਤਾ ਤਾਂ ਅੰਤਿਮ ਫੈਰੀ ਮਨਹਟਨ ਵੱਲ ਚੱਲ ਪਈ।

ਘਰ ਵੱਲ ਮੁੜਨ ਲਈ ਮੈਂ ਸਬ-ਵੇ (ਲੋਕਲ ਗੱਡੀ) ਵਰਲਡ ਟਰੇਡ ਸੈਂਟਰ ਕੋਲੋਂ ਹੀ ਲੈਣੀ ਸੀ। ਭਾਵੇਂ ਰਾਤ ਪੈ ਗਈ ਸੀ ਪਰ ਮੈਂ ਸੁਣਿਆਂ ਸੀ ਕਿ ਵਰਲਡ ਟਰੇਡ ਸੈਂਟਰ ਵੇਖਣ ਦਾ ਮਜ਼ਾ ਹੀ ਰਾਤ ਨੂੰ ਆਉਂਦਾ ਹੈ। ਥਕੇਵਾਂ ਹੋਣ ਦੇ ਬਾਵਜੂਦ ਮੈਂ ਇਹ ਦਿਲਕਸ਼ ਨਜ਼ਾਰਾ ਵੇਖਣ ਦਾ ਲਾਲਚ ਤਿਆਗ ਨਾ ਸਕਿਆ। ਇਹ ਮਨਹਟਨ ਦਾ ਸਭ ਤੋਂ ਆਲੀਸ਼ਾਨ ਥਾਂ ਗਿਣਿਆ ਜਾਂਦਾ ਹੈ। ਇਥੇ ਦੋ-ਤਿੰਨ ਏਕੜ ਦਾ ਖੁੱਲ੍ਹਾ ਆਂਗਣ ਹੈ ਜਿਸ ਦੇ ਚਾਰੇ ਪਾਸੇ ਇੱਕ ਸੌ ਪੰਜ ਮੰਜ਼ਲੀਆਂ ਇਮਾਰਤਾਂ ਹਨ। ਆਂਗਣ ਦੇ ਐਨ ਵਿਚਕਾਰ ਇੱਕ ਟੋਏਦਾਰ ਛੋਟਾ ਜਿਹਾ ਪਾਰਕ ਅਤੇ ਉਸ ਦੇ ਕੇਂਦਰ 'ਚ ਚਲਦਾ

Academy of the Punjab in North America: http://www.apnaorg.com

ਫ਼ੁਹਾਰਾ। ਆਲੇ ਦੁਆਲੇ ਖਿੜੇ ਵੰਨ-ਸੁਵੰਨੇ ਫੁੱਲ ਅਤੇ ਫੁੱਲਾਂ ਵਾਂਗੂੰ ਮਹਿਕਦੇ ਲੋਕਾਂ ਦੀ ਰੌਣਕ। ਇਨ੍ਹਾਂ ਵਿਸ਼ਾਲ ਇਮਾਰਤਾਂ ਵਿੱਚ ਦੁਨੀਆਂ ਭਰ ਦੀਆਂ ਵੱਡੀਆਂ ਤੋਂ ਵੱਡੀਆਂ ਫਰਮਾਂ ਦੇ ਦਫ਼ਤਰ ਹਨ। 1976 ਈ. 'ਚ ਬਣੇ ਇਸ ਵਰਲਡ ਟਰੇਡ ਸੈਂਟਰ 'ਚ ਹਰ ਰੋਜ਼ ਅਰਬਾਂ-ਖਰਬਾਂ ਡਾਲਰਾਂ ਦਾ ਵਪਾਰ ਹੁੰਦਾ ਹੈ। ਇਮਾਰਤਾਂ ਅਤੇ ਆਂਗਣ ਦੇ ਥੱਲੇ ਇੱਕ ਅੰਡਰ-ਗਰਾਊਂਡ ਵੱਡਾ ਬਾਜ਼ਾਰ ਹੈ ਜਿੱਥੇ ਸੂਈ ਤੋਂ ਜਹਾਜ਼ ਤੱਕ ਹਰ ਚੀਜ਼ ਖਰੀਦੀ ਤੇ ਵੇਚੀ ਜਾਂਦੀ ਹੈ।

ਵਰਲਡ ਟਰੇਡ ਸੈਂਟਰ ਦੀ ਇੱਕ ਇਮਾਰਤ 'ਸਕਾਈ ਰਾਈਡ' ਵਾਸਤੇ ਵੀ ਹੈ। ਦਸ ਕੁ ਡਾਲਰ ਦੀ ਟਿਕਟ ਲੈ ਕੇ ਇੱਕ ਕਮਰੇ-ਨੁਮਾ ਲਿਫਟ ਰਾਹੀਂ ਇਮਾਰਤ ਦੀ ਇੱਕ ਸੌ ਪੰਜਵੀਂ ਮੰਜ਼ਿਲ ਉਤੇ ਜਾਇਆ ਜਾਂਦਾ ਸੀ। ਅੱਧ ਅਸਮਾਨੀਂ ਛੱਤ ਉਤੋਂ ਦੂਰਬੀਨਾਂ ਰਾਹੀਂ ਜਾਂ ਉਂਝ ਹੀ ਰਾਤ ਦੀਆਂ ਬਾਹਾਂ ਵਿੱਚ ਨਿਊਯਾਰਕ ਦਾ ਦ੍ਰਿਸ਼ ਵੇਖਣਾ ਇੱਕ ਅਦਭੁੱਤ ਨਜ਼ਾਰਾ ਸੀ। ਰੋਸ਼ਨੀਆਂ ਨਾਲ ਝਿਲਮਿਲ ਕਰਦੀਆਂ ਬਹੁ-ਮੰਜ਼ਲੀਆਂ ਡੱਬੀਦਾਰ ਇਮਾਰਤਾਂ ਦੇ ਅੰਦਰ ਜਿਵੇਂ ਉਹੀ ਸੂਰਜ ਫੇਰ ਚੜ੍ਹ ਆਇਆ ਸੀ ਜਿਹੜਾ ਕੁੱਝ ਸਮਾਂ ਪਹਿਲਾਂ ਦਰਿਆ ਵਿੱਚ ਗੋਤਾ ਮਾਰ ਗਿਆ ਸੀ। ਹਲਕੀ ਹਲਕੀ ਧੁੰਦ ਵਿੱਚ ਜਗਦਾ ਨਿਊਯਾਰਕ ਇਉਂ ਜਾਪਦਾ ਸੀ ਜਿਵੇਂ ਕੋਈ ਗੋਰੀ-ਨਿਛੋਹ ਕਾਮਨੀ ਗੰਢੇ ਦੀ ਛਿੱਲ ਵਰਗੇ ਡੋਰੀਏ 'ਚ ਲਿਪਟੀ ਮਦਹੋਸ਼ ਪਈ ਹੋਵੇ, ਚੁੱਪ-ਚਾਪ, ਅਲਸਾਈ ਅਲਸਾਈ, ਕਿਸੇ ਸੋਹਣੇ ਦੀ ਉਡੀਕ 'ਚ ਬਿਹਬਲ। ਪਰ੍ਹੇ ਹਡਸਨ ਅਤੇ ਹਰਲੇਮ ਨਦੀਆਂ ਦੇ ਸੰਗਮ ਨਾਲ ਬਣੇ ਦਰਿਆ ਵਿੱਚ ਤੈਰਦੀਆਂ ਟਾਵੀਆਂ ਟਾਵੀਆਂ ਫੈਰੀਆਂ ਜੁਗਨੂੰਆਂ ਵਾਂਗ ਟਿਮਟਿਮਾਉਂਦੀਆਂ ਫਿਰਦੀਆਂ ਸਨ। ਨਦੀਆਂ ਦੇ ਤਲ ਨਾਲ ਛੋਹ ਕੇ ਆਉਂਦੀ ਹਵਾ ਅੱਖਾਂ 'ਚ ਨੀਂਦ ਭਰਦੀ ਜਾਂਦੀ ਸੀ। ਸੱਪ ਵਾਂਗ ਵਲ ਖਾਂਦੀਆਂ ਵਗਦੀਆਂ ਹਡਸਨ ਅਤੇ ਹਰਲੇਮ ਨਦੀਆਂ ਨੇ ਅਸਮਾਨ ਵੱਲ ਵਧਦੇ ਨਿਊਯਾਰਕ ਦੇ ਪੈਰਾਂ ਨੂੰ ਨਾਗਵਲ ਪਾ ਕੇ ਰਖਿਆ ਲੱਗਦਾ ਸੀ। ਜਿਵੇਂ ਜਿਵੇਂ ਰਾਤ ਉਤਰੀ ਜਾਂਦੀ ਸੀ ਉਵੇਂ ਉਵੇਂ ਨਿਊਯਾਰਕ ਦੇ ਜੋਬਨ ਉਤੇ ਨਿਖਾਰ ਵਧੀ ਜਾਂਦਾ ਸੀ। ਨਿਊਯਾਰਕ ਦਾ ਇਹ ਮਨਮੋਹਕ ਦ੍ਰਿਸ਼ ਅੱਖਾਂ ਥਾਣੀਂ ਸਦਾ ਸਦਾ ਲਈ ਮੇਰੇ ਦਿਲ ਵਿੱਚ ਲਹਿ ਗਿਆ।

ਅਗਲੇ ਦਿਨ ਜਦ ਅੰਪਾਇਰ ਸਟੇਟ ਬਿਲਡਿੰਗ ਨੂੰ ਵੇਖਣ ਜਾਣ ਵਾਸਤੇ ਤਿਆਰ ਹੋ ਰਿਹਾ ਸਾਂ ਤਾਂ ਮੇਰੇ ਮੇਜ਼ਬਾਨ ਫੁੱਫੜ ਨੇ ਮੱਤ ਦਿੱਤੀ, 'ਬਲਦੇਵ ਸਿੰਘ ਇਹ ਉਹੀ ਚੀਜ਼ ਹੈ ਜਿਹੜੀ ਤੁਸੀਂ ਕੱਲ੍ਹ ਵਰਲਡ ਟਰੇਡ ਸੈਂਟਰ ਦੀ ਛੱਤ ਉਤੇ ਚੜ੍ਹ ਕੇ ਵੇਖ ਆਏ ਹੋ, ਦੁਬਾਰਾ ਖਰਚ ਕਰਨ ਦੀ ਲੋੜ ਨਹੀਂ।' ਪਰ ਮੈਂ ਕਿੱਥੇ ਰੁੱਕਣ ਵਾਲਾ ਸਾਂ। 'ਵਾਰਸ ਸ਼ਾਹ ਗੰਨਾ ਇਹ ਜੱਗ ਸਾਰਾ, ਮਜ਼ੇ ਚੱਖ ਲੈ ਪੋਰੀਆਂ ਪੋਰੀਆਂ ਦੇ' ਦੀ ਸੱਚਾਈ ਨੂੰ ਮੈਂ ਕਿਵੇਂ ਵਿਸਾਰ ਸਕਦਾ ਸਾਂ। ਜਾ ਕੇ ਵੇਖਿਆ ਤਾਂ ਗੱਲ ਫੁੱਫੜ

Academy of the Punjab in North America: http://www.apnaorg.com

ਦੀ ਵੀ ਸੱਚ ਹੀ ਨਿਕਲੀ। 1931 ਈ. 'ਚ ਬਣੀ 110 ਮੰਜ਼ਲੀ ਅੰਪਾਇਰ ਸਟੇਟ ਬਿਲਡਿੰਗ ਦੀ ਬੇਸਮੈਂਟ ਵਿੱਚ ਵਰਲਡ ਟਰੇਡ ਸੈਂਟਰ ਵਾਂਗ ਹੀ ਇੱਕ ਵੱਡਾ ਬਾਜ਼ਾਰ ਸੀ ਅਤੇ ਛੱਤ ਉਤੋਂ ਨਿਊਯਾਰਕ ਦੇ ਦ੍ਰਿਸ਼ ਵੀ ਉਵੇਂ ਹੀ ਨਜ਼ਰ ਆਉਂਦੇ ਸਨ।

ਮਨਹਟਨ ਦੇ ਵਿਚਕਾਰ ਜਿਹੇ ਬਣੀ ਇਹ ਵਿਸ਼ਾਲ ਅਤੇ ਦੁਨੀਆਂ ਦੀਆਂ ਉੱਚੀਆਂ ਇਮਾਰਤਾਂ ਵਿਚੋਂ ਇੱਕ ਪ੍ਰਸਿੱਧ ਇਮਾਰਤ ਦਾ ਕੱਦ 1707 ਫੁੱਟ ਹੈ। ਇਸ ਦੀ ਉਸਾਰੀ 16000 ਕਾਮਿਆਂ ਨੇ ਕੀਤੀ ਸੀ। ਇਸ ਉਤੇ 76000 ਟਨ ਸਟੀਲ ਅਤੇ ਐਨਾ ਕੁ ਬੱਜਰੀ-ਸੀਮੈਂਟ ਥੱਪਿਆ ਗਿਆ ਹੈ ਕਿ ਉਸ ਨਾਲ ਅੱਠ ਲਾਈਨ ਵਾਲੀ ਪੰਜ ਮੀਲ ਲੰਮੀ ਸੜਕ ਬਣ ਸਕਦੀ ਸੀ। ਜਦ ਛੱਤ ਉਤੋਂ ਨਿਊਯਾਰਕ ਦੀ ਝਾਤੀ ਮਾਰੀ ਤਾਂ ਮਹਿਸੂਸ ਹੋਇਆ ਕਿ ਦਿਨੇ ਨਿਊਯਾਰਕ ਦਾ ਹੁਸਨ ਰਾਤ ਦੇ ਮੁਕਾਬਲੇ ਕਿਤੇ ਮੱਧਮ ਸੀ। ਇਸ ਲਈ ਮੈਂ ਬਹੁਤਾ ਸਮਾਂ ਛੱਤ ਉਤੇ ਨਾ ਠਹਿਰਿਆ ਅਤੇ ਇਮਾਰਤ ਦੀ ਜ਼ਮੀਨੀ ਮੰਜ਼ਿਲ ਉਤੇ ਬਣੇ ਇੱਕ ਆਡੀਟੋਰੀਅਮ ਵਿੱਚ 'ਸਟਾਰ ਟੂਰ' ਵੇਖਣ ਲਈ ਉੱਤਰ ਆਇਆ। ਇਥੇ ਹਿਚਕੋਲੇ ਖਾਂਦੀਆਂ ਕੁਰਸੀਆਂ ਉਤੇ ਬੈਠਾ ਦਰਸ਼ਕ ਇਉਂ ਮਹਿਸੂਸ ਕਰਦਾ ਸੀ ਜਿਵੇਂ ਉਹ ਉੱਡਣ ਖਟੋਲੇ 'ਚ ਬੈਠਾ ਪਹਾੜਾਂ ਦੀਆਂ ਚੋਟੀਆਂ ਉਤੋਂ ਦੀ ਲੰਘਦਾ ਹੋਇਆ ਆਕਾਸ਼ ਮੰਡਲਾਂ ਵਿੱਚ ਪਹੁੰਚ ਗਿਆ ਹੋਵੇ ਅਤੇ ਚੰਨ, ਤਾਰੇ ਤੇ ਸੂਰਜ ਉਸ ਦੇ ਅੰਗ-ਸੰਗ ਹੋਣ। ਅਜਿਹਾ ਕੁੱਝ ਮੈਂ ਡਿਜ਼ਨੀਲੈਂਡ ਵਿੱਚ ਪਹਿਲਾਂ ਹੀ ਬਥੇਰਾ ਵੇਖ ਚੁਕਿਆ ਸਾਂ। ਬੱਸ ਸਿਰਫ ਇੰਨੀ ਕੁ ਗੱਲ ਦੀ ਖੁਸ਼ੀ ਸੀ ਕਿ ਮੈਂ ਸੰਸਾਰ ਦੀ ਇਸ ਪ੍ਰਸਿੱਧ ਇਮਾਰਤ ਉਤੇ ਚੜ੍ਹ ਕੇ ਵੇਖ ਲਿਆ ਹੈ।

ਇਸੇ ਕਿਸਮ ਦੀ ਨਿਰਾਸਤਾ ਪਹਿਲੇ ਪਹਿਲੇ ਮੈਨੂੰ ਨਿਊਯਾਰਕ ਦਾ ਵਿਸ਼ਾਲ ਸੈਂਟਰਲ ਪਾਰਕ ਵੇਖ ਕੇ ਹੋਈ। ਨਕਸ਼ੇ ਵਿੱਚ ਤਾਂ ਇਹ ਇਉਂ ਵਿਖਾਇਆ ਗਿਆ ਸੀ ਕਿ ਬੰਦਾ ਸੋਚੇ ਜਿਸ ਨੇ ਇਹ ਨਹੀਂ ਵੇਖਿਆ ਉਹ ਜਹਾਨ ਉਤੇ ਜੰਮਿਆਂ ਹੀ ਨਹੀਂ ਪਰ ਅਜਿਹੀ ਕੋਈ ਗੱਲ ਨਹੀਂ ਸੀ ਜਾਪੀ। ਇਹ ਵੱਧ ਤੋਂ ਵੱਧ ਚੰਡੀਗੜ੍ਹ ਦੇ ਰੋਜ਼ ਗਾਰਡਨ ਕੁ ਜਿੰਨਾ ਸੋਹਣਾ ਸੀ। ਇਸ ਪਾਰਕ ਵਿੱਚ ਘੰਟਾ ਕੁ ਬਿਤਾਉਣ ਮਗਰੋਂ ਮੈਂ ਇੱਕ ਨੌਜਵਾਨ ਗੋਰੇ ਜੋੜੇ ਤੋਂ ਪੁਛੇ ਬਿਨਾਂ ਨਾ ਰਹਿ ਸਕਿਆ, 'ਇਥੇ ਵੇਖਣਯੋਗ ਸਭ ਤੋਂ ਖਾਸ ਚੀਜ਼ ਭਲਾ ਕਿਹੜੀ ਹੈ?' ਉਹ ਜੋੜਾ ਮੇਰਾ ਪ੍ਰਸ਼ਨ ਸੁਣ ਕੇ ਪਹਿਲਾਂ ਤਾਂ ਮਿੰਨਾ ਜਿਹਾ ਮੁਸਕਰਾਇਆ, ਜਿਵੇਂ ਮੈਂ ਬਹੁਤ ਬਚਕਾਨਾ ਸੁਆਲ ਪੁੱਛ ਬੈਠਾ ਹੋਵਾਂ ਪਰ ਫੇਰ ਠਰੰਮੇ ਨਾਲ ਉਸ ਗੋਰੀ ਕੁੜੀ ਨੇ ਮੈਨੂੰ ਸਮਝਾਉਣ ਦਾ ਯਤਨ ਕੀਤਾ, 'ਕੀ ਇਹ ਗੱਲ ਘੱਟ ਮਹੱਤਵਪੂਰਨ ਹੈ ਕਿ ਜਿਥੇ ਜ਼ਮੀਨ ਸੈਂਟੀਮੀਟਰਾਂ ਦੇ ਹਿਸਾਬ ਵਿਕਦੀ ਹੈ, ਉਥੇ ਕਿੰਨਾ ਵਿਸ਼ਾਲ ਹਰਾ ਭਰਾ ਪਾਰਕ ਹੈ ਜਿਸ ਨੇ ਵਾਤਾਵਰਨ ਦੇ ਪ੍ਰਦੂਸ਼ਨ ਨੂੰ ਰੋਕਿਆ ਹੋਇਆ ਹੈ?' ਉਸ ਦੀ ਗੱਲ ਵਜ਼ਨਦਾਰ ਸੀ। ਮੈਂ ਤਾਂ ਇਸ

Academy of the Punjab in North America: http://www.apnaorg.com

ਦ੍ਰਿਸ਼ਟੀ ਤੋਂ ਸੋਚਿਆ ਹੀ ਨਹੀਂ ਸੀ। ਆਪਣੀ ਗੱਲ ਨੂੰ ਹੋਰ ਠੋਸ ਬਨਾਉਣ ਲਈ ਉਸ ਗੋਰੀ ਦੇ ਸਾਥੀ ਨੌਜਵਾਨ ਨੇ ਦੱਸਿਆ, 'ਔਹ ਸਾਹਮਣੇ ਜਿਹੜਾ ਓਪਨ-ਏਅਰ ਥੀਏਟਰ ਦਿੱਸਦਾ ਹੈ ਨਾ, ਇਥੇ ਹੋਣ ਵਾਲੇ ਸ਼ੋਆਂ ਨੂੰ ਤਾਰਿਆਂ ਦੇ ਅਸਮਾਨੀ ਥਾਲ ਹੇਠਾਂ ਬੈਠ ਕੇ ਵੇਖਣ ਦਾ ਕਰੇਜ਼ ਏਨਾ ਹੁੰਦਾ ਹੈ ਕਿ ਇੱਕ ਇਕ ਟਿਕਟ ਸੈਂਕੜੇ ਡਾਲਰਾਂ ਨੂੰ ਵਿਕਦੀ ਹੈ।' ਉਨ੍ਹਾਂ ਦੀਆਂ ਦਲੀਲਾਂ ਸੁਣਨ ਤੋਂ ਪਿੱਛੋਂ ਉਹੀ ਪਾਰਕ ਮੈਨੂੰ ਵਧੇਰੇ ਖ਼ੂਬਸੂਰਤ ਜਾਪਣ ਲੱਗ ਪਿਆ।

ਕੁਝ ਅਜਿਹਾ ਅਹਿਸਾਸ ਮੈਨੂੰ ਪਾਰਕ ਦੇ ਨਾਲ ਲੱਗਵੇਂ 'ਅਮੈਰੀਕਨ ਮਿਊਜ਼ੀਅਮ ਆਫ਼ ਨੇਚਰੁਲ ਹਿਸਟਰੀ' ਨੂੰ ਵੇਖ ਕੇ ਵੀ ਹੋਇਆ। ਇਸੇ ਤਰ੍ਹਾਂ ਦੇ ਮਿਊਜ਼ੀਅਮ ਮੈਂ ਮਿਲਵਾਕੀ, ਸ਼ਿਕਾਗੋ ਅਤੇ ਲਾਸ ਏਂਜਲਸ ਵਿਖੇ ਵੀ ਵੇਖ ਚੁੱਕਾ ਸਾਂ। ਫਿਰ ਦੁਹਰਾਈ ਦਾ ਕੀ ਫਾਇਦਾ? ਪਰ ਜਦੋਂ ਚਾਰ ਮੰਜ਼ਲੀ ਵੱਡੀ ਇਮਾਰਤ ਵਿੱਚ ਬਣੇਂ ਇਸ ਮਿਊਜ਼ੀਅਮ ਨੂੰ ਧਿਆਨ ਨਾਲ ਵੇਖਿਆ ਤਾਂ ਮੇਰਾ ਇਹ ਸ਼ੰਕਾ ਵੀ ਦੂਰ ਹੋ ਗਿਆ। ਜੰਗਲੀ ਮਨੁੱਖ ਤੋਂ ਲੈ ਕੇ ਕੰਪਿਊਟਰ ਯੁੱਗ ਦੇ ਆਦਮੀ ਤੱਕ ਦੇ ਸਹਿਜ ਵਿਕਾਸ ਨੂੰ ਜਿਵੇਂ ਯਥਾਰਥਵਾਦੀ ਬੁੱਤ-ਕਲਾ ਨਾਲ ਸਜੀਵ ਕੀਤਾ ਹੋਇਆ ਸੀ, ਉਹ ਵੇਖਣ ਤੇ ਸਮਝਣਯੋਗ ਸੀ। ਵਿਸ਼ੇਸ਼ ਕਰਕੇ ਅਫਰੀਕੀ ਕਬੀਲਿਆਂ ਦੇ ਕੁਦਰਤ ਨਾਲ ਇਕਮਿਕ ਹੋ ਕੇ ਰਹਿਣ ਦੇ ਦ੍ਰਿਸ਼ ਤਾਂ ਅਭੁੱਲ ਹੀ ਸਨ।

ਹੁਣ ਤਾਂ ਸਿਲਸਿਲਾ ਹੀ ਇਹ ਬਣ ਗਿਆ ਸੀ ਕਿ ਹਰ ਰੋਜ਼ ਮੈਂ ਦੋ-ਚਾਰ ਨਵੀਆਂ ਥਾਵਾਂ ਵੇਖ ਕੇ ਰਾਤ ਨੂੰ ਮੁੜਦਾ ਤਾਂ ਉਸ ਤੋਂ ਵੀ ਵਧੀਆ ਕੁੱਝ ਹੋਰ ਥਾਵਾਂ ਦੀ ਦੱਸ ਪੈ ਜਾਂਦੀ। ਇੱਕ ਰਾਤ ਜਦ ਫ਼ੂਨ ਤੇ ਲੇਖਕ ਕੁਲਦੀਪ ਸਿੰਘ, ਜੋ ਮੇਰੀ ਰਿਹਾਇਸ਼ ਵਾਲੇ ਇਲਾਕੇ ਕੁਈਨ ਹਿੱਲ ਵਿੱਚ ਹੀ ਰਹਿੰਦਾ ਸੀ, ਨੇ ਪੁੱਛਿਆ ਕਿ ਕੀ ਮੈਂ ਰੌਕਫੈਲਰ ਸੈਂਟਰ ਅਤੇ ਟਰੰਪ ਬਿਲਡਿੰਗ ਵੇਖ ਚੁੱਕਾ ਹਾਂ?' ਤਾਂ ਮੈਂ ਨਾਂਹ ਵਿੱਚ ਉੱਤਰ ਦਿੱਤਾ। ਝੱਟ-ਪਟ ਉਸ ਨੇ ਦੂਜੇ ਦਿਨ ਮੈਨੂੰ ਇਹ ਜਗ੍ਹਾ ਵਿਖਾਉਣ ਦਾ ਇਕਰਾਰ ਕਰ ਲਿਆ। ਭਾਵੇਂ ਕੁਲਦੀਪ ਸਿੰਘ ਕੋਲ ਕਾਰ ਸੀ ਪਰ ਅਸੀਂ ਮਨਹਟਨ ਵੱਲ ਫੇਰ ਵੀ ਜ਼ਮੀਨ ਹੇਠ ਚਲਦੀ ਰੇਲ-ਗੱਡੀ ਰਾਹੀਂ ਹੀ ਗਏ। ਨਿਊਯਾਰਕ ਦੇ ਡਾਊਨ ਟਾਊਨ ਵਿੱਚ ਕਾਰ ਪਾਰਕਿੰਗ ਦੀ ਇਨੀ ਸਮੱਸਿਆ ਹੈ ਕਿ ਘੰਟਿਆਂ ਬੱਧੀ ਸਮਾਂ ਚੱਪਾ ਕੁ ਥਾਂ ਭਾਲਦਿਆਂ ਹੀ ਲੱਗ ਜਾਂਦਾ ਹੈ। ਬਹੁਤੇ ਕਾਰ-ਪਾਰਕਾਂ ਅੱਗੇ 'ਥਾਂ ਖਾਲੀ ਨਹੀਂ' ਦਾ ਬੋਰਡ ਪੜ੍ਹ ਕੇ ਮੁੜਨਾ ਪੈਂਦਾ ਹੈ। ਜੇ ਰੱਬ ਸਬੱਬੀਂ ਜਗ੍ਹਾ ਮਿਲ ਵੀ ਜਾਵੇ ਤਾਂ ਪੱਚੀ-ਤੀਹ ਡਾਲਰ ਕੁੱਝ ਘੰਟਿਆਂ ਦੇ ਮੁੱਛ ਲੈਂਦੇ ਹਨ। ਇਸ ਲਈ ਉਸ ਇਲਾਕੇ ਵਿੱਚ ਕਾਰ ਤਾਂ ਅਣਸਰਦੇ ਨੂੰ ਹੀ ਲੈ ਕੇ ਜਾਂਦੇ ਹਨ।

Academy of the Punjab in North America: http://www.apnaorg.com

ਕੁਲਦੀਪ ਸਿੰਘ ਨੇ ਦੱਸਿਆ ਕਿ ਰੌਕਫੈਲਰ ਸੈਂਟਰ ਦੀ ਸਥਾਪਨਾ ਇੱਕ ਅਮਰੀਕੀ ਧਨਾਢ ਜੌਹਨ ਡੀ ਰੌਕਫੈਲਰ ਨੇ, ਖਰਬਾਂ ਡਾਲਰਾਂ ਦੀ ਥਾਂ ਇੱਕ ਵਿਸ਼ਵ ਸ਼ਾਂਤੀ ਲਈ ਬਣੀ ਸੰਸਥਾ ਨੂੰ ਮੁਫ਼ਤ ਦੇ ਕੇ, 1952 ਈ. ਵਿੱਚ ਕਰਵਾਈ ਸੀ। ਸੰਸਥਾ ਦੇ ਦਫ਼ਤਰ ਤੋਂ ਇਲਾਵਾ ਇਹ ਜਗ੍ਹਾ ਕੁੱਝ ਹੋਰ ਕਾਰਨਾਂ ਕਰਕੇ ਵੀ ਸੈਲਾਨੀਆਂ ਲਈ ਖਿੱਚ ਦਾ ਕਾਰਨ ਹੈ। ਸਿਆਲ ਵਿੱਚ ਜਦ ਬਰਫ਼ ਪੈਂਦੀ ਹੈ ਤਾਂ ਇਥੇ ਇੱਕ ਵੱਡੇ ਪਾਰਕ ਵਿੱਚ ਸਕੇਟਿੰਗ ਗਰਾਊਂਡ ਬਣਾਈ ਜਾਂਦੀ ਹੈ ਅਤੇ ਮੁਕਾਬਲੇ ਕਰਵਾਏ ਜਾਂਦੇ ਹਨ। ਗਰਮੀਆਂ ਵਿੱਚ ਉਸੇ ਗਰਾਊਂਡ ਨੂੰ ਇੱਕ ਆਲੀਸ਼ਾਨ ਓਪਨ ਰੈਸਟੋਰੈਂਟ ਬਣਾ ਲਿਆ ਜਾਂਦਾ ਹੈ। ਇਥੇ ਚੌਰਾਹੇ ਦੇ ਨੇੜੇ ਵੱਡੀਆਂ ਵੱਡੀਆਂ ਕੰਪਨੀਆਂ ਨੁਮਾਇਸ਼ਾਂ ਲਾਉਂਦੀਆਂ ਹਨ। ਜਿਸ ਦਿਨ ਅਸੀਂ ਗਏ ਸਾਂ ਉਸ ਦਿਨ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਦੀ ਨੁਮਾਇਸ਼ ਲੱਗੀ ਹੋਈ ਸੀ। ਇਨ੍ਹਾਂ ਵਿੱਚ ਕੁੱਝ ਕਾਰਾਂ ਇਸ ਲਈ ਮਹਿੰਗੀਆਂ ਸਨ ਕਿਉਂਕਿ ਉਹ ਕਦੇ ਕਿਸੇ ਵੱਡੀ ਹਸਤੀ ਦੀ ਸਵਾਰੀ ਬਣ ਚੁੱਕੀਆਂ ਸਨ।

ਇਸੇ ਚੌਰਾਹੇ ਦੇ ਇੱਕ ਪਾਸੇ ੳ. ਬੀ. ਸੀ. ਨਾਂ ਦਾ ਟੀ. ਵੀ. ਸਟੂਡੀਓ ਸੀ ਜਿਥੇ ਅਮਰੀਕਾ ਵਿੱਚ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਪ੍ਰੋਗਰਾਮ 'ਮਾਰਨਿੰਗ ਸ਼ੋ' ਤਿਆਰ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ 'ਲਾਈਵ' (ਨਾਲੋ ਨਾਲ ਤਿਆਰ ਕਰਕੇ ਜਾਣ ਵਾਲਾ) ਹੁੰਦਾ ਹੈ ਅਤੇ ਬਾਹਰ ਖੜ੍ਹੇ ਲੋਕ ਸ਼ੀਸ਼ਿਆਂ ਦੀਆਂ ਕੰਧਾਂ ਵਿਚੋਂ ਪ੍ਰੋਗਰਾਮ ਤਿਆਰ ਹੁੰਦਾ ਵੇਖ ਸਕਦੇ ਹਨ। ਤਮਾਸ਼ਬੀਨਾਂ ਦੀ ਤਕੜੀ ਭੀੜ ਸਵੇਰੇ ਸਵੇਰੇ ਇਥੇ ਆਣ ਜੁੜਦੀ ਹੈ। ਉਸ ਦਿਨ ਦੇ ਪ੍ਰੋਗਰਾਮ ਦਾ ਮੂਲ ਵਿਸ਼ਾ ਸੀ ਕਿ 'ਸਾਧਾਰਣ ਤੋਂ ਵੱਡੀਆਂ ਜਾਂ ਛੋਟੀਆਂ ਛਾਤੀਆਂ ਵਾਲੀਆਂ ਕੁੜੀਆਂ ਨੂੰ ਕਿਸ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।' ਪਹਿਲਾਂ ਕੰਪੀਅਰਰ ਨੇ ਹਾਜ਼ਰ ਦਰਸ਼ਕਾਂ ਅੱਗੇ ਉਹ ਤਿੰਨ ਕੁੜੀਆਂ ਪੇਸ਼ ਕੀਤੀਆਂ ਜਿਨ੍ਹਾਂ ਦੀਆਂ ਛਾਤੀਆਂ ਬੇਹੇ ਚੀਕੂ ਵਾਂਗ ਪਿਚਕੀਆਂ ਅਤੇ ਮੂਲੋਂ ਛੋਟੀਆਂ ਸਨ। ਉਹ ਰੋ ਰੋ ਦੱਸ ਰਹੀਆਂ ਸਨ ਕਿ ਲੰਡਰ ਕਿਸਮ ਦੇ ਮੁੰਡੇ-ਕੁੜੀਆਂ ਵੱਲੋਂ ਉਨ੍ਹਾਂ ਨੂੰ ਅਜਿਹੀਆਂ ਚੋਭਾਂ ਲਾਈਆਂ ਜਾਂਦੀਆਂ ਸਨ ਕਿ ਉਨ੍ਹਾਂ ਨੂੰ ਆਪਣੀ ਪੜ੍ਹਾਈ ਵਿਚੇ ਛੱਡ ਕੇ ਸਕੂਲੋਂ ਹਟਣਾ ਪੈ ਗਿਆ ਹੈ। ਫੇਰ ਦੋ ਕੁੜੀਆਂ ਮੰਚ ਉਤੇ ਆਈਆਂ ਜਿਨ੍ਹਾਂ ਦੀਆਂ ਛਾਤੀਆਂ ਦਾ ਉਭਾਰ ਹਾਈਬਰੈੱਡ ਖ਼ਰਬੂਜ਼ੇ ਵਾਂਗ ਲੋੜੋਂ ਵੱਧ ਸੀ। ਉਹ ਵੀ ਰੋ-ਰੋ ਕੇ ਉਨ੍ਹਾਂ ਗੰਦੇ ਟੋਟਕਿਆਂ ਬਾਬਤ ਕਹਿ ਰਹੀਆਂ ਸਨ ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਸੀ। ਇਸ ਮਸਲੇ ਦੇ ਹੱਲ ਲਈ ਫੇਰ ਸਮਾਜ ਵਿਗਿਆਨੀ, ਮਨੋਵਿਗਿਆਨੀ ਅਤੇ ਪੁਲਸ ਅਧਿਕਾਰੀ ਔਰਤਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇੱਕ ਘੰਟੇ ਵਿੱਚ ਇਸ ਸਮੱਸਿਆ ਉਤੇ ਇਉਂ ਨਿੱਠ ਕੇ ਚਰਚਾ ਕੀਤੀ ਗਈ ਜਿਵੇਂ ਇਹ

Academy of the Punjab in North America: http://www.apnaorg.com

ਅਮਰੀਕੀ ਸਰਕਾਰ ਟੁੱਟਣ ਜਾਂ ਬਣਨ ਦਾ ਮਸਲਾ ਹੋਵੇ। ਪ੍ਰੋਗਰਾਮ ਵੇਖਦਿਆਂ ਕੁਲਦੀਪ ਸਿੰਘ ਨਾਲੋ-ਨਾਲ਼ ਪੋਲੀਆਂ ਪੋਲੀਆਂ ਕੂਹਣੀਆਂ ਮਾਰ ਕੇ ਮੈਨੂੰ ਟਕੋਰਾਂ ਲਾਉਂਦਾ ਰਿਹਾ, 'ਕਿਉਂ ਬੱਚੂ ਜੀ ਵੇਖੇ ਰੰਗ ਅਮਰੀਕਨਾਂ ਦੇ, ਐਵੇਂ ਨੀ ਇਹ ਟੱਪ ਗਏ ਸਾਡੇ ਤੋਂ ਅੱਗੇ, ਹਰੇਕ ਮਸਲੇ ਦੀ ਇਹ ਇਉਂ ਹੀ ਵਾਲ ਦੀ ਖੱਲ ਲਾਹੁੰਦੇ ਨੇ, ਮਸਲਾ ਭਾਵੇਂ ਛਾਤੀਆਂ ਦਾ ਹੋਵੇ ਜਾਂ ਬਿੱਲ ਕਲਿੰਟਨ ਦੀ ਗੱਦੀ ਦਾ।'

ਇਹ ਮਾਰਨਿੰਗ ਸ਼ੋ ਖਤਮ ਹੋਇਆ ਤਾਂ ਕੁਲਦੀਪ ਸਿੰਘ ਮੈਨੂੰ ਨੇੜੇ ਹੀ ਦਿਸਦੀ ਟਰੰਪ ਬਿਲਡਿੰਗ ਵਿਖਾਉਣ ਲੈ ਤੁਰਿਆ। 'ਕਾਕਾ ਜੀ ਜਦੋਂ ਮੈਂ ਜ਼ਿੰਦਗੀ ਤੋਂ ਉਪਰਾਮ ਹੋਵਾਂ ਤਾਂ ਇਸ ਇਮਾਰਤ 'ਚ ਇੱਕ ਗੇੜਾ ਮਾਰ ਜਾਂਦਾ ਹਾਂ, ਸਾਰੀ ਉਦਾਸੀ ਛੂਹ-ਮੰਤਰ ਹੋ ਜਾਂਦੀ ਐ'। ਕਹਿ ਕੇ ਕੁਲਦੀਪ ਸਿੰਘ ਨੇ ਬਿਲਡਿੰਗ ਦੀ ਮਹੱਤਤਾ ਦੱਸੀ। ਇਹ ਬਹੁ-ਮੰਜ਼ਿਲੀ ਸੁਨਹਿਰੀ ਬਿਲਡਿੰਗ ਕਿਸੇ ਨਵੀਂ ਵਿਆਹੁਲੀ ਦੇ ਨੱਕ 'ਚ ਪਾਏ ਲੌਂਗ ਵਾਂਗ ਲਿਸ਼ਕ ਰਹੀ ਸੀ। ਚਾਰੇ ਪਾਸੇ ਖੁੱਲ੍ਹੇ-ਡੁੱਲ੍ਹੇ ਸਟੋਰਾਂ ਵਿੱਚ ਦੋ ਦੋ ਅਪੱਛਰਾਵਾਂ ਵਰਗੀਆਂ ਮੁਟਿਆਰਾਂ ਸਨ। ਇੱਕ ਕੰਪਿਊਟਰ ਅੱਗੇ ਬੈਠੀ ਬਿੱਲ ਕੱਟਣ ਲਈ ਤਿਆਰ-ਬਰ-ਤਿਆਰ ਅਤੇ ਦੂਜੀ 'ਰੱਬ ਦੇ ਰੂਪ' ਗਾਹਕ ਨੂੰ ਆਓ-ਭਗਤ ਨਾਲ ਅੰਦਰ ਲਿਜਾਣ ਅਤੇ ਸਮਾਨ ਵਿਖਾਉਣ ਲਈ। ਸਮਾਨ ਕੋਈ ਪੈਕ ਨਹੀਂ ਸੀ ਬਲਕਿ ਸਾਹਮਣੇ ਸ਼ੋ-ਪੀਸਾਂ ਵਾਂਗ ਪ੍ਰਦਰਸ਼ਿਤ ਕੀਤਾ ਹੋਇਆ ਸੀ।

'ਹਮਾਤੜਾਂ ਦੇ ਤਾਂ ਸਿਰਫ ਦਰਸ਼ਨ ਦੀਦਾਰੇ ਵਾਸਤੇ ਈ ਨੇ ਇਹ ਸਟੋਰ।' ਕੁਲਦੀਪ ਸਿੰਘ ਨੇ ਮੈਨੂੰ ਹਕੀਕਤ ਤੋਂ ਜਾਣੂ ਕਰਾਉਣ ਲਈ ਕਿਹਾ, ਮਤੇ 'ਪੁੱਤ ਤੇਰਾ ਡੌਰ-ਬੌਰੀਆ, ਚੰਨ ਮੰਗਦਾ ਨਾ ਕੁੱਝ ਸ਼ਰਮਾਵੇ' ਦੀ ਕਹਾਵਤ ਵਾਂਗ ਮੈਂ ਕੁੱਝ ਖਰੀਦਣ ਦਾ ਸੁਪਨਾ ਨਾ ਲੈ ਬੈਠਾਂ। ਹੋਰ ਪੱਕਾ ਕਰਨ ਵਾਸਤੇ ਕੁਲਦੀਪ ਸਿੰਘ ਨੇ ਸੈਨਤ ਨਾਲ ਮੈਨੂੰ ਇੱਕ ਉਡਦੇ ਬਾਜ਼ ਦੇ ਸਜਾਵਟੀ ਖਿਡਾਉਣੇ ਉਤੇ ਲਿਖੀ ਕੀਮਤ ਵੱਲ ਤੱਕਣ ਦਾ ਇਸ਼ਾਰਾ ਕੀਤਾ। ਮੇਰੇ ਅਗਾਂਹ ਹੋ ਕੇ ਵੇਖਣ ਤੋਂ ਪਹਿਲਾਂ ਹੀ ਸਾਡੇ ਪਿੱਛੇ ਖੜ੍ਹੀ ਬਿੜਕਾਂ ਲੈ ਰਹੀ ਸੁੰਦਰੀ ਨੇ ਲਖਨਵੀ ਤਵਾਇਫ਼ਾਂ ਦੇ ਅੰਦਾਜ਼ ਨਾਲ ਕਿਹਾ, 'ਫੋ … ਟੀ ਮਿਲੀਅਨ ਡਾਲਰ ਓਨਲੀ ਪਲੀਜ਼'। ਉਸ ਦੇ ਚਿਹਰੇ ਉਤੇ ਆਈ ਕਾਤਲਾਨਾ ਮੁਸਕਰਾਹਟ ਸਾਨੂੰ ਕਚਿਆਈ ਦੀ ਦਲਦਲ ਵਿੱਚ ਸੁੱਟ ਗਈ। ਬਾਜ਼ ਦੀ ਅੰਪਾਇਰ ਸਟੇਟ ਬਿਲਡਿੰਗ ਜਿੰਨੀ ਉੱਚੀ ਕੀਮਤ ਸੁਣ ਕੇ ਮੇਰੇ ਤਾਂ ਪਹਿਲਾਂ ਹੀ ਹੋਸ਼ ਉੱਡ ਗਏ ਸਨ ਉਤੋਂ ਕੁਲਦੀਪ ਸਿੰਘ ਨੇ ਅੱਖ ਦੱਬ ਕੇ ਕਿਹਾ, 'ਕਿਉਂ? ਕਰਾਤੀ ਨਾ ਬਹਿ-ਜਾ ਬਹਿ-ਜਾ।' ਆਪਣਾ ਹਵਾਈਆਂ ਉੱਡੀਆਂ ਵਾਲਾ ਚਿਹਰਾ ਸਾਹਮਣੇ ਸ਼ੀਸ਼ੇ ਵਿੱਚ ਵੇਖ ਕੇ ਅਜੀਬ ਗਿਲਾਨੀ ਦਾ ਅਹਿਸਾਸ ਹੋਇਆ, ਜਿਵੇਂ ਗ਼ਲਤ ਥਾਂ ਤੇ ਆਏ

Academy of the Punjab in North America: http://www.apnaorg.com

ਫੜ੍ਹੇ ਗਏ ਹੋਈਏ। ਮੈਂ ਹੈਰਾਨ ਸਾਂ ਕਿ ਕੁਲਦੀਪ ਸਿੰਘ ਇਸ ਥਾਂ ਆ ਕੇ ਕਿਵੇਂ ਤਰੋ-ਤਾਜ਼ਾ ਹੋ ਜਾਂਦਾ ਸੀ ਜਿਥੇ ਮੈਂ ਮਧੋਲਿਆ-ਮਧੋਲਿਆ ਮਹਿਸੂਸ ਕਰ ਰਿਹਾ ਸਾਂ?

'ਆਪਾਂ ਤਾਂ ਜੀ ਚਲੋ ਆਪਣੀ ਕਲਾਕਾਰਾਂ ਦੀ ਦੁਨੀਆਂ 'ਚ ਈ ਚਲਦੇ ਆਂ, ਇਹ ਇੰਦਰਪੁਰੀ ਨੀ ਮਾਫਕ ਆਪਾਂ ਨੂੰ।' ਮੈਂ ਸਟੋਰ 'ਚੋਂ ਬਾਹਰ ਵੱਲ ਪੈਰ ਸਰਕਾਉਂਦਿਆਂ ਕੁਲਦੀਪ ਸਿੰਘ ਨੂੰ ਬਰਾਡਵੇ ਵੱਲ ਗੇੜਾ ਮਾਰਨ ਦੀ ਇੱਛਾ ਜ਼ਾਹਰ ਕੀਤੀ।

ਬਰਾਡਵੇ ਮਨਹਟਨ ਦਾ ਅਜਿਹਾ ਇਲਾਕਾ ਹੈ ਜਿਸ ਨੂੰ ਕਲਾ ਅਤੇ ਕਲਾਕਾਰਾਂ ਦਾ ਗੜ੍ਹ ਕਿਹਾ ਜਾਂਦਾ ਹੈ। ਇਥੇ ਦੋ ਤਿੰਨ ਗਲੀਆਂ ਵਿੱਚ ਹੀ ਫ਼ਿਲਮਾਂ, ਨਾਟਕਾਂ, ਓਪੇਰਿਆਂ, ਡਾਂਸਾਂ ਅਤੇ ਗੀਤ-ਸੰਗੀਤ ਦੇ ਪ੍ਰੋਗਰਾਮਾਂ ਲਈ ਸੈਂਕੜੇ ਥੀਏਟਰ ਹਨ। ਦੁਨੀਆਂ ਦਾ ਪ੍ਰਸਿੱਧ ਵੱਡਾ ਥੀਏਟਰ 'ਰੇਡੀਓ ਸਿਟੀ ਹਾਲ' ਵੀ ਇਥੇ ਹੀ ਹੈ ਜਿਸ ਵਿੱਚ ਪ੍ਰਫੌਰਮੈਂਸ ਦੇਣਾ ਦੁਨੀਆਂ ਦੇ ਵੱਡੇ ਤੋਂ ਵੱਡੇ ਕਲਾਕਾਰ ਦਾ ਅੰਤਿਮ ਉਦੇਸ਼ ਹੁੰਦਾ ਹੈ।

ਕਮਾਲ ਦੀ ਗੱਲ ਸੀ ਕਿ ਇਨੇ ਥੀਏਟਰਾਂ ਦੇ ਹੁੰਦਿਆਂ ਹੋਇਆਂ ਵੀ ਸਾਨੂੰ ਕਿਸੇ ਸ਼ੋ ਦੀ ਟਿਕਟ ਨਹੀਂ ਮਿਲ ਰਹੀ ਸੀ। ਮਹੀਨਾ ਮਹੀਨਾ ਪਹਿਲਾਂ ਹੀ ਇਥੇ ਅਡਵਾਂਸ ਬੁੱਕਿੰਗ ਹੋ ਜਾਂਦੀ ਹੈ ਅਤੇ ਮੌਕੇ ਉਤੇ ਕੈਂਸਲ ਹੋਈਆਂ ਕੁੱਝ ਸੀਟਾਂ ਲਈ ਲੋਕ ਲੰਮੀਆਂ ਲਾਈਨਾਂ ਵਿੱਚ ਖੜ੍ਹੇ ਤਰਲੋ-ਮੱਛੀ ਹੋ ਰਹੇ ਸਨ, ਭਾਵੇਂ ਸਾਡੇ ਸਿਨਮਿਆਂ ਵਾਂਗ ਇੱਕ ਦੂਜੇ ਦੇ ਪੈਰ ਨਹੀਂ ਦਰੜੇ ਜਾ ਰਹੇ ਸਨ।

ਘੰਟੇ ਕੁ ਦੀ ਭਕਾਈ ਪਿੱਛੋਂ 'ਸ਼ੋਅ ਪੈਲਿਸ' ਥੀਏਟਰ ਵਿੱਚ ਚੱਲ ਰਹੇ ਸੰਗੀਤਕ ਨਾਟਕ 'ਬਿਊਟੀ ਐਂਡ ਦਾ ਬੀਸਟ' (ਸੁੰਦਰੀ ਨੇ ਜਾਂਗਲੀ ਦਾ ਦਿਲ ਜਿਤਿਆ) ਦੀ ਟਿਕਟ ਸਬੱਬੀਂ ਮਿਲ ਗਈ। ਇਹ ਨਾਟਕ ਇਕੋ ਸਮੇਂ ਦੁਨੀਆਂ ਦੇ ਦਸ-ਬਾਰਾਂ ਵੱਡੇ ਸ਼ਹਿਰਾਂ - ਪੈਰਿਸ, ਲਾਸ ਏਂਜਲਸ, ਲੰਡਨ, ਸ਼ਿਕਾਗੋ, ਮਿਊਨਖ ਆਦਿ ਵਿੱਚ ਪਿਛਲੇ ਦੋ ਸਾਲਾਂ ਤੋਂ ਚੱਲ ਰਿਹਾ ਸੀ ਪਰ ਅਜੇ ਵੀ ਹਾਲ ਫੁੱਲ ਜਾ ਰਹੇ ਸਨ। ਇਹ ਨਾਟਕ ਲਿੰਡਾ ਵੂਲਵਰਟਨ ਦੀ ਇਸੇ ਨਾਂ ਦੀ ਪੁਸਤਕ ਉਤੇ ਅਧਾਰਿਤ ਸੀ ਜਿਸ ਦੀ ਮੂਲ ਟੇਕ ਇੱਕ ਲੋਕ-ਕਹਾਣੀ ਉਤੇ ਸੀ। ਇਸ ਨੂੰ ਨਿਰਦੇਸ਼ਿਤ ਰੋਬਰਟ ਜੈਸਰੋਥ ਨੇ ਕੀਤਾ ਸੀ।

ਇਸ ਨਾਟਕ ਦੀ ਕਹਾਣੀ ਇਹ ਸੀ ਕਿ ਇੱਕ ਪਰੀ ਵਰਗੀ ਖ਼ੂਬਸੂਰਤ ਕੁੜੀ ਦਾ ਬਾਪ ਜੰਗਲ ਵਿੱਚ ਜਾਂਦਾ ਹੈ ਅਤੇ ਇੱਕ ਰਾਕਸ਼ ਦੀ ਕੈਦ ਵਿੱਚ ਫਸ ਜਾਂਦਾ ਹੈ। ਬਾਪ ਦੀ ਤਲਾਸ਼ ਵਿੱਚ ਕੁੜੀ ਹੌਲੀ ਹੌਲੀ ਰਾਕਸ਼ ਦੇ ਮਹੱਲ ਤੱਕ ਪਹੁੰਚਦੀ ਹੈ। ਉਹ ਪਿਆਰ ਨਾਲ ਰਾਕਸ਼ ਦਾ ਦਿਲ ਜਿੱਤ ਕੇ ਆਪਣੇ ਬਾਪ ਨੂੰ ਰਿਹਾਅ ਕਰਵਾਉਂਦੀ ਹੈ। ਦੂਜੇ ਪਾਸੇ ਆਪਣੇ ਸਵਾਰਥੀ ਪ੍ਰੇਮੀ, ਇੱਕ ਰਾਜਕੁਮਾਰ

Academy of the Punjab in North America: http://www.apnaorg.com

ਦੀ ਨੇਕ-ਦਿਲੀ ਦੇ ਮੁਲੰਮੇ ਹੇਠੋਂ ਉਸ ਦਾ ਜਾਂਗਲੀਪੁਣਾ ਨੰਗਾ ਕਰਦੀ ਹੈ। ਇਸ ਸਾਧਾਰਣ ਜਿਹੀ ਦਿਸਦੀ ਲੋਕ-ਕਥਾ ਨੂੰ ਪੇਸ਼ ਕਰਨ ਵਾਸਤੇ ਨ੍ਰਿੱਤ, ਸੰਗੀਤ, ਰੋਸ਼ਨੀ, ਆਵਾਜ਼ਾਂ, ਅਦਾਕਾਰੀ ਅਤੇ ਸਿਨੇ-ਦ੍ਰਿਸ਼ਾਂ ਦੀ ਇਨੀ ਢੁਕਵੀਂ ਅਤੇ ਸੰਤੁਲਿਤ ਵਰਤੋਂ ਕੀਤੀ ਗਈ ਸੀ ਕਿ ਇਹ ਨਾਟਕ ਸਾਧਾਰਣ ਦਰਸ਼ਕ ਤੋਂ ਲੈ ਕੇ ਕਲਾ-ਆਲੋਚਕ ਅਰਥਾਤ ਬੌਧਿਕ ਦਰਸ਼ਕ ਤੱਕ ਨੂੰ ਕੀਲ ਲੈਣ ਵਿੱਚ ਸਫਲ ਸਿੱਧ ਹੋ ਰਿਹਾ ਸੀ। ਮੰਚ ਦੇ ਪਿੱਛੇ, ਉਤੇ ਅਤੇ ਆਸੀਂ-ਪਾਸੀਂ ਅੱਠ ਮੰਚੀ-ਸੈੱਟ ਇਉਂ ਬੀੜੇ ਗਏ ਸਨ ਕਿ ਲੋੜ ਅਨੁਸਾਰ ਕਿਸੇ ਪਾਸਿਓਂ ਵੀ ਕੋਈ ਸੈੱਟ ਵਰਤਿਆ ਜਾ ਸਕਦਾ ਸੀ। ਰਾਕਸ਼ ਦਾ ਮਹੱਲ, ਰਾਜਕੁਮਾਰ ਦੀ ਹਵੇਲੀ, ਨਦੀਆਂ, ਮੀਂਹ, ਬਲਦੇ ਜੰਗਲ ਅਤੇ ਜੰਗਲੀ ਜਾਨਵਰਾਂ ਦੇ ਝੁੰਡ ਆਦਿ ਦੇ ਕਿਸੇ ਵੀ ਦ੍ਰਿਸ਼ ਨੂੰ ਯਥਾਰਥਕ ਰੂਪ ’ਚ ਸਾਕਾਰ ਕਰਨ ਲਈ ਸੈੱਟ ਉਪਲਬਧ ਸਨ। ਫੈਂਟਸੀ ਦੀ ਪੇਸ਼ਕਾਰੀ ਲਈ ਯਥਾਰਥਕ ਤਕਨੀਕਾਂ ਦੀ ਵਰਤੋਂ ਹੈਰਾਨ ਕਰਨ ਵਾਲੀ ਸੀ। ਇਹ ਨਾਟਕ ਸੰਯੁਕਤ ਕਲਾ ਦਾ ਇੱਕ ਅਜਿਹਾ ਉਤਮ ਨਮੂਨਾ ਬਣ ਗਿਆ ਕਿ ਇਸ ਦੇ ਸਾਹਮਣੇ ਸਿਨਮੇ ਦੀ ਸਕਰੀਨ ਵਾਲਾ ਆਰਟ ਫਿੱਕਾ ਲਗਦਾ ਸੀ। ਜੇ ਸਿਨਮੇ ਦੇ ਵਿਕਾਸ ਨਾਲ ਪੱਛਮ ਵਿੱਚ ਥੀਏਟਰ ਉਤੇ ਕੋਈ ਮਾੜਾ ਪ੍ਰਭਾਵ ਨਹੀਂ ਪਿਆ ਸੀ ਤਾਂ ਉਸ ਦਾ ਇਹੀ ਕਾਰਨ ਸੀ। ਮੁਕਾਬਲੇ ਦੀ ਮੰਡੀ ਵਿੱਚ ਥੀਏਟਰ ਇਉਂ ਹੀ ਆਪਣਾ ਹੱਥ ਉੱਚਾ ਰੱਖ ਸਕਦਾ ਹੈ।

ਮਹੀਨੇ ਭਰ ’ਚ ਨਿਊਯਾਰਕ ਦੇ ਅਨੇਕਾਂ ਵੱਖ ਵੱਖ ਰੰਗ ਵੇਖਣ-ਮਾਨਣ ਤੋਂ ਪਿੱਛੋਂ ਵੀ ਇਉਂ ਜਾਪ ਰਿਹਾ ਸੀ ਕਿ ਅਜੇ ਬੇਸ਼ੁਮਾਰ ਰੰਗ ਮੇਰੀ-ਅੱਖੋਂ ਪਰੋਖੇ ਰਹਿ ਗਏ ਸਨ। ਨਿਊਯਾਰਕ ਤਾਂ ਨਿੱਤ ਨਵਾਂ ਸੀ। ਫੇਰ ਕੋਈ ਕਿਵੇਂ ਦਾਅਵਾ ਕਰੇ ਕਿ ਉਸ ਨੇ ਨਿਊਯਾਰਕ ਦੇ ਸੱਭੇ ਰੰਗ ਵੇਖ ਲਏ ਹਨ। ਇੱਕ ਮਹੀਨੇ ਵਿੱਚ ਤਾਂ ਬੱਸ ਚੌਲਾਂ ਦੇ ਕੜਾਹੇ ਵਿਚੋਂ ਇੱਕ ਦਾਣਾ ਖਾ ਕੇ ਨਮੂਨਾ ਵੇਖਣ ਵਾਲੀ ਗੱਲ ਹੀ ਹੋ ਸਕਦੀ ਸੀ।

Academy of the Punjab in North America: http://www.apnaorg.com

# ਹਮੇਂ ਤੋ ਲੂਟ ਲੀਆ

ਜਿਹੜੀ ਸ਼ੈਅ ਵੇਖਣ ਦੀ ਤਾਂਘ ਮਨ ਵਿੱਚ ਸਭ ਤੋਂ ਵੱਧ ਉਸਲਵੱਟੇ ਲੈ ਰਹੀ ਸੀ 'ਉਹ' ਅਜੇ ਵੇਖੀ ਹੀ ਨਹੀਂ ਸੀ ਗਈ। ਨਿਊਯਾਰਕੋਂ ਕੂਚ ਕਰਨ ਦੀ ਤਰੀਕ ਛਾਲਾਂ ਮਾਰਦੀ ਭੱਜੀ ਆਉਂਦੀ ਸੀ ਅਤੇ ਮੈਂ ਇੰਦਰ ਦੀ ਤਿਹਾਈ ਮਾਂ ਵਾਂਗ ਅਜੇ ਵੀ 'ਉਹ' ਵੇਖਣ ਨੂੰ ਤਰਸਦਾ ਫਿਰਦਾ ਸਾਂ। ਇਸ ਨਾਲੋਂ ਤਾਂ ਨਿੱਜ ਆਉਂਦਾ ਨਿਊਯਾਰਕ ਅਤੇ ਅਮਰੀਕਾ। ਖਿਝ ਪਲੋ-ਪਲ ਤੇਈਏ ਦੇ ਤਾਪ ਵਾਂਗੂੰ ਸਿਰ ਨੂੰ ਚੜ੍ਹਦੀ ਜਾਂਦੀ ਸੀ ਪਰ ਰਾਤ ਨੂੰ ਉਸ ਸਨਸਨੀਖੇਜ਼ ਇਲਾਕੇ ਵਿੱਚ ਜਾਣ ਦਾ ਕੋਈ ਸਬੱਬ ਨਹੀਂ ਸੀ ਬਣ ਰਿਹਾ। ਮੈਨੂੰ ਪਤਾ ਸੀ ਕਿ ਪਟਿਆਲੇ ਮੁੜੇ ਨੂੰ ਮੈਨੂੰ ਮੁਕਲਾਵਿਉਂ ਮੁੜੀ ਕੁੜੀ ਵਾਂਗ ਹਾਣੀਆਂ ਨੇ ਸਭ ਤੋਂ ਪਹਿਲਾਂ ਅੱਖ ਦੱਬ ਕੇ ਇਹੀ ਪੁੱਛਣਾ ਸੀ, 'ਧਾਲੀਵਾਲ ਐਵੇਂ ਵਾਧੂ ਗੱਲਾਂ ਛੱਡ, ਸਾਨੂੰ ਤਾਂ ਇਹ ਦੱਸ ਕਿ 'ਇੰਦਰ ਦਾ ਅਖਾੜਾ' ਕੈਸਾ ਸੀ?'

'ਫਿਰ ਕੀ ਦੱਸ ਕੇ ਜਾਨ ਛੁਡਾਊਂ ਉਨ੍ਹਾਂ ਪਤੰਦਰਾਂ ਤੋਂ?' ਇਹ ਤੌਖਲਾ ਮੈਨੂੰ ਅੰਦਰੋਂ ਚੂਹੇ ਦੀ ਤਰ੍ਹਾਂ ਕੁਤਰੀ ਜਾਂਦਾ ਸੀ। ਜਾਪਦਾ ਸੀ ਮੇਰੇ ਨਾਲ ਵੀ ਸਾਡੇ ਪਿੰਡ ਦੇ ਛੜੇ ਤਾਏ ਮਾਨੇ ਜਤੀ ਵਾਲੀ ਹੋਣੀ ਸੀ। ਕਾਵਾਂ 'ਚ ਘਿਰੇ ਉੱਲੂ ਵਾਂਗ ਉਹ ਜਦੋਂ ਵੀ ਕਿਧਰੇ ਮੁੰਡਿਆਂ-ਖੁੰਡਿਆਂ ਦੀ ਢਾਣੀ 'ਚ ਫਸ ਜਾਂਦਾ ਤਾਂ ਸਾਰੇ ਆਖਦੇ, 'ਓਏ ਤਾਇਆ ਮਾਨਾ ਸਿਆਂ ਤੈਨੂੰ ਤਾਂ ਧਰਮਰਾਜ ਨੇ ਵਿੰਹਦੇ ਸਾਰ ਈ ਹੁਕਮ ਦੇਣਾ ਐ ਜਮਦੂਤਾਂ ਨੂੰ ਬਈ ਇਹਨੂੰ ਤਾਂ ਸਿੱਟੋ ਨਰਕ 'ਚ, ਕੋਈ ਫਰਿਆਦ ਨੀਂ ਸੁਣਨੀ ਏਦ੍ਹੀ। ਭਲੇਮਾਣਸ ਨੂੰ ਸਾਰਾ ਸੰਦ-ਸੰਦੇੜਾ ਦੇ ਕੇ ਘੱਲਿਆ ਸੀ ਮਾਤ-ਲੋਕ 'ਚ, ਢੇਕਾ ਮੁੜ ਆਇਆ ਸਾਰਾ ਕੁੱਝ ਉਵੇਂ ਹੀ ਅਣ-ਵਰਤਿਆ ਲੈ ਕੇ।'

ਮੈਂ ਤਾਂ ਤਾਏ ਮਾਨੇ ਜਤੀ ਨਾਲੋਂ ਵੀ ਕਿਤੇ ਵੱਧ ਬੇਵੱਸ ਹੋਇਆ ਪਿਆ ਸਾਂ। ਜਿੱਥੇ ਭੂਆ-ਫੁੱਫੜ ਕੋਲ ਠਹਿਰਿਆ ਹੋਇਆ ਸਾਂ ਉਥੇ ਰਿਸ਼ਤੇਦਾਰੀ ਅਜਿਹੀ ਸੀ ਕਿ ਮੂੰਹ-ਫੱਟ ਹੋ ਕੇ ਮਨ ਦੀ

Academy of the Punjab in North America: http://www.apnaorg.com

ਖਾਹਸ਼ ਬਿਆਨ ਨਹੀਂ ਸਾਂ ਕਰ ਸਕਦਾ। ਜੇਕਰ ਰਾਤ ਨੂੰ ਕੁਵੇਲੇ ਕਿਧਰੇ ਇਕੱਲਾ ਉਸ ਖ਼ਤਰਨਾਕ ਇਲਾਕੇ ਵਿੱਚ ਜਾਣ ਲਈ ਗੱਲ ਕਰਦਾ ਤਾਂ ਫੁੱਫੜ ਨਸੀਹਤਾਂ ਦੀ ਪਟਾਰੀ ਖੋਲ੍ਹ ਕੇ ਬੈਠ ਜਾਂਦਾ, 'ਬਲਦੇਵ ਸਿੰਘ ਨਿਊਯਾਰਕ ਨੂੰ ਦੁਨੀਆਂ ਦਾ ਨੰਬਰ ਵੱਨ ਕਰਾਈਮ ਸਿੱਟੀ ਮੰਨਿਆ ਜਾਂਦੈ। ਰਾਤ-ਬਰਾਤੇ ਤਾਂ ਕਾਲੇ ਦਸ ਡਾਲਰ ਜਾਂ ਘੜੀ ਖੋਹਣ ਬਦਲੇ ਬੰਦੇ ਨੂੰ ਗੋਲੀ ਮਾਰ ਦਿੰਦੇ ਐ। ਨਿੱਤ ਖ਼ਬਰਾਂ ਛਪਦੀਆਂ ਨੇ ਲੁੱਟਾਂ-ਖੋਹਾਂ ਦੀਆਂ।' ਇਹ ਸੁਣ ਕੇ ਮੇਰਾ ਮਨ ਦਹਿਲ ਜਾਂਦਾ ਅਤੇ ਸੋਚਦਾ, 'ਮਨਾਂ ਇਹ ਕਿੱਥੋਂ ਦੀ ਸਿਆਣਪ ਐ ਬਈ ਘੜੀ-ਪਲ ਅੱਖਾਂ ਤੱਤੀਆਂ ਕਰਨ ਦੇ ਸੁਆਦ ਬਦਲੇ ਭੰਗ ਦੇ ਭਾੜੇ ਜਾਨ ਗੁਆਉਣੀ?' ਪਰ ਸੁਆਲ ਸਿਰਫ ਅੱਖਾਂ ਤੱਤੀਆਂ ਕਰਨ ਦਾ ਕਿੱਥੇ ਸੀ? ਗੱਲ ਤਾਂ ਨਿਊਯਾਰਕ ਦੇ ਇੱਕ ਅਨੋਖੇ ਰੰਗ ਨੂੰ ਵੇਖ ਕੇ ਤਜ਼ਰਬਾ ਕਰਨ ਦੀ ਸੀ। ਇਸ ਲਈ ਅੰਤ ਨੂੰ ਅੱਕ ਕੇ ਮੈਂ ਲੁੱਟੇ ਜਾਣ ਅਤੇ ਹੁਸਨ ਦੀ ਖ਼ਾਤਰ 'ਸ਼ਹੀਦ' ਹੋਣ ਦਾ ਖਤਰਾ ਸਹੇੜ ਹੀ ਲਿਆ।

ਸੁਨਹਿਰੀ ਚੈਨ ਵਾਲੀ ਘੜੀ ਲਾਹ ਕੇ ਮੈਂ ਘਰੇ ਰੱਖ ਦਿੱਤੀ। ਪਾਸਪੋਰਟ ਅਤੇ ਡਾਲਰਾਂ ਵਾਲਾ ਬਟੂਆ ਅਟੈਚੀ 'ਚ ਸਾਂਭ ਦਿੱਤਾ। ਕਮੀਜ਼ ਦੀ ਜੇਬ ਵਿੱਚ ਰੇਲ ਦੀ ਟਿਕਟ ਖਰੀਦਣ ਜੋਗਾ ਡੇੜ ਡਾਲਰ ਪਾ ਕੇ ਬਾਕੀ ਸੌ ਕੁ ਡਾਲਰ ਦੇ ਨੋਟ-ਜੁਰਾਬਾਂ ਅਤੇ ਅੰਡਰਵੀਅਰ ਵਿੱਚ ਇਉਂ ਲੁਕੋ ਲਏ ਜਿਵੇਂ ਕੋਈ ਵਿਦਿਆਰਥੀ ਨਕਲ ਮਾਰਨ ਲਈ ਗਾਈਡ ਦੇ ਵਰਕੇ ਛੁਪਾਉਂਦਾ ਹੈ। ਮੈਂ ਬਾਤਾਂ ਦੇ ਉਸ ਬਾਲ ਵਾਂਗ ਬਚ ਨਿਕਲਣ ਦੀਆਂ ਤਰਕੀਬਾਂ ਸੋਚਣ ਲੱਗਾ ਜਿਹੜਾ ਨਾਨਕੀਂ ਜਾ ਕੇ ਮੋਟਾ-ਤਾਜ਼ਾ ਹੋਣ ਲਈ ਘਣੇ ਜੰਗਲ ਦੇ ਸ਼ੇਰਾਂ, ਬਘਿਆੜਾਂ, ਚੀਤਿਆਂ ਤੋਂ ਮਸਾਂ ਬਚ-ਬਚਾ ਕੇ ਲੰਘਿਆ ਸੀ।

ਅੰਡਰ-ਗਰਾਊਂਡ ਟਰੇਨ ਵਿੱਚ ਜਦ ਵੀ ਕੋਈ ਕਾਲਾ ਚੜ੍ਹ ਕੇ ਬੈਠਣ ਲਈ ਮੇਰੇ ਨਾਲ ਵਾਲੀ ਸੀਟ ਵੱਲ ਨੂੰ ਆਉਂਦਾ ਦਿਸਦਾ ਤਾਂ ਮੈਂ ਤ੍ਰਬਕ ਜਾਂਦਾ। ਬਰਾਡਵੇ ਤੋਂ ਅਗਲੀ ਸਟਰੀਟ ਦੇ ਸਟੇਸ਼ਨ, ਜਿਥੇ ਸੁਣਿਆ ਸੀ ਕਿ ਨੰਗੇ ਨਾਚ ਦੇ ਕਈ ਅੱਡੇ ਸਨ, ਤੇ ਜਾ ਉਤਰਿਆ। ਅੱਗਾ-ਪਿੱਛਾ ਵੇਖਿਆ ਕਿ ਕਿਤੇ ਕੋਈ ਖ਼ਤਰਨਾਕ ਕਾਲਾ ਘਾਤ ਲਾਈ ਖੜ੍ਹਾ ਤਾਂ ਨਹੀਂ ਸੀ। ਬਜ਼ਾਰ ਵਿੱਚ ਚਕਾਚੌਂਦ ਕਰਨ ਵਾਲੀਆਂ ਰੋਸ਼ਨੀਆਂ ਸਨ। ਪੂਰੀ ਰੌਣਕ ਸੀ। ਕਈ ਜੋੜੇ ਬਾਹਾਂ 'ਚ ਬਾਂਹ ਪਾਈ ਮਸਤ-ਚਾਲ ਚੱਲ ਰਹੇ ਸਨ। ਸ਼ਨਿਚਰਵਾਰ ਜਾਣੀ ਵੀਕ-ਐਂਡ ਦੀ ਪਹਿਲੀ ਛੁੱਟੀ ਹੋਣ ਕਰਕੇ ਸਭ ਮਸਤੀ 'ਚ ਸਨ। ਇਨ੍ਹਾਂ ਮਸਤ-ਮੌਲੇ ਗਾਹਕਾਂ ਨੂੰ ਖਿੱਚਣ ਲਈ ਹੋਟਲਾਂ ਅਤੇ ਦੁਕਾਨਾਂ ਦੀ ਸੱਜ-ਧੱਜ ਇਉਂ ਜਾਪਦੀ ਸੀ, ਜਿਵੇਂ ਦਿਵਾਲੀ ਵਾਲੀ ਰਾਤ ਨੂੰ ਸਾਡੇ ਗਹਿਮਾ-ਗਹਿਮੀ ਹੁੰਦੀ ਹੈ। 'ਇਥੇ ਕਿੱਥੇ ਸਨ ਲੁਟੇਰੇ, ਖ਼ੂਨੀ ਤੇ ਨੌਸਰਬਾਜ਼?' ਕੀ ਮੈਨੂੰ ਐਵੇਂ ਹੀ ਡਰਾਇਆ ਗਿਆ ਸੀ? ਇਥੇ ਤਾਂ ਸਾਰਿਆਂ ਦੇ ਚਿਹਰਿਆਂ ਉਤੇ ਮੁਸਕਰਾਹਟ ਦੇ ਫੰਬੇ ਉੱਡ ਰਹੇ ਸਨ। ਜਿਥੇ ਮੁਟਿਆਰ ਕੁੜੀਆਂ ਨਿਧੜਕ ਫਿਰਦੀਆਂ ਸਨ, ਉਥੇ

Academy of the Punjab in North America: http://www.apnaorg.com

ਭਲਾ ਮੈਨੂੰ ਕੀ ਡਰ ਸੀ? ਮੈਂ ਆਪਣੇ ਵਹਿਮੀ ਆਪੇ ਉਤੇ ਹਸਦਿਆਂ ਇੱਕ ਪਾਸੇ ਜਿਹੇ ਹੋ ਕੇ ਥਾਂ-ਕੁ-ਥਾਂ ਲੁਕਾਏ ਡਾਲਰ ਕੱਢ ਕੇ ਜੇਬ ’ਚ ਪਾ ਲਏ। ਮਨ ਕਰਦਾ ਸੀ ਕਿ ਕਿਸੇ ਤੋਂ ਪੁੱਛ ਲਵਾਂ ਕਿ ‘ਉਹ’ ਗਲੀ ਕਿਹੜੀ ਹੈ? ਪਰ ਹੌਸਲਾ ਨਾ ਪਿਆ। ਮੈਂ ਇਹ ਸੋਚ ਕੇ ਐਂਟਲਿਆ ਜਿਹਾ ਅੱਗੇ ਤੁਰਿਆ ਗਿਆ ਕਿ ਦਿੱਲੀ ਦੀ ਜੀ. ਬੀ. ਰੋਡ ਵਾਂਗੂੰ ‘ਉਹ’ ਗਲੀ ਤਾਂ ਦੂਰੋਂ ਹੀ ਪਛਾਣੀ ਜਾਵੇਗੀ। ਉਥੇ ਗਲਾਂ ’ਚ ਰੁਮਾਲ ਬੰਨ੍ਹੀ ਫਿਰਦੇ ਅਤੇ ਪਾਨ ਵਾਲੇ ਥੁੱਕ ਦੀਆਂ ਪਚਕਾਰੀਆਂ ਚਲਾਉਂਦੇ ਦੱਲੇ ਹੋਣਗੇ। ਮੂੰਹ ਉਤੇ ਪੌਡਰ-ਸੁਰਖੀ ਥੱਪ ਕੇ ਅੱਖਾਂ ਨਾਲ ਵਾਜਾਂ ਮਾਰਦੀਆਂ ਵੇਸਵਾਵਾਂ ਹੋਣਗੀਆਂ। ਪਰ ਦੱਸੀ ਗਈ ਗਲੀ ਵਿੱਚ ਅਜਿਹਾ ਤਾਂ ਕੁੱਝ ਨਹੀਂ ਸੀ ਦਿਸ ਰਿਹਾ। ਸ਼ਾਇਦ ਮੈਨੂੰ ਡੌਰ-ਭੌਰਾ ਜਿਹਾ ਹੋਇਆ ਫਿਰਦਾ ਵੇਖ ਕੇ ਇੱਕ ਜਾਣੀ ਜਾਣ ਪੰਜਾਬੀ ਮੁੰਡੇ ਨੇ ਮੇਰੇ ਕੋਲ ਟੈਕਸੀ ਰੋਕਦਿਆਂ ਸ਼ੀਸ਼ੇ ਥੱਲੇ ਕਰਦਿਆਂ ਸੈਨਤ ਮਾਰ ਕੇ ਕਿਹਾ, ‘ਕਿੱਥੇ ਜਾਣੈ ਭਾ ਜੀ?’

‘ਕਿਤੇ ਨਹੀਂ, ਮੈਂ ਤਾਂ ਊਂਈ … ’ ਮੈਂ ਆਪਣੀ ਚੋਰੀ ਫੜ੍ਹੇ ਜਾਣ ਨਾਲ ਘਬਰਾ ਕੇ ਉਸ ਕੋਲੋਂ ਪਾਸਾ ਵੱਟਣਾ ਚਾਹਿਆ। ਪਰ ਕਹਿੰਦੇ ਹਨ ਕਿ ਦਾਈਆਂ ਕੋਲੋਂ ਵੀ ਭਲਾ ਪੇਟ ਗੁੱਝੇ ਰਹਿੰਦੇ ਨੇ। ਉਸ ਨੇ ਖਚਰਾ ਜਿਹਾ ਹੱਸ ਕੇ ਇਸ਼ਾਰਾ ਕੀਤਾ, ‘ਐਸ ਸਟਰੀਟ ’ਚ ਐ ਤੇਰੇ ਕੰਮ ਦਾ ਮਾਲ ਤਾਂ …।’ ਅਤੇ ਚਲਾ ਗਿਆ।

ਉਸ ਗਲੀ ’ਚ ਵੜ੍ਹਦਿਆਂ ਹੀ ਮੈਨੂੰ ਜਗ-ਬੁੱਝ ਜਗ-ਬੁਝ ਕਰਦੀਆਂ ਬੱਤੀਆਂ ਨਾਲ ਚਮਕਦਾ ਬੋਰਡ ਦਿਸਿਆ - ‘ਅਡਲਟ ਬੁੱਕ ਸਟੋਰ’। ਅਸ਼ਲੀਲ ਪੁਸਤਕਾਂ, ਰਿਸਾਲਿਆਂ, ਬਲਿਊ ਫ਼ਿਲਮਾਂ ਅਤੇ ਬਣਾਉਟੀ ਮਰਦਾਵੇਂ-ਜ਼ਨਾਨੇ ਗੁਪਤ ਅੰਗਾਂ ਦੀ ਵਿਕਰੀ ਵਾਲਾ ਅਜਿਹਾ ਸਟੋਰ ਤਾਂ ਮੈਂ ਸ਼ਿਕਾਗੋ ਵਿੱਚ ਹੀ ਵੇਖ ਚੁੱਕਾ ਸਾਂ। ਮੈਂ ਦੋ ਕੁ ਦੁਕਾਨਾਂ ਹੋਰ ਅੱਗੇ ਲੰਘਿਆ ਤਾਂ ਆਇਆ ‘ਪੀਪ ਸ਼ੋਅ’। ਪਰ ਇਸ ਦੇ ਬਾਹਰ ਤਾਂ ਦਿੱਲੀ ਦੀ ਜੀ. ਬੀ. ਰੋਡ ਵਰਗਾ ਕੁੱਝ ਵੀ ਨਹੀਂ ਸੀ। ਸਗੋਂ ਇਹ ਤਾਂ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਜਿਹਾ ਇੱਕ ਆਮ ਰੌਣਕੀਲਾ ਬਾਜ਼ਾਰ ਸੀ ਜਿਸ ਵਿੱਚ ਲੋਕ ਆਮ ਵਾਂਗ ਫਿਰਦੇ ਸਨ। ਮੇਰੇ ਪੈਰ ਜ਼ਰਾ ਕੁ ਅਟਕੇ ਤਾਂ ਬੂਹੇ ਕੋਲ ਖੜ੍ਹੇ ਦਰਬਾਨ ਨੇ ਬੜੇ ਨਿਮਰ ਢੰਗ ਨਾਲ ਕਿਹਾ, ‘ਪਲੀਜ਼ ਕੰਮ ਇਨ’। ਅੰਦਰ ਵੜਦਿਆਂ ਹੀ ਮੇਰੀ ਨਿਗਾਹ ਹਾਲ ’ਚ ਬਣੇ ਸੱਤ ਅੱਠ ਕੈਬਨਾਂ ਉਤੇ ਪਈ। ਨਿੰਮ੍ਹੀਆਂ ਲਾਲ ਰੋਸ਼ਨੀਆਂ ਵਿੱਚ ਚਾਰੇ ਪਾਸੇ ਵੇਖਿਆ, ਗੋਰੀਆਂ ਨਿਛੋਹ ਮੁਟਿਆਰਾਂ ਹਰੇਕ ਕੈਬਨ ਦੀ ਛੱਤ ਉਤੇ ਪਈਆਂ ਨਾਗ ਵਾਂਗ ਮੇਲ੍ਹ ਰਹੀਆਂ ਸਨ। ਹਲਕਾ ਸੰਗੀਤ ਉਨ੍ਹਾਂ ਨਾਲ ਤਾਲ ਦੇ ਰਿਹਾ ਸੀ। ਮੈਂ ਵੇਖੀ-ਵੇਖੀ ਮਾਹੌਲ ਨੂੰ ਭਾਂਪਦਿਆਂ ਇੱਕ ਕਾਊਂਟਰ ਤੇ ਬੈਠੇ ਕਾਲੇ ਕੋਲੋਂ ਇੱਕ ਡਾਲਰ ਦੇ ਚਾਰ ਟੋਕਨ ਖਰੀਦੇ ਅਤੇ ਉਸ ਦੇ ਦੱਸਣ ਮੁਜ਼ਬ ਇੱਕ ਕੈਬਨ ਮੂਹਰੇ

ਜਾ ਖੜ੍ਹਾ ਹੋਇਆ। ਉਥੇ ਇੱਕ ਬੰਦ ਖਿੜਕੀ ਕੋਲ ਬਣੀ ਵਿਰਲ ਜਿਹੀ ਉਤੇ ਲਿਖਿਆ ਹੋਇਆ ਸੀ 'ਟੋਕਨ ਇਥੇ ਪਾਓ'। ਟੋਕਨ ਪਾਉਂਦਿਆਂ ਹੀ ਖਿੜਕੀ 'ਚੋਂ ਟੀ. ਵੀ. ਦੀ ਸਕਰੀਨ ਕੁ ਜਿੱਡਾ ਧੁੰਦਲਾ ਸ਼ੀਸ਼ਾ ਪਰ੍ਹੇ ਹਟ ਗਿਆ ਅਤੇ ਉਸ ਕੋਲ ਮੂੰਹ ਕਰ ਕੇ ਇੱਕ ਮੁਟਿਆਰ ਨੇ 'ਹੈਲੋ' ਕਿਹਾ।

'ਕਿਹੜਾ ਦੇਸ਼ ਐ?' ਉਸ ਨੇ ਸਾਂਝ ਵਧਾਉਣ ਦੇ ਲਹਿਜ਼ੇ 'ਚ ਪੁੱਛਿਆ।

'ਭਾਰਤ' ਮੈਂ ਹੌਲੀ ਦੇਣੇ ਇਉਂ ਝਿਜਕਦਿਆਂ ਦੱਸਿਆ, ਜਿਵੇਂ ਇਹ ਕਹਿਣ ਨਾਲ ਮਹਾਨ ਮਦਰ ਇੰਡੀਆ ਦੇ ਪਵਿੱਤਰ ਨਾਂ ਨੇ ਪਤਿਤ ਹੋ ਜਾਣਾ ਹੋਵੇ।

'ਓਹ, ਮੈਨੂੰ ਭਾਰਤੀ ਬਹੁਤ ਚੰਗੇ ਲਗਦੇ ਨੇ ... ਟਿੱਪ ਦਿਓ' ਉਸ ਨੇ ਭਾਰਤੀਆਂ ਦੀ ਰਸਮੀ ਪਰਸੰਸਾ ਕਰਨ ਪਿੱਛੋਂ ਦੋ-ਹਰਫ਼ੀ ਕਾਰੋਬਾਰੀ ਗੱਲ ਕੀਤੀ। ਮੈਂ ਬੀਬਾ ਰਾਣਾ ਬਣ ਕੇ ਇੱਕ ਡਾਲਰ ਦਾ ਨੋਟ ਉਸ ਦੀ ਤਲੀ ਉਤੇ ਰੱਖਿਆ। ਦਿੱਲੀ ਦੀ ਜੀ. ਬੀ. ਰੋਡ ਵਾਲਾ ਸਹਿਮ ਅਜੇ ਵੀ ਮਨ ਵਿਚੋਂ ਨਿਕਲਿਆ ਨਹੀਂ ਸੀ ਕਿ ਜ਼ਰਾ ਵੀ ਚੂੰ-ਚਰਾਂ ਕੀਤੀ ਤਾਂ ਦੱਲੇ-ਗੁੰਡੇ ਚਾਕੂ ਲੈ ਕੇ ਦੁਆਲੇ ਹੋ ਜਾਣਗੇ। ਪਰ ਇਥੇ ਅਜਿਹਾ ਕੁੱਝ ਨਹੀਂ ਸੀ, ਐਵੇਂ ਮੇਰੇ ਮਨ ਦਾ ਵਹਿਮ ਸੀ। ਟਿੱਪ ਲੈ ਕੇ ਉਸ ਨਗਨ ਮੁਟਿਆਰ ਨੇ ਆਪਣਾ ਹਰੇਕ ਅੰਗ ਖੁਲ੍ਹੀ ਸਕਰੀਨ ਰਾਹੀਂ ਵਿਖਾਇਆ ਅਤੇ ਨਾਲ ਨਾਲ ਕਾਮੁਕ ਆਵਾਜ਼ਾਂ ਕਢਦੀ ਰਹੀ, ਜਿਵੇਂ ਉਹ ਕਾਮ ਦੇ ਪੰਜ ਭੱਠ ਤਾਪ ਨਾਲ ਹੂੰਗ ਰਹੀ ਹੋਵੇ।

'ਪੰਜ ਡਾਲਰ ਹੋਰ ਕੱਢ, ਜੇ ਹੱਥ ਫੇਰ ਕੇ ਵੇਖਣਾ ਹੈ ਤਾਂ ... ' ਇੱਕ ਮਿੰਟ ਦੇ ਖੇਲ ਪਿੱਛੋਂ ਉਸ ਨੇ ਗਰਮ ਲੋਹੇ ਤੇ ਇੱਕ ਹੋਰ ਸੱਟ ਮਾਰੀ। ਮੈਂ ਤੱਤੇ ਘਾਹ ਉਸ ਵੱਲ ਨੋਟ ਵਧਾਇਆ। ਹੱਥ ਤਾਂ ਉਸ ਤੇ ਮੈਂ ਫੇਰਨਾ ਸੀ ਪਰ ਇਸ ਦੀ ਥਾਂ ਪਲਾਂ 'ਚ ਹੀ ਉਸ ਨੇ ਮੇਰੇ ਹੱਥ ਉਤੇ ਜਿਸਮ ਫੇਰ ਦਿੱਤਾ। ਫਿਰ ਵੀ ਸੰਗਮਰਮਰੀ ਬਦਨ ਦੀ ਛੋਹ ਨਾਲ ਮੇਰੇ ਸਰੀਰ 'ਚ ਬਿਜਲੀ ਕੌਂਧ ਗਈ ਅਤੇ ਹੁਲਾਸ ਨਾਲ ਅੱਖਾਂ ਮੁੰਦੀਆਂ ਗਈਆਂ। ਅੱਖਾਂ ਖੁੱਲ੍ਹੀਆਂ ਤਾਂ ਖਿੜਕੀ ਬੰਦ ਹੋ ਚੁੱਕੀ ਸੀ। ਉਸ ਵੱਲ ਨੂਰ ਫੜ੍ਹਨ ਲਈ ਵਧੀ ਮੇਰੀ ਕਲਾਈ ਅਜੇ ਵੀ ਕੰਬ ਰਹੀ ਸੀ ਅਤੇ ਮੈਂ ਇਉਂ ਅਵਾਕ ਖੜ੍ਹਾ ਸਾਂ ਜਿਵੇਂ ਬੱਚੇ ਦੇ ਹੱਥ 'ਚੋਂ ਕਬੂਤਰ ਉੱਡ ਗਿਆ ਹੋਵੇ।

ਹਰੇਕ ਕੈਬਨ 'ਚ ਇਹੋ ਕੁੱਝ ਸੀ। ਨੰਗ-ਮੁਨੰਗੀਆਂ ਮੁਟਿਆਰਾਂ ਵਾਰ ਵਾਰ ਵੇਖਣ ਨਾਲ ਹੁਣ ਉਤੇਜਿਤ ਸੰਵੇਦਨਾਵਾਂ ਦਾ ਜਵਾਰਭਾਟਾ ਉਤਰ ਗਿਆ। ਹੁਣ ਮੈਂ ਸਿਆਲੂ ਹਵਾ ਵਾਂਗ ਸਹਿਜ ਸਹਿਜ ਵਗ ਰਿਹਾ ਸਾਂ। ਪੀਪ-ਸ਼ੋਅ 'ਚੋਂ ਬਾਹਰ ਨਿਕਲਿਆ ਤਾਂ ਸਾਹਮਣੇ ਇੱਕ 'ਨਿਊਡ ਕਲੱਬ' (ਰਨ-ਵੇ-69) ਦਿਸਿਆ। ਇਸ ਦੇ ਅੰਦਰ ਜਾਣ ਦੀ ਟਿਕਟ ਹੀ ਸੋਲ੍ਹਾਂ ਡਾਲਰ ਦੀ ਸੀ ਜੋ ਦੰਦਾਂ 'ਚ ਜੀਭ ਲੈ ਕੇ ਕਟਾ ਲਈ। ਕਾਊਂਟਰ ਤੇ ਬੈਠੀ ਕੁੜੀ ਨੇ ਮੇਰੀ ਜੈਕਟ ਅਤੇ ਟੋਪੀ ਲੁਹਾ ਕੇ ਪਰ੍ਹੇ ਟੰਗ ਦਿੱਤੀ, ਜਿਵੇਂ

Academy of the Punjab in North America: http://www.apnaorg.com

ਮੈਂ ਕਿਸੇ ਬਾਦਸ਼ਾਹ ਦੇ ਦਰਬਾਰ ’ਚ ਪੇਸ਼ ਹੋਣਾ ਹੋਵੇ। ਮੈਂ ਹਾਲ ’ਚ ਪਹਿਲਾ ਕਦਮ ਧਰਿਆ ਹੀ ਸੀ ਕਿ ਦੋ ਅੱਧ-ਨੰਗੀਆਂ ਮੁਟਿਆਰਾਂ ਨੇ ਮੁਸਕਰਾ ਕੇ ਮੈਨੂੰ ਜੀ-ਆਇਆਂ ਨੂੰ ਕਿਹਾ ਅਤੇ ਮੇਰੇ ਦੋਵੇਂ ਪਾਸੇ ਬਾਹਾਂ ’ਚ ਬਾਹਾਂ ਪਾਈ ਮੰਚ ਵੱਲ ਲੈ ਤੁਰੀਆਂ। ਪਲ ਦੀ ਪਲ ਮੈਨੂੰ ਜਾਪਿਆ ਜਿਵੇਂ ਮੈਂ ਪਟਿਆਲੇ ਵਾਲਾ ਭੂਪਾ ਹੋਵਾਂ। ਮੇਰੇ ਪੈਰ ਜਿਵੇਂ ਧਰਤੀ ਉਤੇ ਨਹੀਂ ਲੱਗ ਰਹੇ ਸਨ। ਉਹ ਮੁਟਿਆਰਾਂ ਜਿਵੇਂ ਮੇਰੇ ਖੰਭ ਸਨ ਅਤੇ ਮੈਂ ਦੇਵ ਲੋਕ ’ਚ ਉੱਡ ਰਿਹਾ ਸਾਂ।

ਹਾਲ ਦੇ ਵਿਚਕਾਰ ਬਣੇ ਮੰਚ ਦੇ ਦੋਹੀਂ ਪਾਸੀਂ ਬਿਲਕੁਲ ਨਾਲ ਘਸਾ ਕੇ ਡਾਹੀਆਂ ਕੁਰਸੀਆਂ ‘ਚੋਂ ਇੱਕ ਤੇ ਬਿਠਾਉਂਦਿਆਂ ਉਨ੍ਹਾਂ ‘ਕੱਠੀਆਂ ਨੇ ਇਕੋ ਆਵਾਜ਼ ’ਚ ਪੁੱਛਿਆ, ‘ਬੀਅਰ ਜਾਂ ਕੋਲਡ ਡਰਿੰਕ?’ ‘ਬੀਅਰ’ ਮੇਰੇ ਮੂੰਹੋਂ ਨਿਕਲਣ ਦੀ ਹੀ ਦੇਰ ਸੀ ਕਿ ਉਨ੍ਹਾਂ ਅੱਖ ਦੇ ਫੋਰ ਵਿੱਚ ਅੱਗੇ ਵੇਟਰ ਕੁੜੀ ਕੋਲ ਆਰਡਰ ਭੇਜ ਦਿੱਤਾ ਅਤੇ ਆਪ ਮੁਸਕਰਾ ਕੇ ਓ. ਕੇ. ਕਹਿੰਦੀਆਂ ਅਗਲੇ ਗਾਹਕ ਦੀ ਉਡੀਕ ਵਿੱਚ ਮੁੜ ਉਸੇ ਨੁੱਕਰ ਵਿੱਚ ਜਾ ਖੜ੍ਹੀਆਂ ਹੋਈਆਂ।

ਤੇਜ਼-ਤਰਾਰ ਸੰਗੀਤ ਚੱਲ ਰਿਹਾ ਸੀ। ਹਾਲ ਦੇ ਵਿਚਕਾਰ ਬਣੇ ਮੰਚ ਉਤੇ ਦੋ ਅਰਧ-ਨਗਨ ਮੁਟਿਆਰਾਂ ਮੇਲ੍ਹਦੀਆਂ ਫਿਰਦੀਆਂ ਸਨ। ਸੰਗੀਤ ਦੇ ਤਾਲ ਨਾਲ ਉਨ੍ਹਾਂ ਦੇ ਜਿਸਮ ਤੇਜੀ ਨਾਲ ਥਿਰਕ ਰਹੇ ਸਨ। ਇੱਕ ਇਕ ਕਰਕੇ ਉਨ੍ਹਾਂ ਬਲਾਉਜ਼, ਬਰਾ ਅਤੇ ਕੱਛੀ ਵੀ ਉਤਾਰ ਦਿੱਤੀ। ਮੰਚ ਦੇ ਐਨ ਨੇੜੇ ਬੈਠੇ ਦਰਸ਼ਕਾਂ ਕੋਲ ਉਹ ਵਾਰੋ ਵਾਰੀ ਜਾਂਦੀਆਂ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੀਆਂ, ‘ਤੂੰ ਕਿੱਥੋਂ ਆਇਆ ਏਂ? ਮੇਰਾ ਡਾਂਨਸ ਤੈਨੂੰ ਕਿਹੋ ਜਿਹਾ ਆਨੰਦ ਦੇ ਰਿਹਾ ਹੈ? ਤੂੰ ਬਹੁਤ ਹੈਂਡਸਮ ਹੈਂ।’ ਹਰੇਕ ਦਰਸ਼ਕ ਇਨਾਮ ਵਜੋਂ ਇੱਕ ਨੋਟ ਉਨ੍ਹਾਂ ਦੇ ਪੱਟ ਉਤੇ ਚੜ੍ਹਾਈ ਲਾਸਟਕ ਵਿੱਚ ਟੁੰਗ ਦਿੰਦਾ। ਇਵਜ਼ ਵਿੱਚ ਉਹ ਆਪਣੀਆਂ ਛਾਤੀਆਂ ਦਰਸ਼ਕ ਦੇ ਮੱਥੇ ਨੂੰ ਛੁਹਾ ਦਿੰਦੀਆਂ। ਉਹ ਆਪਣੇ ਹਰੇਕ ਅੰਗ ਦਾ ਪ੍ਰਦਰਸ਼ਨ ਬੜੇ ਨਿੱਝਕ ਰੂਪ ’ਚ ਕਰਦੀਆਂ ਸਨ। ਕੂਲੇ ਮੰਚ ਉਤੇ ਤਿਲਕਦੀਆਂ ਉਹ ਇੱਕ ਸਿਰੇ ਤੋਂ ਦੂਜੇ ਵੱਲ ਜਾਂਦੀਆਂ। ਬੀਅਰ ਦੀ ਹਲਕੀ ਜਿਹੀ ਲੋਰ ਅਤੇ ਮੁਟਿਆਰਾਂ ਦੇ ਗਦਰਾਏ ਜਿਸਮਾਂ ਦੇ ਸੇਕ ਨਾਲ ਮੇਰੇ ਖ਼ੂਨ ਦੀ ਗਤੀ ਤੇਜ਼ ਹੋ ਗਈ ਅਤੇ ਕਲਪਨਾ ਹੁਸਨ ਦੇ ਸਾਗਰ ਵਿੱਚ ਤਾਰੀਆਂ ਲਾਉਣ ਲੱਗੀ। ਸੰਗੀਤ ਦੀ ਤਾਲ ਸਿਖ਼ਰ ਉਤੇ ਪਹੁੰਚੀ। ਕਾਮੁਕ ਅਦਾਵਾਂ ਕਰਦੀਆਂ ਅਤੇ ਸਿਸਕੀਆਂ ਦੀ ਆਵਾਜ਼ ਕਢਦੀਆਂ ਸੁੰਦਰੀਆਂ ਨੇ ਆਪਣਾ ਸਭ ਕੁੱਝ ਜਿਵੇਂ ਮੰਚ ਉਤੇ ਪਲਟ ਦਿੱਤਾ। ਦਰਸ਼ਕਾਂ ਦੇ ਸਾਹ ਸੂਤੇ ਗਏ ਅਤੇ ਸਰੀਰਾਂ ’ਚ ਬਿਜਲੀਆਂ ਕੌਂਧ ਗਈਆਂ। ਸੰਗੀਤ ਦੀ ਤਾਨ ਟੁੱਟੀ। ਕੁੜੀਆਂ ਮੰਚ ਤੋਂ ਉੱਤਰ ਕੇ ਆਪਣੇ ਨਿੱਕੇ ਵਸਤਰ ਸੰਭਾਲ ਕੇ ਪਰਦੇ

Academy of the Punjab in North America: http://www.apnaorg.com

ਉਹਲੇ ਹੋ ਗਈਆਂ। ਫੇਰ ਸੰਗੀਤ ਦੀ ਮੱਧਮ ਤਾਨ ਛਿੜੀ ਅਤੇ ਦੋ ਨਵੀਆਂ ਮੁਟਿਆਰਾਂ ਮੰਚ ਤੇ ਆ ਗਈਆਂ। ਫੇਰ ਉਹੀ ਸਿਲਸਲਾ ਮੁਸੱਲਸਲ ਚੱਲ ਪਿਆ।

ਮੈਨੂੰ ਉਨ੍ਹਾਂ ਦੀ ਸਭ ਤੋਂ ਅੱਗੇ ਬਿਠਾਉਣ ਦੀ ਚਾਲ ਹੁਣ ਸਮਝ ਆਈ। ਮੂਹਰਲੀ ਕਤਾਰ ਵਾਲਿਆਂ ਨੂੰ ਹਰੇਕ ਕੁੜੀ ਦੀ ਲਾਸਟਕ ਵਿੱਚ ਵੱਧ ਡਾਲਰ ਟੁੰਗਣੇ ਪੈਂਦੇ ਸਨ। ਮੇਰੇ ਵਰਗਾ ਤਾਂ ਇੱਕ ਦੋ ਜੋੜੀਆਂ ਦੀ ਧੰਗੋੜ ਹੀ ਮਸਾਂ ਝਲਦਾ ਸੀ, ਫਿਰ ਆਪੇ ਹੀ ਪਿਛਲੀ ਕਤਾਰ ਵਿੱਚ ਖਿਸਕ ਜਾਂਦਾ ਸੀ। ਮੰਚ ਉਤੇ ਆਪਣੀ ਵਾਰੀ ਭੁਗਤਾ ਚੁੱਕੀਆਂ ਮੁਟਿਆਰਾਂ ਫੇਰ ਨਿੱਕੇ ਵਸਤਰ ਪਹਿਨ ਕੇ ਦਰਸ਼ਕਾਂ ਵਿਚੋਂ ਆਪਣੇ ਮਨ-ਪਸੰਦ, ਜਿਸ ਨੇ ਵੱਧ ਡਾਲਰ ਵਾਰੇ ਹੁੰਦੇ ਸਨ, ਕੋਲ ਆ ਬੈਠਦੀਆਂ।

ਮੁਸਕਰਾ ਕੇ ਮੇਰੇ ਪੱਟਾਂ ਉਤੇ ਆ ਬੈਠੀ ਇੱਕ ਛਮਕ ਜਿਹੀ ਕੁੜੀ ਨੇ ਬੜੇ ਲੁਭਾਉਣੇ ਢੰਗ ਨਾਲ ਪੁੱਛਿਆ, ‘ਮੇਰੇ ਨਾਲ ਪ੍ਰਾਈਵੇਟ ਡਾਂਨਸ ਲਈ ਚੱਲੇਂਗਾ?’

‘ਅਜੇ ਨਹੀਂ? ਕੁੱਝ ਠਹਿਰ ਕੇ?’ ਮਾਹੌਲ ਤੋਂ ਕੁੱਝ ਵਾਕਫ਼ ਹੋ ਚੁੱਕਿਆ ਹੋਣ ਕਰ ਕੇ ਮੈਂ ਉਸ ਨੂੰ ਟਰਕਾਉਣ ਲਈ ਕਿਹਾ। ਉਹ ‘ਥੈਂਕਸ’ ਕਹਿ ਕੇ ‘ਬਾਏ’ ਕਰਦਿਆਂ ਹੋਰ ‘ਸ਼ਿਕਾਰ’ ਲੱਭਣ ਲੱਗ ਪਈ। ਉਸ ਤੋਂ ਪਿੱਛੋਂ ਇੱਕ ਹੋਰ ਨੇ ਉਹੀ ਸਵਾਲ ਫੇਰ ਕੀਤਾ ਤਾਂ ਮੈਂ ਉਨ੍ਹਾਂ ਵਾਂਗ ਹੀ ਕਾਰੋਬਾਰੀ ਲਹਿਜ਼ੇ ਵਿੱਚ ਭਾਅ ਮੁਕਾਉਣ ਲਈ ਪੁੱਛਿਆ, ‘ਪ੍ਰਾਈਵੇਟ ਡਾਂਸ ਦੇ ਕਿੰਨੇ ਪੈਸੇ?’

‘ਬੱਸ ਕੇਵਲ ਵੀਹ ਡਾਲਰ’ ਉਸ ਨੇ ਮੇਰੀ ਧੌਣ ਉਤੋਂ ਦੀ ਬਾਂਹ ਵਲਦਿਆਂ ਆਪਣਾ ਸ਼ਿਕੰਜਾ ਹੋਰ ਕੱਸਿਆ।

‘ਚਲ ਠੀਕ ਹੈ’, ਮੈਂ ਕੁੱਝ ਪਿਘਲਦਿਆਂ ਅਤੇ ਕੁੱਝ ਨਵਾਂ ਤਜ਼ਰਬਾ ਲੈਣ ਦੇ ਚਾਅ ਵਿੱਚ ਹਾਮੀ ਭਰ ਬੈਠਾ।

‘ਮੇਰੇ ਲਈ ਇੱਕ ਬੀਅਰ ਦਾ ਪੈੱਗ ਨਹੀਂ ਮੰਗਵਾਉਗੇ?’ ਉਸ ਨੇ ਮੇਰਾ ਜਵਾਬ ਉਡੀਕਣ ਤੋਂ ਪਹਿਲਾਂ ਹੀ ਵੇਟਰ ਕੁੜੀ ਨੂੰ ਇਸ਼ਾਰਾ ਕੀਤਾ। ਉਹ ਝੱਟ ਆ ਗਈ। ਫੁੱਲਾਂ ਦੀ ਡਾਲ ਨਾਲ ਸ਼ਿੰਗਾਰੇ ਕਿਨਾਰੇ ਵਾਲਾ ਮੱਘ ਪੀਣ ਦੀ ਘੱਟ ਅਤੇ ਜਲਵੇ ਦੀ ਵਸਤ ਵੱਧ ਜਾਪਦਾ ਸੀ। ਉਹੀ ਗੱਲ ਹੋਈ ਉਸ ਨੇ ਬੀਅਰ ਦੇ ਮੱਘ ‘ਚੋਂ ਇੱਕ ਚੁਸਕੀ ਲਈ ਅਤੇ ਫੇਰ ਮੇਜ਼ ਉਤੇ ਰਖਦਿਆਂ ਮੈਨੂੰ ਇੱਕ ਕੈਬਨ ਵੱਲ ਚੱਲਣ ਦਾ ਇਸ਼ਾਰਾ ਕੀਤਾ। ਕੈਬਨ ’ਚ ਜਾ ਕੇ ਉਹ ਮੇਰੇ ਨਾਲ ਇਉਂ ਘਸਰਨ ਲੱਗੀ ਜਿਵੇਂ ਉਤੇਜਨਾ ਨਾਲ ਉਸ ਦਾ ਅੰਗ ਅੰਗ ਮੱਚ ਉਠਿਆ ਹੋਵੇ। ਜੇ ਮੈਂ ਹੁੰਘਾਰੇ ਵਜੋਂ ਉਸ ਨੂੰ ਕਲਾਵੇ ’ਚ ਲੈਣ ਲੱਗਦਾ ਤਾਂ ਉਹ ਛੜੱਪਾ ਮਾਰ ਕੇ ਪਰ੍ਹੇ ਜਾ ਖਲੋਂਦੀ, ‘ਨੋਹ ਫਾਊਲ ਪਲੀਜ਼, ਇਹ ਤਾਂ ਹੀ ਜੇ ਪਹਿਲਾਂ ਰਾਤ ਲਈ ਪੇਮੈਂਟ ਕਰੇਂਗਾ’ ਉਹ ਕੋਰਾ-ਕਰਾਰਾ ਜਵਾਬ ਦਿੰਦੀ ‘ਨਾਰਮਲ’ ਹੋ ਕੇ ਖੜ੍ਹ ਜਾਂਦੀ।

Academy of the Punjab in North America: http://www.apnaorg.com

ਤਾਂ ਕੀ ਉਸ ਦੀ ਉਤੇਜਨਾ ਮਹਿਜ਼ ਇੱਕ ਅਦਾਕਾਰੀ ਸੀ? ਇਹ ਜਾਨਣ ਲਈ ਮੈਂ ਪੁੱਛਿਆ, 'ਤੈਨੂੰ ਕੋਈ ਉਕਸਾਹਟ ਨਹੀਂ ਹੋ ਰਹੀ?'

'ਨਹੀਂ, ਕੀ ਤੈਨੂੰ ਹੋ ਰਹੀ ਹੈ?' ਉਸ ਨੇ ਮੁਸਕਰਾ ਕੇ ਮੋੜਵਾਂ ਪ੍ਰਸ਼ਨ ਕੀਤਾ।

'ਹਾਂ' ਮੈਂ ਕਿਹਾ ਤਾਂ ਉਹ ਖਿੜ ਖਿੜ ਕਰ ਕੇ ਹੱਸ ਪਈ।

'ਜਦ ਅਸੀਂ ਇੱਕ ਦੂਜੇ ਨੂੰ ਜਾਣਦੇ ਤੱਕ ਨਹੀਂ ਤਾਂ ਉਕਸਾਹਟ ਕੈਸੀ?' ਉਸ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ। ਮੈਨੂੰ ਉਸ ਦੇ ਅਜਿਹੇ ਤਰਕ ਦੀ ਸਮਝ ਨਾ ਆਈ ਪਰ ਉਸ ਨੇ ਵੀ ਇਸ ਗੱਲ ਦੀ ਹੋਰ ਵਿਆਖਿਆ ਕਰਨੀ ਮੁਨਾਸਬ ਨਾ ਸਮਝੀ। ਉਸ ਨੇ ਮਿਥੇ ਸਮੇਂ ਦੇ ਪੰਜ ਮਿੰਟ ਖਤਮ ਹੋਣ ਬਾਰੇ ਦੱਸਿਆ ਤੇ ਮੇਰੀ ਬਾਂਹ ਫੜ੍ਹ ਕੇ ਕੈਬਨ 'ਚੋਂ ਨਿਕਲ ਤੁਰੀ।

'ਇਹ ਕਿਸ ਕਿਸਮ ਦਾ ਡਾਂਸ ਸੀ?' ਮੈਂ ਭੋਚੱਕਾ ਜਿਹਾ ਹੋਇਆ ਉਸ ਨਾਲ ਤੁਰ ਪਿਆ, ਜਿਵੇਂ ਪਹਿਲਾ ਝੂਟਾ ਲੈਣ ਤੋਂ ਪਹਿਲਾਂ ਹੀ ਪੀਂਘ ਦਾ ਰੱਸਾ ਟੁੱਟ ਗਿਆ ਹੋਵੇ।

ਮੈਂ ਆਪਣੀ ਸੀਟ ਉਤੇ ਬੈਠਾ ਤਾਂ ਉਸ ਨੇ ਸੈਨਤ ਨਾਲ ਵੇਟਰ ਕੁੜੀ ਨੂੰ ਵੀ ਸੱਦ ਲਿਆ। 'ਇਸ ਨੂੰ ਵੀਹ ਡਾਲਰ ਟਿੱਪ ਦਿਓ।' ਉਸ ਨੇ ਜਾਂਦੇ ਚੋਰ ਦੀ ਲੰਗੋਟੀ ਲਾਹੁਣ ਲਈ ਬੜੇ ਸਪੱਸ਼ਟ ਸ਼ਬਦਾਂ 'ਚ ਕਿਹਾ। ਫਸੀ ਤਾਂ ਫਟਕਣ ਕੇਹਾ, ਮੈਂ ਉਸ ਦੀ ਟਰੇਅ ਵਿੱਚ ਵੀਹ ਡਾਲਰ ਰੱਖ ਦਿੱਤੇ।

'ਮੇਰੀ ਪੇਮੈਂਟ?' ਉਸ ਨੇ ਫੇਰ ਤਲੀ ਅੱਡ ਲਈ।

ਤੈਹ ਹੋਏ ਸੌਦੇ ਮੁਤਾਬਕ ਮੈਂ ਉਸ ਦੀ ਤਲੀ ਉਤੇ ਵੀ ਵੀਹ ਡਾਲਰ ਰੱਖ ਦਿੱਤੇ।

'ਟਿੱਪ?' ਉਸ ਦੀ ਭੁੱਖੀ ਤਲੀ ਅਜੇ ਪੱਸਰੀ ਹੋਈ ਸੀ। ਮੈਂ ਦਿਲ ਤੇ ਪੱਥਰ ਰੱਖ ਕੇ ਪੰਜ ਕੁ ਡਾਲਰ ਹੋਰ ਭੇਂਟ ਕਰ ਦਿੱਤੇ।

'ਜੇ ਮੈਨੂੰ ਰਾਤ ਲਈ ਲੈ ਕੇ ਜਾਣਾ ਹੈ ਤਾਂ ਦੋ ਸੌ ਡਾਲਰ ਲੱਗਣਗੇ, ਠੀਕ ਹੈ?' ਉਹ ਹੁਣ ਉਂਗਲ ਫੜ੍ਹ ਕੇ ਪੌਂਚਾ ਫੜ੍ਹ ਰਹੀ ਸੀ।

'ਨਹੀਂ, ਸ਼ੁਕਰੀਆ, ਮੇਰੀ ਜੇਬ ਖਾਲੀ ਹੋ ਗਈ ਐ', ਮੈਂ ਕੱਚਾ ਜਿਹਾ ਹੋ ਕੇ ਹੱਸਦਿਆਂ ਉਸ ਤੋਂ ਖਹਿੜਾ ਛੁਡਾਉਣ ਲਈ ਸੱਚ ਬੋਲਿਆ। ਉਸ ਨੇ ਮੰਨ ਵੀ ਲਿਆ। ਉਸ ਨੇ ਇੱਤ ਦੇ ਤਜ਼ਰਬੇ ਕਰ ਕੇ ਭਾਂਪ ਲਿਆ ਸੀ ਕਿ ਇਨ੍ਹਾਂ ਤਿਲਾਂ 'ਚ ਹੁਣ ਹੋਰ ਤੇਲ ਨਹੀਂ। ਫੇਰ ਉਹ ਬੋਲਾਂ 'ਚ ਸ਼ਹਿਦ ਭਰ ਕੇ ਹਮਦਰਦੀ ਕਰਦਿਆਂ ਬੋਲੀ, 'ਓਹ ... ਸੌਰੀ ... ਤੇਰੇ ਵਾਂਗ ਮੇਰੇ ਕੋਲ ਵੀ ਪੈਸੇ ਦੀ ਕਿੱਲਤ ਹੀ ਰਹਿੰਦੀ ਐ, ਮੈਂ ਯੂਨੀਵਰਸਿਟੀ 'ਚ ਮੈਡੀਕਲ ਦੀ ਪੜ੍ਹਾਈ ਕਰਦੀ ਆਂ, ਇਹ 'ਜੌਬ' ਮੈਂ ਤਾਂ ਕਰਦੀ ਆਂ, ਕਿਉਂਕਿ ਘੱਟ ਸਮੇਂ ਵਿੱਚ ਚੰਗੇ ਪੈਸੇ ਬਣ ਜਾਂਦੇ ਹਨ। ਵੀਕ-ਐਂਡ ਤੇ ਦੋ ਰਾਤਾਂ ਕੰਮ ਕਰ

Academy of the Punjab in North America: http://www.apnaorg.com

ਕੇ ਮੈਂ ਇੱਕ ਵੀਕ ਦੇ ਖਰਚ ਦਾ ਪ੍ਰਬੰਧ ਕਰ ਲੈਂਦੀ ਆਂ, ਇਹ ਜੌਬ 'ਇਨਜੁਆਏਬਲ' ਵੀ ਹੈ। ਆਈ ਹੋਪ ਯੂ ਆਲਸੋ ਇਜਾਏਡ। ਉਹ ਚਹਿਕ ਚਹਿਕ ਦੱਸ ਰਹੀ ਸੀ। ਮੈਨੂੰ ਉਸ ਦੀ ਗੱਲ ਉਤੇ ਸੱਚ ਨਾ ਆਇਆ, ਸਗੋਂ ਇਹ ਛਿੱਲ ਲਾਹੁਣ ਲਈ ਇੱਕ ਹੋਰ ਚਾਲ ਹੀ ਜਾਪੀ।

ਭਾਵੇਂ ਉਮਰ ਅਤੇ ਚਿਹਰੇ ਦੀ ਤਾਜ਼ਗੀ ਤੋਂ ਇਹ ਮੁਟਿਆਰਾਂ ਸੱਚਮੁੱਚ ਹੀ ਕਾਲਜ ਜਾਂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਜਾਪਦੀਆਂ ਸਨ ਪਰ ਸੱਚ ਸ਼ਾਇਦ ਇਹੀ ਸੀ ਕਿ ਉਹ 'ਪ੍ਰੋਫੈਸ਼ਨਲ' ਹੀ ਸਨ। ਉਨ੍ਹਾਂ ਦੇ ਵਰਤ-ਵਰਤਾਅ ਵਿੱਚ 'ਗਸ਼ਤੀਆਂ' ਵਾਲੀ ਨਿਝੱਕਤਾ ਸੀ। ਉਨ੍ਹਾਂ ਵਿੱਚ ਕਈਆਂ ਨੇ ਛਾਤੀਆਂ ਦੇ ਨਿੱਪਲਾਂ, ਧੁੰਨੀ ਅਤੇ ਯੋਨੀ ਨੂੰ ਵਿਨ੍ਹਾ ਕੇ ਨਿੱਕੇ ਨਿੱਕੇ ਗਹਿਣੇ ਪਾਏ ਹੋਏ ਸਨ। ਇਨ੍ਹਾਂ ਮੁਟਿਆਰਾਂ ਵਿੱਚ ਵੰਨਗੀ ਵਜੋਂ ਵੱਖ ਵੱਖ ਨਸਲਾਂ, ਰੰਗਾਂ ਅਤੇ ਕੱਦ-ਬੁੱਤ ਵਾਲੀਆਂ ਸਨ ਤਾਂ ਕਿ ਹਰੇਕ ਗਾਹਕ ਆਪਣੀ ਮਨ-ਪਸੰਦ ਦੀ ਚੋਣ ਕਰ ਸਕੇ।

ਮੈਨੂੰ ਰਾਤ ਵਾਸਤੇ ਭਰਮਾਉਣ ਲਈ ਉਸ ਮੁਟਿਆਰ ਨੇ ਹਰੇਕ ਯਤਨ ਕੀਤਾ, ਪਰ ਮੇਰੇ ਲਈ ਇਹ ਸੰਭਵ ਹੀ ਨਹੀਂ ਸੀ ਕਿ ਦੋ ਸੌ ਡਾਲਰ ਉਸ ਨੂੰ ਦੇਵਾਂ, ਹੋਟਲ ਬੁੱਕ ਕਰਵਾਵਾਂ, ਪੂਰੀ ਰਾਤ ਲਈ ਖਾਣੇ-ਦਾਣੇ ਦਾ ਖਰਚ ਝੱਲਾਂ। ਮੈਂ ਤਾਂ ਜੇਬ ਵਿਚਲੇ ਸੌ ਕੁ ਡਾਲਰ ਨੂੰ ਪਹਿਲਾਂ ਹੀ ਫੂਕ ਮਾਰ ਚੁੱਕਾ ਸਾਂ। ਵਾਪਸ ਮੁੜਨ ਲਈ ਮਸਾਂ ਟਰੇਨ ਦਾ ਕਿਰਾਇਆ ਹੀ ਬਚਿਆ ਸੀ। ਭੁੱਖ ਵੀ ਚਮਕ ਉੱਠੀ ਸੀ ਪਰ ਅੱਜ ਫਾਕਾ ਹੀ ਕੱਟਣਾ ਪੈਣਾ ਸੀ। ਇਸ ਜਸ਼ਨ ਦੇ ਖਰਚ ਨੂੰ ਪੈਸਿਆਂ 'ਚ ਬਦਲ ਕੇ ਵੇਖਿਆ ਤਾਂ ਲਗਪੱਗ ਚਾਰ ਹਜ਼ਾਰ ਨੂੰ ਥੁੱਕ ਲੱਗ ਚੁੱਕਿਆ ਸੀ। ਇਹ ਸੋਚ ਕੇ ਮੇਰੇ ਦਿਲ ਨੂੰ ਹੌਲ ਜਿਹਾ ਪਿਆ।

ਭਾਵੇਂ ਇਹ ਹੁਸਨ ਦਾ ਬਾਜ਼ਾਰ ਸਵੇਰ ਦੇ ਚਾਰ ਵਜੇ ਤੱਕ ਗਰਮ ਰਹਿਣਾ ਸੀ ਪਰ ਮੈਂ ਤਾਂ ਬਰਫ਼ 'ਚ ਲੱਗ ਚੁੱਕਿਆ ਸੀ। ਮੇਰੀ ਹਾਲਤ ਤਾਂ 'ਪੈਸਾ ਹੈ ਨਈਂ ਪੱਲੇ ਨੀ ਗੁਟ੍ਹਾਰ ਵਾਂਗੂੰ ਝਾਕਦਾ' ਵਾਲੀ ਸੀ, ਮੈਂ ਹੋਰ ਇਥੇ ਬੈਠ ਕੇ ਕੀ ਕਰਨਾ ਸੀ। ਮੈਂ ਬਾਹਰ ਨਿਕਲ ਕੇ ਲੋਕਲ ਟਰੇਨ ਦੇ ਸਟੇਸ਼ਨ ਵੱਲ ਤੁਰਿਆ ਤਾਂ ਥੋੜ੍ਹੀ ਦੂਰ ਜਾ ਕੇ ਸੜਕ ਕਿਨਾਰੇ ਲੋਕ ਇਉਂ ਜੁੜੇ ਖੜ੍ਹੇ ਸਨ ਜਿਵੇਂ ਮਦਾਰੀ ਦਾ ਖੇਲ ਵੇਖ ਰਹੇ ਹੋਣ। ਜਗਿਆਸਾ ਵੱਸ ਮੈਂ ਅੱਗੇ ਹੋ ਕੇ ਝਾਤੀ ਮਾਰੀ ਤਾਂ ਵੇਖਿਆ ਕਿ ਮਾਲਸ਼ ਕਰਨ ਵਾਲੇ ਆਪਣੇ ਕੰਮ 'ਚ ਜੁਟੇ ਹੋਏ ਸਨ। ਉਨ੍ਹਾਂ ਨੂੰ ਵੇਖਣ ਵਾਲੇ ਤਮਾਸ਼ਬੀਨਾਂ ਦੀ ਗਹਿਮਾ-ਗਹਿਮੀ ਸੀ। ਇਹ ਤਮਾਸ਼ਾ ਤਾਂ ਮੁਫ਼ਤ ਵਿੱਚ ਹੀ ਵੇਖਿਆ ਜਾ ਸਕਦਾ ਸੀ। ਮੇਰੇ ਪੈਰ ਵੀ ਅਟਕ ਗਏ। ਚਲੋ ਖੁਦ ਜੰਨ ਚੜ੍ਹਿਆ ਨਹੀਂ ਸੀ ਜਾ ਸਕਦਾ ਤਾਂ ਜੰਨ ਚੜ੍ਹਦੇ ਤਾਂ ਵੇਖੇ ਹੀ ਜਾ ਸਕਦੇ ਸਨ। ਮਾਲਸ਼ ਕਰਾਉਣ ਵਾਲੇ ਤਾਂ ਸਾਰੇ ਮਰਦ ਹੀ ਸਨ, ਪਰ ਕਰਨ ਵਾਲਿਆਂ 'ਚ ਦੋ ਜਰਵਾਣੀਆਂ ਜ਼ਨਾਨੀਆਂ ਵੀ

ਸਨ। ਆਪਣੇ ਕਿਸਬ ਵਿੱਚ ਉਹ ਇੰਨੇ ਮਾਹਿਰ ਸਨ ਕਿ ਮਿੰਟਾਂ ’ਚ ਹੀ ਗਾਹਕ ਦੇ ਪਿੰਡੇ ‘ਚੋਂ ਭਾਫ਼ਾਂ ਨਿਕਲਣ ਲਾ ਦਿੰਦੇ ਸਨ ਅਤੇ ਆਪ ਵੀ ਮੁੜ੍ਹਕੋ-ਮੁੜ੍ਹਕੀ ਹੋ ਜਾਂਦੇ ਸਨ। ਜੇ ਕੋਈ ਕੱਪੜਿਆਂ ਦੀ ਰਾਖੀ ਲਈ ਨਾਲ ਹੁੰਦਾ, ਜੇਬ ’ਚ ਕੁੱਝ ਡਾਲਰ ਹੁੰਦੇ ਤਾਂ ਅੱਜ ਗੰਨੇ ਦੀ ਇਸ ਸੁਆਦ ਪੋਰੀ ਦੇ ਨੂੰ ਵੀ ਚੱਖ ਕੇ ਵੇਖ ਹੀ ਲੈਣਾ ਸੀ। ਪਰ ਆਪਣੀ ਹਾਲਤ ਤਾਂ ‘ਨੰਗ ਪੁੱਤ ਚੋਰਾਂ ਨਾਲ ਖੇਡੇ’ ਵਾਲੀ ਸੀ। ਹੁਣ ਮੈਂ ਬੇਫ਼ਿਕਰ ਸਾਂ। ਕਿਸੇ ਕਾਲੇ ਕੋਲੋਂ ਲੁੱਟੇ ਜਾਣ ਦਾ ਕੋਈ ਭੈਅ ਨਹੀਂ ਸੀ। ਲੁੱਟਣ ਵਾਲਿਆਂ ਨੇ ਤਾਂ ਪਹਿਲਾਂ ਹੀ ਪੱਲੇ ਕੱਖ ਨਹੀਂ ਸੀ ਛੱਡਿਆ। ਜਵਾਲੇ ਸ਼ਾਹ ਹੁਣ ਨੰਗ-ਭੜੰਗ ਸੀ ਮਜ਼ੇ ਨਾਲ ਟਰੇਨ ਦੀ ਸੀਟ ਉਤੇ ਪਸਰ ਕੇ ਬੈਠਾ ਸੀ।

## ਘਰ ਦੇ ਨਾ ਘਾਟ ਦੇ

ਬੈੱਲ ਹੋਈ। ਮੈਂ ਕਾਹਲੀ ਨਾਲ ਬਾਹਰਲਾ ਬੂਹਾ ਖੋਲ੍ਹਿਆ। ਜਾਪਦਾ ਸੀ ਕਿ ਇਹ ਉਹੀ ਹੈ ਜਿਸ ਨੇ ਮੈਨੂੰ ਨਿਊਜਰਸੀ ਲੈ ਕੇ ਜਾਣਾ ਸੀ।

‘ਤੁਸੀਂ ਓ ਧਾਲੀਵਾਲ ਸਾਹਿਬ’ ਮੇਰੇ ਵਾਂਗ ਹੀ ਉਸ ਨੇ ਵੀ ਅੰਦਾਜ਼ਾ ਲਾਉਂਦਿਆਂ ਪੁਛਿਆ ਅਤੇ ਮੁਸਕੜੀਏਂ ਹੱਸਿਆ।

‘ਹਾਂ … ਜੀ’, ਮੈਂ ਉਸ ਨੂੰ ਅੰਦਰ ਲੰਘ ਆਉਣ ਲਈ ਆਖਿਆ।

‘ਹੱਛਾ … ਜੀ … ਪਰ …?’ ਉਸ ਦੀਆਂ ਨਜ਼ਰਾਂ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਟੋਹਿਆ।

Academy of the Punjab in North America: http://www.apnaorg.com

'ਪਰ ... ਕੀ ... ਮੈਂ ਨੀ ਹੋ ਸਕਦਾ ਧਾਲੀਵਾਲ?' ਉਸ ਦੀ ਬੇਲੋੜੀ ਹੈਰਾਨੀ ਮੇਰੇ ਲਈ ਬੁਝਾਰਤ ਬਣ ਗਈ।

'ਪਰ ਬਾਈ ਜੀ ਦੇਵਿੰਦਰ ਤਾਂ ਆਖਦਾ ਸੀ ਕਿ ਧਾਲੀਵਾਲ ਸਾਹਿਬ ਕੋਈ ਬੁੱਢਾ-ਠੇਰਾ ਜਿਹਾ ਹੋਵੇਗਾ' ਉਸ ਨੇ ਗੁੱਥੀ ਸੁਲਝਾਈ। ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਇਹੀ ਭੁਲੇਖਾ ਜਿਹੜਾ ਹੁਣ ਘਡਾਣੀ ਵਾਲੇ ਕਾਕੇ ਨੂੰ ਪਿਆ ਸੀ, ਪਹਿਲਾਂ ਵੀ ਇੱਕ ਦੋਹਾਂ ਨੂੰ ਪੈ ਚੁਕਿਆ ਸੀ। ਰਾਣੀ ਨਗੇਂਦਰ ਨੇ ਵੀ ਫੋਨ 'ਚ ਮੇਰੀ ਆਵਾਜ਼ ਸੁਣ ਕੇ ਇਹੀ ਅੰਦਾਜ਼ਾ ਲਾਇਆ ਸੀ। ਇੱਕ ਦਿਨ ਜਦ ਮੈਂ ਸ਼ਿਕਾਗੋ ਭੁਪਿੰਦਰ ਪ੍ਰੀਤ ਨੂੰ ਫੋਨ ਕੀਤਾ ਤਾਂ ਉਸ ਦੀ ਮੇਜ਼ਬਾਨ ਵੱਲੋਂ ਪ੍ਰੀਤ ਨੂੰ ਕਹੀ ਗੱਲ ਮੈਨੂੰ ਸੁਣ ਗਈ ਸੀ, 'ਪ੍ਰੀਤ ਤੇਰਾ ਫੋਨ ਐ, ਨਿਊਯਾਰਕ ਤੋਂ ਕੋਈ ਬੁੱਢਾ ਜਿਹਾ ਇਉਂ ਬੋਲ ਰਿਹੈ ਜਿਵੇਂ ਗਰਾਰੀਆਂ ਦੇ ਦੰਦੇ ਘਸੇ ਹੋਣ।'

'ਬਾਈ ਜੀ ਜੇ ਤੁਸੀਂ ਹੀ ਧਾਲੀਵਾਲ ਹੋ ਤਾਂ ਰਾਤ ਸਾਥੋਂ ਬੜੀ ਵੱਡੀ ਗ਼ਲਤੀ ਹੋ ਗਈ ... ਚਲੋ ਖੈਰ ਉਸ ਦੀ ਸਜ਼ਾ ਤਾਂ ਸਾਨੂੰ ਪਹਿਲਾਂ ਹੀ ਮਿਲ ਗਈ ਐ' ਕਾਕੇ ਨੇ ਇੱਕ ਹੋਰ ਬੁਝਾਰਤ ਪਾ ਦਿੱਤੀ।

'ਕੀ ਹੋ ਗਿਆ ਰਾਤ?' ਮੈਂ ਅੰਦਰ ਲੰਘ ਆਏ ਕਾਕੇ ਦੇ ਸਾਹਮਣੇ ਸੋਫ਼ੇ ਤੇ ਬੈਠਦਿਆਂ ਪੁਛਿਆ।

'ਬਾਈ ਜੀ ਗੁੱਸਾ ਨਾ ਕਰਿਓ, ਦੱਸ ਤਾਂ ਦਿੰਨੈਂ। ਮੈਂ ਤੇ ਦੇਵਿੰਦਰ ਰਾਤ ਵੀ ਨਿਊਯਾਰਕ ਆਏ ਸੀ। ਇੱਕ ਵਿਆਹ ਦੀ ਪਾਰਟੀ ਸੀ। ਨਹੀਂ ਤਾਂ ਸੋਨੂੰ ਵੀ ਰਾਤ ਹੀ ਨਾਲ ਚੜ੍ਹਾ ਕੇ ਲੈ ਜਾਂਦੇ ਪਰ ਦੇਵਿੰਦਰ ਕਹਿੰਦਾ ਕਿ ਕਾਕਾ, ਧਾਲੀਵਾਲ ਤਾਂ ਕੋਈ ਯੂਨੀਵਰਸਿਟੀ ਦਾ ਪ੍ਰੋਫੈਸਰ ਐ, ਬੁੱਢਾ ਠੇਰਾ ਜਿਹਾ ਹੋਊਗਾ, ਟੈਲੀਫ਼ੋਨ 'ਚ ਆਵਾਜ਼ ਵੀ ਥੱਕੀ ਜਿਹੀ ਜਾਪਦੀ ਸੀ। ਐਵੇਂ ਆਪਣੇ ਰੰਗ 'ਚ ਭੰਗ ਪਾਊ। ਘੁੱਟ ਲਾ ਕੇ ਅੱਜ ਡਾਂਸ-ਡੂਨਸ ਕਰਾਂਗੇ ਤੇ ਥਕੇਵਾਂ ਲਾਹਾਂਗੇ। ਬਾਈ ਜੀ ਜੇ ਸਾਨੂੰ ਪਤਾ ਹੁੰਦਾ ਕਿ ਇਹ ਤਾਂ ਕੋਈ ਮੁੰਡਾ-ਖੁੰਡਾ ਐ ਤਾਂ ਨਾਲੇ ਸੋਨੂੰ ਪਾਰਟੀ ਵਿਖਾਉਂਦੇ ਇੱਕ ਨੰਬਰ, ਨਾਲੇ ਮੈਨੂੰ ਅੱਜ ਦਾ ਸਪੈਸ਼ਲ ਗੇੜਾ ਨੀ ਲਾਉਣਾ ਪੈਣਾ ਸੀ।' ਕਾਕਾ ਇਉਂ ਮਠਾਰ ਮਠਾਰ ਗੱਲਾਂ ਕਰ ਰਿਹਾ ਸੀ ਜਿਵੇਂ ਮੈਨੂੰ ਚਿਰੋਕਾ ਜਾਣਦਾ ਹੋਵੇ। ਅਸਲ ਵਿੱਚ ਨਾ ਉਹ ਮੈਨੂੰ ਜਾਣਦਾ ਸੀ ਤੇ ਨਾ ਮੈਂ ਉਸ ਨੂੰ। ਕਾਕਾ, ਨਿਊਜਰਸੀ ਵਾਲੇ ਦੇਵਿੰਦਰ ਦਾ ਜਿਗਰੀ ਯਾਰ ਸੀ ਅਤੇ ਦੇਵਿੰਦਰ ਅੱਗੋਂ ਬੂਥਗੜ (ਖੰਨੇ) ਵਾਲੇ ਕਹਾਣੀਕਾਰ ਬਲਵਿੰਦਰ ਗਰੇਵਾਲ ਦੇ ਭਰਾ ਦਾ ਸਾਲਾ ਸੀ। ਰਿਸ਼ਤੇਦਾਰੀ ਤਾਂ ਸਾਡੀ ਕੱਟੇ ਦਾ ਬਲਦ ਭਣੋਈਆ ਵਾਲੀ ਹੀ ਸੀ ਪਰ ਕਾਕੇ ਦੀ ਅਪਣੱਤ ਤੋਂ ਇਉਂ ਨਹੀਂ ਲੱਗਦਾ ਸੀ। ਉਹ ਜਟਕੇ

ਜੁੱਸੇ ਅਤੇ ਸੁਭਾਅ ਵਾਲਾ ਮੋਰ-ਖੋਰਾ ਤੇ ਰੰਗੀਲਾ ਬੰਦਾ ਜਾਪਦਾ ਸੀ। ਗੱਲਾਂ ਗੱਲਾਂ 'ਚੋਂ ਪਤਾ ਲੱਗਿਆ ਕਿ ਉਹ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਵਿੱਚ ਸੀ ਪਰ ਮਲਵਈ ਅਜਿਹੀ ਠੁੱਕਦਾਰ ਬੋਲਦਾ ਸੀ ਕਿ ਉਸ ਦੀ ਬੋਲ-ਬਾਣੀ ਵਿੱਚ ਅੰਗਰੇਜ਼ੀ ਦਾ ਤਾਂ ਕੋਈ ਵਿਰਲਾ ਸ਼ਬਦ ਹੀ ਹੁੰਦਾ। ਉਸ ਦੀ ਪਤਨੀ ਤੇ ਦੋ ਕੁੜੀਆਂ ਪੰਜਾਬ 'ਚ ਰਾੜਾ ਸਾਹਿਬ ਦੇ ਨੇੜੇ ਪਿੰਡ ਘੜਾਣੀ ਵਿੱਚ ਸਾਂਝੇ ਪਰਿਵਾਰ 'ਚ ਰਹਿੰਦੀਆਂ ਸਨ। ਕਾਕਾ ਵੀ ਇਹ ਸਹੁੰ ਖਾਈ ਬੈਠਾ ਸੀ ਕਿ ਅੰਤ ਪੱਕੇ ਤੌਰ ਤੇ ਪੰਜਾਬ 'ਚ ਹੀ ਵਸਣਾ ਹੈ। ਇਸ ਕਰਕੇ ਡਾਲਰਾਂ ਤੋਂ ਬਿਨਾਂ ਉਸ ਦਾ ਅਮਰੀਕਾ ਦੀ ਹੋਰ ਕਿਸੇ ਚੀਜ਼ ਵਸਤ ਨਾਲ ਲਗਾਅ ਨਹੀਂ ਸੀ।

ਨਿਊਜਰਸੀ ਜਾਣ ਲਈ ਕਾਰ 'ਚ ਬੈਠੇ ਹੀ ਸਾਂ ਕਿ ਕਾਕੇ ਨੇ ਡੈੱਕ ਦਾ ਬਟਨ ਦੱਬ ਦਿੱਤਾ। 'ਜਦੋਂ ਪਹਿਲੀ ਲਾਂਵ ਪੜ੍ਹੀ, ਹੈ ਨੀ ਭੁੱਬ ਨਿਕਲਗੀ ਮੇਰੀ ... ' ਚਮਕੀਲੇ ਦੀ ਕੈਸਟ ਦੇ ਬੋਲ ਗੂੰਜੇ।

'ਬਾਈ ਜੀ ਗੁੱਸਾ ਨਾ ਕਰੀਂ ਕਿ ਇਹ ਕੀ ਗੰਦ-ਪਹੁ ਜਿਹਾ ਲਾ-ਤਾ, ਕਹੇਂ ਤਾਂ ਬੰਦ ਕਰ ਦਿੰਨੇ ਆਂ, ਆਪਣੇ ਕੋਲ ਤਾਂ ਇਹੋ ਮਾਲ ਐ, ਆਪਾਂ ਨੂੰ ਨੀ ਅੰਗਰੇਜ਼ੀ ਗਾਣਿਆਂ ਦੀ ਧੱਪ-ਧੱਪ, ਧੂੰ-ਧੂੰ ਚੰਗੀ ਲੱਗਦੀ। ਆਪਣਾ ਕਾਲਜਾ ਤਾਂ ਮਾਣਕ ਨਾਲ ਠਰਦੈ ਜਾਂ ਚਮਕੀਲਾ ਸੁਣ ਕੇ। ਬਾਈ ਜੀ ਬੰਦਾ ਝੂਠ-ਫ਼ਰੇਬ ਜਿੰਨੇ ਮਰਜ਼ੀ ਮਾਰੀ ਜਾਵੇ ਪਰ ਸੱਚੀ ਗੱਲ ਤਾਂ ਇਹ ਐ ਬਈ ਆਪਣੀ ਜੰਮਣ-ਭੋਇੰ ਤੇ ਰਹਿਣ ਵਰਗਾ ਸੁਆਦ ਕੋਈ ਨੀ ਤੇ ਆਵਦੀ ਬੋਲੀ ਤੇ ਰਹੁ-ਰੀਤਾਂ ਜਿਹਾ ਮਿੱਠਾ ਮੇਵਾ ਕੋਈ ਨੀ ਜਹਾਨ ਅੰਦਰ। ਲੈ ਰਾਤ ਦੀ ਸੁਣ ਲੈ, ਦੂਰ ਕੀ ਜਾਣੈ, ਵਿਆਹ ਦੀ ਪਾਰਟੀ 'ਚ ਐਨਾ ਖੁੱਲ੍ਹ ਕੇ ਨੱਚੇ ਕਿ ਹੁਣ ਸਾਲੇ ਮੋਢੇ ਤੇ ਗੋਡੇ ਦੁਖੀ ਜਾਂਦੇ ਐ, ਜਦੋਂ ਢੋਲ ਵੱਜਿਆ ਤਾਂ ਵਿਆਹ 'ਚ ਆਈ ਇੱਕ ਮੇਮ ਵੀ ਪੁਤਲੀ ਵਾਂਗੂੰ ਬੁੜਕਣ ਲੱਗ ਪਈ। ਬੱਸ ਕਿਤੇ ਨਾ ਕਿਤੇ ਇਉਂ ਘੜੀ ਪਲ ਦਾ ਸੁਖ ਮਾਣ ਲਈਦੈ। ਨਹੀਂ ਤਾਂ ਬਾਈ ਕੁਸ਼ ਨੀ ਏਥੇ ਡਾਲਰਾਂ ਤੋਂ ਬਿਨਾਂ। ਆਉਣ ਸਾਰ ਬੰਦਾ ਬਣ ਜਾਂਦੈ 'ਮੇੜ੍ਹ ਦਾ ਤੋਨੀ ਬਲਦ' ਤੇ ਘੁਕੀ ਜਾਂਦੈ ਸਾਰੀ ਉਮਰ ਥਾਏਂ ਈ।' ਕਾਕਾ ਭਾਵੇਂ ਚਮਕੀਲੇ ਤੋਂ ਵੀ ਉੱਚੀ ਬੋਲ ਰਿਹਾ ਸੀ ਪਰ ਕਾਰ ਦਾ ਏ. ਸੀ. ਖਰਾਬ ਹੋਣ ਕਰਕੇ ਸ਼ੀਸ਼ੇ ਖੁੱਲ੍ਹੇ ਸਨ ਅਤੇ ਹਵਾ ਦੀ ਸ਼ੂਕ ਵਿੱਚ ਉਸ ਦੀ ਆਵਾਜ਼ ਮਸਾਂ ਸੁਣਦੀ ਸੀ। ਕਾਰ ਨਿਊਯਾਰਕ ਦੇ ਨਾਲ ਲੱਗਦੇ ਦਰਿਆ ਥੱਲੇ ਬਣੀਂ ਸੜਕ ਉਤੇ ਸਿਰਪੱਟ ਜਾ ਰਹੀ ਸੀ। ਮੇਰੇ ਕੰਨ ਕਾਕੇ ਦੀਆਂ ਗੱਲਾਂ ਵੱਲ ਅਤੇ ਅੱਖਾਂ ਇਸ ਅਦਭੁੱਤ ਪੁਲ ਦੀ ਉਸਾਰੀ ਵੱਲ ਸਨ।

'ਆਹ ਖੁੱਲ੍ਹੀਆਂ-ਡੁੱਲ੍ਹੀਆਂ ਸੜਕਾਂ ਤੇ ਵੱਡੇ ਵੱਡੇ ਪੁਲ ਨਵੇਂ ਆਏ ਗਏ ਬੰਦੇ ਨੂੰ ਹੈਰਾਨ ਕਰਦੇ ਐ। ਜਦੋਂ ਪਤਾ ਲੱਗਦੈ ਨਾ ਕਿ ਇਹ ਸਾਥੋਂ ਦੂਣ-ਸਵਾਇਆ ਟੈਕਸ ਲੈ ਕੇ ਅਤੇ ਸਾਡਾ ਖ਼ੂਨ ਨਿਚੋੜ

Academy of the Punjab in North America: http://www.apnaorg.com

ਕੇ ਬਣਾਏ ਵੇ ਐ ਤਾਂ ਜਾਣੋਂ ਇਹ ਵਿਹੁ ਵਰਗੇ ਲੱਗਣ ਲੱਗ ਜਾਂਦੇ ਐ। ਓਧਰ ਆਪਣਾ ਬੰਦਾ ਓਦੋਂ ਪਟਿਐ ਜਾਂਦਾ ਐ ਜਦੋਂ ਏਧਰੋਂ ਕੋਈ ਮਾਤ੍ਹੜ ਵਰਗਾ ਜਾਂਦੈ ਮਹੀਨੇ ਕੁ ਲਈ, ਭਾਰੇ ਭਾਰੇ ਕੜੇ-ਮੁੰਦੀਆਂ ਪਾ ਕੇ ਟਹਿਲਦਾ ਫਿਰਦੈ ਪਿੰਡ 'ਚ ਤਾਂ ਮੁੰਡਿਆਂ-ਖੁੰਡਿਆਂ ਦਾ ਕਾਲਜਾਂ ਮੱਚਣ ਲੱਗ ਜਾਂਦੈ। ਉਹ ਸੋਚਦੇ ਐ ਬਈ ਕਿਵੇਂ ਨਾ ਕਿਵੇਂ ਅਮਰੀਕਾ ਦਾ ਬਾਡਰ ਪਾਰ ਕਰ ਜਾਈਏ ਫੇਰ ਤਾਂ ਸੁਰਗ ਦੇ ਬੂਹੇ ਖੁੱਲ੍ਹ ਜਾਣਗੇ। ਜਿਹੜੀ ਦੋ-ਚਾਰ ਕਿੱਲੇ ਪਿਉ-ਦਾਦੇ ਦੀ ਪੈਲੀ ਹੁੰਦੀ ਐ ਅਗਲਾ ਵੇਚ ਵੱਟ ਕੇ ਏਜੰਟ ਨੂੰ ਦੇ ਦਿੰਦੈ, ਫੇਰ ਝਾਕਦੈ ਅਗਾਂਹ-ਪਿਛਾਂਹ। ਇਥੇ ਵੀ ਅਗਲੇ ਪਹਿਲਾਂ ਗੰਨੇ ਵਾਂਗੂੰ ਪੀੜਦੇ ਐ ਤੇ ਬੰਦੇ ਫੋਗ ਬਣਾ ਕੇ ਫੇਰ ਦਿੰਦੇ ਐ ਡਾਲਰ। ਦੂਰ ਕੀ ਜਾਣੈ ਆਪਣੇ ਦੇਵਿੰਦਰ ਦੀ ਸੁਣ ਲੈ, ਕਿਵੇਂ ਖੂਹ ਦੀ ਮਿੱਟੀ ਖੂਹ 'ਚ ਖਪੀ ਜਾਂਦੀ ਐ, ਪਹਿਲਾਂ ਦਸ ਹਜ਼ਾਰ ਡਾਲਰ ਖਰਚ ਕੇ ਆਪ ਆਇਆ ਤੇ ਪੱਕਾ ਹੋਣ ਲਈ ਕੇਸ ਲੜਿਆ, ਫੇਰ ਇਵੇਂ ਦੋ ਭਾਈ ਮੰਗਾਏ ਡਾਲਰਾਂ ਦੀ ਪੰਡ ਖਰਚ ਕੇ, ਅਜੇ ਆਵਦਾ ਪਰਿਵਾਰ ਮੰਗਾਉਣੈ ਮਹੀਨੇ ਕੁ ਤੱਕ, ਜੁਆਕਾਂ ਦੇ ਆਇਆਂ ਤੋਂ ਘਰ ਵੀ ਜੁਦਾ ਖਰੀਦਣਾ ਪਊ, ਕਿਸ਼ਤਾਂ ਈ ਬੰਦੇ ਨੂੰ ਚਾਕੂ ਕਰ ਦਿੰਦੀਐਂ। ਦੇਵਿੰਦਰ ਕੀ, ਇਥੇ ਬਥੇਰੇ ਵਿਚਾਰੇ ਹੋਰ ਦੇਵਿੰਦਰ ਵੀ ਚੱਕੀ ਦੇ ਪੁੜਾਂ ਵਿਚਾਲੇ ਪਿਸ ਰਹੇ ਐ।' ਕਾਕਾ ਗਲੋਟੇ ਵਾਂਗ ਉੱਧੜ ਰਿਹਾ ਸੀ। ਕਾਰ ਨਿਊਯਾਰਕ ਲੰਘ ਆਈ ਸੀ। ਉਸ ਨੇ ਰੋਡ ਟੈਕਸ ਦੇਣ ਲਈ ਕਾਰ ਹੌਲੀ ਕੀਤੀ। ਇੱਕ ਬੱਠਲ ਜਿਹੇ ਵਿੱਚ ਸਿੱਕਾ ਸਿੱਟਿਆ। ਸਾਹਮਣੇ 'ਸਟੌਪ' ਦੀ ਥਾਂ ਆ ਗਿਆ 'ਗੋ'। ਬੈਰੀਅਰ ਦਾ ਡੰਡਾ ਚੱਕਿਆ ਗਿਆ। ਕਾਰ ਲੰਘ ਗਈ।

'ਇਹ ਤਾਂ ਭੈਣ ਦੇ ਯਾਰ ਇਉਂ ਈ ਕਰੋੜਾਂ ਡਾਲਰ ਉਗਰਾਹ ਲੈਂਦੇ ਐ, ਥਾਂ ਥਾਂ ਲਾਈ ਬੈਠੇ ਐ ਨਾਕੇ, ਸ਼ਹਿਰੋਂ ਨਿਕਲੋ ਭਾਵੇਂ ਸ਼ਹਿਰ 'ਚ ਵੜੋ।' ਕਾਕੇ ਦੇ ਚਿਹਰੇ ਉਤੇ ਗੁੱਸੇ ਦੇ ਭਾਵ ਤੇ ਮੱਥੇ ਉਤੇ ਤਰੇਲੀ ਸੀ ਭਾਵੇਂ ਬਾਹਰ ਲੋਹੜੇ ਦੀ ਹਰਿਆਲੀ ਕਰਕੇ ਠੰਡਕ ਸੀ।

'ਇਹ ਕੀ ਐ, ਹੋਰ ਸੈਂਕੜੇ ਵੰਨੀ ਦੇ ਟੈਕਸ ਐ, ਮਾੜੀ ਜਿਹੀ ਕੁਤਾਹੀ ਹੋਈ ਨਹੀਂ ਤੇ ਚਲਾਨ ਠੋਕ ਦਿੰਦੇ ਐ, ਬਾਈ ਜੀ ਟੈਕਸਾਂ ਦੇ ਗੁਣੀਏ ਨਾਲ ਬੰਦੇ ਐਨ ਸਿੱਧੇ ਕੀਤੇ ਪਏ ਐ, ਮਜਾਲ ਕੀ ਕੋਈ ਸੂਤ ਭਰ ਐਧਰ ਦਾ ਓਧਰ ਹੋ ਜੇ। ਏਨ੍ਹਾਂ ਤੋਂ ਬੱਸ ਕਾਲੇ ਨੀ ਪੱਧਰੇ ਹੋਏ ਪੂਰੀ ਤਰ੍ਹਾਂ। ਉਹ ਪੂਰੀ ਢੂਈ ਮਾਰਦੇ ਐ ਸਰਕਾਰ ਦੀ। ਉਹਨਾਂ ਵਾਲਾ ਕਸਾਰਾ ਵੀ ਫੇਰ ਇਹ ਹਮਾਤੜਾਂ ਤੋਂ ਈ ਪੂਰਾ ਕਰਦੇ ਐ।' ਕਾਕਾ 'ਨਾਨ-ਸਟਾਪ' ਚੱਲ ਰਿਹਾ ਸੀ। ਮੇਰੀ ਤਾਂ ਹੁੰਘਾਰੇ ਵਜੋਂ ਮਾੜੀ ਮੋਟੀ ਹੂੰ-ਹਾਂ ਕਰਨ ਦੀ ਹੀ ਲੋੜ ਸੀ। ਇਸ ਲਈ ਮੇਰਾ ਧਿਆਨ ਬਾਹਰ ਦੇ ਮਨਮੋਹਣੇ ਦ੍ਰਿਸ਼ਾਂ ਵੱਲ ਸੀ।

ਦੋ ਕੁ ਘੰਟਿਆਂ ਦੇ ਸਫ਼ਰ ਪਿੱਛੋਂ ਹੀ ਅਸੀਂ ਨਿਊਜਰਸੀ ਪਹੁੰਚ ਗਏ। ਨਿਊਯਾਰਕ ਦੇ ਮੁਕਾਬਲੇ ਇਥੇ ਅਬਾਦੀ ਬਹੁਤ ਹੀ ਵਿਰਲੀ ਸੀ ਪਰ ਕੁਦਰਤੀ ਖ਼ੂਬਸੂਰਤੀ ਕਈ ਗੁਣਾਂ ਵੱਧ ਸੀ। ਸੜਕ ਦੇ ਨਾਲ ਨਾਲ ਰੁੱਖਾਂ ਦੀ ਭਰਮਾਰ ਸੀ। ਧਰਤੀ ਭਾਵੇਂ ਉੱਚੀ ਨੀਵੀਂ ਸੀ ਪਰ ਸਾਰੀ ਵਾਹੀਯੋਗ ਸੀ ਅਤੇ ਫਸਲਾਂ ਦਾ ਜੰਮ ਪੂਰਾ ਵਧੀਆ ਸੀ।

ਅਸੀਂ ਨਿਊਜਰਸੀ ਦੇ ਇਲਾਕੇ ਹਾਈਸਟੋਨ ਪਹੁੰਚੇ ਤਾਂ ਦੇਵਿੰਦਰ ਅਜੇ ਆਪਣੇ ਗੈਸ ਸਟੇਸ਼ਨ (ਪਟਰੋਲ ਪੰਪ) ਤੇ ਹੀ ਸੀ। ਕਾਕੇ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਪੰਜਾਬੀਆਂ ਦਾ ਇਸ ਬਿਜ਼ਨੈੱਸ ਵਿੱਚ ਬੋਲਬਾਲਾ ਹੈ। ਆਪਣੇ ਬੰਦੇ ਗੈਸ ਸਟੇਸ਼ਨਾਂ ਉਤੇ 'ਸੈਲਫ ਸਰਵਿਸ' ਦੀ ਥਾਂ ਪਟਰੌਲ ਪਾਉਣ ਦੀ 'ਫਰੀ ਸਰਵਿਸ' ਦਿੰਦੇ ਹਨ। ਮੁਨਾਫ਼ੇ ਵਿੱਚ 'ਮਾਰਜਨ' ਘਟਾ ਕੇ ਇੰਨ੍ਹਾਂ ਨੇ ਹੌਲੀ-ਹੌਲੀ ਸਥਾਨਕ ਵਪਾਰੀਆਂ ਨੂੰ ਖਦੇੜ ਦਿੱਤਾ ਹੈ। ਇਸੇ ਕਰਕੇ ਪਟਰੌਲ ਦੀ ਕੀਮਤ ਮਸਾਂ ਹੀ ਇੱਕ ਡਾਲਰ ਤੇਰਾਂ ਸੈਂਟ ਪ੍ਰਤੀ ਗੈਲਨ (ਲਗਪਗ ਸਾਢੇ ਚਾਰ ਲੀਟਰ) ਸੀ, ਜੋ ਕੈਲੇਫੋਰਨੀਆਂ ਦੇ ਮੁਕਾਬਲੇ ਲਗਪਗ ਪੈਂਤੀ-ਚਾਲੀ ਸੈਂਟ ਪ੍ਰਤੀ ਗੈਲਨ ਘੱਟ ਸੀ। ਇਨ੍ਹਾਂ ਗੈਸ ਸਟੇਸ਼ਨਾਂ ਦੇ ਮਾਲਕਾਂ ਦਾ ਇੱਕ ਹੋਰ 'ਸਾਈਡ ਬਿਜ਼ਨੈੱਸ' ਵੀ ਹੈ। ਉਹ ਪੰਜਾਬੋਂ ਆਏ ਨਵੇਂ 'ਸ਼ਿਕਾਰਾਂ' ਨੂੰ ਤੁਰੰਤ ਬੋਚ ਲੈਂਦੇ ਹਨ। ਹਫ਼ਤੇ ਕੁ 'ਚ ਬੰਦਾ ਪਟਰੌਲ ਪਾਉਣ ਦਾ ਵੱਲ ਸਿੱਖ ਜਾਂਦਾ ਹੈ। ਫੇਰ ਜਿੰਨਾ ਚਿਰ ਬੰਦਾ ਕੱਚਾ ਹੋਣ ਕਰਕੇ ਚੋਰੀ-ਛਿੱਪੇ ਰਹਿੰਦਾ ਹੈ, ਉਨਾਂ ਚਿਰ ਉਸ ਦੀ ਪੂਰੀ ਖੱਲ ਲਾਹੀ ਜਾਂਦੀ ਹੈ ਅਤੇ ਮਸਾਂ ਰੋਟੀ-ਪਾਣੀ ਚਲਦਾ ਰੱਖਣ ਜਿੰਨੀ ਮਜ਼ਦੂਰੀ ਦਿੱਤੀ ਜਾਂਦੀ ਹੈ। ਫੇਰ ਨਵੇਂ ਬੰਦੇ ਤੋਂ ਅਮਰੀਕਾ ਦੀ ਸਿਟੀਜ਼ਨਸ਼ਿੱਪ ਪ੍ਰਾਪਤ ਕਰਨ ਵਾਸਤੇ 'ਕੇਸ' ਕਰਵਾਇਆ ਜਾਂਦਾ ਹੈ। 'ਕਾਗਜ਼ੀ ਵਿਆਹ' ਲਈ ਕੋਈ ਅਮਰੀਕਨ ਸਿਟੀਜ਼ਨ ਗੋਰੀ-ਕਾਲੀ ਭਾਲ ਕੇ ਦਿੱਤੀ ਜਾਂਦੀ ਹੈ। ਸੌਦਾ ਕਰਨ-ਕਰਾਉਣ ਦੀ ਸਾਰੀ ਪ੍ਰਕਿਰਿਆ 'ਚੋਂ ਮਾਲਕ 'ਕਮਿਸ਼ਨ' ਲੈਂਦਾ ਹੈ। ਇਸ ਤਰ੍ਹਾਂ ਨਵਾਂ ਬੰਦਾ ਆਪਣੇ 'ਭਾਈਬੰਦਾਂ' ਦੀ ਮੱਦਦ ਨਾਲ ਦਸ ਕੁ ਸਾਲਾਂ ਬਾਅਦ 'ਗਰੀਨ ਕਾਰਡ ਹੋਲਡਰ' ਬਣ ਜਾਂਦਾ ਹੈ। ਉਂਜ ਵੀ ਇਨ੍ਹਾਂ ਦਸਾਂ ਕੁ ਸਾਲਾਂ ਵਿੱਚ ਉਸ ਦੀ ਚਮੜੀ ਦੀ ਉਤਲੀ ਕਾਲੀ ਤਹਿ ਲਹਿ ਜਾਂਦੀ ਹੈ ਅਤੇ ਕੁੱਝ 'ਚਿੱਟੀ' ਭਾਹ ਮਾਰਨ ਲੱਗ ਪੈਂਦਾ ਹੈ। ਇਉਂ ਉਹ ਸਭ ਜੋ ਅੱਜ ਗੈਸ-ਸਟੇਸ਼ਨਾਂ ਦੇ ਮਾਲਕ ਹਨ, ਕਦੇ ਇਸੇ ਤਰ੍ਹਾਂ ਸ਼ੋਸ਼ਣ ਦੀ ਘੁਲਾੜੀ ਵਿਚੋਂ ਗੰਨੇ ਵਾਂਗ ਲੰਘ ਕੇ ਹੀ ਸਫਲ ਹੋਏ ਹਨ।

ਦੇਵਿੰਦਰ ਨੂੰ ਵੇਖ ਕੇ ਮੈਨੂੰ ਜਾਪਿਆ ਜਿਵੇਂ ਕਾਕੇ ਨੇ ਉਸ ਬਾਰੇ ਜੋ ਦੱਸਿਆ ਸੀ, ਕੋਰਾ ਝੂਠ ਸੀ। ਪਰ ਕਾਕੇ ਦਾ ਸਾਊ ਚਿਹਰਾ ਗਵਾਹੀ ਦੇ ਰਿਹਾ ਸੀ ਕਿ ਗੱਲ ਸੋਲ੍ਹਾਂ ਆਨੇ ਸੱਚ ਹੈ। ਦੇਵਿੰਦਰ ਉੱਚਾ-ਲੰਮਾ ਦਰਸ਼ਨੀ ਨੌਜਵਾਨ ਸੀ। ਦਾਹੜੀ ਮੁੱਛਾਂ ਕੱਟ-ਸੰਵਾਰ ਕੇ ਸਜਾਈਆਂ ਹੋਈਆਂ, ਪਟਿਆਲੇ

ਸ਼ਾਹੀ ਪੱਗ ਅਤੇ ਗੱਲ ਵਿੱਚ ਸੋਨੇ ਦੀ ਚੇਨੀ। ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਵੇਖ ਕੇ ਲੱਗਦਾ ਹੀ ਨਹੀਂ ਸੀ ਕਿ ਉਹ ਵੀ ਮੁਸ਼ੱਕਤ ਦੇ ਵੇਲਨੇ ਵਿਚੋਂ ਲੰਘਿਆ ਹੋਵੇਗਾ। ਅਮਰੀਕਾ ਦਾ ਇੱਕ ਸਫਲ ਕਾਰੋਬਾਰੀ ਵਿਅਕਤੀ ਦੇਵਿੰਦਰ ਭੱਜ-ਭੱਜ ਸਾਰਾ ਕੰਮ ਭੁਗਤਾ ਰਿਹਾ ਸੀ। ਉਸ ਦੇ ਪੰਪ ਉਤੇ ਕੋਈ ਛੇ ਕੁ 'ਫਿਲਿੰਗ ਮਸ਼ੀਨਾਂ' ਸਨ। ਇੱਕ ਦੋਹਾਂ ਉਤੇ ਤਾਂ ਹਰ ਵੇਲੇ ਆ ਕੇ ਤੇਲ ਪੁਆਉਣ ਵਾਲੇ ਖੜ੍ਹੇ ਹੀ ਰਹਿੰਦੇ। ਉਹ ਕਿਸੇ ਦੀ ਟੈਂਕੀ ਵਿੱਚ ਤੇਲ-ਪਾਈਪ ਪਾ ਦਿੰਦਾ, ਕਿਸੇ ਦਾ ਕ੍ਰੈਡਿਟ ਕਾਰਡ ਮਸ਼ੀਨ 'ਚ ਪਾਉਂਦਾ, ਕਿਸੇ ਦਾ ਵਾਊਚਰ ਕਟਦਾ ਅਤੇ ਕਿਸੇ ਹੋਰ ਨੂੰ ਬਕਾਇਆ ਪੈਸੇ ਮੋੜਦਾ। ਉਹ ਚਾਰੇ ਪਾਸੇ ਊਰੀ ਵਾਂਗੂੰ ਘੁਕਦਾ ਫਿਰਦਾ ਸੀ। ਇਥੇ ਅਜਿਹਾ ਚੁਸਤ ਬੰਦਾ ਹੀ ਕਾਮਯਾਬ ਹੁੰਦਾ ਹੈ ਜਿਸ ਦੀਆਂ ਚਾਰ ਅੱਖਾਂ ਹੋਣ ਅਤੇ ਚਾਰ ਕੰਨ। ਬਾਰਾਂ-ਚੌਦਾਂ ਘੰਟੇ ਲਗਾਤਾਰ ਭੱਜਣ-ਨੱਠਣ ਲਈ ਸਟੀਲ ਵਰਗੀਆਂ ਲੱਤਾਂ ਹੋਣ। 'ਥੱਕਣ' ਨਾਂ ਦਾ ਸ਼ਬਦ ਉਸ ਦੀ ਡਿਕਸ਼ਨਰੀ ਵਿੱਚ ਹੋਵੇ ਹੀ ਨਾ।

ਕਾਕਾ ਕਹਿਣ ਲੱਗਾ, 'ਬਾਈ ਜੀ ਏਥੇ ਕੰਮ ਕਰਨ ਵਾਲਾ ਬੰਦਾ ਜੇ ਦਲੇਰ ਨਾ ਹੋਵੇ ਤਾਂ ਹਰ ਪਾਸਿਉਂ ਮਾਰ ਖਾਂਦੈ। ਵੈਸੇ ਤਾਂ ਪਹਿਲਾਂ ਪਹਿਲ ਇਹਨਾਂ ਅਮਰੀਕਣਾਂ ਦੀ ਚੌਲਾਂ ਦੀ ਕਣੀ ਵਾਂਗ ਛਾਂਗੀ ਅੰਗਰੇਜ਼ੀ ਊਂਅ ਈ ਨੀ ਸਮਝ ਆਉਂਦੀ ਪਰ ਕਈ ਕਾਲੇ ਜਾਣ-ਬੁੱਝ ਕੇ ਚਲਾਕੀ ਮਾਰਦੇ ਐ। ਮੂੰਹ ਦਾ ਭੁਕਾਨਾ ਜਿਹਾ ਬਣਾ ਕੇ ਕਹਿਣਗੇ 'ਫੁ ... ਅ' ਅਗਲਾ ਸਮਝਦਾ ਬਈ ਟੈਂਕੀ ਫੁਲ ਕਰਨ ਨੂੰ ਆਖਦੈ। ਜਾਂਦੇ ਚਾਰ ਗੈਲਨ ਦੇ ਪੈਸੇ ਦੇ ਕੇ ਭੱਜਣ ਦੀ ਕਰਦੇ ਐ। ਉਦੋਂ ਜੇ ਬੰਦਾ ਗਲੋਂ ਫੜ੍ਹਨ ਵਾਲਾ ਹੋਵੇ ਤਾਂ ਠੀਕ ਐ ਨਹੀਂ ਤਾਂ ਥੁੱਕ ਲਾ ਕੇ ਔਹ ਜਾਂਦੇ ਐ, ਪੈਸੇ ਮੁਲਾਜ਼ਮ ਸਿਰ ਪੈ ਜਾਂਦੇ ਐ।'

ਕਾਕੇ ਨੂੰ ਤਾਂ ਪਹਿਲੋਂ-ਪਹਿਲ ਕੰਮ ਵੀ ਇਸੇ ਯੋਗਤਾ ਕਰ ਕੇ ਹੀ ਛੇਤੀ ਮਿਲਿਆ ਸੀ। 'ਇਹ ਫੋਰਾ ਲਾਉਂਦੈ ਕਾਲਿਆਂ ਨੂੰ ਗਲੋਂ ਫੜ੍ਹਨ ਵਾਸਤੇ ਜਿਵੇਂ ਜੋਗੀਆਂ ਦੇ ਸ਼ਿਕਾਰੀ ਕੁੱਤੇ ਬਿੱਲੇ ਨੂੰ ਰਗਾਂ ਤੋਂ ਫੜ੍ਹਦੇ ਐ।' ਦੇਵਿੰਦਰ ਨੇ ਕਾਕੇ ਨੂੰ ਛੇੜਨ ਲਈ ਕਿਹਾ ਪਰ ਕਾਕੇ ਦਾ ਭਾਰਾ ਜੁੱਸਾ ਵੀ ਉਸ ਦੀ ਅਜਿਹੀ ਯੋਗਤਾ ਦੀ ਗਵਾਹੀ ਭਰਦਾ ਸੀ।

ਰਾਤ ਭਰ ਵਿਆਹ-ਪਾਰਟੀ 'ਚ ਭੰਗੜਾ ਪਾਉਂਦਾ ਰਿਹਾ ਦੇਵਿੰਦਰ ਦਿਨ ਭਰ ਗੈਸ ਸਟੇਸ਼ਨ ਤੇ ਕੰਮ ਕਰਦਾ ਰਿਹਾ ਸੀ ਪਰ ਉਸ ਦੇ ਚਿਹਰੇ ਉਤੇ ਅਜੇ ਵੀ ਮੁਸਕਰਾਹਟ ਖੇਡ ਰਹੀ ਸੀ। ਉਸ ਦਾ ਛੋਟਾ ਭਾਈ ਮੇਲੂ ਅਜੇ ਨਵਾਂ ਨਵਾਂ ਆਇਆ ਹੋਣ ਕਰਕੇ ਕੰਮ ਨਾਲ ਹੰਭਿਆ ਪਿਆ ਸੀ। ਆਪਣੀ 'ਸ਼ਿਫਟ' ਤੋਂ ਵਿਹਲੇ ਹੋਏ ਦੇਵਿੰਦਰ ਨੇ ਪੈਰ ਘੜੀਸ ਘੜੀਸ ਤੁਰਦੇ ਮੇਲੂ ਵੱਲ ਇਸ਼ਾਰਾ ਕਰਦਿਆਂ ਹੱਸ ਕੇ ਕਿਹਾ, 'ਇਹਨੂੰ ਬਥੇਰਾ ਕਿਹਾ ਸੀ ਬਈ ਪੜ੍ਹ ਲੈ, ਪੜ੍ਹ ਲੈ, ਪਰ ਇਹਨੇ ਇੱਕ ਨਾ ਸੁਣੀ ਸਾਡੀ। ਏਧਰੋਂ ਘੱਲੇ ਡਾਲਰਾਂ ਨਾਲ ਇਹਨੇ ਹੀਰੋ-ਹਾਂਡਾ ਲੈ ਲਿਆ ਤੇ ਯਾਰਾਂ ਦੋਸਤਾਂ ਨਾਲ ਕਾਲਜ

Academy of the Punjab in North America: http://www.apnaorg.com

ਦੀਆਂ ਕੁੜੀਆਂ ਪਿੱਛੇ ਈ ਚੱਕਰ ਕੱਢਦਾ ਫਿਰਿਆ ਕਰੇ। ਮੈਂ ਸੋਚਿਆ ਲੈ ਬਈ ਇਹ ਤਾਂ ਗਿਆ ਹੱਥੋਂ, ਏਜੰਟ ਨੂੰ ਪੈਸੇ ਦੇ-ਦੁਆ ਕੇ ਕੇਰਾਂ ਵਰਾ ਕੇ ਏਧਰ ਲੰਘਾ ਲਿਆ, ਹੁਣ ਅੱਖ 'ਚ ਪਾਇਆ ਨੀ ਰੜਕਦਾ, ਸਵੇਰ ਤੋਂ ਰਾਤ ਤੱਕ ਲੱਤਾਂ ਆਕੜ ਕੇ ਸਦਵਾਊਆਂ ਵਰਗੀਆਂ ਬਣ ਜਾਂਦੀਐਂ। ਰਾਤ ਨੂੰ ਮਸਾਂ ਮੰਜਾ ਨਸੀਬ ਹੁੰਦੈ।'

ਦੇਵਿੰਦਰ ਨੇ ਕੰਮੋਂ ਵਿਹਲਾ ਹੋ ਕੇ ਆਪਣੀ ਕਾਰ ਕੱਢੀ ਅਤੇ ਅਸੀਂ ਉਸ ਦੇ ਘਰ ਵੱਲ ਤੁਰ ਪਏ। ਮੈਂ ਅਮਰੀਕਾ ਵਿੱਚ ਇਹ ਪਹਿਲੀ ਗੇਅਰਾਂ ਵਾਲੀ ਕਾਰ ਵੇਖੀ। ਘਰੇ ਪਹੁੰਚਣ ਤੱਕ ਦੇਵਿੰਦਰ ਦੀ ਭਰਜਾਈ ਨੇ ਖਾਣਾ-ਦਾਣਾ ਤਿਆਰ ਕੀਤਾ ਹੋਇਆ ਸੀ।

'ਆਪਾਂ ਤਾਂ ਬਾਈ ਜੀ ਇਹ ਰੁਟੀਨ ਬਣਾਇਐ, ਆ ਕੇ ਦੋ ਗਲਾਸੀਆਂ ਅੰਦਰ ਸਿੱਟੀਦੀਐਂ, ਰੱਜ ਕੇ ਰੋਟੀ ਖਾਈਦੀ ਐ ਤੇ ਮਸਤ ਹੋ ਕੇ ਸੌਂ ਜਾਈਦੈ' ਦੇਵਿੰਦਰ ਨੇ ਕਾਕੇ ਅਤੇ ਮੇਰੇ ਗਿਲਾਸ ਸ਼ਿਵਾਸ ਰੀਗਲ ਦੀ ਬੋਤਲ ਉਲੱਦਦਿਆਂ ਅੱਧੇ ਅੱਧੇ ਕਰ ਦਿੱਤੇ। ਪਿਸਤਿਆਂ, ਕਾਜੂਆਂ, ਬਦਾਮਾਂ ਅਤੇ ਦਾਖਾਂ ਨਾਲ ਸਕਾਚ ਦੀਆਂ ਚੁਸਕੀਆਂ ਭਰਦੇ ਅਸੀਂ ਜਦੋਂ ਪੂਰੀ ਲੋਰ ਵਿੱਚ ਹੋ ਗਏ ਤਾਂ ਨੀਵੀਂ ਪਾਈ ਊਂਘ ਰਿਹਾ ਕਾਕਾ ਜਾਣੋ ਫਿੱਸ ਹੀ ਪਿਆ, 'ਵੀਰਨੋ ਆਪਾਂ ਤਾਂ ਦੋ ਮਹੀਨਿਆਂ ਨੂੰ ਚੜ੍ਹ ਜਾਣੈ ਪੰਜਾਬ ਨੂੰ, ਬੱਸ ਮੁੜ ਕੇ ਨੀ ਆਉਣਾ, ਹੁਣ ਤਾਂ ਜਵਾਂ ਗਰਾਰੀਆਂ ਤੇ ਬੂੜੀਏ ਘਸੇ ਪਏ ਐ ਕੰਮ ਕਰਦਿਆਂ ਦੇ, ਬੱਸ ਰੋਟੀ-ਪਾਣੀ ਜੋਗੇ ਕਮਾ ਲਏ ਐ, ਬਾਕੀ ਘਰ ਦੀ ਪੈਲੀ 'ਚੋਂ ਫਸਲ-ਵਾੜੀ ਆਈ ਜਾਊ, ਕਾਹਦੇ ਪਿੱਛੇ … ਕਾਹਦੇ ਪਿੱਛੇ ਹੱਡ ਭੰਨਾਈ ਜਾਣੇ ਐਂ, ਕੁੜੀਆਂ ਨੇ ਆਵਦੇ ਘਰੇ ਤੁਰ ਜਾਣੈ ਇੱਕ ਦਿਨ ਤੇ ਰਹਿ ਜਾਂ-ਗੇ ਬੁੜਾ-ਬੁੜੀ। ਜਿੰਨੇ ਪੈਸੇ ਵੱਧ ਜੋੜਾਂਗੇ, ਉਨਾ ਬਗਾਨੇ ਪੁੱਤ ਵੱਧ ਗਲ 'ਚ ਗੂਠਾ ਦੇਣਗੇ। ਜਵਾਨੀ ਤਾਂ ਗਾਲਤੀ ਡਾਲਰ 'ਕੱਠੇ ਕਰਨ 'ਚ, ਚਲ ਬੁਢੇਪਾ ਤਾਂ ਆਵਦੀ ਸਿੰਘਣੀ ਕੋਲ ਕੱਟੀਏ, ਅਸੀਂ ਵੀ ਚਾਰ ਦਿਨ ਸੇਵਾ ਕਰਵਾ ਕੇ ਵੇਖ ਲਈਏ। ਨਹੀਂ ਤਾਂ … ' ਬੋਲਦੇ ਬੋਲਦੇ ਕਾਕੇ ਦਾ ਗੱਚ ਭਰ ਆਇਆ। ਉਦਾਸੇ ਮਾਹੌਲ ਨੂੰ ਸਾਵਾਂ ਕਰਨ ਲਈ ਦੇਵਿੰਦਰ ਨੇ ਉਸ ਦੇ ਮੋਢੇ ਤੇ ਥਾਪੀ ਦਿੰਦਿਆਂ ਹੱਸ ਕੇ ਕਿਹਾ, 'ਕਾਕਾ ਸਿਆਂ ਹਰ ਵਾਰੀ ਇਹੋ ਸੋਚ ਕੇ ਜਾਨੈਂ ਪਰ ਮਸਾਂ ਛੀ ਮਹੀਨੇ ਕਟਦੈਂ ਉਥੇ, ਆਪਾਂ ਨੂੰ ਨੀ ਮਾਫਕ ਹੁਣ ਪੰਜਾਬ, ਆਪਾਂ ਨੂੰ ਤਾਂ ਅਮਰੀਕਾ ਈ ਝੱਲੂ, ਤਕੜਾ ਰਿਹਾ ਕਰ, ਐਵੇਂ ਦਿਲ ਸਿੱਟੀ ਜਾਨੈਂ, ਚੱਕ ਗਿਲਾਸ, ਕਮਲਾ ਨਾ ਹੋਵੇ ਤਾਂ।'

ਦੇਵਿੰਦਰ ਦੀ ਹੱਲਾਸ਼ੇਰੀ ਨਾਲ ਕਾਕਾ ਫਿਰ ਸ਼ੇਰ ਹੋ ਗਿਆ। ਦੂਜੇ ਦਿਨ ਸ਼ਾਮ ਨੂੰ ਐਟਲਾਂਟਕ ਦਾ ਕਸੀਨੋ (ਜੂਆ ਘਰ) ਵੇਖਣ ਦਾ ਪ੍ਰੋਗਰਾਮ ਬਣਾ ਕੇ ਸੌਂ ਗਏ। ਸਵੇਰੇ ਕੰਮ ਤੇ ਜਾਣ ਵੇਲੇ ਦੇਵਿੰਦਰ ਮੈਨੂੰ ਆਪਣੇ ਉਨ੍ਹਾਂ ਦੋਸਤਾਂ ਕੋਲ ਛੱਡ ਗਿਆ ਜਿਹੜੇ ਇਕੋ ਫਲੈਟ ਵਿੱਚ ਸੱਤ-ਅੱਠ

Academy of the Punjab in North America: http://www.apnaorg.com

ਜਣੇ ਛੜੇ-ਛਟਾਂਕਾਂ ਵਾਂਗ ਰਹਿੰਦੇ ਸਨ। ਉਨ੍ਹਾਂ ਦਾ ਸਕੈਜੂਅਲ (ਕੰਮ ਦਾ ਸਮਾਂ) ਹੋਰ ਵੀ ਕੱਸਵਾਂ ਸੀ। ਜਿਹੜਾ ਕੰਮ ਤੋਂ ਮੁੜਦਾ ਉਹ ਨਹਾ ਕੇ ਚਾਰ ਰੋਟੀਆਂ ਥੱਪਦਾ ਅਤੇ ਖਾ ਕੇ ਸੌਂ ਜਾਂਦਾ। ਫੇਰ ਉਠਦਾ, ਚਾਹ ਦਾ ਕੱਪ ਪੀਂਦਾ ਤੇ 'ਜੌਬ' ਤੇ ਤੁਰ ਜਾਂਦਾ। ਮੇਰੀ ਉਨ੍ਹਾਂ ਨਾਲ ਮਸਾਂ 'ਹੈਲੋ-ਹੈਲੋ' ਹੀ ਹੋ ਸਕੀ। ਮੈਨੂੰ ਉਨ੍ਹਾਂ ਦੇ ਨਾਂ ਵੀ ਚੰਗੀ ਤਰ੍ਹਾਂ ਯਾਦ ਨਾ ਹੋ ਸਕੇ। ਸਾਰਾ ਦਿਨ ਮੈਂ ਸੋਫ਼ੇ ਤੇ ਬੈਠਾ ਵੀਡੀਓ ਫਿਲਮਾਂ ਦੇਖਦਾ, ਡੈੱਕ ਸੁਣਦਾ ਅਤੇ ਕਿਤਾਬ ਪੜ੍ਹਦਾ ਰਿਹਾ ਪਰ ਫੇਰ ਵੀ ਸ਼ਾਮ ਹੋਣ ਵਿੱਚ ਨਹੀਂ ਸੀ ਆ ਰਹੀ। ਸਮੇਂ ਦੇ ਪੈਰਾਂ ਨਾਲ ਜਿਵੇਂ ਪਹਾੜ ਬੱਝ ਗਿਆ ਸੀ। ਮੈਂ ਅੱਕਲਕਾਣ ਹੋ ਗਿਆ। ਅੱਜ ਦਾ ਦਿਨ ਤਾਂ ਚਲੋ ਲੰਘ ਜਾਵੇਗਾ। ਇਉਂ 'ਵੀਕ-ਐਂਡ' ਕਿਵੇਂ ਆਏਗਾ? ਉਸ ਤੋਂ ਪਹਿਲਾਂ ਦੇਵਿੰਦਰ ਹੋਰੀਂ ਮੇਰੇ ਨਾਲ ਕਿਧਰੇ ਜਾ ਨਹੀਂ ਸਕਦੇ ਸੀ। ਮੈਨੂੰ ਇਉਂ ਜਾਪਣ ਲੱਗਾ ਜਿਵੇਂ ਮੈਂ ਇਸ ਫਲੈਟ ਵਿੱਚ ਕੈਦ ਸਾਂ। ਅੱਕ ਕੇ ਮੈਂ ਕਮਰੇ 'ਚ ਹੀ ਚੱਕਰ ਕੱਢਣ ਲੱਗ ਪੈਂਦਾ। ਮਸਾਂ ਹੀ ਸੂਰਜ ਢਾਲੇ ਪਿਆ, ਫਿਰ ਸ਼ਾਮ ਹੋਈ ਅਤੇ ਦੇਵਿੰਦਰ ਤੇ ਕਾਕਾ ਆਏ। ਐਟਲਾਂਟਕ ਜਾਣ ਲਈ ਫਲੈਟ 'ਚੋਂ ਨਿਕਲੇ ਤਾਂ ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਕੱਲ੍ਹ ਤੋਂ ਬਾਅਦ ਮੈਂ ਹੁਣ ਦੂਜਾ ਸਾਹ ਲਿਆ ਹੋਵੇ।

## ਇਕ ਹੋਰ ਤਾਜ ਮਹਿਲ

Academy of the Punjab in North America: http://www.apnaorg.com

ਐਟਲਾਂਟਕ, ਸਮੁੰਦਰ ਦੇ ਕੰਢੇ ਵਸਿਆ ਇੱਕ ਖ਼ੂਬਸੂਰਤ ਸ਼ਹਿਰ ਹੈ। ਦੁਨੀਆਂ ਵਿੱਚ ਇਸ ਦੀ ਮਸ਼ਹੂਰੀ ਉਨ੍ਹਾਂ ਜੂਆ ਘਰਾਂ (ਕਸੀਨੋ) ਕਰਕੇ ਹੈ, ਜਿਨ੍ਹਾਂ ਦੇ ਸਿਰ ਤੇ ਇਸ ਸ਼ਹਿਰ ਦੀ ਜਗਮਗਾਹਟ ਕਾਇਮ ਹੈ।

ਦੇਵਿੰਦਰ ਦੀ ਫਰਾਟੇ ਮਾਰਦੀ ਕਾਰ ਵਿੱਚ ਦੋ ਕੁ ਘੰਟਿਆਂ ਦੇ ਸਫ਼ਰ ਪਿੱਛੋਂ ਜਦ ਅਸੀਂ ਐਟਲਾਂਟਕ ਪਹੁੰਚੇ ਤਾਂ ਰਾਤ ਦੇ ਅੱਠ ਵੱਜੇ ਸਨ। ਪਰ ਇਥੋਂ ਦੀਆਂ ਤੇਜ ਰੋਸ਼ਨੀਆਂ ਦੀ ਚਮਕਾਰ ਤੋਂ ਡਰਦੀ ਰਾਤ ਅਜੇ ਸ਼ਹਿਰ 'ਚ ਵੜਨੋਂ ਝਿਜਕ ਰਹੀ ਸੀ। ਸ਼ਹਿਰ 'ਚ ਵੜਦਿਆਂ ਹੀ ਸਾਹਮਣੇ ਸੱਤ ਅੱਠ ਮੰਜ਼ਲੀ ਇਮਾਰਤ ਦਿਸੀ ਜਿਸ ਦੇ ਮੱਥੇ ਉਤੇ ਵੱਡੇ ਚਮਕ ਭਰੇ ਅੱਖਰਾਂ ਨਾਲ ਲਿਖਿਆ ਹੋਇਆ ਸੀ 'ਤਾਜ ਮਹਿਲ'।

'ਹੱਛਾ, ਏਥੇ ਵੀ ਐ ਤਾਜ ਮਹਿਲ?' ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ।

'ਹਾਂ ਇਹੀ ਐ ਅਮਰੀਕਾ ਦਾ ਪ੍ਰਸਿੱਧ ਜੂਆ ਘਰ', ਕਾਕੇ ਨੇ ਮੇਰੀ ਹੈਰਾਨੀ ਦੂਰ ਕਰਦਿਆਂ ਕਿਹਾ। ਇਥੇ ਹਜ਼ਾਰਾਂ ਮੀਲਾਂ ਤੋਂ ਚੱਲ ਕੇ ਅਰਬਾਂਪਤੀ ਅਮਰੀਕਨ ਜੂਆ ਖੇਡਣ ਆਉਂਦੇ ਹਨ। ਸੱਤ ਮੰਜ਼ਲੀ ਵੱਡੀ ਇਮਾਰਤ ਕਾਰ ਪਾਰਕਿੰਗ ਲਈ ਹੈ, ਪਰ ਫੇਰ ਵੀ ਇਥੇ ਕਾਰ ਠੱਲ੍ਹਣ ਨੂੰ ਮਸਾਂ ਹੀ ਥਾਂ ਮਿਲਦੀ ਹੈ। ਪਹਿਲਾਂ ਹੀ ਫੋਨ ਤੇ ਬੁਕਿੰਗ ਕਰਵਾ ਕੇ ਜਗ੍ਹਾ ਰੋਕਣੀ ਪੈਂਦੀ ਹੈ। ਇਸ ਲਈ ਸਾਨੂੰ ਕਾਰ ਇਥੋਂ ਕੁੱਝ ਹਟਵੀਂ ਬਣੀ ਪਾਰਕਿੰਗ ਵਿੱਚ ਖੜ੍ਹਾਉਣੀ ਪਈ। ਜੂਆ-ਘਰ ਵਾਲਿਆਂ ਦੀਆਂ ਡੀਲਕਸ ਬੱਸਾਂ ਦੂਰੋਂ-ਦੂਰੋਂ ਜੁਆਰੀਆਂ ਨੂੰ ਮੁਫ਼ਤ ਚੜ੍ਹਾ ਕੇ ਲਿਆਉਂਦੀਆਂ ਹਨ, ਜਿਵੇਂ ਸਾਡੇ ਨਵੀਂ ਗੱਡੀ ਖਰੀਦਣ ਵਾਲਾ ਸਵਾਰੀਆਂ ਨੂੰ ਕਿਸੇ ਤੀਰਥ ਸਥਾਨ ਤੇ ਲੈ ਕੇ ਜਾਂਦਾ ਹੈ। ਜੂਆ-ਘਰ ਦੇ ਵੱਡੇ ਹਾਲਾਂ ਦੇ ਨਾਲ ਬਣਿਆਂ ਹੈ ਇੱਕ ਆਲੀਸ਼ਾਨ ਹੋਟਲ ਜਿਥੇ ਅਮੀਰ ਆਪਣੀਆਂ ਰਖੇਲਾਂ ਨਾਲ 'ਵੀਕ-ਐਂਡ' ਤੇ ਆਉਂਦੇ ਹਨ ਅਤੇ ਦੋ ਦਿਨ ਮਸਤੀ ਮਨਾਉਂਦੇ ਹਨ। ਭਾਵੇਂ ਦੇਵਿੰਦਰ ਹੋਰੀਂ ਪਹਿਲਾਂ ਵੀ ਇਥੇ ਗੇੜਾ ਮਾਰ ਚੁੱਕੇ ਸਨ ਫਿਰ ਵੀ ਸਾਨੂੰ ਜੂਆ ਘਰ ਦਾ ਮੁੱਖ ਹਾਲ ਲਭਦਿਆਂ ਅੱਧਾ ਘੰਟਾ ਲੱਗ ਗਿਆ। ਐਨੀ ਵੱਡੀ ਇਮਾਰਤ ਵਿੱਚ ਪਤਾ ਹੀ ਨਹੀਂ ਸੀ ਲੱਗਦਾ ਕਿ ਕਿਧਰ ਨੂੰ ਜਾਣਾ ਹੈ। ਅਸੀਂ ਗੁਆਚੇ ਫਿਰਦੇ ਸਾਂ। ਮੈਨੂੰ ਘੜੀ ਉਤੇ ਨੌਂ ਵੱਜੇ ਵੇਖ ਕੇ ਜਾਪਿਆ ਕਿ ਲੇਟ ਹੋ ਗਏ ਸਾਂ ਪਰ ਹਾਲ ਅੰਦਰ ਗਏ ਤਾਂ ਅਜੇ ਵਿਰਲੇ-ਟਾਵੇਂ ਜੁਆਰੀ ਹੀ ਆਏ ਸਨ। ਮੇਲਾ ਪੂਰੀ ਤਰ੍ਹਾਂ ਭਰਨ ਦੀ ਉਡੀਕ ਵਿੱਚ ਅਸੀਂ ਜੂਆ ਘਰ ਦੇ ਨਾਲ ਹੀ ਸਮੁੰਦਰ ਕੰਢੇ ਚੱਲ ਰਹੇ ਹੋਰ ਰੰਗ-ਤਮਾਸ਼ੇ ਵੇਖਣ ਲੱਗ ਪਏ। ਇਥੇ ਦਿਲ ਹਿਲਾਉਣ ਵਾਲਾ ਇੱਕ ਅਜੀਬ ਝੂਲਾ ਸੀ ਅਤੇ ਜੂਏਬਾਜਾਂ ਲਈ ਅਨੇਕਾਂ 'ਗੇਮਾਂ' ਸਨ। ਦੇਵਿੰਦਰ ਨੇ ਮੋਟੀਆਂ ਅੱਖਾਂ ਅਤੇ ਸੁਹਣੇ ਨੈਣ-ਨਕਸ਼ਾਂ ਵਾਲੀ ਇੱਕ ਦੁਕਾਨਦਾਰ ਕੁੜੀ ਤੋਂ ਦੋ-ਦੋ

Academy of the Punjab in North America: http://www.apnaorg.com

ਡਾਲਰ ਦੇ ਕੁੱਝ ਟੋਕਨ ਖਰੀਦ ਲਏ। ਉਸ ਨੇ ਸਾਨੂੰ ਪਸਤੌਲ ਦੇ ਦਿੱਤੇ ਜਿਨ੍ਹਾਂ ਵਿਚੋਂ ਪਾਣੀ ਦੀ ਤਿੱਖੀ ਧਾਰ ਗੋਲੀ ਵਾਂਗ ਨਿਕਲਦੀ ਸੀ। ਜੇ ਉਸ ਨਾਲ ਮਿਥੇ ਟਾਰਗੈੱਟ ਉਤੇ ਨਿਸ਼ਾਨਾ ਲੱਗ ਜਾਵੇ ਤਾਂ ਇੱਕ ਖ਼ੂਬਸੂਰਤ 'ਟੈਡੀਬੀਅਰ' ਦਾ ਖਿਲੌਣਾ ਮਿਲਦਾ ਸੀ। ਅਸੀਂ ਪੂਰੇ ਸਿੰਨ੍ਹ-ਸਿੰਨ੍ਹ ਕੇ ਨਿਸ਼ਾਨੇ ਲਾਉਣ ਦੇ ਯਤਨ ਕੀਤੇ ਪਰ ਸਫਲਤਾ ਸਾਡੇ ਵੰਨੀ ਪਿੱਠ ਕਰਕੇ ਖੜ੍ਹੀ ਰਹੀ।

'ਚਲ ਦਸ ਡਾਲਰਾਂ 'ਚ ਪਰੀ ਵਰਗੀ ਕੁੜੀ ਵੇਖ-ਲੀ ਯਾਰ' ਕਾਕੇ ਨੇ ਸਾਨੂੰ ਹੌਸਲਾ ਦਿੱਤਾ। ਇਉਂ ਵੱਖ ਵੱਖ ਗੇਮਾਂ ਖਿਡਾਉਣ ਵਾਲੀਆਂ ਸੁੰਦਰੀਆਂ ਕੋਲ ਅਸੀਂ ਪੰਜਾਹ ਕੁ ਡਾਲਰ ਹਸਦਿਆਂ-ਹਸਦਿਆਂ ਹੀ ਲੁਟਾ ਦਿੱਤੇ।

'ਚਲੋ ਬਾਈ ਜੀ ਨੂੰ ਸੁਰਗ ਦਾ ਝੂਟਾ ਦਿਵਾਉਣੇ ਆਂ', ਕਾਕੇ ਨੇ ਸਾਨੂੰ ਗੇਮਾਂ ਵੱਲੋਂ ਹਟਾ ਕੇ ਸਾਹਮਣੇ ਚੱਲ ਰਹੀ 'ਅਰਸ਼ੀ ਪੀਂਘ' ਵੱਲ ਇਸ਼ਾਰਾ ਕਰਦਿਆਂ ਓਧਰ ਚੱਲਣ ਲਈ ਕਿਹਾ। ਸਾਡੇ ਤੋਂ ਪਹਿਲਾਂ ਜਿਸ ਨੌਜਵਾਨ ਨੇ ਇਹ ਝੂਟਾ ਲੈਣਾ ਸੀ। ਉਸ ਦੀ ਹੋਣੀ ਵੇਖ ਕੇ ਦਿਲ ਤ੍ਰਹਿ ਗਿਆ। ਸਭ ਤੋਂ ਪਹਿਲਾਂ ਉਸ ਨੂੰ ਉਹ ਬੋਰਡ ਪੜ੍ਹਨ ਵਾਸਤੇ ਕਿਹਾ ਗਿਆ ਜਿਸ ਉਤੇ ਕੁੱਝ ਹਦਾਇਤਾਂ ਲਿਖੀਆਂ ਹੋਈਆਂ ਸਨ ਕਿ ਦਿਲ ਦਾ ਮਰੀਜ਼ ਇਹ ਝੂਟਾ ਨਾ ਲਵੇ। ਦਸ ਸਾਲ ਤੋਂ ਘੱਟ ਅਤੇ ਸੱਠ ਸਾਲ ਤੋਂ ਵੱਧ ਉਮਰ ਵਾਲੇ ਵੀ ਇਹ ਪੀਂਘ ਨਾ ਝੂਟਣ। ਇਸ ਤਰ੍ਹਾਂ ਦੀਆਂ ਹੀ ਚਾਰ-ਪੰਜ ਹੋਰ ਸ਼ਰਤਾਂ ਸਨ। ਫਿਰ ਉਸ ਨੌਜਵਾਨ ਤੋਂ ਇੱਕ ਫਾਰਮ ਉਤੇ ਦਸਤਖ਼ਤ ਕਰਵਾਏ ਗਏ ਕਿ ਜੇ ਝੂਟਾ ਲੈਣ ਦੌਰਾਨ ਉਸ ਦੀ ਮੌਤ ਹੋ ਗਈ ਤਾਂ ਇਸ ਦਾ ਜ਼ਿੰਮੇਵਾਰ ਉਹ ਖੁਦ ਹੋਵੇਗਾ। ਫੇਰ ਉਸ ਤੋਂ ਪੁੱਛਿਆ ਗਿਆ ਕਿ ਝੂਟਾ ਉਸ ਨੇ ਇਕੱਲੇ ਨੇ ਲੈਣਾ ਹੈ ਕਿ 'ਸੁਹਾਣੇ' ਸਾਥ ਲਈ ਕੋਈ ਮੁਟਿਆਰ ਚਾਹੀਦੀ ਹੈ। ਉਸ ਨੇ ਖੇਡ ਵਾਲਿਆਂ ਕੋਲੋਂ ਇੱਕ ਵੱਧ ਟਿਕਟ ਖਰੀਦ ਕੇ ਕਿਰਾਏ ਦੀ ਸਾਥਣ ਲਈ। ਚਾਲੀ ਅਤੇ ਚਾਲੀ ਅੱਸੀ ਡਾਲਰਾਂ ਦੀਆਂ ਦੋ ਟਿਕਟਾਂ ਖਰੀਦਣ ਤੋਂ ਬਾਅਦ ਉਹ ਮੁੰਡਾ ਤੇ ਕੁੜੀ ਇੱਕ ਮੰਚ ਉਤੇ ਜਾ ਚੜ੍ਹੇ। ਉਥੇ ਦੋਵਾਂ ਨੂੰ ਇੱਕ ਪੈਡ ਉਤੇ ਮੂਧੇ ਲਿਟਾ ਲਿਆ ਗਿਆ ਅਤੇ ਪੈਡ ਦੀਆਂ ਹੁੱਕਾਂ ਪਿੱਠ ਵਾਲੇ ਪਾਸੇ ਕਸ ਕੇ ਲਾ ਦਿੱਤੀਆਂ। ਨੈਪਕਨ 'ਚ ਵਲ੍ਹੇਟੇ ਹੌਟ-ਡਾਗ ਵਾਂਗ ਉਸ ਮੁੰਡੇ ਕੁੜੀ ਦੇ ਪੈਰ ਅਤੇ ਸਿਰ ਹੀ ਪੈਡ ਤੋਂ ਬਾਹਰ ਦਿਸਦੇ ਸਨ। ਫੇਰ ਮੰਚ ਤੋਂ ਥੋੜ੍ਹੇ ਹਟਵੇਂ ਖੜ੍ਹੇ ਵਾਟਰ ਵਰਕਸ ਦੀ ਟੈਂਕੀ ਜਿੱਡੇ ਉਚੇ ਇੱਕ ਖੰਭੇ ਦੇ ਸਿਰੇ ਤੋਂ ਆਉਂਦੀ ਤਾਰ ਦੀ ਹੁੱਕ ਮੁੰਡੇ-ਕੁੜੀ ਦੇ ਪੈਡ ਵਾਲੇ ਕੁੰਡੇ ਵਿੱਚ ਫਸਾ ਦਿੱਤੀ। ਕਿਸੇ ਮਸ਼ੀਨ ਦੀ ਮੱਦਦ ਨਾਲ ਉਹ ਤਾਰ ਇਉਂ ਖਿੱਚੀ ਜਾਣੀ ਸ਼ੁਰੂ ਹੋਈ ਜਿਵੇਂ ਝੋਟਾ ਖੂਹ 'ਚੋਂ ਬੋਕਾ ਖਿਚਦਾ ਹੈ। ਤੋਰੀ ਵਾਂਗ ਲਮਕਦੇ ਕੁੜੀ-ਮੁੰਡਾ ਉਤਾਂਹ ਅਰਸ਼ ਵੱਲ ਖਿੱਚੀਂਦੇ ਗਏ। ਜਦੋਂ ਖੰਭੇ ਦੇ ਸਿਰੇ ਕੋਲ ਪਹੁੰਚੇ ਤਾਂ ਇੱਕ ਦਮ ਤਾਰ ਢਿੱਲੀ ਛੱਡ ਦਿੱਤੀ ਗਈ। ਉਨ੍ਹਾਂ ਦੇ ਹਸਦੇ ਲਾਲ-ਸੂਹੇ

Academy of the Punjab in North America: http://www.apnaorg.com

ਚਿਹਰੇ ਰੋਣੀਆਂ ਸੂਰਤਾਂ ਵਿੱਚ ਵੱਟ ਗਏ ਅਤੇ ਮੁੰਡੇ ਦੇ ਬੱਗੇ-ਫੂਸ ਮੂੰਹ 'ਚੋਂ ਲੇਰ ਨਿਕਲੀ। ਥੱਲੇ ਖੜ੍ਹੇ ਸਾਡੇ ਵਰਗੇ ਤਮਾਸ਼ਬੀਨ ਤਾੜੀਆਂ ਮਾਰ ਕੇ ਹੱਸੇ। ਮੁੰਡਾ-ਕੁੜੀ ਕਿਸੇ ਖਰਗੋਸ਼ ਉਤੇ ਝਪਟਣ ਵਾਲੇ ਬਾਜ਼ ਵਾਂਗ ਸਿੱਧੇ ਧਰਤੀ ਵੱਲ ਨੂੰ ਡਿੱਗੇ। ਮੁੰਡੇ ਦੀਆਂ ਚੀਕਾਂ ਹੋਰ ਉੱਚੀਆਂ ਹੋਈਆਂ। ਐਨ ਜ਼ਮੀਨ ਨਾਲ ਟਕਰਾ ਕੇ ਚੂਰ-ਚੂਰ ਹੋਣ ਹੀ ਵਾਲੇ ਸਨ ਕਿ ਕਿਸੇ ਚੁੰਬਕੀ ਖਿੱਚ ਨਾਲ ਤਾਰ ਫੇਰ ਕਸੀ ਗਈ। ਹੁਣ ਉਹ ਪੈਂਡੂਲਮ ਵਾਂਗ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਂਦੇ ਮੌਤ ਦੀ ਪੀਂਘ ਝੂਟ ਰਹੇ ਸਨ। ਮੁੰਡੇ ਦੀਆਂ ਬਹੁੜੀ-ਦੁਹਾਈ ਦੀਆਂ ਚੀਕਾਂ ਅਤੇ ਪੀਂਘ ਰੋਕਣ ਲਈ ਪਾਏ ਵਾਸਤੇ ਸਭ ਅਜਾਈਂ ਜਾ ਰਹੇ ਸਨ। ਕਿੰਨਾ ਹੀ ਚਿਰ ਉਹ ਇਉਂ ਹੀ ਲਟਕੀ ਗਏ। ਫੇਰ ਕਿਤੇ ਜਾ ਕੇ ਪੀਂਘ ਰੁਕੀ। ਪੈੱਡਾਂ 'ਚੋਂ ਨਿਕਲ ਕੇ ਉਨ੍ਹਾਂ ਨੇ ਸੁਖ ਦਾ ਸਾਹ ਲਿਆ। ਹੁਣ ਉਨ੍ਹਾਂ ਨੂੰ ਉਹ ਫ਼ਿਲਮ ਵਿਖਾਈ ਗਈ ਜਿਹੜੀ ਉਨ੍ਹਾਂ ਦੇ ਪੀਂਘ ਝੂਟਣ ਸਮੇਂ ਦੇ ਹਾਵ-ਭਾਵ ਪਕੜਨ ਵਾਸਤੇ ਬਣਾਈ ਗਈ ਸੀ। ਸਕਰੀਨ ਉਤੇ ਆਪਣੀਆਂ ਰੋਣੀਆਂ ਸੂਰਤਾਂ ਵੇਖ ਕੇ ਹੁਣ ਉਹ ਖੁਦ ਹੀ ਹੱਸ ਰਹੇ ਸਨ। ਮੌਤ ਦੇ ਮੂੰਹ 'ਚੋਂ ਸਾਬਤ-ਸਬੂਤੇ ਬਚ ਆਉਣ ਦੇ ਅਹਿਸਾਸ ਨੇ ਮੁੰਡੇ ਦੇ ਚਿਹਰੇ ਉਤੇ ਮੁੜ ਰੌਣਕ ਲੈ ਆਂਦੀ ਸੀ।

ਮੈਂ ਆਪਣੇ ਬਚਪਨ ਵਿੱਚ ਪਿੰਡ ਛੱਪੜ ਦੇ ਕੰਢੇ ਉਤੇ ਖੜ੍ਹੇ ਉੱਚੇ ਪਿੱਪਲ ਤੋਂ ਪਾਣੀ ਵਿੱਚ ਛਾਲਾਂ ਮਾਰਦਾ ਰਿਹਾ ਸਾਂ। ਇਥੇ ਅਮਰੀਕਾ ਵਿੱਚ ਵੀ ਡਿਜ਼ਨੀਲੈਂਡ ਅਤੇ ਕੁੱਝ ਹੋਰ ਥਾਵਾਂ ਉਤੇ ਵੱਡੀਆਂ ਵੱਡੀਆਂ ਝਾਟੀਆਂ (ਰਾਈਡਸ) ਲੈ ਕੇ ਆਪਣੇ ਦਿਲ ਦਾ ਇਮਤਿਹਾਨ ਲੈ ਚੁੱਕਾ ਸਾਂ ਪਰ 'ਅਰਸ਼ੀ ਪੀਂਘ' ਉਤੇ ਝੂਟਾ ਲੈਣ ਤੋਂ ਤ੍ਰਹਿ ਰਿਹਾ ਸਾਂ। ਦੇਵਿੰਦਰ ਤੇ ਕਾਕਾ ਮੈਨੂੰ ਹੌਸਲਾ ਦੇ ਰਹੇ ਸਨ। ਉਨ੍ਹਾਂ ਚੱਕ-ਚਕਾ ਕੇ ਮੈਨੂੰ ਤਿਆਰ ਕਰ ਹੀ ਦਿੱਤਾ। ਦੇਵਿੰਦਰ ਮੇਰੀ ਅਤੇ ਕਿਰਾਏ ਦੀ ਕੁੜੀ ਵਾਸਤੇ ਟਿਕਟ ਕਟਾਉਣ ਹੀ ਲੱਗਾ ਸੀ ਕਿ ਮੇਰੇ ਸੂਲੀ ਉਤੇ ਚੜ੍ਹਨ ਤੋਂ ਪਹਿਲਾਂ ਹੀ ਰਾਮ ਨੇ ਭਲੀ ਕਰ ਦਿੱਤੀ ਸੀ। ਪੀਂਘ ਦੇ ਚੱਲਣ ਦਾ ਵਕਤ ਖ਼ਤਮ ਹੋ ਗਿਆ ਸੀ। ਮੈਂ ਭਾਵੇਂ ਮੌਤ ਨੂੰ ਮਾਸੀ ਕਹਿਣ ਤੋਂ ਬਚ ਗਿਆ ਸਾਂ ਪਰ ਮੇਰਾ ਦਿਲ ਫੇਰ ਵੀ ਧੱਕ ਧੱਕ ਵੱਜ ਰਿਹਾ ਸੀ। ਕੁੱਝ ਸਮਾਂ ਸਾਗਰ 'ਚ ਉੱਠਦੀਆਂ ਛੱਲਾਂ ਦਾ ਸੰਗੀਤ ਸੁਣ ਕੇ ਅਤੇ ਪਾਣੀ 'ਚ ਪੈਂਦੀਆਂ 'ਤਾਜ ਮਹਿਲ' ਦੀਆਂ ਰੌਸ਼ਨੀਆਂ ਵੇਖ ਕੇ ਮਨ ਨੂੰ ਟਿਕਾਣੇ ਲਿਆਂਦਾ।

ਹੁਣ ਫੇਰ ਜੂਆ-ਹਾਲ ਵੱਲ ਆਏ ਤਾਂ ਪੂਰਾ ਰੌਣਕ ਮੇਲਾ ਹੋ ਚੁੱਕਿਆ ਸੀ। ਧੜਾ ਧੜ ਲੋਕ ਅੰਦਰ ਆਪਣੀ ਕਿਸਮਤ ਅਜ਼ਮਾਈ ਲਈ ਵਹੀਰਾਂ ਘੱਤ ਕੇ ਜਾ ਰਹੇ ਸਨ। ਮੁੱਖ ਬੂਹੇ ਕੋਲ ਉਨ੍ਹਾਂ ਕਿਸਮਤ ਦੇ ਧਨੀਆਂ ਦੀਆਂ ਖਿੜੇ ਚਿਹਰਿਆਂ ਵਾਲੀਆਂ ਤਸਵੀਰਾਂ ਲਾਈਆਂ ਗਈਆਂ ਸਨ ਜਿਹੜੇ ਇਸ ਜੂਆ-ਘਰ 'ਚੋਂ ਲੱਖਾਂ ਡਾਲਰ ਜਿੱਤ ਕੇ ਰਾਤੋ-ਰਾਤ ਸ਼ਾਹ ਬਣ ਗਏ ਸਨ। ਇਹ ਤਸਵੀਰਾਂ ਵੇਖ

Academy of the Punjab in North America: http://www.apnaorg.com

ਕੇ ਇਹੀ ਅਹਿਸਾਸ ਇੱਕ ਛਿਣ ਲਈ ਮੇਰੇ ਅੰਦਰ ਵੀ ਜਾਗਿਆ ਜਿਵੇਂ ਅੱਜ ਦੀ ਰਾਤ ਤੋਂ ਬਾਅਦ ਖ਼ਬਰੇ ਮੈਂ ਵੀ ਲੱਖਾਂਪਤੀ ਹੋਵਾਂਗਾ। ਇਹ ਸੋਚ ਕੇ ਮੇਰੇ ਪੈਰਾਂ ਦੀਆਂ ਤਲੀਆਂ ਵਿੱਚ ਚਾਅ ਦੀ ਜਲੂਣ ਜਿਹੀ ਹੋਈ ਅਤੇ ਕਦਮ ਕਾਹਲੇ ਹੋ ਗਏ। ਛੇਤੀ ਤੋਂ ਛੇਤੀ ਬੱਤ ਮਾਰਨ ਨੂੰ ਦਿਲ ਕਰਦਾ ਸੀ।

ਲਗਪਗ ਡੇੜ-ਦੋ ਏਕੜ ਦੇ ਜੂਆ-ਘਰ ਦੇ ਹਾਲ ਵਿੱਚ ਰੰਗ-ਬਰੰਗੀਆਂ ਰੋਸ਼ਨੀਆਂ ਦੀ ਚਕਾਚੌਂਧ ਸੀ। ਤਾਸ਼, ਚਕਰੀਆਂ ਅਤੇ ਪਾਸਿਆਂ ਨਾਲ ਖੇਡੀਆਂ ਜਾਣ ਵਾਲੀਆਂ ਸੈਂਕੜੇ ਗੇਮਾਂ ਚੱਲ ਰਹੀਆਂ ਸਨ ਪਰ ਬਹੁਤੇ ਲੋਕ ਇਕੱਲੇ-ਇਕੱਲੇ ਹੀ ਜੂਆ-ਮਸ਼ੀਨਾਂ ਦੇ ਸਾਹਮਣੇ ਬੈਠੇ ਆਪਣੀ-ਆਪਣੀ ਖੇਡ ਵਿੱਚ ਮਸਤ ਸਨ। ਇਹ ਮਸ਼ੀਨਾਂ ਚੁਆਨੀ (ਕੁਆਟਰ) ਤੋਂ ਲੈ ਕੇ ਸੌ ਡਾਲਰ ਤੱਕ ਪਾ ਕੇ ਖੇਡੀਆਂ ਜਾਣ ਵਾਲੀਆਂ ਸਨ। ਮਸ਼ੀਨ ’ਚ ਕੁਆਟਰ ਪਾਓ। ਬਟਨ ਦੱਬੋ ਜਾਂ ਹੈਂਡਲ ਖਿੱਚੋ। ਮਸ਼ੀਨ ਚਲਦੀ ਤੇ ਸਾਹਮਣੇ ਕੁੱਝ ਅੰਕ ਆ ਜਾਂਦੇ, ਜੇ ਤਿੰਨੇ ਪਾਂਜੇ, ਤਿੰਨੇ ਸਾਤੇ ਜਾਂ ਹੋਰ ਕੋਈ ‘ਲੱਕੀ ਨੰਬਰ’ ਆ ਜਾਂਦਾ ਤਾਂ ਮਸ਼ੀਨ ਕੁਆਟਰ ‘ਸੂਣ’ ਲੱਗਦੀ, ਜਿਨ੍ਹਾਂ ਨਾਲ ਮਸ਼ੀਨ ਦੀ ਖੇਲ ਭਰ ਜਾਂਦੀ। ਜੇ ਠੀਕ ਨੰਬਰ ਨਾ ਆਉਣ ਕਰਕੇ ਵਾਰ ਖਾਲੀ ਜਾਂਦਾ ਤਾਂ ਮਸ਼ੀਨ ਉਤੇ ਲਿਖਿਆ ਆ ਜਾਂਦਾ, ‘ਪੈਸੇ ਹੋਰ ਪਾਓ ਜੀ।’

ਚਾਰੇ ਪਾਸੇ ਜੂਆ-ਮਸ਼ੀਨਾਂ ਦੀ ਟਿੱਕ ਟਿੱਕ, ਟੀਂ-ਟੀਂ ਦਾ ਖੜਕਾ-ਦੜਕਾ ਹੋ ਰਿਹਾ ਸੀ। ਜੁਆਰੀਆਂ ਨੂੰ ਗਰਮੀ ਦੁਆਉਣ ਵਾਸਤੇ ਵਿਸਕੀ ਦੀ ਬੋਤਲ ਵਰਗੀਆਂ ਸ਼ਰਬਤੀ ਅੱਖਾਂ ਵਾਲੀਆਂ ਕੁੜੀਆਂ ਪੈੱਗ ਵਰਤਾ ਰਹੀਆਂ ਸਨ। ਇਥੇ ਜੂਆ ਖੇਡਣ ਨਾਲੋਂ ਵੀ ਵੱਧ ਦਿਲਚਸਪ ਖੇਡਦਿਆਂ ਨੂੰ ਵੇਖਣਾ ਸੀ। ਜੇ ਮਸ਼ੀਨ ਮਿੱਸ ਮਾਰ ਜਾਂਦੀ ਤਾਂ ਖਿਡਾਰੀ ਦੇ ਚਿਹਰੇ ਉਤੇ ਉਦਾਸੀ ਦੀ ਪਰਤ ਫਿਰ ਜਾਂਦੀ, ਬੁੱਲ੍ਹ ਭਚੀੜੇ ਜਾਂਦੇ ਅਤੇ ਤਿਉੜੀਆਂ ਕੱਸੀਆਂ ਜਾਂਦੀਆਂ। ਦੰਦ ਕਰੀਚਦਾ ਅਤੇ ਮੁੱਕੇ ਵੱਟਦਾ ਉਹ ਮਸ਼ੀਨ ਵੱਲ ਵੱਢ ਖਾਣੀਆਂ ਨਜ਼ਰਾਂ ਨਾਲ ਝਾਕਦਾ। ਜੇ ਕਿਸੇ ਦਾ ਲੱਕੀ ਨੰਬਰ ਆ ਜਾਂਦਾ ਤਾਂ ਉਹ ਇਕਦਮ ਸਟੂਲ ਤੋਂ ਉਛਲਦਾ ਅਤੇ ਉਸ ਦੀਆਂ ਵਾਛਾਂ ਖਿੜ ਜਾਂਦੀਆਂ। ਮਸ਼ੀਨ ‘ਚੋਂ ਇਉਂ ਕੁਆਟਰ ਡਿੱਗਣ ਲੱਗਦੇ ਜਿਵੇਂ ਮਦਾਰੀ ਕਿਸੇ ਨੂੰ ਆਖਦਾ ਹੈ ਕਿ ਕੋਡਾ ਹੋ ਕੇ ਖੰਘ ਅਤੇ ਉਸ ਦੇ ਚਿੱਤੜਾਂ ਵਿਚੋਂ ਸਿੱਕੇ ਠਣਕ-ਠਣਕ ਡੱਬੇ ਵਿੱਚ ਡਿੱਗਣ ਲੱਗਦੇ ਹਨ। ਪੈਸੇ ਸੂੰਦੀ ਮਸ਼ੀਨ ਵੱਲ ਵੇਖ ਕੇ ਖਿਡਾਰੀ ਦੀਆਂ ਗੱਲ੍ਹਾਂ ਲ਼ਾਲ਼ ਹੋ ਕੇ ਫੁੱਲ ਜਾਂਦੀਆਂ ਅਤੇ ਉਸ ਦਾ ਜੀਅ ਕਰਦਾ ਕਿ ਮਸ਼ੀਨ ਨੂੰ ਜੱਫੀ ’ਚ ਘੁੱਟ ਲਵੇ।

ਸਾਨੂੰ ਹੁਣ ਹੋਰ ਸਬਰ ਕਰਨਾ ਔਖਾ ਸੀ, ਅਸੀਂ ਤੁਰ-ਫਿਰ ਕੇ ਕਾਫੀ ਮੇਲਾ ਵੇਖ ਚੁੱਕੇ ਸਾਂ। ਅਸੀਂ ਆਪਣੇ ਆਪਣੇ ਲਈ ਖਾਲੀ ਮਸ਼ੀਨ ਲੱਭੀ ਅਤੇ ਦਾਅ ਲਾਉਣ ਲੱਗੇ। ਅਸੀਂ ਤਾਂ ਕੁਆਟਰਾਂ

ਨਾਲ ਖੇਡਣ ਵਾਲੇ ਛੋਟੇ ਖਿਡਾਰੀ ਸਾਂ। ਦੇਵਿੰਦਰ ਨੇ ਕਾਊਂਟਰ ਤੋਂ ਨੋਟਾਂ ਵੱਟੇ ਸਿੱਕੇ ਵਟਾ ਕੇ ਮੈਨੂੰ ਪੰਜ ਕੁ ਡਾਲਰ ਦੇ ਕੁਆਟਰ ਦੇ ਦਿਤੇ। ਮੈਂ ਕੁਆਟਰ ਪਾਉਂਦਾ, ਬਟਨ ਦਬਦਾ ਪਰ ਵਾਰ ਖਾਲੀ ਜਾਂਦਾ। ਮੈਂ ਜੁਆਰੀਆਂ ਵਾਲੇ ਅੰਧ-ਵਿਸ਼ਵਾਸ ਨਾਲ ਸੋਚਿਆ ਕਿ ਖ਼ਬਰੇ ਮੈਂ 'ਕੜਮੀ ਮਸ਼ੀਨ' ਮੂਹਰੇ ਬੈਠ ਗਿਆ ਸਾਂ ਤਾਂ ਹੀ ਕਿਸਮਤ-ਰਾਣੀ ਮੇਰੇ ਵੱਲ ਘੁੰਡ ਕੱਢੀ ਖੜ੍ਹੀ ਸੀ। ਮੈਂ ਆਪਣਾ ਵਹਿਮ ਦੂਰ ਕਰਨ ਲਈ ਹੋਰ 'ਸੁਲੱਖਣੀ' ਮਸ਼ੀਨ ਲੱਭ ਲਈ ਪਰ ਕਿਸਮਤ ਅਜੇ ਵੀ ਨਹੀਂ ਜਾਗੀ ਸੀ। ਮੇਰੇ ਕੋਲ ਆਖਰੀ ਦੋ ਕੁ ਕੁਆਟਰ ਹੀ ਰਹਿ ਗਏ ਸਨ ਕਿ ਖੁਸ਼ੀ ਵਿੱਚ ਮੇਰੇ ਮੂੰਹੋਂ ਕਿਲਕਾਰੀ ਨਿਕਲੀ, 'ਹੈਥੇ … ਰੱਖ … ਤਿੰਨੇ ਪਾਂ … ਜੇ' ਕੁਆਟਰ ਸੂੰਦੀ ਮਸ਼ੀਨ ਨੇ ਖੇਲ ਭਰ ਦਿੱਤੀ। 'ਵਾਹ ਨੀ ਕਰਮਾਂ ਵਾਲੀਏ ਇੱਕ ਵਾਰੀ ਤਾਂ ਤਾਰ-ਤੇ ਚਿੱਠੇ, ਐਹੋ ਜੇ ਸਿੱਟ ਪੰਜ-ਸੱਤ ਦਾਅ ਹੋਰ', ਮੇਰਾ ਮਨ ਕੀਤਾ ਮਸ਼ੀਨ ਦੀ ਚੁੰਮੀ ਲੈ ਲਵਾਂ। ਖੁਸ਼ੀ ਵਿੱਚ ਮੈਂ ਹੱਥ ਵਾਲਾ ਪੈੱਗ ਡੀਕ ਲਾ ਕੇ ਅੰਦਰ ਸਿੱਟਿਆ ਅਤੇ ਕੋਲ ਆ ਖੜੀ ਵਰਤਾਵੀ ਦੀ ਟਰੇਅ 'ਚੋਂ ਇੱਕ ਹੋਰ ਚੁੱਕ ਲਿਆ। ਰਿੜੀ ਦੇਣ ਵਾਲੇ ਚਾਮ੍ਹਲੇ ਜੱਟ ਵਾਂਗ ਕੁਆਟਰਾਂ ਦੇ ਬੋਹਲ ਵਿਚੋਂ ਇੱਕ ਲੱਪ ਭਰ ਕੇ ਵਰਤਾਵੀ ਨੂੰ ਟਿੱਪ ਦੇ ਦਿੱਤੀ।

ਹਾਰ ਕੇ ਪੱਲਾ ਝਾੜ ਆਏ ਮੇਰੇ ਪਿਛੇ ਆ ਖੜ੍ਹੇ ਕਾਕੇ ਦਾ ਢਿਲਕਿਆ ਮੂੰਹ ਵੇਖ ਕੇ ਕੁਆਟਰਾਂ ਦੀ ਇੱਕ ਮੁੱਠੀ ਉਸ ਦੇ ਬੁੱਕ ਵਿੱਚ ਪਾ ਦਿੱਤੀ। ਹੁਣ ਗਰਮ-ਖ਼ੂਨ ਨਾਲ ਫੇਰ ਇਸ 'ਸਮੰਦਣੀ' ਮਸ਼ੀਨ ਵਿੱਚ ਧੜਾ-ਧੜ ਕੁਆਟਰ ਪਾਉਣ ਲੱਗਿਆ। ਫੇਰ ਪਹਿਲਾਂ ਵਾਲੀ ਢੀਚਕ-ਢੂੰ ਸ਼ੁਰੂ ਹੋ ਗਈ। ਬੱਸ ਕਿਤੇ-ਕਿਤਾਈਂ ਦੋ-ਚਾਰ ਕੁਆਟਰਾਂ ਦਾ ਦਾਅ ਆਉਂਦਾ। ਲੱਛਮੀ ਦੇਵੀ ਨੇ ਮੇਹਰ ਦਾ ਹੱਥ ਖ਼ਬਰੇ ਕਿਉਂ ਮੇਰੇ ਸਿਰੋਂ ਚੁੱਕ ਲਿਆ ਸੀ। ਜਿੱਤੇ ਕੁਆਟਰਾਂ ਦਾ ਬੋਹਲ ਦਾਣਾ-ਦਾਣਾ ਕਰਕੇ ਮੁੱਕ ਚੱਲਿਆ ਸੀ। ਮੈਂ ਹਰ ਵਾਰੀ ਬਟਨ ਦੱਬ ਕੇ ਜੂਆ-ਮਸ਼ੀਨ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦਾ ਪਰ ਉਸ ਚੰਦਰੀ ਨੂੰ ਕੀ ਤਰਸ ਆਉਣਾ ਸੀ, ਉਹ ਤਾਂ ਲੋਹੇ ਦੀ ਸੀ। ਮਨ ਨੂੰ ਬਥੇਰੇ ਸਮਝਾਉਣ ਦੇ ਯਤਨ ਕਰ ਰਿਹਾ ਸਾਂ ਕਿ ਗਰਮੀ ਵਿੱਚ ਨਾ ਆਵੇ। ਅਜਿਹੀ 'ਗਰਮੀ' ਵਿੱਚ ਹੀ ਸ਼ਾਇਦ ਯੁਧਿਸ਼ਟਰ ਨੇ ਦਰੋਪਤੀ ਦਾਅ ਉਤੇ ਲਾ ਦਿੱਤੀ ਹੋਵੇਗੀ। ਪਰ 'ਦਿਲ ਹੈ ਕਿ ਮਾਨਤਾ ਨਹੀਂ' ਵਾਲੀ ਗੱਲ ਸੀ। ਮੇਰੇ ਅੰਦਰ ਸੁੱਤਾ ਪਿਆ ਜੁਆਰੀਆ ਜਾਗ ਪਿਆ ਸੀ। ਮੈਂ ਆਪਣੇ ਹੈਂਡ-ਬੈਗ ਦੀ ਜੇਬ 'ਚੋਂ ਕੁਆਟਰਾਂ ਦੀ ਆਖਰੀ ਇੱਕ ਹੋਰ ਮੁੱਠੀ ਕੱਢੀ ਅਤੇ ਭੁੱਖੀ ਮਸ਼ੀਨ 'ਚ ਪਾਉਣ ਲੱਗ ਪਿਆ। ਪਰ ਛੇਤੀ ਹੀ ਫੇਰ ਖਾਲੀ ਹੱਥ ਹੋ ਗਿਆ। ਜੂਆ-ਜਿੱਤ ਕੇ ਕਰੋੜਪਤੀ ਬਣਨ ਦਾ ਅਚੇਤ ਹੀ ਬਣਾਇਆ ਤਾਜ ਮਹਿਲ ਪਲਾਂ 'ਚ ਢਹਿ-ਢੇਰੀ ਹੋ ਗਿਆ।

Academy of the Punjab in North America: http://www.apnaorg.com

'ਬਾਈ ਜੀ ਰਾਤੋ-ਰਾਤ ਕਰੋੜਪਤੀ ਬਣਨ ਆਏ ਪਤਾ ਨਹੀਂ ਕਿੰਨੇ ਕੁ ਏਥੋਂ ਨੰਗ-ਮੁਲੰਗ ਹੋ ਕੇ ਗਏ ਨੇ। ਕੋਈ ਵਿਰਲਾ ਹੀ ਜਿੱਤ ਕੇ ਜਾਂਦੈ ਏਥੋਂ। ਏਥੇ ਤਾਂ ਜੇਬ 'ਚ ਪੰਜਾਹ ਡਾਲਰ ਪਾ ਕੇ ਸ਼ੁਗਲ ਲਈ ਆਵੇ। ਜੇ ਹਾਰ ਵੀ ਜਾਵੇ ਤਾਂ ਕੋਈ ਗੱਲ ਨਹੀਂ', ਮੇਰੇ ਪਿਛੇ ਕਾਕੇ ਦੇ ਨਾਲ ਹੀ ਆ ਖੜ੍ਹਾ ਦੇਵਿੰਦਰ ਸਿਆਣਿਆਂ ਵਾਂਗ ਮੈਨੂੰ ਉੱਠਣ ਲਈ ਇਸ਼ਾਰਾ ਕਰ ਰਿਹਾ ਸੀ।

'ਲੈ ਹੋਰ ਕੀ, ਅੱਜ ਤੱਕ ਜੂਆ ਵੀ ਭਲਾ ਜਿੱਤਿਐ ਕਿਸੇ ਨੇ? ਆਂਹਦੇ ਐ ਇਹਦੀ ਗਰਮੀ ਬੁਰੀ ਹੁੰਦੀ ਐ। ਐਵੇਂ ਤਾਂ ਨੀ ਪਾਂਡਵਾਂ ਨੇ ਘਰਵਾਲੀ ਜੂਏ 'ਚ ਹਾਰਤੀ ਸੀ।' ਕਾਕਾ ਵੀ ਹਾਰੇ ਮਨਾਂ ਨੂੰ ਧਰਵਾਸਾ ਦੇਣ ਲਈ ਸਮਝਾਉਣ ਲੱਗ ਪਿਆ।

ਫੇਰ ਵੀ ਬਾਹਰ ਨਿਕਲਣ ਲੱਗੇ ਤਾਂ ਹੁਣ ਮੇਰੇ ਤੋਂ ਜੇਤੂਆਂ ਦੇ ਹਸਦੇ ਚਿਹਰਿਆਂ ਵੱਲ ਵੇਖਿਆ ਨਾ ਗਿਆ। ਮਨਾਂ 'ਚੋਂ ਹਾਰ ਦੀ ਗੱਲ ਕੱਢਣ ਲਈ ਅਸੀਂ ਜੂਆ-ਹਾਲ ਦੀਆਂ ਰੰਗ-ਬਿਰੰਗੀਆਂ ਰੋਸ਼ਨੀਆਂ, ਪੈੱਗ ਵਰਤਾਉਣ ਵਾਲੀਆਂ ਦੇ ਬੋਤਲ ਵਰਗੇ ਪੱਟਾਂ ਅਤੇ ਜੂਆ-ਖਿਡਾਉਣ ਵਾਲੀਆਂ ਕੋਲੋਂ ਉੱਠਦੀ ਭਿੰਨੀ ਭਿੰਨੀ ਖੁਸ਼ਬੋਈ ਦੀਆਂ ਗੱਲਾਂ ਕਰ ਰਹੇ ਸਾਂ। ਕੁੱਝ ਕੁ ਡਾਲਰਾਂ ਵਿੱਚ ਹੀ ਸਾਡਾ ਚਾਰ-ਪੰਜ ਘੰਟੇ ਕਿੰਨਾ 'ਸ਼ੁਗਲ-ਪਾਣੀ' ਹੋ ਗਿਆ ਸੀ। ਇਸ ਗੱਲ ਨਾਲ ਅਸੀਂ ਸਾਰੇ ਹੀ ਸਹਿਮਤ ਸਾਂ ਪਰ ਕਾਰ ਵਿੱਚ ਸਾਡੀ ਗਹਿਰੀ ਚੁੱਪ ਕੋਈ ਹੋਰ ਗਾਥਾ ਸੁਣਾ ਰਹੀ ਸੀ। ਮੈਨੂੰ ਜਾਪਿਆ ਜਿਵੇਂ 'ਅਰਸ਼ੀ ਪੀਂਘ' ਦੀ ਹੁੱਕ ਟੁੱਟਣ ਨਾਲ ਮੈਂ ਧਰਤੀ ਉਤੇ ਡਿੱਗ ਕੇ ਚੀਣਾ-ਚੀਣਾ ਹੋ ਗਿਆ ਸਾਂ। ਮਾਇਆ ਦੀ 'ਅਰਸ਼ੀ ਪੀਂਘ' ਰਾਹੀਂ ਆਕਾਸ਼ੀਂ ਪਹੁੰਚਣ ਅਤੇ ਰਾਤੋ-ਰਾਤ ਕਰੋੜਪਤੀ ਹੋਣ ਦਾ ਸੁਪਨਾ ਅੰਦਰੋਂ ਜਿਵੇਂ ਜਿਵੇਂ ਬਾਹਰ ਕੱਢਦੇ ਸਾਂ, ਉਵੇਂ ਉਵੇਂ ਉਹ ਮਨਾਂ 'ਚ ਡੂੰਘਾ ਧੱਸਦਾ ਜਾ ਰਿਹਾ ਸੀ।

Academy of the Punjab in North America: http://www.apnaorg.com

# ਪੰਜ ਦਿਨ ਦਾ ਯੁਗ

ਮੈਂ ਬੇਚੈਨ ਸਾਂ। ਅਜੇ ਤਾਂ ਸੋਮਵਾਰ ਚੜ੍ਹਿਆ ਸੀ। ਸ਼ਨਿਚਰ-ਐਤਵਾਰ ਵਾਲੀਆਂ ਛੁੱਟੀਆਂ ’ਚ ਪੂਰੇ ਪੰਜ ਦਿਨ ਬਾਕੀ ਸਨ। ਦੇਵਿੰਦਰ ਤੇ ਕਾਕਾ ਵਕਤ ਤੇ ਤੇਜ਼ ਘੁੰਮਦੇ ਪਟੇ ਉਤੇ ਚੜ੍ਹੇ ਆਪੋ-ਆਪਣੇ ਕੰਮਾਂ ਧੰਦਿਆਂ ਦੇ ਗਧੀ-ਗੇੜ ਵਿੱਚ ਪੈ ਗਏ ਸਨ। ਵੀਕ-ਐਂਡ ਤੇ ਹੀ ਉਹ ਮੈਨੂੰ ਅਮਰੀਕਾ ਦੀ ਰਾਜਧਾਨੀ ਵਸ਼ਿੰਗਟਨ ’ਚ ਬਣਿਆਂ ਵਾਈਟ-ਹਾਊਸ ਵਿਖਾਉਣ ਲਈ ਲਿਜਾ ਸਕਦੇ ਸਨ। ਮੇਰੀ ਇੱਕ ਇਕ ਘੜੀ ਯੁਗ ਵਾਂਗ ਬੀਤ ਰਹੀ ਸੀ। ਸਮੇਂ ਦੇ ਪੈਰਾਂ ਨਾਲ ਜਿਵੇਂ ਪਹਾੜ ਬੱਝ ਗਿਆ ਸੀ।

ਅਖ਼ੀਰ ਦੇਵਿੰਦਰ ਨੇ ਮੇਰੀ ਬੇਚੈਨੀ ਭਾਂਪ ਲਈ। ਉਨ੍ਹਾਂ ਨੇ ਕਿਵੇਂ ਨਾ ਕਿਵੇਂ ਇੱਕ ਛੁੱਟੀ ਦਾ ਪ੍ਰਬੰਧ ਕੀਤਾ ਅਤੇ ਅਸੀਂ ਰਾਜਧਾਨੀ ਵੱਲ ਚੱਲ ਪਏ। ਉਹ ਆਪ ਪਹਿਲਾਂ ਵਸ਼ਿੰਗਟਨ ਗਏ ਨਹੀਂ ਸਨ। ਇਸ ਲਈ ਉਨ੍ਹਾਂ ਸਕੀਮ ਸੋਚੀ ਕਿ ਵਸ਼ਿੰਗਟਨ ਦੇ ਨੇੜਲੇ ਸ਼ਹਿਰ ਬਾਲਟੀਮੋਰ ਤੋਂ ਦੇਵਿੰਦਰ ਦੀ ਭੂਆ ਦੇ ਮੁੰਡੇ ਮਨਜੀਤ ਨੂੰ ਨਾਲ ਲਿਆ ਜਾਵੇ। ਪਰ ਮਨਜੀਤ ਤਾਂ ਖੁਦ ਕੰਮ ਵਿੱਚ ਗਲ ਤੱਕ ਧਸਿਆ ਪਿਆ ਸੀ। ਉਸ ਦੀ ਪੀਜ਼ੇ ਦੀ ‘ਸ਼ਾਪ’ ਸੀ। ਉਸ ਦਾ ਸਾਥੀ ਪੀਜ਼ਾ ਤਿਆਰ ਕਰਦਾ ਸੀ। ਮਨਜੀਤ ਪਹਿਲਾਂ ਫੋਨ ਉਤੇ ਆਰਡਰ ਲੈਂਦਾ ਅਤੇ ਫੇਰ ਪੀਜ਼ਾ ਘਰੋ-ਘਰੀ ਪਹੁੰਚਾਉਣ ਜਾਂਦਾ ਸੀ। ਇੱਕ ਆਰਡਰ ਭੁਗਤਾ ਕੇ ਆਉਂਦਾ ਤਾਂ ਆਉਂਦੇ ਨੂੰ ਚਾਰ ਹੋਰ ਆਏ ਹੁੰਦੇ। ਮਨਜੀਤ ਦੀ ਮਜਬੂਰੀ ਨੂੰ ਸਮਝਦਿਆਂ ਖੁਦ ਹੀ ਰਾਹ ਪੁੱਛ ਕੇ ਵਸ਼ਿੰਗਟਨ ਵੱਲ ਨੂੰ ਚੱਲ ਪਏ। ਇੱਕ ਵਜੇ ਤੱਕ ਪਹੁੰਚੇ ਤਾਂ ਵਾਈਟ-ਹਾਊਸ ਦੇ ਸਾਰੇ ਇਲਾਕੇ ਵਿੱਚ ਹੀ ਕਾਰ ਨਾਲ ਕਾਰ ਠਹਿਕਦੀ ਸੀ। ਹਰੇਕ ਥਾਂ ‘ਨੋ ਪਾਰਕਿੰਗ’ ਦਾ ਬੋਰਡ ਮੂੰਹ ਚਿੜਾਉਣ ਲੱਗ ਪੈਂਦਾ। ਅੱਕ ਕੇ ਦੇਵਿੰਦਰ ਕਾਰ ਨੂੰ ਵਰਜਿਤ ਥਾਂ ਉਤੇ ਖੜ੍ਹੀ ਕਰਨ ਲੱਗਦਾ ਤਾਂ ਕਾਕਾ ਉੱਛਲ ਕੇ ਪੈ ਜਾਂਦਾ ‘ਕਮਲਾ ਹੋਇਆ ਵਿਐਂ ਤੂੰ, ਆਉਂਦਿਆਂ ਨੂੰ ਗੱਡੀ ‘ਟੋਅ’ ਕਰ ਲੈਣਗੇ, ਫੇਰ ਝਾਕਾਂਗੇ ਵਾੜ ’ਚ ਫਸੇ ਬਿੱਲੇ ਵਾਂਗੂੰ, ਉਤੋਂ ਭਾਰੀ ਜੁਰਮਾਨਾ ਭਰਨਾ ਪਊ।’ ਦੁੱਧ ਦਾ ਸੜਿਆ ਕਾਕਾ ਲੱਸੀ ਨੂੰ ਫੂਕਾਂ ਮਾਰ ਕੇ ਪੀਣ ਲਈ ਆਖਦਾ। ਅਜੇ ਇੱਕ ਦਿਨ ਪਹਿਲਾਂ ਹੀ ਐਟਲਾਂਟਕ ਤੋਂ ਮੁੜਦੇ ਸਮੇਂ ਦਾਰੂ ਪੀ ਕੇ ਗੱਡੀ ਚਲਾਉਣ ਦੀ ਗ਼ਲਤੀ ਕਰ ਬੈਠੇ ਸਾਂ, ਜਿਸ ਕਰਕੇ ਤਿੰਨ ਸੌ ਡਾਲਰ ਦਾ ਠੋਲ੍ਹਾ ਲੱਗਿਆ ਸੀ। ਦੋ ਘੰਟੇ ਕਾਰ ਵਾਈਟ-ਹਾਊਸ ਦੇ ਆਲੇ-ਦੁਆਲੇ ਘੁੰਮਾਉਂਦੇ ਰਹੇ।

‘ਬਾਈ ਜੀ ਛੱਡੋ ਪਰ੍ਹੇ, ਬਾਹਰੋਂ ਤਾਂ ਵੇਖ ਈ ਲਿਐ, ਅੰਦਰ ਵੀ ਇਹੋ ਜਿਹੀਆਂ ਚਿੱਟੀਆਂ ਕੰਧਾਂ ਹੋਣਗੀਆਂ, ਹੋਰ ਕੀ ਫੁੰਮਣ ਲੱਗੇ ਹੋਣਗੇ, ਚਲੋ ਕਿਧਰੇ ਬਹਿ ਕੇ ਘੁੱਟ ਪੀਨੇ ਆਂ।’ ਕਾਕੇ ਨੇ ਨੇਕ

Academy of the Punjab in North America: http://www.apnaorg.com

ਸਲਾਹ ਦਿੱਤੀ। ਜਦੋਂ ਉਸ ਨੇ ਦੇਵਿੰਦਰ ਨੂੰ ਮਨਾ ਲਿਆ ਤਾਂ ਹਾਰ ਕੇ ਮੈਨੂੰ ਵੀ ਸਹਿਮਤ ਹੋਣਾ ਪਿਆ। ਇੱਕ ਤਰ੍ਹਾਂ ਅਸੀਂ ਬੇਰਿੰਗ ਹੀ ਵਾਪਸ ਮੁੜ ਪਏ। ਇਉਂ ਮੁੜਨ ਨਾਲ ਮੈਨੂੰ ਹੌਲ ਜਿਹਾ ਪਿਆ। 'ਖ਼ਬਰੇ ਫੇਰ ਏਧਰ ਆਇਆ ਜਾਣਾ ਸੀ ਜਾਂ ਨਹੀਂ?' ਮੈਂ ਸੋਚਿਆ।

ਮੈਂ ਬਾਲਟੀਮੋਰ ਰਵਿੰਦਰ ਸਹਿਰਾਅ ਕੋਲੇ ਠਹਿਰ ਜਾਣ ਦਾ ਪ੍ਰੋਗਰਾਮ ਬਣਾ ਲਿਆ ਜੋ ਉਥੋਂ ਮਸਾਂ ਹੀ ਘੰਟੇ ਦੀ ਵਾਟ ਸੀ। ਫੇਰ ਵੀ ਗੇੜਾ ਮਾਰਿਆ ਜਾ ਸਕਦਾ ਸੀ। ਪਹਿਲਾਂ ਇੱਕ ਦੋ ਵਾਰ ਸਹਿਰਾਅ ਨਾਲ ਫੋਨ ਤੇ ਗੱਲਬਾਤ ਹੋਈ ਸੀ। ਉਹ ਮੈਨੂੰ ਚੰਗਾ ਮਹਿਮਾਨ-ਨਿਵਾਜ਼ ਅਤੇ ਦੋਸਤਾਂ ਦਾ ਦੋਸਤ ਜਾਪਿਆ ਸੀ।

ਰਵਿੰਦਰ ਸਹਿਰਾਅ ਪੰਜਾਬ 'ਚ ਰਹਿੰਦਿਆਂ ਕਮਿਊਨਿਸਟਾਂ ਦੇ ਐੱਮ. ਐੱਲ. ਗਰੁੱਪ ਦਾ ਸਰਗਰਮ ਮੈਂਬਰ ਹੁੰਦਾ ਸੀ ਅਤੇ ਵਿਦਿਆਰਥੀ ਜਥੇਬੰਦੀ ਦਾ ਸੂਬਾ-ਪ੍ਰਧਾਨ ਸੀ। ਉਸ ਬਾਰੇ ਮੈਂ ਇਹ ਵੀ ਜਾਣਦਾ ਸਾਂ ਕਿ ਉਹ ਪਾਸ਼ ਦੀ ਸੰਗਤ ਕਾਰਨ ਜੁਝਾਰਵਾਦੀ ਕਵਿਤਾ ਲਿਖਣ ਲੱਗ ਪਿਆ ਸੀ। ਤੱਤੇ ਵਿਚਾਰਾਂ ਕਰਕੇ ਉਹ ਜਵਾਨੀ ਦੇ ਜੋਸ਼ 'ਚ ਜੇਲ੍ਹ ਵੀ ਜਾ ਆਇਆ ਸੀ। ਅਮਰੀਕਾ ਦੀ ਸਰਮਾਏਦਾਰੀ ਵਿਵਸਥਾ ਦੇ ਹੜ੍ਹ ਅੱਗੇ ਉਸ ਦੀ ਤੀਲੇ ਦੀ ਹੋਂਦ ਭਾਵੇਂ ਬਹੁਤਾ ਸਮਾਂ ਅੜਦੀ ਨਹੀਂ ਲੱਗਦੀ ਸੀ ਪਰ ਅਜੇ ਉਹ ਉਪਭੋਗਤਾਵਾਦ ਦੀਆਂ ਤੇਜ਼ ਛੱਲਾਂ ਨਾਲ ਘੁਲ ਰਿਹਾ ਸੀ। ਅਮਰੀਕਾ 'ਚ ਆ ਕੇ ਸਰਗਰਮ ਰਾਜਨੀਤੀ ਤੋਂ ਤਾਂ ਟੁੱਟਣਾ ਹੀ ਪਿਆ ਸੀ ਪਰ ਅਜੇ ਵੀ ਨਵਾਂ ਜ਼ਮਾਨਾ ਅਖ਼ਬਾਰ ਨੂੰ ਚੰਦਾ ਦੇ ਕੇ ਜਾਂ ਕਮਿਊਨਿਸਟ ਪਾਰਟੀ ਨੂੰ ਫੰਡ ਭੇਜ ਕੇ ਉਹ ਆਪਣੀ ਕਾਮਰੇਡ-ਚੇਤਨਾ ਨੂੰ ਹੁੰਘਾਰਾ ਦੇ ਰਿਹਾ ਸੀ।

ਸਹਿਰਾਅ ਵੀ ਕਿਹੜਾ ਮੇਰੀ ਉਡੀਕ 'ਚ ਵਿਹਲਾ ਬੈਠਾ ਸੀ। ਉਸ ਕੋਲ ਆਪ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਉਹ ਆਪਣੇ ਕੋਲ ਆਏ ਹੋਏ ਦੋ ਸਾਲਿਆਂ ਨਾਲ ਰਾਤ ਦੇ ਦੋ ਵਜੇ ਉੱਠ ਕੇ ਅਖ਼ਬਾਰ ਵੰਡਣ ਦੇ ਕੰਮ ਲਈ ਜਾਂਦਾ ਸੀ। ਉਸ ਦੀ ਪਤਨੀ ਅਮਰਜੀਤ ਭਾਵੇਂ ਏਅਰ-ਪੋਰਟ ਉਤੇ ਨੌਕਰੀ ਕਰਦੀ ਸੀ ਪਰ ਕਦੇ ਕਦੇ ਰਾਤ ਨੂੰ ਉਹ ਅਤੇ ਸਹਿਰਾਅ ਦਾ ਪੰਦਰਾਂ ਕੁ ਸਾਲ ਦਾ ਮੁੰਡਾ ਵੀ ਨਾਲ ਮੱਦਦ ਲਈ ਜਾਂਦੇ ਸਨ। ਕੰਮ ਮੁਕਾ ਕੇ ਅਜੇ ਸਵੇਰੇ ਸਵੇਰੇ ਘਰ ਮੁੜੇ ਹੀ ਹੁੰਦੇ ਕਿ ਟੈਲੀਫ਼ੋਨ ਰਿਕਾਰਡ ਕਰਨ ਵਾਲੀ ਮਸ਼ੀਨ ਸੁਨੇਹੇ ਦੇਣੇ ਸ਼ੁਰੂ ਕਰ ਦਿੰਦੀ ਕਿ ਫਲਾਣੇ ਘਰੇ ਅਖ਼ਬਾਰ ਨਹੀਂ ਪਹੁੰਚਿਆ। ਭਾਵੇਂ ਸ਼ਿਕਾਇਤ ਕਰਨ ਵਾਲਾ ਦਸ ਮੀਲ ਤੋਂ ਬੋਲ ਰਿਹਾ ਹੁੰਦਾ, ਉਸੇ ਸਮੇਂ ਉਸ ਤੱਕ ਅਖ਼ਬਾਰ ਉਪੜਦੀ ਕਰਨੀ ਪੈਂਦੀ।

Academy of the Punjab in North America: http://www.apnaorg.com

'ਬਲਦੇਵ ਇਹ ਬੜਾ ਕੰਜਰਖ਼ਾਨੇ ਵਾਲਾ ਕੰਮ ਐ, ਏਥੇ ਵੀ ਕਈ ਗਵਾਂਢੀ ਦੂਜੇ ਦਾ ਅਖ਼ਬਾਰ ਚੁੱਕ ਲੈਂਦੇ ਨੇ, ਸਾਨੂੰ ਫੇਰ ਹੋਰ ਤੁਰੰਤ ਭੇਜਣਾ ਪੈਂਦੈ। ਬੱਸ ਮਹੀਨਾ ਕੁ ਰਹਿ ਗਿਆ ਠੇਕੇ ਦੀ ਮਿਆਦ ਪੁੱਗਣ 'ਚ, ਫੇਰ ਆਪਾਂ ਇਹ ਕੁੱਤਾ ਕੰਮ ਛੱਡ ਈ ਦੇਣਾ ਐ।' ਨੀਂਦ ਅਤੇ ਥਕੇਵੇਂ ਦਾ ਭੰਨਿਆ ਸਹਿਰਾਅ ਖਿਝ ਕੇ ਆਖਦਾ।

ਮਸਾਂ ਅੱਠ ਨੌਂ ਵਜੇ ਤੱਕ ਕੰਮ ਨਿਪਟਾ ਕੇ ਨਹਾਉਂਦੇ-ਧੋਂਦੇ ਅਤੇ ਬਰੇਕਫਾਸਟ ਕਰਦੇ। ਫੇਰ ਚਾਰ ਘੰਟੇ ਸੌਂਦੇ। ਜਦੋਂ ਤੱਕ ਉਠਦੇ ਤਾਂ ਅਮਰਜੀਤ ਭੈਣ ਜੀ ਨੂੰ ਏਅਰ-ਪੋਰਟ ਤੇ ਛੱਡ ਕੇ ਆਉਣ ਦਾ ਵਕਤ ਹੋ ਚੁੱਕਿਆ ਹੁੰਦਾ, ਕਿਉਂਕਿ ਉਸ ਦੀ ਆਪਣੀ ਕਾਰ ਐਕਸੀਡੈਂਟ ਹੋਣ ਕਰ ਕੇ ਵਰਕਸ਼ਾਪ 'ਚ ਸੀ। ਅਜੇ ਇਨਾ ਸ਼ੁਕਰ ਕਿ ਬੀ-ਜੀ (ਰਵਿੰਦਰ ਸਹਿਰਾਅ ਦੀ ਸੱਸ) ਆਈ ਹੋਣ ਕਰਕੇ ਰੋਟੀ-ਟੁੱਕ ਦਾ ਕੰਮ ਅਤੇ ਛੋਟੇ ਬੱਚੇ ਨੂੰ ਸਕੂਲ ਛੱਡਣ ਤੇ ਲਿਆਉਣ ਦੀ ਜ਼ਿੰਮੇਵਾਰੀ ਉਹ ਸਾਂਭ ਲੈਂਦੀ ਸੀ।

ਮੈਂ ਸਹਿਰਾਅ ਦੇ ਕੰਨ ਵਿੱਚ ਇਹ ਭਿਣਕ ਤਾਂ ਪਾ ਚੁੱਕਾ ਸਾਂ ਕਿ ਵਸ਼ਿੰਗਟਨ ਵੇਖਣ ਜਾਣਾ ਹੈ ਪਰ ਉਸ ਨੂੰ ਕੰਮ 'ਚ ਫਸਿਆ ਵੇਖ ਕੇ ਦੜ ਵੱਟ ਜਾਂਦਾ। ਸਹਿਰਾਅ ਇਹ ਗੱਲ ਮਹਿਸੂਸ ਤਾਂ ਕਰਦਾ ਸੀ ਪਰ ਕੋਈ ਪੇਸ਼ ਨਹੀਂ ਸੀ ਜਾਂਦੀ। ਉਡੀਕ ਵਿੱਚ ਮੈਂ ਬੇਸਮੈਂਟ 'ਚ ਬੈਠਾ ਕੋਈ ਨਾ ਕੋਈ ਕਿਤਾਬ ਪੜ੍ਹਦਾ ਰਹਿੰਦਾ। ਆਪਣੇ ਘਰ ਵਿੱਚ ਮੈਂ ਸਦਾ ਹੀ ਅਜਿਹੀ ਇਕਾਂਤ ਨੂੰ ਤਰਸਦਾ ਰਿਹਾ ਹਾਂ ਪਰ ਅਮਰੀਕਾ 'ਚ ਕਿਤਾਬ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਜਿਵੇਂ ਘੁੰਮਣ-ਫਿਰਨ ਵਾਲਾ ਕੀਮਤੀ ਵਕਤ ਅਜਾਈਂ ਗੁਆ ਰਿਹਾ ਹੋਵਾਂ। ਇਸ ਲਈ ਮਨ ਬਲਵੰਤ ਗਾਰਗੀ ਦੀ 'ਨੰਗੀ ਧੁੱਪ' ਵਰਗੀ ਰੌਚਿਕ ਕਿਤਾਬ 'ਚ ਵੀ ਨਾ ਅਟਕਦਾ। ਮੈਨੂੰ ਲੱਗਦਾ ਮੈਂ ਖੂਹ ਵਿਚੋਂ ਨਿਕਲ ਕੇ ਖਾਤੇ ਵਿੱਚ ਡਿੱਗ ਪਿਆ ਸਾਂ। ਮੇਰੀ ਚੰਗੀ ਜਾਂ ਮਾੜੀ ਕਿਸਮਤ ਨੂੰ ਉਥੇ ਨਵਾਂ ਜ਼ਮਾਨਾ ਦਾ ਐਡੀਟਰ ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਉਨ੍ਹਾਂ ਦੀ ਪਤਨੀ ਵੀ ਘੁੰਮਦੇ-ਘੁਮਾਉਂਦੇ ਅਤੇ ਚੰਦਾ ਉਗਰਾਹੁੰਦੇ ਪਹੁੰਚ ਗਏ। ਰਲ ਮਿਲ ਕੇ ਵਕਤ ਦੇ ਪੱਥਰ ਨੂੰ ਕੁੱਝ ਅੱਗੇ ਖਿਸਕਾਉਣਾ ਸੌਖਾ ਹੋ ਗਿਆ।

ਉਨ੍ਹਾਂ ਦੇ ਚਲੇ ਜਾਣ ਪਿੱਛੋਂ ਮੈਂ ਇੱਕ ਦਿਨ ਰਵਿੰਦਰ ਸਹਿਰਾਅ ਨਾਲ ਕੰਮ ਤੇ ਜਾਣ ਲਈ ਜ਼ਿਦ ਕੀਤੀ। ਮੈਂ ਸੋਚਿਆ ਕੰਮ ਨਾਲ ਥੱਕ ਕੇ ਰਾਤ ਨੂੰ ਨੀਂਦ ਵੀ ਚੰਗੀ ਆ ਜਾਵੇਗੀ ਅਤੇ ਤਜ਼ਰਬਾ ਵੀ ਹੋ ਜਾਵੇਗਾ ਕਿ ਅਮਰੀਕਾ 'ਚ ਆਮ ਬੰਦੇ ਦੀ ਮੁਸ਼ੱਕਤ ਕਿੰਨੀ ਕੁ ਔਖੀ ਹੈ। ਜਿਸ ਦਿਨ ਮੈਂ ਗਿਆ ਉਸ ਸ਼ੁਕਰਵਾਰ ਨੂੰ ਅਖ਼ਬਾਰ 'ਦਾ ਮੈਰੀਲੈਂਡ' ਦਾ ਐਤਵਾਰੀ ਅੰਕ 'ਪੈਕ' ਕਰਨਾ ਸੀ। ਮੈਂ, ਸਹਿਰਾਅ ਅਤੇ ਉਸ ਦਾ ਛੋਟਾ ਸਾਲਾ ਮਨਜੀਤ ਸ਼ਾਮ ਨੂੰ ਚਾਰ ਕੁ ਵਜੇ ਹੀ ਅਖ਼ਬਾਰਾਂ ਦੀ 'ਹੋਲ ਸੇਲ' ਵਾਲੀ ਦੁਕਾਨ ਤੇ ਗਏ ਅਤੇ ਬੰਡਲਾਂ ਨਾਲ ਵੈਨ ਭਰ ਲਿਆਏ। ਉਥੇ ਕਿਰਾਏ ਉਤੇ ਲਈ

Academy of the Punjab in North America: http://www.apnaorg.com

'ਸ਼ਾਪ' ਵਿੱਚ ਮੁੱਖ ਅਖ਼ਬਾਰ ਨਾਲ ਦੋ-ਤਿੰਨ ਹੋਰ ਸਪਲੀਮੈਂਟਰੀ ਅਖ਼ਬਾਰ ਜੋੜ ਕੇ ਸਭ ਨੂੰ ਇੱਕ ਪਾਲੀਥੀਨ ਦੇ ਲਿਫ਼ਾਫ਼ੇ 'ਚ ਪਾਇਆ ਅਤੇ ਮੂੰਹ ਅੱਗੇ ਗੰਢ ਮਾਰ ਦਿੱਤੀ। ਇਉਂ ਹਰੇਕ ਲਿਫ਼ਾਫ਼ਾ ਤਿੰਨ-ਸਾਢੇ ਤਿੰਨ ਕਿਲੋ ਭਾਰ ਵਾਲਾ ਬਣ ਗਿਆ। ਸਹਿਰਾਅ ਹੋਰਾਂ ਦਾ ਤਾਂ ਨਿੱਤ ਦਾ ਅਭਿਆਸ ਸੀ, ਮੇਰੇ ਨਹੁੰ, ਉਂਗਲਾਂ ਤੇ ਗੁੱਟ ਦੁੱਖਣ ਲੱਗ ਪਏ, ਪਰ ਸ਼ਰਮ ਵਿੱਚ ਮੈਂ ਮੰਨਿਆ ਨਾ। ਨਹੀਂ ਤਾਂ ਉਨ੍ਹਾਂ ਨੇ 'ਇਕ ਕਿਸਾਨ ਜੱਟ ਦੇ ਪੁੱਤ' ਨੂੰ ਲਾਲਿਆਂ ਵਾਂਗ ਥੱਕ ਜਾਣ ਤੇ ਝਹੇਡਾਂ ਕਰਨੀਆਂ ਸਨ। ਮੇਰੀ ਥਕਾਣ ਨੂੰ ਭਾਂਪਦਿਆਂ ਸਹਿਰਾਅ ਨੇੜਲੇ ਸਟੋਰ ਤੋਂ ਬੀਅਰ ਦੀਆਂ ਬੋਤਲਾਂ ਫੜ੍ਹ ਲਿਆਇਆ। ਹੁਣ ਕੰਮ ਕੁੱਝ ਹਲਕਾ ਲੱਗਣ ਲੱਗ ਪਿਆ। ਤਿੰਨ ਕੁ ਘੰਟਿਆਂ ਵਿੱਚ ਹੀ ਅਸੀਂ ਬੰਡਲਾਂ ਨਾਲ ਵੈਨ ਭਰ ਦਿੱਤੀ। ਸਹਿਰਾਅ ਵੈਨ ਚਲਾਉਣ ਲੱਗ ਪਿਆ ਅਤੇ ਮਨਜੀਤ ਉਸ ਦੇ ਨਾਲ ਵਾਲੀ ਸੀਟ ਉਤੇ ਬੈਠ ਗਿਆ। ਭੱਜੀ ਜਾਂਦੀ ਵੈਨ ਵਿਚੋਂ ਹੀ ਉਹ ਦੋਵੇਂ ਅਖ਼ਬਾਰ ਦੇ ਬੰਡਲ ਘਰਾਂ ਮੂਹਰੇ ਸੁੱਟਣ ਲੱਗੇ। ਮੈਂ ਪਿੱਛੇ ਬੈਠਾ ਬੰਡਲ ਉਨ੍ਹਾਂ ਦੇ ਨੇੜੇ ਕਰਦਾ ਰਿਹਾ। ਜੇ ਮੈਂ ਥੋੜ੍ਹੇ ਕੰਮ ਵਾਲਾ ਏਨਾ ਥੱਕ ਗਿਆ ਸਾਂ ਤਾਂ ਉਹਨਾਂ ਦਾ ਕੀ ਹਾਲ ਹੋਵੇਗਾ? ਇਹ ਸੋਚ ਕੇ ਮੈਨੂੰ ਸਮਝ ਆਈ ਕਿ ਖਾਂਦਾ-ਪੀਂਦਾ ਸਹਿਰਾਅ ਸੰਗਰੀਏ ਦੇ ਛੁਹਾਰੇ ਵਾਂਗ ਕਿਉਂ ਸੁੱਕਿਆ ਪਿਆ ਸੀ। ਇਨੀ ਮੁਸ਼ੱਕਤ ਤਾਂ ਸਾਰਾ ਦਿਨ ਰੇਤੇ ਦੀਆਂ ਟਰੌਲੀਆਂ ਭਰਨ ਵਾਲਾ ਵੀ ਨਹੀਂ ਕਰਦਾ ਹੋਣਾ। ਇਹ ਸੁਣ ਕੇ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਜੇ ਸਹਿਰਾਅ ਨੂੰ ਕਿਧਰੇ ਜਾਣਾ ਪੈ ਜਾਵੇ ਤਾਂ ਅਖ਼ਬਾਰ ਸੁੱਟਣ ਦਾ ਕੰਮ ਉਸ ਦੀ ਪਤਨੀ ਇਕੱਲੀ ਅਮਰਜੀਤ ਹੀ ਕਰ ਜਾਂਦੀ ਸੀ।

ਮਸਾਂ ਹੀ ਸੁੱਖਾਂ ਸੁਖਦੇ ਨੂੰ ਮੈਨੂੰ ਸ਼ਨਿਚਰਵਾਰ ਦਾ ਦਿਨ ਚੜ੍ਹਿਆ। ਪਰ ਸਹਿਰਾਅ ਹੋਰਾਂ ਕੋਲ ਉਸ ਦਿਨ ਕਰਨ ਵਾਲੇ ਕੰਮਾਂ ਦੀ ਸੂਚੀ ਵੀ ਛੋਟੀ ਨਹੀਂ ਸੀ। ਉਨ੍ਹਾਂ ਬਹੁਤ ਸਾਰੇ ਗਾਹਕਾਂ ਨੂੰ ਫੋਨ ਕਰਨੇ ਸਨ ਜਿਹੜੇ ਪਿਛਲੇ ਕਈ ਮਹੀਨਿਆਂ ਦੇ ਅਖ਼ਬਾਰ ਦਾ ਬਿੱਲ ਦੇਣ ਤੋਂ ਘੇਸ ਵੱਟੀ ਫਿਰਦੇ ਸਨ। ਬੀ-ਜੀ (ਸਹਿਰਾਅ ਦੀ ਸੱਸ) ਗਰੌਸਰੀ (ਘਰ 'ਚ ਖਾਣ-ਪੀਣ ਦਾ ਤੇ ਹੋਰ ਸਮਾਨ) ਲਈ ਕਹਿ ਰਹੀ ਸੀ। ਬੱਚੇ ਛੁੱਟੀ ਮਨਾਉਣ ਲਈ ਕਿਧਰੇ ਜਾਣ ਦੇ ਮੂਡ ਵਿੱਚ ਸਨ। ਲੱਗਦਾ ਸੀ ਮੇਰਾ ਕੰਮ ਅੱਜ ਫੇਰ ਰਹਿ ਜਾਣਾ ਹੈ ਪਰ ਸਹਿਰਾਅ ਨੇ ਖਿੱਚ-ਧੂਹ ਕੇ ਮੈਨੂੰ ਵਸ਼ਿੰਗਟਨ ਛੱਡ ਆਉਣ ਦਾ ਵਕਤ ਕੱਢ ਹੀ ਲਿਆ। ਰਸਤੇ ਵਿੱਚ ਜਦ ਉਸ ਨੇ ਮੈਨੂੰ ਦੱਸਿਆ ਕਿ ਫਲਾਂ-ਫਲਾਂ ਥਾਵਾਂ ਤੇ ਵਸਤਾਂ ਵੇਖਣ ਵਾਲੀਆਂ ਹਨ ਤਾਂ ਮੈਂ ਸਮਝ ਗਿਆ ਕਿ ਇੱਕ ਦਿਨ ਵਿੱਚ ਤਾਂ ਬੱਸ ਪੰਛੀ ਝਾਤ ਹੀ ਮਾਰ ਸਕਾਂਗਾ।

Academy of the Punjab in North America: http://www.apnaorg.com

ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ 'ਵਾਈਟ ਹਾਊਸ' ਨੂੰ ਅੰਦਰੋਂ ਵੇਖਣ ਵਾਸਤੇ ਚਾਰ-ਪੰਜ ਘੰਟੇ ਪਹਿਲਾਂ ਕਤਾਰ 'ਚ ਖੜ੍ਹ ਕੇ ਪਾਸ ਲੈਣਾ ਪੈਣਾ ਸੀ। ਇਸ ਲਈ ਮੈਂ ਇਸ ਦੁੱਧ-ਰੰਗੇ ਵਿਸ਼ਾਲ ਭਵਨ ਅਤੇ ਉਸ ਦੇ ਆਲੇ-ਦੁਆਲੇ ਸਜਾਵਟੀ ਘਾਹ ਤੇ ਫੁੱਲਾਂ ਦੀ ਸੁੰਦਰਤਾ ਨੂੰ ਬਾਹਰੋਂ ਖੜ੍ਹ ਕੇ ਹੀ ਵੇਖ ਸਕਿਆ। ਇਥੇ ਨੇੜੇ-ਨੇੜੇ ਹੀ ਕੈਪੀਟਲ ਹਿੱਲ (ਜਿੱਥੇ ਸੰਸਦ ਦਾ ਇਜ਼ਲਾਸ ਹੁੰਦਾ ਹੈ) ਅਤੇ ਸਾਡੀ ਕੁਤਬ ਦੀ ਲਾਠ ਵਰਗਾ ਵਸ਼ਿੰਗਟਨ ਮਾਨੂਮੈਂਟ ਸੀ। ਸਾਬਕਾ ਅਮਰੀਕੀ ਰਾਸ਼ਟਰਪਤੀ ਮਿਸਟਰ ਜਾਰਜ ਵਸ਼ਿੰਗਟਨ ਦੀ ਯਾਦ 'ਚ ਬਣਿਆਂ ਇਹ ਸਤੰਭ ਲਗਭਗ 555 ਫੁੱਟ ਉੱਚਾ ਹੈ ਅਤੇ ਸੰਗਮਰਮਰ ਨਾਲ ਬਣਿਆਂ ਹੋਇਆ ਹੈ। ਇਨ੍ਹਾਂ ਥਾਵਾਂ ਅਤੇ ਲਿੰਕਨ ਮੈਮੋਰੀਅਲ ਦੀ ਸੰਖੇਪ ਝਾਤ ਤੋਂ ਪਿੱਛੋਂ ਮੈਂ ਵਧੇਰੇ ਸਮਾਂ ਮਿਊਜ਼ੀਅਮਾਂ ਵਿੱਚ ਗੁਜ਼ਾਰਨ ਦਾ ਫੈਸਲਾ ਕੀਤਾ।

ਸਮਿੱਥ-ਸੋਨੀਅਨ ਨਾਂ ਦੀ ਸੰਸਥਾ ਵੱਲੋਂ ਤਿਆਰ ਕਰਵਾਈ ਗਈ ਮਿਊਜ਼ੀਅਮਾਂ ਦੀ ਇਹ ਲੜੀ ਵੇਖਣ ਲਈ ਮੈਨੂੰ ਸ਼ਿਕਾਗੋ ਅਤੇ ਲਾਸ ਏਂਜਲਸ ਵਿੱਚ ਵੀ ਕਈ ਦੋਸਤਾਂ ਨੇ ਦੱਸ ਪਾਈ ਸੀ। ਇਨ੍ਹਾਂ ਵਿੱਚ ਸਭ ਤੋਂ ਪ੍ਰਸਿੱਧ 'ਨੈਸ਼ਨਲ ਏਅਰ ਐਂਡ ਸਪੇਸ ਮਿਊਜ਼ੀਅਮ' ਹੈ। ਇਥੇ ਰਾਈਟ ਭਰਾਵਾਂ ਦੇ ਮੋਮ ਦੇ ਖੰਭ ਲਾ ਕੇ ਉੱਡਣ ਦੀ ਕੋਸ਼ਿਸ਼ ਕਰਨ ਤੋਂ ਲੈ ਕੇ ਰਾਕਟਾਂ ਰਾਹੀਂ ਮਨੁੱਖ ਦੇ ਚੰਦ ਦੀ ਜ਼ਮੀਨ ਉਤੇ ਜਾ ਉਤਰਨ ਤੱਕ ਦੇ ਇਤਿਹਾਸਕ ਵਿਕਾਸ ਨੂੰ ਦਰਸਾਉਂਦੇ ਅਨੇਕਾਂ ਵੰਨਗੀਆਂ ਦੇ ਹਵਾਈ ਅਤੇ ਸਮੁੰਦਰੀ ਜਹਾਜ਼ ਸਨ। ਹਰੇਕ ਪ੍ਰਸਿੱਧ ਜਾਂ ਇਤਿਹਾਸਕ ਮਹੱਤਤਾ ਵਾਲੇ ਜਹਾਜ਼ ਦੇ ਨੇੜੇ ਇੱਕ ਟੀ. ਵੀ. ਸਿਸਟਮ ਸੀ ਜਿਸ ਦਾ ਬਟਨ ਦੱਬਣ ਨਾਲ ਜਹਾਜ਼ ਅਤੇ ਉਸ ਦੇ ਅਮਲੇ ਦੇ ਕਾਰਨਾਮਿਆਂ ਦੀ ਫ਼ਿਲਮ ਚੱਲਣ ਲੱਗ ਪੈਂਦੀ ਸੀ। ਫ਼ਿਲਮ 'ਚ ਦਿੱਸਣ ਵਾਲੇ ਜਹਾਜ਼ਾਂ ਅਤੇ ਅਮਲੇ ਦੇ ਮੈਂਬਰਾਂ ਦੀਆਂ ਯਾਦਗਾਰੀ ਨਿਸ਼ਾਨੀਆਂ ਉਥੇ ਵਾਸਤਵਿਕ ਰੂਪ ਵਿੱਚ ਵੀ ਰੱਖੀਆਂ ਹੋਈਆਂ ਸਨ। ਕਈ ਜਹਾਜ਼ ਇਉਂ ਪ੍ਰਦਰਸ਼ਿਤ ਕੀਤੇ ਗਏ ਸਨ ਕਿ ਉਨ੍ਹਾਂ ਦੇ ਹਰੇਕ ਪੁਰਜ਼ੇ ਬਾਰੇ ਜਾਣਿਆਂ ਜਾ ਸਕਦਾ ਸੀ। ਪਰ ਮੈਂ ਬੜੀ ਰੁਚੀ ਨਾਲ ਉਹ ਅਮਰੀਕੀ ਜਹਾਜ਼ ਵੇਖਣ ਲਈ ਲੱਭਦਾ ਰਿਹਾ ਜਿਨ੍ਹਾਂ ਨੇ ਵਿਸ਼ਵ ਜੰਗ ਸਮੇਂ ਜਾਪਾਨ ਦੇ ਸ਼ਹਿਰਾਂ - ਹੀਰੋਸ਼ੀਮਾਂ ਅਤੇ ਨਾਗਾਸਾਕੀ - ਉਤੇ ਐਟਮ ਬੰਬ ਵਰ੍ਹਾਏ ਸਨ। ਸ਼ਾਇਦ ਅਮਰੀਕੀਆਂ ਨੇ ਜਾਣ-ਬੁੱਝ ਕੇ ਆਪਣੇ ਇਤਿਹਾਸ ਦਾ ਕਲੰਕਿਤ ਵੇਰਵਾ ਛੁਪਾਇਆ ਹੋਇਆ ਸੀ। ਜਾਪਾਨ ਨਾਲ ਯੁੱਧ ਦਾ ਵਰਨਣ ਕਰਦੇ ਹੋਏ ਹਰੇਕ ਥਾਂ ਲਿਖਿਆ ਹੋਇਆ ਸੀ ਕਿ 'ਜਦੋਂ ਅਮਰੀਕਾ ਨੂੰ ਯੁੱਧ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕਰ ਹੀ ਦਿੱਤਾ ਗਿਆ ਤਾਂ … ' ਜਾਂ 'ਜਦੋਂ ਅਮਰੀਕਾ ਕੋਲ ਯੁੱਧ ਵਿੱਚ ਭਾਗ ਲੈਣ ਤੋਂ ਸਿਵਾ ਕੋਈ ਚਾਰਾ ਨਾ ਰਿਹਾ ਤਾਂ …।' ਇਉਂ ਸਥਿਤੀ ਨੂੰ ਅਮਰੀਕਾ-ਪੱਖੀ ਬਣਾ ਕੇ ਪੇਸ਼ ਕੀਤਾ ਗਿਆ ਸੀ।

Academy of the Punjab in North America: http://www.apnaorg.com

ਇਸ ਮਿਊਜ਼ੀਅਮ ਵਿੱਚ ਸਭ ਤੋਂ ਰੌਚਿਕ ਹਿੱਸਾ ਉਹ ਸੀ ਜਿੱਥੇ ਜਹਾਜ਼ ਦੇ ਹਰੇਕ ਪੁਰਜ਼ੇ ਜਾਂ ਅੰਗ ਦੇ ਕਾਰਜ ਬਾਰੇ ਦੱਸਦਿਆਂ ਹੋਇਆਂ ਇਹ ਵੀ ਸਮਝਾਇਆ ਗਿਆ ਸੀ ਕਿ ਇਸ ਕਾਰਜ ਪਿੱਛੇ ਵਿਗਿਆਨ ਦਾ ਕਿਹੜਾ ਸਿਧਾਂਤ ਕੰਮ ਕਰਦਾ ਹੈ। ਇਹ ਇੱਕ ਤਰ੍ਹਾਂ ਨਾਲ ਅਜਿਹੀ ਲੈਬਾਰਟਰੀ ਸੀ ਜਿੱਥੇ ਬੱਚੇ ਤੇ ਵੱਡੇ ਵਿਗਿਆਨ ਦੀਆਂ ਲੱਭਤਾਂ ਦਾ ਰਹੱਸ ਖੁਦ ਤਜ਼ਰਬਾ ਕਰ ਕੇ ਜਾਣ ਸਕਦੇ ਸਨ।

ਆਈਨਸਟਾਈਨ ਦੇ ਸਪੇਖਤਾ ਦੇ ਸਿਧਾਂਤ ਸਬੰਧੀ ਹਰ ਤਰ੍ਹਾਂ ਦੀ ਵਿਵਹਾਰਕ ਜਾਣਕਾਰੀ ਦੇਣ ਲਈ ਇੱਕ ਵੱਖਰਾ ਆਡੀਟੋਰੀਅਮ ਸੀ, ਸਮੁੱਚੇ ਬ੍ਰਹਿਮੰਡ ਵਿੱਚ ਉਹ ਕਿਹੜਾ ਵਰਤਾਰਾ ਹੈ ਜਿਸ ਨੂੰ ਇਸ ਸਿਧਾਂਤ ਨੇ ਪ੍ਰਭਾਵਿਤ ਨਹੀਂ ਕੀਤਾ? ਇਹ ਵੇਖ ਕੇ ਮੇਰੀ ਧਾਰਨਾ ਪੱਕੀ ਹੋ ਗਈ ਕਿ ਵਿਗਿਆਨ ਦੀ ਜਟਿਲ ਤੋਂ ਜਟਿਲ ਖੋਜ ਬਾਰੇ ਮੂਲੋਂ ਹੀ ਆਮ ਆਦਮੀ ਨੂੰ ਜਾਣਕਾਰੀ ਦੇ ਕੇ ਉਸ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਇਮੈਕਸ (imax) ਸਿਸਟਮ ਰਾਹੀਂ ਆਪਣੀ ਸੀਟ ਉਤੇ ਬੈਠਾ ਵਿਅਕਤੀ ਹੀ ਇਉਂ ਮਹਿਸੂਸ ਕਰਦਾ ਹੈ ਜਿਵੇਂ ਉਹ ਲੋਕ-ਪਰਲੋਕ ਦੋਵੇਂ ਗਾਹ ਆਇਆ ਹੋਵੇ। ਫ਼ਿਲਮ ਦੀ ਇਨੀ ਉੱਨਤ ਤਕਨੀਕ ਮੈਂ ਹੋਰ ਕਿਧਰੇ ਨਹੀਂ ਸੀ ਵੇਖੀ।

ਅਮਰੀਕਾ ਵਿੱਚ ਸਨਅਤੀ ਵਿਕਾਸ ਦੇ ਇਤਿਹਾਸ ਨੂੰ ਦਰਸਾਉਣ ਵਾਲੇ ਮਿਊਜ਼ੀਅਮ ਅਤੇ ਮਨੁੱਖੀ ਵਿਕਾਸ ਦੀ ਕਹਾਣੀ ਪੇਸ਼ ਕਰਨ ਵਾਲੇ ਮਿਊਜ਼ੀਅਮ (ਨੈਸ਼ਨਲ ਮਿਊਜ਼ੀਅਮ ਆਫ ਨੇਚਰੁਲ ਹਿਸਟਰੀ) ਵੀ ਭਾਵੇਂ ਪੂਰਾ ਦਿਨ ਮੰਗਦੇ ਸਨ ਪਰ ਮੈਂ ਇਸ ਭਾਂਤ ਦੇ ਮਿਊਜ਼ੀਅਮ ਪਹਿਲਾਂ ਹੀ ਚੰਗੀ ਤਰ੍ਹਾਂ ਵੇਖ ਚੁੱਕਾ ਸਾਂ। ਇਸ ਲਈ ਦਿਨ ਦਾ ਬਚਦਾ ਸਮਾਂ ਮੈਂ 'ਹਿਰਸ਼ੋਰਨ ਮਿਊਜ਼ੀਅਮ ਐਂਡ ਸਕੱਪਚਰ ਗਾਰਡਨ' ਦੀ ਤਿੰਨ ਮੰਜ਼ਲੀ ਇਮਾਰਤ ਵਿੱਚ ਗੁਜ਼ਾਰਨ ਦਾ ਫੈਸਲਾ ਕੀਤਾ। ਇਸ ਵਿੱਚ ਚਿੱਤਰਕਾਰੀ, ਬੁੱਤਕਾਰੀ ਅਤੇ ਵੁੱਡ-ਵਰਕ ਦੇ ਵੱਖਰੇ ਵੱਖਰੇ ਭਾਗ ਸਨ। ਯੂਨਾਨ ਦੀ ਸਨਾਤਨੀ ਕਲਾ ਤੋਂ ਲੈ ਕੇ ਅਜੋਕੇ ਐਬਸਟਰੈਕਟਿਜ਼ਮ ਤੱਕ ਦੀ ਕਲਾ ਦੇ ਵਿਕਾਸ ਦਾ ਸਫ਼ਰ ਇਥੇ ਵੇਖਿਆ ਜਾ ਸਕਦਾ ਸੀ। ਪੱਛਮ ਵਿੱਚ ਕਿਵੇਂ ਇੱਕ ਲਹਿਰ ਦੀ ਕੁੱਖ ਵਿਚੋਂ ਦੂਜੀ ਪੈਦਾ ਹੋ ਕੇ ਪਹਿਲੀ ਦੀ ਥਾਂ ਲੈਂਦੀ ਗਈ ਸੀ ਅਤੇ ਸਨਾਤਨਵਾਦ, ਨਵ-ਸਨਾਤਨਵਾਦ, ਰੁਮਾਂਸਵਾਦ, ਯਥਾਰਥਵਾਦ, ਪੜ-ਯਥਾਰਥਵਾਦ ਅਤੇ ਅਮੂਰਤਵਾਦ (ਐਬਸਟਰੈਕਟਿਜ਼ਮ) ਆਦਿ ਲਹਿਰਾਂ ਦੇ ਰੂਪ ਵਿੱਚ ਯੂਰਪ ਨੇ ਕਲਾ ਦੇ ਕਿੰਨੇ ਹੀ ਪੜਾਅ ਪਾਰ ਕਰ ਲਏ ਸਨ।

ਮੈਨੂੰ ਆਮ ਤੌਰ ਤੇ ਯਥਾਰਥਵਾਦੀ ਕਲਾ-ਸ਼ੈਲੀ ਹੀ ਵਧੇਰੇ ਪ੍ਰਭਾਵਿਤ ਕਰਦੀ ਹੈ। ਇਸ ਲਈ ਮੈਂ ਇੱਕ ਬੁੱਤ ਨੂੰ ਪੂਰੀ ਦਿਲਚਸਪੀ ਨਾਲ ਵੇਖ ਰਿਹਾ ਸਾਂ। ਇਸ ਵਿੱਚ ਅੱਥਰੀ ਘੋੜੀ ਉਤੇ ਸਵਾਰ ਇੱਕ ਸ਼ਕਤੀਵਰ ਨੌਜਵਾਨ ਆਪਣੇ ਪੂਰੇ ਤਾਣ ਨਾਲ ਲਗਾਮਾਂ ਖਿੱਚ ਕੇ ਉਸ ਨੂੰ ਕਾਬੂ ਕਰਨ ਦਾ

Academy of the Punjab in North America: http://www.apnaorg.com

ਯਤਨ ਕਰ ਰਿਹਾ ਸੀ, ਪਰ ਜਿਵੇਂ ਬੇਵਾਹ ਹੋਇਆ ਪਿਆ ਸੀ। ਬੁੱਤਕਾਰ ਨੇ ਘੋੜੀ ਦੇ ਧੜ ਉਤੇ ਮੂੰਹ ਇੱਕ ਨਾਰੀ ਦਾ ਲਾਇਆ ਹੋਇਆ ਸੀ। ਯੂਨਾਨੀ ਮਿੱਥ ਨਾਲ ਸਬੰਧਿਤ ਇਸ ਕਲਾ-ਨਮੂਨੇ ਦੇ ਮੈਨੂੰ ਮੋਟੇ-ਠੁੱਲ੍ਹੇ ਜਿਹੇ ਅਰਥ ਹੀ ਸਮਝ ਲੱਗੇ ਪਰ ਮੈਨੂੰ ਜਾਪਿਆ ਸਾਡੇ ਗਣੇਸ਼ ਦੀ ਮੂਰਤੀ (ਬੰਦੇ ਦੇ ਧੜ ਉਤੇ ਹਾਥੀ ਦੇ ਸਿਰ ਵਾਲਾ ਦੇਵਤਾ) ਵਾਂਗ ਇਸ ਮਿੱਥ-ਅਧਾਰਿਤ ਬੁੱਤ ਦੀਆਂ ਵੀ ਕਈ ਡੂੰਘੀਆਂ ਪਰਤਾਂ ਹੋਣਗੀਆਂ। ਮੇਰੇ ਪਿਛੇ ਖੜ੍ਹੀ ਇੱਕ ਖ਼ੂਬਸੂਰਤ ਮੁਟਿਆਰ ਨੇ ਇਸ ਬੁੱਤ ਅਤੇ ਇਸ ਦੇ ਨਾਲ ਨਗਨ-ਬੁੱਤਾਂ ਵਾਲੇ ਭਾਗ ਨੂੰ ਸਰਸਰੀ ਨਿਗਾਹ ਨਾਲ ਵੇਖਿਆ ਅਤੇ ਅੰਤ ਐਬਸਟਰੈਕਟ-ਕਲਾ ਵਾਲੇ ਹਿੱਸੇ ਵਿੱਚ ਲੀਨ ਹੋ ਗਈ। ਮੈਂ ਜਦ ਨਗਨ-ਬੁੱਤਾਂ ਵਾਲੇ ਹਿੱਸੇ ਨੂੰ ਘੋਖ ਕੇ ਵੇਖਣ ਪਿੱਛੋਂ ਐਬਸਟਰੈਕਟ-ਕਲਾ ਵਾਲੇ ਭਾਗ ਵਿੱਚ ਪਹੁੰਚਿਆ ਤਾਂ ਉਹ ਕੁੜੀ ਅਜੇ ਵੀ ਇੱਕ ਚਿੱਤਰ ਅੱਗੇ ਕਿਸੇ ਸਾਧ-ਸੰਤ ਵਾਂਗ ਚੌਂਕੜਾ ਮਾਰੀ ਆਪਣੀ ਹੀ ਧੁਨ ਵਿੱਚ ਮਸਤ ਬੈਠੀ ਸੀ। ਉਸ ਦੇ ਪਿਛੇ ਖੜ੍ਹਾ ਮੈਂ ਵੀ ਉਸ ਕੁੜੀ ਅਤੇ ਚਿੱਤਰ ਨੂੰ ਨਿਹਾਰਦਾ ਰਿਹਾ ਪਰ ਉਸ ਦਾ ਵਸਤੂ ਮੇਰੇ ਪਿੜ-ਪੱਲੇ ਨਾ ਪਿਆ। ਜਦੋਂ ਉਹ ਕੁੜੀ ਸਮਾਧੀ ਵਿਚੋਂ ਨਿਕਲੀ ਤਾਂ ਮੈਂ ਆਪਣੀ ਜਗਿਆਸਾ ਮਿਟਾਉਣ ਖ਼ਾਤਰ ਪੁੱਛੇ ਬਿਨਾਂ ਨਾ ਰਹਿ ਸਕਿਆ, 'ਕੀ ਤੂੰ ਕਲਾ ਦੀ ਅਧਿਆਪਕ ਹੈਂ ਜਾਂ ਵਿਦਿਆਰਥਣ?' ਮੈਂ ਝਿਜਕਦਿਆਂ ਪੁਛਿਆ। 'ਨਹੀਂ, ਮੈਂ ਤਾਂ ਇੱਕ ਫੈਕਟਰੀ ਵਿੱਚ ਮਸ਼ੀਨ ਅਪਰੇਟਰ ਦੀ ਸਾਧਾਰਨ ਜਿਹੀ ਨੌਕਰੀ ਕਰਦੀ ਹਾਂ। ਬੱਸ ਕਲਾ ਵੇਖਣ ਦੀ ਸ਼ੌਕੀਨ ਜ਼ਰੂਰ ਹਾਂ।' ਉਹ ਬੜੀ ਨਿਮਰਤਾ ਨਾਲ ਮੇਰੇ ਪ੍ਰਸ਼ਨਾਂ ਦੇ ਉੱਤਰ ਦੇਣ ਲੱਗੀ। ਅੰਗਰੇਜ਼ੀ ਵਿੱਚ ਉਸ ਦਾ ਵੀ ਮੇਰੇ ਵਾਂਗ ਹੱਥ ਤੰਗ ਹੀ ਸੀ, ਇਸ ਲਈ ਸਾਡੀ ਚੰਗੀ ਰੱਚਕ ਬੈਠ ਗਈ। ਉਸ ਦਾ ਨਾਂ ਕੈਥਰੀਨ ਸੀ ਅਤੇ ਉਹ ਫਰਾਂਸੀਸੀ ਕੰਵਾਰੀ ਕੁੜੀ ਸੀ। ਦੋ ਹਫ਼ਤਿਆਂ ਦੀ ਛੁੱਟੀ ਲੈ ਕੇ ਉਹ ਥੱਕੇ ਮਨ ਨੂੰ ਤਾਜ਼ਾ ਕਰਨ ਆਈ ਸੀ।

'ਕੈਥਰੀਨ ਤੈਨੂੰ ਏਨ੍ਹਾਂ ਐਬਸਟਰੈਕਟ ਸ਼ੈਲੀ ਦੇ ਚਿੱਤਰਾਂ ਦੀ ਸਮਝ ਆਉਂਦੀ ਹੈ?'

'ਨਹੀਂ, ਬੱਸ ਐਵੇਂ ਮਾਮੂਲੀ ਹੀ' ਉਸ ਨੇ ਸਹਿਜ-ਭਾ ਮੁਸਕਰਾ ਕੇ ਕਿਹਾ।

'ਪਰ ਤੂੰ ਤਾਂ ਬੜੇ ਗਹੁ ਨਾਲ ਇਸ ਪੇਂਟਿੰਗ ਨੂੰ ਵੇਖ ਰਹੀ ਸੀ?' ਮੈਂ ਪੁੱਛਿਆ।

'ਆਈ ਵਾਜ਼ ਜਸਟ ਸੀਇੰਗ (ਕੇਵਲ ਤੱਕ ਹੀ ਰਹੀ ਸੀ), ਪਰ ਮੈਨੂੰ ਅਜਿਹੇ ਚਿੱਤਰ ਹੀ ਚੰਗੇ ਲੱਗਦੇ ਨੇ, ਤਾਂ ਹੀ ਮੈਂ 'ਨਿਊਡ' ਬੁੱਤਾਂ ਵਾਲੇ ਭਾਗ 'ਚੋਂ ਝੱਟਪਟ ਸਿੱਧੀ ਲੰਘ ਆਈ ਸੀ।'

'ਕਿਉਂ ਤੈਨੂੰ ਉਹ ਕਿਉਂ ਚੰਗੇ ਨਹੀਂ ਲੱਗਦੇ।' ਮੈਂ ਥੋੜ੍ਹੀ ਸ਼ਰਾਰਤ ਨਾਲ ਪੁੱਛਿਆ।

'ਜਿਥੇ ਚਿੱਤਰਕਾਰ ਜਾਂ ਬੁੱਤਕਾਰ ਸਭ ਕੁੱਝ ਸਪੱਸ਼ਟ ਹੀ ਵਿਖਾ ਦਿੰਦਾ ਹੈ, ਉਥੇ ਵੇਖਣ ਵਾਲੇ ਲਈ ਤਾਂ ਕਲਪਨਾ (ਇਮੈਜ਼ੀਨੇਸ਼ਨ) ਲਈ ਕੋਈ ਥਾਂ ਹੀ ਨਹੀਂ ਬਚਦੀ, ਫੇਰ ਜੋ ਸਭ ਕੁੱਝ

Academy of the Punjab in North America: http://www.apnaorg.com

ਜ਼ਾਹਰਾ ਹੈ ਉਹ ਕੀ ਵੇਖਣਾ?' ਕੈਥਰੀਨ ਨੇ ਪੂਰੇ ਵਿਸ਼ਵਾਸ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ। ਮੈਨੂੰ ਉਸ ਦੀ ਗੱਲ ਬਹੁਤ ਹੀ ਵਜ਼ਨਦਾਰ ਲੱਗੀ। ਅਮੂਰਤ ਕਲਾ ਸੱਚਮੁੱਚ ਕਲਪਨਾ ਨੂੰ ਜ਼ਿਆਦਾ ਹਲੂਣਦੀ ਹੈ ਅਤੇ ਕਲਪਨਾ-ਸ਼ਕਤੀ ਨੂੰ ਤੇਜ ਕਰਦੀ ਹੈ।

'ਤੂੰ ਕਦੇ ਫਰਾਂਸ ਗਿਆ ਹੈਂ?' ਕੈਥਰੀਨ ਨੇ ਪੁੱਛਿਆ।

'ਨਹੀਂ।'

'ਤੈਨੂੰ ਜ਼ਰੂਰ ਜਾਣਾ ਚਾਹੀਦਾ ਹੈ, ਜੇ ਤੇਰੀ ਕਲਾ 'ਚ ਸਚਮੁੱਚ ਰੁਚੀ ਹੈ ਤਾਂ ਤੈਨੂੰ ਫਰਾਂਸੀਸੀ ਬੋਲੀ ਤਾਂ ਹਰ ਹਾਲਤ ਵਿੱਚ ਸਿੱਖਣੀ ਚਾਹੀਦੀ ਹੈ।' ਕੈਥਰੀਨ ਨੇ ਮੈਨੂੰ ਸਿੱਖ-ਮੱਤ ਦਿੱਤੀ। ਉਸ ਦੀ ਕਲਾ-ਸੂਝ ਅਤੇ ਰੁਚੀ ਪਿਛੇ ਫਰਾਂਸ ਦੀ ਕਲਾ-ਪਰੰਪਰਾ ਦਾ ਹੀ ਪ੍ਰੇਰਕ ਕੰਮ ਕਰਦਾ ਸੀ।

ਕੈਥਰੀਨ ਨੇ ਮੈਨੂੰ ਆਪਣਾ ਸਿਰਨਾਵਾਂ ਦਿੱਤਾ ਤੇ ਵਿਦਾ ਲੈ ਕੇ ਫਿਰ ਆਪਣੇ ਨਿੱਜੀ-ਸੰਸਾਰ 'ਚ ਚਲੀ ਗਈ। ਹੁਣ ਮੈਂ ਅਮੂਰਤ-ਕਲਾ ਦੇ ਚਿੱਤਰਾਂ ਨੂੰ ਕੁੱਝ ਕੁਝ ਕੈਥਰੀਨ ਦੀ ਅੱਖ ਨਾਲ ਵੇਖਣ ਦੀ ਕੋਸ਼ਿਸ਼ ਕਰਨ ਲੱਗਾ। ਵਾਕਿਆ ਹੀ ਇਹ ਦਿਲਚਸਪ ਤਜ਼ਰਬਾ ਸੀ। ਉਸ ਦੀ ਇੱਕ ਗੱਲ ਹੀ ਮੇਰੇ ਅੰਦਰੋਂ ਅਮੂਰਤ-ਕਲਾ ਪ੍ਰਤੀ ਨਿੰਦਿਆ-ਭਾਵੀ ਵਿਚਾਰਾਂ ਨੂੰ ਧੋ ਗਈ। ਮੈਨੂੰ ਇੱਕ ਨਵੀਂ ਦ੍ਰਿਸ਼ਟੀ ਮਿਲ ਗਈ ਸੀ।

ਸੂਰਜ ਦੇ ਛਿਪਣ ਤੱਕ ਤੁਰ ਤੁਰ ਕੇ ਮੇਰੀਆਂ ਲੱਤਾਂ ਪੱਥਰ ਦੀਆਂ ਸਿੱਲਾਂ ਵਾਂਗ ਹੋ ਗਈਆਂ ਸਨ ਪਰ ਮੇਰੇ ਅੰਦਰ ਇੱਕ ਸੰਤੁਸ਼ਟੀ ਅਤੇ ਰੱਜ ਦਾ ਅਹਿਸਾਸ ਭਰ ਗਿਆ ਸੀ। ਮੈਂ ਸਮਿੱਥ-ਸੋਨੀਅਨ ਲੜੀ ਦੇ ਲਗਭਗ ਸਾਰੇ ਮਿਊਜ਼ੀਅਮਾਂ ਵਿੱਚ ਹੀ ਚੱਕਰ ਮਾਰ ਲਿਆ ਸੀ।

ਮਿੱਥੇ ਵਕਤ ਉਤੇ ਮੈਂ ਵਾਈਟ-ਹਾਊਸ ਦੇ ਸਾਹਮਣੇ ਪਹੁੰਚਿਆ ਤਾਂ ਕੁੱਝ ਕੁ ਮਿੰਟਾਂ ਪਿੱਛੋਂ ਹੀ ਰਵਿੰਦਰ ਸਹਿਰਾਅ ਅਤੇ ਮਨਜੀਤ ਆ ਗਏ। ਮੇਰੇ ਚਿਹਰੇ ਉਤੇ ਪਸਰੀ ਖੁਸ਼ੀ ਦੀ ਪਰਤ ਨਾਲ ਉਨ੍ਹਾਂ ਨੂੰ ਵੀ ਰਾਹਤ ਮਹਿਸੂਸ ਹੋਈ। ਉਨ੍ਹਾਂ ਦਾ ਮਹਿਮਾਨ-ਨਿਵਾਜ਼ੀ ਦਾ ਫਰਜ਼ ਬੜੀ ਚੰਗੀ ਤਰ੍ਹਾਂ ਅਦਾ ਹੋ ਗਿਆ ਸੀ।

'ਕੱਲ੍ਹ ਨੂੰ ਵਰਜੀਨੀਆਂ ਵਾਲੇ ਲੇਖਕ ਦੋਸਤਾਂ ਨੇ ਤੁਹਾਡੇ ਨਾਲ ਇੱਕ ਸਾਹਿਤਕ ਮਿਲਣੀ ਰੱਖੀ ਐ।' ਸਹਿਰਾਅ ਨੇ ਇਹ ਦੱਸ ਕੇ ਤਾਂ ਜਿਵੇਂ ਮੈਨੂੰ ਬਾਗੋ-ਬਾਗ ਹੀ ਕਰ ਦਿੱਤਾ। ਅੰਨ੍ਹਾਂ ਕੀ ਭਾਲੇ ਦੋ ਅੱਖਾਂ, ਅਜਿਹੇ ਰੁਝੇਵੇਂ ਲਈ ਤਾਂ ਮੈਂ ਪਿਛਲੇ ਪੰਜਾਂ ਦਿਨਾਂ ਦਾ ਉਤਾਵਲਾ ਹੋਇਆ ਪਿਆ ਸਾਂ।

ਦੂਜੇ ਦਿਨ ਸਵੇਰੇ ਹੀ ਕਹਾਣੀਕਾਰ ਧਰਮਪਾਲ ਸਿੰਘ (ਉੱਗੀ) ਆਪਣੀ ਟੈਕਸੀ ਲੈ ਕੇ ਸਹਿਰਾਅ ਦੇ ਘਰ ਪਹੁੰਚ ਗਿਆ। ਉਸ ਨੇ ਦਸਿਆ ਕਿ ਅੱਜ ਬਾਲਟੀਮੋਰ ਵਿੱਚ ਕਿਸੇ ਵੱਡੀ

Academy of the Punjab in North America: http://www.apnaorg.com

ਕਾਨਫਰੰਸ ਕਰਕੇ ਟੈਕਸੀਆਂ ਦੀ ਬੜੀ ਖਿੱਚ ਸੀ ਪਰ ਉਹ ਕਮਾਈ ਦੇ ਲਾਲਚ ਦੀ ਸੀਮਾਂ ਉਲੰਘ ਆਇਆ ਸੀ। ਆਪਣੇ ਸਾਹਿਤਕ ਸ਼ੌਂਕ ਖ਼ਾਤਰ ਉਸ ਦਾ ਡਾਲਰਾਂ ਨੂੰ ਇਉਂ ਲੱਤ ਮਾਰਨਾ ਮੈਨੂੰ ਬੜਾ ਚੰਗਾ ਲੱਗਿਆ। ਉਸ ਦੇ ਚਿਹਰੇ ਉਤੇ ਕੋਈ ਪਛਤਾਵਾ ਨਹੀਂ ਝਲਕਦਾ ਸੀ, ਸਗੋਂ ਇੱਕ ਸਾਦਗੀ ਅਤੇ ਸਹਿਜ ਦੇ ਭਾਵ ਉਕਰੇ ਪਏ ਸਨ। ਅਮਰੀਕਾ ਦੀ ਹਫੜਾ-ਦਫੜੀ ਵਾਲੀ ਜ਼ਿੰਦਗੀ ਵਿੱਚ ਆਪਣਾ ਇਹ ‘ਖਜ਼ਾਨਾ’ ਬਚਾਉਣਾ ਬਹੁਤ ਔਖਾ ਕੰਮ ਹੈ।

ਸਾਡੇ ਪਹੁੰਚਣ ਤੱਕ ਜਾਵੇਦ ਬੂਟਾ ਦੇ ਘਰ ਮਹਿਫ਼ਲ ਸਜ ਚੁੱਕੀ ਸੀ। ਲਿਆਕਤ ਮਿਰਜ਼ਾ, ਰਾਨਾ ਸ਼ਹਾਬ ਅਤੇ ਰਾਜ ਵਿਰਕ ਹੋਰੀਂ ਪਹਿਲਾਂ ਹੀ ਗੱਲਾਂ ਦਾ ਪਿੜ ਭਖਾਈ ਬੈਠੇ ਸਨ। ਉਨ੍ਹਾਂ ਵਿੱਚ ਇੱਕ ਦੂਜੇ ਦੀ ਗੱਲ ਸੁਣਨ ਦਾ ਤਹੱਮਲ ਵੇਖ ਕੇ ਮੈਨੂੰ ਮਹਿਸੂਸ ਹੋਇਆ ਕਿ ਆਪਣੇ ਸਾਹਿਤਕ ਕਾਰਜ ਪ੍ਰਤੀ ਉਹ ਪੂਰੀ ਤਰ੍ਹਾਂ ਸੁਹਿਰਦ ਸਨ। ਇਨੀ ਸ਼ਕਤੀਸ਼ਾਲੀ ਬੇਗਾਨੀ ਸੰਸਕ੍ਰਿਤੀ ਵਿੱਚ ਰਹਿੰਦਿਆਂ ਵੀ ਉਹ ਆਪਣੇ ਸਾਹਿਤ-ਸਭਿਆਚਾਰ ਦੀ ਜੜ੍ਹ ਹਰੀ ਰੱਖਣ ਲਈ ਕਿੰਨੇ ਹੌਸਲੇ ਵਿੱਚ ਸਨ। ਐਨੀ ਦੂਰ ਦੂਰ ਖਿੰਡੇ-ਪੁੰਡੇ ਰਹਿਣ ਅਤੇ ‘ਜੌਬਾਂ’ ਦੇ ਝਮੇਲਿਆਂ ਦੇ ਬਾਵਜੂਦ ਉਹ ਐਤਵਾਰ ਨੂੰ ਸਿਰ ਜੋੜ ਕੇ ਬੈਠਣ ਲਈ ਕਿਵੇਂ ਨਾ ਕਿਵੇਂ ਸਬੱਬ ਬਣਾ ਹੀ ਲੈਂਦੇ ਸਨ। ਆਪਣੇ ਸਭਿਆਚਾਰ ਦੇ ਪ੍ਰੇਰਕ ਵੀ ਕਿੰਨੇ ਸ਼ਕਤੀਵਰ ਹੁੰਦੇ ਹਨ। ਉਹ ਸਭ ਦੋਸਤ ਹਜ਼ਾਰਾਂ ਮੀਲ ਦੂਰ ਬੈਠੇ ਵੀ ਭਾਰਤ ਅਤੇ ਪਾਕਿਸਤਾਨ ਦੇ ਦੋਹਾਂ ਪੰਜਾਬਾਂ ਵਿੱਚ ਪੁਲ ਬਣਨ ਦਾ ਉਦੇਸ਼ ਮਿਥੀ ਬੈਠੇ ਸਨ। ਸਿਰਫ ਗੱਲਾਂ ਨਾਲ ਖ਼ੁੱਕੀਂ ਵੜੇ ਪਕਾਉਣ ਦੀ ਥਾਂ ਉਹ ਅਮਲੀ ਰੂਪ ’ਚ ਸਰਗਰਮ ਸਨ। ਪਾਸ਼ ਦੀ ਕਵਿਤਾ, ਗਾਰਗੀ ਦੇ ਨਾਟਕ, ਵੀਨਾ ਵਰਮਾ ਦੀਆਂ ਕਹਾਣੀਆਂ ਨੂੰ ਪਰਸ਼ੀਅਨ ਲਿੱਪੀ ਵਿੱਚ ਪ੍ਰਕਾਸ਼ਿਤ ਕਰਕੇ ਉਹ ਪਾਕਿਸਤਾਨ ਦੇ ਪਾਠਕਾਂ ਨੂੰ ਇੱਕ ਚੇਟਕ ਲਾਉਣ ਦਾ ਯਤਨ ਕਰ ਰਹੇ ਸਨ। ਇਵੇਂ ਹੀ ਉਨ੍ਹਾਂ ਦੀ ਯੋਜਨਾ ਚੋਣਵੇਂ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਗੁਰਮੁਖੀ ਲਿੱਪੀ ਵਿੱਚ ਲਿਆਉਣ ਦੀ ਸੀ। ਇਹ ਦੱਸ ਕੇ ਤਾਂ ਉਨ੍ਹਾਂ ਮੈਨੂੰ ਹੈਰਾਨ ਹੀ ਕਰ ਦਿੱਤਾ ਕਿ ਉਹ ਕਦੇ ਕਦੇ ਨਾਟਕ ਦੇ ਮਾਧਿਅਮ ਰਾਹੀਂ ਇਸ ਇਲਾਕੇ ਦੇ ਪੰਜਾਬੀਆਂ ਨੂੰ ਇਕੱਠੇ ਕਰਨ ਵਿੱਚ ਵੀ ਸਫਲ ਹੋ ਜਾਂਦੇ ਸਨ।

ਜਾਵੇਦ ਬੂਟਾ ਦੇ ਘਰ ਸਾਹਿਤਕ ਮਿਲਣੀ ਇਨੀ ਭਾਵਪੂਰਤ ਸੀ ਕਿ ਖੁਸ਼ੀ ਨਾਲ ਅੱਖਾਂ ਦੇ ਕੋਇਆਂ ਵਿੱਚ ਹੰਝੂ ਸਿੰਮ ਆਏ ਸਨ। ਉਨ੍ਹੱਾਂ ਦੀ ਪਤਨੀ ਬੜੇ ਖ਼ਲੂਸ ਨਾਲ ਇਉਂ ਖਾਣ-ਪੀਣ ਦੀਆਂ ਵਸਤਾਂ ਪਰੋਸ ਰਹੀ ਸੀ ਜਿਵੇਂ ਉਸ ਦੇ ਕਿਸੇ ਸਕੇ-ਸਬੰਧੀ ਦਾ ਸ਼ਗਨ ਲੱਗ ਰਿਹਾ ਹੋਵੇ। ਜਾਵੇਦ ਬੂਟਾ ਦੇ ਘਰੋਂ ਬਹੁਤ ਖੁਸ਼ ਹੋ ਕੇ ਮੁੜੇ।

Academy of the Punjab in North America: http://www.apnaorg.com

ਬਾਲਟੀਮੋਰ ਪਹੁੰਚਣ ਤੱਕ ਭਾਵੇਂ ਦਿਨ ਦੇ ਛਿਪਾਅ ਦਾ ਸਮਾਂ ਹੋ ਗਿਆ ਸੀ ਪਰ ਸਹਿਰਾਅ ਅਜੇ ਛੁੱਟੀ ਦਾ ਹੋਰ ਲਾਹਾ ਖੱਟਣਾ ਚਾਹੁੰਦਾ ਸੀ। ਸੋ ਅਸੀਂ ਘਰ ਜਾਣ ਦੀ ਥਾਂ ਸਿੱਧੇ ਡਾਊਨ ਟਾਊਨ ਵੱਲ ਚਲੇ ਗਏ ਜਿਥੇ ਸ਼ਹਿਰ ਨਾਲ ਖਹਿ ਕੇ ਲੰਘਦੀ ਝੀਲ ਵਿੱਚ 'ਇੰਨਰ ਹਰਬਰ' ਨਾਂ ਦੀ ਸੈਰਗਾਹ ਬਣੀ ਹੋਈ ਸੀ। ਇਥੇ ਫੈਰੀ 'ਚ ਬੈਠ ਕੇ ਲੰਮਾ ਝੂਟਾ ਵੀ ਲਿਆ ਅਤੇ ਗੱਲਾਂ ਲਈ ਵੀ ਖੁੱਲ੍ਹਾ ਸਮਾਂ ਮਿਲ ਗਿਆ। ਇਹ ਖੁਸ਼ਗੁਆਰ ਮਾਹੌਲ ਦਾ ਅਸਰ ਸੀ ਜਾਂ ਛੁੱਟੀ ਦੀ ਬੇਫ਼ਿਕਰੀ ਕਿ ਆਪਣੇ ਚੁੱਪ-ਗੜੁੱਪ ਸੁਭਾਅ ਦੇ ਉਲਟ ਸਹਿਰਾਅ ਬੜੀਆਂ ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ ਕਰਨ ਲੱਗਾ। ਪਹਿਲੇ ਪੰਜ ਦਿਨ ਤਾਂ ਮੈਂ ਸਿਰਫ ਕਾਮਰੇਡ ਰਵਿੰਦਰ ਸਹਿਰਾਅ ਜਾਂ ਅਮਰੀਕੀ ਰੁਝੇਵੇਂ ਦੇ ਮਧੋਲੇ ਕਿਸੇ ਵਿਅਕਤੀ ਨੂੰ ਹੀ ਮਿਲਦਾ ਰਿਹਾ ਸਾਂ ਪਰ ਅੱਜ ਤਾਂ ਉਹ ਖਿੜਿਆ ਪਿਆ ਸੀ। ਅਸੀਂ ਪੰਜਾਬੀ ਲੇਖਕ-ਲੇਖਕਾਵਾਂ ਦੇ 'ਚੱਕਰਾਂ' ਦਾ ਸਿਲਸਿਲਾ ਸੇਖੋਂ-ਪ੍ਰਭਜੋਤ ਤੋਂ ਆਰੰਭ ਕੀਤਾ ਅਤੇ ਮਿਲਵਾਕੀ ਕਾਨਫਰੰਸ ਦੌਰਾਨ ਬਣੀਆਂ 'ਜੋੜੀਆਂ' ਤੱਕ ਲੈ ਆਂਦਾ।

'ਧਾਲੀਵਾਲ, ਏਹੋ ਜਿਹੀ ਗੱਪ-ਸ਼ੱਪ ਕਰਨੀ ਤਾਂ ਜਿਵੇਂ ਭੁੱਲ ਹੀ ਗਏ ਹਾਂ ਹੁਣ, ਜਦੋਂ ਕਮਿਊਨਿਸਟਾਂ ਦੀ ਵਿਦਿਆਰਥੀ ਜਥੇਬੰਦੀ 'ਚ ਕੰਮ ਕਰਦੇ ਸਾਂ ਤਾਂ ਐਨੇ ਬੰਧੇਜ਼ ਵਾਲੀ ਜ਼ਿੰਦਗੀ ਤਾਂ ਉਦੋਂ ਵੀ ਨਹੀਂ ਸੀ। ਉਦੋਂ ਜਿਹੜੇ ਸਾਥੋਂ ਵੀ ਥੱਲੇ ਹੁੰਦੇ ਸੀ, ਹੁਣ ਕੌਮੀ ਨੇਤਾ ਬਣੇ ਫਿਰਦੇ ਐ, ਕਈ ਵਾਰੀ ਮਨ ਕਰਦੈ ਕਿ ਅਮਰੀਕਾ ਨੂੰ ਸਦਾ ਲਈ ਅਲਵਿਦਾ ਕਹਿ ਕੇ ਪੰਜਾਬ 'ਚ ਜਾ ਵੱਸਾਂ, ਪਰ ਬੱਚੇ ਏਥੋਂ ਦੀ ਲਾਈਫ਼ ਦੇ ਆਦੀ ਹੋ ਗਏ ਨੇ, ਅਮਰਜੀਤ ਨੇ ਵੀ ਐਡਜਸਟ ਕਰ ਲਿਆ ਹੈ, ਬੱਸ ਮੇਰਾ ਮਨ ਹੀ ਉਖੜਿਆ ਰਹਿੰਦਾ ਐ। ਹੁਣ ਤਾਂ ਜੇ ਇਹ ਸੋਚੀਏ ਕਿ ਚਲੋ ਮਹੀਨਾ ਖੰਡ ਹੀ ਪੰਜਾਬ ਜਾ ਕੇ ਪੁਰਾਣੇ ਕਾਮਰੇਡ ਮਿੱਤਰਾਂ ਅਤੇ ਲੇਖਕਾਂ ਨਾਲ ਗੁਜ਼ਾਰ ਆਈਏ ਤਾਂ ਇਹ ਸੱਧਰ ਵੀ ਮਨ ਦੀ ਮਨ ਵਿੱਚ ਹੀ ਰਹਿ ਜਾਂਦੀ ਐ, ਕਬੀਲਦਾਰੀ ਦਾ ਅਜਿਹਾ ਜੂੜ ਪਿਆ ਪੈਰਾਂ 'ਚ ਕਿ ਸੱਚ ਈ ਨਹੀਂ ਆਉਂਦਾ ਕਿ ਕਦੇ ਇਸ ਬੰਦੇ ਨੇ ਵੀ ਕਿਧਰੇ ਪਿਆਰ ਦੀਆਂ ਪੀਂਘਾਂ ਝੂਟੀਆਂ ਹੋਣਗੀਆਂ। ਹੁਣ ਤਾਂ ਚੱਲੇ ਕਾਰਤੂਸ ਵਰਗੇ ਬਣੇ ਪਏ ਆਂ। ਮੈਂ ਤਾਂ ਮੁੱਢੋਂ ਹੀ ਅਮਰੀਕਾ ਵੱਸਣ ਦਾ ਸ਼ੁਕੀਨ ਨਹੀਂ ਸਾਂ, ਬੱਸ ਐਵੇਂ ਮੁਫ਼ਤ ਮਿਲਿਆ ਜ਼ਹਿਰ ਛੱਡ ਨੀ ਹੋਇਆ।' ਰਵਿੰਦਰ ਸਹਿਰਾਅ ਪਰਤ-ਦਰ-ਪਰਤ ਖੁੱਲ੍ਹ ਰਿਹਾ ਸੀ। ਪਰ ਪਲੋ-ਪਲ ਰਾਤ ਪੈ ਰਹੀ ਸੀ ਅਤੇ ਫੈਰੀ ਵੀ ਇੱਕ ਵੱਡਾ ਗੇੜਾ ਲਾ ਕੇ ਮੁੜ ਆਪਣੇ ਟਿਕਾਣੇ ਆ ਲੱਗੀ ਸੀ, ਜਿਵੇਂ ਦਿਨ ਭਰ ਦੀ ਥੱਕੀ ਨੂੰ ਮਸਾਂ ਹੀ ਅਰਾਮ ਦੀ ਘੜੀ ਨਸੀਬ ਹੋਈ ਹੋਵੇ। ਉੱਚੀਆਂ ਇਮਾਰਤਾਂ ਦੀਆਂ ਰੋਸ਼ਨੀਆਂ ਦੀ ਝਿਲਮਿਲ ਝੀਲ ਦੇ ਪਾਣੀਆਂ ਨਾਲ ਅਠਖ਼ੇਲੀਆਂ ਕਰ ਰਹੀ ਸੀ। ਨਵੀਂ ਨਵੀਂ ਉਤਰ ਰਹੀ ਠੰਡ ਸਾਹਾਂ ਥਾਣੀਂ ਅੰਦਰ ਪਸਰ ਕੇ ਸਕੂਨ ਦੇ ਰਹੀ ਸੀ।

Academy of the Punjab in North America: http://www.apnaorg.com

ਘਰੇ ਮੁੜੇ ਤਾਂ ਸਹਿਰਾਅ ਨੇ ਅੱਜ ਟੱਬਰ ਦੀ ਨਰਾਜ਼ਗੀ ਸਹੇੜ ਕੇ ਵੀ ਛਿੱਟ ਕੁ ਲਾ ਲਈ। ਹੁਣ ਪੀ ਕੇ ਹੋਰ ਖਿੜਨ ਦੀ ਥਾਂ ਕਿਤੇ ਅੰਦਰ ਹੀ ਅੰਦਰ ਲਹਿੰਦਾ ਜਾਂਦਾ ਸੀ। ਬੁੱਲ੍ਹਾਂ ਉਤੇ ਚੁੱਪ ਦਾ ਜਿੰਦਾ ਲਾ ਲਿਆ ਸੀ। ਸੁਪਨੇ 'ਚ ਬੜਾਉਣ ਵਾਲਿਆਂ ਵਾਂਗ ਕਦੇ-ਕਦਾਈਂ ਮੇਰੀ ਗੱਲ ਦੇ ਹੁੰਘਾਰੇ ਵਿੱਚ 'ਹੂੰ-ਹਾਂ' ਕਹਿੰਦਾ। ਕਦੇ ਕਦੇ ਉਸ ਦੇ ਚਿਹਰੇ ਤੇ ਕਸਾਅ ਜਿਹਾ ਆ ਜਾਂਦਾ, ਅੱਖਾਂ ਸੁੰਘੜ ਕੇ ਮੁੰਦ ਜਾਂਦੀਆਂ ਅਤੇ ਮੱਥੇ ਦੀ ਤਿਉੜੀ ਹੋਰ ਉਭਰ ਆਉਂਦੀ। ਉਸ ਦੇ ਅੰਦਰ ਕੁੱਝ ਤਿੜਕ ਰਿਹਾ ਸੀ। ਉਸ ਦੀਆਂ ਮੀਟੀਆਂ ਮੁੱਠੀਆਂ ਤੋਂ ਇਉਂ ਜਾਪਦਾ ਸੀ ਜਿਵੇਂ ਹੁਣੇ ਹੀ ਉਸ ਦੀਆਂ ਬਾਹਾਂ ਹਵਾ ਵਿੱਚ ਲਹਿਰਾਉਣਗੀਆਂ ਅਤੇ ਉਹ ਪੂਰੇ ਤਾਣ ਨਾਲ ਨਾਹਰਾ ਮਾਰੇਗਾ 'ਸਾਮਰਾਜਵਾਦ-ਮੁਰਦਾਬਾਦ' ਜਾਂ ਗਾਲ੍ਹ ਕੱਢੇਗਾ 'ਉਏ ਲੈ ਲਾਂ ਫੇਰੇ ਉਹਦੀ ਨਿੱਕੀ ਨਾਲ ... ' ਪਰ ਉਸ ਨੇ ਅਜਿਹਾ ਕੁੱਝ ਨਹੀਂ ਕੀਤਾ। ਸਗੋਂ ਬੇਸਮੈਂਟ ਵਿਚੋਂ ਉੱਠ ਕੇ ਜਾਣ ਲੱਗਿਆਂ ਠਰੰਮੇ ਨਾਲ ਕਿਹਾ, 'ਚੱਲ ਬਈ ਧਾਲੀਵਾਲ, ਮੰਨੀਆਂ ਛਕੀਏ ਤੇ ਸੌਂਈਏ ...।' ਠੀਕ ਹੀ ਕਹਿ ਰਿਹਾ ਸੀ ਉਹ, ਹੋਰ ਚਹੁੰ ਘੰਟਿਆਂ ਨੂੰ ਤਾਂ ਅਖ਼ਬਾਰ ਦੇ ਕੰਮ ਲਈ ਜਾਣਾ ਹੀ ਪੈਣਾ ਸੀ। ਚਾਰ ਘੜੀਆਂ ਅੱਖ ਵੀ ਲਾਉਣੀ ਸੀ। ਫੇਰ ਸੋਮਵਾਰ ਚੜ੍ਹਨ ਵਾਲਾ ਹੋਇਆ ਪਿਆ ਸੀ ਅਤੇ ਇੱਕ ਹੋਰ ਯੁਗ ਦੀ ਸ਼ੁਰੂਆਤ ਹੋ ਜਾਣੀ ਸੀ।

Academy of the Punjab in North America: http://www.apnaorg.com

# ਭਾਗ ਦੂਜਾ

## ਹਾਕਮਾਂ ਦੀ ਧਰਤੀ ਉਤੇ

ਗੱਲ ਉਹੀ ਹੋਈ ਜਿਸ ਦਾ ਡਰ ਸੀ। ਹੀਥਰੋ ਦੇ ਹਵਾਈ ਅੱਡੇ ਉਤੇ ਨਿਊਯਾਰਕ ਤੋਂ ਆਉਣ ਵਾਲੇ ਜਹਾਜ਼ ਦੇ ਸਾਰੇ ਯਾਤਰੂ ਲੰਘ ਗਏ ਪਰ ਜਦੋਂ ਮੈਂ ਟੱਪਣ ਲੱਗਿਆ ਤਾਂ ਰੋਕ ਲਿਆ ਗਿਆ। ਚਿੱਟੀ ਵਰਦੀ 'ਚ ਕੱਸੇ ਬੈਠੇ ਗੋਰੇ ਅਫ਼ਸਰ ਨੇ ਮੇਰੇ ਪਾਸਪੋਰਟ ਦੇ ਪੰਨੇ ਪਲਟਦਿਆਂ ਨਾਲ ਹੀ ਮੈਨੂੰ ਵੀ ਸਿਰ ਤੋਂ ਪੈਰਾਂ ਤੱਕ ਨਿਹਾਰਦਿਆਂ ਕਿਹਾ, 'ਓਅ! ਯੂ ਹੈਵ ਇੰਡੀਅਨ ਪਾਸਪੋਰਟ?' ਉਸ ਦੀਆਂ ਅੱਖਾਂ ਦੀ ਲਿਸ਼ਕ ਇਉਂ ਦੂਣੀ ਹੋ ਗਈ, ਜਿਵੇਂ ਮੈਨੂੰ ਫਸਾ ਕੇ ਉਸ ਦੇ ਹੱਥ ਕੋਈ ਖ਼ਜ਼ਾਨਾ ਲੱਗ ਗਿਆ ਹੋਵੇ।

'... ਜੈ ... ਸਰ ... ' ਮੈਂ ਗ਼ਲਤੀ ਮੰਨਣ ਵਾਂਗ ਆਖਿਆ। ਘੁਟਨ ਜਿਹੀ ਨਾਲ ਮੇਰੀ ਆਵਾਜ਼ ਥਿੜਕੀ, ਹੱਥ ਕੰਬੇ ਅਤੇ ਚਿਹਰਾ ਉਤਰ ਗਿਆ। ਭਾਵੇਂ ਭਾਰਤ ਉਤੇ ਅੰਗਰੇਜ਼ਾਂ ਦੀ ਹਕੂਮਤ ਵੇਲੇ ਮੈਂ ਅਜੇ ਜੰਮਿਆ ਵੀ ਨਹੀਂ ਸਾਂ ਫੇਰ ਵੀ ਸੁਣੀਆਂ-ਪੜ੍ਹੀਆਂ ਅਨੇਕਾਂ ਗੱਲਾਂ ਨਾਲ ਮੇਰੇ ਮਨ ਵਿੱਚ ਕਿਸੇ ਵੀ ਗੋਰੇ ਦਾ ਅਕਸ ਹਾਕਮ ਵਾਲਾ ਹੀ ਸੀ। ਕੱਸਵੀਂ ਚਿੱਟੀ ਵਰਦੀ, ਸਿਰ ਤੇ ਹੈਟ, ਕੱਛ 'ਚ ਰੂਲ, ਪੈਂਟ ਦੇ ਪੌਂਹਚਿਆਂ ਦੇ ਉਤੋਂ ਦੀ ਪਿੰਜਣੀਆਂ ਤੱਕ ਚੜ੍ਹਾਏ ਵੱਡੇ ਕਾਲੇ ਬੂਟ, ਲਾਲ ਭਾਹ ਮਾਰਦਾ ਗੋਰਾ ਮੂੰਹ, ਅੰਗਿਆਰੇ ਛਡਦੀਆਂ ਬਿੱਲੀਆਂ ਅੱਖਾਂ ਵਾਲਾ ਗੋਰਾ ਮੈਨੂੰ ਅਜੇ ਵੀ ਇਉਂ ਜਾਪਦਾ ਹੈ, ਜਿਵੇਂ ਕਿਸੇ ਲਾਰਡ ਡਲਹੌਜ਼ੀ ਜਾਂ ਮਾਊਂਟਬੈਟਨ ਦਾ ਹੀ ਪੋਤਰਾ-ਦੋਹਤਰਾ ਹੋਵੇ। ਉਸ ਦੇ ਸਾਹਮਣੇ ਖੜ੍ਹਾ ਮੈਂ ਆਪਣੇ ਆਪ ਨੂੰ ਕੋਈ ਧੋਤੀ-ਕੁੜਤੇ ਵਾਲਾ ਜਾਂ ਅਧਨੰਗਾ, ਠੁੱਡਿਆਂ ਦੀ ਮਾਰ ਦਾ ਭੰਨਿਆਂ, ਨਿਤਾਣਾ ਭਾਰਤੀ ਮਹਿਸੂਸ ਕਰ ਰਿਹਾ ਸਾਂ। ਮੇਰੇ ਪਾਸਪੋਰਟ ਦੀ ਸੰਘੀ ਫੜ੍ਹੀ ਬੈਠਾ ਗੋਰਾ ਅਫ਼ਸਰ ਮੇਰੀ ਖ਼ਿਆਲੀ ਤਸਵੀਰ ਦੇ ਉਲਟ ਬੜੀ ਹਲੀਮੀ ਨਾਲ ਬੋਲਿਆ, 'ਪਲੀਜ਼ ਗੋ ਟੂ ਐਟ ਕਾਉਂਟਰ ਨੰਬਰ ਫਿਫਟੀਨ ਫਾਰ ਚੈਕਿੰਗ।' ਉਸ ਦੇ ਨਾਲ ਖੜ੍ਹੀ ਮੁਤਾਹਿਤ ਪੰਜਾਬਣ ਮੁਲਾਜ਼ਮ ਨੇ ਮੇਰੇ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖਦਿਆਂ ਜਿਵੇਂ 'ਹਾਅ ਦਾ ਨਾਅਰਾ' ਮਾਰਿਆ, 'ਵੀਰਾ ਮੈਂ ਤਾਂ ਆਪ ਏਨ੍ਹਾਂ ਔਂਤਰਿਆਂ ਦੀ ਧਰਤੀ ਤੇ ਨੌਕਰ ਹਾਂ, ਕਿਵੇਂ ਮੱਦਦ ਕਰਾਂ ਤੇਰੀ?'

Academy of the Punjab in North America: http://www.apnaorg.com

ਪੰਦਰਾਂ ਨੰਬਰ ਕਾਊਂਟਰ ਵੱਲ ਤੁਰਦਿਆਂ ਮੇਰੇ ਪੈਰ ਮਣ-ਮਣ ਦੇ ਹੋ ਗਏ। ਕੱਲ੍ਹ ਸ਼ਾਮ ਨਿਊਯਾਰਕ ਤੋਂ ਚੜ੍ਹਨ ਲੱਗਿਆਂ ਹੀ ਮੈਨੂੰ ਧੁੜਕੂ ਲੱਗ ਗਿਆ ਸੀ ਜਿਵੇਂ ਯੂ. ਕੇ. ਵਾਲੇ ਮੈਨੂੰ ਆਪਣੇ ਦੇਸ਼ ਵਿੱਚ ਵੜਨ ਨਾ ਦੇਣ ਵਾਸਤੇ ਕੋਈ ਨਾ ਕੋਈ ਕਾਗਜ਼ੀ ਘੁਣਤਰ ਕੱਢ ਹੀ ਲੈਣਗੇ। ਮੈਂ ਕਈ ਵਾਰ ਪਾਸਪੋਰਟ ਕੱਢ ਕੇ ਉਹ ਪੰਨਾ ਵੇਖਦਾ ਜਿਸ ਤੇ ਇੰਗਲੈਂਡ ਦਾ ਵੀਜ਼ਾ ਲੱਗਿਆ ਹੋਇਆ ਸੀ। ਮੈਨੂੰ ਇਉਂ ਵਹਿਮ ਹੋ ਜਾਂਦਾ ਜਿਵੇਂ ਕਿਸੇ ਗੈਬੀ ਸ਼ਕਤੀ ਨੇ ਉਹ ਪੰਨਾ ਹੀ ਨਾ ਪਾੜ ਲਿਆ ਹੋਵੇ। ਜਹਾਜ਼ ਵਿੱਚ ਮੈਂ ਦੋ ਦੀ ਥਾਂ ਚਾਰ ਸ਼ੀਸ਼ੀਆਂ ਸਕਾਚ ਦੀਆਂ ਪੀਤੀਆਂ ਸਨ, ਪਰ ਨਾ ਨਸ਼ਾ ਹੋਇਆ ਸੀ ਅਤੇ ਨਾ ਦੋ ਮਿੰਟ ਵੀ ਨੀਂਦ ਆਈ ਸੀ। ਡਿਨਰ ’ਚ ‘ਲੈਂਬ’ ਦੇ ਮੀਟ ਵਾਲਾ ਸੈਂਡਵਿਚ ਵੀ ਮੇਰੇ ਸੰਘ ’ਚ ਫੁੱਲ ਗਿਆ ਜਾਪਦਾ ਸੀ। ਮੈਨੂੰ ਕਈ ਵਾਰ ਪਿਸ਼ਾਬ ਦੀ ਹਾਜ਼ਤ ਹੋਈ ਪਰ ਵਾਸ਼ਰੂਮ ਜਾਂਦਾ ਤਾਂ ਐਵੇਂ ਚਾਰ ਕੁ ਤੁਪਕੇ ਹੀ ਜ਼ੋਰ ਲਾ ਕੇ ਆਉਂਦੇ। ਮੇਰੇ ਡਰਦੇ ਦੇ ਅੱਗੇ ਡਰ ਆ ਗਿਆ ਸੀ।

ਪੰਦਰਾਂ ਨੰਬਰ ਕਾਊਂਟਰ ਵਾਲੀ ਗੋਰੀ ਕੁੜੀ ਨੇ ਮੁਸਕਰਾ ਕੇ ‘ਹੈਲੋ’ ਕੀਤੀ ਅਤੇ ਠੀਕ ਅੰਦਾਜ਼ਾ ਲਾਇਆ ਸੀ ਕਿ ਮੇਰੇ ਕੋਲ ਬ੍ਰਿਟਿਸ਼ ਪਾਸਪੋਰਟ ਨਹੀਂ। ਮੇਰੇ ਕੰਬਦੇ ਹੱਥ ‘ਚੋਂ ਪਾਸਪੋਰਟ ਫੜ੍ਹਨ ਲਈ ਉਸ ਨੇ ਭੂਰੀ ਲੂੰਈਂ ਵਾਲੀ ਗੋਰੀ ਬਾਂਹ ਅੱਗੇ ਕੀਤੀ ਅਤੇ ਮੈਨੂੰ ਪਰ੍ਹੇ ਕੁਰਸੀ ਤੇ ਬੈਠ ਕੇ ‘ਅਰਾਮ’ ਕਰਨ ਲਈ ਕਿਹਾ। ਮੈਨੂੰ ਚੈਨ ਕਿੱਥੇ? ਮੇਰੀਆਂ ਨਜ਼ਰਾਂ ਉਸ ਦੇ ਪਿੱਛੇ ਪਿੱਛੇ ਇੱਕ ਕੈਬਨ ਤੱਕ ਗਈਆਂ। ਪੂਰੇ ਦਸ ਮਿੰਟ ਉਸ ਦੇ ਨਿਕਲਣ ਤੱਕ ਬੂਹੇ ਉਤੇ ਟਿਕੀਆਂ ਰਹੀਆਂ। ‘ਕੀ ਅੜਿੱਕਾ ਹੋ ਸਕਦਾ ਸੀ?’ ਮੈਂ ਕਲਪਨਾ ਦੇ ਘੋੜੇ ਚਹੁੰ ਦਿਸ਼ਾਵਾਂ ਵੱਲ ਦੁੜਾਏ। ਜਦ ਉਹ ਹੱਥ ’ਚ ਪਾਸਪੋਰਟ ਫੜ੍ਹੀ ਵਾਪਸ ਮੁੜੀ ਤਾਂ ਉਸ ਦੇ ਨਿਰਭਾਵ ਜਿਹੇ ਚਿਹਰੇ ਤੋਂ ਮੈਂ ਅੰਦਾਜ਼ਾ ਨਾ ਲਾ ਸਕਿਆ ਕਿ ਹਾਂ ਕਹੇਗੀ ਜਾਂ ਨਾਂਹ।

‘ਮਿਸਟਰ ਸਿੰਘ ਪਲੀਜ਼ ਗੋ, ਇਨਜਾਏ ਟੂ ਯੂਅਰ ਵਿਜ਼ਟ’ ਉਸ ਨੇ ਬੁਲ੍ਹਾਂ ‘ਚੋਂ ਮੁਸਕਰਾਹਟ ਦੇ ਫੁੱਲ ਬਖੇਰਦਿਆਂ ਕਿਹਾ। ਉਸ ਦੇ ਬੋਲਾਂ ਨਾਲ ਮੇਰਾ ਧੱਕ-ਧੱਕ ਕਰਦਾ ਦਿਲ ਟਿਕਾਣੇ ਆਇਆ। ਮੈਂ ਸਾਮਾਨ ਲੈਣ ਲਈ ਗਿਆ ਤਾਂ ਸਾਰੇ ਆਪਣਾ ਸਮਾਨ ਲੈ ਕੇ ਜਾ ਚੁੱਕੇ ਸਨ। ਮੇਰੇ ਦੋ ਅਟੈਚੀ ਹੀ ਲਵਾਰਸਾਂ ਵਾਂਗ ਬੈਲਟ ਉਤੇ ਘੁੰਮ ਰਹੇ ਸਨ। ਹਵਾਈ ਅੱਡੇ ਉਤੇ ਨਿੱਕੀਆਂ ਨੌਕਰੀਆਂ ਵਾਲੇ ਕਾਫੀ ਪੰਜਾਬੀ-ਪੰਜਾਬਣਾਂ ਸਨ। ਇਸ ਲਈ ਮੈਨੂੰ ਹੁਣ ਕੁੱਝ ਵੀ ਓਪਰਾ ਨਹੀਂ ਲੱਗ ਰਿਹਾ ਸੀ।

ਬਾਹਰ ਨਿਕਲਦਿਆਂ ਹੀ ਮੈਨੂੰ ਗਰਿੱਲ ਤੋਂ ਪਾਰ ਕਹਾਣੀਕਾਰ ਸ਼ਿਵਚਰਨ ਗਿੱਲ ਅਤੇ ਪ੍ਰੀਤਮ ਸਿੱਧੂ ਦਿਸੇ। ‘ਆ ਜਾ, ਆ ਜਾ ਐਧਰ, ਅਸੀਂ ਤਾਂ ਲੱਖਣ ਲਾਇਆ ਬਈ ਘੇਰ ਲਿਆ ਗੋਰੀ ਨੇ

Academy of the Punjab in North America: http://www.apnaorg.com

ਬਾਈ ਨੂੰ' ਸਿੱਧੂ ਨੇ ਜਟਕੇ ਲਹਿਜ਼ੇ 'ਚ ਕਿਹਾ, 'ਐਨੀ ਕੁ ਹੱਬ-ਦੱਬ ਤਾਂ ਕਰਦੇ ਈ ਹੁੰਦੇ ਐ ਇਹ ਗੋਰੇ, ਘਬਰਾਇਆ ਤਾਂ ਨਹੀਂ?'

ਸ਼ਿਵਚਰਨ ਗਿੱਲ ਕਾਰ ਨੇੜੇ ਲੈ ਆਇਆ। ਉਸ ਦੀ ਡਿੱਕੀ ਵਿੱਚ ਮਸਾਂ ਹੀ ਇੱਕ ਅਟੈਚੀ ਫਸਿਆ। 'ਪਤੰਦਰਾ ਐਨਾ ਕੀ ਕੁਸ਼ ਭਰੀ ਫਿਰਦੈਂ, ਉੱਠ ਦੇ ਬੋਰਿਆਂ ਜਿਡੇ-ਜਿਡੇ ਅਟੈਚੀਆਂ 'ਚ?' ਸਿੱਧੂ ਆਪਣੇ ਸੁਭਾਅ ਅਨੁਸਾਰ ਟੋਟਕੇ ਤੇ ਟੋਟਕਾ ਛੱਡੀ ਜਾਂਦਾ ਸੀ। ਪਰਵਾਸੀਆਂ ਦੀ ਹਾਲਤ ਬਾਰੇ ਵਾਰਤਕ ਲਿਖਦਿਆਂ ਵੀ ਉਸ ਦੀ ਸ਼ੈਲੀ ਦਾ ਇਹੀ ਗੁਣ ਪਾਠਕ ਨੂੰ ਮੋਹ ਲੈਂਦਾ ਹੈ। ਅਮਰੀਕਾ ਦੀਆਂ ਵੱਡੀਆਂ ਕਾਰਾਂ ਦੀਆਂ ਖੁੱਲ੍ਹੀਆਂ ਡਿੱਕੀਆਂ ਵਿੱਚ ਤਾਂ ਮੇਰੇ ਦੋਵੇਂ ਅਟੈਚੀ ਹੀ ਅਰਾਮ ਨਾਲ ਟਿਕ ਜਾਂਦੇ ਸਨ। ਇਹ ਤਾਂ ਇੰਗਲੈਂਡ ਦੀਆਂ ਕਾਰਾਂ ਹੀ ਬੀਚੀਆਂ ਜਿਹੀਆਂ ਸਨ। ਜਿਵੇਂ ਆਂਹਦੇ ਨੇ ਪਿੰਡ ਤਾਂ ਗਹੀਰਿਆਂ ਤੋਂ ਹੀ ਪਛਾਣਿਆਂ ਜਾਂਦਾ ਹੈ, ਇਥੇ ਅਮਰੀਕਾ ਦੇ ਮੁਕਾਬਲੇ ਸਭ ਕੁੱਝ ਹੀ ਤੰਗ-ਤੰਗ ਤੇ ਘੱਟ ਲਿਸ਼ਕਿਆ-ਪੁਸ਼ਕਿਆ ਸੀ, ਭਾਵੇਂ ਸਾਫ਼-ਸਫ਼ਾਈ ਵੱਲੋਂ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਗਈ।

ਸਾਊਥਾਲ ਦੀ ਇੱਕ ਗਲੀ ਵਿੱਚ ਸਿੱਧੂ ਹੋਰਾਂ ਦੇ ਘਰ ਅੱਗੇ ਕਾਰ ਰੁਕੀ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਮੈਂ ਲੰਡਨ ਦੀ ਥਾਂ ਜਲੰਧਰ ਦੇ ਹੀ ਮੋਤਾ ਸਿੰਘ ਨਗਰ 'ਚ ਖੜ੍ਹਾ ਹੋਵਾਂ। ਭੈਣ ਜੀ ਸੁਰਜੀਤ (ਮਿਸਿਜ਼ ਸਿੱਧੂ) ਹੋਰਾਂ ਦੇ ਮੋਹ ਭਰੇ ਵਰਤਾਓ ਨੇ ਤਾਂ ਪੂਰਾ ਯਕੀਨ ਹੀ ਦੁਆ ਦਿੱਤਾ ਕਿ ਮੈਂ ਸੱਚ-ਮੁੱਚ ਹੀ ਬਰਤਾਨੀਆਂ ਦੇ ਪੰਜਾਬ ਵਿੱਚ ਸਾਂ।

ਨਹਾ ਧੋ ਕੇ ਅਤੇ ਖਾ ਪੀ ਕੇ ਕੁੱਝ ਘੰਟੇ ਸੌਣ ਨੂੰ ਮਨ ਕੀਤਾ, ਕਿਉਂਕਿ ਪਿਛਲੀ ਸਾਰੀ ਰਾਤ ਜਹਾਜ਼ ਵਿੱਚ ਜਾਗਦਿਆਂ ਕੱਟੀ ਸੀ। ਸ਼ਾਮ ਨੂੰ ਘਰ ਦੇ ਬਿਲਕੁਲ ਨੇੜੇ ਸਾਊਥਾਲ ਦੇ ਮੁੱਖ ਬਾਜ਼ਾਰ ਵਿੱਚ ਚੱਕਰ ਮਾਰਿਆ। ਇਥੇ ਤਾਂ ਕੋਈ ਵਿਰਲਾ ਹੀ ਗੋਰਾ-ਗੋਰੀ ਦਿਸਦੇ ਸਨ, ਜਿਵੇਂ ਅਗੇਤੀ ਕਣਕ 'ਚ ਕੋਈ ਕੋਈ ਸਰੋਂ ਦਾ ਬੂਟਾ ਹੋਵੇ। ਤਾਂ ਹੀ ਤਾਂ ਸਾਊਥਾਲ ਨੂੰ ਮਿੰਨੀ ਪੰਜਾਬ ਆਖਦੇ ਨੇ। ਐਤਵਾਰ ਦਾ ਦਿਨ ਹੋਣ ਕਰਕੇ ਚਾਰੇ ਪਾਸੇ ਪੰਜਾਬੀਆਂ ਦੀ ਚਹਿਲ-ਪਹਿਲ ਸੀ। ਪੰਜਾਬ ਵਾਂਗ ਹੀ ਦੁਕਾਨਾਂ ਵਾਲਿਆਂ ਨੇ ਦੁਕਾਨ ਦੇ ਬਾਹਰਵਾਰ ਤੱਕ ਸਮਾਨ ਰੱਖ ਕੇ ਵਾਧੂ ਥਾਂ ਰੋਕੀ ਹੋਈ ਸੀ। ਖਾਣ-ਪੀਣ ਦੇ ਸਮਾਨ ਵਾਲੇ ਸਟੋਰਾਂ, ਹਜ਼ਾਮਤ ਕਰਨ ਵਾਲਿਆਂ ਦੇ ਕੈਬਨਾਂ ਅਤੇ ਕੈਸਟਾਂ ਦੀਆਂ ਦੁਕਾਨਾਂ ਵਿੱਚ ਓਹੀ ਚੰਨੀ, ਹੰਸ ਜਾਂ ਸਰਦੂਲ ਦੇ ਗੀਤ ਵੱਜ ਰਹੇ ਸਨ। ਕਿਤੇ ਕਿਤੇ ਤਾਂ ਇਉਂ ਲੱਗਦਾ ਸੀ ਜਿਵੇਂ ਕੈਸਟਾਂ ਵੇਚਣ ਵਾਲੇ ਕਿਸੇ ਮਨਚਲੇ ਨੇ ਸ਼ੌਕੀਨ ਪੰਜਾਬਣਾਂ ਦੀ ਮਜਾਜ਼ ਵੱਲ ਇਸ਼ਾਰਾ ਕਰਨ ਵਾਸਤੇ ਸ਼ਰਾਰਤ ਨਾਲ ਹੀ ਚੁਣ ਕੇ ਗੀਤ ਲਾਇਆ ਹੋਵੇ, 'ਸਿੱਖ ਲੈ ਕਲੈਹਰੀਆ ਮੋਰਾ ਵੇ ਤੁਰਨਾ ਤੋਰ

ਪੰਜਾਬਣ ਦੀ, ਵੇ ਤੁਰਨਾ ... ' ਗਹਿਣਿਆਂ ਲੱਦੀਆਂ ਪੰਜਾਬਣਾਂ ਸੱਚਮੁੱਚ ਹੀ ਇਉਂ ਟਹਿਲਦੀਆਂ ਫਿਰਦੀਆਂ ਸਨ, ਜਿਵੇਂ ਵਿਆਹ 'ਚ ਮੇਲਣਾਂ ਆਈਆਂ ਹੋਣ। ਸੋਹਣੀਆਂ-ਸੁਨੱਖੀਆਂ, ਪੰਜਾਬ 'ਚੋਂ ਛਾਂਟ ਛਾਂਟ ਲਿਆਂਦੀਆਂ ਨੱਢੀਆਂ, ਸੌਦਾ-ਪੱਤਾ ਖਰੀਦਣ ਆਈਆਂ ਘੱਟ ਲੱਗਦੀਆਂ ਸਨ ਅਤੇ ਗੇੜਾ-ਫੇੜਾ ਮਾਰਨ ਆਈਆਂ ਵੱਧ। ਇਥੇ ਕਿਹੜਾ ਕਿਸੇ ਸੌਹਰੇ ਨੇ ਖੂੰਡਾ ਖੜਕਾ ਕੇ ਕਹਿਣਾ ਸੀ, 'ਭਾਈ ਨੌਂਹਾਂ-ਧੀਆਂ ਦਾ ਕੀ ਕੰਮ ਇਉਂ ਬਾਜ਼ਾਰ 'ਚ ਹੇਲੀਆਂ ਦਿੰਦੇ ਫਿਰਨ ਦਾ।' ਕਿਸੇ ਵੀ ਪੰਜਾਬਣ ਦੇ ਚਿਹਰੇ ਉਤੇ ਅਜਿਹੇ ਮਾਰਖੋਰੇ ਬੁੜ੍ਹੇ ਜਾਂ 'ਚੁੜੇਲ ਸੱਸ' ਦਾ ਭੈਅ ਨਜ਼ਰ ਨਹੀਂ ਸੀ ਆਉਂਦਾ। ਤਾਂ ਹੀ ਤਾਂ ਮੋੜ ਤੇ ਖੜ੍ਹੀਆਂ ਤੱਤੀਆਂ ਜਲੇਬੀਆਂ ਛਕਦੀਆਂ ਖਿੱਲੀ ਪਾ ਰਹੀਆਂ ਸਨ।

ਕਿਤੇ ਕਿਤੇ ਕੋਈ ਮੁੰਡਾ-ਕੁੜੀ ਹੱਥ 'ਚ ਹੱਥ ਪਾਈ ਲੰਘਦੇ ਤਾਂ ਵੇਖਣ ਵਾਲੇ ਦੇਸੀ ਭਾਈਬੰਦ ਨੱਕ-ਬੁੱਲ੍ਹ ਵਟਦੇ। ਹੋਰ ਤਾਂ ਹੋਰ ਗੇੜੀ ਲਈ ਨਿਕਲੇ ਦੋ-ਦੋ ਤਿੰਨ-ਤਿੰਨ ਬੁੜ੍ਹੇ ਵੀ ਜੋਟੀਆਂ ਬਣਾਈ ਫਿਰਦੇ ਸਨ। ਮੈਨੂੰ ਸਿੱਧੂ ਨੇ ਕੂਹਣੀ ਮਾਰ ਕੇ ਕਿਹਾ, 'ਸੌਹਰਿਆ ਔਧਰ ਵੇਖ ਨਗੌਰੀ ਬਲਦਾਂ ਵਰਗੀ ਜੋੜੀ ਜਾਂਦੀ, ਐਵੇਂ ਬੁੱਢੇ-ਖੁੰਢਾਂ ਵੰਨੀਂ ਝਾਕੀ ਜਾਨੈਂ, ਇਹ ਤਾਂ ਵਿਚਾਰੇ ਦਿਨ-ਕਟੀ ਕਰਕੇ ਹੁਣ ਸਾਊਥਾਲ ਦੇ ਪਾਰਕ 'ਚੋਂ ਮੁੜੇ ਆ, ਹੁਣ ਜਾ ਕੇ ਕੁੱਕੜਾਂ ਵਾਂਗੂੰ ਘਰਾਂ ਦੇ ਖੁੱਡੇ 'ਚ ਤੜ ਜਾਣਗੇ। ਅਜੇ ਮਹੀਨੇ ਕੁ ਨੂੰ ਨਵੰਬਰ ਦੀ ਠੰਡ ਆਉਣ ਦੇ, ਸਾਰਾ ਦਿਨ ਘਰੇ ਰਹਿਣਗੇ ਤਾਂ ਨੂੰਹਾਂ-ਪੁੱਤ ਭੰਨਣਗੇ ਗੋਡੇ, ਜੇ ਬਾਹਰ ਨਿਕਲਣਗੇ ਤਾਂ ਸਿਆਲ ਦਾ ਠੱਕਾ ਕੱਢੂ ਜੋੜਾਂ 'ਚੋਂ ਕੜੱਲ।'

ਸੌਦਾ-ਪੱਤਾ ਖਰੀਦ ਕੇ ਘਰ ਮੁੜੇ ਤਾਂ ਪਹਿਲਾਂ ਹੀ ਦਿਤੇ ਸੱਦੇ ਅਨੁਸਾਰ ਕਹਾਣੀਕਾਰ ਹਰਜੀਤ ਅਟਵਾਲ, ਸ਼ਿਵਚਰਨ ਗਿੱਲ ਅਤੇ ਕਵੀ ਬਲਦੇਵ ਬਾਵਾ ਵੀ ਪਹੁੰਚ ਗਏ। ਮਹਿਫ਼ਲ ਸੱਜ ਗਈ। ਸਾਰਿਆਂ ਨੂੰ ਸਕਾਚ-ਵਿਸਕੀ ਦੇ ਗਿਲਾਸ ਫੜਾ ਕੇ ਜਦ ਪ੍ਰੀਤਮ ਸਿੱਧੂ ਨੇ ਆਪ 'ਕੰਪਨੀ ਸੇਕ' ਜੂਸ ਦਾ ਗਿਲਾਸ ਲੈ ਕੇ 'ਚੀਅਰਜ਼' ਕੀਤੀ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਮਿਲਵਾਕੀ ਵਾਲੀ ਪੰਜਾਬੀ ਕਾਨਫਰੰਸ ਉਤੇ ਤਾਂ ਉਸ ਨੇ ਪੀਣ ਵੱਲੋਂ ਦਿਨ-ਰਾਤ ਇੱਕ ਕਰ ਦਿੱਤਾ ਸੀ। ਕਿਤੇ ਕਿਤੇ ਜੱਟਾਂ ਵਾਲਾ ਝੱਜੂ ਵੀ ਪਾਉਂਦਾ ਰਿਹਾ ਸੀ। ਇੱਕ ਦਿਨ ਸ਼ਾਮ ਨੂੰ ਦਰਸ਼ਨ ਸਿੰਘ ਧਾਲੀਵਾਲ ਦੇ ਘਰ ਜਾ ਰਹੇ ਸਾਂ ਤਾਂ ਪ੍ਰੀਤਮ ਸਿੱਧੂ ਲਾਡ ਨਾਲ ਮੇਰੇ ਗੋਡਿਆਂ ਉਤੇ ਬਹਿ ਗਿਆ ਸੀ। ਨਸ਼ੇ 'ਚ ਪਿਆਰ ਜਿਤਾਉਂਦਿਆਂ ਉਹ ਆਖ ਰਿਹਾ ਸੀ, 'ਇਹ ਨਿੱਕਾ ਵੀਰ ਭਾਵੇਂ ਮੇਰੀ ਕਹਾਣੀ ਨੂੰ ਕਹਾਣੀ ਮੰਨੇ ਜਾਂ ਨਾ, ਚਾਹੇ ਉਹਨੂੰ ਲੇਖ ਕਹੇ ਜਾਂ ਕੁੱਝ ਹੋਰ, ਇਹ ਫੇਰ ਵੀ ਮੇਰਾ ਅਜੀਜ਼ ਐ ... ਛੋਟੇ ਭਾਈ ਤੁਸੀਂ ਜਿਹੜੇ ਵੱਡੇ ਆਲੋਚਕ ਬਣੀ ਫਿਰਦੇ ਓ ਨਾ, ਸਾਡੇ ਦੁੱਖਾਂ ਨੂੰ ਨਹੀਂ ਸਮਝ ਸਕਦੇ। ਮਹਿਮਾਨ ਬਣ ਕੇ ਚਾਰ ਦਿਨ ਵਲੈਤ ਰਹਿ ਜਾਣ ਨਾਲ ਨਹੀਂ ਪਤਾ ਲੱਗ ਸਕਦਾ ਸਾਡੀਆਂ ਸੋਚਾਂ ਦਾ, ਇਥੋਂ ਦੀ

Academy of the Punjab in North America: http://www.apnaorg.com

ਅਸਲੀਅਤ ਦਾ ਤਾਂ ਪਤਾ ਖੁਦ ਭੱਠੀ 'ਚ ਸਿਰ ਝੋਕ ਕੇ ਹੀ ਲੱਗਦਾ ਐ। ਛੋਟੇ ਵੀਰ ਤੂੰ ਕਿਹਾ ਸੀ ਨਾ ਚੰਡੀਗੜ੍ਹ ... ' ਪ੍ਰੀਤਮ ਸਿੱਧੂ ਨੇ ਆਪਣੀ ਪੁਸਤਕ 'ਗੁਆਚੇ ਕਾਫ਼ਲੇ' ਉਤੇ ਚੰਡੀਗੜ੍ਹ ਵਿਖੇ ਹੋਈ ਗੋਸ਼ਟੀ ਦੀ ਗੱਲ ਫੇਰ ਚੇਤੇ ਕਰ ਲਈ। ਉਹ ਹੁਣ ਭਰੀ ਪੰਚਾਇਤ 'ਚ ਉਲਾਂਭਾ ਦੇ ਰਿਹਾ ਸੀ ਕਿ ਮੈਂ ਉਸ ਦੀਆਂ ਕਹਾਣੀਆਂ ਨੂੰ ਰੂਪਾਕਾਰ ਵਜੋਂ ਲੇਖ ਵਰਗੀਆਂ ਮੰਨਿਆ ਸੀ।

ਮੈਨੂੰ ਡਰ ਸੀ ਕਿ ਅੱਜ ਵੀ ਉਸ ਦੀ ਸੂਈ ਉਸ ਸਮਾਗਮ ਵਾਲੀ ਝਿਰਖੀ 'ਚ ਨਾ ਫਸ ਜਾਵੇ। ਇਹ ਗੱਲ ਚੰਗੀ ਹੀ ਸੀ ਕਿ ਉਸ ਨੇ ਪੀਣੀ ਛੱਡੀ ਹੋਈ ਸੀ। ਇਸ ਲਈ ਜੂਸ ਸਿੱਪ ਕਰਦਾ ਉਹ ਬੜੀਆਂ ਦਾਨੀਆਂ ਗੱਲਾਂ ਕਰ ਰਿਹਾ ਸੀ, 'ਵਲੈਤ 'ਚ ਰਹਿੰਦੇ ਲੇਖਕ ਪਾਠਕਾਂ ਦੀ ਥਾਂ ਆਲੋਚਕਾਂ ਵੱਲ ਜ਼ਿਆਦਾ ਝਾਕਦੇ ਐ, ਤਾਂ ਈ ਨਿਰਾਸ਼ ਹੁੰਦੇ ਐ। ਮੈਂ ਤਾਂ ਸਦਾ ਈ ਪਾਠਕ ਉਤੇ ਟੇਕ ਰੱਖੀ ਐ। ਦੁੱਖ ਦੀ ਗੱਲ ਤਾਂ ਇਹੀ ਐ ਕਿ ਪੰਜਾਬੀ ਲੇਖਕ, ਭਾਵੇਂ ਉਹ ਕਿਤੇ ਵੀ ਰਹਿੰਦਾ ਹੋਵੇ, ਦਿਨੋ-ਦਿਨ ਪਾਠਕਾਂ ਤੋਂ ਟੁੱਟਦਾ ਜਾ ਰਿਹਾ ਐ, ਕੋਈ ਮੰਨੇ ਭਾਵੇਂ ਨਾ।'

'ਆਲੋਚਕ ਦੀਆਂ ਫੌੜ੍ਹੀਆਂ ਦੇ ਸਹਾਰੇ ਲੇਖਕ ਬਹੁਤੀ ਦੂਰ ਨਹੀਂ ਜਾ ਸਕਦਾ ਅੰਤ ਨੂੰ ਨਬੇੜਾ ਤਾਂ ਰਚਨਾ ਉਤੇ ਆ ਕੇ ਹੀ ਹੋਣੈ' ਸ਼ਿਵਚਰਨ ਗਿੱਲ ਨੇ ਸਿੱਧੂ ਦੀ ਸੁਰ 'ਚ ਸੁਰ ਰਲਾਈ। ਪਿਛਲੇ ਕੁੱਝ ਸਮੇਂ ਤੋਂ ਡਿਪਰੈਸ਼ਨ ਝੇਲ ਰਿਹਾ ਬਲਦੇਵ ਬਾਵਾ ਇਉਂ ਚੁੱਪ ਵੱਟੀ ਬੈਠਾ ਸੀ ਜਿਵੇਂ ਕਹਿਣਾ ਚਾਹੁੰਦਾ ਹੋਵੇ, 'ਪੰਜਾਬੀ ਵਿੱਚ ਲੇਖਕ ਤੇ ਪਾਠਕ ਦੋਵੇਂ ਹੀ ਦੰਭੀ ਨੇ, ਜੈਨੂਅਨਨੈੱਸ ਕਿਤੇ ਨਹੀਂ ਦਿਸਦੀ।'

'ਜੈਨੂਅਨਨੈੱਸ ਕਿੱਥੋਂ ਦਿਸੇ ਧੜੇਬੰਦੀ ਨੇ ਲੇਖਕਾਂ ਨੂੰ ਅੱਡੋਫਾਟੀ ਕਰ ਛਡਿਆ ਐ। ਆਹ ਆਪਣੇ ਬਰਤਾਨੀਆਂ ਦੀ ਹੀ ਗੱਲ ਲੈ ਲਵੋ, ਕਿਸੇ ਨੇ ਠੀਕ ਹੀ ਸਿੱਟਾ ਕਢਿਆ ਹੈ ਕਿ ਹਰੇਕ ਦੋ ਜਣਿਆਂ ਨੇ ਆਪਣੀ ਸਭਾ ਬਣਾਈ ਹੋਈ ਐ, ਇੱਕ ਪ੍ਰਧਾਨ ਤੇ ਦੂਜਾ ਜਨਰਲ ਸਕੱਤਰ। ਸਭ 'ਲਿਟਰੇਰੀ ਕਪਲਜ਼' ਨੇ - ਹਰਬਖਸ਼ ਮਕਸੂਦਪੁਰੀ ਤੇ ਭੁਪਿੰਦਰ ਪੁਰੇਵਾਲ, ਨਿਰੰਜਨ ਨੂਰ ਤੇ ਦਰਸ਼ਨ ਧੀਰ, ਗੁਰਦੀਪ ਪੁਰੀ ਤੇ ਸੇਵਾ ਸਿੰਘ ਕੋਹਲੀ, ਪ੍ਰੀਤਮ ਕੈਂਥੋ ਤੇ ਗੁਰਦਿਆਲ ਸਿੰਘ ਰਾਏ, ਪ੍ਰੀਤਮ ਸਿੱਧੂ ਤੇ ਸ਼ਿਵਚਰਨ ਗਿੱਲ, ਸਾਦਿਕ ਤੇ ... ' ਹਰਜੀਤ ਅਟਵਾਲ ਨੇ ਟਕੋਰ ਕੀਤੀ।

'ਤੂੰ ਆਪਣਾ 'ਕਪਲ' ਭੁੱਲ ਗਿਆ - ਸਵਰਨ ਚੰਦਨ ਤੇ ਅਟਵਾਲ' ਪ੍ਰੀਤਮ ਸਿੱਧੂ ਨੇ ਮੋੜਵੀਂ ਗਿੱਟੇ ਤੇ ਮਾਰਦਿਆਂ ਕਿਹਾ। ਪ੍ਰੀਤਮ ਸਿੱਧੂ ਵੱਲੋਂ ਮੌਕੇ ਦੇ ਵਾਰ ਨਾਲ ਡਰਾਇੰਗ-ਰੂਮ 'ਚੋਂ ਹਾਸੇ ਦਾ ਵਾ-ਵਰੋਲਾ ਉੱਚਾ ਉਠਿਆ। ਚਹੁੰ ਘਰੀਂ ਸੁਣਨ ਵਾਲੇ ਅਜਿਹੇ ਠਹਾਕਿਆਂ ਅੱਗੇ ਅੰਗਰੇਜ਼ ਕਿੱਥੇ ਖੜ੍ਹ ਸਕਦੇ ਸਨ ਸਾਊਥਾਲ ਵਿਚ। ਸੁਣਿਆਂ ਸੀ ਕਿ ਅੰਗਰੇਜ਼ ਤਾਂ ਭਾਰਤੀ ਤੜਕਿਆਂ ਨੂੰ ਵੀ

Academy of the Punjab in North America: http://www.apnaorg.com

ਸਹਾਰ ਨਹੀਂ ਸਕਦੇ ਸਨ। ਪਰ ਤੇਜ਼ ਮਸਾਲਿਆਂ 'ਚ ਭੁੱਜੇ ਤਰੀ ਵਾਲੇ ਮੁਰਗੇ ਦੀ ਮਹਿਕ ਨਾਲ ਸਾਡੀ ਸਗੋਂ ਭੁੱਖ ਚਮਕ ਉੱਠੀ ਸੀ। ਸੁਰਜੀਤ ਭੈਣ ਜੀ ਨੇ ਮੁਰਗੇ ਵਾਲੀ ਕੜਾਹੀ ਲਿਆ ਕੇ ਸਾਡੇ ਵਿਚਾਲੇ ਡਾਹੇ ਮੇਜ਼ ਤੇ ਰੱਖ ਦਿੱਤੀ ਅਤੇ ਨਾਲ ਹੀ ਰੱਖ ਦਿੱਤੀ ਰੋਟੀਆਂ ਦੀ ਥਹੀ। ਅੰਗਰੇਜ਼ਾਂ ਵਾਲਾ ਰਸਮੀਪੁਣਾ ਪੰਜਾਬੀਆਂ ਨੂੰ ਕਿੱਥੇ ਰਾਸ ਆਉਣ ਵਾਲਾ ਸੀ। ਅਸੀਂ ਤਾਂ ਜਿਵੇਂ ਪੰਜਾਬ ਦੇ ਹੀ ਕਿਸੇ ਪਿੰਡ ਸ਼ਹਿਰ ਵਿੱਚ ਬੈਠੇ ਸਾਂ, ਹਾਕਮਾਂ ਦੀ ਧਰਤੀ ਵਾਲਾ ਸਹਿਮ ਮੇਰੇ ਅੰਦਰੋਂ ਕਦੋਂ ਦਾ ਉਡਾਰੀ ਮਾਰ ਗਿਆ ਸੀ।

## ਮਾਰਕਸ ਦੀ ਕਬਰ ਤੇ ਉਗਿਆ ਬੇਮਹਿਕ ਚੰਦਨ

Academy of the Punjab in North America: http://www.apnaorg.com

ਇਹ ਗੱਲ ਅਜੇ ਵੀ ਮੇਰੇ ਲਈ ਬੁਝਾਰਤ ਬਣੀ ਪਈ ਸੀ ਕਿ ਰਾਤ ਪ੍ਰੀਤਮ ਸਿੱਧੂ ਦੇ ਘਰ ਜੰਮੀ ਮਹਿਫ਼ਲ ਵਿਚੋਂ ਡਾ. ਸਵਰਨ ਚੰਦਨ ਕਿਉਂ ਗ਼ੈਰ-ਹਾਜ਼ਰ ਸੀ? ਜਦ ਕਿ ਉਸ ਦਾ ਘਰ ਵੀ ਬਿਲਕੁਲ ਨੇੜੇ ਸੀ, ਅਟਵਾਲ ਦੇ ਦੱਸਣ ਅਨੁਸਾਰ ਉਹ ਸੀ ਵੀ ਘਰ ਹੀ। ਡਾ. ਚੰਦਨ ਦਾ ਨਾਂ ਬਰਤਾਨੀਆਂ ਦੇ ਪਹਿਲੀ ਕਤਾਰ ਦੇ ਲੇਖਕਾਂ - ਰਘੁਬੀਰ ਢੰਡ, ਤਰਸੇਮ ਨੀਲਗਿਰੀ, ਪ੍ਰੀਤਮ ਸਿੱਧੂ ਅਤੇ ਅਮਰਜੀਤ ਚੰਦਨ ਆਦਿ - ਵਿੱਚ ਸ਼ੁਮਾਰ ਕੀਤਾ ਜਾਂਦਾ ਹੈ।

ਪਿਛਲੇ ਕੁ ਸਾਲ ਤੋਂ ਉਸ ਦੀ ਮੇਰੇ ਨਾਲ ਖ਼ਤੋ-ਖ਼ਿਤਾਬਤ ਵੀ ਹੁੰਦੀ ਰਹੀ ਸੀ ਅਤੇ ਅਮਰੀਕਾ ਤੋਂ ਮੈਂ ਉਸ ਨਾਲ ਟੈਲੀਫੋਨ 'ਤੇ ਵੀ ਸੰਪਰਕ ਕੀਤਾ ਸੀ। ਉਸ ਨੇ ਬੜੇ ਚਾਅ ਨਾਲ ਮੈਨੂੰ ਆਪਣੇ ਕੋਲ ਆ ਕੇ ਰਹਿਣ ਦਾ ਸੱਦਾ ਦਿੱਤਾ ਸੀ ਪਰ ਅੱਜ ... ? ਸ਼ਾਇਦ ਪ੍ਰੀਤਮ ਸਿੱਧੂ ਨੇ ਜਾਣ ਕੇ ਨਾ ਸੱਦਿਆ ਹੋਵੇ। ਪਰ ਕਿਉਂ?

ਸਵੇਰੇ ਸਵੇਰੇ ਮੈਨੂੰ ਪ੍ਰੀਤਮ ਸਿੱਧੂ ਦੇ ਘਰੋਂ ਲੈਣ ਆਏ ਹਰਜੀਤ ਅਟਵਾਲ ਨੇ ਜਿਵੇਂ ਮੇਰੇ ਢਿੱਡ ਦੀ ਬੁੱਝ ਲਈ। ਉਸ ਨੇ ਮੇਰੇ ਕੰਨ 'ਚ ਖੁਸਰ-ਫੁਸਰ ਕੀਤੀ, 'ਆਪਾਂ ਪਹਿਲਾਂ ਡਾ. ਚੰਦਨ ਕੋਲ ਚਲਦੇ ਆਂ, ਉਹ ਰਾਤ ਦਾ ਗੁੱਸੇ ਹੋਣੈਂ, ਉਥੇ ਹੀ ਬਣਾਵਾਂਗੇ ਮਾਰਕਸ ਦੀ ਕਬਰ ਵੇਖਣ ਜਾਣ ਦਾ ਪ੍ਰੋਗਰਾਮ।'

ਡਾ. ਚੰਦਨ ਦੇ ਪੜ੍ਹਨ ਕਮਰੇ ਵਿੱਚ ਵੜਦਿਆਂ ਹੀ ਮੇਰੀ ਰੂਹ ਖਿੜ ਗਈ। ਪੁਸਤਕਾਂ ਨਾਲ ਭਰੇ ਰੈਕਾਂ ਦੇ ਵਿਚਕਾਰ ਸਟੱਡੀ ਟੇਬਲ ਕੋਲ ਐਨਕ ਲਾਈ ਬੈਠਾ ਉਹ ਬਹੁਤ ਗਹਿਰ-ਗੰਭੀਰ ਜਾਪਦਾ ਸੀ। ਕਮਰੇ ਦੇ ਵਿਚਕਾਰ ਪਏ ਵੱਡੇ ਮੇਜ਼ ਉਤੇ ਵੀ ਕਿਤਾਬਾਂ, ਪੈੱਨ-ਸਟੈਂਡ, ਫਾਈਲਾਂ ਅਤੇ ਕਾਗਜ਼ਾਂ ਦੇ ਢਿੱਗ ਲੱਗੇ ਪਏ ਸਨ। ਉਹ ਇਸ ਤਰ੍ਹਾਂ ਕੰਮ 'ਚ ਜੁਟਿਆ ਜਾਪਦਾ ਸੀ ਕਿ ਉਸ ਨੂੰ ਨਹਾਉਣ, ਖਾਣ ਜਾਂ ਕਿਸੇ ਹੋਰ ਦੁਨਿਆਵੀ ਕੰਮ ਦੀ ਸੁੱਧ ਨਹੀਂ ਸੀ ਰਹੀ ਲੱਗਦੀ। ਉਸ ਨੂੰ ਫੋਨ 'ਚ ਰੁੱਝਿਆ ਵੇਖ ਕੇ ਅਸੀਂ ਚੁੱਪ-ਚਾਪ ਕੁਰਸੀਆਂ ਤੇ ਬੈਠ ਕੇ ਉਡੀਕਣ ਲੱਗੇ। ਉਹ ਗੱਲਾਂ 'ਚ ਮਸਤ ਸੀ, 'ਹਾਂ-ਹਾਂ, ਉਹੀ ਮਰਾਸਣ ਨਜ਼ੀਰਾਂ ... ਵੰਡ ਵੇਲੇ ਉਧਾਲ ਕੇ ਲੈ ਗਏ ਸੀ ਜਿਸ ਨੂੰ ... ਅੱਛਾ ਕੋਈ ਉੱਘ-ਸੁੱਘ ਨਹੀਂ ਨਿਕਲੀ ਉਸ ਦੀ ... ਤੇ ਉਹ ਅਕਰਮ ਇੱਕ ਵੇਰਾਂ ਤਾਂ ਪਾਕਿਸਤਾਨ ਜਾ ਕੇ ਮੁੜ ਆਇਆ ਸੀ, ਹਾਂ ... ਹਾਂ ... ਇਕੱਲਾ ਈ ... ਫੇਰ ਕਿਉਂ ਤੁਰ ਗਿਆ ਵਾਪਸ ਓਧਰੇ? ... ਕਿੱਤਰਾਂ ਹੋਇਆ ਇਹ ਸਭ ਕੁੱਝ ...? ... ਹੈਂ?'

ਸਵਰਨ ਚੰਦਨ ਨੇ ਅੱਧੇ ਘੰਟੇ ਪਿੱਛੋਂ ਫੋਨ ਦਾ ਰਿਸੀਵਰ ਕੰਨ ਨਾਲੋਂ ਲਾਹਿਆ ਤਾਂ ਦੱਸਿਆ ਕਿ ਉਹ ਵੰਡ ਸਬੰਧੀ ਲਿਖੇ ਜਾ ਰਹੇ ਆਪਣੇ ਨਵੇਂ ਨਾਵਲ ਦੇ ਪਾਤਰਾਂ ਬਾਰੇ ਆਪਣੇ ਗਰਾਈਂ ਕੋਲੋਂ

Academy of the Punjab in North America: http://www.apnaorg.com

ਜਾਣਕਾਰੀ ਹਾਸਲ ਕਰ ਰਿਹਾ ਸੀ। ਮੈਨੂੰ ਉਸ ਦੇ ਇਉਂ ਪ੍ਰਮਾਣਿਕ ਤੱਥ ਇਕੱਠੇ ਕਰਨ ਦੀ ਲੋਚਾ ਨੇ ਬਹੁਤ ਪ੍ਰਭਾਵਿਤ ਕੀਤਾ।

'ਭਾ ਜੀ ਇਸ ਨਵੇਂ ਨਾਵਲ ਨੇ ਮੇਰੇ ਹਜ਼ਾਰਾਂ ਪੌਂਡ ਤਾਂ ਇਉਂ ਹੀ ਖਰਚਾ ਛੱਡੇ ਜੇ। ਭਾਊ ਜੇ ਫੇਰ ਵੀ ਪੰਜਾਬੀ ਆਲੋਚਕ ਨਾਵਲ ਪੜ੍ਹ ਕੇ ਮੌਨ ਧਾਰ ਲੈਣ ਤਾਂ ਕਿਸ ਦਾ ਕਸੂਰ ਹੋਇਆ ਫਿਰ?' ਡਾ. ਚੰਦਨ ਨੇ ਸਿਗਰਟ ਦੀ ਸਵਾਹ ਝਾੜ ਕੇ ਇੱਕ ਹੋਰ ਵੱਡਾ ਸੂਟਾ ਖਿਚਿਆ, ਫੇਰ ਬਲਗਮੀ-ਖੰਘ ਖੰਘਿਆ ਅਤੇ ਇੱਕ ਹੱਥ ਨਾਲ ਦਰਾਜ਼ ਦੇ ਉਤੋਂ ਪੈੱਗ ਚੁੱਕ ਕੇ ਦੋ ਵੱਡੀਆਂ ਘੁੱਟਾਂ ਭਰੀਆਂ। ਫੇਰ ਉਹ ਆਪ ਹੀ ਉੱਠ ਕੇ ਦੋ ਗਿਲਾਸ ਹੋਰ ਚੁੱਕ ਲਿਆਇਆ ਅਤੇ ਸਵੇਰੇ ਸਵੇਰੇ ਹੀ ਸਾਡੇ ਲਈ ਬਿਨਾ ਪੁੱਛੇ ਹੀ ਵੱਡੇ ਪੈੱਗ ਬਣਾ ਦਿੱਤੇ।

'ਭਾਊ ਮੈਂ ਕੰਜਕਾਂ ਤੇ ਵੀ ਇਵੇਂ ਮੇਹਨਤ ਕੀਤੀ ਸੂ, ਵਰ੍ਹਿਆਂ ਬੱਧੀ, ਤੇ ਹੁੰਘਾਰਾ ਕੀ ਮਿਲਿਆ ਛੁਨਛਨਾ? ਗੱਲ ਕੀ ਬਣੀਂ ਫੇਰ? ਇਸ ਛੋਟੇ ਵੀਰ ਧਾਲੀਵਾਲ ਨੂੰ ਵੀ ਉਚੇਚਾ ਡਾਕ ਰਾਹੀਂ ਨਾਵਲ ਭਿਜਵਾਇਆ, ਕਈ ਹਫ਼ਤੇ ਇਹਦਾ ਨਵੇਂ ਜ਼ਮਾਨੇ ਵਾਲਾ ਕਾਲਮ 'ਅਦਬਨਾਮਾ' ਵੇਖਦਾ ਰਿਹਾ ਕਿ ਛੋਟਾ ਵੀਰ ਕਿਤੇ ਸਾਡਾ ਜ਼ਿਕਰ ਵੀ ਕਰੇਗਾ, ਪਰ ਇਹਨੇ ਵੀ ਦੋ ਸਤਰਾਂ ਨਹੀਂ ਜੇ ਲਿਖੀਆਂ। ਪੰਜਾਬ ਦੇ ਆਲੋਚਕ, ਭਾ ਗੁੱਸਾ ਨਾ ਕਰੀਂ, ਆਪਣੇ ਨੱਕ ਤੋਂ ਅੱਗੇ ਨਹੀਂ ਜੇ ਵੇਖਦੇ, ਇਹਨੂੰ ਵੀ ਇਕੱਲਾ ਵਰਿਆਮ ਸੰਧੂ ਈ ਦਿਸਦਾ ਈ। ਖ਼ੈਰ, ਉਂਹਦੀ ਤੇ ਕੋਈ ਗੱਲ ਨੀ, ਸਾਡਾ ਮਝੈਲ ਭਰਾ ਜੋ ਹੋਇਆ ਉਹ, ਯਾਰਾਂ ਦਾ ਯਾਰ ... ਏਤਰਾਂ ਈ ਕਰਨ ਡਹੇ ਨੇ ਸਭ। ਆਹ ਵੇਖ ਖਾਂ 'ਲਕੀਰ' ਦਾ ਅੰਕ। ਸੰਤਾਲੀ ਤੋਂ ਬਾਅਦ ਦੇ ਗਲਪ ਬਾਰੇ ਲਿਖਿਆ ਕਿਸੇ ਰਜਨੀਸ਼ ਬਹਾਦੁਰ ਨੇ, ਪਰ ਚੰਦਨ ਦਾ ਕਿਤੇ ਨਾਂ ਨਹੀਂ, ਇਹ ਛੁਨਛੁਨੇ ਦਾ ਅਧਿਐਨ ਐ ਫਿਰ, ਕੰਜਰ ਜ਼ਨਾਨੀਆਂ ਦਾ ਨਾਂ ਉਚੇਚਾ ਲਿਖਦੇ ਜੇ, ਭਾਊ ਲਿਖਣ ਕਿਉਂ ਨਾ? ਕੁੱਤੇ ਝਾਕ ਕਿਵੇਂ ਛੱਡਣ। ਉਨ੍ਹਾਂ ਕੋਲ 'ਉਹ' ਜਿਉਂ ਐ ਜੋ ਚੰਦਨ ਕੋਲ ਨਹੀਂ।' ਤਲਖ਼ੀ ਨਾਲ ਉਸ ਦੇ ਪੱਕੇ ਰੰਗ ਵਾਲੇ ਮੱਥੇ ਦੀ ਤਿਊੜੀ ਹੋਰ ਉੱਭਰ ਆਈ, ਚੌੜਾ ਮੱਥਾ ਤਰੇਲੀਓ-ਤਰੇਲੀ ਸੀ। ਉਸ ਨੇ ਸੜ ਸੜ ਕੇ ਉਂਗਲਾਂ ਦੇ ਸੰਨ੍ਹ ਤੱਕ ਆ ਪਹੁੰਚੀ ਸਿਗਰਟ ਨੂੰ ਟਰੇਅ 'ਚ ਘਸੋੜਿਆ ਅਤੇ ਕਾਹਲੀ ਨਾਲ ਬਚਦਾ ਪੈੱਗ ਅੰਦਰ ਸਿੱਟਿਆ।

'ਡਾ. ਸਾਹਿਬ ਤੁਹਾਡੇ ਨਾਵਲ ਕੰਜਕਾਂ ਨੂੰ ਤਾਂ ਪੰਜਾਬੀ ਦੇ ਹਿਸਾਬ ਨਾਲ ਕਾਫੀ ਹੁੰਘਾਰਾ ਮਿਲਿਐ, ਗੱਲ ਤਾਂ ਤੁਰੀ ਐ। ਡਾ. ਜਸਪਾਲ ਸਿੰਘ ਨੇ ਤਾਂ ਅੰਗਰੇਜ਼ੀ ਟ੍ਰਿਬਿਊਨ ਵਿੱਚ ਡਾ. ਹਰਜੀਤ ਸਿੰਘ ਦੇ ਹਵਾਲੇ ਨਾਲ ਇਸ ਨਾਵਲ ਨੂੰ ਨੋਬਲ ਪ੍ਰਾਈਜ਼ ਦੇ ਹੱਕਦਾਰ ਹੋਣ ਦੀ ਗੱਲ ਵੀ ਕੀਤੀ ਸੀ' ਮੈਂ ਉਸ ਨੂੰ ਧਰਵਾਸਾ ਦੇਣ ਲਈ ਕਿਹਾ।

Academy of the Punjab in North America: http://www.apnaorg.com

'ਆਹ ਵਡੇਰਵਾਂ ਕੀਤੀ ਸੂ ਗੱਲ। ਮੈਂ ਪਰਵਾਸੀ ਪੰਜਾਬੀਆਂ ਦੇ ਮੁਢਲੇ ਸੰਘਰਸ਼ਾਂ ਤੋਂ ਲੈ ਕੇ ਨੌਵੇਂ ਦਹਾਕੇ ਤੱਕ ਤਿੰਨ ਪੀੜ੍ਹੀਆਂ ਦੀ ਗੱਲ ਕਰਕੇ ਮਹਾਂ-ਕਾਵਿਕ ਨਾਵਲ ਲਿਖਿਆ। ਤੇ ਗੱਲ ਕਿੰਨੀ ਕੁ ਚੱਲੀ? ਪਰਵਾਸੀ, ਪਰਵਾਸੀ ਕਹਿ ਕੇ ਸਾਨੂੰ ਨੁਕਰੇ ਲਾ ਛਡਦੇ ਜੇ।' ਉਹ ਪਰੇਸ਼ਾਨ ਸੀ ਕਿ ਨਾਵਲ ਕੰਜਕਾਂ ਨੂੰ ਘੱਟ ਹੁੰਘਾਰਾ ਮਿਲਿਆ ਸੀ। ਘਰੋਂ ਤਾਂ ਖੈਰ ਉਹ ਪਹਿਲਾਂ ਵੀ ਘੱਟ ਪਰੇਸ਼ਾਨ ਨਹੀਂ ਸੀ। ਪਹਿਲੀ ਪਤਨੀ ਚੱਲ ਵਸੀ ਸੀ। ਦੂਜੀ ਡਾ. ਦੇਵਿੰਦਰ ਚੰਦਨ ਨਾਲ ਅਣ ਬਣ ਚੱਲ ਰਹੀ ਸੀ। ਇੱਕ ਕੁੜੀ ਕਹੇ 'ਚ ਨਾ ਰਹਿ ਕੇ ਘਰੋਂ ਚਲੀ ਗਈ ਸੀ। ਉਹ ਹੁਣ ਆਪਣੇ ਨਵੇਂ-ਨਵੇਂ ਵਿਆਹੇ ਨੂੰਹ-ਪੁੱਤ ਨਾਲ ਰਹਿ ਰਿਹਾ ਸੀ। ਆਪਣੇ ਵਿਸ਼ਾਦ ਕਾਰਨ ਉਸ ਨੇ ਬੋਤਲ ਨੂੰ ਸਹਾਰਾ ਬਣਾ ਲਿਆ ਸੀ। ਉਸ ਦੇ ਅੰਦਰ ਇਕੱਲ ਦਾ ਕਬਰਸਤਾਨ ਦੂਰ ਤੱਕ ਪਸਰਿਆ ਦਿਸਦਾ ਸੀ।

'ਧਾਲੀਵਾਲ, ਛੋਟੇ ਵੀਰ, ਬੱਸ ਇਹ ਹਰਜੀਤ ਆਪਣਾ ਪੱਕਾ ਜੁੱਟ ਐ, ਤੇਰੇ ਨਾਲ ਵੀ ਆਪਣੀ ਦਾਲ ਗਲਦੀ ਐ। ਆਪਾਂ ਇੱਕ ਟੀਮ ਬਣਾ ਕੇ ਗੱਲ ਤੋਰੀਏ ਕਿਸੇ ਦਾਅ ਨੂੰ, ਓਤਰਾਂ ਨਹੀਂ ਜੇ ਗੱਲ ਬਣਨੀ ਭਾਊ' ਸਵਰਨ ਚੰਦਨ ਨਿਰਾਸ਼ਾ ਦੀ ਦਲਦਲ ਵਿੱਚ ਖੁੱਭਿਆ ਪਿਆ ਸੀ। ਉਹ ਸਨਕ ਦੀ ਹੱਦ ਤੱਕ ਸੋਚਦਾ ਜਾਪਦਾ ਸੀ ਕਿ ਪੂਰੇ ਪੰਜਾਬੀ ਜਗਤ ਵਿੱਚ ਉਸ ਦੇ ਖਿਲਾਫ਼ ਕੋਈ 'ਸਾਜ਼ਿਸ਼' ਰਚੀ ਜਾ ਰਹੀ ਸੀ। ਉਸ ਨੂੰ ਜਾਣ-ਬੁੱਝ ਕੇ ਅਣਗੌਲਿਆਂ ਕੀਤਾ ਜਾ ਰਿਹਾ ਸੀ। ਮਾਮੂਲੀ ਗੱਲ ਤੇ ਉਹ ਕੱਖਾਂ ਦੀ ਅੱਗ ਵਾਂਗ ਭੜਕ ਉਠਦਾ। ਉਸ ਦੀ ਹਉਮੈ ਸੱਟ ਖਾਧੀ ਵਾਲੇ ਸੱਪ ਵਾਂਗ ਵਿਸ ਘੋਲਦੀ। ਉਹ ਜਿਵੇਂ ਹਵਾ ਨੂੰ ਹੀ ਗਾਲ੍ਹਾਂ ਕੱਢਣ ਲੱਗ ਪੈਂਦਾ। ਉਸ ਦੀ ਅਜਿਹੀ ਹਾਲਤ ਵੇਖ ਕੇ ਮੈਂ ਸ਼ੁਕਰ ਕੀਤਾ ਕਿ ਸਿੱਧਾ ਉਸ ਦਾ ਮਹਿਮਾਨ ਨਹੀਂ ਆ ਬਣਿਆਂ ਸਾਂ। ਮੈਨੂੰ ਹੁਣ ਵੀ ਜਾਪ ਰਿਹਾ ਸੀ ਕਿ ਮੈਂ ਕਸੂਤਾ ਆ ਫਸਿਆ ਸਾਂ। ਅੱਜ ਕੱਲ੍ਹ ਉਸ ਨੂੰ ਸਿਰਫ ਤੇ ਸਿਰਫ ਹਰਜੀਤ ਹੀ ਝਲਦਾ ਸੀ। ਸ਼ਾਇਦ ਤਾਂ ਹੀ ਪ੍ਰੀਤਮ ਸਿੱਧੂ ਨੇ ਉਸ ਨੂੰ ਆਪਣੇ ਘਰ ...।

'ਆਪਾਂ ਕੱਲੇ ਈ ਚਲਦੇ ਆਂ ਮਾਰਕਸ ਦੀ ਕਬਰ ਵੇਖਣ, ਇਹਨੇ ਹੁਣ ਰੋਟੀ ਖਾ ਕੇ ਸੌਂ ਜਾਣੈ' ਹਰਜੀਤ ਨੇ ਮੌਕਾ ਤਾੜ ਕੇ ਮੇਰੇ ਕੰਨ 'ਚ ਕਿਹਾ। ਕੀ ਹੋ ਗਿਆ ਸੀ ਸਿੱਕੇਬੰਦ ਮਾਰਕਸਵਾਦੀ ਲੇਖਕ ਸਵਰਨ ਚੰਦਨ ਨੂੰ?

ਕੁਝ ਸਮੇਂ ਬਾਅਦ ਚੰਦਨ ਘੁਰਾੜੇ ਮਾਰ ਰਿਹਾ ਸੀ ਅਤੇ ਅਸੀਂ ਖਿਸਕ ਤੁਰੇ। ਹਰਜੀਤ ਨੇ ਦੱਸਿਆ ਕਿ ਜੇ ਡਾ. ਚੰਦਨ ਨੂੰ ਲਗਾਤਾਰ ਸ਼ਾਬਾਸ਼ ਜਾਂ ਹੌਸਲਾ ਮਿਲਦਾ ਰਹੇ ਤਾਂ ਇਹ ਬਹੁਤ ਕੰਮ ਕਰਦਾ ਹੈ। ਪੜ੍ਹਨ-ਲਿਖਣ ਵਿੱਚ ਦਿਨ-ਰਾਤ ਇੱਕ ਕਰ ਦਿੰਦਾ ਹੈ। ਫੇਰ ਇਹ ਅੱਖੜਤਾ ਦੀ ਥਾਂ ਮੋਮ ਹੋ ਜਾਂਦਾ ਹੈ। ਇਹ ਗੱਲ ਮੈਂ ਅਗਲੇ ਦਿਨਾਂ 'ਚ ਪਰਤਿਆ ਕੇ ਵੀ ਵੇਖ ਲਈ ਸੀ। ਅਸੀਂ ਇੱਕ

Academy of the Punjab in North America: http://www.apnaorg.com

ਐਤਵਾਰ ਸਾਊਥ ਹੈਂਪਟ ਦੀ ਲਿਖਾਰੀ ਸਭਾ ਦੇ ਸਲਾਨਾ ਸਮਾਗਮ ਤੇ ਜਾਣਾ ਸੀ। ਸਵਰਨ ਚੰਦਨ ਚੰਗਾ-ਭਲਾ ਗੱਡੀ ਚਲਾ ਕੇ ਲੈ ਗਿਆ। ਹਰਜੀਤ ਅਟਵਾਲ ਦੇ ਕਹਾਣੀ-ਸੰਗ੍ਰਹਿ 'ਇਕ ਸੱਚ ਮੇਰਾ ਵੀ' ਬਾਰੇ ਵਿਚਾਰ ਚਰਚਾ ਦੇ ਸ਼ੈਸ਼ਨ ਵਿੱਚ ਡਾ. ਚੰਦਨ ਪ੍ਰਧਾਨ ਸੀ। ਉਸ ਨੇ ਪੂਰੀ ਜ਼ਿੰਮੇਵਾਰੀ ਨਾਲ ਆਪਣਾ ਕਾਰਜ ਨੇਪਰੇ ਚਾੜ੍ਹਿਆ। ਪਹਿਲੇ ਸ਼ੈਸ਼ਨ ਤੋਂ ਪਿੱਛੋਂ ਅੱਧੇ ਘੰਟੇ ਦੀ 'ਬਰੇਕ' ਵਿੱਚ ਕਈਆਂ ਨੇ ਘੁੱਟ-ਘੁੱਟ ਲਾ ਲਈ ਪਰ ਸਵਰਨ ਚੰਦਨ ਨੇ ਆਪਣਾ ਜਤ-ਸਤ ਕਾਇਮ ਰੱਖਿਆ ਸੀ, ਪ੍ਰਤੀਬੱਧ ਪ੍ਰਗਤੀਵਾਦੀ ਆਲੋਚਕਾਂ ਵਾਂਗ ਹੀ।

ਦੂਜੇ ਸ਼ੈਸ਼ਨ ਦੌਰਾਨ ਪੜ੍ਹੀਆਂ ਗਈਆਂ ਕਹਾਣੀਆਂ ਉਤੇ ਬੋਲਣ ਵਾਲਾ ਮੁੱਖ ਬੁਲਾਰਾ ਸਵਰਨ ਚੰਦਨ ਸੀ। ਉਸ ਨੇ ਬੜੇ ਧਿਆਨ ਨਾਲ ਕਹਾਣੀਆਂ ਸੁਣ ਕੇ ਆਪਣੇ ਵਿਚਾਰ ਬੜੇ ਠੋਸ ਰੂਪ 'ਚ ਪੇਸ਼ ਕੀਤੇ। ਰਾਤ ਦੇ ਕਵੀ ਦਰਬਾਰ ਅਤੇ ਵਰਿੰਦਰ ਪਰਿਹਾਰ ਦੇ ਕਾਵਿ-ਸੰਗ੍ਰਹਿ 'ਮੈਂ ਤਾਂ ਕਿਤੇ ਹੋਰ ਸੀ' ਦੇ ਰਿਲੀਜ਼ ਸਮਾਰੋਹ ਸਮੇਂ ਚੰਦਨ ਫਿਰ ਪ੍ਰਧਾਨ ਸੀ। ਹੁਣ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ। ਫਿਰ ਦਾਰੂ ਦੇ ਨਸ਼ੇ ਦੀ ਭਲਾ ਕੀ ਲੋੜ ਸੀ? ਉਸ ਨੂੰ ਜਾਪਿਆ ਜਿਵੇਂ ਸੱਚਮੁੱਚ ਸਾਡੀ 'ਟੀਮ' ਬਣ ਗਈ ਸੀ ਜਿਸ ਦਾ ਕਪਤਾਨ ਡਾ. ਚੰਦਨ ਸੀ।

'ਭਾਊ ਹਰਜੀਤ ਇਹ ਧਾਲੀਵਾਲ ਤੇ ਬੜੇ ਕੰਮ ਦੀ ਸ਼ੈਅ ਵੇ, ਬੱਸ ਅੱਜ ਤੋਂ ਇਹ ਆਪਣਾ ਜੋਟੀਦਾਰ ਐ' ਉਸ ਨੇ ਮੁੜਦੇ ਵਕਤ ਹੁੱਬ ਕੇ ਆਖਿਆ। ਮੇਰੇ ਵਰਗੇ ਨਵੇਂ ਜੋਟੀਦਾਰ ਨੂੰ ਪਰਖਣ ਲਈ ਉਸ ਨੇ ਮੇਰੇ ਜ਼ਿੰਮੇ ਇੱਕ ਕੰਮ ਵੀ ਲਾ ਦਿੱਤਾ ਕਿ ਮੈਂ ਉਸ ਦੇ ਨਵੇਂ ਕਹਾਣੀ-ਸੰਗ੍ਰਹਿ 'ਬਜ਼ੁਰਗ ਬਾਬਾ ਤੇ ਭੀੜ' ਉਤੇ ਪੇਪਰ ਲਿਖਾਂ। ਅਗਲੇ ਐਤਵਾਰ ਸਾਊਥਾਲ ਵਿਖੇ ਸਮਾਗਮ ਕਰਾਉਣ ਦੀ ਤਾਰੀਕ ਵੀ ਮਿਥ ਦਿੱਤੀ ਗਈ।

ਮੈਂ ਕਿਤਾਬ ਪੜ੍ਹੀ ਤਾਂ ਨਿਰਾਸ਼ ਹੋਇਆ। ਇਹ ਕਹਾਣੀਆਂ ਹੋਣ ਦੀ ਥਾਂ ਸਿੱਧ-ਪੱਧਰੇ ਵਿਅੰਗਾਤਮਕ ਲੇਖ ਹੀ ਸਨ। ਪਰਚਾ ਲਿਖਣ ਅਤੇ ਪੜ੍ਹਨ ਸਮੇਂ ਮੇਰੀ ਹਾਲਤ ਚੱਕੀ ਦੇ ਪੁੜਾਂ ਵਿਚਕਾਰ ਪੀਸਣ ਵਾਲੇ ਦਾਣੇ ਵਰਗੀ ਹੋ ਗਈ। ਸਮਾਗਮ ਵਿੱਚ ਮੈਂ ਚਾਹ ਕੇ ਵੀ ਝੂਠ ਨਾ ਬੋਲ ਸਕਿਆ ਅਤੇ 'ਕੰਮ ਦੀ ਸ਼ੈਅ' ਸਿੱਧ ਨਾ ਹੋ ਸਕਿਆ। ਡਾ. ਚੰਦਨ ਨੇ ਸਾਡੀ ਨਵੀਂ ਨਵੀਂ ਗੂੜ੍ਹੀ ਹੋਈ ਸਾਂਝ ਦਾ ਲਿਹਾਜ਼ ਰਖਦਿਆਂ ਮਾੜਾ-ਮੋਟਾ ਰੋਸ ਵਿਖਾਉਣ ਤੋਂ ਬਾਅਦ ਚੁੱਪ ਵੱਟ ਲਈ। ਆਪਣੇ ਗੁੱਸੇ ਨੂੰ ਦਾਰੂ ਦੇ ਗਿਲਾਸ ਨਾਲ ਸੰਘੋਂ ਥੱਲੇ ਕਰਨ ਦਾ ਯਤਨ ਕੀਤਾ। ਆਪਣੇ ਹੱਥੀਂ ਬਣਾ ਕੇ ਲਿਆਂਦਾ ਮੀਟ ਉਸ ਲਈ ਬੇਸੁਆਦਾ ਹੋ ਗਿਆ ਸੀ।

Academy of the Punjab in North America: http://www.apnaorg.com

ਉਸ ਅੰਦਰ ਦੱਬਿਆ ਰੋਹ ਬਹੁਤਾ ਸਮਾਂ ਕਾਬੂ ’ਚ ਨਾ ਰਹਿ ਸਕਿਆ ਪਰ ਗੁੱਸਾ ਮੇਰੀ ਥਾਂ ਪਰਵਾਸੀ ਕਵੀ ਮੁਸ਼ਤਾਕ ਸਿੰਘ ਮੁਸ਼ਤਾਕ ਤੇ ਨਿਕਲ ਗਿਆ। ਗੱਲ ਇਉਂ ਹੋਈ ਕਿ ਕਾਮਰੇਡ ਅਵਤਾਰ ਉੱਪਲ ਦੇ ਘਰ ਰਾਤ ਦਾ ਖਾਣਾ ਸੀ। ਮੈਨੂੰ ਉਨ੍ਹਾਂ ਦੇ ਘਰ ਹਰਜੀਤ ਨੇ ਲੈ ਕੇ ਜਾਣਾ ਸੀ। ਸਵਰਨ ਚੰਦਨ ਵੀ ਹਰਜੀਤ ਦੇ ਘਰ ਬੈਠਾ ਪੀ ਰਿਹਾ ਸੀ, ਇਸ ਲਈ ਉਸ ਨੂੰ ਵੀ ਨਾਲ ਹੀ ਲੈ ਕੇ ਜਾਣਾ ਪਿਆ। ਮੈਨੂੰ ਪਤਾ ਸੀ ਕਿ ਇਹ ਮਹਿਫ਼ਲ ਬਹੁਤ ਖਾਸ ਹੋਵੇਗੀ ਕਿਉਂਕਿ ਮੈਂ ਕਈ ਸਾਲ ਪਹਿਲਾਂ ਉੱਪਲ ਸਾਹਿਬ ਦੀ ਇੱਕ ਹੋਰ ਮਹਿਫ਼ਲ ਵਿੱਚ ਸ਼ਾਮਿਲ ਹੋ ਚੁੱਕਾ ਸਾਂ। ਗੜ੍ਹੇ (ਜਲੰਧਰ) ਪ੍ਰੇਮ ਸਿੰਘ ਚੱਠਾ ਦੇ ਘਰ ਉੱਪਲ ਹੋਰੀਂ ਹਾਰਮੋਨੀਅਮ ਉਤੇ ਪਾਤਰ ਜਗਤਾਰ, ਸ਼ਿਵ ਕੁਮਾਰ ਬਟਾਲਵੀ ਅਤੇ ਮੀਸ਼ੇ ਦੀਆਂ ਰਚਨਾਵਾਂ ਪੇਸ਼ ਕਰ ਰਹੇ ਸਨ। ਉਸ ਦੇ ਪਾਸੀਂ ਸਭ ਦੋਸਤ ਹੱਥਾਂ ’ਚ ਪੈੱਗ ਫੜ੍ਹੀ ਬੈਠੇ ਝੂਮ ਰਹੇ ਸਨ।

ਅੱਜ ਆਪਣੇ ਘਰ ਉਸ ਨੇ ਚੰਗੇ ਮੇਜ਼ਬਾਨ ਦਾ ਫਰਜ਼ ਨਿਬਾਉਂਦਿਆਂ ਆਪਣਾ ਗਾਇਨ ਸ਼ੁਰੂ ਕਰਨ ਤੋਂ ਪਹਿਲਾਂ ਮੁਸ਼ਤਾਕ ਸਿੰਘ ਮੁਸ਼ਤਾਕ ਨੂੰ ਆਪਣੀ ਗ਼ਜ਼ਲ ਪੇਸ਼ ਕਰਨ ਲਈ ਕਿਹਾ। ਸਵਰਨ ਚੰਦਨ ਨੇ ਮਹਿਫ਼ਲ ਵਿੱਚ ਕੁੱਝ ਅਣਗੌਲਿਆ ਜਿਹਾ ਮਹਿਸੂਸ ਕੀਤਾ। ਮੁਸ਼ਤਾਕ ਨੇ ਅਜੇ ਪਹਿਲਾ ਸ਼ੇਅਰ ਹੀ ਬੋਲਿਆ ਸੀ ਕਿ ਚੰਦਨ ਭੜਕ ਉੱਠਿਆ, ‘ਬੰਦ ਕਰ ਇਹ ਬਕਵਾਸ, ਘਟੀਆ ਕਵਿਤਾ ਨਾਲ ਸਾਡਾ ਨਸ਼ਾ ਖਰਾਬ ਨਾ ਕਰ।’ ਭਾਵੇਂ ਇਹ ਸਿੱਧੀ ਜ਼ਿਆਦਤੀ ਸੀ ਪਰ ਮੁਸ਼ਤਾਕ ਆਪਣੀ ‘ਚਿੱਟੀ ਪੱਗ’ ਦੀ ਲਾਜ ਪਾਲਦਿਆਂ ਚੁੱਪ ਵੱਟ ਗਿਆ। ਜਿਵੇਂ ਕੁੱਝ ਹੋਇਆ ਹੀ ਨਾ ਹੋਵੇ, ਡਾ. ਚੰਦਨ ਨੇ ਤੀਲ੍ਹੀ ਬਾਲੀ ਅਤੇ ਸਿਗਰਟ ਲਾ ਲਈ।

‘ਚੰਦਨ ਸਾਹਿਬ, ਪਲੀਜ਼, ਜੇ ਤੁਸੀਂ ਸਿਗਰਟ ਡਰਾਇੰਗ ਰੂਮ ‘ਚੋਂ ਬਾਹਰ ਜਾ ਕੇ ਪੀ ਲਵੋਂ ਤਾਂ, ਸਾਡੇ ਘਰ ਦਾ ਨੇਮ ਐ ਇਹ’ ਅਵਤਾਰ ਉੱਪਲ ਨੇ ਬਹੁਤ ਹਲੀਮੀ ਨਾਲ ਹੱਥ ਜੋੜ ਕੇ ਕਿਹਾ।

‘ਆਹ ਨੇਮ ਆ ਵੜੇਵੇਂ ਦਾ, ਮੈਂ ਸਿਗਰਟ ਪੀਣੀ ਆਂ, ਪੀਣੀ ਵੀ ਏਥੇ ਬੈਠ ਕੇ ਆ, ਕਰੋ ਕੀ ਕਰਦੇ ਆਂ ਮੇਰਾ’ ਚੰਦਨ ਨੇ ਵੱਡਾ ਸੂਟਾ ਖਿੱਚ ਕੇ ਉੱਪਲ ਦੇ ਮੂੰਹ ਵੱਲ ਧੂੰਏ ਦੀ ਲੰਬ ਛੱਡੀ। ਨਿੰਮ੍ਹੇ ਚਾਨਣ ਵਿੱਚ ਸਿਗਰਟ ਅੰਗਿਆਰੇ ਵਾਂਗ ਦਗੀ।

ਗੁੱਸੇ ’ਚ ਮੈਂ ਉਸ ਦੇ ਮੂੰਹ ‘ਚੋਂ ਸਿਗਰਟ ਫੜ੍ਹ ਕੇ ਖਿੱਚ ਲਈ ਅਤੇ ਮੇਜ਼ ਤੇ ਪਏ ਖਾਲੀ ਗਿਲਾਸ ਵਿੱਚ ਬੁਝਾ ਦਿੱਤੀ। ‘ਧਾਲੀਵਾਲ, ਤੂੰ ਮਹਿਮਾਨ ਐਂ, ਨਹੀਂ ਤਾਂ … ’ ਉਹ ਕਚੀਚੀ ਵਟਦਾ ਉਠਿਆ ਅਤੇ ਕਾਹਲੀ ਨਾਲ ਬਾਹਰ ਨਿਕਲ ਗਿਆ। ਹਰਜੀਤ ਅਟਵਾਲ ਨਾਲ ਹੀ ਅਸੀਂ ਬਾਹਰਲੇ ਗੇਟ ਤੱਕ ਆਵਾਜ਼ਾਂ ਮਾਰਦੇ ਉਸ ਦੇ ਮਗਰ ਭੱਜੇ। ਪਰ ਉਦੋਂ ਤੱਕ ਉਹ ਸੜਕ ਪਾਰ ਕਰਕੇ ਡਿੱਕ-

Academy of the Punjab in North America: http://www.apnaorg.com

ਡੋਲੇ ਖਾਂਦਾ ਕਾਫੀ ਦੂਰ ਜਾ ਚੁੱਕਾ ਸੀ। ਉਸ ਨੂੰ ਰੁੱਸੇ ਨੂੰ ਮਨਾ ਲਿਆਉਣ ਦੀ ਬਹੁਤੀ ਜ਼ਿਦ ਕਿਸੇ ਨਾ ਕੀਤੀ।

ਅਸੀਂ ਬਿਖਰੀ ਮਹਿਫ਼ਲ ਦਾ ਤੀਲ੍ਹਾ-ਤੀਲ੍ਹਾ ਜੋੜ ਕੇ ਮੁੜ ਜੋੜਨ ਦਾ ਯਤਨ ਕੀਤਾ। ਉਹ ਗੱਲ ਤਾਂ ਭਾਵੇਂ ਨਾ ਬਣੀ ਪਰ ਫੇਰ ਵੀ ਅਵਤਾਰ ਉੱਪਲ ਨੇ ਕੁੱਝ ਰੰਗ ਬੰਨ੍ਹ ਦਿੱਤਾ। ਉਦੋਂ ਤੱਕ ਉਨ੍ਹਾਂ ਦੀ ਪਤਨੀ ਸਤਵਿੰਦਰ ਕੌਰ ਵੀ 'ਜੌਬ' ਤੋਂ ਆ ਗਈ ਅਤੇ ਆਉਂਦਿਆਂ ਹੀ ਫੁਲਕੇ ਲਾਹੁਣ ਲੱਗ ਪਈ।

ਭਾਵੇਂ ਸਭ ਚੰਦਨ ਬਾਰੇ ਕੋਈ ਗੱਲ ਕਰਨ ਤੋਂ ਗੁਰੇਜ਼ ਕਰ ਰਹੇ ਸਨ ਫੇਰ ਵੀ ਉਹ ਮੱਲੋ-ਜ਼ੋਰੀ ਵਿਸ਼ਾ ਬਣ ਜਾਂਦਾ। 'ਇਹ ਅਲਕੋਹਲਿਕ ਹੋ ਗਿਐ, ਪਹਿਲੀ ਗਲਾਸੀ ਨਾਲ ਹੀ ਇਹਦੀ ਈਗੋ ਭੜਕ ਉਠਦੀ ਐ, ਬੱਸ ਫੇਰ ਮੈਂ ਹੀ ਮੈਂ ਸੁਣਦੀ ਐ, ਦੂਜੇ ਦੀ ਗੱਲ ਨੀ ਸੁਣ ਸਕਦਾ। ਸਵੇਰੇ ਫੇਰ ਮਾਫ਼ੀਆਂ ਮੰਗੂਗਾ ਫੋਨ ਤੇ। ਅਟਵਾਲ ਪਤਾ ਨਹੀਂ ਕਿਵੇਂ ਝਲਦਾ ਹੈ ਇਹਨੂੰ, ਮੈਂ ਤਾਂ ਹੈਰਾਨ ਹਾਂ' ਮੁਸ਼ਤਾਕ ਸਹਿਜ ਢੰਗ ਨਾਲ ਆਪਣਾ ਰੋਸ ਜ਼ਾਹਰ ਕਰ ਰਿਹਾ ਸੀ।

'ਮੁਸ਼ਤਾਕ ਸਾਹਿਬ ਮੈਂ ਤਾਂ ਸੋਚਦਾ ਆਂ ਕਿ ਜੇ ਇਹ ਸੰਭਲ ਜਾਵੇ। ਬੰਦਾ ਤਾਂ ਮਿਹਨਤੀ ਐ, ਬੱਸ ਇਹਦੀ ਦਾਰੂ ਮਾੜੀ ਹੁੰਦੀ ਜਾਂਦੀ ਐ ਦਿਨੋ-ਦਿਨ' ਅਟਵਾਲ ਨੇ ਸਫ਼ਾਈ ਦਿੱਤੀ ਪਰ ਅੰਦਰੋਂ ਉਹ ਵੀ ਦੁਖੀ ਜਾਪਦਾ ਸੀ।

'ਅਸਲ ਵਿੱਚ ਮੁਸ਼ਤਾਕ ਸਾਹਿਬ, ਹੁਣ ਪੰਜਾਬੀ 'ਚ ਗੱਲ ਪੇਸ਼ ਕਰਨ ਦਾ ਮੁਹਾਵਰਾ ਬਹੁਤ ਬਦਲ ਗਿਐ। ਚੰਦਨ ਅਜੇ ਵੀ ਉਸੇ ਪਰੰਪਰਿਕ ਮਾਰਕਸਵਾਦ ਦੇ ਸੂਤਰ ਪੱਲੇ ਬੰਨ੍ਹੀ ਫਿਰਦੈ, ਜੋ ਹੁਣ ਕਿਸੇ ਨੂੰ ਰਾਸ ਨਹੀਂ ਆਉਂਦੇ। ਪਾਠਕ ਇਸ ਦੀ ਰਚਨਾ ਨਾਲ ਜੁੜੇ ਕਿਵੇਂ? ਸਿੱਧਾ ਠਾਹ-ਸੋਟਾ ਮਾਰਨ ਵਾਲੀ ਗੱਲ ਹੁਣ ਕਲਾ 'ਚ ਸਵੀਕਾਰ ਨਹੀਂ' ਮੈਂ ਆਪਣੇ ਢੰਗ ਨਾਲ ਡਾ. ਚੰਦਨ ਦੀ ਵਿਸ਼ਾਦਗ੍ਰਸਤੀ ਨੂੰ ਸਮਝਣ ਦਾ ਯਤਨ ਕੀਤਾ।

ਪਰ ਕੁੱਝ ਵੀ ਹੋਵੇ ਸਵਰਨ ਚੰਦਨ ਲੋਕਾਂ ਤੋਂ ਅਤੇ ਲੋਕ ਸਵਰਨ ਚੰਦਨ ਤੋਂ ਦੂਰ ਭਜਦੇ ਸਨ। ਤਾਂ ਹੀ ਪ੍ਰੀਤਮ ਸਿੱਧੂ ਦੇ ਘਰ …।

ਦੂਜੇ ਦਿਨ ਮਾਰਕਸ ਦੀ ਕਬਰ ਵਾਲੇ ਕਬਰਸਤਾਨ ਤੱਕ ਪਹੁੰਚਦਿਆਂ ਪਹੁੰਚਦਿਆਂ ਅਸੀਂ ਸਵਰਨ ਚੰਦਨ ਨੂੰ ਸਮਝਣ ਵਿੱਚ ਬਹੁਤ ਹੱਦ ਤੱਕ ਸਫਲ ਹੋ ਗਏ ਸਾਂ। ਇਸ ਕਬਰਸਤਾਨ ਵਿੱਚ ਵੜਨ ਵਾਸਤੇ ਭਾਵੇਂ ਤਿੰਨ ਡਾਲਰ ਦੀ ਟਿਕਟ ਖਰੀਦਣੀ ਪੈਂਦੀ ਸੀ ਪਰ ਉਸ ਹਿਸਾਬ ਨਾਲ ਇਸ ਨੂੰ ਸੰਭਾਲਿਆ ਨਹੀਂ ਸੀ ਗਿਆ। ਅਨੇਕਾਂ ਸਾਧਾਰਣ ਬੰਦਿਆਂ ਦੀਆਂ ਕਬਰਾਂ ਵਿੱਚ ਇੱਕ ਖਾਸ ਕਬਰ

Academy of the Punjab in North America: http://www.apnaorg.com

ਕਾਰਲ ਮਾਰਕਸ ਦੀ ਸੀ। ਇੱਕ ਸੰਗਮਰਮਰੀ ਥੜ੍ਹੇ ਉਤੇ ਮਾਰਕਸ ਦੇ ਸਿਰ ਦਾ ਬੁੱਤ ਲੱਗਿਆ ਹੋਇਆ ਸੀ। ਭਰਵੀਂ ਖੁੱਲ੍ਹੀ ਦਾੜ੍ਹੀ ਵਾਲਾ ਮਾਰਕਸ ਇੱਕ ਟੱਕ ਸਾਹਮਣੇ ਵੇਖ ਰਿਹਾ ਇਉਂ ਜਾਪਦਾ ਸੀ ਜਿਵੇਂ ਕਿਸੇ ਗਹਿਰੀ ਸੋਚ ਵਿੱਚ ਲੀਨ ਹੋਵੇ। ਇਸ ਥੜ੍ਹੇ ਥੱਲੇ ਉਹ ਮਹਾਂ ਮਨੁੱਖ ਸਦਾ ਦੀ ਨੀਂਦ ਸੁੱਤਾ ਪਿਆ ਸੀ ਜਿਸ ਦੇ ਵਿਚਾਰਾਂ ਨੇ ਚੌੜੀਆਂ ਰੇਤ ਭਰੀਆਂ ਕੰਧਾਂ ਵਾਲੇ ਸਾਮੰਤਵਾਦ ਅਤੇ ਨਵ-ਉਸਰੇ ਪੂੰਜੀਵਾਦ ਦੇ ਮੁਨਾਰੇ ਦੀਆਂ ਨੀਂਹਾਂ ਹਿਲਾ ਦਿੱਤੀਆਂ ਸਨ। ਉਥੇ ਖੜ੍ਹਿਆ ਮੇਰੇ ਚੇਤੇ 'ਚੋਂ ਸੁਲਤਾਨ ਬਾਹੂ ਦੀ 'ਕਬਰ ਤਿੰਨਾਂ ਦੀ ਜੀਵੇ ਹੂ ... ' ਵਾਲੀ ਸੀਹਰਫ਼ੀ ਲੰਘੀ ਪਰ ਇਸ ਕਬਰ ਨੂੰ ਠੀਕ ਤਰ੍ਹਾਂ ਸੰਭਾਲ-ਸੰਵਾਰ ਕੇ ਕਿਉਂ ਨਹੀਂ ਰੱਖਿਆ ਗਿਆ ਸੀ? ਕੀ ਮਾਰਕਸਵਾਦੀਆਂ ਦੇ ਮੁਹਾਵਰੇ ਅਨੁਸਾਰ ਇਹ 'ਸਾਮਰਾਜਵਾਦੀਆਂ ਦੀ ਕੋਈ ਸਾਜਿਸ਼' ਸੀ ਜਾਂ ਸੁਭਾਵਕ ਹੀ ਹੋ ਗਿਆ ਸੀ? ਇਥੇ ਕਬਰ ਵੇਖਣ ਵਾਲਿਆਂ ਦੀ ਭੀੜ ਕਿਉਂ ਨਹੀਂ ਸੀ? ਭਾਂ-ਭਾਂ ਕਰਦੇ ਕਬਰਸਤਾਨ ਵਿੱਚ ਜਾਂ ਮੈਂ ਤੇ ਹਰਜੀਤ ਅਟਵਾਲ ਸਾਂ ਜਾਂ ਟਿਕਟਾਂ ਵੇਚਣ ਵਾਲਾ ਬਾਬੂ। ਕੀ ਇਹ ਰੂਸ ਵਿੱਚ ਸਮਾਜਵਾਦੀ ਸਿਸਟਮ ਦੇ ਢਹਿ ਢੇਰੀ ਹੋਣ ਤੋਂ ਬਾਅਦ ਇਉਂ ਹੋਇਆ ਸੀ ਜਾਂ ਪਹਿਲਾਂ ਵੀ ਇਸੇ ਤਰ੍ਹਾਂ ਇਹ ਜਗ੍ਹਾ ਅਣਗੌਲੀ ਸੀ। ਅਨੇਕਾਂ ਸੁਆਲ ਮੇਰੇ ਅੰਦਰ ਉੱਠ ਰਹੇ ਸਨ ਪਰ ਉਨ੍ਹਾਂ ਦੇ ਜਵਾਬ ਨਾ ਮੇਰੇ ਕੋਲ ਸਨ ਅਤੇ ਨਾ ਹਰਜੀਤ ਅਟਵਾਲ ਕੋਲ। ਦੁਨੀਆਂ ਭਰ ਦੀ ਸੋਚ ਵਿੱਚ ਇਨਕਲਾਬੀ ਤਬਦੀਲੀ ਲਿਆਉਣ ਵਾਲੇ ਸੂਰਮੇ ਚਿੰਤਕ ਨੂੰ ਇਉਂ ਅਣਗੌਲਿਆਂ ਕੀਤੇ ਜਾਣ ਦੀ ਗੱਲ ਨੇ ਮੇਰੇ ਅੰਦਰ ਇੱਕ ਕਸਕ ਜਿਹੀ ਪੈਦਾ ਕਰ ਦਿੱਤੀ। ਇਸ ਕਬਰਸਤਾਨ ਨੂੰ ਤਾਂ ਦੁਨੀਆਂ ਦਾ ਅਜ਼ੀਮ ਮਿਊਜ਼ੀਅਮ ਹੋਣਾ ਚਾਹੀਦਾ ਸੀ। ਜਿੱਥੇ ਕੁੱਝ ਸਾਧਾਰਣ ਬੰਦਿਆਂ ਦੀਆਂ ਕਬਰਾਂ ਉਤੇ ਵੀ ਉਨ੍ਹਾਂ ਦੇ ਪਿਆਰਿਆਂ ਨੇ ਫੁੱਲ ਖਿੜਾ ਛੱਡੇ ਸਨ, ਉਥੇ ਮਾਰਕਸ ਦੇ ਚਹੇਤੇ ਕਾਮਰੇਡ ਕਿੱਥੇ ਮਰ-ਖਪ ਗਏ ਸਨ? 'ਕੀ ਸਵਰਨ ਚੰਦਨ ਵਾਂਗ ਬਾਕੀ ਵੀ .... ।' ਮੇਰੇ ਅੰਦਰੋਂ ਅਟਪਟਾ ਜਿਹਾ ਖ਼ਿਆਲ ਲੰਘਿਆ।

ਕਬਰਸਤਾਨ ਤੋਂ ਮੁੜਦਿਆਂ ਮੇਰੇ ਮਨ 'ਚ ਕਦੇ ਇਨਾ ਮਿਹਨਤੀ ਅਤੇ ਬੇਮੁੱਲਾ ਡਾ. ਸਵਰਨ ਚੰਦਨ ਆਉਂਦਾ ਅਤੇ ਕਦੇ ਝਾੜੀਆਂ ਦੇ ਵਿਚਕਾਰ ਅਣਗੌਲੀ ਖੜ੍ਹੀ ਮਾਰਕਸ ਦੀ ਕਬਰ। ਕਾਰ ਦੀ ਆਰਾਮਦਾਇਕ ਸੀਟ ਉਤੇ ਬੈਠਿਆਂ ਵੀ 'ਯਾਰੜੇ ਦੇ ਸੱਥਰ' ਉਤੇ ਬਹਿਣ ਵਰਗਾ ਅਹਿਸਾਸ ਹੋ ਰਿਹਾ ਸੀ।

Academy of the Punjab in North America: http://www.apnaorg.com

# ਜਲਵੇ ਸਾਊਥਾਲ ਦੇ

ਕੀ ਵੇਖਾਂ, ਕੀ ਛੱਡਾਂ? ਕਿਸ ਨੂੰ ਮਿਲਾਂ ਤੇ ਕਿਸ ਨੂੰ ਨਾ? ਮੇਰੇ ਤੋਂ ਫੈਸਲਾ ਨਹੀਂ ਸੀ ਹੋ ਰਿਹਾ। ਪੇਕੀਂ ਆਈ ਕੁੜੀ ਵਾਂਗੂੰ ਮੈਨੂੰ ਸਿਰਫ ਵੀਹ ਦਿਨ ਮਿਲੇ ਸਨ। ਪੂਰੇ ਇੰਗਲੈਂਡ ਦੀ ਸੈਰ ਵਾਸਤੇ ਕੀ ਸਨ ਗਿਣਤੀ ਦੇ ਇਹ ਦਿਨ? ਸੋਚਣ ਨਾਲ ਬੇਚੈਨੀ ਹੁੰਦੀ ਸੀ। ਇਸ ਲਈ ਮੈਂ ਰੱਬ ਉਤੇ ਡੋਰੀਆਂ ਸਿੱਟ ਕੇ ਸੁਰਖ਼ਰੂ ਹੋ ਗਿਆ। ਅੱਕ ਦੇ ਫੰਬੜੇ ਵਾਂਗੂੰ ਹਵਾ ਜਿੱਧਰ ਲੈ ਜਾਵੇਗੀ, ਲੈ ਜਾਵੇ। ਇਹ ਫੈਸਲਾ ਹੀ ਠੀਕ ਸੀ।

ਹਰਜੀਤ ਅਟਵਾਲ ਦਾ ਕੰਮ ਆਰਡਰ ਮੁਤਾਬਕ ਘਰ ਘਰ ਗੈਸ-ਸਿਲੰਡਰ ਪਹੁੰਚਾਉਣ ਦਾ ਸੀ। ਉਹ ਆਪਣੀ ਟਰਾਲੀ-ਨੁਮਾ ਕਾਰ 'ਚ ਸਿਲੰਡਰ ਰੱਖੀ ਸ਼ਹਿਰ 'ਚ ਤਾਣਾ ਤਣਦਾ ਰਹਿੰਦਾ। ਮੇਰੇ ਮੇਜ਼ਬਾਨ ਪ੍ਰੀਤਮ ਸਿੱਧੂ ਦੀ ਪਿਛਲੇ ਸਾਲ ਪੰਜਾਬ ਦੀ ਫੇਰੀ ਸਮੇਂ ਐਕਸੀਡੈਂਟ ਨਾਲ ਲੱਤ ਟੁੱਟ ਗਈ ਸੀ। ਉਹ ਦੁਖਦੀ ਲੱਤ ਨਾਲ ਬਹੁਤਾ ਤੁਰ ਫਿਰ ਨਹੀਂ ਸੀ ਸਕਦਾ। ਉਂਜ ਵੀ ਉਸ ਦਾ ਮਨ ਬਰਤਾਨੀਆਂ ਦੇ ਬਹੁਤੇ ਲੇਖਕਾਂ ਅਤੇ ਸਾਹਿਤ ਸਭਾਵਾਂ ਵੱਲੋਂ ਖੱਟਾ ਪੈ ਚੁੱਕਾ ਸੀ। ਇਕੱਲਾ ਜਾਂਦਾ ਤਾਂ ਪੱਲਿਓਂ ਪੌਂਡ ਖੁੱਲ੍ਹਣੇ ਸਨ। ਉਹ ਕਿੱਥੋਂ ਆਉਂਦੇ? ਸਬਰ ਦਾ ਘੁੱਟ ਭਰ ਕੇ ਬਹਿਣ 'ਚ ਹੀ ਭਲਾ ਸੀ। ਇਹ ਗੱਲ ਸੁਰਜੀਤ ਭੈਣ ਜੀ ਨੂੰ ਤੰਗ ਕਰਨ ਵਾਲੀ ਸੀ ਕਿ ਬੰਦਾ ਸੱਤ ਸਮੁੰਦਰ ਪਾਰ ਕਰਕੇ ਆਇਆ ਹੋਵੇ ਤੇ ਘੁੰਮਣ-ਫਿਰਨ ਦੀ ਥਾਂ ਕਮਰੇ 'ਚ ਕੈਦ ਹੋ ਕੇ ਬੈਠ ਜਾਵੇ। ਪਰ ਇਹ ਕਮਰਾ ਵੀ ਕਿਹੜਾ ਐਵੇਂ-ਕਿਵੇਂ ਦਾ ਸੀ? ਸੁਰਜੀਤ ਭੈਣ ਜੀ ਹੋਰਾਂ ਨੇ ਦੱਸਿਆ ਸੀ ਕਿ ਇਸ ਕਮਰੇ ਵਿੱਚ ਕਦੇ ਸ਼ਿਵ ਕੁਮਾਰ ਬਟਾਲਵੀ ਠਹਿਰਿਆ ਸੀ। ਐਸ. ਐਸ. ਮੀਸ਼ਾ ਤੇ ਗੁਰਦਿਆਲ ਸਿੰਘ ਜਿਹੇ ਹੋਰ ਕਿੰਨੇ ਹੀ ਲੇਖਕ ਇਸ ਕਮਰੇ ਵਿੱਚ ਬੈਠੇ ਕਲਪਨਾ ਦੇ ਘੋੜੇ ਦੌੜਾਉਂਦੇ ਰਹੇ ਸਨ। ਅਜਿਹੇ ਇਤਿਹਾਸ ਦੀ ਅਗਲੀ ਕੜੀ ਬਣਨਾ ਕਿਹੜੀ ਘੱਟ ਅਹਿਮ ਗੱਲ ਸੀ। ਮਨ ਨੂੰ ਬਹਿਲਾਉਣ ਲਈ ਇਹ ਖਿਆਲ

Academy of the Punjab in North America: http://www.apnaorg.com

ਅੱਛਾ ਸੀ ਪਰ ਅਮਰੀਕਾ ਵਿੱਚ ਹਰੀਆਂ ਅੰਗੂਰੀਆਂ ਚਰ ਚੁੱਕਾ ਬੇਈਮਾਨ ਮਨ ਇਉਂ ਕਿੱਥੇ ਟਿਕਦਾ ਸੀ?

ਮੇਰੇ ਪਪੀਹੇ ਮਨ ਦੀ ਪੁਕਾਰ ਸ਼ਾਇਦ ਸੱਚੇ ਪਾਤਸ਼ਾਹ ਨੇ ਸੁਣ ਲਈ ਸੀ। ਉਸ ਨੇ ਪ੍ਰੀਤਮ ਸਿੱਧੂ ਦੇ ਮਨ ਮੇਹਰ ਪਾਈ ਅਤੇ ਅਸੀਂ ਅਲਬਰਟ ਵਿਕਟੋਰੀਆ ਮਿਊਜ਼ੀਅਮ ਦੇਖਣ ਤੁਰ ਪਏ। ਡਾਇਨਾਸੋਰ, ਸਮੁੰਦਰੀ ਜੀਵਾਂ ਦਾ ਸੰਸਾਰ, ਖਣਿਜ ਪਦਾਰਥਾਂ ਦੀਆਂ ਹਜ਼ਾਰਾਂ ਕਿਸਮਾਂ, ਸ਼ੀਸ਼ੇ ਦੀਆਂ ਵਸਤਾਂ ਦੇ ਲੱਖਾਂ ਡਿਜ਼ਾਇਨ, ਸ਼ਾਹੀ ਪਰਿਵਾਰ ਦੀਆਂ ਪੁਸ਼ਾਕਾਂ ਅਤੇ ਅਜਿਹਾ ਹੋਰ ਬਥੇਰਾ ਸਾਜ਼ੋ-ਸਮਾਨ ਤਾਂ ਮੈਂ ਅਮਰੀਕਾ ਦੇ ਕਈ ਅਜਾਇਬ ਘਰਾਂ ਵਿੱਚ ਵੀ ਵੇਖ ਚੁੱਕਾ ਸਾਂ। ਇਥੇ ਮੈਨੂੰ ਸਭ ਤੋਂ ਵਧੀਆ ਉਹ ਭਾਗ ਲੱਗਾ ਜਿਥੇ ਅੰਗਰੇਜ਼ੀ ਹਕੂਮਤ ਸਮੇਂ ਭਾਰਤ ਤੋਂ ਲਿਆਂਦੀਆਂ ਗਈਆਂ ਚੀਜ਼ਾਂ-ਵਸਤਾਂ ਰੱਖੀਆਂ ਹੋਈਆਂ ਸਨ। ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਸ਼ਾਹੀ-ਤਖ਼ਤ ਵੇਖ ਕੇ ਜਿਥੇ ਆਪਣੇ ਇਤਿਹਾਸ ਦੇ ਗੌਰਵਮਈ ਦਿਨ ਯਾਦ ਆਏ ਉਥੇ ਕਲੇਜੇ ਵਿੱਚ ਚੀਸ ਵੀ ਉੱਠੀ। ਮਨ 'ਚ ਉਹੀ ਸਵਾਲ ਫੇਰ ਸੱਪ ਵਾਂਗ ਫਨ ਚੁੱਕ ਕੇ ਖੜ੍ਹਾ ਹੋ ਗਿਆ ਕਿ ਕੁੱਝ ਗਿਣਤੀ ਦੇ ਅੰਗਰੇਜ਼ ਕਿਵੇਂ ਸਾਡੇ ਕਰੋੜਾਂ ਲੋਕਾਂ ਤੋਂ ਇਹ ਸਭ ਕੁੱਝ ਖੋਹ ਲਿਆਏ ਸਨ? ਇਨ੍ਹਾਂ ਖੋਹਿਆਂ 'ਕੋਹਿਨੂਰਾਂ' ਨੂੰ ਵੇਖ ਕੇ ਅੰਗਰੇਜ਼ਾਂ ਦੀ ਨਵੀਂ ਪੀੜ੍ਹੀ ਕਿਵੇਂ ਆਪਣੇ ਪੁਰਖਿਆਂ ਦੇ ਬਲ ਦੀ ਕਾਇਲ ਹੋ ਜਾਂਦੀ ਹੋਵੇਗੀ। ਰਾਸ਼ਟਰਵਾਦ ਦੀ ਸੱਚੀ ਭਾਵਨਾ ਜਗਾਉਣ ਵਾਸਤੇ ਅਜਿਹੇ ਮਿਊਜ਼ੀਅਮਾਂ ਦੀ ਕਿੰਨੀ ਲੋੜ ਹੈ, ਇਹ ਗੱਲ ਅਜੇ ਤੱਕ ਵੀ ਸਾਨੂੰ ਪੂਰੀ ਤਰ੍ਹਾਂ ਸਮਝ ਕਿਉਂ ਨਹੀਂ ਆਈ? ਸਿਰਫ ਸਾਂਝੀਵਾਲਤਾ ਦੇ ਨਾਹਰਿਆਂ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਕਿਵੇਂ ਹੋ ਸਕਦੀ ਹੈ? ਕਦੇ ਸਾਡੀ, ਪਰ ਹੁਣ ਪਰਾਈ ਹੋ ਚੁੱਕੀ ਹਰੇਕ ਵਸਤ ਮੇਰੇ ਦਿਲ ਤੇ ਆਰੀ ਫੇਰਦੀ ਜਾਂਦੀ ਸੀ। ਕਦੇ ਗੁਆਚਿਆ ਸਿੱਖ ਰਾਜ ਵੇਖ ਕੇ ਸ਼ਾਹ ਮੁਹੰਮਦ ਦੀ ਹਿੱਕ ਉਤੇ ਵੀ ਇਵੇਂ ਹੀ ਸੱਪ ਲੇਟੇ ਹੋਣਗੇ। ਜੇ ਅਜਿਹਾ ਨਾ ਹੁੰਦਾ ਤਾਂ ਢੱਠੀ ਪੱਗ ਦੀ ਪੀੜ ਉਸ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚੋਂ ਕਿਵੇਂ ਝਲਕ ਸਕਣੀ ਸੀ? ਮੇਰੇ ਅੰਦਰ ਅਜਿਹੇ ਅਹਿਸਾਸ ਅਮਰੀਕਾ ਦੇ ਮਿਊਜ਼ੀਅਮ ਵੇਖਦਿਆਂ ਕਿਉਂ ਨਹੀਂ ਸੀ ਪੈਦਾ ਹੋਏ? ਉਸ ਦੇ ਮਹਿਲ-ਮੁਨਾਰਿਆਂ ਦੀ ਨੀਂਹਾਂ ਵਿੱਚ ਵੀ ਤਾਂ ਤੀਜੀ ਦੁਨੀਆਂ ਦੇ ਮੁਲਕਾਂ ਦਾ ਬਥੇਰਾ ਮਾਲ-ਮੱਤਾ ਦਫ਼ਨ ਸੀ ਪਰ ਸ਼ਾਇਦ ਉਹ ਇਉਂ ਜ਼ਾਹਰਾ ਨਹੀਂ ਸੀ।

'ਉਏ ਕਿਹੜੇ ਵਹਿਣਾਂ 'ਚ ਵਹਿ ਗਿਆ? ਇਉਂ ਟਿਕਟਿਕੀ ਲਾ ਕੇ ਹਰੇਕ ਚੀਜ਼ ਵੇਖਣ ਲੱਗਿਆ ਤਾਂ ਇਹ ਮਹੀਨਾ ਨੀ ਵੇਖਿਆ ਜਾਣਾ ਤੇਰੇ ਤੋਂ।' ਪ੍ਰੀਤਮ ਸਿੱਧੂ ਦੇ ਬੋਲਾਂ ਨੇ ਮੈਨੂੰ ਅੰਦਰਲੇ ਸੰਸਾਰ 'ਚੋਂ ਧੂਹ ਕੇ ਬਾਹਰ ਕੱਢਣ ਦਾ ਯਤਨ ਕੀਤਾ। ਉਹ ਸੱਚ ਹੀ ਤਾਂ ਕਹਿ ਰਿਹਾ ਸੀ। ਉਸ ਦੀ ਮੰਨ ਕੇ ਮੈਂ 'ਮਿਊਜ਼ੀਅਮ ਆਫ਼ ਨੇਚਰੁਲ ਹਿਸਟਰੀ' ਅਤੇ 'ਮਿਊਜ਼ੀਅਮ ਆਫ ਸਾਇੰਸ' ਤਰਦੀ

Academy of the Punjab in North America: http://www.apnaorg.com

ਤਰਦੀ ਨਜ਼ਰ ਨਾਲ ਹੀ ਵੇਖੇ। ਆਰਟ ਗੈਲਰੀ ਵੇਖਦਿਆਂ ਵੀ ਮਨ ਵਾਰ ਵਾਰ ਇਤਿਹਾਸ ਵੱਲ ਰੁੜ੍ਹ ਜਾਂਦਾ।

ਮਿਊਜ਼ੀਅਮ ਵੇਖ ਕੇ ਬਾਹਰ ਨਿਕਲੇ ਤਾਂ ਮੈਂ ਪੁੱਛਿਆ, 'ਸਿੱਧੂ ਸਾਹਿਬ ਉਹ ਕਬੂਤਰਾਂ ਦੀਆਂ ਡਾਰਾਂ ਵਾਲੀ ਥਾਂ ਕਿਹੜੀ ਐ ਜਿਹੜੀ ਦੇ ਸੀਨ ਕਈ ਹਿੰਦੀ ਫ਼ਿਲਮਾਂ 'ਚ ਵੀ ਆਏ ਐ।'

'ਉਹ ਵੀ ਏਥੇ ਨਾਲ ਈ ਐ, ਔਖੇ-ਸੌਖੇ ਉਹ ਵੀ ਵੇਖ ਈ ਚਲਦੇ ਆਂ, ਟਰੈਫਲਗਰ ਸੁਕੈਅਰ।'

ਉਥੇ ਗਏ ਤਾਂ ਮੈਂ ਵੀ ਬਾਕੀ ਸੈਲਾਨੀਆਂ ਵਾਂਗ ਇੱਕ ਅਜਿਹੀ ਫੋਟੋ ਖਿਚਵਾਉਣੀ ਚਾਹੀ ਜਿਸ ਵਿੱਚ ਕਬੂਤਰ ਮੇਰੇ ਮੋਢਿਆਂ, ਸਿਰ ਅਤੇ ਤਲੀਆਂ ਤੇ ਬੈਠੇ ਹੋਣ ਪਰ ਉਹ ਤਾਂ ਮੇਰੇ ਕੋਲ ਗਿਆਂ ਪਰ੍ਹੇ ਉੱਡ ਜਾਂਦੇ ਸਨ।

'ਛੋਟੇ ਭਾਈ ਇਹ ਅੰਗਰੇਜ਼ੀ ਕਬੂਤਰ ਐ, ਮੁਫ਼ਤ 'ਚ ਤਾਂ ਤਲੀ ਤੇ ਬਿੱਠ ਵੀ ਨੀ ਕਰਦੇ, ਆ ਪਹਿਲਾਂ ਦਾਣੇ ਖਰੀਦ ਲਈਏ ਜੇ ਤਲੀ ਤੇ ਚੋਗ ਚੁਗਾਉਣੀ ਐ ਤਾਂ।' ਪ੍ਰੀਤਮ ਸਿੱਧੂ ਨੇ ਹਾਸੇ ਦੇ ਅਨਾਰ ਚਲਾਉਂਦਿਆਂ ਮੈਨੂੰ ਠਿੱਠ ਕੀਤਾ। ਜਦੋਂ ਉਸ ਨੇ ਤਿੰਨ ਪੌਂਡ ਦੀ ਮੁੱਠੀ ਕੁ ਕਣਕ-ਬਾਜਰੀ ਲਈ ਤਾਂ ਮੈਂ ਕਿਹਾ, 'ਸਿੱਧੂ ਸਾਹਿਬ ਐਨੇ ਦੀ ਕਣਕ ਨਾਲ ਤਾਂ ਛੋਟੇ ਟੱਬਰ ਦਾ ਮਹੀਨਾ ਲੰਘ ਜੇ, ਇੱਕ ਮੁੱਠੀ ਦੇ ਤਿੰਨ ਪੌਂਡ ਡੁੱਕ ਲਏ, ਜੇ ਕਣਕ ਦਾ ਇਹ ਭਾਅ ਹੋਵੇ ਤਾਂ ਜੱਟ ਸ਼ਾਹ ਨਾ ਬਣ ਜਾਣ।'

ਹੁਣ ਮੈਂ ਦਾਣੇ ਲੈ ਕੇ ਕਬੂਤਰਾਂ 'ਚ ਗਿਆ ਤਾਂ ਉਨ੍ਹਾਂ ਮੇਰੇ ਦੁਆਲੇ ਝੁਰਮਟ ਪਾ ਲਿਆ। ਹੱਥਾਂ, ਬਾਹਾਂ, ਮੋਢਿਆਂ, ਸਿਰ ਤੇ ਕਬੂਤਰ ਹੀ ਕਬੂਤਰ ਬੈਠ ਗਏ। ਇਉਂ ਕਬੂਤਰਾਂ 'ਚ ਘਿਰ ਕੇ ਬੜਾ ਸੁਆਦ ਆਇਆ। ਤੋਰੇ ਫੇਰੇ ਨਾਲ ਪ੍ਰੀਤਮ ਸਿੱਧੂ ਦੀ ਲੱਤ ਐਨੀ ਥੱਕ ਗਈ ਕਿ ਉਸ ਨੂੰ ਦੋ ਕੈਪਸੂਲ ਖਾ ਕੇ ਠੀਕ ਹੋਣਾ ਪਿਆ ਪਰ ਫੇਰ ਵੀ ਉਸ ਨੇ ਦੂਜੇ ਦਿਨ ਹਿੰਮਤ ਨਾ ਹਾਰੀ।

'ਚੱਲ ਅੱਜ ਆਪਾਂ ਨੇੜੇ ਨੇੜੇ ਗੇੜਾ ਮਾਰ ਆਉਂਦੇ ਐਂ', ਸਵੇਰੇ ਤਿਆਰ ਹੋ ਕੇ ਉਸ ਨੇ ਕਿਹਾ। ਪੰਜਾਬੀ ਪੇਪਰ 'ਦੇਸ-ਪ੍ਰਦੇਸ' ਦਾ ਦਫ਼ਤਰ ਘਰ ਤੋਂ ਬਿਲਕੁਲ ਨੇੜੇ ਹੀ ਸੀ। ਦਫ਼ਤਰ ਦੇ ਕੋਲੇ ਜਾ ਕੇ ਉਸ ਨੇ ਕਿਹਾ, 'ਬਲਦੇਵ ਤੂੰ ਅੰਦਰ ਗੇੜਾ ਮਾਰ ਆ, ਮੈਂ ਸਾਹਮਣੇ ਪੱਬ 'ਚ ਬੈਠਦੈਂ' ਪ੍ਰੀਤਮ ਸਿੱਧੂ ਨੇ ਸਾਹਮਣੀ ਇਮਾਰਤ ਵੱਲ ਇਸ਼ਾਰਾ ਕੀਤਾ ਜਿਸ ਉਤੇ 'ਗਲਾਸੀ ਜੰਕਸ਼ਨ' ਲਿਖਿਆ ਹੋਇਆ ਸੀ। ਮੈਂ ਉਸ ਦੇ ਅਖ਼ਬਾਰ ਦੇ ਦਫ਼ਤਰ ਨਾ ਜਾਣ ਦਾ ਕਾਰਨ ਪੁਛਿਆ ਤਾਂ ਉਸ ਨੇ ਪੌੜੀਆਂ ਚੜ੍ਹਨ ਦੀ ਖੇਚਲ ਤੋਂ ਬਚਣ ਦੀ ਗੱਲ ਕਹੀ। ਪਰ ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਅਸਲ ਗੱਲ ਹੋਰ ਸੀ। ਜਦੋਂ 'ਦੇਸ-ਪ੍ਰਦੇਸ' ਦਾ ਸੰਪਾਦਕ ਤਰਸੇਮ ਪੁਰੇਵਾਲ ਅਜੇ ਜਿਉਂਦਾ ਸੀ ਤਾਂ ਹੋਰਨਾਂ

Academy of the Punjab in North America: http://www.apnaorg.com

ਲੇਖਕਾਂ ਵਾਂਗ ਪ੍ਰੀਤਮ ਸਿੱਧੂ ਦੀ ਉਸ ਨਾਲ ਚੰਗੀ ਸੱਥਰੀ ਪੈਂਦੀ ਸੀ। ਇਥੋਂ ਤੱਕ ਕੇ ਸਿੱਧੂ ਦੀ ਪੁਰੇਵਾਲ ਨਾਲ ਸਾਂਝ ਨੂੰ ਲੈ ਕੇ ਕੁੱਝ ਲੋਕ ਇਹ ਟੋਟੇ ਵੀ ਛੱਡਣ ਲੱਗ ਪਏ ਸਨ ਕਿ ਸਿੱਧੂ ਗਰਮ ਦਲੀਏ ਸਿੱਖਾਂ ਦਾ ਬੁਲਾਰਾ ਹੈ। ਪ੍ਰਗਤੀਵਾਦੀ ਸੋਚ ਵਾਲੇ ਸਿੱਧੂ ਨੂੰ ਅਜਿਹੇ ਇਲਜ਼ਾਮਾਂ ਨਾਲ ਕਾਫੀ ਠੇਸ ਲੱਗੀ ਸੀ। ਪਰ ਸਿੱਧੂ ਪੁਰੇਵਾਲ ਨਾਲ ਆਪਣੀ ਸਾਂਝ ਨੂੰ ਨਿਰੋਲ ਸਾਹਿਤਕ ਹੀ ਮੰਨਦਾ ਸੀ। ਉਦੋਂ ਇਹ ਦਫ਼ਤਰ ਲੇਖਕਾਂ ਦੀਆਂ ਮਹਿਫ਼ਲਾਂ ਲਈ ਸਭ ਤੋਂ ਵਧੀਆ ਥਾਂ ਸੀ। ਕਹਾਣੀਕਾਰ ਵੀਨਾ ਵਰਮਾ ਵੀ ਉਦੋਂ ਇਸ ਅਦਾਰੇ ਨਾਲ ਗਹਿਰੀ ਤਰ੍ਹਾਂ ਜੁੜੀ ਹੋਈ ਸੀ। ਪੁਰੇਵਾਲ ਦੇ ਕਤਲ ਤੋਂ ਬਾਅਦ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ। ਵੀਨਾ ਵਰਮਾ ਦੀ ਵੀ ਹੁਣ ਅਖ਼ਬਾਰ ਨਾਲ ਮਸਾਂ ਇਕ-ਅੱਧ ਤੰਦ ਹੀ ਜੁੜੀ ਰਹਿ ਗਈ ਸੀ। ਉਹ ਐਤਵਾਰੀ ਐਡੀਸ਼ਨ ਤਿਆਰ ਕਰਵਾਉਣ ਲਈ ਸਿਰਫ ਇੱਕ ਦਿਨ ਦਫਤਰ ਆਉਂਦੀ ਸੀ।

ਹੁਣ 'ਦੇਸ-ਪ੍ਰਦੇਸ' ਦਾ ਐਡੀਟਰ ਸ. ਗੁਰਬਖਸ਼ ਸਿੰਘ ਵਿਰਕ ਸੀ ਜੋ ਜਲੰਧਰੋਂ ਨਿਕਲਦੇ 'ਅਕਾਲੀ ਪੱਤ੍ਰਿਕਾ' ਨਾਂ ਦੇ ਰਸਾਤਲ ਵੱਲ ਜਾਂਦੇ ਪੇਪਰ ਦਾ ਸਬ-ਐਡੀਟਰ ਸੀ। ਮੈਂ ਉਦੋਂ ਅਜੀਤ 'ਚ ਸਬ-ਐਡੀਟਰ ਸਾਂ, ਇਸ ਲਈ ਸਾਡੀ ਪੁਰਾਣੀ ਵਾਕਫ਼ੀ ਸੀ। ਵਿਰਕ ਮੈਨੂੰ ਬੜੇ ਚਾਅ ਨਾਲ ਮਿਲਿਆ। ਆਪਣੇ ਸਟਾਫ਼ ਨਾਲ ਮਿਲਾਉਣ ਤੋਂ ਪਿੱਛੋਂ ਮੇਰਾ ਇੱਕ ਚੱਕਰ ਅਖ਼ਬਾਰ ਛਾਪਣ ਵਾਲੀਆਂ ਮਸ਼ੀਨਾਂ ਵਾਲੇ ਹਾਲ 'ਚ ਵੀ ਲੁਆ ਲਿਆਇਆ। ਇਸ ਅਖ਼ਬਾਰ ਵਿੱਚ ਨੱਬੇ ਫ਼ੀ ਸਦੀ ਸਮੱਗਰੀ ਤਾਂ ਪੰਜਾਬ ਦੇ ਅਖ਼ਬਾਰਾਂ 'ਚੋਂ ਲੈ ਕੇ ਇੰਨ-ਬਿਨ ਹੀ ਛਾਪੀ ਜਾਂਦੀ ਸੀ ਪਰ ਦਸ ਫ਼ੀ ਸਦੀ ਸਥਾਨਕ ਅਖ਼ਬਾਰਾਂ ਦੀਆਂ ਮੁੱਖ ਤੇ ਰੌਚਿਕ ਖ਼ਬਰਾਂ ਵੀ ਦੇ ਦਿੱਤੀਆਂ ਜਾਂਦੀਆਂ ਸਨ। ਪ੍ਰੀਤਮ ਸਿੱਧੂ ਦੇ ਬਾਹਰ ਬੈਠਾ ਹੋਣ ਕਰਕੇ ਵੀ ਮੈਂ ਦਫ਼ਤਰ ਵਿੱਚ ਥੋੜ੍ਹਾ ਸਮਾਂ ਹੀ ਅਟਕਿਆ। ਉਂਝ ਵੀ ਵਿਰਕ ਦੇ ਵਿਅਕਤਿੱਤਵ ਵਿੱਚ ਮੈਨੂੰ ਅਜਿਹਾ ਕੁੱਝ ਨਜ਼ਰ ਨਾ ਆਇਆ ਕਿ ਉਹ ਲੇਖਕਾਂ ਦਾ ਕੇਂਦਰ ਬਣ ਸਕੇ।

'ਆਹ ਤਾਂ ਦਾਵੀ ਹੱਥ ਲਾਉਣ ਵਾਲਿਆਂ ਵਾਂਗੂੰ ਸਕਿੰਟਾਂ 'ਚ ਈ ਆ ਗਿਐਂ, ਲਗਦੈ ਵਿਰਕ ਨੇ ਚਾਹ ਨੀ ਪਿਆਈ, ਓਂਏ ਭਾਈ ਅਸੀਂ ਵੀ ਤਾਂ ਈ ਘੱਟ ਜਾਨੇ ਆਂ, ਬਈ ਬੇਕਦਰੇ ਬਣਨ ਦਾ ਕੀ ਫਾਇਦੈ, ਚੱਲ ਆ ਮੈਂ ਤੈਨੂੰ ਚੂਹ ਪਿਆਵਾਂ' ਪ੍ਰੀਤਮ ਸਿੱਧੂ ਨੇ ਬੀਅਰ ਦੇ ਦੋ ਮੱਘ ਭਰਾਉਂਦਿਆਂ ਕਿਹਾ।

ਪ੍ਰੀਤਮ ਸਿੱਧੂ ਨੇ ਦੱਸਿਆ ਕਿ ਇਹ ਪੱਬ ਸਾਰੇ ਬਰਤਾਨੀਆਂ ਵਿੱਚ ਆਪਣੀ ਤਰ੍ਹਾਂ ਦਾ ਇਕੋ ਇੱਕ ਹੀ ਹੈ। 'ਵੇਖ ਲੈ ਇਸ ਦਾ ਸਾਰਾ ਮਾਹੌਲ ਪੰਜਾਬੀ ਰੰਗਣ ਵਾਲੈ' ਉਸ ਨੇ ਇੱਕ ਕੰਧ ਉਤੇ ਟੰਗੇ

Academy of the Punjab in North America: http://www.apnaorg.com

ਹਲ-ਪੰਜਾਲੀ ਵੱਲ ਇਸ਼ਾਰਾ ਕਰਦਿਆਂ ਦੱਸਿਆ। ਦੂਜੀ ਕੰਧ ਉਤੇ ਮਹਾਰਾਜਾ ਦਲੀਪ ਸਿੰਘ ਦੀ ਆਦਮ-ਕੱਦ ਫੋਟੋ ਫਰੇਮ 'ਚ ਜੜਵਾ ਕੇ ਲਾਈ ਹੋਈ ਸੀ। ਕਿਧਰੇ ਫੁਲਕਾਰੀ ਟੰਗੀ ਪਈ ਸੀ ਅਤੇ ਕਿਧਰੇ ਚੰਗੇਰ। ਇੱਕ ਪਾਸੇ ਛੋਟਾ ਜਿਹਾ ਮੰਚ ਬਣਿਆ ਹੋਇਆ ਸੀ ਜਿਥੇ ਰਾਤ ਨੂੰ ਕੋਈ ਪੰਜਾਬੀ ਗਾਇਕ ਬੀਅਰ ਪੀਣ ਵਾਲਿਆਂ ਦਾ ਮਨੋਰੰਜਨ ਕਰਦਾ ਸੀ। 'ਪੰਜਾਬ ਦਾ ਸ਼ਾਇਦ ਹੀ ਕੋਈ ਗਾਇਕ ਅਜਿਹਾ ਹੋਵੇਗਾ ਜੀਹਨੇ ਇਸ ਸਟੇਜ਼ ਤੇ ਨਾ ਗਾਇਆ ਹੋਵੇ।' ਸਿੱਧੂ ਦਾ ਜਾਣੂ ਪੱਬ ਮਾਲਕ ਮਾਣ ਨਾਲ ਦੱਸ ਰਿਹਾ ਸੀ।

'ਜਿਨ੍ਹਾਂ ਨੇ ਜਵਾਂ ਈ ਉਧਰਲੇ ਪੰਜਾਬ 'ਚ ਬੈਹ ਕੇ ਪੀਣੀ ਹੋਵੇ, ਉਨ੍ਹਾਂ ਲਈ ਵੀ ਬਾਹਰ ਪ੍ਰਬੰਧ ਐ' ਕਹਿੰਦਿਆਂ ਸਿੱਧੂ ਮੈਨੂੰ ਬਾਹਰਲੇ ਵਿਹੜੇ-ਨੁਮਾ ਅਹਾਤੇ ਵਿੱਚ ਲੈ ਗਿਆ। ਉਥੇ ਤੂਤ ਦੇ ਰੁੱਖਾਂ ਦੀ ਛਾਂ ਵੀ ਸੀ, ਬੈਠਣ ਲਈ ਖੁੰਡ ਤੇ ਤਖ਼ਤਪੋਸ਼ ਪਏ ਸਨ। ਇੱਕ ਪਾਸੇ ਗੱਡਾ ਖੜ੍ਹਾ ਸੀ ਅਤੇ ਪਰ੍ਹੇ ਤਾਂਗਾ। ਵਾਣ ਦੇ ਕੁੱਝ ਮੰਜੇ ਡੱਠੇ ਪਏ ਸਨ ਅਤੇ ਨੁੱਕਰ ਵਿੱਚ ਕਮਾਦ ਦੇ ਦੋ ਚਾਰ ਮੁੱਢ ਦਿਸਦੇ ਸਨ। ਸ਼ਾਇਦ ਮਾਹੌਲ ਦਾ ਅਸਰ ਹੀ ਸੀ ਕਿ ਸਿੱਧੂ ਅੰਦਰ ਸੁੱਤਾ ਜੱਟ ਜਾਗ ਪਿਆ, 'ਚੱਲ ਇੱਕ ਇਕ ਗਲਾਸੀ ਏਥੇ ਬਹਿ ਕੇ ਮਾਰਦੇ ਆਂ।'

ਸਭ ਭੁੱਖਾਂ ਤੋਂ ਪ੍ਰਬਲ, ਜੰਮਣ ਭੋਏਂ ਦੀ ਤਾਂਘ ਜਦ ਅੰਦਰ ਪਲਸੇਟੇ ਮਾਰਦੀ ਸੀ ਤਾਂ ਪੰਜਾਬੀ ਇਥੇ ਆਉਂਦੇ ਸਨ। 'ਆ ਤੈਨੂੰ ਇੱਕ ਨਮੂਨਾ ਨਵੀਂ ਪੀੜ੍ਹੀ ਦਾ ਵਿਖਾਵਾਂ?' ਕਹਿ ਕੇ ਸਿੱਧੂ ਨੇ ਇੱਕ ਅੱਧ-ਚਾਨਣੇ ਗੋਸ਼ੇ ਵਿੱਚ ਮੇਜ਼ ਦੁਆਲੇ ਬੈਠੇ ਚਾਰ ਪੰਜ ਮੁੰਡੇ ਕੁੜੀਆਂ ਵੱਲ ਇਸ਼ਾਰਾ ਕੀਤਾ। ਦੋ ਵੀਹ ਕੁ ਸਾਲ ਦੀਆਂ ਪੰਜਾਬੀ ਕੁੜੀਆਂ ਆਪਣੇ ਬਦੇਸ਼ੀ ਮਿੱਤਰਾਂ ਨਾਲ ਬੈਠ ਕੇ ਪੈੱਗ ਲਾਉਂਦੀਆਂ ਨਾਲ ਸਿਗਰਟਾਂ ਦੇ ਸੂਟੇ ਖਿੱਚ ਰਹੀਆਂ ਸਨ। ਧੂੰਏਂ ਦੇ ਬੱਦਲ 'ਚ ਲਿਪਟੀਆਂ ਉਹ ਪੂਰੀ ਲੋਰ ਵਿੱਚ ਕਿਸੇ ਹੋਰ ਸੰਸਾਰ ਵਿੱਚ ਪਹੁੰਚੀਆਂ ਹੋਈਆਂ ਸਨ।

'ਚੱਲ ਹੁਣ ਲਗਦੇ ਹੱਥ ਤੇਰਾ ਇੱਕ ਗੇੜਾ ਸਾਊਥਾਲ ਪਾਰਕ ਦਾ ਵੀ ਮਰਵਾ ਦਿਆਂ', ਬੀਅਰ ਦੇ ਸਰੂਰ 'ਚ ਲੱਤ ਦੀ ਪੀੜ ਨੂੰ ਵਿਸਾਰਦਿਆਂ ਸਿੱਧੂ ਨੇ ਆਖਿਆ। ਇਹ ਪਾਰਕ ਵੀ ਨੇੜੇ ਹੀ ਸੀ। ਸਾਊਥਾਲ ਦਾ ਇਹ ਵੱਡਾ ਤੇ ਪ੍ਰਸਿੱਧ ਪਾਰਕ ਹੈ। ਵੀਕ-ਐਂਡ ਤੇ ਪਰਵਾਸੀ ਪੰਜਾਬੀ ਮੇਲੇ-ਗੇਲੇ ਲਈ ਇਸ ਦਾ ਚੱਕਰ ਜ਼ਰੂਰ ਮਾਰਦੇ ਹਨ। ਕੰਮ ਦੇ ਦਿਨਾਂ ਵਿੱਚ ਇਥੇ ਪਰਵਾਸੀ ਬੁੜਿਆਂ ਦੀਆਂ ਟੋਲੀਆਂ ਤਾਸ਼ ਖੇਡ ਕੇ ਜਾਂ ਚੁਗਲੀ-ਚੱਪਾ ਕਰਕੇ ਆਪਣਾ ਟੈਮ ਪਾਸ ਕਰਦੀਆਂ ਨਜ਼ਰ ਆਉਂਦੀਆਂ ਹਨ। ਖੁੱਲ੍ਹੇ-ਆਮ ਚੁੰਮਾਂ-ਚੱਟੀ ਕਰਨ ਤੋਂ ਸੰਗਦੇ ਕੁੱਝ ਮੁੰਡੇ ਕੁੜੀਆਂ ਮੋਟੇ ਮੁੱਢਾਂ ਵਾਲੇ

Academy of the Punjab in North America: http://www.apnaorg.com

ਦਰੱਖ਼ਤਾਂ ਦੀ ਓਟ ਵਿੱਚ ਟਿੱਚ ਬਟਨਾਂ ਦੀ ਜੋੜਾਂ ਵਾਂਗ ਜੜੁੱਤ ਹੋਏ ਇਥੇ ਆਮ ਹੀ ਦਿਸ ਜਾਂਦੇ ਹਨ।

ਪਤਝੜ ਦੀ ਰੁੱਤ ਆ ਜਾਣ ਕਰਕੇ ਰੁੱਖਾਂ ਥੱਲੇ ਡਿੱਗੇ ਪੀਲੇ ਤੇ ਸੁੱਕੇ ਪੱਤੇ ਖਿਲਰੇ ਪਏ ਸਨ। ਤੇਜ਼ ਹਵਾ ਮੂਹਰੇ ਰੁੜ੍ਹਦੇ ਫਿਰਦੇ ਖੜ-ਖੜ ਦਾ ਰੌਲਾ ਪਾਉਂਦੇ ਪੱਤੇ ਆਪਣੇ ਜਨਮ-ਦਾਤੇ ਰੁੱਖਾਂ ਨਾਲੋਂ ਟੁੱਟ ਕੇ ਜਿਵੇਂ ਬੇਵੱਸ ਹੋਏ ਪਏ ਸਨ। ਰੁੱਖਾਂ ਉਤੇ ਟਾਵਾਂ ਟਾਵਾਂ ਹਰਾ ਪੱਤਾ ਦਿਸਦਾ ਸੀ। ਪੱਤਹੀਣ ਟਾਹਣੀਆਂ ਤੇਜ਼ ਹਵਾ ਨਾਲ ਝੁਕਦੀਆਂ ਸਾਂ-ਸਾਂ ਦੀ ਅਵਾਜ਼ ਕੱਢ ਰਹੀਆਂ ਸਨ। ਫੇਰ ਵੀ ਪੰਜਾਬੀ ਬਾਬਿਆਂ ਕਰਕੇ ਰੌਣਕੀਲਾ ਮਾਹੌਲ ਸੀ।

ਮਨ ਕਰਦਾ ਸੀ ਕਿਧਰੇ ਬਾਬਿਆਂ ਦੀ ਢਾਣੀ ਵਿੱਚ ਬੈਠ ਕੇ ਚਾਰ ਕੁ ਟੋਟਕੇ ਸੁਣੀਏ ਪਰ ਮੌਸਮ ਅਚਾਨਕ ਠੰਡਾ ਹੋ ਜਾਣ ਕਰਕੇ ਉਨ੍ਹਾਂ ਘਰਾਂ ਵੱਲ ਨੂੰ ਚਾਲੇ ਪਾ ਦਿੱਤੇ ਸਨ। ਮਾੜੀ ਮਾੜੀ ਭੂਰ ਜਿਹੀ ਪੈਣ ਲੱਗ ਪਈ ਸੀ। ਅਸੀਂ ਵੀ ਕਾਹਲੀ ਨਾਲ ਘਰ ਪਹੁੰਚਣ ਦੀ ਕੀਤੀ। ਘਰ ਆਉਂਦਿਆਂ ਨੂੰ ਹੀ ਭੈਣ ਜੀ ਸੁਰਜੀਤ ਹੋਰਾਂ ਨੇ ਦੱਸਿਆ ਕਿ ਹਰਜੀਤ ਅਟਵਾਲ ਦਾ ਦੋ ਵਾਰ ਫੋਨ ਆ ਚੁੱਕਾ ਸੀ। ਪ੍ਰੀਤਮ ਸਿੱਧੂ ਨੇ ਫੋਨ ਕੀਤਾ ਤਾਂ ਅਟਵਾਲ ਨੇ ਦੱਸਿਆ ਕਿ ਸ਼ਾਮ ਨੂੰ ਉਸ ਦੇ ਘਰ ਖਾਣੇ ਲਈ ਜਾਣਾ ਸੀ। ਵੀਨਾ ਵਰਮਾ ਵੀ ਉਥੇ ਆ ਰਹੀ ਸੀ। 'ਲੈ ਬਈ ਸਿੰਘਾ ਤੈਨੂੰ ਤਾਂ ਆ ਗਿਆ ਚੁੱਲ੍ਹੇ-ਨਿਉਂਦੇ ਦਾ ਸੱਦਾ, ਨਾਲੇ ਬੀਬੀ ਵੀਨਾ ਵਰਮਾ ਦੇ ਦਰਸ਼ਨ ਕਰਲੀਂ।' ਪ੍ਰੀਤਮ ਸਿੱਧੂ ਨੇ ਮੁਸਕੜੀਏਂ ਹੱਸਦਿਆਂ ਮੈਨੂੰ ਅੱਖ ਮਾਰ ਕੇ ਕਿਹਾ।

ਅੰਦਰੋ-ਅੰਦਰੀ ਤਾਂ ਮੇਰੀ ਵੀ ਕਿੱਦੇਂ ਦੀ ਪ੍ਰਬਲ ਇੱਛਾ ਸੀ ਕਿ ਕਹਾਣੀਕਾਰ ਵੀਨਾ ਵਰਮਾ ਨੂੰ ਮਿਲਾਂ। ਮਲਵੀਂ ਜਿਹੀ ਜੀਭ ਨਾਲ ਮੈਂ ਅਟਵਾਲ ਕੋਲ ਇਹ ਸੰਕੇਤ ਵੀ ਕੀਤਾ ਸੀ ਪਰ ਖੁੱਲ੍ਹ ਕੇ ਨਹੀਂ ਸੀ ਦੱਸ ਸਕਿਆ ਕਿ ਕਿਤੇ 'ਲੇਖਕਾਵਾਂ ਪਿੱਛੇ ਲਾਲਾਂ ਸਿੱਟ੍ਹਣ' ਦਾ ਦੂਸ਼ਣ ਨਾ ਲਵਾ ਲਵਾਂ। ਆਪਣੇ ਕਹਾਣੀ-ਸੰਗ੍ਰਹਿ 'ਮੁੱਲ ਦੀ ਤੀਵੀਂ' ਦੇ ਪ੍ਰਕਾਸ਼ਿਤ ਹੋਣ ਤੋਂ ਪਿੱਛੋਂ ਝੱਟ ਹੀ ਵੀਨਾ 'ਸਟਾਰ ਕਹਾਣੀਕਾਰ' ਬਣ ਗਈ ਸੀ। ਇਸ ਚਰਚਿਤ ਪੁਸਤਕ ਉਤੇ ਮੈਂ ਸਭ ਤੋਂ ਪਹਿਲਾਂ ਪਰਚਾ ਲਿਖ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਪੜ੍ਹਿਆ ਸੀ ਤਾਂ ਚੰਗਾ ਹੰਗਾਮਾ ਛਿੜਿਆ ਸੀ। ਬਹੁਤੇ ਉਸ ਕਿਤਾਬ ਨੂੰ ਲੱਚਰ ਸਾਹਿਤ ਦੀ ਕੋਟੀ ਵਿੱਚ ਰਖਦੇ ਸਨ, ਉਸ ਦਾ ਜ਼ਿਕਰ ਕਰਨਾ ਹੀ ਗ਼ੁਨਾਹ ਸਮਝਦੇ ਸਨ। ਕੁੱਝ ਕੁ ਨੇ ਤਾਂ ਮੇਰੇ ਉਤੇ ਵੀਨਾ ਵਰਮਾ ਨੂੰ ਜ਼ਨਾਨੀ ਹੋਣ ਕਰਕੇ, ਬੇਲੋੜੀ ਤੂਲ ਦੇ ਕੇ ਉਤਾਂਹ ਚੱਕਣ ਦਾ ਦੋਸ਼ ਵੀ ਥੱਪ ਦਿੱਤਾ ਸੀ। ਉਨ੍ਹਾਂ ਨੂੰ ਇਸ ਸਾਰੇ ਕੁੱਝ ਪਿੱਛੇ ਕੋਈ 'ਸਾਜ਼ਿਸ਼' ਨਜ਼ਰ ਆਉਂਦੀ ਸੀ। ਮੈਂ ਆਪਣੇ ਵੱਲੋਂ ਪੂਰੀ ਤਰ੍ਹਾਂ ਸੰਤੁਲਨ

Academy of the Punjab in North America: http://www.apnaorg.com

’ਚ ਰਹਿ ਕੇ ਗੱਲ ਕਰਨ ਦਾ ਯਤਨ ਕੀਤਾ ਸੀ। ਬਾਅਦ ਵਿੱਚ ਮੈਨੂੰ ਪਤਾ ਲੱਗਿਆ ਸੀ ਕਿ ਮੈਂ ਸਿਰਫ ਲੋਕਾਂ ਦਾ ਵਿਰੋਧ ਹੀ ਨਹੀਂ ਸੀ ਝੱਲਿਆ ਸਗੋਂ ਵੀਨਾ ਵਰਮਾ ਨੂੰ ਵੀ ਨਰਾਜ਼ ਕਰ ਲਿਆ ਸੀ। ਇਸ ਗੱਲ ਦਾ ਅਨੁਮਾਨ ਮੈਨੂੰ ਤਾਂ ਵੀ ਲੱਗ ਗਿਆ ਸੀ ਕਿ ਉਹ ਪਰਚਾ ਪੜ੍ਹ ਕੇ ਵੀਨਾ ਵਰਮਾ ਨੇ ਮੈਨੂੰ ਕੋਈ ਖ਼ਤ-ਪੱਤਰੀ ਪਾਉਣੀ ਮੁਨਾਸਬ ਨਹੀਂ ਸੀ ਸਮਝੀ ਅਤੇ ਨਾ ਹੀ ਆਪਣੀ ਪੰਜਾਬ ਫੇਰੀ ਸਮੇਂ ਮੈਨੂੰ ਫੋਨ ਕਰਨ ਜਾਂ ਮਿਲਣ ਦੀ ਸੋਚੀ ਸੀ। ਮੇਰੇ ਮਨ ਵਿੱਚ ਉਸ ਦਾ ਬਿੰਬ ਇੱਕ ਹੈਂਕੜਬਾਜ਼ ਔਰਤ ਦਾ ਬਣ ਗਿਆ ਸੀ, ਪਰ ਇਸ ਦੇ ਬਾਵਜੂਦ ਮੈਂ ਉਸ ਦੀ ਤਰਫ਼ੋਂ ਲੜ ਰਿਹਾ ਸਾਂ। ਮੈਨੂੰ ਇਹ ਸਵੀਕਾਰ ਨਹੀਂ ਸੀ ਕਿ ਵੀਨਾ ਵਰਮਾ ਦੀ ਯੋਗਤਾ ਨੂੰ ‘ਮਰਿਆ ਚੂਹਾ’ ਸਿਰਲੇਖ ਤੱਕ ਘਟਾ ਕੇ ਬਦਨਾਮ ਕੀਤਾ ਜਾਵੇ।

ਚਲੋ ਅਟਵਾਲ ਨੇ ਸਾਡੀ ਮੀਟਿੰਗ ਦਾ ਸਬੱਬ ਬਣਾ ਕੇ ਚੰਗਾ ਹੀ ਕੀਤਾ ਸੀ। ਆਹਮੋ-ਸਾਹਮਣੇ ਬੈਠ ਕੇ ਆਪਣੇ ਗਿਲੇ-ਸ਼ਿਕਵੇ ਦੂਰ ਕੀਤੇ ਜਾ ਸਕਦੇ ਸਨ।

ਉਸ ਦੇ ਮੂੰਹੋਂ ਇਹ ਸੁਣ ਕੇ ਮੈਨੂੰ ਹੈਰਾਨੀ ਭਰੀ ਖੁਸ਼ੀ ਹੋਈ ਕਿ ਉਸ ਨੂੰ ਮੇਰਾ ਪੇਪਰ ਬਹੁਤ ਵਧੀਆ ਲੱਗਿਆ ਸੀ, ਸਿਰਫ ਰੁਝੇਵੇਂ ਤੇ ਘੌਲ ਕਰਕੇ ਹੀ ਉਹ ਮੈਨੂੰ ਚਿੱਠੀ ਨਹੀਂ ਲਿਖ ਸਕੀ ਸੀ। ਉਸ ਦੇ ਗੰਭੀਰਤਾ ਨਾਲ ਗੱਲ ਕਰਨ ਦੇ ਅੰਦਾਜ਼ ਕਰਕੇ ਮੈਂ ਉਸ ਦਾ ਸੱਚ ਵੀ ਮੰਨ ਲਿਆ। ਆਪਣੀਆਂ ਕਹਾਣੀਆਂ ਵਾਂਗ ਹੀ ਉਹ ਗੱਲਬਾਤ ’ਚ ਵੀ ਬੇਬਾਕ, ਸੰਵੇਦਨਸ਼ੀਲ ਅਤੇ ਸਪੱਸ਼ਟ ਸੀ।

ਉਸ ਦੀ ਅਟਵਾਲ ਦੇ ਘਰੇ ਆਉਣ ਦੀ ਭਿਣਕ ਕਿਤੇ ਸਵਰਨ ਚੰਦਨ ਨੂੰ ਵੀ ਪੈ ਗਈ ਸੀ। ਉਹ ਵਾਰ ਵਾਰ ਫੋਨ ਕਰਕੇ ਵੀਨਾ ਨਾਲ ਗੱਲ ਕਰਾਉਣ ਲਈ ਆਖਦਾ ਸੀ ਪਰ ਵੀਨਾ ਵਰਮਾ ਨੇ ਅਟਵਾਲ ਨੂੰ ਦੋ-ਟੁੱਕ ਫੈਸਲਾ ਸੁਣਾ ਦਿੱਤਾ ਸੀ, ‘ਤੂੰ ਕਹਿ ਦੇ ਮੈਂ ਉਸ ਨਾਲ ਕੋਈ ਗੱਲ ਨਹੀਂ ਕਰਨੀ।’ ਪਰ ਅਟਵਾਲ ਨੇ ਕੁੱਝ ਕੂਲ਼ੇ ਸ਼ਬਦਾਂ ਵਿੱਚ ਚੰਦਨ ਨੂੰ ਜਵਾਬ ਦੇਣਾ ਮੁਨਾਸਿਬ ਸਮਝਿਆ, ਵੀਨਾ ਵਰਮਾ ਵਰਗੀ ਦਲੇਰੀ ਹਰ ਕੋਈ ਕਿਵੇਂ ਕਰ ਸਕਦਾ ਹੈ। ਇਸ ਪ੍ਰਸੰਗ ਵਿੱਚ ਤਾਂ ਅਟਵਾਲ ਮੈਨੂੰ ਪਹਿਲਾਂ ਹੀ ਇੱਕ ਗੱਲ ਸੁਣਾ ਕੇ ਹਟਿਆ ਸੀ। ਵੀਨਾ ਵਰਮਾ ਨਾਲ ਅੱਜ ਦੀ ਬੈਠਕ ਮੁਕੱਰਰ ਕਰਨ ਵੇਲੇ ਅਟਵਾਲ ਨੇ ਫੋਨ ਤੇ ਪੁੱਛਿਆ ਸੀ, ‘ਵੀਨਾ ਜੀ ਅੱਜ ਸ਼ਾਮ ਨੂੰ ਸਾਡੇ ਘਰ ਵਿੱਚ ਤੁਹਾਨੂੰ ਬੁਲਾਉਣਾ ਚਾਹੁੰਦਾ ਹਾਂ, ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?’

‘ਮੈਨੂੰ ਕੀ ਇਤਰਾਜ਼ ਹੈ? ਇਤਰਾਜ਼ ਤਾਂ ਤੁਹਾਡੀ ਪਤਨੀ ਨੂੰ ਹੋਵੇਗਾ।’ ਉਸ ਨੇ ਹੱਸ ਕੇ ਕਿਹਾ ਤਾਂ ਅਟਵਾਲ ਨਿਰਉੱਤਰ ਹੋ ਗਿਆ।

Academy of the Punjab in North America: http://www.apnaorg.com

ਹੁਣ ਵੀ ਜਦੋਂ ਕੋਈ ਗੱਲ ਕਰਨ ਲਗਦੇ ਤਾਂ ਅਟਵਾਲ ਦਾ ਚਾਰ ਕੁ ਸਾਲ ਦਾ ਮੁੰਡਾ ਆਪਣੀਆਂ ਸ਼ਰਾਰਤਾਂ ਨਾਲ ਆਪਣੇ ਪਾਪਾ ਨੂੰ ਤੰਗ ਕਰਨ ਲੱਗਦਾ। ਹਰਜੀਤ ਅਟਵਾਲ ਨੇ ਰਮਜ਼ੀ ਜਿਹੇ ਲਹਿਜ਼ੇ ਵਿੱਚ ਮੁੰਡੇ ਨੂੰ ਝਿੜਕਦਿਆਂ ਵੀਨਾ ਵਰਮਾ ਨੂੰ ਸੁਣਾ ਕੇ ਕਿਹਾ, 'ਵੀਨਾ ਜੀ ਆਹ ਸਾਡਾ ਮੁੰਡਾ ਬਹੁਤ ਤੰਗ ਕਰਦੈ, ਤੂੰ ਇਸ ਨੂੰ ਗੋਦ ਲੈਣਾ ਤਾਂ ਲੈ ਲੈ, ਨਾਲੇ 'ਕੱਲੀ ਬੋਰ ਹੁੰਦੀ ਹੋਵੇਂਗੀ।' ਅਟਵਾਲ ਨੇ ਆਪਣੇ ਸਿਰ ਦੇ ਅਗਲੇ ਗੰਜੇ ਹਿੱਸੇ ਨੂੰ ਪਲੋਸਦਿਆਂ ਕਿਹਾ।

'ਜੇ ਮੈਂ ਗੋਦ ਲੈਣਾ ਹੀ ਹੋਇਆ ਤਾਂ ਮੁੰਡੇ ਦੇ ਬਾਪ ਨੂੰ ਲਊਂਗੀ, ਬਾਕੀ ਸਾਰੇ ਰੂੰਗੇ-ਝੂੰਗੇ 'ਚ ਹੀ ਨਾਲ ਆ ਜਾਣਗੇ, ਵੈਸੇ ਮੈਂ ਅਜੇ ਬੋਰ ਨਹੀਂ ਹੋਣ ਲੱਗੀ। ਸੋ ਮੇਰੀ ਚਿੰਤਾ ਕਰਨ ਦੀ ਲੋੜ ਨਹੀਂ।' ਵੀਨਾ ਵਰਮਾ ਨੇ ਅੱਗੋਂ ਹੱਡ ਤੇ ਮਾਰਦਿਆਂ ਢੁੱਕਵਾਂ ਜਵਾਬ ਦਿੱਤਾ। ਮੈਨੂੰ ਉਸ ਦਾ ਇਹ ਲਹਿਜ਼ਾ ਬਹੁਤ ਚੰਗਾ ਲੱਗਿਆ ਕਿ ਕਿਸੇ ਗੱਲ ਨੂੰ ਅੰਦਰ ਰੱਖ ਕੇ ਖਿਚੜੀ ਵਾਂਗੂੰ ਰਿੱਝਣ ਦੀ ਥਾਂ ਉਹ ਮੂੰਹ-ਫੱਟ ਹੋ ਕੇ ਸਾਹਮਣੇ ਹੀ ਕਹਿ ਦਿੰਦੀ ਹੈ। ਉਸ ਨੂੰ ਮੈਂ ਔਰਤ ਹੋਣ ਦੇ ਕੰਪਲੈਕਸ ਤੋਂ ਵੀ ਕਾਫੀ ਹੱਦ ਤੱਕ ਮੁਕਤ ਵੇਖਿਆ। ਇਹੋ ਸਿਫ਼ਤ ਉਹਦੀਆਂ ਕਹਾਣੀਆਂ ਦੀ ਸੀ।

'ਵੀਨਾ ਜੀ ਅਸੀਂ ਇੱਕ ਮੈਗਜ਼ੀਨ 'ਸ਼ਬਦ' ਕੱਢਣ ਲੱਗੇ ਆਂ। ਉਸ ਦੇ ਪਹਿਲੇ ਅੰਕ 'ਚ ਇੱਕ ਚਰਚਾ ਛੇੜਨੀ ਆਂ ਕਿ ਕੀ ਲੇਖਕਾਵਾਂ ਨੂੰ ਔਰਤ ਹੋਣ ਦੇ ਨਾਤੇ 'ਗਰੇਸ ਮਾਰਕਸ' ਮਿਲਦੇ ਐ? ਇਹਦੇ ਬਾਰੇ ਤੁਸੀਂ ਕੀ ਸੋਚਦੇ ਓ।' ਹਰਜੀਤ ਅਟਵਾਲ ਨੇ ਪੁੱਛਿਆ।

'ਮਿਲਦੇ ਈ ਐ ਗਰੇਸ ਮਾਰਕਸ ਤਾਂ, ਸਾਹਿਤ ਵਿੱਚ ਕੀ, ਔਰਤ ਨੂੰ ਤਾਂ ਸੌਦੇ ਦੀ ਦੁਕਾਨ ਤੇ ਵੀ ਅਗਲਾ ਇੰਦਰ ਬਾਣੀਏਂ ਵਾਂਗੂੰ ਮੁਫ਼ਤ ਥਾਨ ਲਿਜਾਣ ਲਈ ਆਖਦੈ। ਐਵੇਂ ਤਾਂ ਨ੍ਹੀਂ ਆਖਦੇ ਮਰਦ ਮੰਗੇ ਆਟਾ ਓਹਨੂੰ ਆਟੇ ਦਾ ਵੀ ਘਾਟਾ, ਤੀਵੀਂ ਮੰਗੇ ਪੇੜੇ ਓਹਨੂੰ ਦੇਣ ਵਾਲੇ ਬਥੇਰੇ। ਭਾਈ ਮਿਲਣ ਵੀ ਕਿਉਂ ਨਾ, ਔਰਤ ਨੂੰ ਔਰਤ ਹੋਣ ਕਰਕੇ ਬਥੇਰੇ ਥਾਈਂ ਨੰਬਰ ਗੁਆਉਣੇ ਵੀ ਤਾਂ ਪੈਂਦੇ ਆ। ਇਹ ਤਾਂ ਸੁਭਾਵਕ ਗੱਲ ਐ, ਜ਼ਨਾਨੀ ਹੋਣ ਦੇ ਨੁਕਸਾਨ ਨੇ ਤਾਂ ਫਾਇਦੇ ਵੀ ਨੇ। ਇਉਂ ਹੀ ਮਰਦ ਹੋਣ ਦੇ ਵੀ ਲਾਭ ਹਾਨ ਹੁੰਦੇ ਨੇ।' ਵੀਨਾ ਵਰਮਾ ਹਰੇਕ ਪੁੱਛ ਦਾ ਉੱਤਰ ਨਿਰਸੰਕੋਚ ਤਰਕ ਨਾਲ ਦੇ ਰਹੀ ਸੀ। ਇਹ ਚੁੰਜ-ਚਰਚਾ ਰਾਤ ਦੇ ਇੱਕ ਵਜੇ ਤੱਕ ਚਲਦੀ ਰਹੀ। ਉਸ ਤੋਂ ਪਿੱਛੋਂ ਵੀਨਾ ਵਰਮਾ ਆਪਣੇ ਘਰ ਜਾਣ ਲਈ ਖੜ੍ਹੀ ਹੋਈ ਤਾਂ ਅਟਵਾਲ ਨੇ ਮੇਜ਼ਬਾਨ ਅਤੇ ਮਰਦ ਹੋਣ ਦੇ ਨਾਤੇ ਉਸ ਨੂੰ ਘਰ ਤੱਕ ਛੱਡ ਆਉਣ ਦੀ ਪੇਸ਼ਕਸ਼ ਕੀਤੀ।

'ਨਹੀਂ, ਏਨਾ ਡਰਦੀ ਹੁੰਦੀ ਤਾਂ ਆ ਹੀ ਨਾ ਸਕਦੀ, ਤੁਸੀਂ ਫਿਕਰ ਨਾ ਕਰੋ, ਮੈਨੂੰ ਜਾਣ ਦੀ ਕੋਈ ਦਿੱਕਤ ਨਹੀਂ।' ਉਸ ਨੇ ਆਪਣੀ ਕਾਰ ਸਟਾਰਟ ਕੀਤੀ ਤੇ ਔਹ ਗਈ। ਕਾਰ ਦੀਆਂ ਤੇਜ਼

Academy of the Punjab in North America: http://www.apnaorg.com

ਲਾਈਟਾਂ ਨਾਲ ਸਾਰੀ ਗਲੀ ਰੁਸ਼ਨਾ ਉੱਠੀ ਅਤੇ ਹਨੇਰਾ ਕੰਧਾਂ ਤੋਂ ਪਾਰ ਖੜ੍ਹਾ ਬੇਵੱਸ ਹੋਇਆ ਮੂੰਹ ਛੁਪਾਈ ਖੜ੍ਹਾ ਰਿਹਾ।

## ਸ਼ੈਕਸਪੀਅਰ ਦੇ ਕੋਲ ਕੋਲ

ਕਿਸਮਤਵਾਦੀਆਂ ਵਾਂਗ ਮੈਂ ਇਸ ਆਸ ਤੇ ਬੈਠਾ ਸਾਂ ਕਿ ਜੇ ਰੱਬ ਨੇ ਚੁੰਜ ਦਿੱਤੀ ਹੈ ਤਾਂ ਆਪੇ ਚੋਗ ਵੀ ਦੇਵੇਗਾ। ਕਵੀ ਭੁਪਿੰਦਰ ਪੁਰੇਵਾਲ ਦੇ ਲੰਡਨ ਵੱਲ ਆਉਣ ਨਾਲ ਮੇਰੀ ਆਸ ਨੂੰ ਫਲ ਲੱਗ ਗਿਆ। ਉਹ ਆਪਣੀ ਪਤਨੀ ਨੂੰ ਛੱਡਣ ਆਇਆ ਸੀ। ਉਸ ਨੇ ਗਲਾਸਗੋ (ਸਕਾਟਲੈਂਡ ਪ੍ਰਦੇਸ਼) ਤੋਂ ਵੱਲ ਹੀ ਡਰਬੀ (ਮਿੱਡਲੈਂਡ) ਤੱਕ ਵਾਪਸ ਜਾਣਾ ਸੀ। ਮੈਂ ਇਸ ਆਸ ਵਿੱਚ ਉਸ ਨਾਲ ਕਾਰ ’ਚ ਬੈਠ ਗਿਆ ਕਿ ਅਗਾਂਹ ਵੀ ਆਪੇ ਸਬੱਬ ਬਣ ਜਾਵੇਗਾ। ਮੇਰੇ ਕੰਮ ਤਾਂ ਇਉਂ ਸਾਹਿਤਕਾਰ ਮਿੱਤਰਾਂ ਦੇ ਭਾਈਚਾਰੇ ਨੇ ਹੀ ਆਉਣਾ ਸੀ ਹੋਰ ਇੰਗਲੈਂਡ ਵਿੱਚ ਮੇਰਾ ਕੋਈ ਮਾਮਾ, ਚਾਚਾ, ਤਾਇਆ, ਮਾਸੜ ਜਾਂ ਫੁੱਫੜ ਤਾਂ ਰਹਿੰਦਾ ਨਹੀਂ ਸੀ। ਸਾਊਥਾਲ ਦੇ ਆਸ-ਪਾਸ ਦੀਆਂ ਮੈਂ ਸਭ ਥਾਵਾਂ ਵੀ ਵੇਖ ਚੁੱਕਿਆ

Academy of the Punjab in North America: http://www.apnaorg.com

ਸਾਂ ਅਤੇ ਲੇਖਕਾਂ - ਡਾ. ਪ੍ਰੀਤਮ ਸਿੰਘ ਕੈਂਬੋ, ਸਾਥੀ ਲੁਧਿਆਣਵੀ, ਗੁਰਦਿਆਲ ਸਿੰਘ ਰਾਏ, ਬਲਦੇਵ ਸਿੰਘ, ਮੁਸ਼ਤਾਕ ਸਿੰਘ ਮੁਸ਼ਤਾਕ, ਅਮੀਨ ਮਲਿਕ, ਰਾਣੀ ਮਲਿਕ, ਵੀਨਾ ਵਰਮਾ, ਬਲਦੇਵ ਬਾਵਾ, ਸ਼ਿਵਚਰਨ ਗਿੱਲ ਅਤੇ ਪ੍ਰੀਤਮ ਸਿੱਧੂ ਆਦਿ ਨੂੰ ਵੀ ਮਿਲ ਲਿਆ ਸੀ।

ਇਕ ਦਿਨ ਮੁਸ਼ਤਾਕ ਸਿੰਘ ਮੁਸ਼ਤਾਕ ਦੀ ਹਿੰਮਤ ਨਾਲ ਟੂਰਿਸਟਾਂ ਵਾਲੀ ਲਾਰੀ ਉਤੇ ਚੜ੍ਹ ਕੇ ਸਾਰੇ ਲੰਡਨ ਦੀਆਂ ਪ੍ਰਸਿੱਧ ਥਾਵਾਂ ਅਤੇ ਗਲੀਆਂ-ਬਾਜ਼ਾਰ ਵੀ ਵੇਖ ਲਏ ਸਨ। ਬਕਿੰਗਮ ਪੈਲੇਸ, ਲੰਡਨ ਦਾ ਮਸ਼ਹੂਰ ਬਰਿੱਜ, ਹਾਈਡ ਪਾਰਕ ਅਤੇ ਆਕਸਫੋਰਡ ਸਟਰੀਟ ਦੀ ਝਾਤ ਵੀ ਪਾ ਲਈ ਸੀ। ਹੁਣ ਆਖਰੀ ਹਫ਼ਤੇ ਵਿੱਚ ਯੂ. ਕੇ. ਦੇ ਵੱਡੇ ਭੂਗੋਲਿਕ ਭਾਗ ਮਿੱਡਲੈਂਡ ਅਤੇ ਸਕਾਟਲੈਂਡ ਵੇਖਣ ਜਾਣ ਦਾ ਪ੍ਰਬੰਧ ਹੋਣ ਕਰਕੇ ਮਨ ਖੇੜੇ ਵਿੱਚ ਸੀ।

ਭੁਪਿੰਦਰ ਪੁਰੇਵਾਲ ਦੀ ਕਵਿਤਾ ਤਾਂ ਪੜ੍ਹੀ ਹੀ ਸੀ, ਉਸ ਬਾਰੇ ਗੁਰਬਚਨ ਦਾ ਜ਼ਾਇਕੇਦਾਰ ਲੇਖ ਪੜ੍ਹਨ ਕਰਕੇ ਵੀ ਮੈਨੂੰ ਉਸ ਦੀ ਚੰਗੀ ਵਾਕਫ਼ੀ ਸੀ। ਇੱਕ ਵਾਰ ਉਹ ਹਰਬਖਸ਼ ਮਕਸੂਦਪੁਰੀ ਅਤੇ ਸੁਖਿੰਦਰ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ’ਚ ਵੀ ਆਇਆ ਸੀ ਪਰ ਉਦੋਂ ਉਹ ‘ਵੱਡਿਆਂ ਬੰਦਿਆਂ’ ਦੇ ਘੇਰੇ ਵਿੱਚ ਅਜਿਹਾ ਜਕੜਿਆ ਸੀ ਕਿ ਮੇਰੇ ਵਰਗੇ ਦਾ ਉਸ ਤੱਕ ਪਹੁੰਚ ਸਕਣਾ ਸੰਭਵ ਹੀ ਨਹੀਂ ਸੀ ਹੋ ਸਕਿਆ।

ਪਰ ਹੁਣ ਮਿਲਦਿਆਂ ਹੀ ਅਸੀਂ ਬੜੇ ਛੇਤੀ ਘੁਲਮਿਲ ਗਏ ਸਾਂ। ਲੇਖਕ ਹੋਣ ਤੋਂ ਇਲਾਵਾ ਸਾਡੇ ਵਿੱਚ ਇੱਕ ਸਾਂਝੀ ਗੱਲ ਹੋਰ ਵੀ ਸੀ ਕਿ ਦੋਵੇਂ ਹੀ ਤੀਵੀਆਂ ਦੀਆਂ ਗੱਲਾਂ ਕਰਨ ਦੇ ਸ਼ੌਕੀਨ ਸਾਂ। ਉਂਜ ਵੀ ਅਸੀਂ ਭੂਤ-ਭਵਿੱਖ ਦੀ ਚਿੰਤਾ ਛੱਡ ਕੇ ਵਰਤਮਾਨ ਵਿੱਚ ਵਿਚਰਨ ਵਾਲੇ ਵਧੇਰੇ ਸਾਂ। ਕਾਰ ਦੇ ਲੰਡਨ ‘ਚੋਂ ਨਿਕਲਦਿਆਂ ਹੀ ਉਸ ਨੇ ਸਾਡਾ ਮਨ-ਪਸੰਦ ਵਿਸ਼ਾ ਛੋਹ ਲਿਆ।

‘ਯਾਰ ਧਾਲੀਵਾਲ, ਬੁੜ੍ਹੇ (ਕਹਾਣੀਕਾਰ ਪ੍ਰੇਮ ਪ੍ਰਕਾਸ਼) ਨਾਲ ਗੱਲ ਹੋਈ ਸੀ ਟੈਲੀਫੋਨ ਤੇ, ਕਹਿੰਦਾ ਸੀ ਤੇਰੇ ਲਈ ਇੱਕ ‘ਡਨਲੱਪ ਮਾਰਕਾ ਕਵਿਤਰੀ’ ਭੇਜ ਰਿਹਾ ਆਂ, ਪਰ ਅਜੇ ਤਾਂ ਆਈ ਨੀ, ਮੈਂ ਤਾਂ ਹੰਭ ਗਿਆਂ ਉਡੀਕ ਉਡੀਕ ਕੇ, ਮੈਂ ਉਹਦੇ ਰਹਿਣ ਵਾਸਤੇ ਇੱਕ ਵਧੀਆ ਹੋਟਲ ਵੀ ਵੇਖ ਛੱਡਿਆ ਸੀ ਤੇ ‘ਘੁੰਮਾ-ਫਿਰਾ’ ਤਾਂ ਖੈਰ ਦੇਣਾ ਹੀ ਸੀ। ਕਿੱਥੇ ਐ ਉਹ, ਹੈ ਕੋਈ ਥਹੁ-ਪਤਾ?’

‘ਮਿੱਤਰ ਜੀ ਉਹ ਤਾਂ ਭਾਰਤ ਵੀ ਪਹੁੰਚ ਗਈ ਹੋਣੀ ਐ, ਕੋਈ ਫੈਦਾ ਨੀ ਲ਼ਾਲ਼ਾਂ ਸਿੱਟਣ ਦਾ ਹੁਣ’ ਮੈਂ ਦੱਸਿਆ ਤਾਂ ਉਸ ਦਾ ਲਾਲ ਭਾਹ ਮਾਰਦਾ ਚਿਹਰਾ ਇੱਕ ਦਮ ਧੁਆਂਖਿਆ ਗਿਆ।

‘ਪੁਰੇਵਾਲ ਸਾਹਿਬ ਕਿਸੇ ਦੀ ਤਾਂ ਇਉਂ ਅੱਡੀਆਂ ਚੱਕ ਕੇ ਉਡੀਕ ਹੋ ਰਹੀ ਐ ਤੇ ਕਿਸੇ ਨੂੰ ਕੋਲੇ ਆਏ ਨੂੰ ਵੀ ਨਹੀਂ ਘੁੰਮਾਉਂਦੇ-ਫਿਰਾਉਂਦੇ, ਇਹ ਤਾਂ ਓਹੀ ਗੱਲ ਹੋਈ ਅਖੇ ਮਰਦ ਮੰਗੇ ਆਟਾ,

Academy of the Punjab in North America: http://www.apnaorg.com

ਉਹਨੂੰ ਆਟੇ ਦਾ ਵੀ ਘਾਟਾ, ਤੀਵੀਂ ਮੰਗੇ ਪੇੜੇ, ਉਹਨੂੰ ਦੇਣ ਵਾਲੇ ਬਥੇਰੇ', ਮੈਂ ਹਾਸੇ ਹਾਸੇ 'ਚ ਮਨ ਦੀ ਕਹਿ ਦਿੱਤੀ।

'ਓਏ ਭਾਈ ਸਾਹਿਬ, ਇਹੋ ਜਾ ਤਾਂ ਕੋਈ ਨਾ ਕੋਈ ਟਪਕਿਆ ਹੀ ਰਹਿੰਦੈ, ਕੋਈ ਰਸਾਲੇ ਲਈ ਚੰਦਾ ਮੰਗਣ ਦੇ ਬਹਾਨੇ ਪੌਂਡ ਮਾਂਜ ਕੇ ਲੈ ਜਾਂਦੈ ਅਤੇ ਕੋਈ ਗੁਰਬਚਨ ਵਰਗਾ ਆਲੋਚਕ ਉਂਜ ਹੀ ਤਲੀ ਕਰ ਖੜ੍ਹਦੈ ਭਾੜੇ ਕਿਰਾਏ ਵਾਸਤੇ, ਖੈਰ ਅਸੀਂ ਤਾਂ ਕਦੇ ਪਿੱਠ ਨੀ ਵਿਖਾਈ ਯਾਰਾਂ-ਦੋਸਤਾਂ ਨੂੰ, ਪਰ ਊਂਅ ਹਾਲ ਬੁਰੇ, ਡਾ. ਹਰਿਭਜਨ ਸਿਉਂ ਵਰਗੇ ਵੀ ਮੈਂ ਇਥੇ ਪੌਂਡ ਪੌਂਡ ਇਕੱਠਾ ਕਰਦੇ ਵੇਖੇ ਐ।'

'ਪੁਰੇਵਾਲ ਸਾਹਿਬ ਆਪਣੇ ਕਸੀਦੇ ਵੀ ਤਾਂ ਫੇਰ ਇਹੀ ਲੋਕ ਲਿਖਵਾਉਂਦੇ ਐ ਨਾ, ਇੱਕ ਹੱਥ ਦੂਜੇ ਨੂੰ ਧੋਂਦੈ, ਸਭ ਦੀ ਆਪੋ-ਆਪਣੀ ਗਰਜ਼ ਐ, ਐਵੇਂ ਕੋਈ ਨੀ ਕਿਸੇ ਦੀ ਵੱਢੀ ਉਂਗਲ ਤੇ ਮੂਤਦਾ, ਜੁਆਕ ਤਾਂ ਫੇਰ ਉਸੇ ਦਾ ਖੇਡੂ ਜਿਹੜੀ ਚੁਆਨੀ ਦੇਊ' ਮੈਂ ਬਣਦਾ-ਸਰਦਾ ਮੋੜ ਦਿੱਤਾ।

ਅਜਿਹੀਆਂ ਗੱਲਾਂ 'ਚ ਖੁੱਭਿਆਂ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਡਰਬੀ ਤੱਕ ਦਾ ਸਫਰ ਨਿੱਬੜ ਗਿਆ। ਅਸੀਂ ਘਰੇ ਪਹੁੰਚ ਕੇ ਆਪ ਹੀ ਖਾਣ-ਪੀਣ ਦਾ ਪ੍ਰਬੰਧ ਕੀਤਾ ਕਿਉਂਕਿ ਪੁਰੇਵਾਲ ਦੀ ਪਤਨੀ ਪੇਕੀਂ ਗਈ ਹੋਈ ਸੀ। ਉਥੇ ਘਰ ਵਾਲੀ ਬਿਨਾਂ ਚੁਲ੍ਹੇ ਅੱਗ ਨਾ ਘੜੇ ਵਿੱਚ ਪਾਣੀ ਵਾਲੀ ਗੱਲ ਨਹੀਂ ਹੁੰਦੀ ਕਿਉਂਕਿ ਖਾਣੇ-ਦਾਣੇ ਦੇ ਛੱਤੀ ਪਦਾਰਥਾਂ ਨਾਲ ਮਾੜ੍ਹੇ ਘਰ ਦੇ ਨਹਾਉਣ ਵਾਲੇ ਜਿੱਡਾ ਫਰਿੱਜ ਤੂੜਿਆ ਪਿਆ ਸੀ ਅਤੇ ਭਾਂਡੇ ਜੂਠੇ ਕਰ ਕਰ ਧੋਣ ਵਾਸਤੇ ਮਸ਼ੀਨ 'ਚ ਪਾਈ ਜਾਣੇ ਸਨ। ਫੇਰ ਕਾਹਦੀ ਚਿੰਤਾ ਸੀ?

ਦੂਜੇ ਦਿਨ ਉਠਦਿਆਂ ਹੀ ਪੁਰੇਵਾਲ ਨੇ ਆਪਣੇ ਹਿਸਾਬ ਨਾਲ ਉਲੀਕਿਆ ਪ੍ਰੋਗਰਾਮ ਦੱਸਿਆ, 'ਧਾਲੀਵਾਲ ਤੂੰ ਬੱਸ-ਬੁੱਸ ਤੇ ਗਲਾਸਗੋ ਜਾਣ ਦਾ ਖਹਿੜਾ ਛੱਡ, ਕੱਲ੍ਹ ਮੈਂ ਤੈਨੂੰ ਛੱਡ ਆਊਂਗਾ, ਤੂੰ ਪਰਵਾਹ ਨਾ ਕਰ, ਅੱਜ ਤੈਨੂੰ ਸ਼ੈਕਸਪੀਅਰ ਦਾ ਜਨਮ-ਸਥਾਨ ਵਿਖਾਉਣੇ ਆਂ। ਸ਼ਾਮ ਨੂੰ ਜਸਵਿੰਦਰ ਮਾਨ ਦੇ ਘਰੇ ਮਹਿਫ਼ਲ ਰੱਖ ਲਈ ਹੈ। ਮੈਂ ਸਾਰਾ ਪ੍ਰਬੰਧ ਕਰ ਲਿਐ, ਗਲਾਸਗੋ ਵੀ ਪੁਰੀ ਨੂੰ ਫੋਨ ਕਰ ਦਿੰਨੈਂ ਬਈ ਕੱਲ੍ਹ ਆਵਾਂਗੇ ਅਸੀਂ।'

ਅਖੇ ਅੰਨ੍ਹਾ ਕੀ ਭਾਲੇ ਦੋ ਅੱਖਾਂ, ਇਹੋ ਤਾਂ ਮੈਂ ਚਾਹੁੰਦਾ ਸਾਂ ਜੋ ਆਪੇ ਹੀ ਕੰਮ ਰਾਸ ਹੋ ਗਿਆ ਸੀ। ਸ਼ੈਕਸਪੀਅਰ ਦਾ ਮਿਊਜ਼ੀਅਮ ਵੇਖਣ ਸਟਰੈਟਫ਼ੋਰਡ ਨੂੰ ਜਾਂਦਿਆਂ ਰਾਹ 'ਚ ਪੈਂਦੇ ਬਰਮਿੰਘਮ ਤੋਂ ਬਜ਼ੁਰਗ ਨਾਵਲਕਾਰ ਦਰਸ਼ਨ ਧੀਰ ਨੂੰ ਨਾਲ ਲੈ ਲਿਆ। ਸਮਾਂ ਘੱਟ ਹੋਣ ਕਰਕੇ ਹੋਰ ਥਾਵਾਂ ਦੀ ਤਾਂ ਪੰਛੀ ਝਾਤ ਹੀ ਮਾਰ ਸਕੇ ਪਰ ਮਿਊਜ਼ੀਅਮ ਨਿੱਠ ਕੇ ਵੇਖਿਆ।

Academy of the Punjab in North America: http://www.apnaorg.com

ਆਪਣੇ ਉੱਚ-ਦੁਮਾਲੜੇ ਲੇਖਕ ਦੀ ਯਾਦ ਨੂੰ ਸਾਂਭ ਰੱਖਣ ਅਤੇ ਉਸ ਰਾਹੀਂ ਨਵੀਂ ਪੀੜ੍ਹੀ ਨੂੰ ਸਾਹਿਤ ਦੀ ਚੇਟਕ ਲਾਉਣ ਦਾ ਹੁਨਰ ਤਾਂ ਸੱਚਮੁੱਚ ਹੀ ਕੋਈ ਅੰਗਰੇਜ਼ਾਂ ਤੋਂ ਸਿੱਖੇ। ਅਮਰੀਕਾ ਵਿੱਚ ਮੈਂ ਵਿਗਿਆਨ ਅਤੇ ਕਲਾ ਨਾਲ ਸਬੰਧਿਤ ਹੋਰ ਬਥੇਰੀ ਤਰ੍ਹਾਂ ਦੇ ਮਿਊਜ਼ੀਅਮ ਵੇਖੇ ਸਨ ਪਰ ਕਿਸੇ ਲੇਖਕ ਬਾਰੇ ਬਣੇ ਮਿਊਜ਼ੀਅਮ ਨੂੰ ਵੇਖਣ ਦਾ ਮੌਕਾ ਨਹੀਂ ਸੀ ਬਣਿਆਂ। ਉਂਜ ਵੀ ਉਥੇ ਫ਼ਿਲਮੀ ਅਦਾਕਾਰਾਂ ਦਾ ਤੇ ਖਿਡਾਰੀਆਂ ਦਾ ਕਰੇਜ਼ ਮੈਨੂੰ ਜ਼ਿਆਦਾ ਜਾਪਿਆ ਸੀ। ਪੰਜਾਬ ਵਿੱਚ ਤਾਂ ਖੈਰ ਇਸ ਕਿਸਮ ਦੀ ਮਿਸਾਲ ਹੀ ਨਹੀਂ ਮਿਲਦੀ ਕਿ ਕਿਸੇ ਲੇਖਕ ਦਾ ਮਿਊਜ਼ੀਅਮ ਹੋਵੇ ਅਤੇ ਲੋਕ ਮਹਿੰਗੇ ਭਾਅ ਦੀ ਟਿਕਟ ਲੈ ਕੇ ਉਸ ਨੂੰ ਵੇਖਣ ਆਉਣ। ਅਸਲ ਵਿੱਚ ਪੱਛਮ ਦੇ ਵਪਾਰੀ ਦੇ ਹੱਥ ਉਹ ਹੁਨਰ ਆ ਗਿਆ ਹੈ ਜਿਹੜਾ ਕਿਸੇ ਵੀ ਚੀਜ਼ ਨੂੰ ਵੇਚਣ ਦੀ ਤਰਕੀਬ ਜਾਣਦਾ ਹੈ।

ਇਸ ਮਿਊਜ਼ੀਅਮ ਵਿੱਚ ਸ਼ੈਕਸਪੀਅਰ ਦੀਆਂ ਸਿਰਫ ਰਚਨਾਵਾਂ ਹੀ ਨਹੀਂ ਬਲਕਿ ਉਸ ਦੇ ਜੀਵਨ-ਸਫ਼ਰ ਨਾਲ ਸਬੰਧਿਤ ਨਿੱਕੀ ਨਿੱਕੀ ਚੀਜ਼-ਵਸਤ ਸੰਭਾਲ ਕੇ ਪ੍ਰਦਰਸ਼ਿਤ ਕੀਤੀ ਗਈ ਸੀ। ਉਸ ਦੇ ਕਲਮਦਾਨ, ਪੜ੍ਹਨ ਵਾਲੇ ਕੁਰਸੀ-ਮੇਜ਼, ਲੈਂਪ, ਹੱਥ ਲਿਖਤਾਂ, ਡਾਇਰੀਆਂ ਅਤੇ ਚਿੱਠੀ-ਪੱਤਰ। ਸ਼ੈਕਸਪੀਅਰ ਦੇ ਬੂਟ, ਹੈਟ, ਕੋਟ ਅਤੇ ਗਾਊਨ ਵੇਖ ਕੇ ਇੱਕ ਵਾਰ ਤਾਂ ਵੇਖਣ ਵਾਲਾ ਉਸੇ ਸਮੇਂ ਵਿੱਚ ਚਲਾ ਜਾਂਦਾ ਸੀ। ਇਉਂ ਲਗਦਾ ਸੀ ਹੁਣੇ ਕਿਸੇ ਹਨੇਰੀ ਨੁੱਕਰ ‘ਚੋਂ ਨਿਕਲ ਕੇ ਸ਼ੈਕਸਪੀਅਰ ਸਾਖਸ਼ਾਤ ਰੂਪ ਵਿੱਚ ਸਾਹਮਣੇ ਖੜ੍ਹਾ ਹੋ ਜਾਵੇਗਾ। ਇਥੋਂ ਤੱਕ ਕਿ ਇੱਕ ਵਿਰੋਧੀ ਵੱਲੋਂ ਕੱਢੀਆਂ ਗਾਲ੍ਹਾਂ ਦਾ ਰਿਕਾਰਡ ਵੀ ਸਾਂਭ ਕੇ ਰੱਖਿਆ ਹੋਇਆ ਸੀ।

ਜਿਥੇ ਸ਼ੈਕਸਪੀਅਰ ਦਾ ਜਨਮ ਹੋਇਆ ਸੀ ਉਹ ਪੂਰਾ ਲੱਕੜ ਦਾ ਮਕਾਨ ਆਪਣੀ ਮੂਲ ਦਿੱਖ ਸਮੇਤ ਸਾਂਭਿਆ ਹੋਇਆ ਸੀ। ਇਨ੍ਹਾਂ ਚੀਜ਼ਾਂ-ਵਸਤਾਂ ਨੂੰ ਵਿਖਾਉਣ ਵਾਲਾ ਗਾਈਡ ਆਪਣੇ ਕੰਮ ਵਿੱਚ ਇਨਾ ਨਿਪੁੰਨ ਸੀ ਕਿ ਉਹ ਸ਼ੈਕਸਪੀਅਰ ਨੂੰ ਜਿਉਂਦੇ-ਜਾਗਦੇ ਰੂਪ ’ਚ ਦਰਸ਼ਕ ਦੀਆਂ ਅੱਖਾਂ ਅੱਗੇ ਸਾਕਾਰ ਕਰਨ ਦਾ ਯਤਨ ਕਰਦਾ ਸੀ। ਸ਼ੈਕਸਪੀਅਰ ਬਾਰੇ ਹਰੇਕ ਤਰ੍ਹਾਂ ਦਾ ਗਿਆਨ ਜਿਵੇਂ ਉਸ ਦੇ ਪੋਟਿਆਂ ਉਤੇ ਸੀ। ਕੋਈ ਕੁੱਝ ਵੀ ਪੁੱਛੇ ਉਹ ਹਰ ਹੀਲੇ ਦੱਸਦਾ।

ਜਿੱਥੇ ਸ਼ੈਕਸਪੀਅਰ ਦੇ ਨਾਟਕਾਂ ਦੇ ਦੁਨੀਆਂ ਭਰ ਦੀਆਂ ਜ਼ੁਬਾਨਾਂ ਵਿੱਚ ਕੀਤੇ ਅਨੁਵਾਦ ਦੇ ਨਮੂਨੇ ਪਏ ਸਨ, ਉਥੇ ਉਰਦੂ ਅਤੇ ਬੰਗਾਲੀ ’ਚ ਹੋਏ ਅਨੁਵਾਦ ਵੀ ਸਨ। ਮੈਨੂੰ ਇਹ ਵੇਖ ਕੇ ਨਿਰਾਸ਼ਾ ਹੋਈ ਕਿ ਉਥੇ ਪੰਜਾਬੀ ਦਾ ਨਮੂਨਾ ਕਿਉਂ ਨਹੀਂ ਸੀ।

ਸ਼ੈਕਸਪੀਅਰ ਦਾ ਮਿਊਜ਼ੀਅਮ ਵੇਖਦਿਆਂ ਮੈਨੂੰ ਉਹਨੀਂ ਦਿਨੀਂ ਚਲਾਣਾ ਕਰ ਗਏ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਬਹੁਤ ਯਾਦ ਆਈ। ਕੀ ਅਸੀਂ ਉਸ ਦੀ ਯਾਦ ਨੂੰ ਇਉਂ ਸਾਂਭ

Academy of the Punjab in North America: http://www.apnaorg.com

ਸਕਾਂਗੇ ਕਿ ਦੇਸ਼ਾਂ-ਵਿਦੇਸ਼ਾਂ ਦੇ ਲੋਕ ਟਿਕਟ ਖਰੀਦ ਕੇ, ਪੈਂਡਾ ਮਾਰ ਕੇ ਉਸ ਤੱਕ ਆਉਣ? ਲੰਡਨ 'ਚ ਮਾਰਕਸ ਦੀ ਕਬਰ ਅਤੇ ਪੰਜਾਬ 'ਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਸੁਪਨੇ 'ਪ੍ਰੀਤ ਨਗਰ' ਦੇ ਮਿੱਟੀ ਵਿੱਚ ਮਿਲਾ ਕੇ ਖੰਡਰ ਬਣਾ ਦਿੱਤੇ ਜਾਣ ਦੀ ਗੱਲ ਸੋਚ ਕੇ ਮੈਂ ਆਸਹੀਣ ਮਹਿਸੂਸ ਕੀਤਾ।

ਮਿਊਜ਼ੀਅਮ ਦੇ ਲਾਗਲੇ ਬਾਜ਼ਾਰ ਵਿੱਚ ਸ਼ੈਕਸਪੀਅਰ ਦੇ ਜੀਵਨ ਅਤੇ ਜਨਮ ਸਥਾਨ ਨਾਲ ਸਬੰਧਿਤ ਗਰੀਟਿੰਗ ਕਾਰਡ ਵਿਕ ਰਹੇ ਸਨ। ਸ਼ੈਕਸਪੀਅਰ ਦੇ ਨਾਟਕਾਂ ਦੀਆਂ ਸਟੇਜ਼ੀ ਪੇਸ਼ਕਾਰੀਆਂ ਅਤੇ ਫ਼ਿਲਮਾਂ ਲੈਣ ਲਈ ਉਤਸ਼ਾਹ ਸੈਲਾਨੀਆਂ ਵਿੱਚ ਸੀ। ਘਰਾਂ ਨੂੰ ਸਜਾਉਣ ਲਈ ਉਹ ਮਾਡਲ-ਚਿੰਨ੍ਹ ਵੀ ਮਿਲ ਰਹੇ ਸਨ ਜਿਹੜੇ ਸ਼ੈਕਸਪੀਅਰ ਨਾਲ ਸਬੰਧਿਤ ਸਨ।

ਸਾਡੇ ਲੋਕਾਂ ਵਿੱਚ ਅਜਿਹੀ ਕਲਾ-ਚੇਤਨਾ ਪੈਦਾ ਨਾ ਹੋ ਸਕਣ ਦੇ ਕੀ ਕਾਰਨ ਹਨ? ਸ਼ੈਕਸਪੀਅਰ ਦੇ ਸ਼ਹਿਰ ਵਿੱਚ ਇੱਕ ਖ਼ੂਬਸੂਰਤ ਪੱਬ ਵਿੱਚ ਬੀਅਰ ਦੀਆਂ ਚੁਸਕੀਆਂ ਲੈਂਦੇ ਅਸੀਂ ਬੜੀ ਸ਼ਿੱਦਤ ਨਾਲ ਇਹ ਮਸਲਾ ਵਿਚਾਰ ਰਹੇ ਸਾਂ ਪਰ ਕੋਈ ਤੰਦ ਹੱਥ ਨਹੀਂ ਸੀ ਆ ਰਹੀ। ਲੋਕ ਬੜੇ ਉਮਾਹ ਨਾਲ ਇਸ ਸ਼ਹਿਰ ਦੀ ਹਰੇਕ ਗਲੀ ਵਿੱਚ ਇਹ ਸੋਚ ਕੇ ਹੇਲੀਆਂ ਦਿੰਦੇ ਫਿਰਦੇ ਸਨ ਕਿ ਇਥੇ ਹੀ ਕਿਤੇ ਸ਼ੈਕਸਪੀਅਰ ਤੁਰਦਾ-ਫਿਰਦਾ ਰਹਿੰਦਾ ਹੋਵੇਗਾ।

ਇਸ ਸ਼ਹਿਰ ਵਿੱਚ ਬਹੁਤ ਸਮਾਂ ਬਿਤਾਉਣ ਕਰਕੇ ਸਾਨੂੰ ਬਰਮਿੰਘਮ ਦੇ ਲੇਖਕਾਂ ਨਰਿੰਜਨ ਨੂਰ ਤੇ ਡਾ. ਦੇਵਿੰਦਰ ਚੰਦਨ ਆਦਿ ਹੋਰਾਂ ਨੂੰ ਮਿਲਣ ਦਾ ਪ੍ਰੋਗਰਾਮ ਤਿਆਗਣਾ ਪਿਆ, ਕਿਉਂਕਿ ਪੁਰੇਵਾਲ ਨੇ ਡਰਬੀ ਤੋਂ ਨਿਕਲਣ ਵਾਲੇ ਪ੍ਰਸਿੱਧ ਪੰਜਾਬੀ ਅਖ਼ਬਾਰ 'ਇੰਟਰਨੈਸ਼ਨਲ ਟਾਈਮਜ਼' ਪਹੁੰਚਣ ਦਾ ਪ੍ਰੋਗਰਾਮ ਪਹਿਲਾਂ ਹੀ ਹਰਬਖਸ਼ ਮਕਸੂਦਪੁਰੀ ਨਾਲ ਉਲੀਕ ਲਿਆ ਹੋਇਆ ਸੀ। ਅਸੀਂ ਦਰਸ਼ਨ ਧੀਰ ਨੂੰ ਘਰ ਨਾ ਛੱਡ ਕੇ ਨਾਲ ਹੀ ਡਰਬੀ ਲੈ ਆਂਦਾ ਤਾਂ ਕਿ ਸ਼ਾਮ ਦੀ ਮਹਿਫ਼ਲ ਭਰਵੀਂ ਰਹੇ।

ਦਫ਼ਤਰ ਪਹੁੰਚੇ ਤਾਂ ਅਖ਼ਬਾਰ ਦਾ ਐਡੀਟਰ ਸ. ਰਜਿੰਦਰ ਸਿੰਘ ਬੜੇ ਚਾਅ ਨਾਲ ਮਿਲਿਆ। ਇਹ ਅਖ਼ਬਾਰ ਭਾਵੇਂ ਵਧੇਰੇ ਕਰਕੇ ਗਰਮਦਲੀਏ ਸਿੱਖਾਂ ਦੀ ਸੋਚ ਵਾਲਾ ਹੈ ਪਰ ਇਸ ਦਾ ਸਾਹਿਤਕ ਅੰਕ ਲੇਖਕਾਂ 'ਚ ਪੂਰੀ ਤਰ੍ਹਾਂ ਪਰਵਾਨ ਹੈ। ਹਰਬਖ਼ਸ਼ ਮਕਸੂਦਪੁਰੀ ਇਸ ਸਾਹਿਤਕ ਅੰਕ ਨੂੰ ਤਿਆਰ ਕਰਦਾ ਹੈ। ਮਕਸੂਦਪੁਰੀ ਦੀ ਪ੍ਰੇਰਣਾ ਸਦਕਾ ਹੀ ਇਸ ਅਖ਼ਬਾਰ ਦੇ ਦਫ਼ਤਰ 'ਚ ਚੱਕਰ ਲਾਉਣ ਵਾਲੇ ਹਰੇਕ ਭਾਰਤੀ-ਪਾਕਿਸਤਾਨੀ ਪੰਜਾਬੀ ਲੇਖਕ ਦੀ ਇੰਟਰਵਿਊ ਕਰਕੇ ਛਾਪੀ ਜਾਂਦੀ ਹੈ ਅਤੇ ਇਵਜ਼ ਵਿੱਚ ਉਸ ਨੂੰ ਪੱਚੀ-ਤੀਹ ਪੌਂਡ ਪਿਆਰ-ਭੇਟਾ ਵਜੋਂ ਦਿੱਤੇ ਜਾਂਦੇ ਹਨ।

ਡਰਬੀ ਦੇ ਨਵੇਂ ਨਵੇਂ ਉਭਰ ਰਹੇ ਕਵੀ ਜਸਵਿੰਦਰ ਮਾਨ ਦੇ ਘਰ ਰਾਤ ਦੀ ਬੈਠਕ ਸਮੇਂ ਹਰਬਖਸ਼ ਮਕਸੂਦਪੁਰੀ ਨੇ ਮੇਰੇ ਨਾਲ ਇੱਕ ਲੰਮੀ ਇੰਟਰਵਿਊ ਰਿਕਾਰਡ ਕਰ ਲਈ। ਪਰ ਇਸ

Academy of the Punjab in North America: http://www.apnaorg.com

ਨਾਲ ਮਹਿਫ਼ਲ ਦਾ ਕੁੱਝ 'ਕੀਮਤੀ' ਸਮਾਂ ਬਰਬਾਦ ਹੋਣ ਕਰਕੇ ਭੁਪਿੰਦਰ ਪੁਰੇਵਾਲ ਦੀ 'ਹਮਕੀ-ਤੁਮਕੀ' ਵੀ ਸਹਿਣੀ ਪਈ। ਉਤੋਂ ਮੈਂ ਮੁਲਾਕਾਤ ਦੌਰਾਨ ਸੁਰਜੀਤ ਪਾਤਰ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਸਭ ਤੋਂ ਵੱਡਾ ਕਵੀ ਕਹਿ ਕੇ ਹੋਰ ਬਲਦੀ ਉਤੇ ਤੇਲ ਪਾ ਬੈਠਾ ਸਾਂ। ਸਿਤਮ ਦੀ ਗੱਲ ਤਾਂ ਇਹ ਸੀ ਕਿ ਮੈਂ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਨੂੰ ਵੀ ਪੰਜਾਬੀ ਦੇ ਚੰਗੇ ਕਵੀਆਂ ਅਤੇ ਗੀਤਕਾਰਾਂ ਦੀ ਕਤਾਰ 'ਚ ਸ਼ਾਮਿਲ ਕਰਕੇ, ਪੁਰੇਵਾਲ ਦੇ ਸ਼ਬਦਾਂ ਵਿੱਚ 'ਆਪਣੀ ਔਕਾਤ' ਵਿਖਾ ਚੁੱਕਾ ਸਾਂ, ਪਰ ਮੈਂ ਆਪਣੇ ਸਟੈਂਡ ਉਤੇ ਕਾਇਮ ਰਿਹਾ। ਹਰਬਖਸ਼ ਮਕਸੂਦਪੁਰੀ ਜੋ ਬਜ਼ੁਰਗ ਆਲੋਚਕ ਅਤੇ ਪੁੰਘਰ ਰਿਹਾ ਪੰਜਾਬੀ ਕਵੀ ਹੈ, ਨੂੰ ਇਉਂ ਘਿਣ ਜਿਹੀ ਆਈ ਜਿਵੇਂ ਮਰਾੜ੍ਹਾਂ ਵਾਲੇ ਦੇ ਸ਼ਾਮਿਲ ਹੋਣ ਨਾਲ ਪੰਜਾਬੀ ਕਵਿਤਾ ਭਿੱਟੀ ਗਈ ਹੋਵੇ। ਕਿਹੋ ਜਿਹੀ ਕੱਟੜਤਾ ਸੀ ਇਹ? ਜੋ ਨੱਬੇ ਪ੍ਰਤੀਸ਼ਤ ਲੋਕਾਂ ਨੂੰ ਪਰਵਾਨ ਹੀ ਨਹੀਂ ਸਗੋਂ ਹਰਮਨ ਪਿਆਰਾ ਲੱਗਦਾ ਹੈ, ਉਸ ਨੂੰ ਸਾਡੇ 'ਇਲੀਟ ਲੇਖਕ' ਜ਼ੀਰੋ ਨੰਬਰ ਵੀ ਦੇਣ ਨੂੰ ਤਿਆਰ ਨਹੀਂ ਸਨ। ਦੂਜੇ ਪਾਸੇ ਕਵੀ ਦੇ ਆਪਣੇ ਆਪ ਨੂੰ ਵੀ ਮੁਸ਼ਕਲ ਨਾਲ ਸਮਝ ਆਉਣ ਵਾਲੀ, ਲੈਅ ਵਿਹੂਣੀ ਅਤੇ ਪੰਜਾਬੀ ਦੇ ਠੇਠ ਮੁਹਾਵਰੇ ਤੋਂ ਕੋਰੀ ਕਵਿਤਾ ਨੂੰ ਪਹਿਲ ਦਿੱਤੀ ਜਾ ਰਹੀ ਸੀ। ਨਾਲ ਹੀ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਇਸ 'ਆਧੁਨਿਕਵਾਦੀ' ਅਤੇ 'ਉਤਰ-ਆਧੁਨਿਕਵਾਦੀ' ਕਵਿਤਾ ਨੂੰ ਆਮ ਲੋਕ ਪੜ੍ਹਨ। ਮੈਨੂੰ ਕਦੇ ਵੀ ਸਜ਼ਾ ਭੁਗਤਣ ਵਾਂਗ ਪੜ੍ਹੇ ਜਾਣ ਵਾਲੇ ਸਾਹਿਤ ਦੀ ਤਰਫ਼ਦਾਰੀ ਚੰਗੀ ਨਹੀਂ ਲੱਗਦੀ। ਸਾਹਿਤ ਦਾ ਪਹਿਲਾ ਗੁਣ ਸਾਹਿਤਕਤਾ ਤੇ ਰੌਚਿਕਤਾ ਹੁੰਦਾ ਹੈ ਅਤੇ ਦੂਜਾ ਕਿਸੇ ਸੁਨੇਹੇ ਦਾ ਸੰਚਾਰ ਕਰਨਾ। ਨਿਰੋਲ ਨਿੱਜੀ ਊਤ-ਘਤੂਤੀਆਂ ਨੂੰ ਸਾਹਿਤ ਕਿਵੇਂ ਮੰਨਿਆ ਜਾਵੇ?

ਇਸ ਬਹਿਸ ਦਾ ਕੋਈ ਸਿੱਟਾ ਨਾ ਨਿਕਲਦਾ ਵੇਖ ਕੇ ਅੰਤ ਨੂੰ ਇਸ ਵਿਸ਼ੇ ਨੂੰ ਹੀ 'ਗੋਲੀ ਮਾਰਨ' ਦਾ ਫੈਸਲਾ ਹੋ ਗਿਆ। ਕਵਿਤਾ ਤੋਂ ਪਿੱਛੋਂ ਨਾਵਲ ਦੀ ਗੱਲ ਚੱਲੀ ਤਾਂ ਵਿਚਾਰਾ ਦਰਸ਼ਨ ਧੀਰ ਵਿਰੋਧੀ ਦਲਾਂ ਵਿੱਚ 'ਕੱਲ-ਮੁਕੱਲਾ' ਘਿਰ ਗਿਆ। ਪਰ ਚੰਗੀ ਗੱਲ ਇਹ ਹੋਈ ਕਿ ਬਰਤਾਨੀਆਂ ਦਾ ਚੋਟੀ ਦਾ ਨਾਵਲਕਾਰ ਨਾ ਗਿਣੇ ਜਾਣ ਦੇ ਵਿਚਾਰ ਨਾਲ ਵੀ ਉਹ ਤੈਸ਼ 'ਚ ਨਾ ਆਇਆ। ਉਸ ਨੂੰ ਵੀ ਅਣਗੌਲੇ ਜਾਣ ਦਾ ਰੋਸ ਤਾਂ ਸੀ ਪਰ ਇਸ ਗੱਲ ਨਾਲ ਉਹ ਸਵਰਨ ਚੰਦਨ ਵਾਂਗ ਵਿਸ਼ਾਦਗ੍ਰਸਤ ਨਹੀਂ ਸੀ। ਉਸਨੂੰ ਆਲੋਚਕਾਂ ਦੀ ਥਾਂ ਪਾਠਕਾਂ ਤੋਂ ਵਧੇਰੇ ਤਸੱਲੀ ਸੀ।

ਇਕ ਗੱਲ ਮੈਂ ਹਰੇਕ ਮਹਿਫ਼ਲ ਵਿੱਚ ਹੀ ਮਹਿਸੂਸ ਕੀਤੀ ਕਿ ਪਰਵਾਸੀ ਲੇਖਕਾਂ ਨੂੰ ਪਰਵਾਸੀ ਸ਼ਬਦ ਨਾਲ ਬਹੁਤ ਚਿੜ੍ਹ ਸੀ। ਉਨ੍ਹਾਂ ਨੂੰ ਜਾਪਦਾ ਸੀ ਕਿ ਸ਼ਾਇਦ ਇਉਂ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਤੋਂ ਲਾਂਭੇ ਕਰ ਕੇ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਜਦ ਕਿ ਭਾਰਤੀ

Academy of the Punjab in North America: http://www.apnaorg.com

ਪੰਜਾਬ ਵਿੱਚ ਇਸ ਦੇ ਉਲਟ ਭਾਵਨਾ ਹੈ। ਇਨ੍ਹਾਂ ਨੂੰ ਜਾਪਦਾ ਹੈ ਕਿ ਪਰਵਾਸੀ ਲੇਖਕਾਂ ਨੂੰ ਆਲੋਚਕ ਇਸ ਕਰਕੇ ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਵਿਦੇਸ਼-ਫੇਰੀ ਦਾ ਗਾਂੌਂ ਹੁੰਦਾ ਹੈ। ਉਹ ਸਮਝਦੇ ਹਨ ਕਿ ਜੇ ਨਿਰਪੱਖ ਦ੍ਰਿਸ਼ਟੀ ਨਾਲ ਵਾਚਿਆ ਜਾਵੇ ਤਾਂ ਪਰਵਾਸੀ ਲੇਖਕਾਂ ਦੀ ਭੀੜ ਵਿਚੋਂ ਬਹੁਤ ਵਿਰਲੇ ਹੀ ਚੰਗੇ ਲੇਖਕ ਹੋਣ ਦਾ ਸਥਾਨ ਪ੍ਰਾਪਤ ਕਰ ਸਕਣਗੇ।

ਮੇਰਾ ਤਰਕ ਹੈ ਕਿ ਪਰਵਾਸੀ ਕਹੇ ਜਾਣ ਨਾਲ ਨਾ ਉਹ ਛੁਟਿਆਏ ਜਾਂਦੇ ਹਨ ਅਤੇ ਨਾ ਹੀ ਵਡਿਆਏ। ਇਹ ਸ਼ਬਦ ਤਾਂ ਅਕਾਦਮਿਕ ਅਧਿਐਨ ਦੀ ਸੌਖ ਵਾਸਤੇ ਢੁੱਕਵਾਂ ਹੋਣ ਕਰਕੇ ਵਿਸ਼ੇਸ਼ਣ ਵਜੋਂ ਵਰਤਣਾ ਪੈਂਦਾ ਹੈ। ਇਹ ਕੋਈ ਮਾੜੀ ਗੱਲ ਵੀ ਨਹੀਂ। ਅਸਲ ਵਿੱਚ ਪਰਵਾਸੀ ਲੇਖਕਾਂ ਦੀ ਤਾਂ ਵਿਲੱਖਣਤਾ ਹੀ ਉਸ ਨਿਵੇਕਲੇ ਵਿਸ਼ੇ-ਵਸਤੂ ਅਤੇ ਪ੍ਰਗਟਾ ਜੁਗਤਾਂ ਕਰਕੇ ਹੈ ਜਿਸ ਦਾ ਸਬੰਧ ਪੂਰਬੀ ਅਤੇ ਪੱਛਮੀ ਜੀਵਨ-ਜਾਚ ਦੇ ਦਵੰਦ ਨਾਲ ਬਣਦਾ ਹੈ।

ਇਹ ਬਹਿਸ ਵੀ ਕਿਤੇ ਨਾ ਮੁੱਕਣ ਵਾਲੀ ਸੀ ਪਰ ਮੂੰਹ ਚਿਕਨ ਦੇ ਸੁਆਦਲੇ ਪੀਸਾਂ ਅਤੇ ਫੁਲਕਿਆਂ ਨਾਲ ਭਰ ਜਾਣ ਕਰਕੇ ਬੋਲੇ ਜਾਣ ਦੀ ਔਖ ਕਾਰਨ ਇਸ ਵਿਚਾਰ-ਚਰਚਾ ਨੂੰ ਵੀ ਦਮ ਤੋੜਨਾ ਪਿਆ। ਵਿਚਾਰਾ ਸ਼ੈਕਸਪੀਅਰ ਹੁਣ ਇਥੇ ਕਿੱਥੇ ਠਹਿਰ ਸਕਦਾ ਸੀ?

## ਗਲਾਸਗੋ ਦਾ 'ਮੇਲ-ਮਿਲਾਪ'

ਕੁਦਰਤ ਦਾ ਹੁਸਨ ਵੇਖ ਮੈਨੂੰ ਵਾਰ ਵਾਰ ਇਹ ਅਹਿਸਾਸ ਹੋ ਰਿਹਾ ਸੀ ਕਿ ਜੇ ਮੈਂ ਸਕਾਟਲੈਂਡ ਵੱਲ ਦਾ ਗੇੜਾ ਨਾ ਮਾਰ ਸਕਦਾ ਤਾਂ ਨਿਸਚੇ ਹੀ ਬੜਾ ਵੱਡਾ ਘਾਟਾ ਪੈ ਜਾਣਾ ਸੀ। ਢਲਵੇਂ ਪਹਾੜਾਂ ਉਤੇ ਮੀਲਾਂ ਬੱਧੀ ਹਰੇ-ਕਚੂਰ ਘਾਹ ਦਾ ਜੰਮ ਇਉਂ ਜਾਪਦਾ ਸੀ ਜਿਵੇਂ ਗਲੀਚਾ ਵਿਛਾਇਆ ਹੋਵੇ। ਐਨੀਆਂ ਵਿਸ਼ਾਲ ਚਾਰਗਾਹਾਂ ਮੈਂ ਪਹਿਲੀ ਵਾਰ ਵੇਖ ਰਿਹਾ ਸਾਂ। ਚਾਟੀ ਜਿੱਡੇ ਜਿੱਡੇ ਹਵਾਨੇ ਵਾਲੀਆਂ ਮੱਲੀਆਂ ਗਾਵਾਂ ਦੇ ਵੱਗਾਂ ਦੇ ਵੱਗ ਇਹਨਾਂ ਚਰਾਂਦਾਂ ਵਿੱਚ ਫਿਰਦੇ ਸਨ। ਆੜ੍ਹਤੀਆਂ ਦੀ ਦੁਕਾਨ 'ਚ ਢੋਅ ਲਾਉਣ ਲਈ ਰੱਖੇ ਗੋਲ-ਮਟੋਲ ਸਿਰਹਾਣਿਆਂ ਵਾਂਗ ਫੁੱਲੀਆਂ ਚਿੱਟੀਆਂ ਭੇਡਾਂ ਦੂਰੋਂ ਇਉਂ ਲਗਦੀਆਂ ਸਨ ਜਿਵੇਂ ਕੁਦਰਤ ਰਾਣੀ ਦੇ ਨੱਕ 'ਚ ਪਾਏ ਕੋਕੇ 'ਚ ਨਗ ਜੜੇ ਹੋਣ। ਇਨ੍ਹਾਂ ਹੁਸੀਨ ਕੁਦਰਤੀ ਨਜ਼ਾਰਿਆਂ ਨੇ ਹੀ ਰੁਮਾਂਟਿਕ ਕਵੀਆਂ - ਵਰਡਜ਼ਵਰਥ,

Academy of the Punjab in North America: http://www.apnaorg.com

ਕੀਟਸ, ਸ਼ੈਲੇ ਦੀ ਕਲਮ ਨੂੰ ਜੁੰਬਸ਼ ਬਖਸ਼ੀ ਹੋਵੇਗੀ। ਪਰ ਪੰਜਾਬੀ ਦੇ ਪਰਵਾਸੀ ਕਾਵਿ ਜਾਂ ਗਲਪ ਵਿੱਚ ਇਹ ਭੂ-ਦ੍ਰਿਸ਼ (ਲੈਂਡ-ਸਕੇਪ) ਕਿਉਂ ਨਹੀਂ ਸਨ ਆਏ? ਜਾਪਦਾ ਸੀ ਕਿ ਪਰਵਾਸੀ ਪੰਜਾਬੀਆਂ ਲਈ ਇਥੋਂ ਦੇ ਪੌਂਡਾਂ ਤੋਂ ਸੁੰਦਰ ਹੋਰ ਕੋਈ ਦ੍ਰਿਸ਼ ਜਾਂ ਸ਼ੈਅ ਨਹੀਂ ਸੀ।

ਜੇ ਇਹ ਸਫ਼ਰ ਪੰਜ ਘੰਟੇ ਦੀ ਥਾਂ ਦਸ ਘੰਟੇ ਦਾ ਹੁੰਦਾ ਤਾਂ ਵੀ ਮੈਂ ਭੋਰਾ-ਭਰ ਨਹੀਂ ਸੀ ਅੱਕਣਾ। ਅਜਿਹਾ ਇੱਕ ਦ੍ਰਿਸ਼ ਵੇਖਣ ਵਾਸਤੇ ਡਲਹੌਜ਼ੀ ਤੋਂ ਅੱਗੇ ਖ਼ਿਜ਼ਾਰ ਜਾਣਾ ਪੈਂਦਾ ਹੈ ਪਰ ਇਥੇ ਤਾਂ ਮੀਲਾਂ ਬੱਧੀ ਖ਼ਿਜ਼ਾਰ ਹੀ ਖ਼ਿਜ਼ਾਰ ਸੀ।

ਗਲਾਸਗੋ ਪਹੁੰਚ ਕੇ ਇੱਕ ਦੋ ਵਾਰ ਗੁਰਦੀਪ ਪੁਰੀ ਦੇ ਦਫਤਰ ਮੇਲ-ਮਿਲਾਪ ਸੈਂਟਰ ਦਾ ਥਹੁ-ਪਤਾ ਪੁੱਛਣਾ ਪਿਆ ਤਾਂ ਬੋਲੀ ਦੇ ਪੱਖੋਂ ਬਹੁਤ ਤੰਗੀ ਹੋਈ। ਜਿਵੇਂ ਬਿਹਾਰ ਦੇ ਭਈਆਂ ਦੀ ਹਿੰਦੀ ਸਮਝ ਨਹੀਂ ਆਉਂਦੀ ਇਵੇਂ ਹੀ ਸਕਾਟਲੈਂਡ ਦੇ ਲੋਕਾਂ ਦੀ ਅੰਗਰੇਜ਼ੀ ਦਾ ਉਚਾਰਨ ਭਿੰਨ ਤਰ੍ਹਾਂ ਦਾ ਹੈ। ਬੋਲਦੇ ਤਾਂ ਇਉਂ ਲੱਗਦੇ ਹਨ ਜਿਵੇਂ ਉਨ੍ਹਾਂ ਦੀ ਜੀਭ ਮੋਟੀ ਹੋਵੇ ਤੇ ਔਖੀ ਮੁੜਦੀ ਹੋਵੇ।

ਆਪਣੇ ਦਫ਼ਤਰ ਦੇ ਆਲੀਸ਼ਾਨ ਕਮਰੇ ਵਿੱਚ ਮੈਨੇਜਰ ਦੀ ਕੁਰਸੀ ਉਤੇ ਸੱਜਿਆ ਬੈਠਾ ਨੌਜਵਾਨ ਗੁਰਦੀਪ ਪੁਰੀ ਬੜੇ ਚਾਅ ਅਤੇ ਸਲੀਕੇ ਨਾਲ ਮਿਲਿਆ। ਸਾਜ਼ੋ-ਸਮਾਨ ਤੋਂ ਹੀ ਇਹ ਦਫ਼ਤਰ ਜਾਪਦਾ ਸੀ, ਉਂਜ ਵਰਤੋਂ-ਵਿਹਾਰ ਸਾਰਾ ਘਰ-ਪਰਿਵਾਰ ਵਰਗਾ ਸੀ। ਇਹ ਪੰਜਾਬੀ ਬਜ਼ੁਰਗਾਂ ਵਾਸਤੇ ਬਣਿਆ 'ਡੇਅ ਕੇਅਰ ਸੈਂਟਰ' ਹੈ ਪਰ ਇਥੇ ਟਾਵੇਂ ਟਾਵੇਂ ਅੰਗਰੇਜ਼ ਬੁੜੇ-ਬੁੜੀਆਂ ਵੀ ਨਜ਼ਰ ਆਉਂਦੇ ਸਨ। ਇਸ ਵਿਚਲੇ ਮੁਲਾਜ਼ਮ ਸਾਰੇ ਪੰਜਾਬੀ ਮਰਦ-ਔਰਤਾਂ ਹੀ ਸਨ ਅਤੇ ਉਨ੍ਹਾਂ ਦਾ ਇੱਕ ਦੂਜੇ ਨਾਲ ਸਬੰਧ ਬੜਾ ਕੂਲੇਪਣ ਵਾਲਾ ਸੀ। ਪੁਰੀ ਦੀਆਂ ਸਹਿਯੋਗੀ ਸੁਰਜੀਤ ਕੌਰ ਤੇ ਹੋਰ ਕੁੜੀਆਂ ਬਜ਼ੁਰਗਾਂ ਦੀ ਨਿੱਕੀ-ਨਿੱਕੀ ਲੋੜ ਦਾ ਧਿਆਨ ਰਖਦੀਆਂ ਸੁਚੱਜੀਆਂ ਨੂੰਹਾਂ ਵਾਂਗ ਅਸੀਸਾਂ ਨਾਲ ਝੋਲੀਆਂ ਭਰ ਰਹੀਆਂ ਸਨ। ਤਾਸ਼ ਖੇਡਦੇ, ਟੀ. ਵੀ. ਵੇਖਦੇ, ਅਖ਼ਬਾਰ ਪੜ੍ਹਦੇ ਅਤੇ ਇੱਕ ਦੂਜੇ ਨੂੰ ਛੇੜ-ਮਸ਼ਕਰੀਆਂ ਕਰਦੇ ਬਜ਼ੁਰਗ ਇਸ ਸੈਂਟਰ ਦੀ ਰੌਣਕ ਬਣੇ ਹੋਏ ਸਨ। ਸੱਚਮੁੱਚ ਪੁਰੀ ਅਤੇ ਸੁਰਜੀਤ ਕੌਰ ਹੋਰਾਂ ਦੀ ਇਹ ਨੌਕਰੀ ਨਾਲੇ ਪੁੰਨ ਨਾਲੇ ਫਲੀਆਂ ਵਾਲੀ ਸੀ।

ਸ਼ਾਮ ਨੂੰ ਜਦ ਸੈਂਟਰ ਦੀ ਬੱਸ ਬਜ਼ੁਰਗਾਂ ਨੂੰ ਘਰੋ-ਘਰੀ ਛੱਡ ਆਈ ਤਾਂ ਓਧਰੋਂ ਫ਼ਾਰਗ ਹੋ ਕੇ ਪੁਰੀ ਸਾਡੀ ਸੇਵਾ ਵਿੱਚ ਲੱਗ ਗਿਆ। ਉਸ ਦੇ ਖਿੜੇ ਚਿਹਰੇ ਨੂੰ ਵੇਖ ਕੇ ਲੱਗਦਾ ਹੀ ਨਹੀਂ ਸੀ ਕਿ ਉਹ ਕਿਤੇ ਥੱਕਿਆ ਜਾਂ ਅੱਕਿਆ ਹੋਵੇਗਾ। ਪੁਰੀ ਦੇ ਘਰ ਪਹੁੰਚੇ ਤਾਂ ਉਸ ਦੀ ਪਤਨੀ ਅਤੇ ਦੋ ਨਿੱਕੀਆਂ ਧੀਆਂ ਵੀ ਉਸ ਵਾਂਗ ਹੀ ਮਿਲਾਪੜੀਆਂ ਸਨ। ਇਸ ਤਰ੍ਹਾਂ ਦੇ ਖੁਸ਼ ਪਰਵਾਸੀ ਪਰਿਵਾਰ

Academy of the Punjab in North America: http://www.apnaorg.com

ਵਿਰਲੇ ਹੀ ਨਜ਼ਰ ਆਉਂਦੇ ਹਨ। ਪੁਰੀ ਦਾ ਕੁੜੀਆਂ ਤੋਂ ਵੱਡਾ ਮੁੰਡਾ ਆਪਣੇ ਦਾਦਕੇ ਘਰ ਮੋਗੇ ਰਹਿੰਦਾ ਹੈ ਪਰ ਪਰਿਵਾਰ ਦੀ ਗੱਲਬਾਤ ਨਾਲ ਉਹ ਹਰ ਵੇਲੇ ਉਥੇ ਹਾਜ਼ਰ ਜਾਪਦਾ ਸੀ।

ਆਪਣੇ ਘਰੋ-ਘਰੀ ਗੇੜਾ ਮਾਰਨ ਤੋਂ ਪਿੱਛੋਂ ਪੁਰੀ ਦੇ ਕੁਲੀਗ ਅਤੇ ਦੋਸਤ ਵੀ ਪਹੁੰਚਣੇ ਸ਼ੁਰੂ ਹੋ ਗਏ। ਗੁਰਦੇਵ, ਬਿਰਹਾ, ਅਨਮੋਲ ਰਤਨ, ਗੁਰਦਿਆਲ ਸੂਫ਼ੀ, ਭੁਪਿੰਦਰ ਪੁਰੇਵਾਲ ਆਦਿ ਕਵੀ ਮਿੱਤਰ ਮਿਲ ਕੇ ਬੈਠੇ ਤਾਂ ਚੰਗਾ ਕਾਵਿਕ ਮਾਹੌਲ ਬਣ ਗਿਆ। ਉਪਰੋਂ ਸ਼ਾਨੋ-ਸ਼ੌਕਤ ਦੇ ਵਰਕ ਨਾਲ ਢਕੇ ਇਨ੍ਹਾਂ ਦੋਸਤਾਂ ਦੇ ਧੁਰ ਅੰਦਰ ਤੱਕ ਫੈਲੀ ਉਦਾਸੀ, ਬੇਗਾਨਗੀ ਅਤੇ ਜਲਾਵਤਨੀ ਦੀ ਭਾਵਨਾ ਉਨ੍ਹਾਂ ਦੀ ਕਵਿਤਾ ਰਾਹੀਂ ਡੁੱਲ੍ਹ-ਡੁੱਲ੍ਹ ਪੈਣ ਲੱਗੀ। ਝੂਠ ਤਾਂ ਕਵਿਤਾ ਵੀ ਨਹੀਂ ਸੀ ਬੋਲਦੀ ਅਤੇ ਸੱਚੇ ਮੋਬਾਈਲ ਫੋਨ, ਅਰਾਮਦਾਇਕ ਕਾਰਾਂ ਅਤੇ ਸੁੱਖ-ਅਰਾਮ ਦੇ ਹੋਰ ਸੰਦ-ਸਾਧਨ ਵੀ ਸਨ। ਇਹ ਤਣਾਅ ਹੀ ਹਰੇਕ ਕਵਿਤਾ ਦਾ ਕੇਂਦਰੀ ਭਾਵ ਜਾਪਦਾ ਸੀ। ਦੋ ਦੋ ਗਲਾਸੀਆਂ ਪੀਣ ਪਿੱਛੋਂ ਮਨ ਹੋਰ ਦ੍ਰਵਤ ਹੋਏ ਤਾਂ ਪਰਵਾਸ ਦੇ ਸੋਨ-ਪਿੰਜਰੇ 'ਚ ਬੰਦ ਹੋਣ ਦਾ ਅਹਿਸਾਸ ਪ੍ਰਬਲ ਹੋ ਗਿਆ। ਪਰ ਇਹ ਵੈਰਾਗਮਈ ਸਥਿਤੀ ਤਾਂ ਜਿਵੇਂ ਵਕਤੀ ਸੀ ਅਤੇ ਜਾਂ ਫਿਰ ਕਵਿਤਾ ਲਿਖਣ ਵਾਸਤੇ ਹੀ ਸੀ। ਹਕੀਕਤ ਦੀ ਦੁਨੀਆਂ ਵਿਚੋਂ ਬੋਲ ਰਿਹਾ ਸੈਂਟਰ ਦੀ ਬੱਸ ਦਾ ਡਰਾਇਵਰ ਅਨਮੋਲ ਰਤਨ ਤਾਂ ਜਿਵੇਂ ਇਹ ਕਹਿਣਾ ਚਾਹੁੰਦਾ ਸੀ, 'ਭਾ ਜੀ ਛੱਡੋ ਇਹ ਰੋਣ-ਧੋਣ, ਹਾਥੀ ਤੇ ਚੜ੍ਹੀ ਨੇ ਵੀ ਰੋਈ ਜਾਣੈਂ ਹੋਰ ਕੀ ਉਹ ਵੰਝ ਭਾਲਦੀ ਐ।' ਕਵਿਤਾ ਵੱਲੋਂ ਥੋੜ੍ਹੀ ਜਿਹੀ ਠੱਲ੍ਹ ਪਈ ਤਾਂ ਉਸ ਨੇ ਦਾਅ ਲੱਗਿਆ ਵੇਖ ਕੇ ਪੁੱਛਿਆ, 'ਭਾ ਜੀ ਆਂਹਦੇ ਐ, ਮਿਲਵਾਕੀ ਵਾਲੀ ਕਾਨਫਰੰਸ ਦੇ ਬਹਾਨੇ ਜਾਅਲੀ ਬੰਦੇ ਲੇਖਕ ਬਣਾ ਬਣਾ ਲੰਘਾ ਲਿਆਂਦੇ ਐ, ਜੇ ਪਹਿਲਾਂ ਪਤਾ ਲੱਗ ਜਾਂਦਾ ਤਾਂ ਮੈਂ ਆਪਣੇ ਭਰਾ ਲਈ ਬੰਨ੍ਹ-ਸੁੱਭ ਕਰ ਲੈਂਦਾ, ਇੱਕ ਵਾਰੀ ਹੱਦ ਲੰਘ ਆਵੇ ਫੇਰ ਤਾਂ ਅਸੀਂ ਆਪੇ ਸਾਂਭ ਲਵਾਂਗੇ। ਭਾ ਜੀ ਹੁਣ ਫੇਰ ਕਦੋਂ ਹੋਣੀ ਐਂ ਇਹੋ ਜੀ ਪੰਜਾਬੀ ਕਾਨਫਰੰਸ?' ਅਗਲੀ ਕਵਿਤਾ ਸੁਣਾਉਣ ਦੀ ਤਿਆਰੀ 'ਚ ਬੈਠੇ ਪੁਰੇਵਾਲ ਨੂੰ ਅਨਮੋਲ ਰਤਨ ਕਾਣੀ ਕੌਡੀ ਵਰਗਾ ਜਾਪਿਆ ਜਿਸ ਨੇ 'ਉੱਚੇ ਨਛੱਤਰੀਂ' ਵਸਦੀ ਕਵਿਤਾ ਨੂੰ ਧਰਤੀ ਤੇ ਪਟਕਾ ਮਾਰਿਆ ਸੀ। ਪੁਰੀ ਨੇ ਵੀ ਅੱਖਾਂ ਦੀ ਘੂਰ ਨਾਲ ਉਸ ਨੂੰ ਚੁੱਪ ਕਰਾਉਣਾ ਚਾਹਿਆ ਪਰ ਉਹ ਮੁਰਗੇ ਦੀ ਲੱਤ ਉਤਲਾ ਮਾਸ ਚੂੰਡ ਰਿਹਾ ਜਿਵੇਂ ਸਭ ਵੱਲੋਂ ਬੇਖ਼ਬਰ ਸੀ।

'ਭਾ ਜੀ ਜੇ ਬੰਦਾ ਏਧਰੋਂ ਵੀਹ ਕੁ ਲੱਖ ਰੁਪਈਏ ਕਮਾ ਲਏ, ਫੇਰ ਤਾਂ ਭਾਰਤ 'ਚ ਐਸ਼ ਨਾਲ ਰਹਿ ਸਕਦੈ ਕਿ ਨਹੀਂ?' ਉਸ ਨੇ ਫੇਰ ਵਿਆਹ 'ਚ ਬੀਅ ਦਾ ਲੇਖਾ ਪਾ ਦਿੱਤਾ। ਪਰ ਹੁਣ ਅਜਿਹੇ ਮਾਹੌਲ ਵਿੱਚ ਕਿਸੇ ਦਾ ਵੀ ਕਵਿਤਾ ਸੁਣਾਉਣ ਦਾ ਮੂਡ ਨਾ ਰਿਹਾ। ਪੁਰੇਵਾਲ ਨੇ ਵੀ ਡਾਇਰੀ ਠੱਪ ਦਿੱਤੀ। ਉਸ ਦੇ ਲੱਕ ਨਾਲ ਲਟਕਾਏ ਮੋਬਾਈਲ ਫੋਨ ਦੀ ਘੰਟੀ ਖੜਕੀ। ਉਸ ਦੀ ਪਤਨੀ ਲੰਡਨ ਤੋਂ

Academy of the Punjab in North America: http://www.apnaorg.com

ਪੁੱਛ ਰਹੀ ਸੀ ਕਿ ਉਹ ਕਿੰਨੇ ਚਿਰ ਤੋਂ ਫੋਨ ਮਿਲਾ ਰਹੀ ਸੀ ਪਰ ਅੱਗੋਂ ਫੋਨ 'ਔਫ' ਕੀਤਾ ਹੋਇਆ ਸੀ, 'ਕੀ ਗੱਲ ਐ?' ਉਸ ਨੇ ਤਫ਼ਤੀਸ਼ੀ ਅੰਦਾਜ਼ 'ਚ ਪੁੱਛਿਆ।

'ਗੱਲ ਤਾਂ ਕੋਈ ਨਹੀਂ, ਕਿਸੇ ਜ਼ਰੂਰੀ ਮੀਟਿੰਗ ਵਿੱਚ ਬੈਠੇ ਸਾਂ।' ਪੁਰੇਵਾਲ ਨੇ ਸਫ਼ਾਈ ਦਿੱਤੀ ਪਰ ਪਤਨੀ ਦਾ ਸ਼ੱਕ ਅਜੇ ਵੀ ਦੂਰ ਨਾ ਹੋਇਆ। 'ਆਹ ਲੈ ਧਾਲੀਵਾਲ ਨਾਲ ਗੱਲ ਕਰ।' ਉਸ ਨੇ ਫੋਨ ਮੇਰੇ ਕੰਨ-ਮੂੰਹ ਨਾਲ ਲਾ ਦਿੱਤਾ।

'ਭੈਣ ਜੀ, ਏਥੇ ਕਵੀ-ਦਰਬਾਰ ਚੱਲ ਰਿਹਾ ਸੀ' ਮੈਂ ਵੀ ਯਕੀਨ ਦੁਆਉਣ ਦਾ ਯਤਨ ਕੀਤਾ। ਇਸ ਨਾਲ ਉਸ ਨੂੰ ਸੱਚ ਆ ਗਿਆ ਕਿ ਪੁਰੇਵਾਲ 'ਬੰਦਿਆਂ' ਦੀ ਮਹਿਫ਼ਲ 'ਚ ਹੀ ਬੈਠਾ ਹੈ।

'ਇਹ ਸਹੂਲਤਾਂ ਕਾਹਦੀਆਂ ਯਾਰ, ਇਹ ਤਾਂ ਚੌਵੀ ਘੰਟੇ ਮਗਰ ਜਸੂਸ ਲੱਗੇ ਰਹਿਣ ਵਾਲੀ ਗੱਲ ਐ।' ਪੁਰੇਵਾਲ ਖਿੱਝ ਗਿਆ ਸੀ। ਉਸ ਦੀ ਘਰ ਵਾਲੀ ਨੇ ਅੱਧੀ ਰਾਤ ਨੂੰ ਪਹਿਲਾਂ ਘਰ ਫੋਨ ਕਰਕੇ ਇਹ ਜਾਣ ਲਿਆ ਸੀ ਕਿ ਪੁਰੇਵਾਲ ਅਜੇ ਘਰ ਨਹੀਂ ਪਹੁੰਚਿਆ ਅਤੇ ਫੇਰ ਮੋਬਾਈਲ ਫੋਨ ਰਾਹੀਂ ਉਸ ਨੂੰ ਗਲਾਸਗੋ ਬੈਠੇ ਨੂੰ ਲੱਭ ਲਿਆ ਸੀ। ਪੁਰੇਵਾਲ ਦਾ ਪਾਰਾ ਚੜ੍ਹ ਗਿਆ। ਅੰਦਰ ਗੁੱਸਾ ਭਰ ਜਾਣ ਨਾਲ ਭੁੱਖ ਮਰ ਗਈ ਅਤੇ ਉਹ ਬਿਨਾਂ ਰੋਟੀ ਖਾਧੇ ਅੱਧੀ ਰਾਤ ਨੂੰ ਹੀ ਡਰਬੀ ਵੱਲ ਚੱਲ ਪਿਆ। ਮੇਲਾ ਵਿੱਛੜ ਗਿਆ। ਅਸੀਂ ਵੀ ਇਸ ਤਣਾਅ ਕਾਰਨ ਪਹਿਰ ਦੇ ਤੜਕੇ ਤੱਕ ਪਲਸੇਟੇ ਮਾਰਦੇ ਰਹੇ।

ਸਵੇਰੇ ਨੌਂ ਵਜੇ ਦਫ਼ਤਰ ਪਹੁੰਚੇ ਤਾਂ ਉਸ ਦਿਨ ਬਾਬਿਆਂ ਦੇ ਰੰਗਾਰੰਗ ਪ੍ਰੋਗਰਾਮ ਦਾ ਦਿਨ ਸੀ, ਜਿਵੇਂ ਭਲੇ ਵੇਖਿਆਂ ਵਿੱਚ ਸਕੂਲਾਂ 'ਚ ਸ਼ਨਿਚਰਵਾਰ ਨੂੰ ਬਾਲ ਸਭਾ ਹੁੰਦੀ ਸੀ। ਕਵਿਤਾ ਸੁਣਾਉਣ ਵਾਲੇ ਬਾਬਿਆਂ ਨੂੰ ਬੱਚਿਆਂ ਵਰਗਾ ਚਾਅ ਹੀ ਚੜ੍ਹਿਆ ਹੋਇਆ ਸੀ। ਇਹ ਗੱਲ ਉਨ੍ਹਾਂ ਲਈ ਬਹੁਤ ਅਹਿਮ ਸੀ ਕਿ ਅਜੇ ਵੀ ਦੁਨੀਆਂ ਵਿੱਚ ਚੰਦ ਲੋਕ ਉਨ੍ਹਾਂ ਨੂੰ ਸੁਣਨ ਵਾਲੇ ਸਨ। ਮਹਿਮਾਨ ਹੋਣ ਕਰਕੇ ਮੈਨੂੰ ਬਾਬਿਆਂ ਦੇ ਕਵੀ ਦਰਬਾਰ ਦਾ ਪ੍ਰਧਾਨ ਥਾਪ ਦਿੱਤਾ ਗਿਆ। ਮਾਡਲ ਸਕੂਲ ਦੇ ਬੱਚਿਆਂ ਵਾਂਗ ਸਜਾ-ਸ਼ਿੰਗਾਰ ਕੇ ਸੈਂਟਰ 'ਚ ਭੇਜੇ ਬਾਬਿਆਂ ਦੀ ਕਵਿਤਾ ਉਨ੍ਹਾਂ ਦੇ ਉੱਜੜੇ ਅੰਦਰ ਦਾ ਸੱਚਾ-ਸੁੱਚਾ ਬਿਆਨ ਬਣ ਗਈ:

- ਬੁਢਾਪੇ 'ਚ ਨਹੀਂ ਦਿੰਦੇ ਪਾਣੀ ਵੀ ਪੀਣ ਨੂੰ
  ਮਰਿਆਂ ਮਗਰੋਂ ਮੂੰਹ 'ਚ ਘਿਓ ਵੀ ਪਾਉਣਗੇ।
  ਹੁਣ ਤਾਂ ਮਨਾਵੇ ਨਾ ਰੁੱਸਿਆਂ ਨੂੰ ਕੋਈ

Academy of the Punjab in North America: http://www.apnaorg.com

ਫੇਰ ਇਹ ਸਾਰੇ ਸਰਾਧ ਵੀ ਮਨਾਉਣਗੇ।

- ਹੇ ਪੰਛੀ ਉੱਡ ਜਾ ਸੋਨੇ ਦੇ ਪਿੰਜਰੇ 'ਚੋਂ

ਏਥੇ ਸਭ ਰੁੱਖ ਨਿਪੱਤਰੇ

ਜਿਨ੍ਹਾਂ ਦੇ ਫਲ ਕੌੜੇ ਤੇ ਫੁੱਲ ਬਕਬਕੇ

ਮਾਰ ਜਾ ਉਡਾਰੀ ਆਪਣੇ ਵਤਨ ਨੂੰ।

ਕਵੀ ਦਰਬਾਰ ਦੀ ਸਮਾਪਤੀ ਤੇ ਜਦ ਪ੍ਰਧਾਨ ਦੇ ਬੋਲਣ ਦੀ ਵਾਰੀ ਆਈ ਤਾਂ ਘਬਰਾਹਟ ਨਾਲ ਮੇਰਾ ਅੰਦਰ ਕੰਬਣ ਲੱਗ ਪਿਆ। 'ਅਜਿਹੇ ਸੈੱਤਰੇ-ਬਹੱਤਰੇ ਸਰੋਤਿਆਂ ਅੱਗੇ ਕੀ ਬੋਲੂੰਗਾ?' ਇਹ ਪ੍ਰਸ਼ਨ ਮੈਨੂੰ ਸਤਾ ਰਿਹਾ ਸੀ। ਕਲਾਸਾਂ ਵਿੱਚ ਘੰਟਿਆਂ ਬੱਧੀ ਬੋਲਣ ਵਾਲੇ 'ਪ੍ਰੋਫੈਸਰ' ਦੇ ਅੰਦਰੋਂ ਸ਼ਬਦਾਂ ਦੀ ਨਦੀ ਸੁੱਕ ਕੇ ਸੁੱਕੀ ਰੇਤ 'ਚ ਬਦਲ ਗਈ ਸੀ। ਮੈਂ ਆਪਣੀ ਸਾਰੀ ਸ਼ਕਤੀ ਨਾਲ ਕੁੱਝ ਬੋਲ ਇਕੱਠੇ ਕਰਕੇ ਕਿਹਾ, 'ਸਤਿਕਾਰਯੋਗ ਬਜ਼ੁਰਗੋ, ਮੇਰੇ ਬਾਪੂ ਦੀ ਉਮਰ ਵੀ ਸੋਡੇ ਵਾਂਗ ਸੱਤਰ-ਪੰਝਤਰ ਸਾਲ ਜਾਂ ਇਸ ਤੋਂ ਵੀ ਵੱਧ ਐ, ਉਸ ਨੇ ਨਾ ਹੁਣ ਤੱਕ ਕਦੇ ਸੋਡੇ ਵਾਂਗ ਕੋਟ-ਪੈਂਟ ਪਾ ਕੇ ਵੇਖੇ ਹਨ ਅਤੇ ਨਾ ਬੂਟ-ਜੁਰਾਬਾਂ। ਉਸਨੇ ਤਾਂ ਕਾਰ ਉਤੇ ਵੀ ਦੋ-ਚਾਰ ਵਾਰ ਹੀ ਝੂਟਾ ਲਿਆ ਹੋਵੇਗਾ। ਕਿਸੇ ਏਅਰ ਕੰਡੀਸ਼ਨ ਕਮਰੇ ਵਿੱਚ ਬੈਠਣ ਦੀ ਤਾਂ ਅਜੇ ਉਸ ਨੇ ਬੋਹਣੀਂ ਵੀ ਨਹੀਂ ਕੀਤੀ। ਪੋਹ-ਮਾਘ ਦੀ ਠੰਡ ਵਿੱਚ ਉਸ ਨੇ ਇੱਕ ਅੱਧੋਰਾਣੀ ਜਿਹੀ ਲੋਈ ਦੀ ਬੁੱਕਲ ਮਾਰੀ ਹੁੰਦੀ ਹੈ ਜਿਸ ਨਾਲ ਤਾਸ਼ ਖੇਡਦਿਆਂ ਕਿਤੇ ਵੀ ਰੇਤੇ ਵਾਲੀ ਥਾਂ ਪਲੱਥਾ ਮਾਰ ਕੇ ਬੈਠਣ ਦੀ 'ਮੌਜ' ਰਹਿੰਦੀ ਹੈ। ਇੱਕ ਵਾਰੀ ਮੈਂ ਉਸ ਨੂੰ ਆਪਣੇ ਕੋਲ ਪਟਿਆਲੇ ਲੈ ਆਇਆ। ਮੇਰੀ ਵੀ ਇੱਛਾ ਸੀ ਕਿ ਜਿਸ ਨੇ ਮੈਨੂੰ ਇਥੋਂ ਤੱਕ ਉੱਚਾ ਪਹੁੰਚਾਇਆ ਹੈ, ਉਸ ਨੂੰ ਪਿਛਲੀ ਉਮਰੇ ਚਾਰ ਦਿਨ ਐਸ਼ ਦੇ ਕਟਾਵਾਂ। ਤੁਹਾਡੇ ਵਾਂਗ ਉਹ ਸੋਹਣਾ ਨ੍ਹਾਵੇ-ਧੋਵੇ, ਸੋਹਣਾ ਪਹਿਨੇ-ਪੱਚਰੇ ਅਤੇ ਚੰਗਾ ਖਾਵੇ-ਪੀਵੇ। ਇਹ ਸਭ ਹੁੰਦਿਆਂ ਹੋਇਆਂ ਵੀ ਉਹ ਹਫ਼ਤੇ ਕੁ 'ਚ ਜੜ੍ਹੋਂ ਉਖੜੇ ਰੁੱਖ ਵਾਂਗ ਕੁਮਲਾ ਗਿਆ ਅਤੇ ਪਿੰਡ ਛੱਡ ਆਉਣ ਲਈ ਜ਼ੋਰ ਪਾਉਣ ਲੱਗਾ। ਮੈਨੂੰ ਕਾਫੀ ਦੇਰ ਬਾਅਦ ਪਤਾ ਲੱਗਿਆ ਕਿ ਉਹ ਪਿੰਡ ਲਈ ਕਿਉਂ ਤਰਸ ਗਿਆ ਸੀ। ਉਥੇ ਉਹ ਮਾੜਾ-ਮੋਟਾ ਕੰਮ ਵੀ ਕਰਦਾ ਹੈ, ਪੁੱਤ-ਪੋਤਰੇ ਕੋਈ ਨਵਾਂ ਕੰਮ ਵਿੱਢਣ ਸਮੇਂ ਉਸ ਨਾਲ ਸਲਾਹ-ਮਸ਼ਵਰਾ ਵੀ ਕਰਦੇ ਹਨ। ਜੇ ਉਸ ਨੂੰ ਦਿਤੇ ਜਾਣ ਵਾਲਾ ਦੁੱਧ ਦਾ ਗਿਲਾਸ ਕੁੱਝ ਊਣਾ ਰਹਿ ਜਾਵੇ ਤਾਂ ਉਹ ਰੁੱਸ ਵੀ ਜਾਂਦਾ ਹੈ। ਨੂੰਹਾਂ-ਪੁੱਤ ਉਸ ਨੂੰ ਮਸਾਂ ਮਨਾਉਂਦੇ ਹਨ। ਗਲੀ 'ਚ ਵਿਹਲੇ ਖੜ੍ਹੇ ਨੂੰ ਵੀ ਕਈ ਲੋਕ ਫਤਹਿ ਬੁਲਾ ਕੇ ਲੰਘਦੇ ਹਨ। ਸਾਡੇ ਕੋਲ ਸ਼ਹਿਰ 'ਚ ਤਾਂ ਅਜਿਹਾ ਕੁੱਝ ਵੀ ਨਹੀਂ ਸੀ। ਉਸ ਨੂੰ ਜਾਪਿਆ ਹੋਵੇਗਾ ਜਿਵੇਂ ਉਹ ਮੌਤ ਉਡੀਕ ਰਿਹਾ ਹੋਵੇ।

Academy of the Punjab in North America: http://www.apnaorg.com

ਪਰ ਤੁਹਾਨੂੰ ਵਰ੍ਹਿਆਂ-ਬੱਧੀ ਅਜਿਹੇ ਮਾਹੌਲ 'ਚ ਰਹਿਣਾ ਪੈ ਰਿਹਾ ਹੈ। ਮੈਨੂੰ ਪਤਾ ਹੈ ਵਿਗੋਚੇ ਦੀ ਚੀਸ ਸੋਡੇ ਸਾਰਿਆਂ ਦੇ ਦਿਲਾਂ ਅੰਦਰ ਉਠਦੀ ਹੋਵੇਗੀ। ਨੂੰਹਾਂ-ਪੁੱਤਾਂ ਅਤੇ ਪੋਤਰੇ-ਪੋਤਰੀਆਂ ਕੋਲ ਵਕਤ ਹੀ ਨਹੀਂ ਹੋਵੇਗਾ ਕਿ ਸੋਡੀ ਪੈਂਦ ਵੱਲ ਬੈਠ ਕੇ ਨਿੱਕੀਆਂ ਨਿੱਕੀਆਂ ਗੱਲਾਂ ਕਰਨ। ਫੇਰ ਇਹ ਕੋਟ, ਬੂਟ, ਗਰਮ ਜੁਰਾਬਾਂ ਅਤੇ ਏਅਰਕੰਡੀਸ਼ਨਾਂ ਦੀ ਗਰਮੀ ਤੁਹਾਨੂੰ ਕਿੰਨਾ ਕੁ ਨਿੱਘ ਦਿੰਦੀ ਹੋਵੇਗੀ? ਮੈਨੂੰ ਜਾਪਦਾ ਹੈ ਸੋਡੇ ਕੋਲ ਸਭ ਸੁੱਖ-ਸਹੂਲਤਾਂ ਹਨ ਪਰ ਜ਼ਿੰਦਗੀ ਨਾਲ ਗਹਿ-ਗੱਚ ਰਿਸ਼ਤਾ ਨਹੀਂ ਹੈ। ਬੇਮਾਅਨੀ ਜ਼ਿੰਦਗੀ ਕਿੰਨੀ ਕੁ ਸੁਆਦਲੀ ਹੋ ਸਕਦੀ ਐ? ਮੈਂ ਸੋਡੇ ਚਿਹਰਿਆਂ ਤੋਂ ਇਹੀ ਕੁੱਝ ਪੜ੍ਹਿਆ ਹੈ। ਮੈਂ ਇਹ ਦੁਆ ਕਰਦਾ ਹਾਂ ਕਿ ਸੋਨੂੰ ਇੰਗਲੈਂਡ ਵਾਲੀ ਅਮੀਰੀ ਅਤੇ ਮੇਰੇ ਬਾਪੂ ਵਰਗਾ ਅਪਣੱਤ ਭਰਿਆ ਮਾਹੌਲ ਮਿਲੇ, ਤਾਂ ਕਿ ਥੋਡੇ ਚਿਹਰਿਆਂ ਉਤੇ ਰੌਣਕ ਦੇ ਫੁੱਲ ਖਿੜ ਸਕਣ ...।'

ਚੋਗ ਮੰਗਦੇ ਚਿੜੀ ਦੇ ਬੋਟ ਵਾਂਗ ਮੂੰਹ ਅੱਡ ਕੇ ਮੇਰੇ ਇੱਕ ਇਕ ਬੋਲ ਨੂੰ ਅੰਦਰ ਲੰਘਾ ਰਹੇ ਬਾਬਿਆਂ ਦੀਆਂ ਅੱਖਾਂ ਨਮ ਹੋ ਗਈਆਂ। ਮੈਂ ਉਨ੍ਹਾਂ ਦੇ ਦਿਲ ਦੀ ਤਾਰ ਨੂੰ ਛੇੜਨ 'ਚ ਸਫਲ ਹੋ ਗਿਆ ਸਾਂ। ਮੈਂ ਜਦ ਉਨ੍ਹਾਂ ਵਿੱਚ ਆਇਆ ਤਾਂ ਭਾਵੇਂ ਉਨ੍ਹਾਂ 'ਚੋਂ ਕੋਈ ਵੀ ਮੇਰੇ ਇਲਾਕੇ ਦਾ ਤਾਂ ਨਾ ਨਿਕਲਿਆ ਫੇਰ ਵੀ ਉਹ ਕਿਵੇਂ ਨਾ ਕਿਵੇਂ ਦੂਰੋਂ-ਨੇੜਿਓਂ ਅੰਗਲੀ-ਸੰਗਲੀ ਜੋੜਨ ਲੱਗੇ। ਮੇਰੇ ਲਈ ਇਹ ਬੜਾ ਯਾਦਗਾਰੀ ਸਮਾਗਮ ਹੋ ਨਿਬੜਿਆ। ਸਾਊਥਾਲ ਦੇ ਪਾਰਕ ਵਿੱਚ ਬਾਬਿਆਂ 'ਚ ਬੈਠ ਨਾ ਸਕਣ ਦੀ ਜਿਹੜੀ ਸਿੱਕ ਮੇਰੇ ਅੰਦਰ ਭਰ ਗਈ ਸੀ, ਉਹ ਅੱਜ ਪੂਰੀ ਹੋ ਗਈ ਸੀ।

ਲੰਚ ਸਮੇਂ ਦੀ ਘੰਟੀ ਵੱਜੀ ਤਾਂ ਸਾਰੇ ਬਜ਼ੁਰਗ ਆਪਣੀ ਆਪਣੀ ਥਾਲੀ ਚੁੱਕੀ ਫੌਜੀਆਂ ਵਾਂਗ ਕਤਾਰ 'ਚ ਆ ਲੱਗੇ। ਪਰ੍ਹੇ ਬੈਠੀ ਉਦਾਸ ਜਿਹੀ ਇੱਕ ਬਜ਼ੁਰਗ ਮੇਮ, ਜੋ ਸੱਤਰ-ਅੱਸੀ ਸਾਲ ਦੀ ਉਮਰ ਵਿੱਚ ਕੈਦਾ ਪੜ੍ਹ ਕੇ ਪੰਜਾਬੀ ਸਿੱਖ ਰਹੀ ਸੀ, ਵੀ ਕਤਾਰ 'ਚ ਆਣ ਖਲੋਤੀ। ਖਾਣੇ ਵਾਲੀ ਥਾਲੀ ਮੈਂ ਵੀ ਲੈ ਆਇਆ। ਹੁਣ ਮੈਂ ਜਿਸ ਵੀ ਬਜ਼ੁਰਗ ਕੋਲ ਬੈਠਦਾ ਉਹ ਆਪਣੇ ਦੁੱਖਾਂ ਦੀ ਪਟਾਰੀ ਖੋਲ੍ਹ ਕੇ ਬਹਿ ਜਾਂਦਾ। ਹਰੇਕ ਕੋਲ ਹੀ ਅਜਿਹੀਆਂ ਬੇਅੰਤ ਕਥਾਵਾਂ ਸਨ। ਹੋਰ ਉਹ ਚਾਅ ਨੂੰ ਤਾਂ ਨਹੀਂ ਡੇਅ ਕੇਅਰ ਸੈਂਟਰ ਵਿੱਚ ਆਉਂਦੇ ਸਨ। ਖਾਣੇ ਤੋਂ ਬਾਅਦ ਮੈਂ ਉਨ੍ਹਾਂ ਬਾਬਿਆਂ ਦੀ 'ਮਹਿਫ਼ਲ' ਵਿਚੋਂ ਨਿਕਲਿਆ ਤਾਂ ਗੁਰਦੀਪ ਪੁਰੀ ਮੈਨੂੰ ਗਲਾਸਗੋ ਸ਼ਹਿਰ ਦੀ ਫੇਰੀ ਮਰਵਾਉਣ ਲਈ ਲੈ ਤੁਰਿਆ।

ਉਹ ਗਲਾਸਗੋ ਦਾ ਸਿਟੀ ਚੈਂਬਰ (ਵਿਧਾਨ ਸਭਾ ਦਾ ਸਕੱਤਰੇਤ) ਵਿਖਾਉਣ ਤੁਰ ਪਿਆ। ਕਿਣ-ਮਿਣ ਹੋ ਕੇ ਹਟੀ ਹੋਣ ਕਰਕੇ ਅਤੇ ਹਵਾ ਤੇਜ਼ ਹੋਣ ਕਾਰਨ ਸਿਆਲ ਵਰਗੀ ਠੰਡ ਉੱਤਰ ਆਈ

Academy of the Punjab in North America: http://www.apnaorg.com

ਸੀ ਪਰ ਇਹ ਫੇਫੜਿਆਂ 'ਚ ਸੀਤ ਭਰਦੀ ਵੀ ਬੜੀ ਚੰਗੀ ਚੰਗੀ ਜਾਪ ਰਹੀ ਸੀ। ਸਿਟੀ ਚੈਂਬਰ ਦੀ ਇਮਾਰਤ ਸਾਡੇ ਅੰਮ੍ਰਿਤਸਰ ਵਾਲੇ ਖਾਲਸਾ ਕਾਲਜ ਵਾਂਗੂੰ ਬਰਤਾਨੀਆ ਦੀ ਭਵਨ-ਕਲਾ ਦੇ ਇਤਿਹਾਸਕ ਨਕਸ਼ਾਂ ਵਾਲੀ ਸੀ। ਇੰਗਲੈਂਡ ਦੀਆਂ ਵਧੇਰੇ ਇਮਾਰਤਾਂ ਇਸ ਰੂਪ ਵਾਲੀਆਂ ਹੀ ਹਨ। ਗੋਰਿਆਂ ਨੂੰ ਆਪਣੇ ਸੁਨਹਿਰੀ ਅਤੀਤ ਨਾਲ ਇਨਾ ਮੋਹ ਹੈ ਕਿ ਉਸ ਦੀ ਹਰੇਕ ਨਿਸ਼ਾਨੀ ਨੂੰ ਯਾਰ ਦੇ ਰੁਮਾਲ ਵਾਂਗ ਸੰਭਾਲ ਸੰਭਾਲ ਰੱਖਿਆ ਹੋਇਆ ਹੈ।

ਪੀਲੇ ਫੁੱਲਾਂ ਨਾਲ ਲਬੋਲਬ ਕਿਆਰੀਆਂ ਅਤੇ ਬਹਿੰਦੀਆਂ-ਉਠਦੀਆਂ ਕਬੂਤਰਾਂ ਦੀਆਂ ਡਾਰਾਂ ਨਾਲ ਇਥੋਂ ਦਾ ਆਲਾ-ਦੁਆਲਾ ਹੋਰ ਵੀ ਮਹਿਕ ਤੇ ਚਹਿਕ ਉਠਿਆ ਸੀ। ਇਸ ਖੁੱਲ੍ਹੇ ਆਂਗਣ ਦੇ ਸਾਹਮਣੇ ਬਣੇ ਪੱਬ ਵਿੱਚ ਅਸੀਂ ਬੀਅਰ ਦੇ ਮੱਘ ਲੈ ਕੇ ਬੈਠ ਗਏ ਅਤੇ ਸਾਰੀ ਖ਼ੂਬਸੂਰਤੀ ਨੂੰ ਚੁਸਕੀਆਂ ਨਾਲ ਅੰਦਰ ਰਚਾਉਣ ਲੱਗੇ।

ਉਥੋਂ ਮੁੜੇ ਤਾਂ ਗੁਰਦੀਪ ਪੁਰੀ ਨੇ ਤਾਂ ਆਪਣੇ ਕੁੱਝ ਤੱਦੀ ਦੇ ਦਫ਼ਤਰੀ ਕੰਮ ਨਿਪਟਾਉਣੇ ਸਨ। ਮੈਨੂੰ ਬੋਰੀਅਤ ਤੋਂ ਬਚਾਉਣ ਲਈ ਉਸ ਨੇ ਗੁਰਦੇਵ ਬਿਰਹਾ ਨਾਲ ਗਲਾਸਗੋ ਦਾ ਆਲਾ-ਦੁਆਲਾ ਵੇਖਣ ਲਈ ਭੇਜ ਦਿੱਤਾ। ਸਾਡੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੁਹਾਰ ਵਾਲਾ ਬਿਰਹਾ ਬੜਾ ਰੰਗੀਨ ਤਬੀਅਤ ਦਾ ਬੰਦਾ ਸੀ। ਸਾਰੀ ਉਮਰ ਕੰਮ-ਧੰਦਿਆਂ 'ਚ ਹੱਡੀਆਂ ਰਗੜਾਉਣ ਤੋਂ ਪਿੱਛੋਂ ਹੁਣ ਜਦੋਂ ਉਹ ਪੈਸੇ-ਟਕੇ ਵੱਲੋਂ ਪੈਰਾਂ-ਸਿਰ ਸੀ ਤਾਂ ਉਹ ਜ਼ਿੰਦਗੀ ਦੇ ਫੁੱਲ ਉਤੇ ਭੌਰੇ ਵਾਂਗ ਆ ਬੈਠਾ ਸੀ। ਪਿੱਛੋਂ ਮੋਗੇ ਨੇੜਲੇ ਕਿਸੇ ਪਿੰਡ ਦਾ ਸੀ। ਉਸ ਦੀ ਗੱਲ-ਬਾਤ ਵਿਚੋਂ ਮਲਵਈ ਰਸ ਆਪਣੇ ਆਪ ਟਪਕਣ ਲੱਗਦਾ। ਮੇਰੀਆਂ ਨਿਗਾਹਾਂ ਕਾਰ ਦੇ ਸ਼ੀਸ਼ੇ ਵਿਚੋਂ ਦਿਸਦੇ ਹੁਸੀਨ ਹਰੇ-ਭਰੇ ਪਹਾੜਾਂ ਉਤੇ ਟਹਿਲਣ ਲੱਗ ਜਾਂਦੀਆਂ ਪਰ ਕੰਨ ਪੂਰੀ ਤਰ੍ਹਾਂ ਬਿਰਹਾ ਦੀ ਗੱਲ ਵੱਲ ਸਨ। ਉਸ ਨੇ ਗੱਲਾਂ ਦੀ ਲੜੀ ਤੋਰੀ:

'... ਪਿੱਛੇ ਜਿਹੇ ਨਾ ਭਾਈ ਮੈਂ ਆਪਣੇ ਪਿੰਡਾਂ ਵੰਨੀਂ ਗਿਆ। ਮੈਂ ਤਾਂ ਗਿਆ ਸੀ ਆਪਣੇ ਹਾਣੀਆਂ ਨੂੰ ਮਿਲਣ-ਗਿਲਨ ਪਰ ਉਥੇ ਸੋਡੇ ਸਾਹਿਤ ਵਾਲਿਆਂ ਦੇ ਅੜਿੱਕੇ ਚੜ੍ਹ ਗਿਆ। ਮਾੜੀ ਮੋਟੀ ਤੁਕਬੰਦੀ ਤਾਂ ਮੈਂ ਵੀ ਕਰ ਲੈਂਦਾ ਆਂ ਪਰ ਬਾਅਲਾ ਭੁਸ ਨੀ ਕਿ ਕਵਿਤਾ ਸੁਣਾਈ ਬਿਨਾ ਟੱਟੀ ਨਾ ਉਤਰਦੀ ਹੋਵੇ। ਆਪਣੇ ਕੇ. ਐਲ. ਗਰਗ ਹੋਰਾਂ ਨੇ ਮੈਨੂੰ ਮੀਟਿੰਗ ਦਾ ਪ੍ਰਧਾਨ ਬਣਾ ਦਿੱਤਾ। ਮੈਂ ਮਨੋਂ ਲੱਖਣ ਲਾਇਆ ਬਈ ਪ੍ਰਧਾਨ ਤਾਂ ਅੰਤ ਨੂੰ ਕੁੱਝ ਪੈਸਾ ਟਕਾ ਦਿੰਦਾ ਹੁੰਦੈ। ਮਾਤ੍ਹੜ ਹੁਣ ਕੀ ਐਲਾਨ ਕਰਦਾ। ਮੈਂ ਕਿਹਾ ਬਈ ਚੱਲ ਮੈਂ ਹਰ ਸਾਲ ਪੰਜ ਸੌ ਰੁਪਈਆ ਭੇਜ ਦਿਆ ਕਰੂੰ, ਕਿਸੇ ਲਾਇਬਰੇਰੀ ਲਈ ਚਾਰ ਕਿਤਾਬਾਂ ਖਰੀਦ ਲਿਆ ਕਰਨਗੇ। ਉਨ੍ਹਾਂ ਪੱਟੂਆਂ ਨੇ ਕੀ ਕੀਤਾ, ਇਹ

ਐਲਾਨ ਕਰ ਦਿੱਤਾ ਕਿ ਹਰ ਸਾਲ ਪੰਜ ਸੌ ਦਾ ਬਿਰਹਾ ਅਵਾਰਡ ਦਿੱਤਾ ਜਾਇਆ ਕਰੂ ਕਿਸੇ ਸਾਹਿਤਕਾਰ ਨੂੰ। ਮੈਂ ਆਖਿਆ ਚੱਲ ਗੱਲ ਆਈ-ਗਈ ਹੋਜੂ ਪਰ ਉਹ ਪੀਰ ਤਾਂ ਖਹਿੜੇ ਹੀ ਪੈ ਗਏ। ਕਹਿੰਦੇ ਪਹਿਲਾ ਬਿਰਹਾ ਐਵਾਰਡ ਸਾਊਥ ਹਾਲ ਵਾਲੇ ਕਹਾਣੀਕਾਰ ਹਰਜੀਤ ਅਟਵਾਲ ਨੂੰ ਦੇਵਾਂਗੇ। ਮੇਰੇ ਨਾਂ ਉਤੇ ਰੱਖਿਆ ਇਹ ਐਵਾਰਡ ਮੈਨੂੰ ਤਾਂ ਇਉਂ ਲੱਗਿਆ ਜਿਵੇਂ ਆਪਣੇ ਮਾਲਵੇ 'ਚ ਕਈ ਬੁੜ੍ਹੇ-ਬੁੜ੍ਹੀਆਂ ਜਿਉਂਦੇ ਜੀਅ ਹੀ ਆਪਣਾ 'ਜਿਉਣ ਮਰਨਾ' ਕਰ ਲੈਂਦੇ ਹੁੰਦੇ ਐ। ਲੈ ਬਈ ਮੇਰਾ ਤਾਂ ਹੋ ਗਿਆ ਜਾਣੋ ਜਿਊਣ ਮਰਨਾ। ਅਗਲੇ ਦਿਨੀਂ ਅਖ਼ਬਾਰਾਂ 'ਚ ਛਪ ਗਿਆ ਕਿ ਬਿਰਹਾ ਅਵਾਰਡ ਗਲਾਸਗੋ ਵਿਖੇ ਦਿੱਤਾ ਜਾਵੇਗਾ। ਕੇ. ਐਲ. ਗਰਗ ਸਮਾਗਮ ਦੀ ਪ੍ਰਧਾਨਗੀ ਕਰੂਗਾ ਅਤੇ ਉਸ ਦਾ ਆੜੀ ਗੁਰਦੇਵ ਸਿੱਧੂ, ਅਟਵਾਲ ਦੀਆਂ ਕਹਾਣੀਆਂ ਬਾਰੇ ਪਰਚਾ ਪੜੂਗਾ। ਸਾਡਾ ਗੁਰਦੀਪ ਪੁਰੀ ਅਜਿਹੀਆਂ ਖ਼ਬਰਾਂ ਛਪਵਾਉਣ ਦਾ ਬਹੁਤ ਚਾਹਵਾਨ ਐ। ਪੜ੍ਹ ਕੇ ਮੈਨੂੰ ਤਾਂ ਮਣ-ਮਣ ਸੰਗ ਆਈ ਬਈ ਆਹ ਕੀ ਹੋ ਗਿਆ। ਇਹ ਅੱਠ-ਨੌਂ ਪੌਂਡ ਦਾ ਕਾਹਦਾ ਅਵਾਰਡ ਐ। ਜਿਹੜੀ ਇਹ ਢਿੰਮ-ਢਾਣੀ ਜਿਹੀ ਬਣਾ ਰਹੇ ਐ, ਇਹਦੇ ਨਾਲ ਤਾਂ ਦਾਹੜੀ ਨਾਲੋਂ ਮੁੱਛਾਂ ਵਧ ਜਾਣਗੀਆਂ। ਕਈ ਹਜ਼ਾਰ ਪੌਂਡ ਤਾਂ ਆਵਾਜਾਈ ਅਤੇ ਸਮਾਗਮ ਉਤੇ ਲੱਗ ਜਾਣਗੇ। ਕਿੱਥੋਂ ਪੁੱਠਾ ਪੰਗਾ ਲੈ ਲਿਆ ਪੰਜਾਬੀ ਸਾਹਿਤ ਦੇ ਬੋਕ ਦੇ ਸਿੰਗਾਂ ਨੂੰ ਹੱਥ ਲਾ ਕੇ। ਹੁਣ ਭਾਈ ਜਿਵੇਂ ਆਂਹਦੇ ਐ ਅਖੇ ਉੱਖਲੀ 'ਚ ਸਿਰ ਦਿੱਤਾ ਤਾਂ ਮੂਹਲੀਆਂ ਦਾ ਕੀ ਡਰ, ਮੈਂ ਸੋਚਦੈਂ ਬਈ ਇਨਾਮ ਪੰਜ ਹਜ਼ਾਰ ਦਾ ਕਰਦਿਆਂ, ਚਲ ਕੁੱਝ ਨਾ ਕੁੱਝ ਤਾਂ ਬਚੀਏ ਨਮੋਸ਼ੀ ਤੋਂ। ਇਹ ਜਿਹੜੇ ਹੁੰਦੇ ਐ ਨਾ ਥੋੜੇ ਸਾਹਿਤ ਆਲੇ ... ' ਉਸ ਦੀ ਸਾਖੀ ਅਜੇ ਸ਼ਾਇਦ ਹੋਰ ਅੱਗੇ ਚਲਦੀ ਪਰ ਅਸੀਂ ਪਹਾੜਾਂ ਦੇ ਪੈਰਾਂ 'ਚ ਬਣੀ ਸੈਰ-ਗਾਹ ਲੋਚ ਲੋਮੰਡ ਬੀਚ ਉਤੇ ਪਹੁੰਚ ਗਏ ਸਾਂ।

ਪਹਾੜਾਂ ਦੀ ਵੈਲੀ ਵਿਚਕਾਰ ਇੱਕ ਨਿੱਤਰੇ ਪਾਣੀ ਦੀ ਵੱਡੀ ਝੀਲ ਅਤੇ ਉਸ ਦੇ ਕਿਨਾਰੇ ਬਣਿਆ ਕੰਪਲੈਕਸ 'ਡੱਕ ਬੇਅ ਮੈਰੀਨਾ' ਹੈ। ਇਸ ਇਲਾਕੇ ਵਿੱਚ ਮੈਂ ਪਹਿਲੀ ਵਾਰ ਛਤਰੀ-ਨੁਮਾ ਕ੍ਰਿਸਮਿਸ ਟ੍ਰੀ ਵੇਖੇ। ਕਿਸ਼ਤੀਆਂ ਰਾਹੀਂ ਝੀਲ ਦੀ ਹਿੱਕ ਉਤੇ ਤੈਰਨ, ਖਾਣ-ਪੀਣ ਅਤੇ ਮਿੱਤਰਾਂ ਲਈ ਤੋਹਫ਼ੇ ਖਰੀਦਣ ਵਾਸਤੇ ਇਥੇ ਹਰੇਕ ਸਹੂਲਤ ਸੀ। ਪਾਤਰ ਦੇ ਸ਼ੇਅਰ ਵਾਂਗ ਚੁੱਪ ਐਨੀ ਕਿ ਪੱਤਾ ਡਿੱਗੇ ਤਾਂ ਖੜਕਾ ਹੋਵੇ। ਚਾਰੇ ਪਾਸੇ ਜਿਵੇਂ ਹਰਿਆਲੀ ਦੇ ਅੰਬਾਰ ਲੱਗੇ ਪਏ ਸਨ, ਪਰ ਇਹ ਰੁੱਖ ਅਤੇ ਘਾਹ ਮੂਲੋਂ ਹੀ ਜੰਗਲੀ ਰੂਪ ਵਾਲੇ ਨਹੀਂ ਸਨ, ਸਗੋਂ ਹੁਨਰੀ ਮਨੁੱਖੀ ਹੱਥਾਂ ਨੇ ਘੜੇ-ਤਰਾਸ਼ੇ ਸਨ। ਬੀਅਰ ਬਾਰ ਦੇ ਪਾਸੇ ਦੀਆਂ ਕੰਧਾਂ ਸ਼ੀਸ਼ੇ ਦੀਆਂ ਹੋਣ ਕਰਕੇ ਅੰਦਰੋਂ ਬੈਠਿਆਂ ਵੀ ਦੂਰ-ਦੂਰ ਤੱਕ ਦੇ ਦ੍ਰਿਸ਼ ਨਜ਼ਰ ਆਉਂਦੇ ਸਨ। ਨੀਲੇ ਨੀਲੇ ਆਕਾਸ਼ ਅਤੇ ਝੀਲ ਦੇ ਪਾਣੀ ਵਿਚਕਾਰ ਹਰਾ-

ਭਰਾ ਪਹਾੜ ਇਨਾ ਵਧੀਆ ਨਜ਼ਾਰਾ ਪੇਸ਼ ਕਰ ਰਿਹਾ ਸੀ ਕਿ ਅੱਖਾਂ ਘੰਟਿਆਂ-ਬੱਧੀ ਵੇਖ ਵੇਖ ਨਾ ਰੱਜਣ।

ਇਸ ਸੈਰਗਾਹ ਤੋਂ ਭਾਵੇਂ ਰੱਜ-ਪੁੱਜ ਕੇ ਅਤੇ ਫੁੱਲ ਵਾਂਗ ਟਹਿਕ ਕੇ ਮੁੜੇ ਸਾਂ ਪਰ ਬਿਰਹਾ ਨੇ ਘਰ ਆਉਂਦਿਆਂ ਹੀ ਥੱਕੇ ਹੋਣ ਦਾ ਖ਼ੂਬਸੂਰਤ ਬਹਾਨਾ ਬਣਾ ਕੇ ਸਕਾਚ ਦੀ ਬੋਤਲ ਕੱਢ ਲਿਆਂਦੀ। ਲੱਗਦਾ ਸੀ ਜਿਵੇਂ ਸੱਤੇ ਸਵਰਗ ਧਰਤੀ ਤੇ ਉੱਤਰ ਆਏ ਸਨ। ਇਸ ਤੋਂ ਪਹਿਲਾਂ ਕਿ ਅਸੀਂ ਕੋਈ ਨਵੀਂ ਲੰਮੀ ਕਥਾ ਛੇੜ ਕੇ ਬੈਠ ਜਾਂਦੇ, ਬਿਰਹਾ ਨੇ ਗੁਰਦੀਪ ਪੁਰੀ ਨੂੰ ਵੀ ਉਥੇ ਪਹੁੰਚਣ ਦਾ ਸੱਦਾ ਦੇ ਦਿੱਤਾ। ਅੱਗੋਂ ਗੁਰਦੀਪ ਪੁਰੀ ਨੇ ਛੇਤੀ ਆਉਣ ਦੀ ਹਾਮੀ ਤਾਂ ਭਰ ਦਿੱਤੀ ਪਰ ਨਾਲ ਹੀ ਹਦਾਇਤ ਕਰ ਦਿੱਤੀ ਕਿ ਅਸੀਂ ਢਿੱਡ ਵਿੱਚ ਦੋ-ਤਿੰਨ ਪੈੱਗਾਂ ਲਈ ਥਾਂ ਬਚਾ ਲਈਏ, ਕਿਉਂਕਿ ਅੱਜ ਦਾ ਡਿਨਰ ਸ. ਸੇਵਾ ਸਿੰਘ ਕੋਹਲੀ ਦੇ ਘਰ ਸੀ। ਕੋਹਲੀ ਦੇ ਉੱਦਮ ਨਾਲ ਹੀ ਮੇਲ-ਮਿਲਾਪ ਸੈਂਟਰ ਖੁੱਲ੍ਹਿਆ ਸੀ ਅਤੇ ਉਹ ਹੀ ਹੁਣ ਉਸ ਦਾ ਸਰਪ੍ਰਸਤ ਸੀ, ਇਸ ਲਈ ਉਸ ਦਾ ਆਦੇਸ਼ ਨਾ ਟਾਲਣਯੋਗ ਸੀ।

ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਥੇ ਪੰਜਾਬੀ ਗਾਇਕ ਹਜ਼ਾਰਾ ਸਿੰਘ ਰਮਤਾ ਪਹੁੰਚਿਆ ਹੋਇਆ ਸੀ। ਅਗਲੇ ਦਿਨੀਂ ਗਲਾਸਗੋ ਉਸ ਦਾ ਪ੍ਰੋਗਰਾਮ ਰੱਖਿਆ ਸੀ। ਰਮਤੇ ਦੇ ਬਹੁਤੇ ਗੀਤਾਂ ਵਿੱਚ ਉਨ੍ਹਾਂ ਅਨਪੜ੍ਹ ਵਲੈਤੀਆਂ ਨੂੰ ਵਿਸ਼ਾ ਬਣਾਇਆ ਗਿਆ ਹੁੰਦਾ ਜਿਹੜੇ ਨਵੇਂ ਨਵੇਂ ਵਲੈਤ ਜਾ ਕੇ ਉਥੋਂ ਦੇ ਰਹਿਣ-ਸਹਿਣ ਤੋਂ ਨਾਵਾਕਫ਼ ਹੋਣ ਕਾਰਨ ਹਾਸੋ-ਹੀਣੀਆਂ ਹਰਕਤਾਂ ਕਰ ਬੈਠਦੇ ਹਨ। ਉਸ ਦੇ ਗੀਤ ਇੱਕ ਤਰ੍ਹਾਂ ਦੇ ਗੀਤ-ਨਾਟਕ ਹੀ ਹਨ ਜਿਨ੍ਹਾਂ ਦਾ ਪਾਤਰ ਰਮਤਾ ਨਾਂ ਦਾ ਅਨਪੜ੍ਹ ਪਰਵਾਸੀ ਹੁੰਦਾ ਹੈ। ਉਹ ਅੱਧ-ਨੰਗੀਆਂ ਮੇਮਾਂ ਨੂੰ ਵੇਖ ਕੇ ਕਿਵੇਂ ਮਹਿਸੂਸ ਕਰਦਾ ਹੈ ਅਤੇ ਅੰਗਰੇਜ਼ੀ ਨਾ ਆਉਣ ਕਰਕੇ ਕਿਵੇਂ ਬੁੱਤਾ ਸਾਰਦਾ ਹੈ, ਦਾ ਹਾਸ-ਰਸੀ ਬਿਆਨ ਉਸ ਦੇ ਗੀਤਾਂ ਵਿੱਚ ਹੁੰਦਾ ਹੈ। ਮੈਂ ਉਸ ਦੇ ਗੀਤਾਂ ਦਾ ਚਿਰ ਤੋਂ ਸਰੋਤਾ ਹਾਂ। ਰਮਤੇ ਦੇ ਗੀਤਾਂ ਅਤੇ ਗੱਲਾਂ ਨਾਲ ਸ਼ਾਮ ਵਾਹਵਾ ਰੰਗੀਲੀ ਹੋ ਗਈ।

ਸੇਵਾ 'ਚ ਖੁੱਭੀ ਮਿਸਿਜ਼ ਕੋਹਲੀ ਭਾਵੇਂ ਉਮਰ ਦੀ ਅੱਧੀ ਸਦੀ ਪਾਰ ਕਰ ਚੁੱਕੀ ਔਰਤ ਸੀ ਪਰ ਉਸ ਦੇ ਚਿਹਰੇ ਉਤੇ ਜ਼ਿੰਦਗੀ ਦੀ ਥਕਾਣ ਦੇ ਕੋਈ ਨਿਸ਼ਾਨ ਨਹੀਂ ਸਨ। ਉਹ ਤਾਂ ਅਜੇ ਵੀ ਮੇਲ-ਮਿਲਾਪ ਸੈਂਟਰ ਦੀ ਗਿੱਧਾ ਟੀਮ ਦੀ ਇੰਚਾਰਜ ਹੀ ਨਹੀਂ ਸਗੋਂ ਆਪ ਵੀ ਧਮਾਲਾਂ ਪਾਉਂਦੀ ਸੀ। ਕਿਸੇ ਸਾਰਥਕ ਉਦੇਸ਼ ਨਾਲ ਜੁੜੇ ਰਹਿਣ ਕਰਕੇ ਪਤੀ-ਪਤਨੀ ਦੋਵਾਂ ਦੇ ਬੁੱਲ੍ਹਾਂ ਉਤੇ ਮੁਸਕਾਣ ਖੇਡਦੀ ਸੀ। ਅੱਧੀ ਰਾਤ ਤੱਕ ਇਹ ਮਹਿਫ਼ਲ ਸਜੀ ਰਹੀ।

ਗਲਾਸਗੋ ਦੇ ਇਸ ਭਰੱਪਣ ਭਰੇ ਮਾਹੌਲ ਵਿਚੋਂ ਐਨੀ ਛੇਤੀ ਵਿਦਾ ਹੋਣ ਨੂੰ ਮਨ ਨਹੀਂ ਸੀ ਕਰਦਾ ਪਰ ਭਾਰਤ ਵਾਪਸੀ ਦੀ ਫਲਾਈਟ ਦੀ ਤਾਰੀਕ ਬਿਲਕੁਲ ਨੇੜੇ ਆ ਗਈ ਸੀ। ਸੋ ਤਿੰਨ ਕੁ ਦਿਨਾਂ ਬਾਅਦ ਹੀ ਉਥੋਂ ਲੰਡਨ ਲਈ ਵਾਪਸੀ ਬੱਸ ਫੜ੍ਹਨੀ ਪਈ। ਗੁਰਦੀਪ ਪੁਰੀ ਦੀ ਪਤਨੀ ਮਨਜੀਤ ਕੌਰ ਨੇ ਮੇਰੇ ਲੰਮੇ ਸਫ਼ਰ ਨੂੰ ਸੁਖਾਵਾਂ ਬਨਾਉਣ ਲਈ ਪਰਾਉਂਠੇ, ਫਲ ਅਤੇ ਪਾਣੀ ਦੀ ਬੋਤਲ ਤਿਆਰ ਕਰਕੇ ਫੜ੍ਹਾ ਦਿੱਤੇ। ਉਸ ਦਾ ਅਪਣੱਤ ਭਰਿਆ ਵਿਹਾਰ ਅਤੇ ਮਹਿਮਾਨ ਨਿਵਾਜ਼ ਹੋਣ ਦਾ ਸੁਹਾਣਾ ਬਿੰਬ ਸਦਾ ਲਈ ਮੇਰੇ ਚੇਤੇ ਦੀ ਨੁੱਕਰ ਵਿੱਚ ਸਾਂਭਿਆ ਗਿਆ।

ਗਲਾਸਗੋ (ਸਕਾਟਲੈਂਡ) ਤੋਂ ਮੇਰਾ ਮਨ ਇਸ ਦੇ ਨਾਲ ਲਗਦੇ ਸਮੁੰਦਰ ਤੋਂ ਪਾਰ ਆਇਰਲੈਂਡ ਜਾਣ ਦਾ ਸੀ। ਉਥੋਂ ਦੇ ਲੋਕ ਵੀ ਪੰਜਾਬ ਦੇ ਸੰਕਟ ਦੇ ਦਿਨਾਂ ਵਾਂਗੂੰ ਪਿਛਲੇ ਕਈ ਸਾਲਾਂ ਤੋਂ ਸੰਘਰਸ਼ ਦੇ ਰਾਹ ਪਏ ਹੋਏ ਸਨ। ਸੁਣਿਆ ਸੀ ਉਨ੍ਹਾਂ ਦਾ ਕਾਫੀ ਕੁੱਝ ਪੰਜਾਬੀਆਂ ਨਾਲ ਰਲਦਾ-ਮਿਲਦਾ ਹੈ, ਪਰ ਸਮੇਂ ਦੀ ਕਿੱਲਤ ਨੇ ਪੇਸ਼ ਨਾ ਜਾਣ ਦਿੱਤੀ।

ਅੱਠ ਕੁ ਘੰਟਿਆਂ ਦੇ ਸਫ਼ਰ ਤੋਂ ਪਿੱਛੋਂ ਬੱਸ ਲੰਡਨ ਪਹੁੰਚੀ। ਲੰਡਨ ਦਾ ਸੂਹਾਂ ਹੋ ਗਿਆ ਹੋਣ ਕਰਕੇ ਮੈਨੂੰ ਘਰੇ ਪਹੁੰਚਣ ਵਿੱਚ ਦਿੱਕਤ ਨਾ ਆਈ। ਬਰਤਾਨੀਆਂ ਦੀ ਚੰਗੀ ਸੈਰ ਹੋ ਜਾਣ ਕਾਰਨ ਮੇਰੇ ਚਿਹਰੇ ਉਤੇ ਰੱਜ ਦੇ ਭਾਵ ਸਨ ਪਰ ਪ੍ਰੀਤਮ ਸਿੱਧੂ ਨੇ ਇਹ ਕਹਿ ਕੇ ਮੇਰੇ ਅੰਦਰ ਧੁਕਧੁਕੀ ਜਿਹੀ ਲਾ ਦਿੱਤੀ, 'ਬਲਦੇਵ ਜਿੰਨਾ ਕੁਸ਼ ਤੂੰ ਵੇਖਿਆ ਹੈ, ਇਸ ਤੋਂ ਕਈ ਗੁਣਾਂ ਜ਼ਿਆਦਾ ਕੁੱਝ ਹੋਰ ਵੇਖਣ ਵਾਲਾ ਐ, ਚਲ ਕੁੱਝ ਕੁ ਅਗਲੇ ਗੇੜੇ ਲਈ ਛੱਡ ਲੈ, ਅਜੇ ਤੂੰ ਤਾਂ ਮੁੰਡਾ-ਖੁੰਡੈਂ, ਬਥੇਰੇ ਗੇੜੇ ਮਾਰੇਂਗਾ ਇੰਗਲੈਂਡ ਦੇ, ਖੈਰ ਤੇਰੀ ਬੋਣ੍ਹੀ ਚੰਗੀ ਹੋ-ਗੀ ਐ, ਹੁਣ ਇੱਕ ਅੱਧ ਦਿਨ ਦਮ ਮਾਰ ਲੈ, ਕਿਸੇ ਹੋਰ ਲੇਖਕਾ-ਲੂਖਕਾ ਨੂੰ ਮਿਲ-ਗਿਲ ਲੈ।' ਪ੍ਰੀਤਮ ਸਿੱਧੂ ਦੀਆਂ ਮਿੱਠੀਆਂ ਟਕੋਰਾਂ ਨਾਲ ਇਉਂ ਹੀ ਸ਼ਾਮ ਨੂੰ ਮੇਰੇ ਸਾਰੇ ਦਿਨ ਦੀ ਥਕਾਣ ਲੱਥ ਜਾਂਦੀ ਸੀ। ਐਨੇ ਦਿਨ ਪ੍ਰੀਤਮ ਸਿੱਧੂ ਦੀਆਂ ਫੁੱਲਝੜੀਆਂ ਵਰਗੀਆਂ ਗੱਲਾਂ ਸੁਣਨਾ ਵੀ ਮੇਰੇ ਲਈ ਇੰਗਲੈਂਡ ਦੀ ਯਾਤਰਾ ਦੀ ਅਹਿਮ ਪ੍ਰਾਪਤੀ ਸੀ। ਬੇਗਾਨੀ ਅਤੇ ਸ਼ਕਤੀਸ਼ਾਲੀ ਸੰਸਕ੍ਰਿਤੀ ਦੇ ਹੜ੍ਹ ਵਿੱਚ ਵੀ ਉਸ ਨੇ ਆਪਣਾ ਠੇਠ ਮਲਵਈ ਮੁਹਾਵਰਾ ਤੇ ਅਪਣੱਤ ਇਉਂ ਸਾਂਭ ਰੱਖੇ ਸਨ ਜਿਵੇਂ ਕਿਸੇ ਨਵੀਂ-ਨਵੇਲੀ ਬਹੂ ਦੀ ਸੁਹਾਗ-ਪਟਿਆਰੀ ਹੋਵੇ।

# ਆਪਣਾ ਪੰਜਾਬ ਹੋਵੇ

ਦਿਲ ਵਿੱਚ ਖੋਹ ਪੈ ਰਹੀ ਸੀ। ਇਹ ਵਲਾਇਤ ਦੀਆਂ ਖ਼ੂਬਸੂਰਤੀਆਂ ਨੂੰ ਅਲਵਿਦਾ ਕਹਿਣ ਦੇ ਵਿਗੋਚੇ ਕਰਕੇ ਸੀ ਜਾਂ ਆਪਣੇ ਪਰਿਵਾਰ ਦੀਆਂ ਮੇਰੇ ਲਈ ਭਰ-ਭਰ ਛਲਕ ਆਉਂਦੀਆਂ ਰਹੀਆਂ ਹੋਣੀਆਂ ਅੱਖਾਂ ਦੇ ਤਸੱਵਰ ਕਰਕੇ ਸੀ? ਯਕੀਨਨ ਦੋਵੇਂ ਗੱਲਾਂ ਹੀ ਸਨ। ਪੜ੍ਹਾਈ ਦੌਰਾਨ ਚੰਡੀਗੜ੍ਹ ਰਹਿਣ ਅਤੇ ਨੌਕਰੀ ਦੇ ਮਾਮਲੇ ਵਿੱਚ ਜਲੰਧਰ ਤੇ ਪਟਿਆਲੇ ਦੇ ਵਸੇਬੇ ਕਾਰਨ ਮੈਂ ਕਈ ਕਈ ਮਹੀਨੇ ਘਰੋਂ ਬਾਹਰ ਰਹਿੰਦਾ ਰਿਹਾ ਸਾਂ ਪਰ ਆਪਣੇ ਮੁਲਕ ਵਿੱਚ ਘਰੋਂ ਦੂਰ ਬੈਠਿਆਂ ਵੀ ਬਾਹਰ ਹੋਣ ਦਾ ਅਹਿਸਾਸ ਇਨਾ ਦਿਲ-ਹਿਲਾਊ ਨਹੀਂ ਸੀ ਹੁੰਦਾ।

ਕੱਚੀ ਨੌਕਰੀ ਦੌਰਾਨ ਵਿਆਹ ਕਰਵਾ ਕੇ ਅਤੇ ਫੇਰ ਪਹਿਲੇ ਸਾਲ ਹੀ ਮੁੰਡੇ ਦਾ ਪਿਓ ਬਣ ਕੇ ਮੈਂ ਜਿਵੇਂ ਜਾਂਦੀ ਬਲਾਅ ਨੂੰ ਦੁਪਹਿਰਾ ਕੱਟ ਜਾਣ ਲਈ ਆਵਾਜ਼ ਮਾਰ ਬੈਠਾ ਸਾਂ। ਓਧਰੋਂ ਨੌਕਰੀ ਦੇ ਨਾਲ ਨਾਲ ਪੀ-ਐੱਚ. ਡੀ. ਕਰਨ ਦਾ ਪੰਗਾ ਲੈ ਲਿਆ ਸੀ। ਇਸ ਲਈ ਆਪਣੀ ਵਹੁਟੀ ਤੇ ਬੱਚੇ ਨੂੰ ਛੇ-ਛੇ ਮਹੀਨੇ ਪੇਕੀਂ ਛੱਡ ਰਖਦਾ ਸਾਂ। ਪੱਕੇ ਪੈਰੀਂ ਹੋਣ ਦੀ ਧੁਨ ਮਨ ਉਤੇ ਇਨੀ ਸਵਾਰ ਸੀ ਕਿ ਆਪਣੇ ਸੀਨੇ ਵਿੱਚ ਮੈਂ ਜਿਵੇਂ ਮੋਹਖੋਰੇ ਧੜਕਦੇ ਦਿਲ ਦੀ ਥਾਂ ਕੋਈ ਪੱਥਰ ਦਾ ਢੇਲਾ ਰੱਖ ਲਿਆ ਸੀ।

ਹੁਣ ਪਿਛਲੇ ਪੰਜ ਕੁ ਸਾਲਾਂ ਤੋਂ ਯੂਨੀਵਰਸਿਟੀ ਵਿੱਚ ਲੈਕਚਰਾਰ ਦੀ ਚੰਗੀ ਨੌਕਰੀ ਹੋਣ ਕਰਕੇ ਪਤਨੀ ਤੇ ਬੱਚਿਆਂ ਨਾਲ ਇਨਾ ਕੋਲ ਕੋਲ ਰਿਹਾ ਸਾਂ ਕਿ ਵੱਖ ਰਹਿਣ ਦੀ ਆਦਤ ਹੀ ਨਹੀਂ ਸੀ ਰਹੀ। ਢਾਈ ਕੁ ਸਾਲ ਦਾ ਛੋਟਾ ਬੇਟਾ ਗੁਣਵੰਤ ਤਾਂ ਮੇਰੇ ਹੱਥਾਂ 'ਚ ਹੀ ਵਧਿਆ-ਫੁੱਲਿਆ ਹੋਣ

Academy of the Punjab in North America: http://www.apnaorg.com

ਕਰਕੇ ਜਿਵੇਂ ਮੇਰੀ ਕਮਜ਼ੋਰੀ ਹੀ ਬਣ ਗਿਆ ਹੋਵੇ। ਉਹ ਇਕ-ਦੋ ਦਿਨ ਲਈ ਮੇਰੇ ਤੋਂ ਕਿਤੇ ਦੂਰ ਜਾਂਦਾ ਤਾਂ ਮੇਰਾ ਕਾਲਜਾ ਖੁੱਸਣ ਲੱਗ ਪੈਂਦਾ। ਉਸ ਤੋਂ ਸਾਢੇ ਤਿੰਨ ਮਹੀਨੇ ਵੱਖ ਤਾਂ ਹੁਣ ਪਹਿਲੀ ਵਾਰ ਹੀ ਰਿਹਾ ਸਾਂ। ਅਮਰੀਕਾ ਜਾਂ ਇੰਗਲੈਂਡ ਤੋਂ ਘਰੇ ਫੋਨ ਕਰਦਾ ਤਾਂ ਆਪਣੀ ਮੰਮੀ ਦੇ ਗੋਡਿਆਂ ਨਾਲ ਚੰਬੜਿਆ ਖੜ੍ਹਾ ਉਹ ਮੈਨੂੰ ਡੁਸਕਦਾ ਸੁਣਾਈ ਦਿੰਦਾ। ਮੇਰੀ ਪਤਨੀ ਸੁਖਵਿੰਦਰ ਜਦੋਂ ਉਹਦੀਆਂ ਗੱਲਾਂ ਬਾਰੇ ਦੱਸਣ ਲੱਗਦੀ ਤਾਂ ਮੈਂ ਮੇਰਾ ਗਲ ਭਰ ਆਉਂਦਾ। ਮੇਰੇ ਤੋਂ ਬਹੁਤੀ ਗੱਲ ਨਾ ਹੁੰਦੀ ਤੇ ਫੋਨ ਬੰਦ ਕਰਕੇ ਰੋਣਹਾਕਾ ਹੋ ਜਾਂਦਾ। ਮੇਰੇ ਕੰਨਾਂ ਵਿੱਚ ਅਜੇ ਵੀ ਗੁਣਵੰਤ ਦੇ ਤੋਤਲੇ ਬੋਲ ਸੁਣਾਈ ਦਿੰਦੇ ਰਹਿੰਦੇ, 'ਪਾ … ਪਾ … ਪਾ, ਨੂੰ … ਈਂ, ਦੂ … ਅ … ਰ, ਮੰਅ … ਮੀ, ਆ … ਸ਼ੀ, ਪਾ … ਆ … ਪਾ' ਕਹਿ ਕੇ ਉਹ ਜ਼ਿੱਦ ਕਰਕੇ ਕੰਧ ਤੋਂ ਮੇਰੀ ਫੋਟੋ ਉਤਰਵਾ ਲੈਂਦਾ ਅਤੇ ਫੇਰ ਉਸ ਨੂੰ ਚੁੰਮਣ ਲੱਗਦਾ।

ਸੁਖਵਿੰਦਰ ਨੇ ਵੀ ਫੌਜ 'ਚ ਗਏ ਪਤੀਆਂ ਦੀਆਂ ਨਾਰਾਂ ਵਾਂਗ ਤਿੰਨ ਕੁ ਮਹੀਨੇ ਤਾਂ ਜੇਰਾ ਤਕੜਾ ਰੱਖਿਆ ਸੀ ਪਰ ਅੰਤ ਵਿੱਚ ਉਹ ਵੀ ਡੋਲ ਗਈ। ਉਹ ਹਰ ਵਾਰੀ ਫੋਨ ਉਤੇ ਇਕੋ ਗੱਲ ਦੁਹਰਾਈ ਜਾਂਦੀ, 'ਬੱਸ ਆ-ਜੋ ਹੁਣ, ਛੱਡੋ ਪਰ੍ਹੇ ਸੈਰ-ਸੂਰ, ਚਿੱਤ ਨਹੀਂ ਲੱਗਦਾ ਕਿਤੇ, ਘਰ ਦੀਆਂ ਕੰਧਾਂ ਖਾਣ ਨੂੰ ਆਉਂਦੀਐਂ, ਬੱ … ਅ … ਸ, ਮੈਨੂੰ ਨੀ ਪਤਾ, ਆ … ਜੋ ਹੁਣ … ' ਉਸ ਦੀ ਇਹ ਬਿਹਬਲਤਾ ਮੈਨੂੰ ਅੰਦਰੋ-ਅੰਦਰੀ ਸੁਆਦਲੀ ਵੀ ਲੱਗਦੀ ਪਰ ਦਿਲ ਉਤੇ ਆਰੀ ਵੀ ਫੇਰ ਜਾਂਦੀ। ਚਲੋ ਪਤਨੀ ਤੇ ਬੱਚਿਆਂ ਨਾਲ ਫੋਨ ਉਤੇ ਗੱਲ ਹੋ ਜਾਂਦੀ ਸੀ, ਪਰ ਬੇਬੇ-ਬਾਪੂ, ਭੈਣ-ਭਰਾ, ਭਤੀਜੇ-ਭਤੀਜੀਆਂ ਅਤੇ ਪਰਿਵਾਰ ਦੇ ਬਾਕੀ ਜੀਆਂ ਨਾਲੋਂ ਤਾਂ ਜਵਾਂ ਹੀ ਵਿਛੁੰਨਿਆਂ ਗਿਆ ਸਾਂ। ਉਨ੍ਹਾਂ ਦੇ ਅੰਦਰੋ-ਅੰਦਰੀ ਦੱਬ ਕੇ ਰੱਖੇ ਹਟਕੋਰਿਆਂ ਬਾਰੇ ਸੋਚ ਕੇ ਮੈਨੂੰ ਹੌਲ ਜਿਹਾ ਪੈ ਜਾਂਦਾ।

ਮੈਂ ਅਜਿਹੇ ਉਦਰੇਵੇਂ ਦਾ ਅਹਿਸਾਸ ਪਹਿਲੀ ਵਾਰ ਹੀ ਭੋਗਿਆ ਸੀ। ਨਹੀਂ ਤਾਂ ਮੈਂ ਇਸ ਗੱਲੋਂ ਇਨਾ ਪੱਕਾ ਸਾਂ ਕਿ ਮੇਰਾ ਦੋਸਤ ਬਲਜਿੰਦਰ ਨਸਰਾਲੀ ਜਦੋਂ ਕਿਤੇ ਮੇਰੇ ਨਾਲ ਕੁੱਝ ਦਿਨਾਂ ਲਈ ਕਿਧਰੇ ਸੈਰ-ਸਪਾਟੇ ਲਈ ਜਾਂਦਾ ਤਾਂ ਅਕਸਰ ਆਖਦਾ, 'ਵੀਰ ਜੀ ਘਰ ਦੀ ਦੇਹਲੀ ਲੰਘ ਕੇ ਤੁਸੀਂ ਘਰਦਿਆਂ ਨੂੰ ਤਾਂ ਜਿਵੇਂ ਭੁੱਲ ਈ ਜਾਂਦੇ ਓ, ਕਿਹੋ ਜਿਹਾ ਜਿਗਰਾ ਹੈ ਸੋਡਾ?' ਉਹ ਹੈਰਾਨ ਹੁੰਦਾ। ਪਰ ਇਸ ਵਾਰ ਮੈਂ ਵੀ ਪਿਘਲ ਗਿਆ ਸਾਂ। ਉਦਰੇਵੇਂ ਦੀ ਝੜੀ ਨਾਲ ਮੇਰੇ ਮਨ ਦੀ ਕੱਚੀ ਕੰਧ ਡਿਗੂੰ-ਡਿਗੂੰ ਕਰਦੀ ਸੀ।

22 ਅਕਤੂਬਰ ਦੀ ਸ਼ਾਮ ਨੂੰ ਭੈਣ ਜੀ ਸੁਰਜੀਤ ਕੌਰ ਨੇ ਪੂਰਾ ਤਾਣ ਲਾ ਕੇ 'ਵਿਦਾਇਗੀ ਡਿਨਰ' ਤਿਆਰ ਕੀਤਾ। ਪ੍ਰੀਤਮ ਸਿੱਧੂ ਹੋਰਾਂ ਨੇ ਵਾਹਵਾ ਜ਼ੋਰ ਲਾਇਆ ਕਿ ਮੈਂ ਸਕਾਚ ਦੀਆਂ ਦੋ

ਗਲਾਸੀਆਂ ਪੀ ਕੇ ਉਦਾਸਿਆ ਮੂਡ ਠੀਕ ਕਰ ਲਵਾਂ ਪਰ ਮੈਨੂੰ ਡਰ ਸੀ ਕਿ ਦਾਰੂ ਨਾਲ ਭਾਵੁਕ ਹੋ ਕੇ ਡੁਸਕਣ ਨਾ ਲੱਗ ਪਵਾਂ। ਬਣ ਰਹੇ ਖਾਣੇ ਦੀ ਖੁਸ਼ਬੂ ਹੀ ਮੂੰਹ 'ਚ ਪਾਣੀ ਲਿਆਉਣ ਵਾਲੀ ਸੀ ਪਰ ਖਾਣ ਲੱਗਦਾ ਤਾਂ ਬੋਨਲੈੱਸ ਚਿਕਨ ਦਾ ਪੀਸ ਵੀ ਸੰਘ 'ਚ ਫੁੱਲ ਜਾਂਦਾ। ਪੰਦਰਾਂ-ਵੀਹ ਦਿਨਾਂ ਵਿੱਚ ਹੀ ਸਿੱਧੂ ਪਰਿਵਾਰ ਨਾਲ ਮੋਹ ਕੁੱਝ ਇਸ ਕਦਰ ਵਧ ਗਿਆ ਸੀ ਕਿ ਉਨ੍ਹਾਂ ਨੂੰ ਅਲਵਿਦਾ ਕਹਿਣ ਦਾ ਖ਼ਿਆਲ ਹੀ ਮਨ 'ਚ ਵੈਰਾਗ ਜਿਹਾ ਭਰ ਦਿੰਦਾ। ਮੇਰੀ ਇਕੋ ਇੱਕ ਵੱਡੀ ਭੈਣ ਤੇਜੋ ਮੇਰੇ ਤੋਂ ਪੰਦਰਾਂ ਕੁ ਸਾਲ ਵੱਡੀ ਹੋਣ ਕਰਕੇ ਮੈਨੂੰ ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਦੀ ਹੈ। ਉਹ ਜਿਵੇਂ ਅਛੋਪਲੇ ਹੀ ਭੈਣ ਜੀ ਸੁਰਜੀਤ ਹੋਰਾਂ ਦੇ ਜਾਮੇਂ ਵਿੱਚ ਆਣ ਸਮਾਈ ਸੀ। 'ਬਲਦੇਵ ਕੱਲ੍ਹ ਨੂੰ ਤੂੰ ਸਾਡੇ ਤੋਂ ਦੂਰ ਆਪਣੇ ਪਰਿਵਾਰ 'ਚ ਬੈਠਾ ਹੋਵੇਂਗਾ, ਬੜੀ ਰੌਣਕ ਐ ਤੇਰੇ ਨਾਲ ਤਾਂ' ਜਦੋਂ ਸੁਰਜੀਤ ਭੈਣ ਜੀ ਆਖਦੀ ਤਾਂ ਮੇਰੇ ਅੰਦਰੋਂ ਉੱਠੀ ਮੋਹ ਦੀ ਝਰਨਾਹਟ ਮੈਨੂੰ ਪੈਰਾਂ ਤੋਂ ਸਿਰ ਤੱਕ ਕੰਬਾ ਜਾਂਦੀ। ਸਭ ਤੋਂ ਵੱਡਾ ਰਿਸ਼ਤਾ ਤਾਂ ਮਨਾਂ ਦੀ ਸਾਂਝ ਦਾ ਹੀ ਹੁੰਦਾ ਹੈ।

ਜੇ ਕਿਧਰੇ ਪਲ ਦੋ ਪਲ ਲਈ ਮੋਹ ਦੇ ਦਰਿਆ ਵਿੱਚ ਗੋਤੇ ਖਾਣ ਤੋਂ ਹਟਦਾ ਤਾਂ ਇੱਕ ਹੋਰ ਚਿੰਤਾ ਘੇਰ ਲੈਂਦੀ। ਥੋੜ੍ਹਾ ਥੋੜ੍ਹਾ ਜੁੜ ਕੇ ਮੇਰੇ ਕੋਲ ਲੱਗਪਗ ਅੱਸੀ ਕਿਲੋ ਵਜ਼ਨ ਹੋ ਗਿਆ ਸੀ। ਹੀਥਰੋ ਹਵਾਈ ਅੱਡੇ ਵਾਲੇ, ਇੰਗਲੈਂਡ ਤੋਂ ਜਹਾਜ਼ ਲੈਣ ਵਾਲੇ ਯਾਤਰੂਆਂ ਨੂੰ, ਵੱਧ ਤੋਂ ਵੱਧ ਤੇਈ ਕਿਲੋ ਭਾਰ ਲਿਜਾਣ ਦੀ ਆਗਿਆ ਦਿੰਦੇ ਸਨ। ਜ਼ਿਆਦਾ ਤੋਂ ਜ਼ਿਆਦਾ ਚਾਰ-ਪੰਜ ਕਿਲੋ ਭਾਰ ਹੈਂਡ ਬੈਗ 'ਚ ਪਾ ਕੇ ਕੋਲ ਰੱਖਿਆ ਜਾ ਸਕਦਾ ਸੀ। ਭਾਵੇਂ ਸਿੱਧੂ ਹੋਰਾਂ ਨੇ ਫੋਨ ਰਾਹੀਂ ਇਹ ਗੱਲ ਪੱਕੀ ਤਰ੍ਹਾਂ ਪਤਾ ਕਰ ਲਈ ਸੀ ਕਿ ਅਮਰੀਕਾ-ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਉਤੇ ਇੰਗਲੈਂਡ ਦੀ ਤੇਈ ਕਿਲੋ ਭਾਰ ਲਿਜਾ ਸਕਣ ਵਾਲੀ ਸ਼ਰਤ ਲਾਗੂ ਨਹੀਂ ਸੀ ਹੁੰਦੀ, ਫੇਰ ਵੀ ਮੈਨੂੰ ਇਹ ਧੁੜਕੂ ਲੱਗਾ ਰਿਹਾ ਸੀ ਕਿ ਕੋਈ ਨਾ ਕੋਈ ਟੈਂਟਾ ਜ਼ਰੂਰ ਖੜ੍ਹਾ ਹੋਵੇਗਾ। ਅਜਿਹੇ ਪੰਗੇ ਤੋਂ ਡਰਦਿਆਂ ਤਾਂ ਮੈਂ ਕੋਈ ਅਜਿਹੀ ਚੀਜ਼ ਵਸਤ ਵੀ ਨਹੀਂ ਖਰੀਦੀ ਸੀ ਜਿਸ ਨਾਲ ਮੈਨੂੰ ਕਸਟਮ ਅਧਿਕਾਰੀ ਘੇਰ ਲੈਣ। ਬੱਸ ਕੁੱਝ ਕੁ ਦੋਸਤਾਂ ਮਿੱਤਰਾਂ ਵੱਲੋਂ ਦਿੱਤੇ ਤੋਹਫ਼ੇ ਸਨ ਅਤੇ ਪਤਨੀ ਲਈ ਇੱਕ ਦੋ ਨਿੱਕੇ ਨਿੱਕੇ ਗਹਿਣੇ।

ਪਹਿਰ ਦੇ ਤੜਕੇ ਤੱਕ ਮਸਾਂ ਘੰਟਾ ਕੁ ਅੱਖ ਲੱਗੀ ਹੋਵੇਗੀ। ਮੈਂ ਵਾਰ ਵਾਰ ਤ੍ਰਬਕ ਕੇ ਉੱਠ ਖੜ੍ਹਦਾ ਜਿਵੇਂ ਲੇਟ ਹੋ ਗਿਆ ਹੋਵਾਂ। ਸੁਰਜੀਤ ਭੈਣ ਜੀ ਨੇ ਭਾਵੇਂ ਪੰਜ ਵਜੇ ਦਾ ਅਲਾਰਮ ਵੀ ਲਾਇਆ ਹੋਇਆ ਸੀ ਪਰ ਮੈਂ ਤਾਂ ਉਸ ਦੇ ਬੋਲਣ ਤੱਕ ਨਹਾ-ਧੋ ਕੇ ਸਭ ਕੰਮ ਨਿਬੇੜੀ ਭਜਨ ਕਰਨ ਵਾਲਿਆਂ ਵਾਂਗੂੰ ਚੁੱਪ-ਚਾਪ ਢੋਹ ਲਾਈ ਬੈਠਾ ਸਾਂ।

Academy of the Punjab in North America: http://www.apnaorg.com

ਸੁਰਜੀਤ ਭੈਣ ਜੀ ਨੇ ਇੱਕ ਇਕ ਚੀਜ਼ ਵੇਰਵੇ ਨਾਲ ਪੁੱਛੀ ਕਿ ਮਤੇ ਕੁੱਝ ਭੁੱਲ ਨਾ ਗਿਆ ਹੋਵਾਂ। ਭਾਵੇਂ ਹੁਣ ਮੇਰੇ ਅੰਦਰ ਕਿਣਕਾ ਮਾਤਰ ਚੀਜ਼ ਵੀ ਨਹੀਂ ਲੰਘਦੀ ਸੀ ਪਰ ਭੈਣ ਜੀ ਨੇ ਸੱਖਣੇ ਅੰਦਰ ਸਫ਼ਰ ਤੇ ਜਾਣ ਤੋਂ ਮਨ੍ਹਾਂ ਕਰਦਿਆਂ ਇਸ ਨੂੰ ਅਪਸ਼ਗਨ ਮੰਨਿਆ ਅਤੇ ਮੱਲੋ-ਜ਼ੋਰੀ ਚਾਹ ਨਾਲ ਕੁੱਝ ਨਾ ਕੁੱਝ ਖਾਣ ਲਈ ਜ਼ਿਦ ਕੀਤੀ।

ਮੈਨੂੰ ਏਅਰਪੋਰਟ ਉਤੇ ਛੱਡਣ ਜਾਣ ਵਾਸਤੇ ਹਰਜੀਤ ਅਟਵਾਲ ਵੀ ਮਿਥੇ ਵਕਤ ਉਤੇ ਹੀ ਆ ਗਿਆ। ਇੰਗਲੈਂਡ ਦੀ ਜੀਵਨ-ਜਾਚ ਹੀ ਅਜਿਹੀ ਹੈ ਕਿ ਉਸ ਨੇ ਹਰੇਕ ਨੂੰ ਫੌਜੀਆਂ ਵਾਂਗ ਅਨੁਸ਼ਾਸਨ ਸਿਖਾ ਦਿੱਤਾ ਹੈ। ਭੈਣ ਜੀ ਨੇ ਪਹਿਲਾਂ ਆਪ ਦਹਿਲੀਜ਼ ਤੋਂ ਪਾਰ ਜਾ ਕੇ ਮੱਥੇ ਚੰਗੀ ਚੀਜ਼ ਲੱਗਣ ਦਾ ਸ਼ਗਨ ਵਿਚਾਰਿਆ ਅਤੇ ਫੇਰ ਵੱਡੀਆਂ ਭੈਣਾਂ ਵਾਂਗ ਹੱਕ ਜਿਤਾਉਂਦਿਆਂ ਪਿਆਰ ਨਾਲ ਮੇਰੀ ਜੇਬ ਵਿੱਚ ਚਾਲੀ ਪੌਂਡ ਦੇ ਨੋਟ ਪਾ ਦਿੱਤੇ। ਮੈਂ ਉਨ੍ਹਾਂ ਦੀ ਗਲਵੱਕੜੀ 'ਚੋਂ ਨਿਕਲ ਕੇ ਕਾਹਲੀ ਨਾਲ ਕਾਰ 'ਚ ਆ ਬੈਠਾ ਪਰ ਫੇਰ ਵੀ ਡੁੱਲ੍ਹ ਪੈਣ ਲਈ ਕਾਹਲੀਆਂ ਅੱਖਾਂ ਨੂੰ ਬੰਨ੍ਹ ਨਾ ਮਾਰ ਸਕਿਆ।

ਏਅਰਪੋਰਟ ਤੇ ਪਹੁੰਚੇ ਤਾਂ ਅੱਗੋਂ ਰੱਬ-ਸਬੱਬੀਂ ਡਾ. ਆਤਮ ਹਮਰਾਹੀ ਦਾ ਸਾਥ ਮਿਲ ਗਿਆ। ਉਸ ਦੇ ਆਫ਼ਰੇ ਕੱਟੇ ਵਰਗੇ ਵੱਡੇ ਅਟੈਚੀਆਂ ਨੂੰ ਵੇਖ ਕੇ ਮਨ ਨੂੰ ਇਹ ਧਰਵਾਸਾ ਵੀ ਹੋ ਗਿਆ ਕਿ ਮੇਰੇ ਕੋਲੇ ਤਾਂ ਉਸ ਦੇ ਮੁਕਾਬਲੇ 'ਚ ਅੱਧਾ ਭਾਰ ਸੀ। ਉਸ ਦਾ ਤਾਂ ਸ਼ੋਲਡਰ ਬੈਗ ਵੀ ਪੰਜ ਕਿਲੋ ਦੀ ਥਾਂ ਪੱਚੀ ਕਿਲੋ ਦਾ ਜਾਪਦਾ ਸੀ ਜਿਸ ਦੇ ਚੁੱਕਣ ਵਿੱਚ ਮੈਨੂੰ ਵੀ ਹੱਥ ਵਟਾਉਣਾ ਪਿਆ। ਅਸਲ ਵਿੱਚ ਉਸ ਦਾ ਇਹ ਦੂਜਾ ਤੀਜਾ ਗੇੜਾ ਹੋਣ ਕਰਕੇ ਉਹ ਪੂਰਾ ਤਜ਼ਰਬੇਕਾਰ ਹੋ ਗਿਆ ਸੀ।

ਬਿਨਾਂ ਕਿਸੇ ਵਿਘਨ ਤੋਂ ਸਮਾਨ ਜਮ੍ਹਾ ਕਰਵਾ ਕੇ ਸੁਰਖ਼ਰੂ ਹੋਏ ਤਾਂ ਡਾ. ਹਮਰਾਹੀ ਨੇ ਕਿਹਾ 'ਆ-ਜਾ ਕਰੰਸੀ ਵਟਾ ਲਈਏ।' ਮੇਰੀ ਤਾਂ ਕੀ ਗੰਜੀ ਨਾਵ੍ਹੇ ਤੇ ਕੀ ਨਚੋੜੇ ਵਾਲੀ ਹਾਲਤ ਹੀ ਸੀ। ਸੋ ਮੈਂ ਤਾਂ ਚਾਲੀਆਂ 'ਚੋਂ ਸੋਲ੍ਹਾਂ ਕੁ ਪੌਂਡ ਦੀ ਇੱਕ ਸ਼ਿਵਾਜ ਰੀਗਲ ਸਕਾਚ ਦੀ ਬੋਤਲ ਖਰੀਦ ਲਈ ਅਤੇ ਬਾਕੀ ਬਚਿਆਂ ਪੌਂਡਾਂ ਦੇ 'ਡਿਊਟੀ ਫ੍ਰੀ ਸ਼ਾਪ' ਤੋਂ ਮਿੱਤਰਾਂ ਲਈ ਇੱਕ ਦੋ ਤੋਹਫ਼ੇ ਲੈ ਲਏ।

ਡਾ. ਹਮਰਾਹੀ ਨੇ ਪੌਂਡਾਂ ਦੀ ਥਹੀ ਹੈਂਡ-ਬੈਗ 'ਚੋਂ ਕੱਢੀ ਅਤੇ ਜੈਕਟ ਦੀ ਅੰਦਰਲੀ ਜੇਭ 'ਚ ਪਾ ਲਈ। ਉਸ ਦਾ ਪਰਵਾਸੀਆਂ ਦੇ ਰੇਖਾ-ਚਿੱਤਰ ਲਿਖਣ ਵਾਲਾ ਵਪਾਰ ਚੰਗਾ ਚੱਲ ਗਿਆ ਸੀ ਅਤੇ ਸੌਦਾ ਵਾਹਵਾ ਵਿਕ ਗਿਆ। ਇਸ ਨਾਲ ਉਸ ਦੀ ਚੌੜਾਈ ਕੁੱਝ ਇੰਚ ਹੋਰ ਵਧ ਗਈ। ਹੁਣ ਉਹ ਰੱਜ ਕੇ ਛੱਪੜ 'ਚ ਉਗਾਲਾ ਕਰ ਰਹੀ ਮੱਝ ਵਾਂਗ ਪੂਰਾ ਸੰਤੁਸ਼ਟ ਹੋ ਕੇ ਕੁਰਸੀ ਤੇ ਬੈਠਾ

Academy of the Punjab in North America: http://www.apnaorg.com

ਗੱਲਾਂ ਦੇ ਜੜਾਂਗੇ ਵੱਢ ਰਿਹਾ ਸੀ। ਗੱਲਾਂ ਦੀ ਲੜੀ ਅਖੰਡ ਚੱਲ ਰਹੀ ਸੀ ਤੇ ਮੈਂ ਕਾਹਲਾ ਪੈ ਰਿਹਾ ਸਾਂ।

ਮੇਰਾ ਮਨ ਕਰਦਾ ਸੀ ਕਿ ਮੈਂ ਕਿਧਰੇ ਇਕਾਂਤ 'ਚ ਬੈਠ ਕੇ ਇਹ ਕਲਪਨਾ ਕਰਾਂ ਕਿ ਜਦੋਂ ਮੈਂ ਆਪਣੇ ਘਰ ਵਿੱਚ ਪਹਿਲਾ ਕਦਮ ਰੱਖਾਂਗਾ ਤਾਂ ਸੁਖਵਿੰਦਰ, ਆਸਵੰਤ ਤੇ ਗੁਣਵੰਤ ਮੈਨੂੰ ਕਿਵੇਂ ਮਿਲਣਗੇ? ਉਨ੍ਹਾਂ ਨੂੰ ਛੇਤੀ ਵੇਖਣ ਲਈ ਮਨ ਕਾਹਲਾ ਸੀ।

ਅਖੇ ਨਾਨੀ ਨੇ ਖਸਮ ਕੀਤਾ, ਦੋਹਤੇ ਨੂੰ ਚੱਟੀ ਪਈ ਦੀ ਗੱਲ ਵਾਂਗ ਮੈਂ ਡਾ. ਹਮਰਾਹੀ ਦਾ ਭਾਰਾ ਬੈਗ ਚੁਕਾਈ ਸਕਿਉਰਟੀ ਚੈੱਕ ਵਾਲੇ ਮੇਜ਼ ਤੱਕ ਲੈ ਗਿਆ। ਮੈਂ ਤਾਂ ਲੰਘ ਗਿਆ ਪਰ ਡਾ. ਹਮਰਾਹੀ ਨੂੰ ਉਨ੍ਹਾਂ ਰੋਕ ਲਿਆ। ਪੰਦਰਾਂ ਕੁ ਮਿੰਟ ਪਿੱਛੋਂ ਉਹ ਸੌ ਗੱਪ-ਛੂਠ ਮਾਰ ਕੇ ਫ਼ਾਰਗ ਹੋਇਆ ਤਾਂ ਅਸੀਂ ਏਅਰ-ਇੰਡੀਆ ਦੇ ਜਹਾਜ਼ 'ਚ ਆਣ ਚੜ੍ਹੇ। ਮੈਂ ਅੰਦਰੋ-ਅੰਦਰੀ ਪਹਿਲਾਂ ਹੀ ਪੱਕਾ ਫੈਸਲਾ ਕਰ ਲਿਆ ਸੀ ਕਿ ਡਾ. ਹਮਰਾਹੀ ਤੋਂ ਬਚ ਕੇ ਦੂਰ ਹੀ ਬੈਠਾਂਗਾ। ਇਸ ਲਈ ਮੈਂ ਕਿਸੇ ਨਾਲ ਸੀਟ ਬਦਲ ਕੇ ਡਾ. ਹਮਰਾਹੀ ਕੋਲ ਆ ਬੈਠਣ ਦੀ ਸਕੀਮ ਨੂੰ ਹੁੰਘਾਰਾ ਨਾ ਭਰਿਆ।

ਮੇਰੇ ਨਾਲ ਵਾਲੀ ਸੀਟ ਉਤੇ ਦਸ-ਬਾਰਾਂ ਸਾਲ ਦਾ ਭਾਰਤੀ ਮੂਲ ਦਾ ਮੁੰਡਾ ਅਤੇ ਉਸ ਦੇ ਨਾਲ ਦੋ ਵੱਡੀ ਉਮਰ ਦੀਆਂ ਮੇਮਾਂ ਬੈਠੀਆਂ ਸਨ। ਮੁੰਡੇ ਨੇ ਬੈਠਦਿਆਂ ਹੀ ਜੇਬ 'ਚੋਂ ਟੌਫੀਆਂ ਕੱਢੀਆਂ ਅਤੇ ਪ੍ਰਸ਼ਾਦ ਵਾਂਗ ਸਾਨੂੰ ਤਿੰਨਾਂ ਨੂੰ ਵੀ ਦੇ ਦਿੱਤੀਆਂ। ਇਉਂ ਉਹ ਹਰ ਪੰਜ ਮਿੰਟ ਪਿੱਛੋਂ ਕੋਈ ਖਾਣ ਦੀ ਚੀਜ਼ ਕੱਢਦਾ ਅਤੇ ਆਪਣੇ ਆਲੇ-ਦੁਆਲੇ ਵੀ ਵੰਡ ਦਿੰਦਾ। ਉਸ ਨੇ ਅੱਧੇ ਘੰਟੇ ਵਿੱਚ ਹੀ ਨੇੜੇ-ਤੇੜੇ ਬੈਠੀਆਂ ਸਵਾਰੀਆਂ ਅਤੇ ਏਅਰ-ਹੋਸਟਸਾਂ ਨਾਲ ਚੰਗੀ ਆੜੀ ਗੰਢ ਲਈ। ਹੁਣ ਉਹ ਸਿੱਧਾ ਜਹਾਜ਼ ਦੇ ਰਸੋਈ-ਕੈਬਨ 'ਚ ਜਾਂਦਾ ਅਤੇ ਉਨ੍ਹਾਂ ਤੋਂ ਮਨ-ਪਸੰਦ ਚੀਜ਼ ਫੜ੍ਹ ਲਿਆਉਂਦਾ। ਉਸ ਦੇ ਮਨਮੋਹਕ ਸੁਭਾਅ ਉਤੇ ਸਭ ਮੋਹਿਤ ਹੋ ਗਏ। ਜਿਵੇਂ ਇਹ ਆਮ ਹੀ ਹੈ ਕਿ ਸਫ਼ਰ ਵਿੱਚ ਅੰਗਰੇਜ਼ ਲੋਕ ਮੁੱਲ ਦਾ ਹੀ ਬੋਲਦੇ ਹਨ ਪਰ ਇਥੇ ਉਸ ਮੁੰਡੇ ਕਰ ਕੇ ਸਭ ਬਦਲ ਗਿਆ ਸੀ। ਉਹ ਕੋਈ ਨਾ ਕੋਈ ਅਜਿਹੀ ਹਰਕਤ ਕਰਦਾ ਕਿ ਮੇਮਾਂ ਖਿੜ ਖਿੜ ਜਾਂਦੀਆਂ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਪਹੁਤਾ ਪਾਂਧੀ' ਦੇ ਸਰਦਾਰ ਵਾਂਗ ਉਸ ਮੁੰਡੇ ਨਾਲ ਤਾਂ ਜਿਵੇਂ ਸਾਡੇ ਕੈਬਨ ਵਿੱਚ ਨਵੀਂ ਰੂਹ ਪੈ ਗਈ ਸੀ। ਮੁੰਡੇ ਦੇ ਪਿਆਰ ਭਰੇ ਵਰਤਾਓ ਨੇ ਮੇਮਾਂ ਦੇ ਦਿਲ ਅੰਦਰ ਅਜਿਹੀ ਸੰਨ੍ਹ ਲਾਈ ਕਿ ਉਨ੍ਹਾਂ ਵਿਛੜਨ ਲੱਗਿਆਂ ਮੁੰਡੇ ਨੂੰ ਪਿਆਰ ਨਾਲ ਦਸ-ਦਸ ਪੌਂਡ ਦੇ ਨੋਟ ਦਿੱਤੇ 'ਤੇ ਆਪਣੇ ਨਾਲ ਘੁੱਟ ਕੇ ਮੂੰਹ ਚੁੰਮਿਆਂ।

Academy of the Punjab in North America: http://www.apnaorg.com

ਦਿੱਲੀ ਅਜੇ ਦੂਰ ਸੀ। ਤੇਜ਼ ਰਫ਼ਤਾਰ ਜਹਾਜ਼ ਵਿੱਚ ਬੈਠਿਆਂ ਨੂੰ ਵੀ ਇਉਂ ਲੱਗਦਾ ਸੀ ਜਿਵੇਂ ਅੱਧ ਅਸਮਾਨ 'ਚ ਥਾਏਂ ਖੜ੍ਹਾ ਹੋਵੇ। ਸਾਹਮਣੇ ਸਕਰੀਨ ਦੇ ਨਕਸ਼ੇ ਉਤੇ ਚੱਲ੍ਹ ਰਹੇ ਜਹਾਜ਼ ਤੋਂ ਦਿੱਲੀ ਭਾਵੇਂ ਚੱਪਾ ਕੁ ਦੂਰ ਲੱਗਦੀ ਸੀ ਪਰ ਇਹ ਚਾਰ ਉਂਗਲਾਂ ਦਾ ਸਫ਼ਰ ਹੀ ਮੁੱਕਣ ਦਾ ਨਾਂ ਨਹੀਂ ਸੀ ਲੈਂਦਾ। ਵਕਤ ਕਟੀ ਕਰਨ ਲਈ ਮੈਂ ਆਪਣੀ ਕੁਰਸੀ ਨਾਲ ਲੱਗੇ ਈਅਰਫੋਨ ਦੇ ਸਿਰਿਆਂ ਨੂੰ ਕੰਨਾਂ 'ਚ ਦੇ ਲੈਂਦਾ ਪਰ ਹਿੰਦੀ ਗਾਣੇ ਦੇ ਦੋ ਚਾਰ ਬੋਲ ਸੁਣ ਕੇ ਅੱਕ ਜਾਂਦਾ। ਕਦੇ ਆਪਣੀ ਅਗਲੀ ਸੀਟ ਦੇ ਪਿੱਛੇ ਬਣੀ ਜੇਬ ਵਿਚੋਂ ਯਾਤਰੀਆਂ ਦੇ ਪੜ੍ਹਨ ਲਈ ਰੱਖੇ ਰਸਾਲੇ 'ਨਮਸਕਾਰ' ਦੇ ਪੰਨੇ ਉਲਟਾਣ ਲੱਗਦਾ, ਪਰ ਮਨ ਅਜਿਹਾ ਉੱਭਿਆ ਸੀ ਕਿ ਕਿਸੇ ਗੱਲ ਨਾਲ ਨਹੀਂ ਸੀ ਪਰਚਦਾ।

ਰਾਤ ਦੇ ਸਾਢੇ ਕੁ ਗਿਆਰਾਂ ਵਜੇ ਦਿੱਲੀ ਦੀਆਂ ਧੂੜ-ਗ਼ੁਬਾਰ ਦੀ ਗਹਿਰ ਵਿੱਚ ਲਿਪਟੀਆਂ ਧੁੰਦਲੀਆਂ ਰੋਸ਼ਨੀਆਂ ਦਿਸੀਆਂ ਤਾਂ ਅੱਖਾਂ ਵਿੱਚ ਚਮਕ ਆ ਗਈ। ਦਿੱਲੀ, ਜਿੱਥੇ ਕਦੀ ਜਾਣਾ ਪਵੇ ਤਾਂ ਮਨ ਘਬਰਾਉਣ ਲੱਗਦਾ ਹੁੰਦਾ ਸੀ, ਅੱਜ ਆਪਣੀ ਆਪਣੀ ਜਾਪੀ। ਜਹਾਜ਼ ਦੇ ਟੈਰ ਜਦ ਧਰਤੀ ਨਾਲ ਘਸਰੇ ਤਾਂ ਦਿਲ ਨੂੰ ਸੁਆਦਲਾ ਜਿਹਾ ਝਟਕਾ ਲੱਗਿਆ। ਜਹਾਜ਼ 'ਚੋਂ ਨਿਕਲ ਕੇ ਏਅਰਪੋਰਟ ਦੇ ਵੱਡੇ ਏਅਰ-ਕੰਡੀਸ਼ਡ ਹਾਲ 'ਚ ਆਏ ਤਾਂ ਜਾਪਦਾ ਹੀ ਨਹੀਂ ਸੀ ਕਿ ਦਿੱਲੀ ਵਿੱਚ ਹਾਂ। ਚਾਰੇ ਪਾਸੇ ਸਭ ਕੁੱਝ ਸਾਫ਼-ਸੁਥਰਾ ਅਤੇ ਸਲੀਕੇਦਾਰ, ਇਸ ਵਿੱਚ ਦਿੱਲੀਪੁਣਾ ਕਿੱਥੇ ਸੀ?

ਨਹੀਂ ਇਹ ਦਿੱਲੀ ਹੀ ਹੈ। ਇੰਮੀਗਰੇਸ਼ਨ ਕਲੀਅਰਿੰਗ ਚਿੱਟ ਦੇਣ ਵਾਲੇ ਅਧਿਕਾਰੀ ਦੇ ਮੱਥੇ ਦੀ ਤਿਊੜੀ ਅਤੇ ਘੋਖਵੀਆਂ ਨਜ਼ਰਾਂ ਨੇ ਮੈਨੂੰ ਯਕੀਨ ਦੁਆਇਆ। ਉਸ ਨੇ ਸਿਰ ਦੇ ਇਸ਼ਾਰੇ ਨਾਲ ਮੈਨੂੰ ਇੱਕ ਪਾਸੇ ਹੋ ਕੇ ਖੜ੍ਹਨ ਲਈ ਕਿਹਾ ਅਤੇ ਆਪ ਮੇਰੇ ਪਾਸਪੋਰਟ ਦੇ ਵਰਕੇ ਉਲੱਦ-ਪੁਲੱਦ ਕੇ ਜਾਂਚਣ ਲੱਗਾ। ਫੇਰ ਸਾਹਮਣੇ ਪਏ ਕੰਪਿਊਟਰ ਦੀ ਸਹਾਇਤਾ ਨਾਲ ਹੋਰ ਡੂੰਘੀ ਛਾਣ-ਬੀਣ ਕੀਤੀ। ਉਸ ਦੇ ਰੁੱਖੇ ਵਰਤਾਅ ਨਾਲ ਮੇਰੇ ਅੰਦਰ ਕੁੜੱਤਣ ਜਿਹੀ ਭਰੀ ਗਈ ਪਰ ਨਵਾਂ ਨਵਾਂ ਪੱਛਮੀ ਸਲੀਕਾ ਸਿਖਿਆ ਹੋਣ ਕਰਕੇ ਮੈਂ ਜ਼ਾਬਤੇ ਦਾ ਮੁਲੰਮਾ ਉਤਰਨ ਨਾ ਦਿੱਤਾ।

'ਸਰ ਮੈਂ ਆਪਣੇ ਮੁਲਕ 'ਚ ਹੀ ਵਾਪਸ ਆ ਰਿਹਾ ਹਾਂ, ਇਸ ਵਿੱਚ ਕੀ ਹੇਰਾਫੇਰੀ ਹੋ ਸਕਦੀ ਐ।' ਅੰਤ ਮੈਂ ਪੁੱਛੇ ਬਿਨਾਂ ਨਾ ਰਹਿ ਸਕਿਆ। ਉਸ ਨੇ ਕੋਈ ਜਵਾਬ ਨਾ ਦਿੱਤਾ। ਦਸ ਕੁ ਮਿੰਟ ਪਿੱਛੋਂ ਉਸ ਨੇ ਬੇਦਿਲੀ ਜਿਹੀ ਨਾਲ ਪਾਸਪੋਰਟ ਮੈਨੂੰ ਫੜਾਉਂਦਿਆਂ ਇਉਂ ਤੱਕਿਆ ਜਿਵੇਂ ਕਿਹਾ ਹੋਵੇ, 'ਪੁੱਤ ਮੇਰਿਆ ਜੇ ਆ ਜਾਂਦਾ ਜਾੜ੍ਹ ਥੱਲੇ ਤਾਂ ਵਿਖਾਉਂਦਾ ਤੈਨੂੰ 'ਆਪਣੇ ਮੁਲਕ' ਦਾ ਸੁਆਦ।'

Academy of the Punjab in North America: http://www.apnaorg.com

ਚਲਦੀ ਬੈਲਟ ਕੋਲ ਖੜ੍ਹ ਕੇ ਆਪਣੇ ਅਟੈਚੀ ਤਲਾਸ਼ਣ ਲੱਗਿਆਂ ਤਾਂ ਪਿੱਛੋਂ ਮੋਢਾ ਹਲੂਣ ਕੇ ਇੱਕ ਲਿਸ਼ਕੇ-ਪੁਸ਼ਕੇ ਵਿਅਕਤੀ ਨੇ ਮੈਨੂੰ ਪੁੱਛਿਆ, 'ਸਮਾਨ ਚੁਕਵਾਵਾਂ? ਜੋ ਮਰਜ਼ੀ ਦੇ ਦੇਣਾ ਜੀ' ਸ਼ਾਇਦ ਇਹ ਕੁਲੀ ਸੀ।

'ਨਹੀਂ' ਮੈਂ ਉਸ ਨੂੰ ਜਵਾਬ ਦੇ ਦਿੱਤਾ ਤਾਂ ਉਹ ਇੱਕ ਉਸ ਔਰਤ ਨੂੰ ਪੁੱਛਣ ਲੱਗ ਪਿਆ ਜਿਹੜੀ ਇਕੱਲੀ ਸੀ। ਉਸ ਨੇ ਔਰਤ ਦਾ ਅਟੈਚੀ ਅਤੇ ਬੈਗ ਟਰੌਲੀ ਉਤੇ ਰੱਖਿਆ ਤੇ ਬਾਹਰ ਵੱਲ ਨੂੰ ਤੁਰ ਪਿਆ। ਉਸ ਦੇ ਪਿੱਛੇ ਪਿੱਛੇ ਟਰੌਲੀ ਰੇੜ੍ਹੀ ਆਉਂਦੇ ਮੈਨੂੰ ਜਦ ਕਸਟਮ ਅਧਿਕਾਰੀ ਨੇ ਰੋਕ ਕੇ ਇੱਕ ਪਾਸੇ ਖੜ੍ਹਾ ਹੋਣ ਲਈ ਆਖਿਆ ਤਾਂ ਉਹ ਕੁਲੀ-ਨੁਮਾ ਵਿਅਕਤੀ ਇਉਂ ਮੁਸਕੜੀਏਂ ਹੱਸਿਆ ਜਿਵੇਂ ਕਹਿ ਰਿਹਾ ਹੋਵੇ, 'ਲੈ ਲਿਆ ਸੁਆਦ ਸਮਾਨ ਆਪੇ ਲਿਜਾਣ ਦਾ?' ਉਸ ਦੀ ਖਚਰੀ ਮੁਸਕਰਾਹਟ ਵੇਖ ਕੇ ਮੈਨੂੰ ਭੁਪਿੰਦਰ ਪ੍ਰੀਤ ਦੁਆਰਾ ਦੱਸੀ ਇੱਕ ਗੱਲ ਦਾ ਚੇਤਾ ਆਇਆ। ਉਹ ਮੇਰੇ ਤੋਂ ਮਹੀਨਾ ਕੁ ਪਹਿਲਾਂ ਭਾਰਤ ਆ ਗਈ ਸੀ। ਇੱਕ ਦਿਨ ਫੋਨ ਉਤੇ ਗੱਲਬਾਤ ਦੌਰਾਨ ਉਸ ਨੇ ਦੱਸਿਆ ਸੀ ਕਿ ਜੇ ਸਮਾਨ ਇਹਨਾਂ ਕੁਲੀ-ਨੁਮਾ ਬੰਦਿਆਂ ਨੂੰ ਚੁਕਵਾ ਲਈਏ ਤਾਂ ਕਸਟਮ ਅਧਿਕਾਰੀ ਨਹੀਂ ਰੋਕਦੇ। ਇਹ ਕੰਮ ਦੀ ਗੱਲ ਅਮਰੀਕਾ 'ਚੋਂ ਤੁਰਨ ਲੱਗਿਆਂ ਉਸ ਦੇ ਮੇਜ਼ਬਾਨਾਂ ਨੇ ਹੀ ਉਸਨੂੰ ਸਮਝਾ ਦਿੱਤੀ ਸੀ। ਪਰ ਮੈਂ ਉਸ ਦੀ ਨਸੀਹਤ ਬੇਲੋੜੀ ਸਮਝ ਕੇ ਵਿਸਾਰ ਛੱਡੀ ਸੀ। ਨਾਲੇ ਮੈਂ ਸੋਚਿਆ ਕਿ ਮੇਰੇ ਕੋਲ ਕਿਹੜਾ ਕੋਈ ਅਜਿਹਾ ਸਮਾਨ ਸੀ ਜਿਸ ਉਤੇ ਡਿਊਟੀ ਭਰਨੀ ਪੈਂਦੀ। ਮੈਂ ਚਾਰ ਕਰਮਾਂ ਟਰੌਲੀ ਰੇੜ੍ਹਨ ਦੇ ਪੰਜਾਹ-ਸੱਠ ਰੁਪਏ ਦੇਣ ਤੋਂ ਕੰਜੂਸੀ ਕਰ ਗਿਆ ਸਾਂ। 'ਜਿੱਥੇ ਲੱਖ ਰੁੜ੍ਹ ਗਿਆ ਸੀ ਉਥੇ ਪੰਜਾਹ ਹੋਰ ਰੋੜ੍ਹ ਦਿੰਦਾ' ਮੈਂ ਇਹ ਸੋਚ ਕੇ ਪਛਤਾਉਣ ਲੱਗਿਆ ਪਰ ਹੁਣ ਤਾਂ ਭੱਤਾ ਭੰਨਾਅ ਬੈਠਾ ਸਾਂ, ਸੋਚਾਂ ਦੀ ਵੱਟ ਉਤੇ ਸੰਭਲ ਕੇ ਤੁਰਨ ਦਾ ਕੀ ਲਾਭ ਹੋਣਾ ਸੀ? 'ਸ਼ਾਇਦ ਮੇਰੇ ਪਹਿਰਾਵੇ ਤੋਂ ਉਸ ਨੇ 'ਮੁਰਗੀ ਫਸਣ' ਦਾ ਅਨੁਮਾਨ ਲਾਇਆ ਹੋਵੇ?' ਮੈਂ ਸੋਚਿਆ ਕਿ ਮੇਰੇ ਪੈਰੀਂ ਰੀਬੌਕ ਦੇ ਮਹਿੰਗੇ ਬੂਟ, ਤੇੜ ਕਸਵੀਂ ਜੀਨ, ਵਿਦੇਸ਼ੀ ਕਮੀਜ਼, ਸਿਰ ਉਤੇ ਕੈਪ ਅਤੇ ਬਾਂਹ ਉਤੇ ਲੰਮੀ ਜੈਕਟ ਲਟਕਾਈ ਵੇਖ ਕੇ ਇਸ ਨੇ ਮੈਨੂੰ ਬਦੇਸ਼ੋਂ ਡਾਲਰ-ਪੌਂਡ ਕਮਾ ਕੇ ਮੁੜਿਆ ਸਮਝ ਲਿਆ ਹੋਵੇਗਾ।

'ਮੇਰੇ ਕੋਲ ਤਾਂ ਕੋਈ ਡਿਊਟੀ ਭਰਨ ਵਾਲਾ ਸਮਾਨ ਹੈ-ਨੀ ਜੀ', ਮੈਨੂੰ ਇੱਕ ਪਾਸੇ ਖੜ੍ਹਾ ਕਰਕੇ, ਮੇਰੇ ਵੱਲੋਂ ਬੇਧਿਆਨੇ ਹੋ ਕੇ, ਹੋਰ 'ਮੁਰਗੀ' ਤਲਾਸ਼ ਰਹੇ ਕਸਟਮ ਅਧਿਕਾਰੀ ਨੂੰ ਮੈਂ ਵਿਚਾਰਾ ਜਿਹਾ ਮੂੰਹ ਬਣਾ ਕੇ ਕਿਹਾ।

'ਇਉਂ ਹੀ ਕਹਿੰਦੇ ਨੇ ਸਭ।' ਉਸ ਨੇ ਤਣੇ ਚਿਹਰੇ ਨਾਲ ਆਖਿਆ।

Academy of the Punjab in North America: http://www.apnaorg.com

ਮੈਨੂੰ ਤਰਲੇ ਕਰਦੇ ਨੂੰ ਵੇਖ ਕੇ ਇੱਕ ਵਰਦੀਧਾਰੀ ਮੁਟਿਆਰ ਮੇਰੇ ਵੱਲ ਆਈ ਅਤੇ ਬੋਲਾਂ 'ਚ ਖੰਡ-ਮਿਸ਼ਰੀ ਭਰ ਕੇ ਉਸ ਨੇ ਹਿੰਦੀ 'ਚ ਘੁਸਰ-ਮੁਸਰ ਕਰਦਿਆਂ ਸਲਾਹ ਦਿੱਤੀ, 'ਤੁਹਾਡੇ ਕੋਲ ਕੀ ਕੁੱਝ ਹੈ, ਦੱਸ ਦਿਓ, ਕੁੱਝ ਦੇ-ਦੁਆ ਕੇ ਨਬੇੜੋ ਕੰਮ, ਐਵੇਂ ਦੋ ਘੰਟੇ ਤਲਾਸ਼ੀ ਦਿੰਦਿਆਂ ਖਰਾਬ ਹੋ ਜਾਣਗੇ, ਕੱਢਣਾ ਤਾਂ ਸਭ ਕੁੱਝ ਫੇਰ ਵੀ ਪੈਣਾ ਈ ਐਂ' ਉਹ ਦਯਾ ਦੀ ਮੂਰਤੀ ਬਣੀਂ ਖੜ੍ਹੀ ਸੀ।

'ਸੱਚਮੁੱਚ ਮੇਰੇ ਕੋਲ ਕੁੱਝ ਨਹੀਂ ਜੀ, ਮੈਂ ਤਾਂ ਯੂਨੀਵਰਸਿਟੀ 'ਚ ਪ੍ਰੋਫੈਸਰ ਹਾਂ ਤੇ ਕਾਨਫਰੰਸ ਉਤੇ ਜਾ ਕੇ ਆਇਐਂ' ਮੈਂ ਗੀਤਾ ਤੇ ਹੱਥ ਰੱਖ ਕੇ ਸੱਚੋ ਸੱਚ ਕਹਿਣ ਅਤੇ ਸੱਚ ਤੋਂ ਸਿਵਾ ਕੁੱਝ ਨਾ ਕਹਿਣ ਦੀ ਮੁਦਰਾ 'ਚ ਬੇਨਤੀ ਦੁਹਰਾਈ।

'ਚਲੋ, ਮਰਜ਼ੀ ਐ ਤੁਹਾਡੀ ਜੇ ਵਕਤ ਖਰਾਬ ਕਰਨਾ ਚਾਹੁੰਦੇ ਓ ਤਾਂ' ਉਹ ਮੇਰੇ ਕੋਲੋਂ ਪਾਸਾ ਵੱਟ ਪਰ੍ਹੇ ਫਸਾਈਆਂ ਖੜ੍ਹੀਆਂ ਦੋ ਹੋਰ 'ਮੁਰਗੀਆਂ' ਵੱਲ ਤੁਰਨ ਲੱਗੀ।

'ਫਰੋਲ ਈ ਲਓ ਜੀ ਸਮਾਨ ਤੁਸੀਂ, ਹੁਣ ਤਾਂ ਘਰ ਹੀ ਜਾਣਾ ਐ, ਘੰਟਾ ਪਹਿਲਾਂ ਕੀ ਤੇ ਬਾਅਦ ਕੀ' ਮੈਂ ਥੋੜ੍ਹਾ ਕਰੜਾ ਹੁੰਦਿਆਂ ਰੋਸ ਨਾਲ ਕਿਹਾ।

ਮੇਰੇ ਵੱਲੋਂ ਬੇਧਿਆਨੇ ਕਸਟਮ ਅਧਿਕਾਰੀ ਨੇ ਸ਼ਾਇਦ ਮੇਰੀ ਸਾਰੀ ਗੱਲ ਸੁਣ ਲਈ ਸੀ। ਉਹ ਗੁੱਸੇ ਨਾਲ ਮੇਰੇ ਵੱਲ ਆਇਆ ਅਤੇ ਪਹਿਲਾਂ ਹੈਂਡ-ਬੈਗ ਦੀ ਤਲਾਸ਼ੀ ਦੇਣ ਲਈ ਕਿਹਾ - 'ਆਹ ਤੋਹਫ਼ੇ ਵਜੋਂ ਮਿਲੀਆਂ ਤਿੰਨ ਘੜੀਆਂ ਨੇ, ਆ ਸੋਨੇ ਦੀ ਚੇਨੀ ਤੇ ਟਾਪਸਾਂ ਦੀ ਰਸੀਦ ਵੇਖ ਲਵੋ, ਆਹ ਇੱਕ ਬੋਤਲ ਵੀ ਡਿਊਟੀ ਫ੍ਰੀ ਸਟੋਰ ਤੋਂ ਲਈ ਐ', ਮੈਂ ਆਪਣੇ ਸੱਚੇ ਹੋਣ ਲਈ ਸਬੂਤ ਪੇਸ਼ ਕੀਤੇ।

'ਤੇ ਆਹ ਕੈਮਰਾ?' ਉਸਨੇ ਆਪ ਬੈਗ 'ਚ ਹੱਥ ਮਾਰਦਿਆਂ ਜਿਵੇਂ ਚੋਰੀ ਫੜ੍ਹ ਲਈ।

'ਇਹ ਤਾਂ ਐਧਰੋਂ ਹੀ ਲੈ ਕੇ ਗਿਆ ਸੀ ਜੀ, ਐਵੇਂ ਅੱਠ-ਨੌਂ ਸੌ ਦਾ ਸਾਧਾਰਣ ਜਿਹਾ ਕੈਮਰਾ ਐ।' ਮੈਂ ਦਲੀਲ ਦਿੱਤੀ।

'ਫੇਰ ਜਾਂਦੇ ਵਕਤ ਇਹ ਪਾਸਪੋਰਟ ਉਤੇ ਦਰਜ ਕਿਉਂ ਨੀ ਕਰਾਇਆ?' ਉਸ ਨੇ ਤਕਨੀਕੀ ਨੁਕਸ ਲੱਭ ਹੀ ਲਿਆ।

'ਮੈਨੂੰ ਇਹ ਪਤਾ ਨਹੀਂ ਸੀ ਜੀ, ਗ਼ਲਤੀ ਹੋ-ਗੀ ਜੀ।' ਮੈਂ ਖਹਿੜਾ ਛੁਡਾਉਣ ਲਈ ਮਿੰਨਤ ਕੀਤੀ।

'ਆਹ ਰਾਡੋ ਕੰਪਨੀ ਦੀਆਂ ਘੜੀਆਂ ਈ ਹਜ਼ਾਰ ਹਜ਼ਾਰ ਡਾਲਰ ਤੋਂ ਘੱਟ ਦੀਆਂ ਨਹੀਂ ਹੋਣੀਆਂ' ਉਸ ਨੇ ਜਾਂਦੇ ਚੋਰ ਦੀ ਲੰਗੋਟੀ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ 'ਚੋਰ' ਦੇ ਨਗੇਜ਼ ਤੋਂ ਬਿਨਾਂ ਉਸ ਨੂੰ ਹੋਰ ਕੁੱਝ ਨਾ ਦਿਸਿਆ। ਉਸ ਨੂੰ ਕੁੱਝ ਢੈਲਾ ਪੈਂਦਾ ਵੇਖ ਕੇ ਮੈਂ ਹੋਰ ਕਰੜਾ ਹੁੰਦਿਆਂ

Academy of the Punjab in North America: http://www.apnaorg.com

ਮਜ਼ਾਕੀਆ ਲਹਿਜ਼ੇ 'ਚ ਆਖਿਆ, 'ਚਲੋ ਜੀ, ਤੁਸੀਂ ਤਿੰਨੇ ਈ ਹਜ਼ਾਰ ਡਾਲਰ 'ਚ ਰੱਖ ਲਵੋ, ਜੇ ਇਹ ਅਸਲੀ ਰਾਡੋ ਦੀਆਂ ਨੇ।'

'ਇਉਂ ਕੀਹਤੋਂ ਕੀਹਤੋਂ ਖਰੀਦੀ ਜਾਵਾਂਗੇ ਅਸੀਂ?' ਉਸ ਨੇ ਮੇਰੇ ਮਜ਼ਾਕ ਨਾਲ ਹੇਠੀ ਮਹਿਸੂਸ ਕਰਦਿਆਂ ਤਲਖ਼ੀ ਵਿਖਾਈ।

'ਇਹ ਤਾਂ ਯੂਨੀਵਰਸਿਟੀ 'ਚ 'ਪ੍ਰੋਫੈਸਰ' ਨੇ ਜੀ', ਉਹੀ 'ਦਯਾ ਦੀ ਮੂਰਤੀ' ਮੁਟਿਆਰ ਨੇ ਸਾਡੇ ਵੱਲ ਆਉਂਦਿਆਂ ਇਉਂ ਕਿਹਾ ਜਿਵੇਂ ਕਹਿਣਾ ਚਾਹੁੰਦੀ ਹੋਵੇ, 'ਦਫ਼ਾ ਕਰੋ ਜੀ ਪਰ੍ਹਾਂ, ਹੈਨੀ ਇਨ੍ਹਾਂ ਤਿਲਾਂ 'ਚ ਤੇਲ, ਐਵੇਂ ਨਜ਼ਰਾਂ ਧੋਖਾ ਖਾ ਗਈਆਂ ਆਪਣੀਆਂ, 'ਮੁਰਗੀ' ਜਿਊਂਦੀ ਨੀ ਜਾਪਦੀ ਏਹ।'

ਮਸਾਂ ਖਲਾਸੀ ਹੋਣ ਤੋਂ ਬਾਅਦ ਮੈਂ ਟਰੌਲੀ ਬਾਹਰਲੇ ਗੇਟ ਵੱਲ ਰੇੜ੍ਹ ਲਈ। ਪੰਜਾਹ ਰੁਪਏ ਪਿੱਛੇ ਐਨੀ ਖਿੱਚ ਧੂਹ ਕਰਾਉਣ ਵਾਲੀ ਗੱਲ ਸੋਚ ਕੇ ਮੈਨੂੰ ਆਪਣੀ ਪ੍ਰੋਫ਼ੈਸਰੀ ਖੂਹ 'ਚ ਪੈ ਗਈ ਜਾਪੀ। ਮੈਂ ਮੱਥੇ ਉਤੇ ਆਈ ਤਰੇਲੀ ਪੂੰਝੀ ਅਤੇ ਰੁਕ ਕੇ ਕੁੱਝ ਮੂਡ ਠੀਕ ਕਰਨ ਦਾ ਯਤਨ ਕੀਤਾ।

'ਗੁਰੂ ਕਿੱਥੇ ਅਟਕ ਗਿਆ ਸੈਂ, ਤੇਰੇ ਨਾਲ ਦੇ ਸਾਰੇ ਲੰਘ ਗਏ, ਅਸੀਂ ਤਾਂ ਚਿੰਤਤ ਹੋ ਗਏ ਬਈ ਕੀ ਅਹੁਰ ਪੈ ਗਈ, ਕਿ ਠੰਡੇ ਹਾਲ 'ਚੋਂ ਬਾਹਰ ਨਿਕਲਣ ਨੂੰ ਜੀਅ ਨੀ ਸੀ ਕਰਦਾ ਹੁਣ?' ਮੈਨੂੰ ਲੈਣ ਲਈ ਆਇਆ ਬਲਵਿੰਦਰ ਗਰੇਵਾਲ ਕਲਾਵੇ 'ਚ ਘੁੱਟੀ ਖੜ੍ਹਾ ਇਕੋ ਸਾਹੇ ਕਿੰਨਾ ਕੁੱਝ ਪੁੱਛ ਗਿਆ। ਉਸ ਦੇ ਪਿੱਛੇ ਖੜ੍ਹੇ ਬਲਜਿੰਦਰ ਨਸਰਾਲੀ ਅਤੇ ਜੱਸੀ ਵੀ ਇਸ ਗੱਲੋਂ ਪਰੇਸ਼ਾਨੀ ਵਿੱਚ ਦਿਸਦੇ ਸਨ। ਉਨ੍ਹਾਂ ਦੀਆਂ ਗਲਵਕੜੀਆਂ ਨਾਲ ਮੇਰਾ ਬੁਝਿਆ ਚਿਹਰਾ ਟਹਿਕ ਉੱਠਿਆ।

'ਮੈਂ ਤਾਂ ਬੇਲੀਓ ਅੰਦਰੋ-ਅੰਦਰੀ ਝੂਰਦਾ ਆਉਂਦਾ ਸਾਂ ਕਿ ਜੇ ਕੋਈ ਲੈਣ ਨਾ ਆ ਸਕਿਆ ਹੋਇਆ ਤਾਂ ਅੱਧੀ ਰਾਤ ਨੂੰ ਕੱਲਾ ਕਿਧਰ ਜਾਊਂ, ਸੋਨੂੰ ਵੇਖ ਕੇ ਜਾਨ 'ਚ ਜਾਨ ਆਈ ਐ।' ਮੈਂ ਇਹ ਕਿਹਾ ਤਾਂ ਸੁਣ ਕੇ ਬਲਵਿੰਦਰ ਨੂੰ ਚੰਗਾ ਨਾ ਲੱਗਿਆ।

'ਤੂੰ ਹੱਦ ਕਰਤੀ ਇਹ ਕਹਿ ਕੇ, ਇਹ ਕਿਵੇਂ ਹੋ ਜਾਂਦਾ, ਅਸੀਂ ਕਿਧਰੇ ਮਰ ਤਾਂ ਨੀ ਗਏ ਤੀ ਸਾਰੇ, ਸਾਡੇ ਹੁੰਦਿਆਂ-ਸੁੰਦਿਆਂ ਤੇਰੇ ਮਨ 'ਚ ਇਹ ਯਤੀਮਾਂ ਵਾਲੀ ਗੱਲ ਐਕਣ ਆਈ-ਓ ਕਿਵੇਂ?' ਬਲਵਿੰਦਰ ਗਰੇਵਾਲ ਨੇ ਆਪਣਿਆਂ ਵਾਲੀ ਹੁੱਬ ਨਾਲ ਕਿਹਾ ਤਾਂ ਮਾਣ ਨਾਲ ਮੇਰੀ ਛਾਤੀ ਚੌੜੀ ਹੋ ਗਈ।

ਕਾਰ 'ਚ ਬੈਠਦਿਆਂ ਹੀ ਅਸੀਂ ਗੱਲਾਂ 'ਚ ਇਉਂ ਜੁਟ ਪਏ ਜਿਵੇਂ ਤਿੰਨ-ਚਾਰ ਮਹੀਨਿਆਂ ਦਾ ਗੁਭ-ਗੁਲ੍ਹਾਟ ਇਕੋ ਸਾਹੇ ਕੱਢਣਾ ਹੋਵੇ। ਹਰ ਦਸ ਕੁ ਮਿੰਟ ਪਿੱਛੋਂ ਸਾਡੀਆਂ ਗੱਲਾਂ ਦੀ ਲੜੀ ਨੂੰ ਓਦੋਂ ਫੁੱਲ-ਸਟਾਪ ਲੱਗਦਾ ਜਦੋਂ ਰਾਹ ਪੁੱਛਣਾ ਹੁੰਦਾ।

Academy of the Punjab in North America: http://www.apnaorg.com

'ਬਲਵਿੰਦਰ ਓਹਨਾਂ ਦੇਸ਼ਾਂ ਵਿੱਚ ਸੜਕਾਂ ਉਤੇ ਥਾਂ-ਪਰ-ਥਾਂ 'ਸਾਈਨ ਸਿਸਟਮ' ਐਨਾ ਵਧੀਆ ਐ ਕਿ ਅਣਜਾਣ ਬੰਦੇ ਨੂੰ ਵੀ ਰਾਹ ਪੁੱਛਣ ਦੀ ਲੋੜ ਨਹੀਂ ਪੈਂਦੀ। ਆਪਣਾ ਦੇਸ ਨੀ ਕਰ ਸਕਦਾ ਉਨ੍ਹਾਂ ਦੀ ਰੀਸ।' ਮੇਰੇ ਤੋਂ ਸੁਭਾਵਕ ਹੀ ਅਮਰੀਕਾ ਤੇ ਭਾਰਤ ਦੀ ਤੁਲਨਾ ਹੋ ਜਾਂਦੀ।

'ਬੱਸ ਮਿੱਤਰਾ ਤੂੰ ਨੀ ਹੁਣ ਬਚ ਸਕਦਾ ਇਸ ਗੱਲ ਤੋਂ, ਤੂੰ ਲੈ ਲੀ ਇੰਪੋਰਟਿਡ ਤੱਕੜੀ, ਹੁਣ ਹਰ ਗੱਲ ਨੂੰ ਅਮਰੀਕਾ ਅਤੇ ਭਾਰਤ ਦੇ ਪੱਲੜਿਆਂ ਵਿੱਚ ਪਾ ਕੇ ਤੋਲਦਾ ਰਹੇਂਗਾ ਸਾਰੀ ਉਮਰ, ਦੁੱਧ-ਮਲਾਈ ਵਰਗੀਆਂ ਮੇਮਾਂ ਵੇਖਣ ਤੋਂ ਪਿੱਛੋਂ ਤਾਂ ਤੈਨੂੰ ਅਸੀਂ ਵੀ ਕਾਲੇ-ਕਲੂਟੇ ਜੇ ਲਗਦੇ ਹੋਵਾਂਗੇ ਕਿ ਨਹੀਂ?' ਬਲਵਿੰਦਰ ਨੇ ਵਿਅੰਗ ਨਾਲ ਕਿਹਾ।

'ਹਾਂ ਮੇਰੇ ਨਾਲ ਤਾਂ ਹੁਣ ਉਸ ਸੀਰੀ ਵਾਲੀ ਹੋਊ ਜਿਹੜਾ ਭਾਦੋਂ ਦੇ ਭੜਸੇਅ ਤੋਂ ਤੰਗ ਆਇਆ ਜੱਟ ਦਾ ਹੱਲ ਛੱਡ ਕੇ ਭੱਜ ਗਿਆ ਸੀ। ਆਂਹਦੇ ਐ, ਉਹ ਸਾਧ ਬਣਿਆਂ ਕੰਮੀ ਉਸੇ ਹਲ ਵਾਹੁੰਦੇ ਜੱਟ ਕੋਲੋਂ ਲੰਘਣ ਲੱਗਿਆ ਤਾਂ ਪੁਛਦਾ, 'ਭਗਤਾ ਇਸ ਵਿੰਗ-ਤੜਿੰਗੀ ਲੱਕੜੀ ਕੋ ਕਿਆ ਕਹਤੇ ਐਂ।'

ਜੱਟ ਨੇ ਆਵਾਜ਼ ਪਛਾਣ ਲਈ ਉਸ ਦੀ ਤੇ ਕਹਿਣ ਲੱਗਾ, 'ਏਹੋ ਹਲ ਛੱਡ ਕੇ ਭੱਜਿਆ ਸੀ ਤੂੰ ਜੀਹਨੂੰ ਵਿੰਗ-ਤੜਿੰਗੀ ਲਕੜੀ ਦਸਦੈਂ, ਸਾਲਾ ...।' ਇੰਜ ਹਾਸੇ ਦੇ ਅਨਾਰ ਚਲਾਉਂਦਿਆਂ ਨੂੰ ਪੰਜ ਛੇ ਘੰਟੇ ਦੇ ਸਫ਼ਰ ਦਾ ਪਤਾ ਹੀ ਨਾ ਲੱਗਿਆ। ਸੁਣਿਆ ਸੀ ਕਿ ਦਿੱਲੀ ਤੋਂ ਆਉਂਦੇ 'ਵੱਡੇ ਅਟੈਚੀਆਂ' ਵਾਲਿਆਂ ਨੂੰ ਤਾਂ ਹਰਿਆਣੇ ਦੀ ਪੁਲਿਸ ਵੀ ਰਾਹ 'ਚ ਬਥੇਰਾ ਜਿੱਚ ਕਰਦੀ ਹੈ ਪਰ ਰੱਬ-ਸਬੱਬੀਂ ਸਾਨੂੰ ਕਿਸੇ ਨਾ ਪੁੱਛਿਆ। ਅਸੀਂ ਦਿਨ ਦੇ ਚੜ੍ਹਾਅ ਨਾਲ ਹਰਿਆਣੇ ਦੀ ਹੱਦ ਪਾਰ ਕਰਕੇ ਪੰਜਾਬ 'ਚ ਦਾਖ਼ਲ ਹੋ ਗਏ। ਭਾਵੇਂ ਪੰਜਾਬ ਦੀ ਪੁਲਸ ਵੀ ਭਲੀ ਨਹੀਂ ਪਰ ਫੇਰ ਵੀ ਆਪਣੇ ਪ੍ਰਾਂਤ 'ਚ ਆ ਕੇ ਘਰ ਵਰਗੀ ਸੁਰੱਖਿਆ ਦਾ ਅਹਿਸਾਸ ਹੋਇਆ। ਅਕਤੂਬਰ ਦਾ ਆਖਰੀ ਹਫ਼ਤਾ ਹੋਣ ਕਰਕੇ ਕੁੱਝ ਕੁਝ ਠੰਡ ਉੱਤਰ ਆਈ ਸੀ। ਉਨੀਂਦੀਆਂ ਅੱਖਾਂ ਵਿੱਚ ਪੈਂਦੀ ਠੰਡੀ ਹਵਾ ਨਾਲ ਨੀਂਦ ਦੇ ਝੂਟੇ ਆਉਂਦੇ ਸਨ। ਪੰਜਾਬ ਦੇ ਖੇਤਾਂ ਵਿੱਚ ਦੂਰ ਦੂਰ ਤੱਕ ਵਿਛੀ ਫਸਲਾਂ ਦੀ ਹਰੀ ਚਾਦਰ ਵੇਖ ਕੇ ਮਨ ਨੂੰ ਸਕੂਨ ਆਉਂਦਾ ਸੀ।

ਘਰੇ ਵੜਦੇ ਦੇ ਹੀ ਸੁਖਵਿੰਦਰ ਮੇਰੇ ਗਲ ਨੂੰ ਚੁੰਬੜ ਗਈ, 'ਮਸਾਂ ਈ ਆਏ ਓ ਵਾਪਸ, ਲੋਕ ਤਾਂ ਡਰਾਉਂਦੇ ਸੀ ਕਿ ਹੁਣ ਨੀ ਮੁੜਦਾ ਉਹ, ਹੁਣ ਤੁਹਾਨੂੰ ਕਿਤੇ ਨੀ ਜਾਣ ਦੇਣਾ ਕੱਲਿਆਂ ਨੂੰ, ਸਾਡਾ ਨੀ ਜੀਅ ਲੱਗਦਾ ਤੁਹਾਡੇ ਬਿਨਾਂ, ਮਸਾਂ ਕੱਟੇ ਦਿਨ ਗਿਣ ਗਿਣ ਕੇ' ਉਹ ਵੈਰਾਗ ਭਰੇ ਬੋਲਾਂ ਨਾਲ ਨਿਹੋਰੇ ਦੇਣ ਲੱਗੀ। ਕੱਲੀ ਦੇ ਸਿਰ ਪਏ ਕੰਮ ਦੇ ਬੋਝ ਜਾਂ ਇਕੱਲਤਾ ਦੀ ਉਦਾਸੀ ਕਰਕੇ ਉਹ

Academy of the Punjab in North America: http://www.apnaorg.com

ਕਾਫ਼ੀ ਕਮਜ਼ੋਰ ਜਿਹੀ ਨਜ਼ਰ ਆਈ। ਰੰਗ ਵੀ ਸੌਲੇਪਣ ਦੀ ਭਾਹ ਮਾਰਦਾ ਸੀ ਅਤੇ ਗੋਲ ਬਾਹਾਂ ਫੱਟੀਦਾਰ ਬਣ ਗਈਆਂ ਸਨ। 'ਕਿਵੇਂ ਬਿਲਕੁਲ ਈ ਡਾਊਨ ਜਿਹੀ ਹੋਈ ਪਈ ਐਂ, ਕਿ ਬਿਮਾਰ-ਸ਼ੁਮਾਰ ਹੋ ਗਈ ਸੀ।' ਮੈਂ ਪੁੱਛਿਆ ਤਾਂ ਉਹ ਹੱਸ ਪਈ, 'ਤੂੰ ਵੇਖਦਾ ਰਿਹੈਂ ਗੋਰੀਆਂ ਮੇਮਾਂ ਤਾਂ ਈ ਲੱਗਦੀ ਹੋਵਾਂਗੀ, ਉਂਜ ਤਾਂ ਠੀਕ-ਠਾਕ ਹਾਂ।' ਉਸ ਦੀ ਇਹ ਖਸਤਾ ਜਿਹੀ ਹਾਲਤ ਵੇਖ ਕੇ ਮੈਨੂੰ ਗੁੱਝੀ ਜਿਹੀ ਖੁਸ਼ੀ ਵੀ ਹੋਈ ਕਿ ਗੈਰ-ਹਾਜ਼ਰੀ ਨੇ ਘਰ ਵਿੱਚ ਮੇਰੀ ਪੁੱਛ-ਪਰਤੀਤ ਵਿੱਚ ਵਾਧਾ ਕਰ ਦਿੱਤਾ ਸੀ।

ਵੱਡਾ ਆਸਵੰਤ ਤਾਂ ਮੇਰੀ ਬੁੱਕਲ 'ਚ ਆ ਵੜਿਆ ਪਰ ਛੋਟਾ ਗੁਣਵੰਤ ਸੰਗਦਾ-ਸੰਗਦਾ ਪਰ੍ਹੇ ਭਮੱਤਰਿਆ ਜਿਹਾ ਫਿਰਦਾ ਰਿਹਾ। ਉਸ ਨੂੰ ਚੁੱਕ ਕੇ ਚੁੰਮਿਆ ਤਾਂ ਖੁਸ਼ੀ ਨਾਲ ਉਸ ਦੀਆਂ ਡਾਡਾਂ ਨਿਕਲ ਗਈਆਂ 'ਮਂ … ਅ … ਮੀ, … ਪਾ … ਅ … ਪਾ ਆਏ, ਆ-ਏ, ਪਾ … ਪਾ … ' ਉਹ ਮੇਰੀ ਛਾਤੀ 'ਚ ਮੂੰਹ ਲੁਕਾਈ ਬੋਲ ਰਿਹਾ ਸੀ। ਖੁਸ਼ੀ ਲਾਲੀ ਬਣ ਕੇ ਉਸ ਦੀਆਂ ਗੱਲ੍ਹਾਂ ਉਤੇ ਟਪਕ ਆਈ ਸੀ।

ਇਥੇ ਆਉਂਦਿਆਂ ਹੀ ਕੰਮਾਂ-ਧੰਦਿਆਂ ਦੀ ਵੱਡੀ ਸੂਚੀ ਅਤੇ ਸਮੱਸਿਆਵਾਂ ਦਾ ਜ਼ਾਲ ਤਣਿਆਂ ਵੇਖ ਕੇ ਚਾਰ ਮਹੀਨੇ ਕੀਤੀ ਮੌਜ-ਮਸਤੀ ਵਿਸਰਦੀ ਜਾਪੀ ਪਰ ਨਾਲ ਹੀ ਆਪਣਿਆਂ ਦੇ ਵਿੱਚ ਆ ਰਲਨ ਦੇ ਸੁਆਦ ਦਾ ਹੁਲਾਰਾ ਜਿਹਾ ਵੀ ਮਹਿਸੂਸ ਹੋਇਆ। ਪ੍ਰਿੰਸੀਪਲ ਤੇਜਾ ਸਿੰਘ ਦੇ ਲੇਖ 'ਘਰ ਦਾ ਪਿਆਰ' ਦੀਆਂ ਉਹ ਪੰਕਤੀਆਂ ਬੜੀ ਸ਼ਿੱਦਤ ਨਾਲ ਯਾਦ ਆਈਆਂ ਜਿਨ੍ਹਾਂ ਵਿੱਚ ਘਰ ਦਾ ਮਤਲਬ ਇਹ ਦੱਸਿਆ ਗਿਆ ਹੈ ਕਿ ਇਹ ਉਹ ਥਾਂ ਹੈ ਜਿਥੇ ਦੁਨੀਆਂ ਭਰ ਦੇ ਰਟਨ ਕਰਨ ਤੋਂ ਪਿੱਛੋਂ ਮੁੜ ਆਉਣ ਲਈ ਚਿੱਤ ਕਾਹਲਾ ਪੈਂਦਾ ਹੈ। ਆਪਣੀ ਧਰਤੀ, ਆਪਣੇ ਲੋਕ ਅਤੇ ਆਪਣੀ ਸੰਸਕ੍ਰਿਤੀ ਵਿੱਚ ਘੁਲ-ਮਿਲ ਕੇ ਰਹਿਣ ਦਾ ਨਸ਼ਾ ਹੀ ਕੁੱਝ ਅਲੱਗ ਕਿਸਮ ਦਾ ਹੁੰਦਾ ਹੈ। ਘਰ ਪਹੁੰਚ ਕੇ ਦਿਲ ਦੀ ਬੰਦ ਕਲੀ ਇੱਕ ਦਮ ਖੁੱਲ੍ਹ ਗਈ ਜਿਸ ਦੀ ਮਹਿਕ ਸਾਰੇ ਘਰ ਵਿੱਚ ਖਿੰਡ ਗਈ।

Academy of the Punjab in North America: http://www.apnaorg.com

# ਭਾਗ ਤੀਜਾ

## ਬੇਮੁਹਾਰ ਦਿਲ

ਦਿਲ ਅਤੇ ਅਕਲ ਦੇ ਪੁੜਾਂ ਵਿਚਕਾਰ ਮੇਰੀ ਜਿੰਦ ਪੀਸੀ ਜਾ ਰਹੀ ਸੀ। ਕੈਨੇਡਾ ਜਾਵਾਂ ਕਿ ਨਾ? ਇਹ ਪ੍ਰਸ਼ਨ ਸ਼ੈਕਸਪੀਅਰ ਦੇ ਪਾਤਰ ਹੈਮਲਟ ਵਾਂਗ ਮੇਰੇ ਸਿਰ 'ਚ ਘਣ ਵਾਂਗ ਵੱਜ ਰਿਹਾ ਸੀ। ਟਰਾਂਟੋ ਵਿਖੇ ਹੋ ਰਹੀ ਪੰਜਾਬੀ ਕਾਨਫਰੰਸ-98 ਦੇ ਕੁਆਰਡੀਨੇਟਰ ਸ੍ਰੀ ਉਂਕਾਰਪ੍ਰੀਤ ਦੇ ਦਸਤਖ਼ਤਾਂ ਵਾਲਾ ਸੱਦਾ-ਪੱਤਰ ਮੇਰੇ ਦਿਲ ਨੂੰ ਤੁਣਕੇ ਮਾਰ ਮਾਰ ਕੈਨੇਡਾ ਜਾਣ ਲਈ ਭਰਮਾ ਰਿਹਾ ਸੀ ਪਰ ਅਕਲ ਖਾਲੀ ਜੇਬ ਦਾ ਵਾਸਤਾ ਪਾ ਪਾ ਮੇਰੀਆਂ ਲੱਤਾਂ ਦਾ ਜੂੜ ਬਣੀ ਪਈ ਸੀ। ਦਿਲ ਕਹਿੰਦਾ ਸੀ, 'ਵੱਡਿਆ ਸਿਆਣਿਆਂ ਐਹੋ ਜੇ ਮੌਕੇ ਜ਼ਿੰਦਗੀ 'ਚ ਮਸਾਂ ਹੀ ਮਿਲਦੇ ਨੇ। ਪੈਸੇ ਤਾਂ ਆਉਂਦੇ ਜਾਂਦੇ ਹੀ ਰਹਿੰਦੇ ਨੇ। ਫੇਰ ਖ਼ਬਰੇ ਮੌਕਾ ਮਿਲਦਿਆਂ ਏਨੀਂ ਦੇਰ ਹੋ ਜਾਵੇ ਕਿ ਉਦੋਂ ਤੱਕ ਲੱਤਾਂ 'ਚ ਤੁਰਨ ਦਾ ਤਾਣ ਹੀ ਨਾ ਰਹੇ ਜਾਂ ਦੁਨੀਆਂ ਨੂੰ ਗਾਹ ਕੇ ਵੇਖਣ ਦਾ ਚਾਅ ਤੇ ਜੋਸ਼ ਹੀ ਔੜਾਂ ਦੇ ਛੱਪੜ ਵਾਂਗ ਸੁੱਕ ਜਾਵੇ। ਇਹ ਮੌਕਾ ਉਸ ਨਮੋਸ਼ੀ ਨੂੰ ਧੋਣ ਲਈ ਵੀ ਵਧੀਆ ਹੋ ਸਕਦਾ ਸੀ ਜਿਹੜੀ ਦੋ ਵਾਰ ਕੈਨੇਡਾ ਦੇ ਵੀਜ਼ੇ ਤੋਂ ਜਵਾਬ ਮਿਲਣ ਨਾਲ ਪੱਲੇ ਪਈ ਸੀ। ਐਡਮਿੰਟਨ ਰਹਿੰਦੇ ਦੋਸਤ ਅਮਰਜੀਤ ਪੁਰੇਵਾਲ ਉਰਫ ਬਿੱਲੂ ਨੇ ਵੀ ਫੋਨ 'ਤੇ ਇਹੋ ਸਲਾਹ ਦਿੱਤੀ ਸੀ ਕਿ ਮੈਂ 'ਪਾਂਧਾ ਨਾ ਪੁੱਛਾਂ' ਤੇ ਜਹਾਜ਼ ਚੜ੍ਹ ਆਵਾਂ। ਹੁਣ ਤਾਂ ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਕਿਸੇ ਹੋਰ ਕਿਸਮ ਦੀ ਛੁੱਟੀ ਲੈਣ ਦੀ ਵੀ ਲੋੜ ਨਹੀਂ ਸੀ। ਬਾਹਰ ਦਾ ਗੇੜਾ ਵੱਜ ਜਾਣ ਨਾਲ ਆਲੇ-ਦੁਆਲੇ ਵੀ ਟੌਅਰ ਬਣ ਜਾਣੀ ਸੀ। ਸੋ ਦੁਬਾਰਾ ਸੋਚਣ ਵਾਲੀ ਤਾਂ ਕੋਈ ਗੱਲ ਹੀ ਨਹੀਂ ਸੀ।'

Academy of the Punjab in North America: http://www.apnaorg.com

ਦੂਜੇ ਪਾਸੇ ਅਕਲ ਦਿਲ ਦੇ ਚਾਰੇ ਰਾਹ ਰੋਕੀ ਸਾਹਮਣੇ ਕੰਧ ਬਣੀ ਖੜ੍ਹੀ ਸੀ, 'ਮਨਾਂ ਅਜੇ ਛੇ ਮਹੀਨੇ ਪਹਿਲਾਂ ਤਾਂ ਮਿਲਵਾਕੀ ਕਾਨਫਰੰਸ ਦੇ ਬਹਾਨੇ ਅਮਰੀਕਾ ਅਤੇ ਇੰਗਲੈਂਡ ਘੁੰਮ ਫਿਰ ਕੇ ਆਇਆ ਹੈਂ। ਉਹੋ ਕੁੱਝ ਕੈਨੇਡਾ 'ਚ ਹੋਵੇਗਾ। ਉਸ ਦੇ ਕਿਹੜਾ ਹੋਰ ਲੂਹਲਾਂ ਲਮਕਦੀਆਂ ਹੋਣਗੀਆਂ। ਐਵੇਂ ਪੰਜਾਹ-ਸੱਠ ਹਜ਼ਾਰ ਰੁਪਏ ਫੂਕ ਮਾਰ ਕੇ ਉਡਾਉਣ ਵਾਲੀ ਗੱਲ ਸੀ। ਨਿੱਤ ਨਿੱਤ ਜਾਇਆਂ ਤਾਂ ਉਂਝ ਹੀ ਬੰਦੇ ਦਾ ਉਕਰ-ਆਦਰ ਨਹੀਂ ਰਹਿੰਦਾ। ਨਾ ਹੀ ਜਾਇਆ ਜਾਵੇ ਤਾਂ ਠੀਕ ਹੈ।' ਅਕਲ ਦਿਲ ਦੇ ਬੇਮੁਹਾਰ ਊਠ ਦੀਆਂ ਮੁਹਾਰਾਂ ਖਿੱਚੀ ਉਸ ਨੂੰ ਕਾਬੂ ਕਰਨਾ ਚਾਹ ਰਹੀ ਸੀ। ਦਿਲ ਨੂੰ ਸਮਝਾਉਣ ਵਾਸਤੇ ਮੈਂ ਬੇਬੇ ਦੀ ਉਸ ਦਲੀਲ ਦਾ ਸਹਾਰਾ ਵੀ ਲੈਣਾ ਚਾਹਿਆ ਜਿਹੜੀ ਇੱਕ ਵੇਰਾਂ ਉਸ ਨੇ ਮੈਨੂੰ ਦਰਬਾਰ ਸਾਹਿਬ ਜਾਣ ਤੋਂ ਰੋਕਣ ਲਈ ਵਰਤੀ ਸੀ। ਉਨ੍ਹਾਂ ਦਿਨਾਂ ਵਿੱਚ ਮੈਂ ਜਲੰਧਰ ਦੇ ਡੀ. ਏ. ਵੀ. ਕਾਲਜ ਵਿੱਚ ਕੱਚਾ ਲੈਕਚਰਾਰ ਸਾਂ। ਬੇਬੇ ਸਾਨੂੰ ਮਿਲਣ ਆਈ ਹੋਈ ਸੀ। ਉਸ ਨੇ ਪਹਿਲੇ ਦੋ ਕੁ ਦਿਨਾਂ ਵਿੱਚ ਹੀ ਸਾਰੀ ਸਥਿਤੀ ਭਾਂਪ ਲਈ ਕਿ ਅਜੇ ਉਸ ਦੇ ਪੁੱਤ ਦੇ ਪੈਰ ਨਹੀਂ ਲੱਗੇ ਸਨ। ਇੱਕ ਐਤਵਾਰ ਮੈਂ ਸਵੇਰੇ ਸਵੇਰੇ ਬੇਬੇ ਨੂੰ ਕਿਹਾ, 'ਬੇਬੇ ਤੂੰ ਮਸਾਂ-ਮਸਾਂ ਜਲੰਧਰ ਆਈ ਐਂ, ਚੱਲ ਤੈਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਵਾ ਲਿਆਵਾਂ। ਸਾਰੀ ਡੂੜ-ਦੋ ਘੰਟੇ ਦੀ ਵਾਟ ਐ।'

'ਵੇ ਪੁੱਤ, ਮੈਂ ਬਥੇਰੀ ਵਾਰੀ ਮੁਕਤਸਰ ਦਾ ਗੁਰਦੁਆਰਾ ਵੇਖਿਐ, ਅੰਬਰਸਰ ਵਾਲਾ ਵੀ ਓਸਾ ਹੀ ਹੋਊ। ਭਾਈ ਉਥੇ ਕਿਹੜਾ ਦੋ ਰੱਬ ਵਸਦੇ ਐ, ਐਵੇਂ ਭਾੜੇ 'ਤੇ ਬੁੱਕ ਰੁਪੱਈਆਂ ਦਾ ਖਰਚਾਂਗੇ। ਨਹੀਂ ਰਹਿੰਦਾ ਤਾਂ ਤੈਨੂੰ ਐਥੇ ਘਰੇ ਈ ਭੋਰਾ ਕੁਣਕਾ (ਪ੍ਰਸ਼ਾਦ) ਬਣਾ ਕੇ ਖੁਆ ਦਿਨੀਂ ਆਂ, ਗੱਲ ਤਾਂ ਸਾਰੀ ਮਨ ਨੂੰ ਸਮਝੌਣ ਦੀ ਐ, ਕਿਸੇ ਤਰ੍ਹਾਂ ਨਾਲ ਟਿਕਾ ਲਈਏ।'

ਪਰ ਮੇਰਾ ਦਿਲ ਬੇਬੇ ਜਿੰਨਾ ਸਿੱਧਾ-ਪੱਧਰਾ ਕਿੱਥੇ ਸੀ ਕਿ ਝੱਟ ਮੰਨ ਜਾਂਦਾ। ਆਪਣੇ ਦਿਲ ਦੀ ਲੰਬਰਦਾਰੀ ਕਰਕੇ ਹੀ ਮੈਂ ਤਾਂ ਸਗੋਂ ਸੁਭਾਅ ਵਜੋਂ ਤੱਤ-ਭੜੱਥਾ ਹਾਂ। ਕਾਹਲ ਵਿੱਚ ਫੈਸਲਾ ਲੈਣਾ ਤੇ ਫਿਰ ਉਸ ਤੇ ਪਛਤਾਈ ਜਾਣਾ ਮੇਰੀ ਤਾਂ ਫ਼ਿਤਰਤ ਬਣ ਚੁੱਕੀ ਹੈ। ਇਸ ਵਾਰ ਵੀ ਕਾਹਲ ਨਾਲ ਯੂਨੀਵਰਸਿਟੀ ਤੋਂ ਐਨ. ਓ. ਸੀ. ਲਿਆ, ਵੀਜ਼ਾ ਲੁਆਇਆ ਅਤੇ ਸੱਤਰ ਹਜ਼ਾਰ ਲੋਨ ਲੈ ਕੇ ਟਰਾਂਟੋ ਦਾ ਰਿਟੱਰਨ ਟਿਕਟ ਬਣਵਾ ਲਿਆ।

ਤੇ ਫੇਰ ਜਹਾਜ਼ 'ਚ ਬੈਠਦਿਆਂ ਹੀ ਸ਼ੁਰੂ ਹੋ ਗਿਆ ਪਛਤਾਵਾ। 'ਇਉਂ ਘਰ ਫੂਕ ਤਮਾਸ਼ਾ ਵੇਖਣ ਵਾਲੀ ਕੀ ਤੱਦੀ ਸੀ?' ਮੈਨੂੰ ਕਹਾਣੀਕਾਰ ਜਰਨੈਲ ਸਿੰਘ ਦੇ ਟੈਲੀਫੋਨ ਉਤੇ ਕਹੇ ਬੋਲ ਯਾਦ ਆਏ, 'ਕਾਨਫਰੰਸ ਤਾਂ ਐਸੀ ਵੈਸੀ ਹੀ ਹੈ, ਉਂਝ ਗੇੜਾ ਮਾਰਨਾ ਹੈ ਤਾਂ ਆ ਜਾ ਜੀਅ ਸਦਕੇ।' ਮੈਂ

ਆਪਣੇ ਵੱਡੇ ਵੀਰ ਜਰਨੈਲ ਸਿੰਘ ਦੇ ਇਸ਼ਾਰੇ ਨੂੰ ਸਮਝ ਕੇ ਵੀ ਕਿਉਂ ਅਣਡਿੱਠ ਕਰ ਦਿੱਤਾ ਸੀ? ਟਰਾਂਟੋ ਉਸ ਦੇ ਘਰ ਪਹੁੰਚ ਕੇ ਵੀ ਮਨ ਬੁਝਿਆ ਬੁਝਿਆ ਰਿਹਾ। ਜਰਨੈਲ ਸਿੰਘ ਦੇ ਪਰਿਵਾਰ ਨੇ ਆਪਣੇ ਅਪਣੱਤ ਭਰੇ ਵਿਵਹਾਰ ਨਾਲ ਮੇਰੇ ਅੰਦਰ ਟਹਿਕ ਪੈਦਾ ਕਰਨ ਦਾ ਹਰ ਹੀਲਾ ਕੀਤਾ ਪਰ ਪਛਤਾਵੇ ਦੀ ਚੂਹੀ ਮੇਰੀਆਂ ਆਂਦਰਾਂ ਕੁਤਰ ਕੁਤਰ ਫੇਰ ਵੀ ਸਿਟਦੀ ਰਹੀ।

ਭਾਰਤੀ ਪੰਜਾਬ ਵਿਚੋਂ ਜਾ ਕੇ ਕਾਨਫਰੰਸ ਵਿੱਚ ਸ਼ਾਮਿਲ ਹੋਣ ਵਾਲਾ ਮੈਂ 'ਇਕਲੌਤਾ' ਡੈਲੀਗੇਟ ਸਾਂ। ਇਸ ਲਈ ਹਰ ਗੱਲ ਵਿੱਚ ਪੁੱਛ-ਗਿੱਛ ਚੰਗੀ ਹੋ ਰਹੀ ਸੀ। ਪ੍ਰਬੰਧਕ ਖੁਸ਼ ਸਨ ਕਿ ਮੇਰੇ ਲਈ ਉਨ੍ਹਾਂ ਨੂੰ ਖਰਚਣੀ ਤਾਂ ਦੁਆਨੀ ਵੀ ਨਹੀਂ ਪਈ ਸੀ ਪਰ ਉਹ ਮਾਈਕ ਅੱਗੇ ਖੜ੍ਹ ਕੇ ਹੁੱਬ ਕੇ ਆਖ ਸਕਦੇ ਸਨ, 'ਇਸ ਅੰਤਰ-ਰਾਸ਼ਟਰੀ ਕਾਨਫਰੰਸ ਵਿੱਚ ਕੈਨੇਡਾ, ਇੰਗਲੈਂਡ, ਅਮਰੀਕਾ ਤੋਂ ਇਲਾਵਾ ਭਾਰਤ ਵਿਚੋਂ ਵੀ 'ਵਿਦਵਾਨ' ਪਹੁੰਚੇ ਹਨ।' ਅੰਦਰੋ-ਅੰਦਰੀ ਮੈਨੂੰ ਇਹ ਗੱਲ ਚੰਗੀ ਵੀ ਲੱਗ ਰਹੀ ਸੀ। ਮੈਂ ਸੋਚਦਾ ਸਾਂ ਕਿ ਮਿਲਵਾਕੀ ਵਾਲੀ ਕਾਨਫਰੰਸ ਵਾਂਗ ਇਥੇ ਵੀ ਜਹਾਜ਼ ਭਰ ਕੇ 'ਵਿਦਵਾਨਾਂ' ਦਾ ਆ ਜਾਂਦਾ ਤਾਂ ਮੇਲੇ 'ਚ ਮਾਤ੍ਹੜ ਚੱਕੀਰਾਹੇ ਦੀ ਕਿਸ ਸੁਣਨੀ ਸੀ? ਇਸ ਲਈ ਕਾਨਫਰੰਸ ਵਾਲੇ ਮੰਚ ਉਤੇ ਬੈਠੇ ਦੇ ਮੇਰੇ ਮਾਣ-ਸਨਮਾਨ ਵਿੱਚ ਬੋਲੇ ਜਾ ਰਹੇ ਸ਼ਬਦਾਂ ਨਾਲ ਕੈਨੇਡਾ ਆਉਣ ਦੇ ਪਛਤਾਵੇ ਦੀ ਕਸਕ ਕੁੱਝ ਨਿੰਮ੍ਹੀ ਪੈ ਗਈ ਸੀ।

ਆਧੁਨਿਕ ਨੁਹਾਰ ਵਾਲੇ ਵੱਡੇ ਆਡੀਟੋਰੀਅਮ ਵਿੱਚ ਹੁੰਮ-ਹੁੰਮਾ ਕੇ ਪਹੁੰਚੇ ਸਰੋਤੇ ਅਤੇ ਸੱਜ-ਧੱਜ ਵਾਲਾ ਮੰਚ ਵੀ ਇਹ ਗਵਾਹੀ ਦੇ ਰਹੇ ਸਨ ਕਿ ਕਾਨਫਰੰਸ 'ਐਸੀ ਵੈਸੀ' ਨਹੀਂ ਸੀ। ਗਰਮੀ ਦੀ ਰੁੱਤ ਹੋਣ ਦੇ ਬਾਵਜੂਦ ਕੋਟ-ਟਾਈਆਂ ਕਸੀ ਫਿਰਦੇ 'ਵਿਦਵਾਨ ਬੁਲਾਰੇ' ਹੱਥਾਂ 'ਚ ਖ਼ੂਬਸੂਰਤ 'ਫਾਈਲਾਂ' ਫੜ੍ਹੀ ਬੜੇ ਚੁਸਤ-ਫੁਰਤ ਜਾਪਦੇ ਸਨ, ਜਿਵੇਂ ਰੇਸ 'ਚ ਸ਼ਾਮਿਲ ਹੋਣ ਵਾਲੇ ਘੋੜੇ ਧਰਤੀ ਉਤੇ ਪੌੜ ਮਾਰ-ਮਾਰ ਆਪਣੀ ਵੱਸੋਂ-ਬਾਹਰੀ ਸ਼ਕਤੀ ਨੂੰ ਪਰਖ ਰਹੇ ਹੋਣ। ਪਰ ਜਦੋਂ ਸੱਚਮੁੱਚ ਦੌੜਨ ਦੀ ਘੜੀ ਆਈ ਤਾਂ ਇਹ ਸਭ ਪਹਿਲੇ ਗੇੜੇ ਵਿੱਚ ਹੀ ਹਫ਼ ਕੇ ਨੱਕ 'ਚੋਂ ਝੱਗ ਸਿੱਟਣ ਲੱਗ ਪਏ। ਇਨ੍ਹਾਂ ਦੇ ਇੱਕ ਇਕ, ਦੋ-ਦੋ ਪੰਨਿਆਂ ਦੇ, ਬਿਨ-ਹਵਾਲਿਆਂ ਵਾਲੇ ਪੇਤਲੇ 'ਰਿਸਰਚ ਪੇਪਰ' ਸਰੋਤਿਆਂ ਦੀ ਰੂਹ ਨੂੰ ਰੱਜ ਨਾ ਦੇ ਸਕੇ। ਬਹਿਸ ਵੇਲੇ ਸਰੋਤਿਆਂ ਦੀ ਮੁੱਖ ਸ਼ਿਕਾਇਤ ਇਹੋ ਰਹੀ ਕਿ ਉਨ੍ਹਾਂ ਨੂੰ 'ਚੀਟ' ਕੀਤਾ ਗਿਆ ਹੈ। ਦੋ ਕੁ ਘੰਟੇ ਪਹਿਲਾਂ ਆਲੇ-ਦੁਆਲੇ ਦਾ ਜਲੌਅ ਵੇਖ ਕੇ ਜਿਹੜਾ ਮੇਰਾ ਮਨ ਇਹ ਸੋਚ ਰਿਹਾ ਸੀ ਕਿ 'ਇਉਂ ਹੁੰਦੀ ਐ ਕਾਨਫਰੰਸ', ਉਹੀ ਮਨ ਹੁਣ ਮਾਈਕ ਅੱਗੇ ਖੜ੍ਹੇ ਦੇ ਮੇਰੇ ਮੂੰਹੋਂ ਕਢਵਾ ਰਿਹਾ ਸੀ 'ਬੱਸ ਆਹੀ ਹੁੰਦੀ ਐ ਕਾਨਫਰੰਸ?'

ਪਹਿਲਾਂ ਜਾਪਦਾ ਸੀ ਕਿ ਬੁਲਾਰੇ ਇਨ੍ਹਾਂ ਵੱਡੇ ਪ੍ਰਸ਼ਨਾਂ ਨੂੰ ਸੰਬੋਧਿਤ ਹੋਣਗੇ - ਪੱਛਮੀ ਸੰਸਕ੍ਰਿਤੀ ਦੇ ਹੜ੍ਹ 'ਚ ਖੁੱਲ੍ਹੀ ਪੰਜਾਬੀ ਸਭਿਆਚਾਰ ਦੀ 'ਤੂੜੀ ਦੀ ਪੰਡ' ਨੂੰ ਕਿਵੇਂ ਸਾਂਭਿਆ ਜਾਵੇ?

Academy of the Punjab in North America: http://www.apnaorg.com

ਕੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਪੰਜਾਬੀ ਭਾਸ਼ਾ ਨੂੰ ਸਿੱਖੇ ਬਿਨਾਂ ਵੀ ਪੰਜਾਬੀਅਤ ਜਾਂ ਸਿੱਖ-ਸਭਿਆਚਾਰ ਨਾਲ ਪ੍ਰਣਾਈ ਰਹਿ ਸਕਦੀ ਹੈ? ਪਰ ਇਹ ਪ੍ਰਸ਼ਨ ਉਵੇਂ ਦੀ ਜਿਵੇਂ ਹੀ ਸਰੋਤਿਆਂ ਦੇ ਮਨ-ਮਸਤਕ ਵਿੱਚ ਸੁਲਘਦੇ ਰਹੇ। ਨਵੀਂ ਪੀੜ੍ਹੀ ਦੇ ਇੱਕ ਦੋ ਛੋਹਰ-ਛੱਕਰਾਂ ਨੇ ਤਾਂ ਇਹ ਪ੍ਰਸ਼ਨ ਵੀ ਠਾਹ ਕਰਕੇ ਬੁਲਾਰਿਆਂ ਦੇ ਮੱਥੇ ’ਚ ਮਾਰੇ ਕਿ ਉਹ ਕਿਉਂ ਸਿੱਖਣ ਪੰਜਾਬੀ? ਕਿਉਂ ਅਪਨਾਉਣ ਸਿੱਖ ਸੰਸਕ੍ਰਿਤੀ? ਪੱਛਮੀ ਸਭਿਆਚਾਰ ’ਚ ਅਜਿਹਾ ਕੀ ਭੈੜ ਹੈ ਕਿ ਉਹ ਉਸ ਨੂੰ ਪਰ੍ਹੇ ਸੁੱਟ ਦੇਣ?

ਪ੍ਰਮੁੱਖ ਵਕਤਿਆਂ ਕੋਲੋਂ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਮਨ-ਚਿੱਤ ਨੂੰ ਜਚਦਾ ਉਤਰ ਨਾ ਸਰਿਆ। ਦੁਪਹਿਰ ਤੋਂ ਅੱਧੀ ਰਾਤ ਤੱਕ ਕਾਨਫਰੰਸ ਦਾ ਮੇਲਾ-ਗੇਲਾ ਚਲਦਾ ਰਿਹਾ, ਕਿਤੇ ਭਾਸ਼ਨ, ਕਿਤੇ ਸਨਮਾਨ, ਕਿਤੇ ਕਵੀ ਦਰਬਾਰ, ਪਰ ਕਾਨਫਰੰਸ ਦੇ ਮੁੱਖ ਵਿਸ਼ੇ ‘ਪੰਜਾਬੀ ਭਾਸ਼ਾ ਅਤੇ ਮੀਡੀਆ’ ਦੀ ਕੋਈ ਤੰਦ ਵੀ ਹੱਥ ਨਹੀਂ ਸੀ ਆ ਸਕੀ। ਅਜਿਹੀਆਂ ਕਾਨਫਰੰਸਾਂ ਵਿੱਚ ਅਸੀਂ ਕਿਸ ਮਕਸਦ ਲਈ ਇਉਂ ਜਫ਼ਰ ਜਾਲ ਕੇ ਪਹੁੰਚਦੇ ਹਾਂ? ਇਹ ਸੋਚ ਕੇ ਪਛਤਾਵੇ ਦਾ ਸੱਪ ਫੇਰ ਮੇਰੇ ਅੰਦਰ ਵਿਸ ਘੋਲਣ ਲੱਗ ਪਿਆ ਸੀ। ਮੈਂ ਫਿਰ ਦੁਬਿਧਾ ਦੀ ਦਲਦਲ ਵਿੱਚ ਧਸਦਾ ਜਾ ਰਿਹਾ ਸਾਂ।

# ਭਿੱਜ ਗਈ ਰੂਹ ਮਿੱਤਰਾ

ਜਿਵੇਂ ਪਹਿਲੀ ਵਾਰ ਸੌਹਰਿਆਂ ਤੋਂ ਮੁੜੀ ਕੁੜੀ ਆਪਣੇ ਪੇਕੇ ਪਿੰਡ ਵਿੱਚ ਜਿਸ ਘਰੇ ਵੀ ਜਾਵੇ, ਸਾਰੇ ਹੀ ਉਸ ਨੂੰ ਧੀ-ਧਿਆਣੀ ਸਮਝ ਕੇ ਮਾਣ-ਤਾਣ ਦਿੰਦੇ ਹਨ, ਉਵੇਂ ਹੀ ਮੈਂ ਲੇਖਕ ਹੋਣ ਦੇ ਨਾਤੇ ਜਿਵੇਂ ਟਰਾਂਟੋ ਦੇ ਸਾਰੇ ਪੰਜਾਬੀ ਲੇਖਕਾਂ ਦਾ ਸਾਂਝਾ ਮਹਿਮਾਨ ਸਾਂ। ਪੱਕਾ ਟਿਕਾਣਾ ਤਾਂ ਮੈਂ ਕਹਾਣੀਕਾਰ ਜਰਨੈਲ ਸਿੰਘ ਦੇ ਘਰ ਹੀ ਬਣਾਇਆ ਹੋਇਆ ਸੀ ਪਰ ਤੋਰੇ-ਫੇਰੇ ਲਈ ਕਈ ਮਿੱਤਰ ਮਿਲ ਗਏ ਸਨ, ਜਿਵੇਂ ਨਵਤੇਜ ਟਿਵਾਣਾ, ਕਵੀ ਕੁਲਵਿੰਦਰ ਖਹਿਰਾ, ਮੇਰੇ ਇਲਾਕੇ ਦਾ ਕਹਾਣੀਕਾਰ ਸੁਖਜੀਤ ਲਹਿਲ, ਆਰ-ਪਾਰ ਮੈਗਜ਼ੀਨ ਦੀ ਸੰਪਾਦਿਕਾ ਸ੍ਰੀਮਤੀ ਬਲਬੀਰ ਸੰਘੇੜਾ, ਨੌਜਵਾਨ ਬਾਬਾ ਬਲਰਾਜ ਚੀਮਾ, ਇਕਬਾਲ ਰਾਮੂਵਾਲੀਆ, ਸੌਦਾਗਰ ਸਿੰਘ, ਪ੍ਰਤੀਕ ਸਿੰਘ, ਮੇਜਰ ਮਾਂਗਟ, ਭੁਪਿੰਦਰ

ਆਦਿ। ਇਸ ਕਾਨਫ਼ਰੰਸ ਉਤੇ ਕਿਹੜਾ ਮਿਲਵਾਕੀ ਵਾਂਗ ਲੇਖਕਾਂ ਦਾ ਵੱਗ ਆਇਆ ਸੀ ਕਿ ਸਥਾਨਕ ਲੇਖਕ ਪੱਲਾ ਛੁਡਾ ਛੁਡਾ ਭਜਦੇ। ਇਸ ਦੇ ਉਲਟ ਹੁਣ ਤਾਂ ਮੇਜ਼ਬਾਨ ਬਹੁਤੇ ਤੇ ਮਹਿਮਾਨ 'ਇਕਲੌਤਾ' ਸਾਂ।

ਸੁਭਾਵਕ ਹੀ ਮੇਰੀ ਸਭ ਤੋਂ ਵੱਧ ਸੱਥਰੀ ਨਵਤੇਜ ਟਿਵਾਣਾ ਨਾਲ ਹੀ ਪੈਣੀ ਸੀ। ਨਵਤੇਜ ਵਿਆਹ ਕਰਵਾ ਕੇ ਕੈਨੇਡਾ 'ਚ ਆਉਣ ਤੋਂ ਪਹਿਲਾਂ ਪੂਰੇ ਪੰਜ ਸਾਲ ਪੰਜਾਬੀ ਯੂਨੀਵਰਸਿਟੀ ਵਿੱਚ ਮੇਰਾ ਕੁਲੀਗ ਰਿਹਾ ਸੀ। ਉਹ ਮੇਰਾ ਭੇਤੀ ਯਾਰ ਸੀ। ਮੇਰੇ ਦੱਸਣ ਤੋਂ ਬਿਨਾਂ ਹੀ ਉਹ ਜਾਣਦਾ ਸੀ ਕਿ ਅਸੀਂ ਕੀ ਵੇਖਣਾ ਹੈ ਤੇ ਕਿੱਥੇ ਕਿੱਥੇ ਜਾਣਾ ਹੈ। ਭਾਵੇਂ ਉਹ ਦੋ ਨੌਕਰੀਆਂ ਨਾਲ ਪਰੁੰਨਿਆ ਹੋਣ ਕਰਕੇ ਸਮਾਂ ਮਸਾਂ ਹੀ ਕੱਢਦਾ ਸੀ ਪਰ ਪਤਨੀ ਨਾਲੋਂ ਤੋੜ-ਵਿਛੋੜਾ ਹੋਣ ਕਾਰਣ ਉਹ ਘਰੇਲੂ ਝਮੇਲਿਆਂ ਤੋਂ ਮੁਕਤ ਸੀ, ਇਕੱਲਾ ਉੱਠ ਦੀ ਪੂਛ ਵਰਗਾ। ਕੈਨੇਡਾ 'ਚ ਨਵੇਂ ਨਵੇਂ ਆਏ ਬੰਦੇ ਤਾਂ ਕਈ ਕਈ ਸਾਲ ਹੇਰਵੇ ਦੀਆਂ ਕਸਕਾਂ ਸਹਿੰਦੇ ਬੁਝੇ-ਬੁਝੇ ਰਹਿੰਦੇ ਹਨ। ਇਨ੍ਹਾਂ ਦੇ ਉਲਟ ਨਵਤੇਜ ਟਹਿਕ ਵਿੱਚ ਸੀ। ਯੂਨੀਵਰਸਿਟੀ ਵਿੱਚ ਲੈਕਚਰਾਰ ਦੀ ਨੌਕਰੀ ਦੀ ਥਾਂ ਹੁਣ ਉਹ ਸਕਿਓਰਟੀ ਦੀ ਅਤੇ ਪਟਰੌਲ ਪੰਪ ਉਤੇ ਕੈਸ਼ੀਅਰ ਦੀ 'ਜੌਬ' ਕਰਦਾ ਸੀ ਪਰ ਹਰ ਤਰ੍ਹਾਂ ਸੰਤੁਸ਼ਟ ਸੀ। ਮੇਰੇ ਹੁੰਦਿਆਂ ਉਸ ਦੇ ਮੂੰਹੋਂ ਕੈਨੇਡਾ ਨੂੰ ਗਾਲ੍ਹ ਨਹੀਂ ਨਿਕਲੀ, ਸਗੋਂ ਉਹ ਉਥੋਂ ਦੇ ਵਧੀਆ ਸਿਸਟਮ ਦੇ ਸੋਹਲੇ ਹੀ ਗਾਉਂਦਾ ਰਿਹਾ। ਉਹ ਨੌਕਰੀ ਤੋਂ ਵਿਹਲਾ ਹੁੰਦਿਆਂ ਹੀ ਨਹਾ-ਧੋ ਕੇ ਦੋ ਕੁ ਘੰਟੇ ਅਰਾਮ ਕਰਦਾ ਅਤੇ ਫਿਰ ਫੌਜੀਆਂ ਵਾਂਗ ਨਿੱਕਰ-ਸ਼ਰਟ ਕਸੀ ਸਿੱਧਾ ਮੇਰੇ ਕੋਲ ਆ ਵਜਦਾ।

'ਕਿਉਂ ਧਾਲੀਵਾਲ, ਜੇ ਦਿੱਤੇ ਵਕਤ ਤੋਂ ਇੱਕ ਮਿੰਟ ਵੀ ਲੇਟ ਆਂ ਤਾਂ ਦੱਸ, ਯਾਰ ਭਾਵੇਂ ਫੌਜ ਵਿੱਚ ਨਹੀਂ ਰਿਹਾ ਪਰ ਲੈਕਚਰਾਰ ਤਾਂ ਡਿਫੈਂਸ ਸਟੱਡੀ ਦਾ ਸੀ।' ਉਹ ਘੜੀ ਵਿਖਾਉਂਦਾ ਅਨੁਸ਼ਾਸ਼ਨ ਦੇ ਨਸ਼ੇ ਵਿੱਚ ਛਾਤੀ ਫੁਲਾ ਕੇ ਆਖਦਾ। ਖੈਰ ਮੈਂ ਤਾਂ ਬਿਨਾ ਕਹਿਣ ਤੋਂ ਹੀ ਉਸ ਦੇ ਸੀਲ ਸੁਭਾਅ ਅਤੇ ਵਕਤ ਦੀ ਪਾਬੰਦੀ ਦੇ ਗੁਣਾਂ ਦਾ ਕਾਇਲ ਸਾਂ। ਮੈਂ ਹਮੇਸ਼ਾਂ ਮੁਸਕਰਾ ਕੇ ਉਸ ਨੂੰ ਸੌ 'ਚੋਂ ਸੌ ਨੰਬਰ ਦੇ ਛੱਡਦਾ। ਯੂਨੀਵਰਸਿਟੀ 'ਚ ਪੜ੍ਹਦਿਆਂ ਅਤੇ ਨੌਕਰੀ ਕਰਦਿਆਂ ਵੀ ਉਹ ਬੇਹੱਦ ਸੰਗਾਊ ਗਿਣਿਆਂ ਜਾਂਦਾ ਸੀ। ਉਸ ਦੀਆਂ ਤਾਂ ਇਹ ਦਸਦੇ ਦੀਆਂ ਵੀ ਗੱਲ੍ਹਾਂ ਲਾਲ ਹੋ ਜਾਂਦੀਆਂ ਸਨ ਕਿ ਫਲਾਣੀ ਕੁੜੀ ਉਸ ਤੇ 'ਟ੍ਰਾਈ' ਮਾਰ ਰਹੀ ਹੈ। ਸ਼ਾਮ ਨੂੰ ਅਸੀਂ ਯੂਨੀਵਰਸਿਟੀ ਦੇ ਫੈਕਲਟੀ ਕਲੱਬ ਵਿੱਚ ਬੈਡਮਿੰਟਨ ਖੇਡਣ ਲਈ ਜਾਂਦੇ ਤਾਂ ਉਹ ਘਰੋਂ ਕਲੱਬ ਤੱਕ ਨਿੱਕਰ ਉਤੋਂ ਦੀ ਪੈਂਟ ਪਾ ਕੇ ਆਉਂਦਾ ਕਿ ਕਿਤੇ ਕਿਸੇ ਨੂੰ ਲੱਤਾਂ ਨਾ ਦਿੱਸ ਜਾਣ। ਪਰ ਹੁਣ ਉਸੇ ਨਵਤੇਜ ਦੇ ਰੰਗ-ਢੰਗ ਹੀ ਬਦਲੇ ਪਏ ਸਨ। ਖ਼ਰਬੂਜੇ ਨੂੰ ਵੇਖ ਕੇ ਖ਼ਰਬੂਜੇ ਦੇ ਰੰਗ ਫੜ੍ਹਨ ਵਾਲੀ ਗੱਲ ਵਾਂਗੂੰ ਉਸ ਉਤੇ ਪੱਛਮੀ ਮੁਲਕਾਂ ਦੀ

ਨਿਸ਼ੰਗਤਾ ਦਾ ਰੰਗ ਚੜ੍ਹ ਗਿਆ ਜਾਪਦਾ ਸੀ। ਬਾਜ਼ਾਰ 'ਚ ਟਹਿਲਦਿਆਂ ਜਾਂ ਬੀਅਰ ਬਾਰ 'ਚ ਬੈਠਿਆਂ ਉਹ ਅਕਸਰ ਮੇਰੇ ਕੂਹਣੀ ਮਾਰ ਕੇ ਆਖਦਾ, 'ਧਾਲੀਵਾਲ ਔਧਰ ਵੇਖ ਪਟੋਲਾ, ਮੜ੍ਹਕ ਹੈ ਨਾ ਕੋਤਲ ਘੋੜੀ ਵਰਗੀ?'

ਮੈਨੂੰ ਹੁਸਨ ਦੇ ਨਸ਼ੇ 'ਚ ਖੀਵਾ ਹੋਇਆ ਵੇਖ ਉਹ ਆਪਣੀ ਗੱਲ ਦੀ ਪ੍ਰੋਫੈਸਰਾਂ ਵਾਂਗ ਵਿਆਖਿਆ ਕਰਨ ਲੱਗਦਾ, 'ਧਾਲੀਵਾਲ ਇਹ ਗੱਠੀ ਵਰਗੇ ਸਰੀਰ ਐਵੇਂ ਨੀ ਬਣਦੇ, ਅਗਲੀਆਂ ਨੇ ਕਮਾਏ ਹੋਏ ਐ। ਕਦੇ ਤੈਨੂੰ ਜ਼ਿੰਮਖਾਨੇ ਜਾਂ ਕਲੱਬ 'ਚ ਲਿਜਾ ਕੇ ਵਖਾਊਂਗਾ ਕਿ ਇਹ ਲੋਕ ਕਿਵੇਂ ਬੌਡੀ ਨੂੰ ਰਿੜਕਦੇ ਐ। ਆਪਣੇ ਵਾਂਗੂੰ ਨੀ ਖਾਧੇ ਆਲੂਆਂ ਵਾਲੇ ਪਰਾਉਂਠੇ ਤੇ ਬੈਠ ਗਏ ਕੁਰਸੀ ਤੇ, ਤਾਂ ਈ ਤਾਂ ਵੀਹ ਕੁ ਸਾਲਾਂ ਤੋਂ ਈ ਹੋਣ ਲੱਗ ਪੈਂਦੇ ਐ ਬੀਨ ਢਿੱਡੇ ਜਿਹੇ। ਇਹ ਲੋਕ ਤਾਂ ਧਰਮ ਨਾਲ ਜਿਵੇਂ ਆਪਣੇ ਸਰੀਰਾਂ ਨੂੰ ਇਸ਼ਕ ਕਰਦੇ ਐ।' ਇਉਂ ਹੀ ਕਦੇ ਕਦੇ ਉਸ ਅੰਦਰਲਾ ਅਧਿਆਪਕ ਜਾਗ ਉਠਦਾ ਤੇ ਉਹ ਸ਼ੁਰੂ ਹੋ ਜਾਂਦਾ। ਸਾਡੀ ਇਸ ਨੇੜਲੀ ਸਾਂਝ ਕਰਕੇ ਹੀ ਸਮਾਂ ਤੀਆਂ ਵਰਗਾ ਲੰਘ ਰਿਹਾ ਸੀ। ਵਾਰਸ ਦੇ ਕਹਿਣ ਵਾਂਗ ਅਸੀਂ ਇਸ ਟਰਾਂਟੋ ਰੂਪੀ ਗੰਨੇ ਦੀ ਪੋਰੀ ਪੋਰੀ ਰਸ ਚੱਖ ਕੇ ਵੇਖ ਰਹੇ ਸਾਂ। ਨਵਤੇਜ ਨਾਲ ਸ਼ਾਪਿੰਗ ਸੈਂਟਰਾਂ 'ਚ ਘੁੰਮਦਿਆਂ, ਦੁਨੀਆਂ ਦੇ ਸਭ ਤੋਂ ਉੱਚੇ ਸੀ. ਐੱਨ. ਟਾਵਰ ਉਤੇ ਚੜ੍ਹ ਕੇ ਜਗਤ ਤਮਾਸ਼ਾ ਵੇਖਦਿਆਂ ਅਤੇ ਅਡਲਟ ਸਟੋਰਾਂ 'ਚ ਮਟਰਗਸ਼ਤੀ ਕਰਦਿਆਂ ਮੇਰਾ ਦਿਲ ਧੀਰ ਧਰਨ ਲੱਗਦਾ ਕਿ ਮੇਰਾ ਪੰਜਾਹ-ਸੱਠ ਹਜ਼ਾਰ ਲੱਗਿਆ ਅਜਾਈਂ ਨਹੀਂ ਸੀ ਗਿਆ। ਇਨ੍ਹਾਂ ਪਲਾਂ ਵਿੱਚ ਪਛਤਾਵੇਂ ਦੀ ਜਲਨ ਹੋਣੋਂ ਵੀ ਹਟ ਜਾਂਦੀ ਅਤੇ ਇਉਂ ਜਾਪਣ ਲੱਗਦਾ ਕਿ ਇਹੀ ਤਾਂ ਹੈ ਅਸਲ ਜ਼ਿੰਦਗੀ। ਹੋਰ ਕਿਸੇ ਨੇ ਜੱਗ ਤੋਂ ਕੀ ਲੈ ਜਾਣਾ ਹੈ? ਇਹ ਭਾਵਨਾ ਉਸ ਦਿਨ ਤਾਂ ਮਨ ਵਿੱਚ ਬਹੁਤ ਹੀ ਜਾਗ ਪਈ ਜਿਸ ਦਿਨ ਅਸੀਂ ਨਿਆਗਰਾ ਫਾਲਜ਼ ਵੇਖਣ ਗਏ।

ਨਵਤੇਜ ਸਵੇਰੇ ਅੱਠ ਕੁ ਵਜੇ ਹੀ ਮੈਨੂੰ ਲੈਣ ਆ ਗਿਆ। ਕੁਦਰਤੀ ਉਸ ਦਿਨ ਦਾ ਨਿਖਾਰ ਵੀ ਵੇਖਿਆ ਹੀ ਬਣਦਾ ਸੀ। ਧੁੱਪ ਨਾਲ ਹਰ ਸ਼ੈਅ ਸੱਜ-ਵਿਆਹੀਆਂ ਵਾਂਗ ਲਿਸ਼ਕ ਪਈ ਸੀ। ਅਸੀਂ ਦੋ ਕੁ ਘੰਟੇ ਦੇ ਸਫ਼ਰ ਪਿੱਛੋਂ ਨਿਆਗਰਾ ਪਹੁੰਚੇ ਤਾਂ ਲੋਕ ਸਾਡੇ ਤੋਂ ਵੀ ਪਹਿਲਾਂ ਕੁੰਭ ਦੇ ਮੇਲੇ ਵਾਂਗ ਵਹੀਰਾਂ ਘੱਤ ਕੇ ਆਏ ਹੋਏ ਸਨ। ਨਿੱਖਰੇ ਦਿਨ ਤੋਂ ਇਲਾਵਾ ਇਸ ਰੌਣਕੀਲੀ ਭੀੜ ਦਾ ਇੱਕ ਕਾਰਨ ਇਹ ਵੀ ਸੀ ਕਿ ਗਰਮੀ ਦੀਆਂ ਛੁੱਟੀਆਂ ਸ਼ੁਰੂ ਹੋ ਗਈਆਂ ਸਨ। ਜਿੱਧਰ ਵੀ ਵੇਖਦੇ ਸਾਂ ਗੋਰੀਆਂ ਨਿਛੋਹ ਗੋਲ ਪਿੰਜਣੀਆਂ ਅਤੇ ਸਡੌਲ ਸਰੀਰਾਂ ਵਾਲੀਆਂ ਮੁਟਿਆਰਾਂ ਦੇ ਮਾਣ ਮੱਤੇ ਹੁਸਨ ਟਹਿਕਦੇ ਫਿਰਦੇ ਸਨ।

Academy of the Punjab in North America: http://www.apnaorg.com

ਨਿਆਗਰਾ ਫਾਲਜ਼ ਦਾ ਅਜੂਬਾ ਅਮਰੀਕਾ ਅਤੇ ਕੈਨੇਡਾ ਦੀ ਜੂਹ ਤੇ ਹੈ। ਅਮਰੀਕਾ ਵੱਲੋਂ ਆਉਂਦਾ ਇੱਕ ਵਿਸ਼ਾਲ ਦਰਿਆ ਜਦ ਕੈਨੇਡਾ ਦੀ ਸੈਂਕੜੇ ਫੁੱਟ ਨੀਵੀਂ ਧਰਤੀ ਉਤੇ ਇੱਕ ਦਮ ਧਾਰਾਂ ਦੇ ਰੂਪ 'ਚ ਡਿਗਦਾ ਹੈ ਤਾਂ ਅਜ਼ਬ ਨਜ਼ਾਰਾ ਪੇਸ਼ ਕਰਦਾ ਹੈ, ਜਿਵੇਂ ਕੋਈ ਹਲਵਾਈ ਦਰਿਆ ਰੂਪੀ ਤੂੰਬਿਆਂ ਨਾਲ ਦੁੱਧ ਫੈਂਟ ਰਿਹਾ ਹੋਵੇ। ਉਚਾਈ ਤੋਂ ਡਿਗਦਾ ਪਾਣੀ ਇਉਂ ਫੁਹਾਰ ਰੂਪ ਹੋ ਕੇ ਫੈਲ ਜਾਂਦਾ ਹੈ ਜਿਵੇਂ ਕੋਈ ਹਿਮਾਲਾ ਪਰਬਤ ਜਿੱਡਾ ਬਗਲਾ ਨਹਾਉਣ ਪਿੱਛੋਂ ਆਪਣੇ ਖੰਭ ਛੰਡ ਰਿਹਾ ਹੋਵੇ। ਪੌਣ ਦੇ ਖੰਭਾਂ ਉਤੇ ਸਵਾਰ ਇਹ ਫੁਹਾਰ ਦੂਰ ਦੂਰ ਤੱਕ ਠੰਡਕ ਦਾ ਛਿੱਟਾ ਦਿੰਦੀ ਜਾਂਦੀ ਹੈ। ਸਾਹਮਣਿਉਂ ਪੈਂਦੇ ਸੂਰਜ ਦੀ ਤੇਜ਼ ਰੋਸ਼ਨੀ ਨਾਲ ਇਸ ਫੁਹਾਰ ਵਿੱਚ ਸਤਰੰਗੀ ਪੀਂਘ ਲਿਸ਼ਕ ਉਠਦੀ। ਉਤਮ ਤਕਨੀਕ ਨਾਲ ਬਣੇ ਕੈਮਰਿਆਂ ਰਾਹੀਂ ਇਸ ਅਦਭੁੱਤ ਦ੍ਰਿਸ਼ ਨੂੰ ਸਾਂਭ ਕੇ ਲੈ ਜਾਣ ਲਈ ਬਥੇਰੇ ਯਤਨ ਕਰਦੇ ਪਰ ਸਫਲਤਾ ਵਿਰਲੇ ਮਾਹਿਰਾਂ ਨੂੰ ਹੀ ਮਿਲਦੀ।

ਪੈਰਾਂ ਵਿੱਚ ਮਖ਼ਮਲੀ ਘਾਹ ਦਾ ਵਿਛਿਆ ਗਲੀਚਾ, ਸਾਹਮਣੇ ਫੁਹਾਰ ਦੇ ਗੁੰਬਦ ਅਤੇ ਪਿੱਛੇ ਹਰੇ-ਭਰੇ ਪਹਾੜਾਂ ਦੇ ਖ਼ੂਬਸੂਰਤ ਦ੍ਰਿਸ਼ ਵੇਖਦਿਆਂ ਮਨ ਕਰਦਾ ਸੀ ਕਿ ਬੰਦੇ ਦੇ ਦੋ ਅੱਖਾਂ ਦੀ ਥਾਂ ਲੂੰ ਲੂੰ ਦੇ ਮੁੱਢ ਲੱਖ ਲੱਖ ਚਸ਼ਮਾ ਹੋਵੇ ਤਾਂ ਫੇਰ ਭਾਵੇਂ ਰੱਜ ਆ ਜਾਵੇ। ਇਸ ਰੱਜ ਬਿਨਾਂ ਮੁੜ ਜਾਣਾ ਵੀ ਸਾਨੂੰ ਮਨਜ਼ੂਰ ਨਹੀਂ ਸੀ। ਇਸ ਲਈ ਨਵਤੇਜ ਨੇ ਵੀਹ ਡਾਲਰ ਦੀਆਂ ਟਿਕਟਾਂ ਖਰੀਦੀਆਂ ਅਤੇ ਅਸੀਂ ਫੁਹਾਰ ਦੇ ਗੁੰਬਦਾਂ ਨੂੰ ਛੋਹ ਕੇ ਵੇਖਣ ਲਈ ਫੈਰੀ ਵਿੱਚ ਸਵਾਰ ਹੋ ਗਏ। ਇਹ ਫੈਰੀ ਐਨ ਉਥੋਂ ਤੱਕ ਜਾਂਦੀ ਸੀ ਜਿਥੇ ਪਾਣੀ ਦੀਆਂ ਧਾਰਾਂ ਡਿਗਦੀਆਂ ਸਨ। ਪਾਣੀ ਨਾਲ ਗੜੁੱਚ ਹੋਣ ਤੋਂ ਬਚਣ ਲਈ ਸਾਰਿਆਂ ਨੂੰ ਨੀਲੇ ਮੋਮੀ ਕਾਗਜ਼ ਦੇ ਓਵਰਕੋਟ ਪੁਆ ਦਿੱਤੇ ਗਏ। ਜਿਵੇਂ ਜਿਵੇਂ ਫੈਰੀ ਧਾਰਾਂ ਵੱਲ ਤੁਰੀ ਜਾਂਦੀ ਸੀ ਉਵੇਂ ਉਵੇਂ ਫੁਹਾਰ ਦੀ ਸੰਘਣਤਾ, ਪਾਣੀ ਦੀ ਸ਼ੂਕ ਅਤੇ ਹਵਾ ਦਾ ਦਬਾਅ ਵਧਦਾ ਜਾਂਦਾ ਸੀ। ਅਸੀਂ ਵਾਵਰੋਲੇ 'ਚ ਘਿਰੀ ਮੁਟਿਆਰ ਦੇ ਚੁੰਨੀ ਨੂੰ ਸੰਭਾਲਣ ਵਾਂਗ ਆਪਣੇ ਓਵਰਕੋਟਾਂ ਨੂੰ ਸਾਂਭਣ ਦਾ ਅਸਫਲ ਯਤਨ ਕਰਦੇ ਰਹੇ। ਇਹ ਫੁਹਾਰ ਕੇਹੀ ਸੀ, ਇਹ ਤਾਂ ਜਿਵੇਂ ਸਾਡੇ ਉਤੇ ਹੂੜ ਦਾ ਮੀਂਹ ਲਹਿ ਪਿਆ ਸੀ। ਫੈਰੀ ਅਜੇ ਧਾਰ ਦੇ ਪੈਰਾਂ ਤੋਂ ਕੋਈ ਪੰਜਾਹ ਮੀਟਰ ਦੂਰ ਹੀ ਹੋਵੇਗੀ ਪਰ ਛੱਲਾਂ ਦੇ ਧੱਕਿਆਂ ਨਾਲ ਡੋਲਣ ਲੱਗ ਪਈ ਸੀ। ਇੰਜਣ ਦਾ ਅੜਾਟ ਹੋਰ ਉੱਚਾ ਹੋਇਆ ਪਰ ਫੈਰੀ ਅੱਗੇ ਜਾਣ ਤੋਂ ਬੇਵੱਸ ਸੀ। ਫੁਹਾਰ ਦੇ ਫਰਾਟਿਆਂ ਨਾਲ ਚਾਂਭਲੇ ਲੋਕ ਖੁਸ਼ੀ ਵਿੱਚ ਕਿਲਕਾਰੀਆਂ ਮਾਰਨ ਲੱਗੇ। ਏਡੀਆਂ ਵਿਰਾਟ ਧਾਰਾਂ ਸਾਹਮਣੇ ਸਾਡੀ ਫੈਰੀ ਦੀ ਹੋਂਦ ਦੁੱਧ ਦੀ ਭਰੀ ਝੱਗੋ-ਝੱਗ ਬਾਲਟੀ ਵਿੱਚ ਕੀੜੀ ਦੇ ਤੁੱਲ ਜਾਪਦੀ ਸੀ। ਹਾਰ ਕੇ ਫੈਰੀ ਨੂੰ ਪੁੱਠੇ ਪੈਰੀਂ ਹੀ ਵਾਪਸ ਮੁੜਨਾ ਪਿਆ। ਅਸੀਂ ਸੱਚਮੁੱਚ ਹੀ ਫੁਹਾਰ ਦੇ ਗੁੰਬਦਾਂ ਨੂੰ ਛੋਹ ਕੇ ਵੇਖ ਲਿਆ ਸੀ, ਇੱਕ ਅਨੋਖਾ ਅਨੁਭਵ ਸੀ ਇਹ।

ਹੌਲੀ ਹੌਲੀ ਫੈਰੀ ਧੁੰਦ ਦੇ ਬੱਦਲਾਂ ਦੇ ਝੁਰਮਟ ਵਿਚੋਂ ਬਾਹਰ ਨਿਕਲੀ ਤਾਂ ਸਭ ਦੇ ਫ਼ੁਹਾਰ-ਧੋਤੇ ਚਿਹਰੇ ਹੋਰ ਵੀ ਖਿੜੇ-ਖਿੜੇ ਲੱਗੇ ਅਤੇ ਅੱਖਾਂ ਵਿੱਚ ਨਸ਼ਈ ਲਿਸ਼ਕ ਉਭਰੀ। ਗੋਰੀਆਂ ਮੁਟਿਆਰਾਂ ਦੀਆਂ ਝਿੰਮਣੀਆਂ ਉਤੇ ਪਾਣੀ ਦੇ ਮੋਤੀ ਅਜੇ ਵੀ ਤੇਜ਼ ਧੁੱਪ ਕਾਰਨ ਡਲ੍ਹਕਾਂ ਮਾਰ ਰਹੇ ਸਨ। ਸਰੀਰ ਦੀ ਝੁਣਝੁਣੀ ਦਸਦੀ ਸੀ ਕਿ ਅਸੀਂ ਫ਼ੁਹਾਰ ਨਾਲ ਰੂਹ ਤੱਕ ਭਿੱਜ ਗਏ ਸਾਂ। ਤਨ-ਮਨ ਇਉਂ ਹੌਲਾ ਫੁੱਲ ਲੱਗਦਾ ਸੀ ਜਿਵੇਂ ਕਿਸੇ ਮਹਾਂ ਕੁੰਭ ਦਾ ਇਸ਼ਨਾਨ ਕਰ ਲਿਆ ਹੋਵੇ।

## ਬੱਸ ਅਨਾਰ ਚਲਦੇ ਰਹੇ

'ਧਾਲੀਵਾਲ ਕੱਲ੍ਹ 'ਕੈਨੇਡਾ ਡੇ' ਕਿਸੇ ਹੋਰ ਨੂੰ ਨਾਲ ਲੈ ਕੇ ਵੇਖ ਆਈਂ। ਨਹੀਂ ਤਾਂ ਮੈਂ ਲੈ ਚਲਦਾ ਪਰ ਮੈਨੂੰ ਛੁੱਟੀ ਨਹੀਂ ਮਿਲ ਸਕੀ। ਗਰਮੀ ਦੀਆਂ ਛੁੱਟੀਆਂ ਕਰਕੇ ਮੇਰਾ ਗੋਰਾ ਕੁਲੀਗ ਪਰਿਵਾਰ ਨਾਲ ਸੈਰ-ਸਪਾਟੇ ਲਈ ਗਿਆ ਹੋਇਐ। ਕੁੱਲੀ 'ਚ ਭਾਵੇਂ ਕੱਖ ਨਾ ਰਹੇ ਪਰ ਇਹ ਕੰਜਰ ਗੋਰੇ ਨੀ ਅਟਕਦੇ ਛੁੱਟੀਆਂ 'ਚ ਘਰੇ, ਆਉਂਦਿਆਂ ਨੂੰ ਭਾਵੇਂ ਨੌਕਰੀ ਤੋਂ ਜਵਾਬ ਮਿਲ-ਜੇ। ਪਰ ਆਪਾਂ ... ' ਨਵਤੇਜ ਨੇ ਹਾਉਕਾ ਜਿਹਾ ਲੈਂਦਿਆਂ ਇੱਕ ਦਿਨ ਪਹਿਲਾਂ ਹੀ ਮੈਨੂੰ ਆਪਣੀ ਮਜਬੂਰੀ ਦੱਸ ਦਿੱਤੀ। ਉਸ ਨੂੰ ਤਾਂ ਮੈਂ 'ਅੱਛਾ' ਆਖ ਦਿੱਤਾ ਪਰ ਅੰਦਰੋਂ ਮੇਰੇ 'ਚ ਕੈਨੇਡਾ ਡੇ ਵੇਖਣ ਲਈ ਭੋਰਾ ਉਤਸ਼ਾਹ ਨਾ ਜਾਗਿਆ। 'ਕੀ ਵੇਖਣਾ ਹੈ ਉਥੇ? ਪੰਦਰਾਂ ਅਗਸਤ ਵਾਂਗੂੰ ਕੋਈ ਨੇਤਾ ਝੰਡਾ ਲਹਿਰਾ ਦੇਵੇਗਾ। ਪਹਿਲਾਂ ਸਕੂਲੀ ਬੱਚਿਆਂ ਤੋਂ ਚਾਰ ਦੇਸ਼ ਭਗਤੀ ਦੇ 'ਤਰਾਨੇ' ਗਵਾ ਦਿੱਤੇ ਜਾਣਗੇ। ਚਾਰੇ ਪਾਸੇ ਪੁਲਸ ਦੇ ਘੋੜਿਆਂ ਦੀ ਦਗੜ-ਦਗੜ ਹੋਵੇਗੀ। ਹੋ ਸਕਦਾ ਹੈ ਕਿਸੇ ਮਾੜੀ ਮੋਟੀ ਗੱਲ 'ਤੇ ਲੋਕਾਂ ਦੀ 'ਡੰਡਾ ਪਰੇਡ' ਵੀ ਕਰ ਦੇਣ। ਇਹ ਡਰ ਵੀ ਜਾਨ ਦਾ ਖਓ ਬਣਿਆਂ ਰਹੇਗਾ, ਕਿਧਰੇ 'ਦੇਸ਼ ਵਿਰੋਧੀ ਤੱਤਾਂ' ਵੱਲੋਂ ਕੋਈ ਬੰਬ-ਬੁੰਬ ਹੀ ਨਾ ਚਲਾ ਦੇਵੇ ਤੇ ਲੋਕਾਂ ਦੇ ਚੀਥੜੇ ਉੱਡ ਜਾਣ। 'ਕੈਨੇਡਾ ਡੇ ਬਾਰੇ ਸੋਚਦਿਆਂ ਮੇਰੇ ਮਨ 'ਚ ਸਾਡੇ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮਨਾਉਣ ਦਾ ਦ੍ਰਿਸ਼ ਉਭਰਿਆ। ਮੈਨੂੰ ਉਥੇ ਭੀੜ ਵਿੱਚ ਬੋਟੀ-ਬੋਟੀ ਹੋਈ ਆਪਣੀ ਲਾਸ਼ ਦਿਸੀ ਅਤੇ ਬੋਟੀਆਂ ਦੀ ਪੰਡ ਉਤੇ ਡਿੱਗ-ਡਿੱਗ ਭੁੱਬਾਂ ਮਾਰਦੇ ਮਾਂ-ਪਿਓ, ਭੈਣ-ਭਰਾ, ਪਤਨੀ ਅਤੇ ਬੱਚੇ ਨਜ਼ਰ ਆਏ। ਸ਼ਾਇਦ ਲਾਸ਼ ਨੂੰ ਭਾਰਤ ਜਾਣਾ ਨਸੀਬ ਹੀ ਨਾ ਹੁੰਦਾ ਅਤੇ ਇਥੇ ਹੀ ਕਿਤੇ ਮਸ਼ੀਨੀ-ਭੱਠੀ 'ਚ ਪਾ ਕੇ ਸਾੜ ਦਿੱਤੀ ਜਾਂਦੀ।

Academy of the Punjab in North America: http://www.apnaorg.com

'ਮਨਾ ਦਫ਼ਾ ਕਰ ਪਰੇ ਕੈਨੇਡਾ ਡੇ ਨੂੰ। ਏਥੇ ਹੀ ਸਕਾਚ ਦੀਆਂ ਦੋ ਗਲਾਸੀਆਂ ਪੀ ਕੇ ਲਹਿਰਾ ਲਾ ਲੈਨੇ ਆਂ। ਆਪਾਂ ਕਿਸੇ ਦੇ ਆਜ਼ਾਦੀ ਦਿਹਾੜਿਆਂ ਤੋਂ ਕੀ ਆਂਡੇ ਲੈਣੇ ਐਂ। ਐਵੇਂ ਬਗਾਨੀ ਧਰਤੀ ਉਤੇ ਰਗੜੇ ਗਏ ਤਾਂ ਕਾਂ ਨੇ ਹੱਡੀ ਵੀ ਚੱਕ ਕੇ ਨਹੀਂ ਲਿਜਾਣੀ ਪੰਜਾਬ 'ਚ। , ਮੈਂ ਤਾਂ ਅਜੇ ਇਹ ਸੋਚ ਹੀ ਰਿਹਾ ਸਾਂ ਪਰ ਮੇਰੇ ਕੁੱਝ ਕਹਿਣ-ਸੁਣਨ ਤੋਂ ਪਹਿਲਾਂ ਹੀ ਜਰਨੈਲ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਕੈਨੇਡਾ ਡੇ ਦੀਆਂ 'ਸੈਲੀਬਰੇਸ਼ਨਜ਼' 'ਚ ਸ਼ਾਮਿਲ ਹੋਣ ਦਾ ਪੱਕਾ ਪ੍ਰੋਗਰਾਮ ਬਣਾ ਚੁੱਕੇ ਸਨ। ਸੋ ਮੈਂ ਵੀ ਚੁੱਪ-ਚਾਪ ਕਾਰ 'ਚ ਬਹਿ ਗਿਆ। ਪਰਿਵਾਰ ਦੇ ਸਾਰੇ ਜੀਅ ਇਉਂ ਸੱਜ-ਧੱਜ ਕੇ ਜਾ ਰਹੇ ਸਨ ਜਿਵੇਂ ਕਿਸੇ ਸਕੇ-ਸੁਹੇਲੇ ਦੇ ਵਿਆਹ ਤੇ ਜਾਣਾ ਹੋਵੇ। ਉਤਸ਼ਾਹ ਅਤੇ ਚਾਅ ਉਨ੍ਹਾਂ ਦੇ ਚਿਹਰਿਆਂ ਤੋਂ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਜਰਨੈਲ ਸਿੰਘ ਦੀ ਸਾਲ-ਡੇੜ ਸਾਲ ਦੀ ਪੋਤਰੀ ਬਾਹਰ ਜਾਣ ਦੇ ਚਾਅ 'ਚ ਕੂਕਾਂ ਮਾਰ ਰਹੀ ਸੀ।

ਕੈਨੇਡਾ ਡੇ ਦਾ ਮੁੱਖ ਸਮਾਗਮ ਤਾਂ ਝੀਲ ਦੇ ਕੰਢੇ ਇੱਕ ਵਿਸ਼ਾਲ ਪਾਰਕ ਵਿੱਚ ਹੋਣਾ ਸੀ ਪਰ ਅਸੀਂ ਘਰ ਦਾ ਨੇੜ ਹੋਣ ਕਰਕੇ ਉਥੇ ਗਏ ਜਿਥੇ ਉਸ ਖੇਤਰ ਦੀ ਨਗਰਪਾਲਿਕਾ ਵੱਲੋਂ ਇੱਕ ਛੋਟਾ ਸਮਾਗਮ ਕੀਤਾ ਜਾਣਾ ਸੀ। ਰਾਤ ਦੇ ਸਾਢੇ ਨੌਂ ਵੱਜ ਗਏ ਸਨ ਪਰ ਉਥੋਂ ਦੇ ਹਿਸਾਬ ਅਜੇ ਸੂਰਜ ਛਿਪਣ ਵਾਲਾ ਸੀ ਅਤੇ ਸੰਧਿਆਂ ਵੇਲਾ ਹੋਣਾ ਸੀ। ਲੋਕ ਹੁੰਮ-ਹੁੰਮਾ ਕੇ ਪਹੁੰਚਣੇ ਸ਼ੁਰੂ ਹੋ ਗਏ ਸਨ। ਇੱਕ ਵੱਡੇ ਹਰੇ-ਭਰੇ ਮੈਦਾਨ ਦੇ ਵਿਚਕਾਰ ਇੱਕ ਟਿੱਬੇ-ਨੁਮਾ ਢਲਵੀਂ ਜਿਹੀ ਪਹਾੜੀ ਸੀ ਜਿਥੇ ਸਮਾਗਮ ਕੀਤਾ ਜਾਣਾ ਸੀ। ਅਜੇ ਤੱਕ ਉਥੇ ਨਾ ਤਾਂ ਕੋਈ ਮੰਚ ਦਿਸਦਾ ਸੀ ਅਤੇ ਨਾ ਹੀ ਉਥੇ ਲੱਗੀ ਚਾਨਣੀ ਜਾਂ ਪਾਸੀਂ ਲੱਗੀ ਕਨਾਤ। ਸਾਰਾ ਕੁੱਝ ਅਸਮਾਨੀ ਨੀਲੀ ਛੱਤ ਥੱਲੇ ਹੀ ਹੋਣਾ ਸੀ। ਲੋਕ ਉਸ ਪਹਾੜੀ ਤੋਂ ਕਾਫੀ ਹਟਵੇਂ ਚਾਦਰਾਂ-ਚਟਾਈਆਂ ਵਿਛਾਈ ਜਾਂ ਘਰੋਂ ਆਪਣੀਆਂ ਲਿਆਂਦੀਆਂ ਕੁਰਸੀਆਂ ਉਤੇ ਟੋਲੀਆਂ ਬਣਾਈ ਬੈਠੇ ਸਨ। ਖਾਣ-ਪੀਣ ਵੀ ਹਰੇਕ ਆਪਣਾ ਹੀ ਲਿਆਇਆ ਸੀ। ਸਭ ਆਪਣੀ ਆਪਣੀ ਟੋਲੀ ਜਾਂ ਜੁੱਟ ਵਿੱਚ ਮਸਤ ਸਨ। ਕਿਸੇ ਨੂੰ ਕੋਈ ਕਾਹਲ ਨਹੀਂ ਸੀ ਕਿ ਸਮਾਗਮ ਛੇਤੀ ਸ਼ੁਰੂ ਹੋਵੇ। ਕੋਈ ਮੰਚ ਦੇ ਕੋਲ ਜਾਣ ਲਈ ਵੀ ਤਰਲੋਮੱਛੀ ਨਹੀਂ ਸੀ ਹੋ ਰਿਹਾ। ਬੱਚੇ ਖੇਡ 'ਚ ਜੁਟੇ ਹੋਏ ਸਨ।

ਕਹਿੰਦੇ ਸਨ ਕਿ ਸਮਾਗਮ ਦਸ ਵੱਜ ਕੇ ਪੱਚੀ ਮਿੰਟ ਉਤੇ ਉਦੋਂ ਸ਼ੁਰੂ ਹੋਣਾ ਸੀ ਜਦੋਂ ਕੁੱਝ ਘੁਸਮੁਸਾ ਜਿਹਾ ਹੋ ਜਾਵੇ। ਮੇਰੀ ਘੜੀ ਅਨੁਸਾਰ ਤਾਂ ਵਕਤ ਹੋ ਚੁੱਕਿਆ ਸੀ ਪਰ ਅਜੇ ਨਾ ਕੋਈ ਨੇਤਾ ਪਹੁੰਚਿਆ ਸੀ, ਨਾ ਜਿਪਸੀਆਂ ਦੇ ਹੂਟਰ ਸੁਣੇ ਸਨ ਅਤੇ ਨਾ ਹੀ ਕਮਾਂਡੋ ਹਰਲ-ਹਰਲ ਕਰਨ ਲੱਗੇ ਸਨ। ਮੰਚ ਕੋਲ ਤਾਂ ਕੁੱਝ ਵੀ ਨਹੀਂ ਸੀ ਦਿਸਦਾ। ਬੱਸ ਮੱਧਮ ਜਿਹੀ ਲੋਅ ਸੀ ਜਿਵੇਂ ਦੀਵੇ ਜਗ

ਰਹੇ ਹੋਣ। 'ਸਰਕਾਰੀ ਸਮਾਗਮ ਕਿੱਥੇ ਵੇਲੇ ਸਿਰ ਸ਼ੁਰੂ ਹੁੰਦੇ ਤੇ ਮੁਕਦੇ ਨੇ ਭਾਵੇਂ ਕੈਨੇਡਾ ਹੀ ਹੋਵੇ। ਇਕ-ਦੋ ਘੰਟਿਆਂ ਦੀ ਅਗੇਤ-ਪਛੇਤ ਤਾਂ ਆਮ ਗੱਲ ਹੁੰਦੀ ਐ', ਮੈਂ ਆਪਣੇ ਕਾਹਲੇ ਪੈਂਦੇ ਮਨ ਨੂੰ ਸ਼ਾਂਤ ਕਰਨ ਲਈ ਦਲੀਲ ਨਾਲ ਧਰਵਾਸਾ ਦੇਣਾ ਚਾਹਿਆ।

ਬੱਸ ਮੈਂ ਅਜੇ ਇਹ ਗੱਲ ਸੋਚੀ ਹੀ ਸੀ ਕਿ ਮੰਚ ਦੇ ਹਨੇਰੇ ਨੂੰ ਚੀਰਦੀਆਂ ਆਤਸ਼ਬਾਜੀਆਂ ਇਕੱਠੀਆਂ ਹੀ ਸ਼ੂੰ ਕਰਕੇ ਨਿਕਲੀਆਂ ਜਿਵੇਂ ਅਸਮਾਨ ਵੱਲ ਨੂੰ ਚਾਨਣ ਦੀ ਸੜਕ ਜਾ ਰਹੀ ਹੋਵੇ। ਉਤੇ ਜਾ ਕੇ ਉਹ ਵਾਰੀ ਵਾਰੀ ਇਉਂ ਫਟੀਆਂ ਜਿਵੇਂ ਕਿਸੇ ਨੂੰ ਇੱਕੀ ਤੋਪਾਂ ਦੀ ਸਲਾਮੀ ਦਿੱਤੀ ਹੋਵੇ। ਸਾਰਾ ਆਕਾਸ਼ ਗੜਗੜਾਹਟ ਨਾਲ ਭਰ ਗਿਆ। ਫੇਰ ਧਰਤੀ ਵੱਲ ਨੂੰ ਡਿੱਗਦੇ ਸੈਂਕੜੇ ਰੰਗ-ਬਰੰਗੇ ਅੱਗ ਦੇ ਫੁੱਲਾਂ ਦੀ ਵਰਖਾ ਹੋਈ। ਇੱਕ ਦਿਲਕਸ਼ ਨਜ਼ਾਰਾ। ਚਾਰੇ ਪਾਸਿਉਂ ਤਾੜੀਆਂ ਦੀ ਤੜ-ਤੜਾਹਟ ਉੱਚੀ ਹੋਈ ਅਤੇ ਬੱਚਿਆਂ ਦੀਆਂ ਕਿਲਕਾਰੀਆਂ ਵੱਜੀਆਂ। ਸਭ ਚਿਹਰੇ ਰੁਸ਼ਨਾਏ ਗਏ। ਮੂੰਹਾਂ 'ਚੋਂ ਆਪਮੁਹਾਰੇ ਨਿਕਲੇ ਸ਼ਬਦ ਬਿਊਟੀਫੁੱਲ, ਵੰਡਰਫੁੱਲ, ਫੈਨਟਾਸਟਿਕ ਥਰਥਰਾਂਦੇ ਹਵਾ 'ਚ ਫੈਲ ਗਏ।

ਅੱਗ ਦੇ ਫੁੱਲ ਅਜੇ ਬੁਝ ਹੀ ਰਹੇ ਸਨ ਕਿ ਇੱਕ ਚਾਨਣ ਦਾ ਫ਼ੁਹਾਰਾ ਚਸ਼ਮੇ ਵਾਂਗ ਫੁੱਟ ਨਿਕਲਿਆ। ਕਿੰਨਾ ਚਿਰ ਬਰੀਕ ਫਲੂਹਿਆਂ ਦੇ ਹੀਰੇ-ਮੋਤੀ ਇਉਂ ਪਾਸੇ ਬਿਖਰਦੇ ਰਹੇ ਜਿਵੇਂ ਕੋਈ ਪੁੱਤ ਦੇ ਵਿਆਹ 'ਚ ਭਾਨ ਦੀ ਸੋਟ ਕਰ ਰਿਹਾ ਹੋਵੇ। ਇਨੇ ਨੂੰ ਬੱਦਲਾਂ ਜਿੰਨਾਂ ਉੱਚਾ ਜਾ ਕੇ ਇੱਕ ਅਜਿਹਾ ਬੰਬ-ਪਟਾਕਾ ਫਟਿਆ ਕਿ ਪੈਰਾਂ ਥੱਲੇ ਧਰਤੀ ਕੰਬ ਗਈ ਅਤੇ ਕੰਨਾਂ 'ਚ ਜਲੂਣ ਹੋਣ ਲੱਗ ਪਈ। ਬੰਬ 'ਚੋਂ ਨਿਕਲੀਆਂ ਅੱਗ ਦੀਆਂ ਧਾਰਾਂ ਇਉਂ ਧਰਤੀ ਵੱਲ ਆਈਆਂ ਜਿਵੇਂ ਸੂਰਜ ਦਾ ਗਲੋਟਾ ਉਧੜ ਉਧੜ ਖਿੰਡ ਰਿਹਾ ਹੋਵੇ। ਹਰ ਦੋ-ਚਾਰ ਸਕਿੰਟ ਪਿੱਛੋਂ ਵੰਨ-ਸੁਵੰਨੇ ਅਨਾਰ, ਪਟਾਕੇ ਤੇ ਆਤਸ਼ਬਾਜੀਆਂ ਚਲਦੇ ਅਤੇ ਲੋਕ ਦੰਗ ਰਹਿ ਜਾਂਦੇ। ਇਨ੍ਹਾਂ ਨੂੰ ਕੋਈ ਨਾਲੋ ਨਾਲ ਨਹੀਂ ਸੀ ਚਲਾ ਰਿਹਾ, ਸਗੋਂ ਇਹ ਪਹਿਲਾਂ ਹੀ ਇਉਂ ਬੀੜੇ ਗਏ ਸਨ ਕਿ 'ਆਟੋਮੈਟੀਕਲੀ' ਹੀ ਚੱਲ ਰਹੇ ਸਨ। ਪੂਰਾ ਅੱਧਾ ਘੰਟਾ ਕੈਨੇਡਾ ਦਾ ਅਸਮਾਨ ਲਗਾਤਾਰ ਰੌਸ਼ਨ ਰਿਹਾ।

ਇਹ ਸਿਲਸਿਲਾ ਬੰਦ ਹੋਇਆ ਤਾਂ ਮੈਂ ਸੋਚਿਆ ਹੁਣ ਮੰਚ ਉਤੇ ਫਲੱਡ-ਲਾਈਟਾਂ ਜਗਣਗੀਆਂ ਅਤੇ ਕੋਈ ਨੇਤਾ-ਜਨ ਕੈਨੇਡਾ ਡੇ ਦੀ ਓਟ ਵਿੱਚ ਆਪਣੀ ਪਾਰਟੀ, ਖ਼ਾਨਦਾਨ ਅਤੇ ਖੁਦ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇਗਾ। ਪਰ ਨਹੀਂ, ਲੋਕ ਤਾਂ ਉਠਣੇ ਸ਼ੁਰੂ ਹੋ ਗਏ ਸਨ। ਪੈਦਲ ਲੋਕਾਂ ਨੂੰ ਲੰਘਾਉਣ ਵਾਸਤੇ ਸੜਕਾਂ ਉਤਲਾ ਟਰੈਫਿਕ ਆਪਣੇ ਆਪ ਹੀ ਰੁਕ ਗਿਆ ਸੀ। ਕੋਈ ਵਾਹਨ-ਚਾਲਕ ਕੰਨ ਪਾੜਵਾਂ ਹਾਰਨ ਵਜਾ ਕੇ ਲੋਕਾਂ ਨੂੰ ਪਰ੍ਹੇ ਹੋਣ ਲਈ ਨਹੀਂ ਸੀ ਕਹਿ ਰਿਹਾ। ਨਾ ਹੀ ਕੋਈ

ਚੋਰ-ਮੋਰੀਆਂ ਲੱਭ ਕੇ ਪਹਿਲਾਂ ਕਾਰ ਲੰਘਾਉਣ ਲਈ ਉਤਾਵਲਾ ਸੀ। ਕਾਰਾਂ ਦੀ ਮੀਲ ਲੰਬੀ ਕਤਾਰ ਸਹਿਜ ਨਾਲ ਰੁਕੀ ਰਹੀ। ਭੀੜ ਲੰਘ ਗਈ ਤੇ ਟਰੈਫਿਕ ਖੁੱਲ੍ਹ ਗਿਆ।

ਹਰ ਤੁਰੇ ਜਾਂਦੇ ਦੀਆਂ ਗੱਲਾਂ ਅਤੇ ਹੁਲਾਸ ਭਰੇ ਚਿਹਰੇ ਤੋਂ ਜਾਪਦਾ ਸੀ ਕਿ ਉਹ ਅਜੇ ਵੀ ਅਦਭੁੱਤ ਕਿਸਮ ਦੇ 'ਫਾਇਰ ਵਰਕਸ' ਬਾਰੇ ਅੱਸ਼-ਅੱਸ਼ ਕਰਦਾ ਜਾ ਰਿਹਾ ਸੀ। ਬੱਸ ਇਉਂ ਹੀ ਮਨਾਇਆ ਗਿਆ ਸੀ ਕੈਨੇਡਾ ਡੇ। ਮੈਂ ਘਰ ਵੱਲ ਆ ਰਿਹਾ ਸੋਚ ਰਿਹਾ ਸਾਂ ਕਿ ਅਜੇ ਸੁਰਤ-ਸੰਭਾਲ ਰਹੇ ਬੱਚੇ, ਜਿਹੜੇ ਸਮਾਗਮ ਦੌਰਾਨ ਅਨਾਰਾਂ ਵਾਂਗ ਖਿੜੇ ਰਹੇ ਸਨ, ਆਪਣੇ ਘਰੇ ਜਾ ਕੇ ਮੰਮੀ-ਡੈਡੀ ਤੋਂ ਅਨੇਕਾਂ ਨਿੱਕੇ ਨਿੱਕੇ ਪ੍ਰਸ਼ਨ ਪੁੱਛਣਗੇ, 'ਮਾਮਾ ਆਤਿਸ਼ਬਾਜੀ ਕਿਉਂ ਕੀਤੀ ਗਈ ਸੀ? ਕੈਨੇਡਾ ਡੇ ਕੀ ਹੁੰਦਾ ਐ? ਇਹ ਮਨਾਇਆ ਕਿਉਂ ਜਾਂਦਾ ਐ? ਇਹ ਰੋਜ਼ ਕਿਉਂ ਨੀ ਮਨਾਇਆ ਜਾਂਦਾ?'

ਜੇ ਉਹ ਨਹੀਂ ਵੀ ਪੁੱਛਣਗੇ ਤਾਂ ਅਜਿਹੇ ਪ੍ਰਸ਼ਨ ਉਨ੍ਹਾਂ ਦੇ ਮਨ-ਮਸਤਕ ਵਿੱਚ ਅੰਗੜਾਈਆਂ ਜ਼ਰੂਰ ਲੈਣਗੇ। ਸ਼ਾਇਦ ਇਹੀ ਤਾਂ ਸਹੀ ਢੰਗ ਹੁੰਦਾ ਹੈ ਜਾਂ ਕਹੀਏ ਇਹੀ ਤਾਂ ਮੰਤਵ ਹੋਣਾ ਚਾਹੀਦਾ ਹੈ ਕਿਸੇ ਮਹੱਤਵਪੂਰਨ ਦਿਨ ਨੂੰ ਮਨਾਉਣ ਦਾ।

ਇਨ੍ਹਾਂ ਹਜ਼ਾਰਾਂ ਲੋਕਾਂ ਨੂੰ ਇਕੱਠੇ ਕਰਨ ਲਈ ਨਾ ਤਾਂ ਪੁਲਸ ਦੀ ਡਿਉਟੀ ਲੱਗੀ ਸੀ ਅਤੇ ਨਾ ਹੀ ਅਫ਼ਸਰਾਂ ਨੂੰ 'ਕੋਟਾ' ਦੇਣਾ ਪਿਆ ਸੀ। ਕਿਸੇ ਨੂੰ ਦਿਹਾੜੀ ਉਤੇ ਵੀ ਨਹੀਂ ਸੀ ਲਿਆਂਦਾ ਗਿਆ। ਲੋਕ ਆਪਣੇ ਆਪ ਸਵੈ-ਇੱਛਾ ਅਤੇ ਚਾਅ ਨਾਲ ਆਏ ਸਨ ਅਤੇ ਆਜ਼ਾਦੀ ਨਾਲ ਭਰੇ-ਭਕੁੰਨੇ ਘਰੀਂ ਮੁੜੇ ਸਨ। ਸਾਡੇ ਮੁਲਕ ਵਿੱਚ ਦੇਸ਼ ਭਗਤੀ ਦੀ ਖੀਰ ਅਗਲੇ ਦੀ ਧੌਣ ਉਤੇ ਤਲਵਾਰ ਰੱਖ ਕੇ ਕਿਉਂ ਖੁਆਈ ਜਾਂਦੀ ਹੈ? ਇਸ ਪ੍ਰਸ਼ਨ ਨਾਲ ਮੇਰੀਆਂ ਪੁੜਪੁੜੀਆਂ ਫੜੱਕ-ਫੜੱਕ ਕਰਨ ਲੱਗੀਆਂ ਪਰ ਮੈਂ ਇਸ ਪੀੜ ਤੋਂ ਬਚਣ ਲਈ ਉਨ੍ਹਾਂ ਅਨਾਰਾਂ ਨੂੰ ਚੇਤੇ ਕੀਤਾ ਜੋ ਅਜੇ ਵੀ ਮੇਰੇ ਮਨ-ਮਸਤਕ ਵਿੱਚ ਚੱਲ ਕੇ ਮੇਰਾ ਅੰਦਰਲਾ ਰੁਸ਼ਨਾ ਰਹੇ ਸਨ।

## ਸੁਰਗ ਦਾ ਝੂਟਾ

ਜਿਹੜੀ ਹਸਰਤ ਅਮਰੀਕਾ ਅਤੇ ਇੰਗਲੈਂਡ ਦੇ ਟੂਰ ਸਮੇਂ ਮਨ ਵਿੱਚ ਹੀ ਦੱਬੀ ਰਹਿ ਗਈ ਸੀ ਉਹ ਮੈਂ ਇਸ ਵਾਰੀ ਹਰ ਹਾਲਤ ਵਿੱਚ ਪੂਰੀ ਕਰਨੀ ਚਾਹੁੰਦਾ ਸਾਂ। ਇਹ ਹਸਰਤ ਸੀ ਰੇਲ-

Academy of the Punjab in North America: http://www.apnaorg.com

ਗੱਡੀ ਰਾਹੀਂ ਲੰਮਾ ਸਫ਼ਰ ਕਰਨ ਦੀ। ਨਾਲੇ ਕਿਹਾ ਜਾਂਦਾ ਹੈ ਕਿ ਜਿਸ ਨੇ ਰੇਲ ਰਾਹੀਂ ਕੈਨੇਡਾ ਨਹੀਂ ਵੇਖਿਆ ਉਹ ਜਿਹੋ ਜਾ ਕੈਨੇਡਾ ਆਇਆ ਜਿਹੋ ਜਾ ਨਾ ਆਇਆ, ਦੋਵੇਂ ਇੱਕ ਬਰਾਬਰ। ਸ਼ਾਇਦ ਇਸੇ ਲਈ ਉਥੇ ਜਹਾਜ਼ ਦਾ ਕਿਰਾਇਆ ਘੱਟ ਅਤੇ ਰੇਲ ਦਾ ਵੱਧ ਹੈ। ਹੁਣ ਤਾਂ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਭਾੜਾ ਹੋਰ ਵੀ ਵਧ ਗਿਆ ਸੀ ਅਤੇ ਮੇਰੀ ਪਹੁੰਚ ਤੋਂ ਬਾਹਰ ਸੀ। ਸੋ ਇਸ ਵਾਰੀ ਵੀ ਮੇਰੀ ਇਹ ਖਾਹਸ਼ ਪੂਰੀ ਹੁੰਦੀ ਨਹੀਂ ਸੀ ਜਾਪਦੀ। ਇਹ ਰੀਝ ਤਾਂ ਅਜੇ ਟਰਾਂਟੋ 'ਚ ਰਹਿੰਦੇ ਨੜਿਨਵੇਂ ਫੀ-ਸਦੀ ਪੰਜਾਬੀ ਲੇਖਕਾਂ ਦੀ ਵੀ ਪੂਰੀ ਨਹੀਂ ਹੋ ਸਕੀ ਸੀ। ਜੇ ਉਹ ਵੱਧ ਕਿਰਾਇਆ ਖਰਚ ਸਕਦੇ ਸਨ ਤਾਂ ਉਨ੍ਹਾਂ ਕੋਲ ਸਮਾਂ ਨਹੀਂ ਸੀ। ਜਹਾਜ਼ ਦੇ ਡੇਢ੍ਹ ਘੰਟੇ ਦੇ ਸਫ਼ਰ ਦੀ ਥਾਂ ਰੇਲ ਗੱਡੀ ਰਾਹੀਂ ਚਾਲ੍ਹੀ ਘੰਟੇ ਕੌਣ ਲਾਵੇ?

ਮੈਨੂੰ ਕੇਵਲ ਨਵਤੇਜ ਦਾ ਅੰਕਲ ਅਮਰਜੀਤ ਸਾਥੀ ਹੀ ਅਜਿਹਾ ਬੰਦਾ ਮਿਲਿਆ ਜਿਹੜਾ ਇਹ 'ਸੁਰਗ ਦਾ ਝੂਟਾ' ਲੈ ਚੁੱਕਾ ਸੀ।

'ਧਾਲੀਵਾਲ ਜੀ ਜਹਾਜ਼ ਤਾਂ ਇੱਕ ਵਾਰੀ ਸ਼ੂੰ ਕਰਕੇ ਬੱਦਲਾਂ ਤੋਂ ਉੱਚਾ ਜਾ ਚੜ੍ਹੇਗਾ ਤੇ ਇਉਂ ਹੀ ਝੱਟ ਦੇਣੇ ਐਡਮਿੰਟਨ ਜਾਂ ਵੈਨਕੂਵਰ ਜਾ ਉਤਰੇਗਾ। ਫਿਰ ਦਿੱਸੂਗਾ ਕੀ? ਬੱਸ, ਧੁੰਦ-ਗ਼ੁਬਾਰ?' ਸਾਥੀ ਜੀ ਨੇ ਆਪਣੇ ਹੱਥ ਦਾ ਜਹਾਜ਼ ਬਣਾ ਕੇ ਉਸ ਨੂੰ ਸਿਰ ਜਿੰਨਾ ਉੱਚਾ ਉਡਾਇਆ ਅਤੇ ਝੱਟ ਪੱਟ ਧਰਤੀ ਤੇ ਬਿਠਾ ਦਿੱਤਾ। ਉਸ ਦੀਆਂ ਗੱਲਾਂ ਨਾਲ ਮੇਰਾ ਮਨ ਹੋਰ ਭਰਮ ਗਿਆ।

'ਕੈਨੇਡਾ ਦੇ ਜੰਗਲ, ਪਹਾੜ ਤੇ ਝੀਲਾਂ ... ਆ ... ਹਾ ... ਹਾ, ਨਹੀਂ ਰੀਸਾਂ ਕੋਈ ਇਨ੍ਹਾਂ ਦੀ ਬਿਊਟੀ ਦੀਆਂ ਤੇ ... ' ਅੱਖਾਂ ਮੀਚ ਕੇ ਉਥੋਂ ਦੀ ਸੁੰਦਰਤਾ ਦਾ ਦ੍ਰਿਸ਼ ਮਨ 'ਚ ਲਿਆਉਂਦਿਆਂ ਸਾਥੀ ਜੀ ਦਾ ਫੌਜੀ-ਮਨ ਵਿਸਮਾਦੀ ਹੋ ਉੱਠਿਆ।

ਮੈਂ ਜਰਨੈਲ ਸਿੰਘ ਨੂੰ ਆਪਣਾ ਜਹਾਜ਼ ਦੀ ਥਾਂ ਰੇਲ ਰਾਹੀਂ ਜਾਣ ਦਾ ਫੈਸਲਾ ਦੱਸਿਆ ਤਾਂ ਉਸ ਨੇ ਚੰਗੇ ਮੇਜ਼ਬਾਨ ਹੋਣ ਦੇ ਨਾਤੇ ਇਹ ਕਹਿ ਕੇ ਸਵੀਕਾਰ ਕਰ ਲਿਆ, 'ਤੁਹਾਡੀ ਮਰਜ਼ੀ ਐ ਬਲਦੇਵ ਜੀ, ਪਰ ...।' ਆਪਣੀ ਰਾਏ ਉਸ ਨੇ 'ਪਰ' ਥੱਲੇ ਛੁਪਾ ਲਈ। ਮੈਂ ਸਮਝ ਲਿਆ ਕਿ ਉਸ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਸੀ। ਅਸਲ ਵਿੱਚ ਪਿਛਲੇ ਹਫ਼ਤੇ ਤੋਂ ਜਰਨੈਲ ਸਿੰਘ ਮੇਰੀ ਵਾਪਸੀ ਟਰਾਂਟੋ ਦੀ ਥਾਂ ਵੈਨਕੂਵਰ ਤੋਂ ਕਰਵਾਉਣ ਵਾਸਤੇ ਟਰੈਵਲ ਏਜੰਟਾਂ ਦੇ ਦਫ਼ਤਰਾਂ ਵਿੱਚ ਭਕਾਈ ਕਰਦਾ ਰਿਹਾ ਸੀ। ਇੱਕ ਦੋ ਗੇੜੇ ਟਰਾਂਟੋ ਡਾਊਨ-ਟਾਊਨ ਦੇ ਵੀ ਲੱਗੇ ਸਨ। ਜੇ ਇਹ ਟਿਕਟ 'ਰੀਰੂਟ' ਹੋ ਜਾਂਦੀ ਤਾਂ ਫਿਰ ਮੈਂ ਟਰਾਂਟੋ ਤੋਂ ਵਿਨੀਪੈਂਗ, ਐਡਮਿੰਟਨ ਅਤੇ ਵੈਨਕੂਵਰ ਰੇਲ ਰਾਹੀਂ ਜਾ ਕੇ ਉਥੋਂ ਹੀ ਦਿੱਲੀ ਲਈ ਜਹਾਜ਼ ਲੈ ਸਕਦਾ ਸਾਂ। ਹੁਣ ਸਮੱਸਿਆ ਇਹ ਸੀ ਕਿ ਮੈਨੂੰ

Academy of the Punjab in North America: http://www.apnaorg.com

ਟਰਾਂਟੋ ਹੀ ਵਾਪਸ ਆਉਣਾ ਪੈਣਾ ਸੀ। ਰੇਲ ਵਿੱਚ ਆਉਣ ਜਾਣ ਲਈ ਸੱਤ ਦਿਨ ਲੱਗ ਜਾਣੇ ਸਨ। ਪਹਿਲਾਂ ਹਰ ਗੱਲ ਸੋਚ-ਵਿਚਾਰ ਕੇ ਠੀਕ ਪ੍ਰਬੰਧ ਕਰਨ ਦੀ ਥਾਂ 'ਆਪੇ ਨਾਲ ਦੀ ਨਾਲ ਵੇਖੀ ਜਾਊਗੀ' ਕਹਿਣ ਵਾਲੀ ਮੇਰੀ ਭੈੜੀ ਆਦਤ ਨਾਲ ਅੱਗੇ ਵੀ ਕਈ ਵਾਰੀ ਮੈਂ ਚੱਕਰ 'ਚ ਫਸ ਬੈਠਾ ਹਾਂ। ਹੁਣ ਵੀ ਉਹੀ ਗੱਲ ਹੋਈ ਸੀ। ਮੇਰੀ ਗ਼ਲਤੀ ਦੀ ਸਜ਼ਾ ਹੁਣ ਜਰਨੈਲ ਸਿੰਘ ਭੁਗਤ ਰਿਹਾ ਸੀ। ਮੈਂ ਵਿਚਾਰਾ ਜਿਹਾ ਮੂੰਹ ਬਣਾਈ ਬੈਠਾ ਸਾਂ।

'ਬਲਦੇਵ ਜੀ, ਚਲੋ ਛੱਡੋ ਪਛਤਾਵਾ, ਜੋ ਹੋਣਾ ਸੀ ਹੋ ਗਿਆ, ਕੋਈ ਨੀ ਚਾਰ ਡਾਲਰ ਵੱਧ ਲੱਗ ਜਾਣਗੇ।' ਮੈਨੂੰ ਝਿੜਕਣ ਦੀ ਥਾਂ ਉਹ ਸਗੋਂ ਮੈਨੂੰ ਦਿਲਾਸਾ ਦੇ ਰਿਹਾ ਸੀ। ਅਜਿਹੇ ਸੰਕਟ ਸਮੇਂ ਉਸ ਅੰਦਰਲਾ ਸਾਬਕਾ ਫ਼ੌਜੀ ਜਾਗ ਪੈਂਦਾ ਸੀ। ਉਸ ਨੇ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਅਜਿਹੀ ਟਿਕਟ ਬਣਵਾ ਦਿੱਤੀ ਕਿ ਹੁਣ ਮੈਂ ਰਾਹ 'ਚ ਜਿਥੇ ਚਾਹਾਂ ਰੁਕ ਸਕਦਾ ਸਾਂ, ਮੇਰੇ ਮਨ ਦੀ ਹੋ ਗਈ ਸੀ।

ਕੈਨੇਡਾ 'ਚ ਗੱਡੀ ਦੇ ਅਰਾਮਦਾਇਕ ਸਫ਼ਰ ਅਤੇ ਰਾਹ 'ਚ ਆਉਂਦੀ ਪ੍ਰਕਿਰਤਕ ਸੁੰਦਰਤਾ ਬਾਰੇ ਜੋ ਲੋਕ-ਰਾਏ ਬਣ ਚੁੱਕੀ ਹੈ ਉਹ ਸੋਲਾਂ ਦੀ ਥਾਂ ਸਤਾਰਾਂ ਆਨੇ ਸੱਚ ਨਿਕਲੀ।

ਸਟੇਸ਼ਨ 'ਚ ਵੜਦਿਆਂ ਹੀ ਇਸ ਗੱਲ ਦੇ ਚਿੰਨ੍ਹ ਦਿਸਣ ਲੱਗ ਪਏ। ਨਾ ਕੋਈ ਭੀੜ-ਭੜੱਕਾ ਸੀ, ਨਾ ਰੌਲਾ-ਰੱਪਾ ਅਤੇ ਨਾ ਹੀ ਆਪੋ-ਧਾਪੀ। ਟਿਕਟਾਂ ਲੈ ਕੇ ਇੱਕ ਵੱਡੇ ਹਾਲ ਵਿੱਚ ਅਰਾਮਦਾਇਕ ਕੁਰਸੀਆਂ ਉਤੇ ਬੈਠੇ ਮੁਸਾਫ਼ਰ ਇਉਂ ਲਗਦੇ ਸਨ ਜਿਵੇਂ ਕਿਸੇ ਲਾਇਬਰੇਰੀ ਵਿੱਚ ਬੈਠੇ ਪੜ੍ਹ ਰਹੇ ਹੋਣ। ਗੱਡੀ ਤੁਰਨ ਦੇ ਮਿਥੇ ਵਕਤ ਤੋਂ ਪੰਜ ਕੁ ਮਿੰਟ ਪਹਿਲਾਂ ਅਸੀਂ ਐਲੀਵੇਟਰ ਰਾਹੀਂ ਪਲੇਟ-ਫਾਰਮ ਤੇ ਪਹੁੰਚੇ। ਗੱਡੀ ਦੇ ਹਰੇਕ ਡੱਬੇ ਅੱਗੇ ਇੱਕ ਨੌਜਵਾਨ ਤੇ ਇੱਕ ਮੁਟਿਆਰ ਕਰਮਚਾਰੀ ਅਸਮਾਨੀ ਵਰਦੀ 'ਚ ਕੱਸੇ ਤਿਆਰ-ਬਰਤਿਆਰ ਖੜ੍ਹੇ ਸਨ। ਉਹ ਆਪਣੇ ਡੱਬੇ 'ਚ ਚੜ੍ਹਨ ਵਾਲੇ ਮੁਸਾਫ਼ਰਾਂ ਨੂੰ ਮੁਸਕਰਾ ਕੇ 'ਜੀ ਆਇਆਂ' ਆਖਦੇ, ਸੀਟ ਦਾ ਅਤਾ-ਪਤਾ ਦਸਦੇ ਅਤੇ ਭਾਰਾ ਸਮਾਨ ਚੜ੍ਹਾਉਣ ਵਿੱਚ ਮੱਦਦ ਕਰਦੇ। ਬਹੁਤਾ ਭਾਰਾ ਸਮਾਨ ਤਾਂ ਜਹਾਜ਼ ਵਾਂਗੂੰ ਪਹਿਲਾਂ ਹੀ ਜਮ੍ਹਾਂ ਕਰਵਾਇਆ ਜਾ ਸਕਦਾ ਸੀ, ਇਸ ਲਈ ਸਭ ਕੋਲ ਗੱਡੀ 'ਚ ਵਰਤੋਂ ਵਾਲੇ ਸਮਾਨ ਦੇ ਭਰੇ ਸ਼ੋਲਡਰ ਬੈਗ ਹੀ ਸਨ।

ਮੇਰੀ ਟਿਕਟ ਭਾਵੇਂ 'ਇਕੋਨਮੀ ਕਲਾਸ' ਅਰਥਾਤ ਦੂਜੇ ਦਰਜੇ ਦੀ ਸੀ ਪਰ ਡੱਬੇ 'ਚ ਚੜ੍ਹ ਕੇ ਵੇਖਿਆ ਤਾਂ ਸੁੱਖ-ਸਹੂਲਤਾਂ ਸਾਡੀ ਫਸਟ ਕਲਾਸ ਨਾਲੋਂ ਵੀ ਵੱਧ ਸਨ।

ਗੱਡੀ ਚੱਲੀ ਤਾਂ ਸਾਡੇ ਡੱਬੇ ਦੇ ਕਰਮਚਾਰੀ ਨੇ ਹਰੇਕ ਸੀਟ ਉਤੇ ਇੱਕ ਸਟਿੱਕਰ ਲਾ ਦਿੱਤਾ ਜਿਸ ਉਤੇ ਮੁਸਾਫ਼ਰ ਦੇ ਉਤਰਨ ਦੀ ਜਗ੍ਹਾ ਦਾ ਨਾਂ ਅਤੇ ਹੋਰ ਵੇਰਵਾ ਦਰਜ ਸੀ। ਕੂੜੇ-

Academy of the Punjab in North America: http://www.apnaorg.com

ਕਬਾੜੇ ਲਈ ਸੀਟ ਨਾਲ ਇੱਕ ਬੈਗ ਲਟਕਾ ਦਿੱਤਾ। ਧੌਣ ਥੱਲੇ ਸਹਾਰਾ ਦੇਣ ਲਈ ਇੱਕ ਪੋਲਾ ਸਿਰਾਹਣਾ ਦੇ ਦਿੱਤਾ ਅਤੇ ਉਤੇ ਲੈਣ ਲਈ ਇੱਕ ਛੋਟਾ ਕੰਬਲ। ਹਰੇਕ ਮੁਸਾਫ਼ਰ ਕੋਲੇ ਜਾ ਕੇ ਇਹ ਦੱਸ ਦਿੱਤਾ ਗਿਆ ਕਿ ਸੰਕਟ ਸਮੇਂ ਡੱਬੇ ਦਾ ਸ਼ੀਸ਼ਾ ਤੋੜਨ ਲਈ ਹਥੌੜਾ ਕਿੱਥੇ ਪਿਆ ਹੈ, ਆਕਸੀਜਨ ਵਾਲਾ 'ਮਾਊਥ-ਕੈਪ' ਕਿਵੇਂ ਵਰਤਨਾ ਹੈ ਅਤੇ ਬਾਥਰੂਮ ਤੇ ਕਿਚਨ ਦੀ ਵਰਤੋਂ ਕਿੰਜ ਕਰਨੀ ਹੈ। ਸਭ ਲਈ 'ਤੁਹਾਡੀ ਯਾਤਰਾ ਸਫਲ ਹੋਵੇ' ਦੀ ਦੁਆ ਕਰਨ ਪਿੱਛੋਂ ਕਰਮਚਾਰੀ ਆਪਣੀ ਨਿਸਚਤ ਥਾਂ ਉਤੇ ਬੈਠ ਗਏ, ਜਿੱਥੋਂ ਲੋੜ ਪੈਣ ਤੇ ਅਰਾਮ ਨਾਲ ਸੱਦੇ ਜਾ ਸਕਦੇ ਸਨ। ਉਨ੍ਹਾਂ ਕੋਲ ਇੱਕ ਇਕ ਕੌਰਡਲੈੱਸ ਫੋਨ ਸੀ ਜਿਸ ਨਾਲ ਉਹ ਗੱਡੀ ਦੇ ਕੰਟਰੋਲ ਰੂਮ ਨਾਲ ਜੁੜੇ ਹੋਏ ਸਨ।

ਹੁਣ ਮੁਸਾਫ਼ਰ ਆਪੋ-ਆਪਣੇ ਆਹਰ ਲੱਗ ਗਏ। ਕਿਸੇ ਨੇ ਸੀਟਾਂ ਵਿਚਕਾਰਲਾ ਮੇਜ਼ ਸਿੱਧਾ ਕਰਕੇ ਤਾਸ਼ ਦੀ ਬਾਜ਼ੀ ਸ਼ੁਰੂ ਕਰ ਲਈ ਅਤੇ ਕੋਈ ਖਾਣ-ਪੀਣ ਦਾ ਮਜ਼ਾ ਲੈਣ ਲੱਗਿਆ। ਕਿਸੇ ਨੇ ਕਿਤਾਬ ਖੋਲ੍ਹ ਲਈ ਅਤੇ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਕੰਨਾਂ ਨੂੰ 'ਵਾਕ ਮੈਨ' ਦੇ ਰਿਸੀਵਰ ਲਾਈ ਅਤੇ ਮੂੰਹ ਵਿੱਚ ਚਿੰਗਮ ਚਬੋਲਦੇ ਇਉਂ ਮਸਤ ਹੋ ਕੇ ਅਧਲੇਟੀ ਹਾਲਤ ਵਿੱਚ ਬੈਠ ਗਏ ਜਿਵੇਂ ਰੱਜੀ ਮੱਝ ਛੱਪੜ ਵਿੱਚ ਬੈਠੀ ਉਗਾਲੀ ਕਰ ਰਹੀ ਹੋਵੇ। ਮੈਂ ਸ਼ੀਸ਼ੇ ਵਿਚੋਂ ਬਾਹਰ ਤੱਕਣ ਲੱਗਾ।

ਖੂਹ ਤੋਂ ਪਾਣੀ ਭਰਕੇ ਮੁੜੀ ਮੁਟਿਆਰ ਵਾਂਗ ਗੱਡੀ ਹਲਕੇ ਜਿਹੇ ਹੁਲਾਰੇ ਖਾਂਦੀ ਸਹਿਜ ਤੋਰ ਤੁਰ ਰਹੀ ਸੀ, ਜਿਵੇਂ ਕਿਧਰੇ ਪਹੁੰਚਣ ਦੀ ਕੋਈ ਕਾਹਲੀ ਨਾ ਹੋਵੇ। ਲੋਕ-ਗੀਤ ਕਿ 'ਸਾਡੇ ਯੱਕੇ ਨੇ ਮੜ੍ਹਕ ਨਾਲ ਤੁਰਨਾ ਕਾਹਲੀ ਏਂ ਤਾਂ ਰੇਲ ਚੜ੍ਹ ਜਾ' ਦੇ ਉਲਟ ਇਥੇ ਰੇਲ ਮੜ੍ਹਕ ਵਾਲਿਆਂ ਲਈ ਸੀ ਤੇ ਜਹਾਜ਼ ਕਾਹਲਿਆਂ ਲਈ। ਕਿਤੇ ਝੀਲ, ਕਿਤੇ ਛੰਬ, ਕਿਤੇ ਸੰਘਣੇ ਰੁੱਖਾਂ ਨਾਲ ਢਕੇ ਢਲਵੇਂ ਪਹਾੜ, ਕਿਤੇ ਵੈੱਲੀ, ਕਿਤੇ ਉਚਾਣ ਤੇ ਹੋਰ ਅਨੇਕਾਂ ਵੰਨ-ਸੁਵੰਨੇ ਬਦਲਦੇ ਦ੍ਰਿਸ਼ ਸੁਹੱਪਣ ਪੱਖੋਂ ਇੱਕ ਦੂਜੇ ਨੂੰ ਮਾਤ ਪਾਉਂਦੇ ਸਨ। ਇਉਂ ਜਾਪਦਾ ਸੀ ਜਿਵੇਂ 'ਲੈਂਡ ਸਕੇਪ' ਦੇ ਚਿੱਤਰਾਂ ਦੀ ਨੁਮਾਇਸ਼ ਕੋਲੋਂ ਦੀ ਲੰਘ ਰਹੇ ਹੋਈਏ। ਮੀਲਾਂ ਤੱਕ ਨਾ ਕੋਈ ਪਿੰਡ ਆਉਂਦਾ ਨਾ ਸ਼ਹਿਰ, ਹਰਿਆਲੀ ਦੇ ਗਲੀਚੇ ਵਿਛੇ ਦੂਰ ਦੂਰ ਤੱਕ ਨਜ਼ਰ ਆਉਂਦੇ ਸਨ। ਸਾਥੀ ਦਾ ਫ਼ਿਕਰਾ ਵਾਰ ਵਾਰ ਮਨ 'ਚ ਆਉਂਦਾ, 'ਆ ... ਹਾ ... ਹਾ, ਨਹੀਂ ਰੀਸਾਂ ...।' ਇਨੇ ਖ਼ੂਬਸੂਰਤ ਦ੍ਰਿਸ਼ ਵੇਖਦਿਆਂ ਅੱਖ ਝਪਕਣ ਨੂੰ ਵੀ ਮਨ ਨਹੀਂ ਸੀ ਕਰਦਾ।

ਮਸਾਂ ਹੀ ਕਿਧਰੇ ਕੋਈ ਵਿਰਲੀ ਜਿਹੀ ਅਬਾਦੀ ਵਾਲਾ ਸਥਾਨ ਆਉਂਦਾ ਜਿਥੇ ਕੋਈ ਝੀਲ ਵਿੱਚ ਬੋਟ ਤੇ ਸਵਾਰ ਹੋਇਆ ਦਿਸਦਾ ਜਾਂ ਕੋਈ ਦੀਵਾਨਾ ਮੱਛੀਆਂ ਫੜ੍ਹਦਾ ਨਜ਼ਰ ਆਉਂਦਾ। ਕਿਧਰੇ ਪੱਤਣ ਉਤੇ ਕੋਈ ਅੱਧ-ਨੰਗਾ ਜੋੜਾ ਧੁੱਪ ਸੇਕਦਾ ਮੂਧਾ ਪਿਆ ਹੁੰਦਾ। ਉਸ ਅਬਾਦੀ ਕੋਲ ਹੀ

ਕੁੱਝ ਵੱਡੇ ਵੱਡੇ ਖੇਤ ਹੁੰਦੇ ਜਿਥੇ ਕੋਈ ਸਰ੍ਹੋਂ ਜਾਂ ਤਾਰੇ-ਮੀਰੇ ਵਰਗੀ ਫਸਲ ਦੇ ਫੁੱਲਾਂ ਨਾਲ ਧਰਤੀ ਪੀਲੀ ਪੀਲੀ ਦਿਸਦੀ। ਅਜਿਹੀ ਵੱਸੋਂ ਲਈ ਇੱਕ ਕਮਰੇ ਦਾ ਆਲੀਸ਼ਾਨ ਰੇਲਵੇ ਸਟੇਸ਼ਨ ਬਣਿਆ ਹੁੰਦਾ। ਉਥੇ ਮਸਾਂ ਹੀ ਇੱਕ ਦੋ ਸਵਾਰੀਆਂ ਉਤਰਦੀਆਂ ਜਾਂ ਚੜ੍ਹਦੀਆਂ। ਉਨ੍ਹਾਂ ਦੀ ਸਹਾਇਤਾ ਵਾਸਤੇ ਤਿੰਨ ਚਾਰ ਕਰਮਚਾਰੀ ਖੜ੍ਹੇ ਹੁੰਦੇ। ਇਨੀ ਵਿਰਲੀ ਵਸੋਂ ਵੇਖ ਕੇ ਜਾਪਦਾ ਸੀ ਜਿਵੇਂ ਇਥੋਂ ਭੱਜ ਕੇ ਸਭ ਭਾਰਤ ’ਚ ਜਾ ਵਸੇ ਹੋਣ।

ਕਿਤੇ ਕਿਤੇ ਗੱਡੀ ਬਿਨਾ ਸਟੇਸ਼ਨ ਤੋਂ ਹੀ ਰੁਕ ਜਾਂਦੀ। ਕਰਮਚਾਰੀ ਐਲਾਨ ਕਰਦੇ ਕਿ ਇਥੇ ਪੰਦਰ੍ਹਾਂ ਮਿੰਟ ਰੁਕਣਾ ਹੈ। ਉਹ ਦਰਵਾਜ਼ਿਆਂ ਦੇ ‘ਇੰਟਰਲੌਕ’ ਖੋਲ੍ਹਦੇ ਅਤੇ ਉਤਰਨ ਲਈ ਨਿੱਕੀ ਜਿਹੀ ਪੌੜੀ ਲਾ ਦਿੰਦੇ। ਸਵਾਰੀਆਂ ਉੱਤਰ ਕੇ ਟਹਿਲਣ ਲਗਦੀਆਂ। ਕੁੱਝ ਤਸਵੀਰਾਂ ਖਿੱਚਣ-ਖਿਚਵਾਉਣ ਦੇ ਆਹਰ ਲੱਗ ਜਾਂਦੇ। ਕਈ ਆਪਣੀਆਂ ਪ੍ਰੇਮਕਾਵਾਂ ਦੇ ਲੱਕ ਦੁਆਲੇ ਬਾਂਹ ਵਲੀ ਪਰ੍ਹੇ ਰੁੱਖਾਂ ਦੀ ਜੀਰਾਂਦ ਵਿੱਚ ਜਾ ਖੜ੍ਹਦੇ। ਵਕਤ ਹੋਣ ਤੇ ਗੱਡੀ ਨਿੰਮਾ ਜਿਹਾ ਹਾਰਨ ਵਜਾਉਂਦੀ ਤੇ ਸਭ ਫੇਰ ਚੜ੍ਹ ਜਾਂਦੇ। ਫੇਰ ਰਵਾਂ-ਰਵੀਂ ਸਫ਼ਰ ਸ਼ੁਰੂ ਹੁੰਦਾ।

ਇਕ ਦਿਨ ਦੇ ਸਫ਼ਰ ਪਿੱਛੋਂ ਗੱਡੀ ਕਿਸੇ ਵਾਹਵਾ ਕਸਬਾ-ਨੁਮਾ ਖੇਤਰ ਵਿੱਚ ਰੁਕਦੀ ਜਿਥੇ ਮੁਸਾਫ਼ਰਾਂ ਲਈ ‘ਰੈਸਟ ਏਰੀਆ’ ਬਣਿਆ ਹੁੰਦਾ। ਡੇਡ਼ ਘੰਟਾ ਰੁਕਣ ਦਾ ਐਲਾਨ ਹੁੰਦਾ। ਮੁਸਾਫ਼ਰ ਆਪਣਾ ਸਮਾਨ ਥਾਏਂ ਪਿਆ ਛੱਡ ‘ਰੈਸਟ’ ਲਈ ਚਲੇ ਜਾਂਦੇ, ਇਹ ਵੇਖ ਕੇ ਮੈਨੂੰ ਉਹ ਲਤੀਫ਼ਾ ਯਾਦ ਆਉਂਦਾ, ‘ਅਖੇ ਲਾਲਾ ਜੀ ਕੀ ਕਰ ਰਹੇ ਨੇ।’ ਕਿਸੇ ਨੇ ਬਾਹਰੋਂ ਆ ਕੇ ਪੁੱਛਿਆ।

‘ਅਰਾਮ ਕਰ ਰਹੇ ਨੇ’ ਨੌਕਰ ਨੇ ਦੱਸਿਆ।

‘ਪਹਿਲਾਂ ਕੀ ਕਰਦੇ ਸੀ?’

‘ਸੁੱਤੇ ਸੁੱਤੇ ਥੱਕ ਗਏ ਸਨ’

ਸਾਡਾ ਥਕੇਵਾਂ ਵੀ ਕੁੱਝ ਕੁਝ ਉਸ ਮਸਤੇ ਲਾਲੇ ਵਰਗਾ ਹੀ ਸੀ।

ਗੱਡੀ ਵਿੱਚ ਵਾਪਸ ਆਉਂਦੇ ਤਾਂ ਨਵੇਂ ਸਿਰਿਓਂ ਸਾਫ਼-ਸਫ਼ਾਈ ਕੀਤੀ ਹੁੰਦੀ। ਵਾਸ਼ਰੂਮ ’ਚ ਸਾਬਣ, ਨੈਪਕਿਨ ਅਤੇ ਫਰੈਸ਼ਰ ਬਦਲ ਦਿੱਤੇ ਜਾਂਦੇ। ਡੱਬੇ ’ਚ ਚਾਰੇ ਪਾਸੇ ਮਹਿਕ ਪੱਸਰੀ ਹੁੰਦੀ।

‘ਰੈਸਟ’ ਲਈ ਜਾਣ ਸਮੇਂ ਮੈਨੂੰ ਭਾਰਤੀ ਮਾਨਸਿਕਤਾ ਅਨੁਸਾਰ ਡਰ ਲੱਗਿਆ ਰਹਿੰਦਾ ਕਿ ਕਿਤੇ ਜਾਂਦਿਆਂ ਤੱਕ ਸਫ਼ਾਈ ਵਾਲੇ ਹੀ ਸਮਾਨ ਵਿਚੋਂ ਚੀਜ਼ਾਂ ਨਾ ਖਿਸਕਾ ਕੇ ਤੁਰਦੇ ਹੋਣ ਪਰ ਮੇਰਾ ਇਹ ਫ਼ਿਕਰ ਨਿਰਮੂਲ ਸੀ। ਕੀ ਇਹ ਸਫ਼ਾਈ-ਸੇਵਕ ਨੈਤਿਕ ਤੌਰ ਤੇ ਇਨੇ ਉੱਚੇ ਉੱਠ ਚੁੱਕੇ ਸਨ ਕਿ ਉਨ੍ਹਾਂ ਲਈ ਚੋਰੀ ‘ਪਾਪ’ ਬਰਾਬਰ ਸੀ? ਜਾਂ ਕਾਨੂੰਨ ਦਾ ਡੰਡਾ-ਪੀਰ ਹੀ ਇਨਾ ਸਖ਼ਤ ਸੀ ਕਿ ਉਸ ਨੇ

Academy of the Punjab in North America: http://www.apnaorg.com

ਸਭ 'ਵਿਗੜੇ ਤਿਗੜੇ' ਸਿੱਧੇ ਕਰ ਦਿੱਤੇ ਸਨ? ਕੁੱਝ ਵੀ ਹੋਵੇ ਇੱਕ ਵਾਰ ਤਾਂ ਸਭ ਕੁੱਝ ਸਤਿਯੁਗ ਦਾ ਭੁਲੇਖਾ ਪਾਉਂਦਾ ਸੀ।

ਗੱਡੀ ਵਿੱਚ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਖਾਣੇ ਲਈ ਹੋਕਰਾ ਮਾਰਿਆ ਜਾਂਦਾ ਸੀ। ਲੋੜਵੰਦ ਕਿਚਨ 'ਚੋਂ ਜਾ ਕੇ ਲੈ ਆਉਂਦੇ ਸਨ। ਚਾਹ ਅਤੇ ਠੰਡਾ ਤਾਂ ਸੀਟਾਂ ਉਤੇ ਬੈਠਿਆਂ ਨੂੰ ਹੀ ਮਿਲ ਜਾਂਦਾ ਸੀ। ਮੇਰੇ ਪੱਲੇ ਤਾਂ ਭੈਣ ਜੀ ਕੁਲਵੰਤ (ਜਰਨੈਲ ਸਿੰਘ ਦੀ ਪਤਨੀ) ਨੇ ਪਹਿਲਾਂ ਹੀ ਇਨਾ ਕੁੱਝ ਬੰਨ੍ਹ ਕੇ ਤੋਰਿਆ ਸੀ ਕਿ ਹਫ਼ਤਾ ਭਰ ਨਾ ਮੁਕਦਾ।

ਡੂੜ੍ਹ ਦਿਨ ਅਤੇ ਇੱਕ ਰਾਤ ਦਾ ਸਫ਼ਰ ਤੈਹ ਕਰਨ ਪਿੱਛੋਂ ਵੀ ਮੇਰੇ ਚਿਹਰੇ ਉਤੇ ਥਕਾਣ ਜਾਂ ਬੋਰਿੰਗ ਦਾ ਇੱਕ ਵੀ ਚਿੰਨ੍ਹ ਭਾਲਿਆਂ ਨਹੀਂ ਸੀ ਲੱਭਦਾ। ਪੂਰੀ ਰਾਤ ਮੈਂ ਅਰਾਮ ਨਾਲ ਬੇਫ਼ਿਕਰੀ 'ਚ ਘੋੜੇ ਵੇਚ ਕੇ ਸੁੱਤਾ ਸਾਂ ਅਤੇ ਸੂਰਜ ਚੜ੍ਹਨ ਤੋਂ ਛਿਪਣ ਤੱਕ ਪਹਾੜਾਂ ਦੇ ਅਨੇਕਾਂ ਰੰਗ ਵੇਖੇ ਤੇ ਮਾਣੇ ਸਨ। ਫਰਲ-ਫਰਲ ਅੰਗਰੇਜ਼ੀ ਨਾ ਮਾਰ ਸਕਣ ਦੀ ਔਹਰ ਕਰਕੇ ਭਾਵੇਂ ਮੈਂ ਨਾਲ ਦੇ ਮੁਸਾਫ਼ਰਾਂ ਨਾਲ ਬਹੁਤਾ ਨਹੀਂ ਖੁਲ੍ਹ ਸਕਿਆ ਸਾਂ ਪਰ ਇਨਾ ਕੁ ਡੰਗ ਜ਼ਰੂਰ ਲਹਿ ਗਿਆ ਸੀ ਕਿ ਮੈਂ ਉਨ੍ਹਾਂ ਦੀ ਜੀਵਨ-ਜਾਚ ਦੇ ਕੁੱਝ ਨਮੂਨੇ ਵੇਖ ਸਕਾਂ। ਮੈਨੂੰ ਇਹ ਵੇਖ ਕੇ ਬੜਾ ਚੰਗਾ ਲੱਗਿਆ ਕਿ ਉਨ੍ਹਾਂ ਦੇ ਖਾਣ-ਪੀਣ, ਜਾਗਣ-ਸੌਣ ਅਤੇ ਪਿਆਰ ਕਰਨ ਵਿੱਚ ਬਿਲਕੁਲ ਹੀ ਘਰ ਵਰਗੀ ਸੁਭਾਵਕਤਾ ਸੀ। ਸਫ਼ਰ ਨੂੰ ਉਨ੍ਹਾਂ ਬੋਝ ਨਹੀਂ ਸੀ ਬਣਨ ਦਿੱਤਾ।

ਵਿਨੀਪੈੱਗ ਦੇ ਸਟੇਸ਼ਨ ਉਤੇ ਮੈਨੂੰ ਲੈਣ ਆਏ ਸਾਥੀ ਗੁਰਦੀਪ ਜੀ ਨੇ ਘਰੇ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਇੱਕ ਗਰਗਰਾ ਜਿਹਾ ਪੈੱਗ ਪਾ ਕੇ ਫੜਾਉਂਦਿਆਂ ਮੈਨੂੰ ਡੂੰਘੀ ਚਿੰਤਾ ਨਾਲ ਪੁੱਛਿਆ, 'ਐਨੇ ਲੰਮੇ ਸਫ਼ਰ 'ਚ ਤੂੰ ਯਾਰ ਬਹੁਤ ਥੱਕ ਗਿਆ ਹੋਵੇਂਗਾ?'

ਮੇਰਾ ਮਨ ਕੀਤਾ ਮੈਂ ਇਸ ਪ੍ਰਸ਼ਨ ਦਾ ਉਹੋ ਜਵਾਬ ਦੇਵਾਂ ਜਿਹੜਾ ਮੇਰਾ ਬਾਪੂ ਪਿੰਡੋਂ ਪਟਿਆਲੇ ਤੱਕ ਪੰਜ-ਛੇ ਘੰਟੇ ਦਾ ਸਫ਼ਰ ਕਰਨ ਪਿੱਛੋਂ ਥਕਾਵਟ ਬਾਰੇ ਪੁੱਛਣ ਤੇ ਦਿੰਦਾ ਹੈ,

'ਲੈ ਥੱਕਣ ਨੂੰ ਮੈਂ ਕੀ ਤੁਰ ਕੇ ਆਇਐਂ? ਬੱਸ 'ਚ ਝੂਟੇ ਲੈਂਦਾ ਆਇਐਂ ਤੇ ਥਕੇਵਾਂ ਫਿਰ ਟੱਟੂ ਦਾ ਹੋ-ਗਿਆ?'

ਪਰ ਗੁਰਦੀਪ ਜੀ ਦੇ ਜਵਾਬ ਵਿੱਚ ਮੈਂ ਨਿੰਮਾ ਜਿਹਾ ਮੁਸਕਰਾ ਕੇ ਕਿਹਾ, 'ਬਾਈ ਜੀ ਸੋਡੇ ਲਈ ਹੋਊ ਇਹ ਅੰਗਰੇਜ਼ੀ ਵਾਲਾ 'ਸਫਰ', ਸਾਡੇ ਤਾਂ ਇਹਨੂੰ ਸੁਰਗ ਦਾ ਝੂਟਾ ਕਹਿੰਦੇ ਐ'।

## ਕਾਮਰੇਡ ਦੀ ਰੂਹ

ਸਾਥੀ ਗੁਰਦੀਪ ਬੰਦਾ ਕਾਹਦਾ ਸੀ ਨਿਰਾ ਖੰਡ ਦਾ ਖਿਡਾਉਣਾ ਸੀ। ਟਰਾਂਟੋ ਦੀ ਕਾਨਫਰੰਸ ਵਿੱਚ ਅਸੀਂ ਦੋ ਕੁ ਦਿਨ ਹੀ ਇਕੱਠੇ ਰਹੇ ਸਾਂ ਕਿ ਉਸ ਦੇ ਮੋਹ-ਪਿਆਰ ਦੀ ਖ਼ੁਸ਼ਬੋ ਮੇਰੇ ਚਾਰੇ ਪਾਸੇ ਪਸਰ ਗਈ ਸੀ।

ਉਹ ਤੀਜੇ ਦਰਜੇ ਦਾ ਲੇਖਕ ਹੋਣ ਦੀ ਥਾਂ ਪਹਿਲੇ ਦਰਜੇ ਦਾ ਚੇਤੰਨ ਪਾਠਕ ਸੀ, ਪੰਜਾਬੀ ਸਾਹਿਤ ਦੇ ਖੇਤਰ ਦੀਆਂ ਸਮੂਹ ਗਤੀਵਿਧੀਆਂ ਨੂੰ ਬਾਜ਼-ਅੱਖ ਨਾਲ ਵੇਖ ਕੇ ਪਹਿਰਾ ਦੇਣ ਵਾਲਾ। ਸਾਡੀਆਂ ਸਾਂਝ ਦੀਆਂ ਕੜੀਆਂ ਨੂੰ ਪੀਢਾ ਕਰਨ ਵਾਲੀ ਸਭ ਤੋਂ ਕਰੜੀ ਤੰਦ ਸੀ ਡਾ. ਕੇਸਰ ਸਿੰਘ ਕੇਸਰ। ਜੇ ਮੈਂ ਡਾ. ਕੇਸਰ ਦਾ ਪੁੱਤਾਂ-ਧੀਆਂ ਵਰਗਾ ਕਰੀਬੀ ਵਿਦਿਆਰਥੀ ਸਾਂ ਤਾਂ ਗੁਰਦੀਪ ਉਨ੍ਹਾਂ ਦਾ 'ਅਨਿੰਨ ਭਗਤ' ਅਤੇ ਦੋਸਤ ਸੀ।

ਵਿਨੀਪੈੱਗ ਜਾ ਕੇ ਮੇਰੇ ਠਹਿਰਨ ਦਾ ਇੱਕੋ ਟਿਕਾਣਾ ਕਹਾਣੀਕਾਰ ਸਾਥੀ ਯੁਵਰਾਜ ਰਤਨ ਸੀ ਜਿਨ੍ਹਾਂ ਦੀ ਸਭਾ ਲਈ ਮੈਂ ਪਿਛਲੇ ਸਾਲ ਕਹਾਣੀਕਾਰ ਸੁਜਾਨ ਸਿੰਘ ਬਾਰੇ ਇੱਕ ਖੋਜ-ਪੱਤਰ ਲਿਖ ਕੇ ਭੇਜਿਆ ਸੀ। ਉਸ ਦੌਰਾਨ ਹੋਈ ਖ਼ਤੋ-ਖ਼ਿਤਾਬਤ ਨਾਲ ਹੀ ਸਾਡੀ ਆੜੀ ਪੈ ਗਈ ਸੀ। ਪਰ ਹੁਣ ਸਾਥੀ ਗੁਰਦੀਪ ਦੇ ਹੁੰਦਿਆਂ ਤਾਂ ਇਉਂ ਜਾਪਣ ਲੱਗ ਪਿਆ ਸੀ ਜਿਵੇਂ ਮੈਨੂੰ ਸਾਰਾ ਵਿਨੀਪੈੱਗ ਹੀ ਜਾਣਦਾ ਸੀ। ਜਦੋਂ ਸਾਥੀ ਨੂੰ ਇਹ ਪਤਾ ਲੱਗਿਆ ਕਿ ਮੈਂ ਵਿਨੀਪੈੱਗ ਸਿਰਫ ਦੋ ਰਾਤਾਂ ਅਤੇ ਦੋ ਦਿਨ ਹੀ ਠਹਿਰਨਾ ਹੈ ਤਾਂ ਉਸ ਨੇ ਮੇਰੇ ਲਈ ਉਲੀਕੇ ਪ੍ਰੋਗਰਾਮਾਂ 'ਚੋਂ ਕੁੱਝ ਉਤੇ ਕਾਟਾ ਮਾਰਨ ਦੀ ਥਾਂ ਆਪਣੀ ਰਫ਼ਤਾਰ ਹੋਰ ਵਧਾ ਦਿੱਤੀ ਸੀ। ਹੁਣ ਮੈਨੂੰ ਚਲਾਉਣ ਵਾਲਾ ਰਿਮੋਟ ਉਸ ਦੇ ਹੱਥ ਸੀ ਅਤੇ ਅਸੀਂ ਰਾਕਟ ਦੀ ਤੋਰ ਭੱਜੇ ਫਿਰਦੇ ਸਾਂ।

ਉਸ ਨੇ ਕਮਿਉਨਟੀ ਸੈਂਟਰ ਦਾ ਹਾਲ ਬੁੱਕ ਕਰਾ ਕੇ ਸਾਰੇ ਸਾਹਿਤਕਾਰ ਮਿੱਤਰਾਂ ਨਾਲ ਉਥੇ ਮੁਲਾਕਾਤ ਦਾ ਪ੍ਰਬੰਧ ਕਰ ਦਿੱਤਾ ਸੀ। ਯੁਵਰਾਜ ਰਤਨ ਨੂੰ ਵੀ ਮੈਂ ਇਥੇ ਹੀ ਮਿਲ ਸਕਿਆ। ਇਹ ਸਾਧਾਰਣ ਜਿਹੀ ਸਾਹਿਤਕ ਬੈਠਕ ਭਖੇ ਸੰਵਾਦ ਕਾਰਨ ਇੱਕ ਵੱਡਾ ਸਮਾਗਮ ਹੋ ਨਿੱਬੜੀ। ਸਹਿਜ-ਸੁਭਾ ਗੱਲਾਂ ਕਰਦਿਆਂ ਕਰਦਿਆਂ ਕਿਤੇ ਮੇਰੇ ਮੂੰਹੋਂ ਨਾਵਲਕਾਰ ਜਸਵੰਤ ਕੰਵਲ ਦੀ ਪ੍ਰਸੰਸਾ ਦੇ ਦੋ ਬੋਲ ਨਿਕਲ ਗਏ। ਬੱਸ ਮਘ ਪਈ ਚੰਗਿਆੜੀ। ਮੈਂ ਕਹਿ ਬੈਠਾ ਸਾਂ ਕਿ ਭਾਵੇਂ ਕੰਵਲ ਉਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਹ ਮੌਕਾਪ੍ਰਸਤਾਂ ਵਾਂਗ ਪਹਿਲਾਂ ਨਕਸਲਵਾੜੀ ਲਹਿਰ ਦਾ ਆਲੰਬਰਦਾਰ ਬਣਿਆਂ ਰਿਹਾ ਅਤੇ ਫੇਰ ਸਿੱਖ ਖਾੜਕੂ ਲਹਿਰ ਦਾ ਬੁਲਾਰਾ ਬਣ ਬੈਠਾ, ਪਰ ਇੱਕ ਗੱਲ ਉਸ ਦੀ ਸੁਹਿਰਦਤਾ ਦੀ ਗਵਾਹੀ ਭਰਦੀ ਹੈ ਕਿ ਉਸ ਨੇ ਕਦੇ ਸਰਕਾਰ ਅੱਗੇ ਜਾਂ ਹੋਰ ਕਿਧਰੇ ਝੋਲੀ ਅੱਡ ਕੇ ਨਿੱਜੀ ਹਿਤਾਂ ਲਈ ਕੋਈ ਫਾਇਦੇ ਨਹੀਂ ਖੱਟੇ। ਇਹ ਕਹਿ ਕੇ ਮੈਂ ਤਾਂ ਜਿਵੇਂ ਭੂੰਡਾਂ ਦੀ

ਖੱਖਰ ਛੇੜ ਲਈ ਸੀ। ਯੁਵਰਾਜ ਰਤਨ ਕਹਿੰਦਾ, 'ਮੈਂ ਵੀ ਕੰਵਲ ਦੇ ਪਿੰਡ ਢੁੱਡੀਕੇ ਤੋਂ ਹੀ ਹਾਂ, ਮੈਂ ਉਸ ਦੇ ਪੋਤੜਿਆਂ ਤੋਂ ਜਾਣੂੰ ਹਾਂ। ਮੈਂ ਦੱਸਦਾ ਹਾਂ ਉਸ ਨੇ ਕਿਹੜੇ ਫਾਇਦੇ ਖੱਟੇ। ਪਹਿਲਾਂ ਤਾਂ ਕੁੱਝ ਸਮਾਂ ਅਸੀਂ ਵੀ ਉਸ ਦੇ ਆਦਰਸ਼ਵਾਦ ਅਤੇ ਰੁਮਾਂਸਵਾਦ ਦੀ ਧੁੰਦ ਵਿੱਚ ਗੁਆਚੇ ਰਹੇ। ਉਹ ਐਧਰ ਆਇਆ ਤਾਂ ਡਾਲਰ ਇਕੱਠੇ ਕਰਕੇ ਦਿੱਤੇ। ਉਹ ਟਰੱਸਟ ਦਾ ਢਮਢਮਾ ਬਣਾ ਕੇ ਖੁਸ਼ਵੰਤ ਸਿੰਘ ਅਤੇ ਗਾਰਗੀ ਵਰਗਿਆਂ ਚਾਲੂ ਲੇਖਕਾਂ ਨੂੰ ਇਨਾਮ ਵੰਡਣ ਲੱਗ ਪਿਆ। ਅਸੀਂ ਕਿਹਾ ਇਹ ਸਾਡੇ ਖ਼ੂਨ-ਪਸੀਨੇ ਦੀ ਕਮਾਈ ਐ, ਇਸ ਨੂੰ ਅਸੀਂ ਇਉਂ ਨਹੀਂ ਰੋੜ੍ਹਨ ਦੇਣਾ। ਜਦੋਂ ਫੇਰ ਐਧਰ ਆਇਆ ਤਾਂ ਅਸੀਂ ਘੇਰ ਲਿਆ, ਕਿ ਕਿੱਥੇ ਗਈ ਤੇਰੀ ਕਾਮਰੇਡੀ, ਕਿੱਥੇ ਗਏ ਸਮਾਜਵਾਦ ਦੇ ਸੁਪਨੇ? ਫੇਰ ਚੈੱਕ ਵਾਪਸ ਮੋੜਦਾ ਫਿਰੇ। ਹੋਰ ਦੱਸਾਂ? ਜਿਵੇਂ ਉਸ ਨੇ ... ' ਇਹ ਕੱਚਾ-ਚਿੱਠਾ ਕਿਤੇ ਨਾ ਮੁੱਕਣ ਵਾਲਾ ਸੀ। ਕੋਈ ਉਸ ਦੀ ਬੇਟੀ ਦੇ ਕਤਲ ਦੀ ਵਾਰਤਾ ਸੁਣਾਉਣ ਲੱਗਦਾ, ਕੋਈ ਉਹਦੇ ਜੱਟਵਾਦ ਦੀ ਅਤੇ ਕੋਈ ਲਹਿਰਾਂ ਨੂੰ ਕੈਸ਼ ਕਰਕੇ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ। ਮੈਨੂੰ ਹੈਰਾਨੀ ਹੋਈ। ਮੈਂ ਕੰਵਲ ਦੇ ਪ੍ਰਸੰਸਕਾਂ, ਜਿਨ੍ਹਾਂ 'ਚੋਂ ਮੈਂ ਵੀ ਇੱਕ ਹਾਂ, ਦੀਆਂ ਭੀੜਾਂ ਤਾਂ ਬਥੇਰੀਆਂ ਵੇਖੀਆਂ ਸਨ ਪਰ 'ਆਲੋਚਕਾਂ' ਦਾ ਅਜਿਹਾ ਕ੍ਰੋਧ ਪਹਿਲੀ ਵਾਰ ਤੱਕਿਆ ਸੀ।

ਵਿਨੀਪੈੱਗ ਦੇ ਕਾਮਰੇਡ ਲੇਖਕ ਅਜੇ ਵੀ ਕਿੰਨੇ ਸੁਪਨਸਾਜ਼ ਸਨ! ਇਸ ਕਿਸਮ ਦੇ ਪਦਾਰਥਵਾਦੀ ਮਾਹੌਲ 'ਚ ਰਹਿੰਦਿਆਂ ਵੀ ਉਨ੍ਹਾਂ ਨੇ ਆਪਣੀ ਪ੍ਰਤੀਬੱਧਤਾ ਨੂੰ ਆਂਚ ਨਹੀਂ ਸੀ ਆਉਣ ਦਿੱਤੀ। ਸ਼ਾਇਦ ਉਨ੍ਹਾਂ ਨੂੰ ਹੋਰ ਨੇੜਿਓਂ ਵੇਖਣ-ਸਮਝਣ ਦਾ ਮੌਕਾ ਮਿਲਦਾ ਤਾਂ ਉਨ੍ਹਾਂ ਦੀ ਰੰਗਲੀ ਤਸਵੀਰ ਦੇ ਦੂਜੇ ਪਾਸੇ ਦੀ ਕੋਈ ਨਾ ਕੋਈ 'ਝਲਕ' ਵੀ ਮੇਰੇ ਨਜ਼ਰੀਂ ਪੈ ਜਾਂਦੀ ਪਰ ਪਹਿਲੀ ਨਜ਼ਰੇ ਤਾਂ ਉਹ ਸੁਹਿਰਦ ਹੀ ਦਿਸੇ ਸਨ।

ਇਸ ਤੋਂ ਪਿੱਛੋਂ ਜੁੜੀਆਂ ਤਿੰਨ ਚਾਰ ਮਹਿਫ਼ਲਾਂ ਵਿੱਚ ਮੈਂ ਬੋਚ-ਬੋਚ ਹੀ ਪੈਰ ਧਰਦਾ ਰਿਹਾ ਅਤੇ ਸਭ ਸੁੱਖ-ਸਾਂਦ ਹੀ ਰਹੀ। ਕੈਮਲੂਪਸ ਤੋਂ ਆਇਆ ਚਿੰਤਕ ਸੁਰਿੰਦਰ ਧੰਜਲ ਵੀ ਸਬੱਬ ਨਾਲ ਇਥੇ ਹੀ ਮਿਲ ਗਿਆ। ਭੱਜ-ਭੱਜਾ ਕੇ ਸਾਥੀ ਗੁਰਦੀਪ ਮੈਨੂੰ ਓਮਨੀਮੈਕਸ ਥੀਏਟਰ ਵਿੱਚ ਇੱਕ ਥਿਰੀ-ਡੀ ਫ਼ਿਲਮ ਵੀ ਵਿਖਾ ਲਿਆਇਆ, ਇੱਕ ਵਿਸ਼ਾਲ ਮਿਊਜ਼ੀਅਮ ਵਿੱਚ ਕੈਨੇਡਾ ਦੀ ਨੈਚਰੁਲ ਹਿਸਟਰੀ ਸਬੰਧੀ ਜਾਣਕਾਰੀ ਵੀ ਦੁਆ ਲਿਆਇਆ ਅਤੇ ਵਿਨੀਪੈੱਗ ਦੇ ਸਭ ਤੋਂ ਵੱਡੇ 'ਸ਼ਾਪਿੰਗ ਸੈਂਟਰ' ਦਾ 'ਆਲੋਚਨਾਤਮਕ ਅਧਿਐਨ' ਵੀ ਕਰਵਾ ਲਿਆਇਆ। ਹਰ ਚੀਜ਼ ਨੂੰ ਉਹ ਮਾਰਕਸੀ ਨੁਕਤੇ ਤੋਂ ਸਮਝਣ ਸਮਝਾਉਣ ਦਾ ਯਤਨ ਕਰਦਾ।

'ਧਾਲੀਵਾਲ ਵੇਖ ਇਹ ਸਟੋਰ ਸਮਾਨ ਨਾਲ ਤੂੜੇ ਪਏ ਨੇ ਪਰ ਗਾਹਕ ਲਈ ਤਰਸ ਰਹੇ ਐ। ਆ ਤੈਨੂੰ ਨਮੂਨਾ ਵਿਖਾਵਾਂ, ਕਿਸੇ ਚੀਜ਼ ਦੀ ਮਾਮੂਲੀ ਮੰਗ ਕਰਨ ਦੀ ਦੇਰ ਐ ਕਿ ਸੇਲਜ਼ਮੈਨ ਕੁੜੀਆਂ ਗਾਹਕ ਨੂੰ ਭਰਮਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਕੇ ਬੰਨ੍ਹਣ ਦਾ ਯਤਨ ਕਰਦੀਆਂ ਨੇ। ਪੱਛਮੀ ਮੁਲਕਾਂ ਦੀ ਮੰਡੀ ਹੁਣ ਇੱਕ ਖਾਸ ਤਰ੍ਹਾਂ ਦੀ ਖੜੋਤ ਦੀ ਹਾਲਤ 'ਚ ਐ। ਇਸੇ ਲਈ ਹੁਣ ਏਨ੍ਹਾਂ ਦਾ ਸਾਰਾ ਜ਼ੋਰ ਤੀਜੀ ਦੁਨੀਆਂ ਦੇ ਅਰਧ-ਵਿਕਸਤ ਦੇਸ਼ਾਂ ਦੀਆਂ ਮੰਡੀਆਂ ਉਤੇ ਕਾਬਜ਼ ਹੋਣ ਤੇ ਲੱਗਿਆ ਹੋਇਐ। ਭਾਰਤ ਦੇ ਪ੍ਰਮਾਣੂ ਬੰਬ ਧਮਾਕਿਆਂ ਬਾਰੇ ਇਨ੍ਹਾਂ ਦੀਆਂ ਬਾਈਕਾਟ ਦੀਆਂ ਧਮਕੀਆਂ ਤਾਂ ਹੀ ਫੋਕੀਆਂ ਸਨ। ਇਹ 'ਅਫੋਰਡ' ਈ ਨੀ ਕਰਦੇ ਭਾਰਤ ਨਾਲ ਵਪਾਰਕ ਸਬੰਧ ਤੋੜਨੇ। ਆਹ ਵੇਖ ਲੈ ਐਡੇ ਵੱਡੇ ਸ਼ਾਪਿੰਗ ਸੈਂਟਰ ਦੀਆਂ ਉਤਲੀਆਂ ਮੰਜ਼ਿਲਾਂ ਨੂੰ ਤਾਲੇ ਲੱਗ ਗਏ ਨੇ।' ਸੈਂਟ ਦੀ ਇੱਕ ਸ਼ੀਸ਼ੀ ਖਰੀਦਣ ਦੇ ਨਾਲ ਨਾਲ ਅਸੀਂ ਪੂੰਜੀਵਾਦ ਦਾ ਹੀਜ-ਪਿਆਜ ਵੀ ਵੇਖਦੇ ਰਹੇ ਅਤੇ ਇੱਕ ਸੋਹਣੀ-ਸੁਨੱਖੀ ਮੁਟਿਆਰ ਦਾ ਸਾਥ ਵੀ ਘੰਟਾ ਭਰ ਮਾਣਦੇ ਰਹੇ। ਸੱਚਮੁੱਚ ਹੀ ਉਸ ਮੁਟਿਆਰ ਨੇ ਗੱਲਾਂ ਗੱਲਾਂ ਵਿੱਚ ਗੁਰਦੀਪ ਹੋਰਾਂ ਨਾਲ ਜਾਣ-ਪਛਾਣ ਕੱਢ ਲਈ ਸੀ। ਉਹ ਗੁਰਦੀਪ ਹੋਰਾਂ ਦੇ ਕਿਸੇ ਜਾਣੂੰ ਦੀ ਸਾਬਕਾ ਪਤਨੀ ਸੀ। ਸੈਂਟ ਦੀ ਇੱਕ ਸ਼ੀਸ਼ੀ ਵੇਚਣ ਲਈ ਭਾਵੇਂ ਉਸ ਨੂੰ ਵੀਹ ਨਮੂਨੇ ਸਾਨੂੰ ਸੁੰਘਾਉਣੇ ਪਏ ਪਰ ਉਹ ਖਿਝੀ ਨਹੀਂ ਅਤੇ ਅੰਤ ਉਹ ਸਫਲ ਹੋ ਹੀ ਗਈ। ਕਾਮਰੇਡਾਂ ਨੂੰ ਸੈਂਟ ਵੇਚਣਾ ਕਿਵੇਂ ਵੀ ਝੋਟਾ ਚੋਣ ਤੋਂ ਘੱਟ ਔਖਾ ਕੰਮ ਨਹੀਂ ਸੀ ਪਰ ਵਪਾਰ ਕੀ ਕੀ ਨਹੀਂ ਕਰਾਉਂਦਾ।

ਸਾਰਾ ਦਿਨ ਸਾਡੀ ਚੱਲ-ਸੋ-ਚੱਲ ਹੀ ਰਹੀ। ਐਡਮਿੰਟਨ ਲਈ ਗੱਡੀ ਫੜ੍ਹਨ ਵਾਸਤੇ ਅਸੀਂ ਐਨ ਆਖਰੀ ਮਿੰਟ ਉਤੇ ਹੀ ਸਟੇਸ਼ਨ ਪਹੁੰਚੇ। ਪਰ ਉਥੇ ਜਾ ਕੇ ਪਤਾ ਲੱਗਿਆ ਕਿ ਗੱਡੀ ਤਿੰਨ ਘੰਟੇ ਲੇਟ ਸੀ। ਇਹ ਸੁਣ ਕੇ ਦੁਖੀ ਹੋਣ ਦੀ ਥਾਂ ਸਾਥੀ ਗੁਰਦੀਪ ਖਿੜ ਗਿਆ ਕਿ 'ਚਲੋ ਘਰ ਚੱਲ ਕੇ ਹੋਰ ਗੱਪ-ਸ਼ੱਪ ਮਾਰਦੇ ਆਂ।'

'ਗੱਪ-ਸ਼ੱਪ' ਕਾਹਦੀ ਸੀ, ਉਹ ਤਾਂ ਅਜੇ ਵੀ ਦਾਰੂ ਦੇ ਨਾਲ ਨਾਲ 'ਸਾਰਥਕ ਗੱਲਾਂ' ਕਰਨੀਆਂ ਚਾਹੁੰਦਾ ਸੀ। ਉਹ 'ਕਹਾਣੀ ਪੰਜਾਬ' ਦੇ ਅੰਕ ਦੀ ਸੰਪਾਦਕੀ ਵਿੱਚ ਰਾਮ ਸਰੂਪ ਅਣਖੀ ਦੀ ਪ੍ਰਗਤੀਵਾਦੀ ਪੰਜਾਬੀ ਸਾਹਿਤ ਵਿਰੋਧੀ ਟਿੱਪਣੀ ਦੀ ਪੜਚੋਲ ਕਰਨ ਲਈ ਉਤਸੁਕ ਸੀ। ਪੰਜਾਬ ਦੇ ਸਕੂਲਾਂ ਵਿੱਚ ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ ਸਬੰਧੀ ਡਾ. ਰਘਬੀਰ ਸਿੰਘ ਸਿਰਜਣਾ ਦੇ ਸੰਪਾਦਕੀ ਵਿੱਚ ਪ੍ਰਗਟਾਏ ਅੰਗਰੇਜ਼ੀ ਪੱਖੀ ਵਿਚਾਰਾਂ ਦੀ ਘੋਖ ਕਰ ਰਿਹਾ ਸੀ ਉਹ ਸਮਝਣਾ ਚਾਹੁੰਦਾ ਸੀ ਕਿ 'ਪੰਜਾਬ ਦੇ ਕਾਮਰੇਡਾਂ ਨੂੰ ਕੀ ਹੋ ਗਿਆ ਸੀ?'

Academy of the Punjab in North America: http://www.apnaorg.com

ਉਸ ਦੀਆਂ 'ਸਾਰਥਕ ਗੱਲਾਂ' ਵਿੱਚ ਮੇਰੀ ਉਹ ਜਗਿਆਸਾ ਦੱਬੀ ਦੀ ਦੱਬੀ ਰਹਿ ਗਈ ਜਿਹੜੀ ਸਾਥੀ ਗੁਰਦੀਪ ਦੇ ਘਰ-ਪਰਿਵਾਰ ਬਾਰੇ ਜਾਨਣ ਦੀ ਸੀ। ਬੱਸ ਮੈਨੂੰ ਐਨੀ ਕੁ ਹੀ ਕਨਸੋਅ ਮਿਲ ਸਕੀ ਕਿ ਉਹ ਬੀਵੀ-ਬੱਚਿਆਂ ਨਾਲੋਂ ਵੱਖ ਰਹਿੰਦਾ ਸੀ। ਅਜਿਹੀ ਹਾਲਤ ਵਿੱਚ ਆਦਮੀ ਟੁੱਟ ਜਾਂਦਾ ਹੈ, ਰੋਂਦੂ ਜਾਂ ਚਿੜਚੜਾ ਬਣ ਜਾਂਦਾ ਹੈ, ਪਰ ਸਾਥੀ ਗੁਰਦੀਪ ਤਾਂ ਬਿਲਕੁਲ ਅਡੋਲ ਸੀ, ਜ਼ਿੰਦਗੀ ਨਾਲ ਇਸ਼ਕ ਵਿੱਚ ਗ਼ਲਤਾਨ, ਸਾਹਿਤਕ ਰੁਝੇਵਿਆਂ ਵਿੱਚ ਗਲ਼ ਗਲ਼ ਤੱਕ ਧਸਿਆ ਹੋਇਆ। ਕਿਸੇ ਵੀ ਤਰ੍ਹਾਂ ਦੇ ਸਨਕ ਤੋਂ ਮੁਕਤ। ਬੱਚੇ ਉਸ ਨੂੰ ਉਵੇਂ ਹੀ ਪਿਆਰ ਕਰਦੇ ਸਨ। ਬੇਟੀ ਛੁੱਟੀਆਂ 'ਚ ਉਸ ਨੂੰ ਮਿਲਣ ਆਈ ਹੋਈ ਸੀ। ਪਤਨੀ ਪ੍ਰਤੀ ਵੀ ਉਸ ਨੂੰ ਕੋਈ ਰੰਜ ਨਹੀਂ ਸੀ। ਇਹ ਕੇਹਾ ਸਹਿਜ ਵਿਛੋੜਾ ਸੀ? ਪੱਛਮੀ ਜ਼ਿੰਦਗੀ ਦਾ ਇਹ ਵਰਤਾਰਾ ਮੇਰੀ ਸਮਝੋਂ ਬਾਹਰ ਸੀ। ਸ਼ਾਮ ਦੇ ਨੌਂ ਕੁ ਵਜੇ ਅਸੀਂ ਫੇਰ ਸਟੇਸ਼ਨ ਉਤੇ ਗਏ ਤਾਂ ਪਤਾ ਲੱਗਾ ਕਿ ਗੱਡੀ ਦੋ ਘੰਟੇ ਹੋਰ ਲੇਟ ਹੋ ਗਈ ਸੀ।

'ਗੁਰਦੀਪ ਜੀ ਮੈਂ ਤਾਂ ਓਦਣ ਦਾ ਸੋਡੇ ਰੇਲਵੇ ਦੇ ਮਹਿਕਮੇ ਤੋਂ ਬੜਾ ਪ੍ਰਭਾਵਿਤ ਸਾਂ, ਪਰ ਆਹ ਤਾਂ ਆਪਣੇ ਦੇਸ਼ ਵਾਲਾ ਹਾਲ ਹੀ ਹੋਇਆ ਪਿਐ ਅੱਜ' ਮੇਰੇ ਬੋਲਾਂ ਵਿੱਚ ਮੱਲੋ-ਮੱਲੀ ਖਿਝ ਆ ਰਲ਼ੀ ਸੀ।

'ਤੇ ਹੋਰ ਕੀ, ਬੁਰਜੁਆਜ਼ੀ ਦਾ ਉਤਲਾ ਲਿਸ਼ਕਿਆ-ਪੁਸ਼ਕਿਆ ਰੂਪ ਵੇਖ ਕੇ ਨਵਾਂ ਬੰਦਾ ਚਕਾਚੌਂਧ ਹੋ ਜਾਂਦਾ ਐ। ਅੰਦਰੋਂ ਤਾਂ ਇਸ ਸਿਸਟਮ ਨੂੰ ਵੀ ਘੁਣ ਲੱਗਿਐ ਪਿਐ। ਵੇਖੀ ਜਾਈਂ ਇਹ ਕਿਸੇ ਦਿਨ ਕਿਵੇਂ ਡਿਗਦੈ ਸਿਉਂਕ-ਖਾਧੀ ਚੁਗਾਠ ਵਾਂਗੂੰ।' ਸਾਥੀ ਗੁਰਦੀਪ ਦੇ ਚਿਹਰੇ ਉਤੇ ਵਿਅੰਗ ਭਰੀ ਮੁਸਕਾਨ ਖੇਡਣ ਲੱਗੀ। ਸਾਨੂੰ ਦੋ ਘੰਟੇ ਲਈ ਫੇਰ ਪੱਛਮੀ ਨਵ-ਸਾਮਰਾਜ ਨੂੰ ਸਕਾਚ ਪੀ ਪੀ ਕੋਸਣ ਵਾਸਤੇ ਵਿਸ਼ਾ ਮਿਲ ਗਿਆ। ਮੇਰੇ ਗੱਡੀ 'ਚ ਚੜ੍ਹਨ ਤੱਕ ਅਸੀਂ ਗੱਲੀਂ ਗੱਲੀਂ ਮੁੱਕੇਬਾਜ਼ੀ ਦੇ ਸਿਖਾਂਦਰੂਆਂ ਵਾਂਗ ਬੁਰਜੁਆਜ਼ੀ ਦੇ ਰੇਤ ਭਰੇ ਬੋਰੇ ਨੂੰ ਘਸੁੰਨਾਂ ਨਾਲ ਕੁਟਦਿਆਂ ਸਾਹੋ-ਸਾਹ ਹੁੰਦੇ ਰਹੇ। ਥੱਕੇ ਨੂੰ ਮੈਨੂੰ ਗੱਡੀ ਦੇ ਠੰਡੇ ਸਾਫ-ਸੁਥਰੇ ਡੱਬੇ 'ਚ ਬੈਠਦਿਆਂ ਹੀ ਫੇਰ ਨੀਂਦ ਨੇ ਦਬੋਚ ਲਿਆ।

## ਜਿਉਂਦੇ ਬੰਦੇ ਦੀ ਕਹਾਣੀ

'ਲੈ ਬਈ ਮੰਨ ਗਏ ਤੇਰੇ ਹੱਠ ਨੂੰ, ਕਹਿੰਦੇ ਨੇ ਨਿਆਣੇ ਤੇ ਜ਼ਨਾਨੀ ਦਾ ਹੱਠ ਸਭ ਤੋਂ ਭੈੜਾ ਹੁੰਦੈ ਪਰ ਲਿਖਾਰੀ ਨੇ ਤਾਂ ਉਨ੍ਹਾਂ ਨੂੰ ਵੀ ਪਿੱਛੇ ਸਿੱਟ-ਤਾ, ਅਖੀਰ ਕੈਨੇਡਾ ਸਰਕਾਰ ਨੂੰ ਵੀਜ਼ਾ ਦੇ ਕੇ

Academy of the Punjab in North America: http://www.apnaorg.com

ਹੀ ਜਾਨ ਛੁਡਾਉਣੀ ਪਈ’ ਐਡਮਿੰਟਨ ਦੇ ਰੇਲਵੇ ਸਟੇਸ਼ਨ ਤੋਂ ਮੈਨੂੰ ਲੈਣ ਆਇਆ ਬਿੱਲੂ (ਅਮਰਜੀਤ ਪੁਰੇਵਾਲ) ਗਲਵੱਕੜੀ ’ਚ ਲੈਂਦਾ ਆਪਣੇ ਖੁੱਲ੍ਹ-ਖੁਲਾਸੇ ਸੁਭਾਅ ਮੁਤਾਬਕ ਬੋਲਿਆ।

‘ਇਉਂ ਹੀ ਹੁੰਦੈ, ਜੇ ਤੇਰੀ ਸਰਕਾਰ ਅੜੀਅਲ ਟੱਟੂ ਕਹਾਉਂਦੀ ਐ ਤਾਂ ਫਿਰ ਆਪਾਂ ਕਿਹੜਾ ਪਠਾਣ ਤੋਂ ਘੱਟ ਆਂ? ਕਹਿੰਦੇ ਨੀ ਹੁੰਦੇ ਕਿ ਇੱਕ ਪਠਾਣ ਆਪਣੇ ਟੱਟੂ ਨੂੰ ਵਗਦੇ ਖਾਲ ‘ਚੋਂ ਲੰਘਾਉਣ ਲੱਗਿਆ ਤਾਂ ਟੱਟੂ ਅੜ ਗਿਆ। ਪਠਾਣ ਰੱਸਾ ਫੜ੍ਹ ਕੇ ਅਗਾਂਹ ਨੂੰ ਖਿੱਚੇ ਤੇ ਟੱਟੂ ਪਿਛਾਂਹ ਨੂੰ। ਪਠਾਣ ਨੇ ਤਲਵਾਰ ਕੱਢੀ ਤੇ ਇਕੋ ਝਟਕੇ ਨਾਲ ਟੱਟੂ ਦਾ ਸਿਰ ਲਾਹ ਦਿੱਤਾ ਤੇ ਕੱਲਾ ਸਿਰ ਖਾਲ ਟਪਾ ਕੇ ਲੈ ਗਿਆ।’ ਇਹ ਪ੍ਰਸੰਗ ਸੁਣ ਕੇ ਬਿੱਲੂ ਇਉਂ ਖਿੜ-ਖਿੜਾ ਕੇ ਹੱਸਿਆ ਜਿਵੇਂ ਐਡਮਿੰਟਨ ਦੀ ਥਾਂ ਨਕੋਦਰ ਨੇੜਲੇ ਆਪਣੇ ਪਿੰਡ ਨੰਗਲਾਂ ਦੇ ਵਿਹੜੇ ’ਚ ਬੈਠਾ ਭਰਵਾਂ ਪੈੱਗ ਲਾਉਣ ਪਿੱਛੋਂ ਬੇਪ੍ਰਵਾਹੀ ਦਾ ਹਾਸਾ ਹੱਸਦਾ ਹੁੰਦਾ ਸੀ। ਸੱਚ-ਮੁੱਚ ਹੀ ਜਿਵੇਂ ਕੈਨੇਡਾ ਨੇ ਬਿੱਲੂ ਦੇ ਸੁਭਾਅ ਉਤੇ ਸੱਤ-ਅੱਠ ਸਾਲਾਂ ’ਚ ਭੋਰਾ ਪ੍ਰਭਾਵ ਨਹੀਂ ਸੀ ਪਾਇਆ। ਬੱਸ ਜੂੜੇ ਅਤੇ ਪੱਗ ਦੀ ਥਾਂ ਸਾਦਾ ਜਿਹਾ ‘ਹੇਅਰ ਸਟਾਈਲ’ ਸੀ ਅਤੇ ਨਿੱਕੀ ਨਿੱਕੀ ਕਤਰੀ ਦਾੜ੍ਹੀ ਤੇ ਕੁੰਢੀਆਂ ਮੁੱਛਾਂ ਦੀ ਥਾਂ ਸ਼ੇਵ ਕੀਤਾ ਗੋਰਾ-ਚਿੱਟਾ ਮੂੰਹ ਸੀ। ਗੋਗੜ ਪਹਿਲਾਂ ਨਾਲੋਂ ਵੀ ਚੰਗੀ ਮਿਲਦੀ ਖਾਧ-ਖੁਰਾਕ ਦੀ ਅਤੇ ਬੇਫ਼ਿਕਰੇ ਸੁਭਾਅ ਦੀ ਗਵਾਹੀ ਭਰਦੀ ਸੀ। ਸਾਡੀ ਆੜੀ ਪੱਕਣ ਦੇ ਦਿਨੀਂ ਬੇਰੁਜ਼ਗਾਰੀ ਦੀ ਫ਼ਾਕਾ-ਮਸਤੀ ਦੌਰਾਨ ਉਹ ਜਿਹੋ ਜਿਹਾ ਸੀ ਹੁਣ ਰੱਜ-ਪੁੱਜ ਕੇ ਵੀ ਉਹੋ ਜਿਹਾ ਹੀ ਸੀ।

ਜਦੋਂ ਕਦੇ ਮੈਂ ਬਹੁਤ ਤਣਾਅ ਵਿੱਚ ਹੋਵਾਂ ਤਾਂ ਬਿੱਲੂ ਵਰਗਾ ਬਣਨ ਦਾ ਯਤਨ ਕਰਦਾ ਹਾਂ ਪਰ ਇਉਂ ਕਿੱਥੇ ਸੰਭਵ ਹੁੰਦਾ ਹੈ। ਕਿਤੇ ਆਦਤਾਂ ਤੇ ਸੁਭਾਅ ਵੀ ਛੇਤੀ ਕੀਤੇ ਬਦਲਦੇ ਹਨ? ਜਦੋਂ ਅਜੇ ਉਹ ਆਪ ਵੀ ਚੰਗੀ ਤਰ੍ਹਾਂ ਸੈੱਟਲ ਨਹੀਂ ਸੀ ਹੋਇਆ, ਉਦੋਂ ਵੀ ਉਸ ਨੇ ਯਾਰੀ ਪੁਗਾਉਣ ਖ਼ਾਤਰ ਮੈਨੂੰ ਰਾਹਦਾਰੀ ਤੇ ਰਿਟਰਨ ਟਿਕਟ ਭੇਜੀ ਸੀ ਪਰ ਮੈਨੂੰ ਵੀਜ਼ਾ ਨਹੀਂ ਸੀ ਮਿਲਿਆ। ਮਿਲਵਾਕੀ ਕਾਨਫਰੰਸ ਵੇਲੇ ਵੀ ਉਸ ਨੇ ਮੈਨੂੰ ਲਾਜ਼ਮੀ ਆਉਣ ਲਈ ਕਿਹਾ ਸੀ ਪਰ ਵੀਜ਼ੇ ਤੋਂ ਫੇਰ ਜਵਾਬ ਮਿਲ ਗਿਆ ਸੀ। ਹੁਣ ਜਦੋਂ ਵੀਜ਼ਾ ਮਿਲਣ ਪਿੱਛੋਂ ਮੈਂ ਖਰਚੇ ਤੋਂ ਡਰਦਾ ਪੈਰ ਪਿਛਾਂਹ ਖਿੱਚ ਰਿਹਾ ਸੀ ਤਾਂ ਬਿੱਲੂ ਦੇ ਮੋਹ ਭਰੇ ਬੋਲਾਂ ‘ਬੱਸ ਆ-ਜਾ ਤੂੰ’ ਦਾ ਖਿੱਚਿਆ ਜਹਾਜ਼ ਚੜ੍ਹ ਗਿਆ ਸਾਂ।

ਮੈਂ ਹੈਰਾਨ ਸਾਂ ਕਿ ਬਿਨਾਂ ਕੰਢਿਆਂ ਤੋਂ ਵਗਣ ਵਾਲੇ ਆਪਮੁਹਾਰੇ ਦਰਿਆ ਵਰਗਾ ਬਿੱਲੂ ਕੈਨੇਡਾ ਦੇ ਸਿਸਟਮ ਨੇ ਇੱਕ ਸੇਧ ’ਚ ਵਗਣ ਲਾ ਦਿੱਤਾ ਸੀ। ਇਸੇ ਕਰਕੇ ਹੁਣ ਉਸ ਕੋਲ ਆਪਣਾ ਖ਼ੂਬਸੂਰਤ ਘਰ, ਕਾਰ, ਐਮ. ਏ. ਪਾਸ ਸੁਨੱਖੀ ਪਤਨੀ ਕੁਲਵਿੰਦਰ, ਇੱਕ ਪਿਆਰੀ ਬੱਚੀ ਅਤੇ ਗ੍ਰਹਿਸਥੀ ਜੀਵਨ ਦੇ ਹੋਰ ਸਾਰੇ ਸੁੱਖ ਪ੍ਰਾਪਤ ਸਨ। ਐਡਮਿੰਟਨ ਵਿਆਹੀਆਂ ਦੋ ਭੈਣਾਂ ਦੇ ਹਰੇਕ

Academy of the Punjab in North America: http://www.apnaorg.com

ਕਾਰਜ ਵਿੱਚ ਨਾਨਕੀ-ਛੱਕ ਵੀ ਪੂਰਦਾ ਸੀ ਅਤੇ ਸੌਹਰਿਆਂ-ਪੇਕਿਆਂ ਦੀ ਵੀ ਹਰ ਔਕੜ 'ਚ ਮੱਦਦ ਕਰਦਾ ਸੀ। ਮੇਰੇ ਵਰਗੇ ਦੋਸਤਾਂ-ਮਿੱਤਰਾਂ ਦੀਆਂ ਹਸਰਤਾਂ ਵੀ ਪੂਰੀਆਂ ਕਰਕੇ ਦਮ ਲੈਂਦਾ ਸੀ। ਉਸ ਕੋਲ ਅਜਿਹੀ ਕਿਹੜੀ ਗਿੱਦੜ-ਸਿੰਗੀ ਸੀ ਜੋ ਨੌ ਨਿਧਾਂ ਬਾਰਾਂ ਸਿਧਾਂ ਕਰੀ ਜਾਂਦੀ ਸੀ? ਇੱਕ ਬੀ. ਏ. ਪਾਸ ਪਰ ਸਾਧਾਰਣ-ਬੁੱਧ ਬਿੱਲੂ ਨੇ ਜਿਉਣ ਦਾ ਇਹ ਹੁਨਰ ਕਿੱਥੋਂ ਸਿਖਿਆ ਸੀ? ਅਸਲ ਵਿੱਚ ਕੈਨੇਡਾ ਬਿੱਲੂ ਨੂੰ ਰਾਸ ਆ ਗਿਆ ਸੀ। ਕੈਨੇਡਾ ਨੂੰ ਬਿੱਲੂ ਵਰਗੇ ਬੰਦਿਆਂ ਦੀ ਲੋੜ ਹੈ ਜਿਹੜੇ ਬਿਨਾਂ ਥੱਕਿਆਂ-ਅੱਕਿਆਂ ਕੰਮ ਨੂੰ ਅੱਗੇ ਲਾਈ ਫਿਰਨ ਅਤੇ ਬਿੱਲੂ ਨੂੰ ਕੈਨੇਡਾ ਦੀ ਜਿੱਥੇ ਹੱਡ-ਭੰਨਵੀਂ ਮਿਹਨਤ ਦਾ ਪੂਰਾ ਮੁੱਲ ਪੈਂਦਾ ਹੋਵੇ ਅਤੇ ਉਸ ਨਾਲ ਜ਼ਿੰਦਗੀ ਦੀਆਂ ਸਭ ਸੁੱਖ-ਸਹੂਲਤਾਂ ਮਿਲਣ ਦੀ ਪੱਕੀ ਆਸ ਹੋਵੇ।

ਜਿੰਨੇ ਦਿਨ ਮੈਂ ਬਿੱਲੂ ਕੋਲ ਰਿਹਾ ਓਨੇ ਦਿਨ ਸਦਾ ਦਿਵਾਲੀ ਸਾਧ ਦੀ ਚੱਤੋ ਪਹਿਰ ਬਸੰਤ ਵਾਲੀ ਗੱਲ ਰਹੀ। ਉਸ ਨੇ ਆਪਣੇ ਰੁਜ਼ਗਾਰ ਦਾ ਸਾਧਨ ਟੈਕਸੀ ਇੱਕ ਪਾਸੇ ਖੜ੍ਹੀ ਕਰ ਦਿੱਤੀ ਅਤੇ ਅਣਮਿਥੇ ਸਮੇਂ ਲਈ ਕੰਮ ਤੋਂ ਫਾਰਗ ਹੋ ਗਿਆ। ਕੈਨੇਡਾ ਵਰਗੇ ਦੇਸ਼ ਜਿਥੇ ਮੇਜ਼ਬਾਨ ਨੂੰ ਮਹਿਮਾਨ ਵਾਸਤੇ ਕੁੱਝ ਘੰਟੇ ਕੱਢਣੇ ਹੀ ਮੁਹਾਲ ਲਗਦੇ ਹਨ ਉਥੇ ਬਿੱਲੂ ਇਉਂ ਛੁੱਟੀ ਕਰਕੇ ਬੈਠ ਗਿਆ ਜਿਵੇਂ ਪਿਉ ਦਾ ਰਾਜ ਹੋਵੇ। ਪਿਉ ਦਾ ਕੀ ਉਸ ਦਾ ਤਾਂ ਆਪਣਾ ਰਾਜ ਸੀ। ਇਸੇ ਰਾਜ ਲਈ ਤਾਂ ਉਸ ਨੇ ਸਟੋਰ ਦੀ ਗ਼ੁਲਾਮੀ ਵਾਲੀ ਨੌਕਰੀ ਛੱਡ ਕੇ ਯੈਲੋ ਕੈਬ (ਟੈਕਸੀ) ਪਾ ਲਈ ਸੀ ਅਤੇ ਹੁਣ ਮਰਜ਼ੀ ਦਾ ਮਾਲਕ ਸੀ। ਜੀਅ ਕਰਦਾ ਸੀ ਤਾਂ ਕੁੱਝ ਦਿਨ ਕਿਸੇ ਨਾਟਕ-ਮੰਡਲੀ ਨਾਲ ਲਾ ਲੈਂਦਾ ਸੀ। ਮਨ ਕਰੇ ਤਾਂ ਛੋਟੀਆਂ ਮੋਟੀਆਂ ਮਹਿਫ਼ਲਾਂ ਵਿੱਚ ਗਾਉਣ-ਵਜਾਉਣ ਦੇ ਪ੍ਰੋਗਰਾਮ ਕਰ ਲੈਂਦਾ ਸੀ ਅਤੇ ਚਿੱਤ ਮੰਨੇ ਤਾਂ ਗੀਤਾਂ ਦੀ ਕੈਸਟ ਕੱਢ ਮਾਰਦਾ ਸੀ। ਕੰਮ ਦੇ ਨਾਲ ਨਾਲ ਉਹ ਇਉਂ ਹੀ ਸ਼ੌਂਕ ਦੇ ਤੰਦ ਪਾ ਲੈਂਦਾ ਸੀ।

ਬਿੱਲੂ 'ਚ ਹੋਰ ਸਭ ਦੁਖ-ਸੁਖ ਹੱਸ ਕੇ ਜਰ ਲੈਣ ਦੀ ਸਮਰੱਥਾ ਹੈ ਪਰ ਚੁੱਪ ਰਹਿਣ ਦੀ ਸਜ਼ਾ ਉਹ ਦੋ ਮਿੰਟ ਦੀ ਵੀ ਨਹੀਂ ਝੱਲ ਸਕਦਾ। ਜੇ ਕੋਈ ਗੱਲ ਕਰਨ ਵਾਲਾ ਨਾ ਮਿਲੇ ਤਾਂ ਉਹ ਗੁਨਗੁਨਾਉਣ ਲੱਗ ਪੈਂਦਾ। ਜੇ ਕੋਈ ਹੋਰ ਹਾਸੇ-ਠੱਠੇ ਦਾ ਵਿਸ਼ਾ ਨਾ ਲੱਭੇ ਤਾਂ ਉਹ ਆਪਣੇ ਵੱਧ ਖਾ ਖਾ ਪੇਟੂ ਹੋਣ ਜਾਂ ਜਟਕੇ ਸੁਭਾ ਬਾਰੇ ਲਤੀਫ਼ਿਆਂ ਵਰਗੀਆਂ ਗੱਲਾਂ ਸੁਣਾਉਣ ਲੱਗ ਪੈਂਦਾ। ਕਿਸੇ ਸਟੋਰ ਤੇ 'ਗਰੌਸਰੀ' ਲਈ ਜਾਂਦੇ ਤਾਂ ਉਹ ਸੇਲਜ਼-ਗਰਲ ਨੂੰ ਟੁੱਟੀ-ਫੁੱਟੀ ਅੰਗਰੇਜ਼ੀ ਵਿੱਚ ਮਸ਼ਕਰੀਆਂ ਕਰਨ ਲੱਗ ਪੈਂਦਾ, 'ਓ ਹਾਓ ਆਰ ਯੂ ਸਵੀਟੀ, ਯੂਅਰ ਸਮਾਇਲੀ ਆਊਟ-ਲੁਕ ਇਜ਼ ਵੈਰੀ ਚਾਰਮਿੰਗ, ਡੌਂਟ ਲੌਸਟ ਯੂਅਰ ਗੋਲਡਨ ਪੀਰੀਅਡ ਇੰਨ ਏ ਕਲੋਜ਼-ਡੋਰ ਰੂਮ, ਟੂਡੇ ਇਜ਼ ਟੂ ਰੋਮਾਂਟਿਕ ਵੈਦਰ, ਲੈਟਸ ਗੋ ਫਾਰ ਪਿਕਨਿਕ, ਵੁੱਡ ਯੂ ਲਾਈਕ ਇੱਟ, ਹੈਵ ਯੂ ਸਮ ਸਪੇਅਰ ਟਾਈਮ

ਟੂ ਇਨਜਾਏ?' ਉਹ ਨਾਂਹ ਲਈ ਸਿਰ ਫੇਰਦੀ 'ਥੈਂਕਊ ... ਥੈਂਕਊ' ਕਰਦੀ ਕੁੜੀ ਨੂੰ 'ਬਾਏ' ਕਰਦਾ ਹੱਸਦਾ ਹੱਸਦਾ ਸੌਦਾ ਲੈ ਕੇ ਬਾਹਰ ਆ ਜਾਂਦਾ। 'ਭਾ ਜੀ ਆਪਾਂ ਤੇ ਇਹ ਰਟੀਆਂ ਹੋਈਆਂ ਚਾਰ ਲਾਈਨਾਂ ਬੋਲਣੀਆਂ ਈ ਬੋਲਣੀਐਂ, ਸੌ 'ਚੋਂ ਕੋਈ ਇੱਕ ਤਾਂ ਕਦੇ ਹਾਂ ਕਹੁ ਈ' ਕਹਿ ਕੇ ਉਹ ਤਾੜੀ ਮਾਰ ਕੇ ਹੱਸ ਪੈਂਦਾ।

'ਭਾ ਜੀ ਇਹ ਬੋਲਦੇ ਬਹੁਤ ਐ, ਰਾਤ ਨੂੰ ਸੁੱਤੇ ਵੀ ਬੜਾਈ ਜਾਂਦੇ ਐ, ਕਈ ਵਾਰੀ ਤਾਂ ... ਪਤਾ ਨੀ ਕੀ ਕਾਂ ਖਾ ਕੇ ਜੰਮੇ ਐਂ' ਕੁਲਵਿੰਦਰ ਕਈ ਵਾਰ ਅੱਕ ਕੇ ਮਿੱਠੀ ਜਿਹੀ ਝਿੜਕ ਦਿੰਦੀ ਤਾਂ ਸੁਣ ਕੇ ਬਿੱਲੂ ਸਗੋਂ ਹੋਰ ਉੱਚੀ ਹੱਸ ਪੈਂਦਾ ਤੇ ਆਖਦਾ, 'ਓਏ ਭਲੀਏ ਲੋਕੇ ਜਿਉਂਦੇ ਤੇ ਮਰੇ ਬੰਦੇ 'ਚ ਇੱਕ ਈ ਤਾਂ ਫਰਕ ਹੁੰਦੈ ਕਿ ਇੱਕ ਬੋਲਦੈ ਦੂਜਾ ਸਦਾ ਚੁੱਪ ਰਹਿੰਦੈ, ਲੈ ਇਹ ਸਾਹ ਲੈਣ ਨੂੰ ਈ ਜਿਉਣਾ ਸਮਝੀ ਜਾਂਦੀ ਐ।' ਕਹਿਕੇ ਉਹ ਫਿਰ ਹੱਸ ਪੈਂਦਾ।

ਬਿੱਲੂ ਦੀ ਇਉਂ ਹਾਸੇ ਭਾਣੇ ਕਹੀ ਗੱਲ ਦੀ ਰਮਜ਼ ਕਈ ਵਾਰ ਮੈਨੂੰ ਸੋਚਣ ਲਾ ਦਿੰਦੀ। ਪੱਛਮੀ ਮੁਲਕਾਂ ਵਿੱਚ ਮਸ਼ੀਨਾਂ ਨਾਲ ਮਸ਼ੀਨਾਂ ਹੋਏ ਲੋਕ ਸੱਚਮੁੱਚ ਹੀ ਗੱਲਬਾਤ ਦਾ ਹੁਨਰ ਅਤੇ ਹੱਸਣਾ ਭੁੱਲਦੇ ਜਾਂਦੇ ਹਨ। ਬੱਸ ਕੰਮ ਦੀ ਗੱਲ ਕਰਕੇ ਚੁੱਪ ਗੜੁੱਪ ਹੋ ਕੇ ਬਿਲ-ਬਤੌਰੀ ਵਾਂਗ ਆਲੇ ਦੁਆਲੇ ਵੇਖਣ ਲੱਗਦੇ ਹਨ। ਕਈ ਵਾਰ ਤਾਂ ਕਿਸੇ ਦੇ ਘਰ ਲੰਚ ਜਾਂ ਡਿਨਰ ਤੇ ਜਾਂਦੇ ਤਾਂ ਕਰਨ ਵਾਸਤੇ ਕੋਈ ਸਾਂਝੀ ਗੱਲ ਹੀ ਨਾ ਸੁਝਦੀ, ਹਾਰ ਕੇ ਬੱਸ ਟੀ. ਵੀ. ਚਲਾ ਦਿੱਤਾ ਜਾਂਦਾ। ਉਸ ਸਮੇਂ ਮੈਨੂੰ ਪ੍ਰਿੰਸੀਪਲ ਤੇਜਾ ਸਿੰਘ ਦਾ ਲੇਖ 'ਵਿਹਲੀਆਂ ਗੱਲਾਂ' ਯਾਦ ਆਉਂਦਾ ਕਿ ਕਿਵੇਂ ਇਹ ਵੀ ਇੱਕ ਕਲਾ ਹੈ। ਬਿੱਲੂ ਨੇ ਕੈਨੇਡਾ ਦੀ ਪਦਾਰਥਕ ਤਰੱਕੀ ਦੀ ਦੌੜ ਅਤੇ ਯੈਲੋ ਕੈਬ ਦੀ ਪੰਦਰਾਂ ਸੋਲਾਂ ਘੰਟੇ ਦੀ ਘੁਰਰ-ਘੁਰਰ ਵਿੱਚ ਵੀ ਆਪਣੇ ਇਸ ਹੁਨਰ ਨੂੰ ਜਿਉਂਦਾ ਰੱਖਿਆ ਸੀ।

ਬਿੱਲੂ ਤਾਂ ਜਾਣੀਦੀ ਉਹ ਬੂਟਾ ਸੀ ਜਿਹੜਾ ਕਿਸੇ ਵੀ ਧਰਤੀ ਅਤੇ ਕਿਸੇ ਵੀ ਮੌਸਮ ਵਿੱਚ ਪਲਰ ਸਕਦਾ ਸੀ। ਹੁਣ ਜੇ ਉਹ ਕੈਨੇਡਾ ਸੀ ਤਾਂ ਉਥੋਂ ਦਾ ਹੀ ਹੋ ਗਿਆ ਸੀ। ਹੇਰਵੇ ਦੀ ਗੰਢੜੀ ਉਹ ਦਿੱਲੀ ਏਅਰਪੋਰਟ ਉਤੇ ਹੀ ਜਾਣ-ਬੁੱਝ ਕੇ ਭੁੱਲ ਆਇਆ ਸੀ। ਉਹ ਆਖਦਾ, 'ਮੈਨੂੰ ਤਾਂ ਭਰਾਵਾ ਬਚਾ-ਤਾ ਇਸ ਮੁਲਕ ਨੇ, ਐਵੇਂ ਏਥੋਂ ਦਾ ਲੂਣ ਖਾ ਕੇ ਹਰਾਮ ਨਹੀਂ ਕਰਨਾ, ਜੇ ਕਿਤੇ ਏਧਰ ਆਉਣ ਦਾ ਸਬੱਬ ਨਾ ਬਣਦਾ ਤਾਂ ਨਿਕਲ ਜਾਂਦੇ ਕੜਿੱਲ। ਜ਼ਮੀਨ ਦੇ ਦੋ ਖੇਤਾਂ ਨਾਲ ਢਿੱਡ ਵੀ ਨਹੀਂ ਸੀ ਭਰਿਆ ਜਾਣਾ। ਨੌਕਰੀ ਮਿਲਣੀ ਨਹੀਂ ਸੀ। ਪੜ੍ਹਾਈ ਹੋਰ ਕਰਨ ਲਈ ਨਾ ਦਿਮਾਗ ਸੀ ਨਾ ਮਾਇਆ। ਮੇਰੇ ਵਰਗੇ ਲੱਤ ਦੇ ਕੱਜ ਵਾਲੇ ਨੂੰ ਕਿਸੇ ਨੇ ਸਕੀ ਧੀ ਤਾਂ ਕੀ ਦੇਣੀ ਸੀ, ਸਗੋਂ ਉਲਟਾ ਲੰਗੜਦੀਨ ਜਾਂ ਕੈਦੋਂ ਨਾਂ ਧਰ ਦੇਣਾ ਸੀ। ਹਾਸੇ-ਹੂਸੇ ਸਭ ਗੁਆਚ ਜਾਣੇ ਸੀ ਉਥੇ। ਭਰਾਵਾ ਭੁੱਖੇ

ਢਿੱਡ ਕਿੱਥੇ ਹਾਸਾ ਆਉਂਦਾ। ਇਹ ਸਭ ਰੱਜ ਕੇ ਖਾਣ ਦੀਆਂ ਮਸਤੀਆਂ ਨੇ' ਉਹ ਪਲ ਕੁ ਉਦਾਸ ਰਹਿਣ ਪਿੱਛੋਂ ਫੇਰ ਰੱਜ ਕੇ ਢੱਡ ਵਾਂਗ ਕਸੇ ਢਿੱਡ ਉਤੇ ਹੱਥ ਫੇਰਦਾ ਹੱਸਣ ਲੱਗ ਪਿਆ, 'ਹੁਣ ਵੇਖ ਖਾਂ ਜੱਟ ਦੀ ਗੋਗੜ ਪੈਂਦੀ।'

'ਹੁਣ ਤਾਂ ਭਾਵੇਂ ਮੁਸਲਮਾਨਾਂ ਵਾਂਗੂੰ ਚਾਰ ਵਿਆਹ ਕਰਵਾ ਲਈਏ, ਕੈਨੇਡਾ ਦੇ ਨਾਂ 'ਤੇ ਸਾਕ ਕਰਨ ਵਾਲੇ ਇੱਕ ਦੂਜੇ ਤੋਂ ਮੂਹਰੇ ਹੋ ਹੋ ਡਿੱਗਣਗੇ।' ਉਸ ਨੇ ਕੁਲਵਿੰਦਰ ਨੂੰ ਛੇੜਿਆ।

'ਸ਼ੁਕਰ ਕਰ ਇੱਕ ਹੋ ਗਿਆ, ਭਾਲਦੈਂ ਚਾਰ' ਕੁਲਵਿੰਦਰ ਨੇ ਟਕੋਰ ਦਾ ਜਵਾਬ ਟਕੋਰ 'ਚ ਦਿੱਤਾ।

'ਚੱਲ ਤੂੰ ਕਹਿਨੀ ਐਂ ਤਾਂ ਨਹੀਂ ਕਰਵਾਉਂਦਾ, ਐਵੇਂ ਡਰ ਗਈ ਸੀ', ਬਿੱਲੂ ਫੇਰ ਤਾੜੀ ਮਾਰ ਕੇ ਹੱਸਿਆ। ਜਦੋਂ ਉਹ ਇਉਂ ਹੱਸਦਾ ਤਾਂ ਲੱਗਦਾ ਜਿਵੇਂ ਕੈਨੇਡਾ ਦੀ ਮਸ਼ੀਨੀ ਜ਼ਿੰਦਗੀ ਨੂੰ ਟਿੱਚਰਾਂ ਕਰ ਰਿਹਾ ਹੋਵੇ। ਇਨੀਂ ਭੱਜ-ਨੱਠ ਅਤੇ ਖਿਚੋਤਾਣ ਵਾਲੀ ਜ਼ਿੰਦਗੀ ਵਿੱਚ ਵੀ ਉਹ ਜਿਉਣਾ ਨਹੀਂ ਸੀ ਭੁੱਲਿਆ। ਕੀ ਇਹ ਕਿਸੇ ਕਰਾਮਾਤ ਤੋਂ ਘੱਟ ਸੀ?

## ਹੁਸਨ ਫਰੇਜ਼ਰ ਦਾ

ਮੱਥੇ ਉਤੇ ਤਰੇਲੀਆਂ ਆ ਰਹੀਆਂ ਸਨ। ਸਵੇਰ ਦੀ ਮਿੱਠੀ ਮਿੱਠੀ ਠੰਡ ਦੇ ਬਾਵਜੂਦ ਮੇਰੀ ਕਮੀਜ਼ ਮੁੜ੍ਹਕੇ ਨਾਲ ਗੜੁੱਚ ਸੀ। ਭੁੱਖ ਮਰ ਗਈ ਸੀ। ਕੁੱਝ ਖਾਣ ਲੱਗਦਾ ਤਾਂ ਮੂੰਹ 'ਚ ਹੀ ਉਗਾਲੀ ਕਰੀ ਜਾਂਦਾ ਤੇ ਬੁਰਕੀ ਸੰਘੋਂ ਹੇਠਾਂ ਨਾ ਹੁੰਦੀ। ਮੇਰੀ ਅਜਿਹੀ ਹਾਲਤ ਵੇਖ ਕੇ ਬਿੱਲੂ ਹੱਸ ਰਿਹਾ ਸੀ। ਹੱਸ ਤਾਂ ਭਾਵੇਂ ਮੈਂ ਵੀ ਰਿਹਾ ਸਾਂ ਪਰ ਘਬਰਾਹਟ ਕਰਕੇ ਹਾਸਾ ਰੋਣ ਵਰਗਾ ਨਿਕਲਦਾ ਸੀ। ਜਦੋਂ ਮੈਂ ਸਫ਼ਰ ਉਤੇ ਤੁਰਨਾ ਹੋਵੇ ਤਾਂ ਇਉਂ ਹੀ ਹੁੰਦਾ ਹੈ। ਪਤਾ ਨਹੀਂ ਕਿਸ ਕਿਸਮ ਦਾ ਡਰ ਧੁਰ ਅੰਦਰ ਫੈਲ ਜਾਂਦਾ ਹੈ।

'ਯਾਰ ਆਹ ਵੇਖ ਸਾਰੀ ਦੋ ਉਂਗਲਾਂ ਤਾਂ ਵਾਟ ਐ, ਐਵੇਂ ਡਰੀ ਜਾਨੈਂ' ਸੈਂਡਵਿਚ ਦਾ ਬੁਰਕ ਅੰਦਰ ਲੰਘਾਉਂਦਿਆਂ ਬਿੱਲੂ ਨੇ ਨਕਸ਼ੇ ਉਤੇ ਐਡਮਿੰਟਨ ਤੋਂ ਵੈਨਕੂਵਰ ਦੀ ਦੂਰੀ ਉਂਗਲਾਂ ਨਾਲ ਮਿਣਦਿਆਂ ਹੱਸ ਕੇ ਕਿਹਾ।

ਪਰ ਇਹ ਦੋ ਉਂਗਲਾਂ ਵਾਟ ਕਾਰ ਰਾਹੀਂ ਪੰਦਰਾਂ-ਸੋਲਾਂ ਘੰਟੇ ਵਿੱਚ ਮੁੱਕਣੀ ਸੀ ਅਤੇ ਰਸਤਾ ਪਹਾੜੀ ਸੀ। ਪਰ ਬਿੱਲੂ ਲਈ ਇਹ ਆਮ ਗੱਲ ਸੀ। ਉਹ ਤਾਂ ਰੋਜ਼ ਹੀ ਇਨੇ ਘੰਟੇ ਟੈਕਸੀ ਵਾਹੁੰਦਾ ਸੀ ਉਤੋਂ ਅੱਜ ਤਾਂ ਉਸ ਕੋਲ ਆਪਣੇ ਜੀਜੇ ਵਾਲੀ ਸਪੋਰਟਸ ਕਾਰ ਸੀ।

ਸ਼ਹਿਰੋਂ ਨਿਕਲ ਕੇ ਪੰਧ ਉਤੇ ਪੈਂਦਿਆਂ ਤੱਕ ਮੈਂ ਵੀ ਨਾਰਮਲ ਹੋ ਗਿਆ। ਹੁਣ ਲੰਮੇ ਸਫ਼ਰ ਦੇ ਭੈਅ ਦੀ ਥਾਂ ਬੜਾ ਕੁੱਝ ਨਵਾਂ ਵੇਖਣ ਦਾ ਚਾਅ ਮੇਰੇ ਚਿਹਰੇ ਤੋਂ ਝਲਕਣ ਲੱਗਾ ਸੀ। ਵੈਨਕੂਵਰ ਨਾਲ ਜੁੜੀਆਂ ਕਿੰਨੀਆਂ ਯਾਦਾਂ ਮੇਰੇ ਮਨ-ਮਸਤਕ ਵਿੱਚ ਆ ਜੁੜੀਆਂ ਸਨ। ਸਾਧੂ ਸਿੰਘ ਧਾਮੀ ਦੇ ਨਾਵਲ 'ਮਲੂਕਾ' 'ਚ ਚਿੱਤਰਿਆ ਫਰੇਜ਼ਰ ਦਰਿਆ, ਉਸ ਰਾਹੀਂ ਆਉਂਦੇ ਲੱਕੜਾਂ ਦੇ ਸੈਂਕੜੇ ਮਣਾਂ ਦੇ ਵੱਡੇ ਬੰਡਲ, ਉਨ੍ਹਾਂ ਨੂੰ ਕੱਢ ਕੇ ਲੱਕੜ-ਮਿੱਲਾਂ ਤੱਕ ਲਿਜਾਂਦੇ ਅਤੇ ਆਰਿਆਂ ਨਾਲ ਚੀਰਦੇ ਮੁੱਢਲੇ ਸਖ਼ਤ-ਜਾਨ ਸਾਡੇ ਪੰਜਾਬੀ ਪੁਰਖੇ, ਉਹ ਹਨੇਰੇ ਘਰ ਜਿਥੇ ਉਹ ਟੋਲੀਆਂ ਦੇ ਰੂਪ 'ਚ ਰਹਿੰਦੇ ਸਨ, ਹਰ ਦੁੱਖ ਸੀਨੇ ਉਤੇ ਹੰਢਾਉਂਦਿਆਂ ਵੀ ਚੋਹਲਬਾਜ਼ੀਆਂ ਕਰਨੋਂ ਨਹੀਂ ਟਲਦੇ ਸਨ। ਜਰਨੈਲ ਸਿੰਘ ਸੇਖਾ ਦੀ ਤਾਜ਼ੀ ਪੜ੍ਹੀ ਪੁਸਤਕ 'ਦੁਨੀਆਂ ਕੈਸੀ ਹੋਈ' ਵਿੱਚ 'ਬੇਰੀਆਂ' ਤੋੜਦੇ ਪੰਜਾਬੀ ਕਾਮਿਆਂ ਤੇ ਮਾਲਕਾਂ ਦੇ ਹਾਲ-ਹਵਾਲ, ਉਹ ਗੁਰਦੁਆਰੇ ਜਿਥੇ ਚੱਲ ਰਿਹਾ ਲੰਗਰ-ਵਿਵਾਦ (ਕੁਰਸੀਆਂ ਤੇ ਬੈਠ ਕੇ ਲੰਗਰ ਛਕਣ ਵਾਲਾ) ਦੁਨੀਆਂ ਭਰ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਆ ਚੁੱਕਾ ਸੀ ਅਤੇ ਵੈਨਕੂਵਰ ਰਹਿੰਦੇ ਕਿੰਨੇ ਸਾਰੇ ਸਾਹਿਤਕਾਰ ਮਿੱਤਰਾਂ ਨੂੰ ਮਿਲਣ ਦੀ ਰੀਝ ਇਹ ਸਭ ਕੁੱਝ ਮੇਰੇ ਦਿਮਾਗ ਦੇ ਚਿੱਤਰਪਟ ਉਤੇ ਤੈਰ ਰਿਹਾ ਸੀ।

ਢਲਵੇਂ ਜਿਹੇ ਪਹਾੜ ਹੋਣ ਕਰਕੇ ਸੜਕ ਸਾਡੇ ਉੱਚੇ ਪਹਾੜਾਂ ਵਾਂਗੂੰ ਪਹਾੜ ਦਾ ਚੱਕਰ ਕੱਟ ਕੇ ਉਪਰ ਨੂੰ ਨਹੀਂ ਚੜ੍ਹਦੀ ਸੀ ਸਗੋਂ ਹਲਕੀ ਜਿਹੀ ਉਚਾਣ-ਨਿਵਾਣ ਵਾਲੀ ਸਿੱਧੀ ਸੜਕ ਸੀ। ਇਸ ਲਈ ਕਾਰ ਸੌ ਤੋਂ ਇੱਕ ਸੌ ਵੀਹ ਕਿਲੋਮੀਟਰ ਪ੍ਰਤੀ ਘੰਟਾ ਦੇ ਹਿਸਾਬ ਸਫ਼ਰ ਨੂੰ ਵੱਢਦੀ ਜਾਂਦੀ ਸੀ। ਇਨੇ ਖ਼ੂਬਸੂਰਤ ਪਹਾੜੀ-ਦ੍ਰਿਸ਼ਾਂ ਵਿਚੋਂ ਲੰਘਦਿਆਂ ਅਕੇਵੇਂ ਜਾਂ ਥਕੇਵੇਂ ਵਰਗੀ ਗੱਲ ਤਾਂ ਸੋਚਣ ਵਾਲੀ ਹੀ ਨਹੀਂ ਸੀ। ਕਿਤੇ ਸਲੇਟੀ ਰੰਗ ਦੇ ਪਹਾੜ ਹਾਥੀਆਂ ਦੇ ਝੁੰਡ ਵਾਂਗ ਖੜੋਤੇ ਦਿੱਸਦੇ ਅਤੇ ਕਿਧਰੇ ਦੁੱਧ ਚਿੱਟੇ ਪੱਥਰ ਵਾਲੇ ਪਹਾੜ ਸੰਗਮਰਮਰ ਦੀਆਂ ਦਿਓ-ਕੱਦ ਮੂਰਤੀਆਂ ਜਾਪਦੇ, ਜਿਨ੍ਹਾਂ ਦੀਆਂ ਗੋਲਾਈਦਾਰ ਭਾਰੀਆਂ ਛਾਤੀਆਂ ਬੱਦਲਾਂ ਨਾਲ ਛੂਹ ਰਹੀਆਂ ਹੋਣ। ਜੇ ਕ੍ਰਿਸਮਿਸ ਦੇ ਰੁੱਖਾਂ ਨਾਲ ਢਕੇ ਪਹਾੜ ਸ਼ੁਰੂ ਹੋ ਜਾਂਦੇ ਤਾਂ ਮੀਲਾਂ ਤੱਕ ਹਰਿਆਲੀ ਦੇ ਤੰਬੂ ਨਜ਼ਰ ਆਉਂਦੇ। ਇਹ ਦ੍ਰਿਸ਼ ਬਹੁਤ ਵਿਰਾਟ ਤਾਂ ਸਨ ਪਰ ਡਰਾਉਣੇ ਨਹੀਂ, ਸਗੋਂ ਮਨਮੋਹਣੇ ਸਨ। ਮਿੱਠੀ ਮਿੱਠੀ ਠੰਡ ਨੇ ਤੇਜ਼ ਧੁੱਪ ਦੀ ਤਾਸੀਰ ਚੰਨ-ਚਾਨਣੀ ਵਰਗੀ ਬਣਾ ਦਿੱਤੀ ਸੀ ਜੋ ਅੱਖਾਂ 'ਚ ਨਸ਼ੇ ਵਾਂਗ ਪਸਰਦੀ ਜਾਂਦੀ ਸੀ। ਕਾਫੀ

Academy of the Punjab in North America: http://www.apnaorg.com

ਦੂਰ ਬਰਫ਼ੀਲੀਆਂ ਚੋਟੀਆਂ ਵੀ ਇਉਂ ਦਿੱਸਦੀਆਂ ਸਨ ਜਿਵੇਂ ਕਿਸੇ ਭਗਤਣੀ ਨੇ ਸ਼ਿਵਲਿੰਗ ਦੀ ਟੋਟਣ ਉਤੇ ਅਧਰਿੜਕਿਆ ਮੱਖਣ ਪਾਇਆ ਹੋਵੇ।

ਕਾਰ ਕੈਮਲੂਪਸ ਸ਼ਹਿਰ ਨੇੜੇ ਵਗਦੇ ਦਰਿਆ ਕੋਲੋਂ ਲੰਘੀ ਤਾਂ ਆਤਮਜੀਤ ਦੇ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਦਾ ਉਹ ਸਾਰਾ ਬਿਆਨ ਸਾਕਾਰ ਹੋ ਉਠਿਆ ਜਿਸ ਅਨੁਸਾਰ ਸੈਮਨ ਨਸਲ ਦੀਆਂ ਮੱਛੀਆਂ ਦੇ ਇੱਕ ਅਜ਼ਬ ਵਰਤਾਰੇ ਨੂੰ ਨਾਟਕੀ ਰੂਪਕ ਵਿੱਚ ਢਾਲਿਆ ਗਿਆ ਹੈ। ਇਹ ਮੱਛੀਆਂ ਆਪਣੇ ਜਨਮ ਪਿੱਛੋਂ ਦੋ ਤਿੰਨ ਸਾਲ ਖੁੱਲ੍ਹੇ ਸਮੁੰਦਰ ਵਿੱਚ ਤਾਰੀਆਂ ਲਾਉਣ ਚਲੀਆਂ ਜਾਂਦੀਆਂ ਹਨ। ਫਿਰ ਹਜ਼ਾਰਾਂ ਮੀਲਾਂ ਦਾ ਸਫ਼ਰ ਤਹਿ ਕਰਕੇ ਵਾਪਸ ਉਸੇ ਛੋਟੀ ਨਦੀ ਦੇ ਉਸੇ ਥਾਂ ਉਤੇ ਪਹੁੰਚ ਜਾਂਦੀਆਂ ਹਨ ਜਿਥੇ ਉਨ੍ਹਾਂ ਦਾ ਜਨਮ ਹੋਇਆ ਸੀ। ਇਹ ਉਥੇ ਆਂਡੇ ਦੇ ਕੇ ਨਵੀਂ ਸੰਤਾਨ ਲਈ ਨੀਂਹ ਰਖਦੀਆਂ ਹਨ ਅਤੇ ਆਪ ਮਰ ਜਾਂਦੀਆਂ ਹਨ। ਸੈਮਨ ਮੱਛੀਆਂ ਦੀ ਇਸ ਆਵਾਜਾਈ ਨੂੰ ਧਿਆਨ ਵਿੱਚ ਰਖਦਿਆਂ ਇਸ ਦਰਿਆ ਉਤੇ ਕੋਈ ਡੈਮ ਨਹੀਂ ਉਸਾਰਿਆ ਗਿਆ। ਕੁਦਰਤ ਦੀ ਲੀਲ੍ਹਾ ਵੀ ਕਿੰਨੀ ਹੈਰਾਨ ਕਰਦੀ ਹੈ। ਇੱਕ ਪਾਸੇ ਵਗਦਾ ਦਰਿਆ ਅਤੇ ਦੂਜੇ ਪਾਸੇ ਪਹਾੜਾਂ ਦੀ ਫਸੀਲ ਸੀ। ਵਿਚਕਾਰੋਂ ਲੰਘਦੀ ਕਾਲੀ ਸ਼ਾਹ ਸੜਕ ਇਉਂ ਜਾਪਦੀ ਸੀ ਜਿਵੇਂ ਕਾਲਾ ਨਾਗ ਹਰੇ ਘਾਹ 'ਚ ਛੁੱਪਦਾ ਭੱਜਿਆ ਜਾ ਰਿਹਾ ਹੋਵੇ।

ਲਓ ਸਫ਼ਰ ਤਾਂ ਮੁੱਕਣ ਤੇ ਆ ਗਿਆ ਸੀ ਅਤੇ ਮਨ ਪੁੱਛ ਰਿਹਾ ਸੀ, 'ਬੱਸ ਮੁੱਕ ਵੀ ਗਿਆ'? ਸ਼ਾਮ ਦੇ ਦਸ ਵੱਜ ਚਲੇ ਸਨ। ਸੂਰਜ ਦੇ ਅੰਗਿਆਰ ਵਾਂਗ ਮਘਦੇ ਲਾਲ ਗੋਲੇ ਨੂੰ ਛੂੰਹਦੀਆਂ ਪਹਾੜੀ ਚੋਟੀਆਂ ਵੀ ਜਿਵੇਂ ਸੰਗ ਨਾਲ ਕੰਨਾਂ ਤੱਕ ਸੂਹੀਆਂ ਹੋ ਗਈਆਂ ਸਨ। ਹੌਲੀ ਹੌਲੀ ਸੂਰਜ ਨੀਵਾਂ ਹੁੰਦਾ ਰੁੱਖਾਂ ਦੀ ਓਟ ਵਿੱਚ ਜਾ ਛੁਪਿਆ ਸੀ। ਸ਼ਾਮ ਦਾ ਘੁਸਮੁਸਾ ਵਧਣ ਲੱਗਾ। ਨਾਲ ਹੀ ਫਰੇਜ਼ਰ ਵੈਲੀ ਦਾ ਮੈਦਾਨੀ ਇਲਾਕਾ ਸ਼ੁਰੂ ਹੋ ਗਿਆ। ਸ਼ਾਇਦ ਚੌਪਾਸੀਂ ਫੈਲੀ ਭਰਵੀਂ ਫਸਲ 'ਬੇਰੀਆਂ' ਦੀ ਹੀ ਹੋਵੇਗੀ ਪਰ ਪੂਰੀ ਸ਼ਨਾਖਤ ਨਹੀਂ ਸੀ ਹੋ ਰਹੀ।

ਵੈਨਕੂਵਰ ਨੇੜੇ ਹੋਣ ਕਰਕੇ ਬਰੋ-ਬਰਾਬਰ ਦੌੜਦੀਆਂ ਕਾਰਾਂ ਦਾ ਕਾਫ਼ਲਾ ਇਉਂ ਜਾ ਰਿਹਾ ਸੀ ਜਿਵੇਂ ਰੇਸ ਲੱਗੀ ਹੋਵੇ। ਸਾਹਮਣੇ ਪਹਾੜ ਦੀ ਢਲਾਣ 'ਤੇ ਵਸੇ ਵੈਨਕੂਵਰ ਸ਼ਹਿਰ ਦੀਆਂ ਰੌਸ਼ਨੀਆਂ ਨਾਲ ਅਜਿਹਾ ਦ੍ਰਿਸ਼ ਬਣ ਗਿਆ ਜਿਵੇਂ ਤਾਰਿਆਂ ਭਰਿਆ ਅਕਾਸ਼ ਪਹਾੜ ਨਾਲ ਟੇਢਾ ਕਰਕੇ ਰੱਖ ਦਿੱਤਾ ਹੋਵੇ।

ਵਾਹਵਾ ਡੂੰਘੇ ਸੋਤੇ ਹੋਏ ਨੂੰ ਕਹਾਣੀਕਾਰ ਅਮਨ ਪਾਲ ਸਾਰਾ ਦੇ ਘਰ ਪਹੁੰਚੇ। ਭਾਵੇਂ ਉਨ੍ਹਾਂ ਦਿਨਾਂ ਵਿੱਚ ਉਹ ਕੁੱਝ ਢਿੱਲਾ-ਮੱਠਾ ਚਲ ਰਿਹਾ ਸੀ ਪਰ ਫਿਰ ਵੀ ਬੜੇ ਖ਼ਲੂਸ ਅਤੇ ਉਮਾਹ ਨਾਲ

Academy of the Punjab in North America: http://www.apnaorg.com

ਮਿਲਿਆ। ਇਹ ਮਹਿਸੂਸ ਹੀ ਨਹੀਂ ਹੋਇਆ ਕਿ ਅਸੀਂ ਪਹਿਲੀ ਵਾਰੀ ਮਿਲ ਰਹੇ ਹਾਂ, ਇੱਕ ਦੂਜੇ ਬਾਰੇ ਸਭ ਕੁੱਝ ਤਾਂ ਪਹਿਲਾਂ ਹੀ ਜਾਣਦੇ ਸਾਂ। ਉਸ ਦੀ ਕਹਾਣੀਆਂ ਦੀ ਪੁਸਤਕ 'ਸਰਦ ਰਿਸ਼ਤੇ' ਮੈਂ ਪੜ੍ਹੀ ਹੋਈ ਸੀ। ਉਸ ਦੀ ਬਣਾਈ ਟੈਲੀ ਫ਼ਿਲਮ 'ਓਹਲਾ' ਮੈਂ ਵੇਖ ਚੁੱਕਾ ਸਾਂ। ਕੈਨੇਡਾ 'ਚ ਉਸ ਦੀਆਂ ਰੰਗਮੰਚ ਦੀਆਂ ਗਤੀਵਿਧੀਆਂ ਤੋਂ ਮੈਂ ਵਾਕਫ਼ ਸਾਂ। ਉਸ ਦੀ ਬਹੁਤ ਹੀ ਚਰਚਿਤ ਹੋਈ ਕਹਾਣੀ 'ਵੀਹਾਂ ਦਾ ਨੋਟ' ਜਦੋਂ ਸਿਰਜਣਾ 'ਚ ਛਪੀ ਸੀ ਤਾਂ ਮੈਂ ਇਸ ਬਾਰੇ ਵਿਸ਼ੇਸ਼ ਤੌਰ ਤੇ ਪ੍ਰਸੰਸਾ ਭਰੀ ਟਿੱਪਣੀ ਆਪਣੇ 'ਨਵਾਂ ਜ਼ਮਾਨਾ' ਵਾਲੇ ਕਾਲਮ 'ਅਦਬਨਾਮਾ' 'ਚ ਕੀਤੀ ਸੀ। ਇਸ ਕੁੱਝ ਵੀ ਓਪਰਾ ਨਾ ਲੱਗਿਆ।

ਦੂਜੇ ਦਿਨ ਦਸ ਕੁ ਵਜੇ ਅਮਨ ਪਾਲ ਸਾਰਾ ਨੇ ਆਪਣੇ ਘਰ ਹੀ ਇੱਕ ਸਾਹਿਤਕ ਮੀਟਿੰਗ ਰੱਖ ਲਈ। ਡਾ. ਦਰਸ਼ਨ ਗਿੱਲ, ਸਾਧੂ ਬਿਨਿੰਗ, ਅਜਮੇਰ ਰੋਡੇ, ਨਦੀਮ ਪਰਮਾਰ, ਬਲਦੇਵ ਦੂਹੜੇ ਆਦਿ ਬਹੁਤ ਸਾਰੇ ਲੇਖਕ ਉਥੇ ਹੀ ਆ ਮਿਲੇ ਸਨ। ਥੋੜ੍ਹੀ ਬਹੁਤੀ ਗੱਪ-ਸ਼ਪ ਤੋਂ ਬਾਅਦ ਉਹੀ ਮਸਲਾ ਫਿਰ ਛਿੜ ਪਿਆ ਜਿਸ ਦਾ ਟਰਾਂਟੋ ਦੀਆਂ ਸਾਹਿਤਕ ਮਹਿਫ਼ਲਾਂ ਵਿੱਚ ਹੀ ਅਸੀਂ ਬੜਾ ਕਚੂੰਮਰ ਕੱਢ ਚੁਕੇ ਸਾਂ। ਇਹ ਸੀ ਭਾਰਤੀ ਪੰਜਾਬ ਦੇ ਆਲੋਚਕਾਂ ਵੱਲੋਂ ਪਰਵਾਸੀ ਲੇਖਕਾਂ ਨੂੰ ਅਣਗੌਲਿਆਂ ਕਰਨ ਜਾਂ ਛੁਟਿਆਉਣ ਦਾ ਵਿਸ਼ਾ।

ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਦੀ ਆਲੋਚਕ-ਜੋੜੀ ਇਨ੍ਹਾਂ ਦਿਨਾਂ ਵਿੱਚ ਪੂਰੀ ਚਰਚਿਤ ਅਤੇ 'ਹਿੱਟ' ਸੀ। ਪਿਛੇ ਜਿਹੇ ਆਤਮਜੀਤ ਦੇ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਜੋ ਪਰਵਾਸੀ ਪੰਜਾਬੀਆਂ ਬਾਰੇ ਹੈ, ਦੇ ਹਵਾਲੇ ਨਾਲ ਇਨ੍ਹਾਂ ਨੇ ਬੜੀ ਭਖਵੀਂ ਬਹਿਸ ਛੇੜੀ ਸੀ। ਉਨ੍ਹਾਂ ਨੇ ਪੰਜਾਬ ਦੇ ਆਲੋਚਕਾਂ ਦੀ ਵਿਚਾਰਧਾਰਾ ਨੂੰ 'ਬਸਤੀਵਾਦੀ' ਕਿਹਾ ਸੀ ਕਿਉਂਕਿ ਉਹ (ਪੰਜਾਬ ਦੇ ਆਲੋਚਕ) ਆਪਣੇ ਆਪ ਨੂੰ ਸਰੇਸ਼ਟ ਅਤੇ ਸਿਆਣੇ ਸਮਝਦੇ ਸਨ ਅਤੇ ਪਰਵਾਸੀ ਪੰਜਾਬੀਆਂ ਨੂੰ ਦਿਮਾਗੀ ਤੌਰ ਤੇ ਪਛੜੇ ਹੋਏ। ਉਨ੍ਹਾਂ ਅਨੁਸਾਰ ਪੰਜਾਬ ਦੇ ਆਲੋਚਕ ਪਰਵਾਸੀਆਂ ਨੂੰ 'ਲਾਲਚੀ' ਅਤੇ 'ਭਗੌੜੇ' ਸਮਝਦੇ ਹਨ ਜਿਨ੍ਹਾਂ ਨੇ ਆਪਣੀਆਂ ਲਾਲਸਾਵਾਂ ਕਾਰਨ 'ਵਤਨ' ਛੱਡਿਆ। ਉਨ੍ਹਾਂ ਦੀ ਇਹ ਸ਼ਕਾਇਤ ਵੀ ਸਦਾ ਰਹੀ ਹੈ ਕਿ ਪਰਵਾਸੀ ਵਿਸ਼ੇਸ਼ਣ ਲਾ ਕੇ ਉਨ੍ਹਾਂ ਨੂੰ ਮੁੱਖਧਾਰਾ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਫੇਰ ਮਤਰੇਏ ਪੁੱਤ ਵਾਂਗ ਸਲੂਕ ਕੀਤਾ ਜਾਂਦਾ ਹੈ।

ਮੈਂ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਤੀਕਰਮ ਵਿੱਚ ਕੁੱਝ ਬੋਲ ਕੇ ਸੁੱਤੀ ਕਲਾ ਜਗਾਉਣੀ ਠੀਕ ਨਾ ਸਮਝੀ ਤੇ ਚੁੱਪ ਹੀ ਭਲੀ ਸਮਝੀ। ਮੈਨੂੰ ਇਉਂ ਜਾਪਿਆ ਜਿਵੇਂ ਉਹ ਆਪਣੇ ਸਬੰਧੀ ਕੌੜੀ ਹਕੀਕਤ ਤੋਂ ਅੱਖਾਂ ਮੀਚਣੀਆਂ ਚਾਹੁੰਦੇ ਹੋਣ। ਸੋ ਚੁੱਪ ਰੱਖਣੀ ਹੀ ਠੀਕ ਸੀ। ਦੁਪਹਿਰ ਦਾ ਖਾਣਾ-ਖਾਣ ਤੋਂ

Academy of the Punjab in North America: http://www.apnaorg.com

ਬਾਅਦ ਸਾਡੇ ਕੋਲ ਲੋੜੀ-ਮੰਗੀ ਦੇ ਮਸਾਂ ਸੱਤ-ਅੱਠ ਘੰਟੇ ਹੀ ਹੋਰ ਸਨ ਜਿਨ੍ਹਾਂ ਵਿੱਚ ਅਸੀਂ ਵੈਨਕੂਵਰ ਦੀਆਂ ਅਨੇਕਾਂ ਥਾਵਾਂ ਵੇਖਣੀਆਂ ਸਨ ਅਤੇ ਕੁੱਝ ਹੋਰ ਦੋਸਤਾਂ ਨੂੰ ਵੀ ਮਿਲਣਾ ਸੀ ਪਰ ਜ਼ੋਰੋ-ਜ਼ੋਰ ਮੀਂਹ ਲਹਿ ਪਿਆ। ਫਿਰ ਵੀ ਅਸੀਂ ਮੀਂਹ ਦੇ ਰੋਕੇ ਕਿੱਥੇ ਰੁੱਕਣ ਵਾਲੇ ਸਾਂ। ਅਮਨ ਪਾਲ ਨੇ ਵੈਨ ਕੱਢੀ ਅਤੇ ਅਸੀਂ 'ਮਲੂਕਾ' ਨਾਵਲ ਦੀ ਉਂਗਲੀ ਫੜ੍ਹ ਕੇ ਨਵਾਂ ਵੈਨਕੂਵਰ ਆਪਣੀ ਅੱਖੀਂ ਵੇਖਿਆ ਅਤੇ ਪੁਰਾਣਾ ਕਲਪਨਾ ਰਾਹੀਂ। ਲੱਕੜ ਮਿੱਲਾਂ ਅਤੇ ਪਰਵਾਸੀ ਪੰਜਾਬੀਆਂ ਦੇ ਨਹੁੰ-ਮਾਸ ਦੇ ਰਿਸ਼ਤੇ ਬਾਰੇ ਅਮਨ ਪਾਲ ਨੇ ਇੱਕ ਵਧੀਆ ਲਤੀਫ਼ਾ ਸੁਣਾਇਆ। ਵੈਨਕੂਵਰ ਪਹੁੰਚਣ ਦੇ ਮੁੱਢਲੇ ਸਾਲਾਂ ਵਿੱਚ ਪੰਜਾਬੀ ਲੱਗਪਗ ਅਨਪੜ੍ਹ ਹੀ ਸਨ ਅਤੇ ਜ਼ਿਆਦਾਤਰ ਲੱਕੜ ਮਿੱਲਾਂ 'ਚ ਹੀ ਕੰਮ ਕਰਦੇ ਸਨ। ਸਬੱਬ-ਵੱਸ ਕੋਈ ਇੱਕ ਅੱਧ ਪੜ੍ਹਿਆ ਲਿਖਿਆ ਵੀ ਵੈਨਕੂਵਰ ਪਹੁੰਚ ਗਿਆ ਅਤੇ ਕਿਸੇ ਯੂਨੀਵਰਸਿਟੀ 'ਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਇੱਕ ਵੱਡੀ ਉਮਰ ਦੀ ਪੰਜਾਬਣ ਬੇਬੇ ਨੇ ਕਿਸੇ ਵਿਆਹ ਦੇ ਇਕੱਠ ਵਿੱਚ ਉਸ ਪ੍ਰੋਫੈਸਰ ਤੋਂ ਪੁਛਿਆ, 'ਪੁੱਤ ਕੀ ਕੰਮ-ਧੰਦਾ ਕਰਦੈਂ?'

'ਮਾਤਾ ਯੂਨੀਵਰਸਿਟੀ 'ਚ ਪ੍ਰੋਫੈਸਰ ਆਂ' ਉਸ ਨੇ ਮਾਣ ਨਾਲ ਦੱਸਿਆ।

'ਹੌਸਲਾ ਰੱਖ ਪੁੱਤ, ਸਬਰ ਕਰ, ਕਿਸੇ ਦਿਨ ਲੱਕੜ ਮਿੱਲ 'ਚ ਵੀ ਕੰਮ ਮਿਲਜੂ ਸੁੱਖ ਨਾਲ, ਫੇਰ ਮੌਜ ਕਰੀਂ ਸਾਰੀ ਉਮਰ।'

ਲੰਘਦਿਆਂ ਲੰਘਦਿਆਂ ਹੀ ਅਸੀਂ ਉਸ ਗੁਰਦੁਆਰੇ ਦੇ 'ਦਰਸ਼ਨ' ਵੀ ਕੀਤੇ ਜਿੱਥੇ ਇਸ ਗੱਲ ਲਈ ਤਲਵਾਰਾਂ ਚੱਲੀਆਂ ਸਨ ਕਿ ਲੰਗਰ ਕੁਰਸੀਆਂ ਉਤੇ ਬਹਿ ਕੇ ਛਕਣਾ ਹੈ ਜਾਂ ਫਰਸ਼ ਉਤੇ। ਅਸੀਂ ਦੂਰੋਂ ਹੀ ਮੱਥਾ ਟੇਕਿਆ ਅਤੇ ਅੰਦਰੋ-ਅੰਦਰੀ ਸਿੱਖਾਂ ਨੂੰ 'ਸੁਮੱਤ' ਬਖ਼ਸ਼ਣ ਲਈ ਅਰਦਾਸ ਕੀਤੀ।

ਅਸੀਂ ਇੱਕ ਰੌਣਕ ਵਾਲੇ ਬਾਜ਼ਾਰ ਵਿਚੋਂ ਲੰਘ ਰਹੇ ਸਾਂ ਤਾਂ ਦੁਕਾਨਾਂ-ਸਟੋਰਾਂ ਦੇ ਮੱਥਿਆਂ ਉਤੇ ਲੱਗੇ ਪੰਜਾਬੀ ਵਿੱਚ ਲਿਖੇ ਬੋਰਡਾਂ ਨੇ ਮੇਰਾ ਧਿਆਨ ਖਿੱਚ ਲਿਆ। ਮੇਰੀ ਜਗਿਆਸਾ ਨੂੰ ਭਾਂਪਦਿਆਂ ਅਮਨ ਪਾਲ ਸਾਰਾ ਨੇ ਦੱਸਿਆ ਕਿ ਇਸ ਬਾਜ਼ਾਰ ਦਾ ਨਾਂ ਹੀ 'ਪੰਜਾਬੀ ਮਾਰਕੀਟ' ਹੈ।

'ਬਲਦੇਵ ਜੀ ਕਦੇ ਉਹ ਸਮਾਂ ਵੀ ਸੀ ਕਿ ਜੇ ਕੋਈ ਪੰਜਾਬਣ ਸਲਵਾਰ-ਕੁੜਤੀ ਪਾ ਕੇ ਇਧਰੋਂ ਲੰਘਦੀ ਸੀ ਤਾਂ ਲੋਕ ਉਸ ਦੇ ਪਹਿਰਾਵੇ ਨੂੰ ਹੈਰਾਨੀ ਨਾਲ ਅੱਖਾਂ ਟੱਡ-ਟੱਡ ਵੇਖਦੇ ਸਨ ਅਤੇ ਉਸ ਨੂੰ ਜਾਹਲ ਸਮਝਦੇ ਸਨ, ਪਰ ਹੁਣ ਵੇਖੋ ਕੁੜਤਿਆਂ-ਪਜਾਮਿਆਂ ਵਾਲੇ ਬਾਬੇ ਤੇ ਜੈਂਪਰ-ਸਲਵਾਰ ਵਾਲੀਆਂ ਜ਼ਨਾਨੀਆਂ ਕਿਵੇਂ ਮੜਕ ਨਾਲ ਫਿਰਦੇ ਨੇ। ਪੰਜਾਬੀਆਂ ਦੇ ਪਹਿਰਾਵੇ, ਖਾਣੇ ਅਤੇ ਸੰਗੀਤ ਦਾ ਪ੍ਰਭਾਵ ਇਨ੍ਹਾਂ ਪੱਛਮੀ ਲੋਕਾਂ ਨੇ ਵੀ ਕਬੂਲਿਆ ਐ।' ਸਾਰਾ ਨੇ ਹੁੱਬ ਦੱਸਿਆ। ਮੈਨੂੰ ਵੀ

ਅੰਦਰੋ-ਅੰਦਰੀ ਇਸ ਗੱਲ ਨੇ ਹੁਲਾਸ ਦਿੱਤਾ। ਆਪਣੇ ਸਭਿਆਚਾਰ ਉਤੇ ਹਰੇਕ ਨੂੰ ਮਾਣ ਹੁੰਦਾ ਹੈ ਪਰ ਜੇ ਇਹ ਅੱਤ ਦੀ ਹੱਦ ਤੱਕ ਵਧ ਜਾਵੇ ਤਾਂ ਇਹੋ ਨਸਲਵਾਦ ਬਣ ਜਾਂਦਾ ਹੈ। ਅੰਗਰੇਜ਼ਾਂ ਦੀ ਬਸਤੀਵਾਦੀ ਸੋਚ ਦੀ ਨੀਂਹ ਇਸ ਨਸਲਵਾਦ ਉਤੇ ਹੀ ਟਿਕੀ ਹੋਈ ਸੀ। ਪਰ ਕੈਨੇਡਾ ਵਿੱਚ ਇਹ ਨਸਲਵਾਦ ਹੁਣ ਨਾ-ਮਾਤਰ ਹੀ ਜਾਪਦਾ ਹੈ।

ਸੂਰਜ ਭਾਵੇਂ ਛਿਪਣ ਲਈ ਕਾਹਲਾ ਸੀ ਪਰ ਮੀਂਹ ਥੰਮ੍ਹ ਜਾਣ ਕਰਕੇ ਅਸੀਂ ਕੁੱਝ ਸਮਾਂ ਹੋਰ ਘੁੰਮ-ਫਿਰ ਸਕਦੇ ਸਾਂ। ਉਂਝ ਵੀ ਅਮਨ ਪਾਲ ਸਾਰਾ ਦੀ ਇਹ ਇੱਛਾ ਸੀ ਕਿ ਹੋਰ ਭਾਵੇਂ ਕੁੱਝ ਰਹਿ ਜਾਵੇ ਵੈਨਕੂਵਰ ਦਾ 'ਇਕ ਖਾਸ ਪਾਰਕ' ਹਰ ਹਾਲਤ ਵਿੱਚ ਵਿਖਾਉਣਾ ਹੈ। ਇਸ ਪਾਰਕ ਦੀ ਵਿਸ਼ੇਸ਼ਤਾ ਇਸ ਦੀ ਖ਼ੂਬਸੂਰਤੀ ਤਾਂ ਹੈ ਹੀ ਹੈ, ਇਸ ਤੋਂ ਵੀ ਵੱਧ ਦਿਲਚਸਪ ਗੱਲ ਇਹ ਸੀ ਕਿ ਵੈਨਕੂਵਰ 'ਚ ਵਸਦੇ ਹਰੇਕ ਨਸਲ ਦੇ ਲੋਕ ਵਿਹਾਂਦੜ ਜੋੜੇ ਨੂੰ ਸਭ ਤੋਂ ਪਹਿਲਾਂ ਇਥੇ ਲਿਆ ਕੇ ਤਸਵੀਰਾਂ ਜ਼ਰੂਰ ਖਿਚਵਾਉਂਦੇ ਹਨ। ਇਹ ਗੱਲ ਜਿਵੇਂ ਇੱਕ ਰੀਤ ਹੀ ਬਣ ਚੁੱਕੀ ਹੈ, ਜਿਵੇਂ ਸਾਡੇ ਨਵੇਂ ਵਿਆਹੇ ਸਿੱਖ ਜੋੜੇ ਸ੍ਰੀ ਹਰਿਮੰਦਰ ਸਾਹਿਬ ਅਤੇ ਹਿੰਦੂ ਧਰਮ ਦੇ ਪੈਰੋਕਾਰ ਗੰਗਾ ਇਸ਼ਨਾਨ ਲਈ ਜਾਂਦੇ ਹਨ। ਪਰ ਇਸ ਪਾਰਕ ਨਾਲ ਕੋਈ ਧਾਰਮਿਕ ਰਸਮ ਜਾਂ ਅੰਧ-ਵਿਸ਼ਵਾਸ ਦੀ ਗੱਲ ਨਹੀਂ ਜੁੜੀ ਹੋਈ ਸੀ। ਇਥੇ ਲੋਕ ਪਾਰਕ ਦੇ ਪ੍ਰਾਕਿਰਤਕ ਸੁਹਜ ਕਰਕੇ ਹੀ ਆਉਂਦੇ ਸਨ। ਦੂਜੀ ਗੱਲ ਇਹ ਸੀ ਕਿ ਪਹਾੜ ਦੀ ਚੋਟੀ ਉਤੇ ਬਣੇਂ ਇਸ ਪਾਰਕ ਤੋਂ ਫਰੇਜ਼ਰ ਦਰਿਆ, ਵੈਨਕੂਵਰ ਸ਼ਹਿਰ ਅਤੇ ਫਰੇਜ਼ਰ ਵੈਲੀ ਦੇ ਅਤੀ ਸੁੰਦਰ ਦ੍ਰਿਸ਼ ਨਜ਼ਰ ਆਉਂਦੇ ਸਨ। ਸੱਜ ਵਿਆਹੀਆਂ ਦੇ ਹੁਸਨ ਦੀ ਆਭਾ ਅਤੇ ਮਹਿਕ ਨਾਲ ਪਾਰਕ ਦੀ ਸੁੰਦਰਤਾ ਨੂੰ ਹੋਰ ਵੀ ਚਾਰ ਚੰਨ ਲੱਗ ਜਾਂਦੇ ਸਨ।

ਇਨੇ ਕੁ ਸਮੇਂ 'ਚ ਭਾਵੇਂ ਅਸੀਂ ਬੀ. ਸੀ. ਦੀ ਖ਼ੂਬਸੂਰਤੀ ਦੇ ਚੌਲਾਂ ਦਾ ਮਹਿਜ਼ ਇੱਕ ਦਾਣਾ ਹੀ ਚੱਖ ਸਕੇ ਸਾਂ ਪਰ ਇਸ ਦੀ ਖੁਸ਼ਬੋ ਅਤੇ ਸੁਆਦ ਸਾਡੀ ਨਾੜ-ਨਾੜ ਵਿੱਚ ਸਮਾਅ ਗਿਆ ਸੀ।